ਸਭ ਹੱਕ ਕਰਤਾ ਦੇ ਰਾਖਵੇਂ ਹਨ ।

ੴ

# ਨਿਰਮਲ ਪੰਥ ਦਰਸ਼ਨ

## ਚੌਥਾ ਹਿੱਸਾ

ਲੇਖਕ ਤੇ ਪ੍ਰਕਾਸ਼ਕ :-

**ਮਹੰਤ ਦਿਆਲ ਸਿੰਘ**

ਸਿੱਖ ਸ੍ਰੀ ਮਾਨ ੧੦੮ ਪੰ: ਜੀਵਨ ਸਿੰਘ ਜੀ ਲਾਹੌਰ

ਹਾਲ ਜੀਵਨ ਨਿਵਾਸ ਮਹਾਂਬੀਰ ਨਗਰ

(ਤਿਲਕ ਨਗਰ) ਨਵੀਂ ਦਿਲੀ–੧੮

ਸਭ ਹੱਕ ਕਰਤਾ ਦੇ ਰਾਖਵੇਂ ਹਨ ।

ੴ

# ਨਿਰਮਲ ਪੰਥ ਦਰਸ਼ਨ

## ਚੌਥਾ ਹਿੱਸਾ

ਜਿਸ ਵਿਚ :-

ਗੁਰੂ ਮਾਂਗਟ, ਰਾਮ ਤੀਰਥੀ ਆਦਿਕ ਸੰਪ੍ਰਦਾਵਾਂ ਦਾ ਸੰਖੇਪ ਜੀਵਨ ਹੈ

ਲੇਖਕ ਤੇ ਪ੍ਰਕਾਸ਼ਕ :-

**ਮਹੰਤ ਦਿਆਲ ਸਿੰਘ**

ਸ਼ਿੱਸ਼ ਸ੍ਰੀ ਮਾਨ ੧੦੮ ਪੰ: ਜੀਵਨ ਸਿੰਘ ਜੀ ਲਾਹੌਰ

ਹਾਲ ਜੀਵਨ ਨਿਵਾਸ ਮਹਾਂਬੀਰ ਨਗਰ

(ਤਿਲਕ ਨਗਰ) ਨਵੀਂ ਦਿਲੀ-੧੮

ਪ੍ਰਿੰਟਰ :-
ਜਗਦੀਸ਼ ਰਾਇ ਗੁਪਤਾ
ਰੀਪਬਲਿਕ ਪ੍ਰਿੰਟਿੰਗ ਪ੍ਰੈਸ,
ਬਾਜ਼ਾਰ ਸਰਾਇ ਗੁਰੂ ਰਾਮਦਾਸ,
ਅੰਮ੍ਰਿਤਸਰ

# ਤਤਕਰਾ


| ਨੰਬਰ | | ਪੰਨਾ |
|---|---|---|
| ੧. | ਹਾਰਦਿਕ ਪ੍ਰਸੰਨਤਾ | ੳ |
| ੨. | ਸ੍ਰੀ ਮਹੰਤ ਸਾਹਿਬ ਦੀ ਉਤਸ਼ਾਹ ਭਰੀ ਪ੍ਰੇਰਨਾ | ੧ |
| ੩. | ਸੰਪ੍ਰਦਾਯ ਗੁਰੂ ਮਾਂਗਟ | ੩ |
| ੪. | ਸੰ: ਰਾਮ ਤੀਰਥੀਆਂ | ੨੩ |
| ੫. | ਸੰਗਤ ਲਾਹੌਰੀ ਟੋਲਾ | ੩੬ |
| ੬. | ਪੰ: ਸ਼ਮੀਰ ਸਿੰਘ ਜੀ | ੪੫ |
| ੭. | ਪੰ: ਕਾਲਾ ਸਿੰਘ ਜੀ | ੪੭ |
| ੮. | ਸੰ: ਕਾਂਝੀ | ੫੨ |
| ੯. | ਸੰ: ਗਿਰਵੜੀ | ੮੭ |
| ੧੦. | ਸ੍ਰੀ: ਪੰ: ਤਾਰਾ ਸਿੰਘ ਜੀ | ੧੦੫ |
| ੧੧. | ਸ੍ਰੀ: ਪੰ: ਸਾਧੂ ਸਿੰਘ ਜੀ | ੧੦੬ |
| ੧੨. | ਮ: ਪ੍ਰੇਮ ਸਿੰਘ ਜੀ ਮੁਰਾਲਾ | ੧੧੩ |
| ੧੩. | ਡੇਰਾ ਭਿੰਡਰਾਂ | ੧੧੭ |
| ੧੪. | ਸੰਪ੍ਰਦਾਯ ਮੰਗਵਾਲ | ੧੨੩ |
| ੧੫. | ਗਿਆਨੀ ਧਰਮ ਸਿੰਘ ਜੀ ਦਿਲੀ | ੧੪੫ |
| ੧੬. | ਸੰ: ਕੁਮੇਰੀਆਂ | ੧੭੦ |
| ੧੭. | ਪੰਡਿਤ ਗੁਲਾਬ ਸਿੰਘ ਜੀ | ੧੭੩ |
| ੧੮. | ਬਾਬਾ ਦਰਗਾਹ ਸਿੰਘ ਜੀ | ੧੭੮ |
| ੧੯. | ਟੂਟੋ ਮਜਾਰਾ | ੨੦੧ |
| ੨੦. | ਸੰਪ੍ਰਦਾਯ ਗੰਧੀਆਂ | ੨੨੦ |

| | | |
|---|---|---|
| ੨੧. | ਸੰ: ਅਡਣਸ਼ਾਹੀ ਨਿਰਮਲੇ | ੨੪੫ |
| ੨੨. | ਸੰ: ਪੰਡੋਰੀ ਨਿਝਰਾਂ | ੨੬੦ |
| ੨੩. | ਡੇਰਾ ਨਿਰਮਲ ਤਖਤ ਰਾਮਦਾਸ | ੨੯੭ |
| ੨੪. | ਬਾਬਾ ਰਘੁਬੀਰ ਸਿੰਘ ਜੀ | ੩੦੩ |
| ੨੫. | ਡੇਰਾ ਪਠਲਾਵਾ | ੩੦੮ |
| ੨੬. | ਡੇਰਾ ਡਰੋਲੀ ਨਵੀਂ | ੩੧੮ |
| ੨੭. | ਡੇਰਾ ਗੋਲੇਵਾਲਾ | ੩੫੫ |
| ੨੮. | ਸੰ: ਬਾਬਾ ਗੁਰਮੁਖ ਸਿੰਘ ਜੀ | ੩੬੧ |
| ੨੯. | ਡੇਰਾ ਅਲਾਦੀਨ ਪੁਰ | ੩੮੬ |
| ੩੦. | ਡੇਰਾ ਢਿਲਵਾਂ ਹੰਡਿਆਏ | ੩੯੭ |
| ੩੧. | ਸੰ: ਬਿੰਦ੍ਰਾ ਬਨੀਏ | ੪੦੩ |
| ੩੨. | ਅਯੁਧਿਆ ਵਾਸੀ | ੪੦੮ |
| ੩੩. | ਸੰ: ਦਮ੍ਦਮੀਆਂ | ੪੨੧ |
| ੩੪. | ਸੰ: ਕਟਈ | ੪੯੭ |
| ੩੫. | ਸੰ: ਬਾਬਾ ਕੂਮਾ ਸਿੰਘ ਜੀ | ੫੫੨ |
| ੩੬. | ਸੰ: ਠਾਕੁਰ ਬਹਾਲ ਸਿੰਘ ਜੀ | ੫੬੭ |
| ੩੭. | ਸੰ: ਗੁਰੂ ਸਰੀਆਂ | ੫੭੬ |

# ਹਾਰਦਿਕ ਪ੍ਰਸੰਨਤਾ

ਅਜ ਮੇਰੇ ਦਿਲ ਵਿਚ ਹਾਰਦਿਕ ਪ੍ਰਸੰਨਤਾ ਹੈ, ਜੁ ਨਿਰਮਲ ਪੰਥ ਦਰਸ਼ਨ, ਚਾਰ ਹਿੱਸਿਆਂ ਵਿਚ ਮੁਕੰਮਲ ਤੌਰ ਤੇ ਪੂਰਾ ਛਪ ਚੁਕਾ ਹੈ। ਪਹਿਲੇ ਹਿੱਸੇ ਵਿਚ ਕੁਝ ਕਾਰਨ ਦਸਿਆ ਸੀ ਕਿ ਸੰਮਤ ੧੯੯੯ ਚਤੁਰ ਮਾਸੇ ਦੇ ਦਿਨਾਂ ਵਿਚ ਕਨਖਲ ਗੁਰਦ੍ਵਾਰੇ ਇਕ ਹਿੰਦੀ ਪੁਸਤਕ 'ਸਿਖੋਂ ਕਾ ਉਥਾਨ ਅਰ ਪਤਨ, ਮੇਰੇ ਹਥ ਵਿਚ ਆਈ ਜਿਸਦੇ ਆਰੰਭ ਵਿਚ ਇਹ ਲਿਖਿਆ ਹੋਇਆ ਸੀ ਕਿ ਜਿਸ ਕੌਮ ਜਾਂ ਮਜ਼੍ਹਬ ਦਾ ਕੋਈ ਇਤਹਾਸ ਨਹੀਂ, ਓਹ ਅਜ ਵੀ ਨਹੀਂ ਤੇ ਕਲ ਵੀ ਨਹੀਂ ਇਨ੍ਹਾਂ ਅਖਰਾਂ ਨੇ ਮੈਨੂੰ ਉਛਾਲਾ ਦਿਤਾ ਤੇ ਨਿਰਮਲੇ ਸੰਤਾਂ ਦਾ ਇਤਹਾਸ ਲਿਖਣਾ ਸ਼ੁਰੂ ਕਰ ਦਿਤਾ। ਸਭ ਤੋਂ ਪਹਿਲਾਂ ਅਪਣੇ ਸੁਹ੍ਰਿਦ ਸ੍ਰੀ ਮਾਨ ਗਿਆਨੀ ਬਿਸ਼ਨ ਸਿੰਘ ਜੀ 'ਕ੍ਰੀਟ' ਨੂੰ ਨਿਰਮਲ ਡੇਰਿਆਂ ਦੀ ਯਾਤ੍ਰਾ ਕਰਨ ਲਈ ਸਭ ਪ੍ਰਾਂਤਾਂ ਵਿਚ ਭੇਜਿਆ ਜਿਥੇ ਜਾ ਕੇ ਓਹ ਅਖੀ ਡਿਠੇ ਹਾਲ ਲਿਖ ਲਿਖ ਕੇ ਭੇਜਦੇ ਰਹੇ ਤੇ ਮੈਂ ਲਾਹੌਰ ਬੈਠਾ ਤਰਤੀਬਵਾਰ ਲਿਖਦਾ ਰਿਹਾ।

ਅਜ ੩੩ ਵਰ੍ਹੇ ਹੋ ਗਏ ਹਨ, ਭਾਵੇਂ ਉਸ ਵੇਲੇ ਤੋਂ ਲੈ ਕੇ ਅਜ ਤਕ ਕਈ ਹਾਲਾਤ ਬਦਲ ਚੁਕੇ ਹਨ। ਕਈ ਡੇਰੇ ਵਸੇ ਤੇ ਕਈ ਖਤਮ ਹੋਏ। ਕਈ ਮਹਾਂ ਪੁਰਸ਼ ਵਿਛੁੜੇ ਤੇ ਕਈ ਨਵੇਂ ਮਹੰਤ ਸੰਤ ਗਦੀਆਂ ਪੁਰ ਅਸਥਾਪਨ ਹੋਏ। ਕਈ ਵੇਰਾਂ ਨਵੇਂ ਸਿਰਿਓਂ ਲਿਸ਼ਟਾਂ ਨੂੰ ਬਦਲਣਾ ਪਿਆ। ਇਸ

ਦਰਮਿਆਨੇ ਵਕਤ ਵਿਚ ਕਈ ਉਤ੍ਰਾ ਚੜ੍ਹਾ ਵੇਖੇ। ਕਈ ਤਰ੍ਹਾਂ ਦੇ ਵਿਘਨ ਸਾਹਮਣੇ ਆਏ, ਪਰ ਧੰਨ ਗੁਰੂ ਨਾਨਕ ਸਾਹਿਬ ਜਿਨ੍ਹਾਂ ਇਨ੍ਹਾਂ ਬਿਖੜਿਆਂ ਰਾਹਾਂ, ਚੋਂ ਕਢ ਕੇ ਕੰਮ ਨੂੰ ਤੋੜ ਚੜ੍ਹਾਇਆ।

ਮੈਂ ਉਨ੍ਹਾਂ ਮਹਾਂ ਪੁਰਸ਼ ਸੰਤਾਂ ਮਹੰਤਾਂ ਤੇ ਸਨੇਹੀ ਸਜਣਾਂ ਦਾ ਧੰਨਜਵਾਦ ਕਰਦਾ ਹਾਂ, ਜਿਨ੍ਹਾਂ ਮੇਰੇ ਨਾਲ ਹਮਦਰਦੀ ਰਖਦਿਆਂ ਹੋਇਆਂ ਹਰ ਤਰ੍ਹਾਂ ਨਾਲ ਹਥ ਵਟਾਇਆ।

ਸ਼੍ਰੀ ਮਾਨ ਮਹੰਤ ਹਾਕਮ ਸਿੰਘ ਜੀ ਤੇ ਸ੍ਰੀ ਮਾਨ ਮਹੰਤ ਮੂਲ ਸਿੰਘ ਜੀ, ਦੋਹਾਂ ਮਹੰਤਾਂ ਸਾਹਿਬਾਂ ਦੀ ਕ੍ਰਿਪਾਲਤਾ ਨੂੰ ਮੈਂ ਕਦੇ ਭੁਲਾ ਨਹੀਂ ਸਕਦਾ। ਜਿਨ੍ਹਾਂ ਅਜਿਹੇ ਮੌਕੇ ਹਰ ਤਰ੍ਹਾਂ ਨਾਲ ਹਮਦਰਦੀ ਕਰਦਿਆਂ ਹੋਇਆਂ ਆਪਣੇ ਦਿਲੋਂ ਵਜੋਂ ਇਹ ਖਿਆਲ ਪ੍ਰਗਟ ਕਰਦੇ ਰਹੇ ਕਿ ਜੇ ਇਤਹਾਸ ਛਪਣ ਵਿਚ ਕਿਸੇ ਤਰ੍ਹਾਂ ਦੀ ਥੁੜ ਆਉਂਦੀ ਵੇਖੋ ਤਾਂ ਬੇਸ਼ਕ ਅਸਾਡੇ ਵਲੋਂ ਓਹ ਦੋੜ ਪੂਰੀ ਕਰ ਲੈਣੀ ਕਿਸੇ ਤਰ੍ਹਾਂ ਦੀ ਵੀ ਕੋਈ ਨਿਰਾਸਤਾ ਪ੍ਰਗਟ ਨਹੀਂ ਕਰਨੀ, ਹਾਂ ਨਿਰਮਲ ਪੰਥ ਦਰਸ਼ਨ ਦੇ ਚੌਥੇ ਹਿਸੇ ਨੂੰ ਜ਼ਰੂਰ ਪੂਰਾ ਕਰਨਾ, ਅਧੂਰਾ ਨਹੀਂ ਰਹਿਣ ਦੇਣਾ, ਸੁਣਕੇ ਮੈਂ ਖੁਸ਼ ਹੋਣਾ ਹੀ ਸੀ, ਪਰ ਉਸ ਅਕਾਲ ਪੁਰਖ ਦਾ ਮੈਂ ਲਖ ਲਖ ਵੇਰਾਂ ਧੰਨਵਾਦ ਕਰਦਾ ਹਾਂ ਜਿਸਨੇ ਬਾਹਰੋ ਬਾਹਰ ਹੀ ਕੰਮ ਨੂੰ ਤੋੜ ਚਾੜ੍ਹ ਦਿਤਾ।

ਨਾਲ ਹੀ ਸ੍ਰੀ ੧੦੮ ਸ੍ਰੀ ਮਾਨ ਸ੍ਰੀ ਮਹੰਤਾਂ ਸਾਹਿਬਾਂ ਦਾ ਵੀ ਖਾਸ ਧੰਨਜਵਾਦ ਕਰਦਾ ਹਾਂ, ਜੋ ਸ਼ੁਰੂ ਤੋਂ ਹੀ ਦਿਲਚਸਪੀ ਲੈਂਦੇ ਰਹੇ, ਕੇਵਲ ਜ਼ਬਾਨੀ ਹੀ ਨਹੀਂ ਬਲਕਿ ਛਪਾਈ ਵਿਚ ਭੀ

ਸਹਾਇਤਾ ਰਜ ਰਜ ਕੇ ਦੇਂਦੇ ਰਹੇ। ਸਭ ਤੋਂ ਪਹਿਲਾਂ ਮਹੰਤ ਕ੍ਰਿਪਾਲ ਸਿੰਘ ਜੀ ਦੀ ਫੰਡ ਵਿਚੋਂ ੫੦੦) ਓਦੋਂ ਦਿਤਾ ਜਦ ਠਾਕੁਰ ਦਿਆਲ ਸਿੰਘ ਜੀ ਦੀ ਇਕੋ ਸੰਪ੍ਰਦਾਯ ਛਾਪੀ ਸੀ। ਫਿਰ ਉਸੀ ਫੰਡ ਵਿਚੋਂ ੧੦੦੦) ਦਿਤਾ । ਜਦ ੨੦੦੯ ਸੰਮਤ ਵਿਚ ਨਿਰਮਲ ਪੰਥ ਦਰਸ਼ਨ ਦਾ ਪਹਿਲਾ ਹਿਸਾ ਛਾਪਿਆ ਸੀ। ਅਜ ਚਉਥਾ ਹਿਸਾ ਛਪਾਣ ਲਈ ੫੦੦) ਹੋਰ ਦਿਤਾ। ਇਸ ਤੋਂ ਇਲਾਵਾ ਇਤਿਹਾਸ ਦੇ ਛਾਪਣ ਲਈ ਸ਼ੁਭ ਇਛਾਵਾਂ ਭੇਜਦੇ ਰਹੇ। ਸੁ ਈਸ਼ਵਰ ਤੇ ਉਹਨਾਂ ਦੀ ਕਿਰਪਾ ਨਾਲ ਸਾਰਾ ਕੰਮ ਤੋੜ ਚੜ੍ਹ ਗਿਆ।

ਅਖੀਰ ਵਿਚ ਉਹਨਾਂ ਪਾਠਕ ਸੰਤਾਂ ਮਹੰਤਾਂ ਅਗੇ ਪਰਾਰਥਨਾ ਕਰਦਾ ਹਾਂ ਕਿ ਮੈਂ ਕੋਈ ਵਿਦਵਾਨ ਨਹੀਂ। ਲਿਖਾਰੀ ਨਹੀਂ ਸ੍ਵਗ ਨਹੀਂ ਜੋ ਸਾਰੀਆਂ ਤਰੁਟੀਆਂ ਦਾ ਅਨੁਭਵ ਕਰ ਸਕਾਂ। ਬਸ ਇਤਨਾ ਹੀ ਕੁਝ ਕਹਿਣਾ ਚਾਹੁੰਦਾ ਹਾਂ ਕਿ ਹਾਂ ਸਾਰ ਗ੍ਰਾਹੀ ਬਣ ਕੇ ਸਾਰਿਆਂ ਹਿਸਿਆਂ ਨੂੰ ਪੜ੍ਹਨ ਦੀ ਕਿਰਪਾਲਤਾ ਕਰਨੀ।

## ਪਰਮ ਪੂਜਯ ਸ੍ਰੀ ੧੦੮ ਸ੍ਰੀ ਮਾਨ ਪੰਡਿਤ ਸੁੱਚਾ ਸਿੰਘ ਜੀ, ਸ੍ਰੀ ਮਹੰਤ ਪੰਚਾਇਤੀ ਨਿਰਮਲ ਅਖਾੜਾ ਕਨਖਲ ਵਲੋਂ

# ਉਤਸ਼ਾਹ ਭਰੀ ਪ੍ਰੇਰਨਾ

੧੫ ਵਿਸਾਖ ਸੰਮਤ ੨੦੦੯ ਨੂੰ 'ਨਿਰਮਲ ਪੰਥ ਦਰਸ਼ਨ' ਦਾ ਪਹਿਲਾ ਹਿੱਸਾ ਛਪਿਆ, ਜਿਸ ਵਿਚ ਨਿਰਮਲ ਪੰਥ ਦੀ ਉਤਪਤੀ, ਵਿਸਤਾਰ, ਗੁਰੂ ਸਾਹਿਬਜੀ ਦੀਆਂ ਬਖਸ਼ਿਸ਼ਾਂ ਦਾ ਵਰਣਨ ਅਤੇ ਸ੍ਰੀ ਪੰਚਾਇਤੀ ਨਿਰਮਲ ਅਖਾੜੇ ਦੇ ਸੰਬੰਧ ਵਿਚ ਵਿਸਤਾਰ ਪੂਰਵਕ ਸਮਾਚਾਰ ਦਿਤਾ ਹੈ।

ਦੂਜਾ ਹਿੱਸਾ ਵਿਸਾਖ ਦੀ ਪਹਿਲੀ ਸੰਮਤ ੨੦੧੦ ਨੂੰ ਛਪਿਆ, ਜਿਸ ਵਿਚ ਸੰਪਰਦਾਯ ਠਾਕੁਰਾਂ, ਨੌਰੰਗਾਬਾਦ, ਦੁਭੇਰਨ ਆਦਿਕਾਂ ਦਾ ਵਰਣਨ ਹੈ।

ਤੀਜਾ ਹਿੱਸਾ ਭਾਦਰੋਂ ਦੀ ਸੰਗਰਾਂਦ ਸੰਮਤ ੨੦੧੯ ਨੂੰ ਪ੍ਰਕਾਸ਼ਤ ਹੋਇਆ, ਜਿਸ ਵਿਚ ਮਾਲਵਾ ਨਿਵਾਸੀ ਸੰਪਰਦਾਵਾਂ ਅਤੇ ਨਗਾਲੀ ਸਾਹਿਬ ਪੁਣਛ ਤੇ ਖੜੂਰੀ ਮਹਾਂ ਪੁਰਸ਼ਾਂ ਦਾ ਸੰਖੇਪ ਜੀਵਨ ਹੈ।

ਸ੍ਰੀ ਮਹੰਤਾਂ ਸਾਹਿਬਾਂ, ਤੀਜੇ ਹਿਸੇ ਨੂੰ ਪੜ੍ਹ ਕੇ ਜਿਥੇ ਪ੍ਰਸੰਨਤਾ ਪਰਗਟ ਕੀਤੀ, ਉਥੇ ਗੁਰੂ ਮਾਂਗਟ ਸੰਪਰਦਾਯ ਨੂੰ

## ਪਰਮ ਪੂਜਯ ਸ੍ਰੀ ੧੦੮ ਸ੍ਰੀ ਮਾਨ ਪੰਡਿਤ ਸੁੱਚਾ ਸਿੰਘ ਜੀ, ਸ੍ਰੀ ਮਹੰਤ ਪੰਚਾਇਤੀ ਨਿਰਮਲ ਅਖਾੜਾ ਕਨਖਲ ਵਲੋਂ

# ਉਤਸ਼ਾਹ ਭਰੀ ਪ੍ਰੇਰਨਾ

੧੫ ਵਿਸਾਖ ਸੰਮਤ ੨੦੦੯ ਨੂੰ 'ਨਿਰਮਲ ਪੰਥ ਦਰਸ਼ਨ' ਦਾ ਪਹਿਲਾ ਹਿੱਸਾ ਛਪਿਆ, ਜਿਸ ਵਿਚ ਨਿਰਮਲ ਪੰਥ ਦੀ ਉਤਪਤੀ, ਵਿਸਤਾਰ, ਗੁਰੂ ਸਾਹਿਬਜੀ ਦੀਆਂ ਬਖਸ਼ਿਸ਼ਾਂ ਦਾ ਵਰਣਨ ਅਤੇ ਸ੍ਰੀ ਪੰਚਾਇਤੀ ਨਿਰਮਲ ਅਖਾੜੇ ਦੇ ਸੰਬੰਧ ਵਿਚ ਵਿਸਤਾਰ ਪੂਰਵਕ ਸਮਾਚਾਰ ਦਿਤਾ ਹੈ।

ਦੂਜਾ ਹਿੱਸਾ ਵਿਸਾਖ ਦੀ ਪਹਿਲੀ ਸੰਮਤ ੨੦੧੦ ਨੂੰ ਛਪਿਆ, ਜਿਸ ਵਿਚ ਸੰਪਰਦਾਯ ਠਾਕੁਰਾਂ, ਨੌਰੰਗਾਬਾਦ, ਦੁਭੇਰਨ ਆਦਿਕਾਂ ਦਾ ਵਰਣਨ ਹੈ।

ਤੀਜਾ ਹਿੱਸਾ ਭਾਦਰੋਂ ਦੀ ਸੰਗਰਾਂਦ ਸੰਮਤ ੨੦੧੯ ਨੂੰ ਪ੍ਰਕਾਸ਼ਤ ਹੋਇਆ, ਜਿਸ ਵਿਚ ਮਾਲਵਾ ਨਿਵਾਸੀ ਸੰਪਰਦਾਵਾਂ ਅਤੇ ਨਗਾਲੀ ਸਾਹਿਬ ਪੁਣਛ ਤੇ ਖਡੂਰੀ ਮਹਾਂ ਪੁਰਸ਼ਾਂ ਦਾ ਸੰਖੇਪ ਜੀਵਨ ਹੈ।

ਸ੍ਰੀ ਮਹੰਤਾਂ ਸਾਹਿਬਾਂ, ਤੀਜੇ ਹਿਸੇ ਨੂੰ ਪੜ੍ਹ ਕੇ ਜਿਥੇ ਪ੍ਰਸੰਨਤਾ ਪਰਗਟ ਕੀਤੀ, ਉਥੇ ਗੁਰੂ ਮਾਂਗਟ ਸੰਪਰਦਾਯ ਨੂੰ

ਸ੍ਰੀ ਬਾਬਾ ਫੇਰੂ ਸਿੰਘ ਜੀ ਤੇ ਸ੍ਰੀ ਬਾਬਾ ਪੰਜਾਬ ਸਿੰਘ ਜੀ ਛਤ੍ਰ ਕਲਾਸ ਵਾਲਿਆਂ ਦੀ ਸ਼ਾਖ ਸਮਝ ਕੇ ਇਸ ਦਾ ਸਮਾਚਾਰ ਪੁਸਤਕ ਵਿਚ ਨਾ ਵੇਖ ਕੁਝ ਹੈਰਾਨੀ ਜਿਹੀ ਪ੍ਰਗਟ ਕੀਤੀ, ਜ਼ਬਾਨੀ ਵੀ ਕਿਹਾ ਕਿ ਮਹਾਰਾਜ ਸ੍ਰੀ ੧੦੮ ਸ੍ਰੀ ਮਾਨ ਪੰਡਿਤ ਜੀਵਣ ਸਿੰਘ ਜੀ ਸਾਬਕ ਸ੍ਰੀ ਮਹੰਤ ਨਿਰਮਲ ਅਖਾੜਾ ਇਸੇ ਸੰਪਰਦਾਯ ਦੇ ਭੂਸ਼ਣ ਸਨ। ਉਹਨਾਂ ਦਾ ਜੀਵਨ ਆਪਣੇ ਬਜ਼ੁਰਗਾਂ ਨਾਲ ਮਿਲਵਾਂ ਤੀਜੇ ਹਿਸੇ ਵਿਚ ਜ਼ਰੂਰ ਚਾਹੀਦਾ ਸੀ।

ਮੈਂ ਵੀ ਓਦੋਂ ਮਹਿਸੂਸ ਕੀਤਾ, ਪਰ ਨਗਾਲੀ ਸਾਹਿਬ ਤੇ ਖਡੂਰੀ ਮਹਾਤਮਾ ਦਾ ਜੀਵਨ ਵਿਸਤਾਰ ਨਾਲ ਛਪਣ ਕਰਕੇ ਪੁਸਤਕ ਦਾ ਆਕਾਰ ਵੱਡਾ ਹੋ ਚੁਕਾ ਸੀ ਜਿਸ ਕਰਕੇ ਉਕਤ ਸੰਪਰਦਾਯ ਦਾ ਹਾਲ ਨਾ ਦੇ ਸਕਿਆ।

ਇਸ ਵੇਰਾਂ ਗਰਮੀਆਂ ਵਿਚ ਸ੍ਰੀ ਮਹੰਤਾਂ ਸਾਹਿਬਾਂ ਬੁਲਾ ਕੇ ਚਉਥੇ ਹਿੱਸੇ ਦੇ ਛਾਪਣ ਲਈ ਦਿਲੋਂ ਵਜੋਂ ਹੋਕੇ ਪਰੇਰਨਾ ਕੀਤੀ ਤੇ ਸਭ ਤੋਂ ਪਹਿਲਾਂ ਗੁਰੂ ਮਾਂਗਟ ਸੰਪਰਦਾਯ ਦਾ ਹਾਲ ਦੇਣ ਲਈ ਕਿਹਾ, ਸੋ ਇਸ ਲਈ ਚਉਥੇ ਹਿੱਸੇ ਦੇ ਆਦ ਵਿਚ ਗੁਰੂ ਮਾਂਗਟ ਸੰਪਰਦਾਯ ਦਾ ਸਮਾਚਾਰ ਆਰੰਭ ਕਰਦਾ ਹਾਂ।

੧ ੴ ਸਤਿਗੁਰ ਪ੍ਰਸਾਦਿ ॥

# ਸੰਪ੍ਰਦਾਯ ਗੁਰੂ ਮਾਂਗਟ

ਇਹ ਸੰਪ੍ਰਦਾਯ ਸ੍ਰੀ ਨਗਾਲੀ ਸਾਹਿਬ ਜੀ ਦੇ ਵਡੇ ਮਹਾਂ ਪੁਰਸ਼ ਬਾਬਾ ਫੇਰੂ ਸਿੰਘ ਜੀ ਰਜੋਈਆਂ ਅਤੇ ਮਹਾਰਾਜ ਸ੍ਰੀ ਸੰਤ ਪੰਜਾਬ ਸਿੰਘ ਜੀ ਛੱਤੂ ਕਲਾਸ, ਜਿਨ੍ਹਾਂ ਦਾ ਜੀਵਨ ਨਿਰਮਲ ਪੰਥ ਦਰਸ਼ਨ ਦੇ ਤੀਜੇ ਹਿਸੇ ਵਿਚ ੩੧੯, ੩੨੩ ਅੰਗ ਪੁਰ ਆ ਚੁਕਾ ਹੈ, ਉਪਰੋਂ ਉਹਨਾਂ ਨਾਲ ਮਿਲਦੀ ਹੈ। ਯੋਗਯ ਤਾਂ ਏਹੀ ਸੀ ਕਿ ਇਸ ਸੰਪਰਦਾਯ ਦਾ ਖੁਲਾਸਾ ਹਾਲ ਤੀਜੀ ਜਿਲਦ ਵਿਚ ਹੀ ਲਿਖਦਾ, ਪਰ ਨਗਾਲੀ ਸਾਹਿਬ ਪੁਣਛ ਅਤੇ ਖਡੂਰੀ ਮਹਾਂ ਪੁਰਸ਼ਾਂ ਦਾ ਜੀਵਨ ਵਿਸਤਾਰ ਨਾਲ ਲਿਖੇ ਜਾਣ ਕਰਕੇ ਲੇਖ ਬਹੁਤ ਵਧ ਗਿਆ ਸੀ ਜਿਸ ਕਰਕੇ ਉਸ ਦੇ ਵਿਚ ਨਾ ਲਿਆ ਸਕਿਆ, ਇਸ ਲਈ ਹੁਣ ਚਉਥੇ ਹਿੱਸੇ ਵਿਚ ਪਹਿਲਾਂ ਗੁਰੂ ਮਾਂਗਟ ਸੰਪਰਦਾਯ, ਦਾ ਕੁਝ ਸਮਾਚਾਰ ਵਰਣਨ ਕਰਦਾ ਹਾਂ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਪੰਜਾਂ ਪਿਆਰਿਆਂ ਨਾਲ ਸ੍ਰੀ ਬਾਬਾ ਧਰਮ ਸਿੰਘ ਜੀ ਨੇ ਪਹਿਲਾਂ ਅੰਮ੍ਰਿਤ ਛਕਿਆ। ਜਿਨ੍ਹਾਂ ਦਾ ਜੀਵਨ ਨਿਰਮਲ ਪੰਥ ਦਰਸ਼ਨ, ਹਿੱਸਾ ਪਹਿਲਾ, ਅੰਗ ੧੪੬ ਵਿਚ ਆ ਚੁਕਾ ਹੈ ਫਿਰ ਆਪ

ਦੇ ਪਾਸੋਂ ਬਾਬਾ ਫੇਰੂ ਸਿੰਘ ਜੀ ਰਜੋਈਆਂ ਵਾਲਿਆਂ ਅੰਮ੍ਰਤ ਛਕਿਆ ਤੇ ਗੁਰ ਦੀਖਿਆ ਲੀਤੀ, ਜਿਨ੍ਹਾਂ ਦਾ ਪਰਸੰਗ ਤੀਜੀ ਜਿਲਦ ਵਿਚ ਪਿਛੇ ਆ ਚੁਕਾ ਹੈ। ਇਹਨਾਂ ਪਾਸੋਂ ਸ੍ਰੀ ਸੰਤ ਪੰਜਾਬ ਸਿੰਘ ਜੀ ਛਤ੍ਰ ਕਲਾਸ ਵਾਲਿਆਂ ਅੰਮ੍ਰਿਤ ਪ੍ਰਾਨ ਕੀਤਾ। ਇਹਨਾਂ ਦਾ ਜੀਵਨ ਭੀ ਤੀਜੀ ਜਿਲਦ ਵਿਚ ੩੨੩ ਅੰਗ ਤੇ ਛਪ ਚੁਕਾ ਹੈ। ਅਗੇ ਇਹਨਾਂ ਦੇ ਸ਼ਿਸ਼ ਸ੍ਰੀ ਸੰਤ ਸ਼ੇਰ ਸਿੰਘ ਜੀ ਹੋਏ।

## ਸ਼੍ਰੀ ਸੰਤ ਸ਼ੇਰ ਸਿੰਘ ਜੀ

ਆਪ ਦਾ ਜਨਮ ਪਿੰਡ ਗੜ੍ਹੀ ਰਿਆਸਤ ਕਸ਼ਮੀਰ, ਬ੍ਰਾਹਮਣ ਖਾਨਦਾਨ ਵਿਚ ਹੋਇਆ। ਆਪ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵਰੋਸਾਇ ਹੋਇ ਸ੍ਰੀ ਸੰਤ ਬਾਬਾ ਫੇਰੂ ਸਿੰਘ ਜੀ ਦੇ ਸ਼ਿਸ਼ ਸ੍ਰੀ ਠਾਕੁਰ ਪੰਜਾਬ ਸਿੰਘ ਜੀ ਦੀ ਪਵਿਤਰ ਸੰਗਤ ਕੀਤੀ। ਇਕ ਵੇਰਾਂ ਠਾਕੁਰ ਜੀ ਕਸ਼ਮੀਰ ਦੇ ਦੌਰੇ ਗਏ ਤਾਂ ਆਪ ਵੀ ਸਾਧੂ ਭਾਵ ਗ੍ਰਹਿਣ ਕਰਕੇ ਨਾਲ ਹੋ ਤੁਰੇ। ਜਦ ਕਸ਼ਮੀਰ ਤੋਂ ਮੁੜਕੇ ਸ੍ਰੀ ਠਾਕੁਰ ਜੀ ਸੰਮਤ ੧੯੬੩ ਵਿਚ ਛਤ੍ਰ ਕਲਾਸ ਆ ਕੇ ਗੁਰ ਪੁਰੀ ਚੜ੍ਹਾਈ ਕਰ ਗਏ ਤਾਂ ਆਪ ਵੈਰਾਗ ਵਿਚ ਆਕੇ ਪੰਜਾਬ ਵਲ ਚਲੇ ਆਏ। ਕਈਆਂ ਪਿੰਡਾਂ ਗਰਾਵਾਂ ਵਿਚ ਭਜਨ ਸਿਮਰਨ ਦਾ ਉਪਦੇਸ਼ ਦੇਂਦੇ ਰਹੇ। ਆਪ ਦੀ ਰਹਿਣੀ ਬੜੀ ਸੁੱਚੀ ਤੇ ਪਵਿਤਰ ਸੀ ਜਿਧਰ ਜਾਂਦੇ ਲੋਕੀਂ ਸ਼ਰਧਾ ਨਾਲ ਸੇਵਾ ਕਰਦੇ ਰਹੇ।

ਆਪ ਦੇ ਸ਼ਿਸ਼ ਸ੍ਰੀ ਸੰਤ ਰੇਚਾ ਸਿੰਘ ਜੀ ਦੁਗਨ ਤੇ ਸੰਤ ਹਜ਼ਾਰਾ ਸਿੰਘ ਜੀ ਸਨ ਜਿਨ੍ਹਾਂ ਨੂੰ ਨਾਲ ਲੈ ਕੇ ਆਪ ਤੀਰਥ ਯਾਤਰਾ ਕਰਦੇ ਰਹੇ। ਆਖਰ ਅਮਰ ਨਾਥ ਦੀ ਯਾਤਰਾ ਪੂਰੀ ਕਰਕੇ ਛਤ੍ਰ ਕਲਾਸ ਸ੍ਰੀ ਠਾਕੁਰ ਪੰਜਾਬ ਸਿੰਘ ਜੀ ਦੀ ਸਮਾਧ ਦੇ ਆਣ ਦਰਸ਼ਨ ਕੀਤੇ। ਇਥੇ ਕੁਝ ਸਮਾਂ ਰਹਿ ਕੇ ਸੰਮਤ ੧੯੬੬ ਵਿਚ ੧੧੫ ਸਾਲ ਦੀ ਉਮਰ ਭੋਗ ਕੇ ਗੁਰ ਪੁਰੀ ਸਿਧਾਰੇ।

## ਦੂਜੇ ਸ੍ਰੀ ਸੰਤ ਠਾਕੁਰ ਰੇਚਾ ਸਿੰਘ ਜੀ (ਦੁਗਨ)

ਆਪ ਦਾ ਜਨਮ ਪਿੰਡ ਦੁਗਨ ਜ਼ਿਲਾ ਗੁਜਰਾਤ ਵਿਚ ਸੰਮਤ ੧੮੪੯ ਨੂੰ ਹੋਇਆ। ਬਾਲ ਅਵੱਸਥਾ ਵਿਚ ਹੀ ਸ੍ਰੀ ਸੰਤ ਸ਼ੇਰ ਸਿੰਘ ਜੀ ਦੇ ਚਰਨਾਂ 'ਚ ਆ ਗਏ। ਸਤਿ ਸੰਗ ਕਰਦੇ ਰਹੇ। ਉਨ੍ਹਾਂ ਦੇ ਗੁਣ ਕਰਮ ਆਪ ਦੇ ਦਿਲ ਉਤੇ ਉਕਰੇ ਗਏ। ੧੩ ਸਾਲ ਦੀ ਉਮਰ ਵਿਚ ਸੰਤਾਂ ਨਾਲ ਤੀਰਥ ਯਾਤ੍ਰਾ ਕਰਨ ਗਏ। ਕਈ ਸਾਲ ਫਿਰ ਫਿਰਾਕੇ ਜਦ ਛਤ੍ਰ-ਕਲਾਸ ਆਪ ਦੇ ਸੰਤ ਪ੍ਰਲੋਕ ਸਿਧਾਰ ਗਏ ਤਾਂ ਉਦਾਸ ਹੋ ਕੇ ਪੰਜਾਬ ਵਿਚ ਆ ਗਏ। ਗੁਜਰਾਤ ਤੇ ਬੋਹਤ, ਅਲ, ਮਾਂਗਟ ਭਾਈ ਬੰਨੋ ਜੀ ਆਦ ਨਗਰਾਂ ਵਿਚ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ।

ਕੁਝ ਸਮੇਂ ਬਾਅਦ ਪ੍ਰੇਮੀਆਂ ਦੇ ਪ੍ਰੇਮ ਵਸ਼ ਆਪ ਮਾਂਗਟ ਭਾਈ ਬੰਨੋ ਵਿਚ ਹੀ ਰਹਿਣ ਲਗ ਪਏ। ਡੇਰਾ ਬਣ ਗਿਆ, ਹਿੰਦੂ ਸਿਖ ਤੇ ਮੁਸਲਮਾਨ ਆਪ ਨੂੰ ਇਕੋ ਜਿਹਾ ਮੰਨਦੇ, ਆਪ

ਦਾ ਸਤਿਕਾਰ ਦਿਨੋ ਦਿਨ ਵਧਦਾ ਗਿਆ, ਅਨੇਕਾਂ ਸਿਖ ਸੇਵਕ ਹੋਇ । ਆਪ ਦੀਆਂ ਵਾਕ ਸ਼ਕਤੀਆਂ ਅਜੇ ਤਕ ਪ੍ਰਸਿਧ ਹਨ ।

ਆਪ ਦੇ ਹੇਠਾਂ ਲਿਖੇ ਮਹਾਤਮਾ ਸ਼ਿਸ਼ ਹੋਇ:–

੧. ਸ੍ਰੀ ਸੰਤ ਮੱਖਣ ਸਿੰਘ ਜੀ (ਗੁਰੂ ਸ਼੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ) ੨. ਸੰਤ ਹਜ਼ੂਰਾ ਸਿੰਘ ਜੀ ਵਿਰੱਕਤ ੩. ਸੰਤ ਭਗਵਾਨ ਸਿੰਘ ਜੀ ਵਿਰਕਤ ੪. ਸੰਤ ਝੰਡਾ ਸਿੰਘ ਜੀ (ਮਹੰਤ ਰਘੁਬੀਰ ਸਿੰਘ ਜੀ ਕਾਂਸ਼ੀ ਵਾਲਿਆਂ ਦੇ ਗੁਰੂ) ਆਦਕ, ਅੰਤ ਨੂੰ ਆਪਣੇ ਸ਼ਿਸ਼ ਸ਼੍ਰੀ ਸੰਤ ਤਾਰਾ ਸਿੰਘ ਜੀ ਨੂੰ ਡੇਰੇ ਦਾ ਸੇਵਾ ਬਖਸ਼ ਕੇ ਆਪ ਸੰਮਤ ੧੯੨੧ ਫਗਣ ਸੁਦੀ ੧੩ ਨੂੰ ਪ੍ਰਲੋਕ ਗਮਨ ਹੋ ਗਏ । ਆਪ ਦੀ ਸਮਾਧ ਡੇਰੇ ਵਿਚ ਮੌਜੂਦ ਹੈ । ਆਪ ਤੇੜ ਕੁਪੀਨ, ਉਪਰ ਕਛੈਹਰਾ ਤੇ ਓੜ੍ਹਨ ਲਈ ਕੇਵਲ ਚਾਦਰ ਰਖਦੇ ਸਨ ।

## ਮਹੰਤ ਤਾਰਾ ਸਿੰਘ ਜੀ

ਆਪ ਦਾ ਜਨਮ, ਮੰਗਟ ਭਾਈ ਬੰਨੋ ਜੀ, ਜ਼ਿਲਾ ਗੁਜਰਾਤ ਵਿਚ ਸੰਮਤ ੧੯੭੩ ਨੂੰ ਹੋਇਆ । ਆਪ ਭਾਈ ਬੰਨੋ ਸਾਹਿਬ ਜੀ ਦੇ ਖਾਨਦਾਨ ਵਿਚੋਂ ਸਨ । ਨਿਕੇ ਹੁੰਦੇ ਹੀ ਆਪਣੇ ਸੰਤਾਂ ਦੇ ਚਰਨਾਂ ਵਿਚ ਆਏ । ਸੇਵਾ ਕਰਦੇ ਪੜ੍ਹਦੇ ਰਹੇ । ਭਜਨ ਦੀ ਲਿਵ ਲਗਣ ਨਾਲ ਸੰਤ ਭਾਵ ਗ੍ਰਹਿਣ ਕੀਤਾ । ਆਪ ਦੀ ਚੰਗੀ ਰਹਿਣੀ ਬਹਿਣੀ ਵੇਖ ਕੇ ਸੰਤ ਪਿਆਰ ਦ੍ਰਿਸ਼ਟੀ ਨਾਲ ਵੇਖਦੇ । ਪਰ ਆਪ ਸੇਵਕ ਭਾਵ ਨਾਲ ਹੀ ਸੇਵਾ ਵਿਚ

ਜੁਟੇ ਰਹਿੰਦੇ। ਆਪ ਪ੍ਰਸ਼ਾਦ ਨਹੀਂ ਛਕਦੇ ਹੁੰਦੇ ਸਨ, ਕੇਵਲ ਥੋੜੀ ਜਿਹੀ ਲੱਸੀ, ਜਾਂ ਕਦੇ ਕਦਾਈਂ ਛਟਾਂਕ ਭਰ ਮਖਣ ਲੈ ਲਿਤਾ ਕਰਦੇ ਸਨ।

ਆਪ ਦੀ ਕਿਰਿਆ ਬੜੀ ਸਾਦੀ ਹੁੰਦੀ, ਤੇੜ ਕੁਪੀਨ ਉਪਰ ਕਛਹਿਰਾ। ਇਸ ਉਤੇ ਫਿਰ ਤਿੰਨ ਗਜ਼ ਦਾ ਪਰਨਾ ਰਖਦੇ ਸਨ। ਵਿਰਕਤੀ ਲਿਬਾਸ ਵਿਚ ਪ੍ਰਸੰਨ ਰਹਿੰਦੇ ਸਨ, ਡੇਰੇ ਦਾ ਵਿਹਾਰ ਕਾਰ ਅਤੇ ਆਏ ਸਾਧੂ ਸੰਤ ਦੀ ਸੇਵਾ ਵਲ ਖਾਸ ਧਿਆਨ ਰਖਦੇ ਸਨ। ਸੰਤਾਂ ਪਿਛੋਂ ਠਾਕੁਰਾਂ ਦੀ ਸਮਾਧ ਪੱਕੀ ਬਣਾਈ ਖੂਹ ਲੁਵਾਇਆ, ਡੇਰੇ ਦੀ ਬੜੀ ਤਰੱਕੀ ਕੀਤੀ।

ਆਪ ਦੇ ਚੇਲੇ ਮਹੰਤ ਮੇਹਰ ਸਿੰਘ ਜੀ ਨਿਰਮਲ ਅਖਾੜੇ ਵਾਲੇ, ਸੰਤ ਦਿਆਲ ਸਿੰਘ ਜੀ, ਸ਼੍ਰੀ ਸੰਤਾ ਸਿੰਘ ਜੀ ਆਦ ਹੋਇ। ਅੰਤ ਨੂੰ ਆਪਣੇ ਸ਼ਿਸ਼ ਸ਼੍ਰੀ ਸੰਤ ਸੰਤਾ ਸਿੰਘ ਜੀ ਨੂੰ ਡੇਰੇ ਦੀ ਪੱਗ ਦੇਕੇ ਸੰਮਤ ੧੯੪੩ ਵਿਚ ਮੰਡੀ ਬਹਾਉ ਦੀਨ ਚੜ੍ਹਾਈ ਕਰ ਗਏ। ਆਪ ਦਾ ਸਸਕਾਰ ਗੁਰੂ ਮਾਂਗਟ ਕੀਤਾ ਗਿਆ। ਸਮਾਧ ਡੇਰੇ ਵਿਚ ਬਣਾਈ ਗਈ।

## ਮਹੰਤ ਸੰਤਾ ਸਿੰਘ ਜੀ

ਆਪ ਦਾ ਜਨਮ ਪਿੰਡ ਕਾਦਰਾ ਬਾਦ, ਜ਼ਿਲਾ ਗੁਜਰਾਤ ਵਿਚ ਹੋਇਆ। ਨਿੱਕੀ ਉਮਰ ਵਿਚ ਸੰਤਾਂ ਪਾਸ ਆਏ। ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਮੰਡਲੀਆਂ ਨਾਲ ਰਹਿ ਕੇ ਪੜ੍ਹਦੇ ਰਹੇ। ਆਪ ਗੁਰੂ ਘਰ ਦੇ ਗਿਆਨੀ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਸਿੱਧ ਲਿਖਾਰੀ ਸਨ। ਆਪ ਦੀਆਂ ਲਿਖੀਆਂ ਹੋਈਆਂ

ਕਈ ਪੁਸਤਕਾਂ ਡੇਰੇ ਵਿਚ ਮੌਜੂਦ ਸਨ। ਭਜਨ ਬੰਦਗੀ ਤੇ ਤਿਆਗ ਵਿਚ ਪੂਰੇ ਮਹਾਤਮਾ ਸਨ। ਆਪ ਦੀ ਕੀਰਤੀ ਵੀ ਪਹਿਲੇ ਮਹਾਂ ਪੁਰਸ਼ਾਂ ਵਾਂਗਣ ਫੈਲੀ ਹੋਈ ਸੀ। ਆਏ ਸਾਧੂ ਅਭ੍ਯਾਗਤ ਨਾਲ ਪਿਆਰ ਕਰਦੇ ਸਨ।

ਆਪ ਦੇ ਚੇਲੇ ਸੰਤ ਪ੍ਰਿਆਰਾ ਸਿੰਘ ਜੀ ਹੋਏ ਜਿਨ੍ਹਾਂ ਨੂੰ ਡੇਰੇ ਦੀ ਸੇਵਾ ਸੌਂਪ ਕੇ ਸੰਮਤ ੧੯੬੦ ਵਿਚ ਬੋਹਤ ਪਿੰਡ ਜਾ ਸਮਾਏ। ਆਪ ਦੀ ਸਮਾਧ ਮਾਂਗਟ ਡੇਰੇ ਦੀਆਂ ਸਮਾਧਾਂ ਵਿਚ ਹੀ ਹੈ।

## ਮਹੰਤ ਪਿਆਰਾ ਸਿੰਘ ਜੀ

ਆਪ ਦਾ ਜਨਮ ਮਾਂਗਟ ਜ਼ਿਲਾ ਗੁਜਰਾਤ ਵਿਚ ਸੰਮਤ ੧੯੩੨ ਨੂੰ ਹੋਇਆ। ਛੋਟੀ ਉਮਰ ਵਿਚ ਹੀ ਡੇਰੇ ਆਏ। ਸੇਵਾ ਕਰਦੇ ਵਿਦਿਆ ਪੜ੍ਹਦੇ ਰਹੇ। ਸੰਤਾਂ ਦੀ ਆਗਿਆ ਨਾਲ ਕਦੇ ਬੋਹਤ ਕਦੇ ਇਸੇ ਡੇਰੇ ਵਿਚ ਰਹਿ ਕੇ ਤਨੋ ਮਨੋ ਸੇਵਾ ਕਰਦੇ ਰਹੇ। ਵੇਦਾਂਤ ਭਾਸ਼ਾ ਦੇ ਪੁਸਤਕ ਪੜ੍ਹ ਕੇ ਗੁਰੂ ਘਰ ਦੇ ਗਿਆਨੀ ਪ੍ਰਸਿੱਧ ਹੋਏ। ਆਪ ਨੇ ਇਕੱਲਿਆਂ ਕਈ ਅਖੰਡ ਪਾਠ ਕੀਤੇ। ਵਿਦਿਆ ਅਤੇ ਗੁਰੂ ਘਰ ਦਾ ਪ੍ਰਚਾਰ ਇਲਾਕੇ ਵਿਚ ਫਿਰ ਤੁਰ ਕੇ ਕੀਤਾ ਸੁਬ੍ਹਾ ਸ਼ਾਮ ਬੜੇ ਪ੍ਰੇਮ ਨਾਲ ਡੇਰੇ ਵਿਚ ਕਥਾ ਕੀਰਤਨ ਕਰਦੇ ਰਹੇ।

ਜਦ ਦੇ ਮਹੰਤ ਬਣੇ ਤਦ ਤੋਂ ਹੀ ਡੇਰੇ ਦੀ ਤਰੱਕੀ ਵਲ ਪੂਰਾ ਪੂਰਾ ਧਿਆਨ ਦੇਂਦੇ ਰਹੇ। ਸੰਮਤ ੧੯੯੫ ਵਿਚ ੧੯ ਮਰਲੇ ਸਫੈਦ ਜ਼ਮੀਨ ਮੁਲ ਲੈ ਕੇ ਬੜਾ ਭਾਰੀ ਮਕਾਨ

ਬਣਾਇਆ। ਹਾਲ ਕਮਰਾ ਦੋ ਮੰਜ਼ਲਾ ਤੇ ਕਈ ਕੋਠੀਆਂ ਤਿਆਰ ਕਰਵਾਈਆਂ। ਲੰਗਰ ਦਾ ਪ੍ਰਬੰਧ ਸੁੰਦਰ ਰਖਿਆ। ਕਈ ਸਾਧੂ ਆਪ ਪਾਸੋਂ ਵਿਦਿਆ ਪੜ੍ਹਦੇ ਰਹੇ। ਡੇਰੇ ਨੂੰ ਚੜ੍ਹਦੀਆਂ ਕਲਾ ਵਿਚ ਲਿਆਂਦਾ। ਆਪ ਦੇ ਦੋ ਸ਼ਿਸ਼ ਹੋਇ ਸੰਤ ਪ੍ਰੇਮ ਸਿੰਘ ਜੀ ਅਤੇ ਸੰਤ ਬੁਧ ਸਿੰਘ ਜੀ। ਸੰਮਤ ੧੯੯੦ ਵਿਚ ਆਪ ਸੰਤ ਬੁਧ ਸਿੰਘ ਜੀ ਨੂੰ ਡੇਰੇ ਦੀ ਪਗ ਦੇ ਕੇ ਪ੍ਰਲੋਕ ਗਮਨ ਹੋਇ। ਆਪ ਸੁਭਾ ਦੇ ਬੜੇ ਗਹਿਰ ਗੰਭੀਰ ਸਾਧੂ ਸਨ।

## ਮਹੰਤ ਬੁਧ ਸਿੰਘ ਜੀ

ਆਪ ਦਾ ਜਨਮ ਮਾਂਗਟਾ ਦਾ ਹੀ ਹੈ। ਛੋਟੀ ਉਮਰ ਵਿਚ ਹੀ ਸੰਤਾਂ ਪਾਸ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਸੰਤਾਂ ਮਗਰੋਂ ਡੇਰੇ ਦਾ ਕੰਮ ਚੰਗੀ ਤਰ੍ਹਾਂ ਸੰਭਾਲਿਆ ਪੁਰਾਤਨ ਮ੍ਰਿਜ਼ਾਦਾ ਜਾਰੀ ਰਖੀ। ਮੇਲ ਮਿਲਾਪ ਵਾਲਾ ਸੁਭਾਵ ਹੈ। ਪਾਕਸਤਾਨ ਬਣਨ ਤੋਂ ਬਾਅਦ ਆਪ ਕਈ ਵਰ੍ਹਿਆਂ ਤੋਂ ਕਾਹਨ ਪੁਰ ਰਹਿੰਦੇ ਹਨ।

## ਵਡੇ ਮਹੰਤ ਮੇਹਰ ਸਿੰਘ ਜੀ ਮੁਖੀਏ

(ਚੇਲੇ ਮਹੰਤ ਤਾਰਾ ਸਿੰਘ ਜੀ)

ਆਪ ਦਾ ਜਨਮ ਪਿੰਡ ਮਾਂਗਟ ਜ਼ਿਲ੍ਹਾ ਗੁਜਰਾਤ ਭਾਟੀਆ ਖਾਨਦਾਨ ਵਿਚ ਸੰਮਤ ੧੯੯੦ ਨੂੰ ਹੋਇਆ। ਦਸ ਸਾਲ ਦੀ ਆਯੂ ਵਿਚ ਸੰਤਾਂ ਦੀ ਸ਼ਰਨ ਵਿਚ ਆਏ।

ਜਦ ਸ੍ਰੀ ਮਹਾਰਾਜ ਸੰਤ ਰੋਚਾ ਸਿੰਘ ਜੀ ਨੂੰ ਆਪ ਨੇ ਪਹਿਲੀ ਵੇਰਾਂ ਮੱਥਾ ਟੇਕਿਆ ਤਾਂ ਉਨ੍ਹਾਂ ਹੱਸ ਕੇ ਕਿਹਾ ਕਿ ਏਹ ਤਾਂ ਬੜਾ ਮਹੰਤ ਤੇ ਪ੍ਰਤਾਪੀ ਹੋਵੇਗਾ, ਰਾਜੇ ਮਹਾਰਾਜੇ ਸਿਰ ਨਿਵਾਉਣਗੇ। ਕਈ ਸਾਲ ਡੇਰੇ ਵਿਚ ਸੇਵਾ ਕਰਨ ਤੋਂ ਬਾਅਦ ੨੫ ਸਾਲ ਦੀ ਉਮਰ ਵਿਚ ਰੰਮਤ ਪੰਚਾਇਤੀ ਨਿਰਮਲ ਅਖਾੜੇ ਦੇ ਮੁਖੀਏ ਮਹੰਤ ਬਣਾਏ ਗਏ।

ਆਪ ਦਾ ਸਰੀਰ ਬੜਾ ਦਰਸ਼ਨੀ ਤੇ ਡੀਲ ਡੌਲ ਵਾਲਾ ਭਰਵਾਂ ਸੀ। ਅਖਾੜੇ ਦੀ ਚਾਂਦਨੀ ਹੇਠਾਂ ਬੈਠੇ ਸੁੰਦਰ ਲਗਦੇ ਸਨ। ਜਿਹੜਾ ਸਤਿਸੰਗੀ ਆਉਂਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਫਿਰ ਆਪ ਨੂੰ ਮੱਥਾ ਟੇਕਦਾ। ਸਭ ਤੋਂ ਪਹਿਲਾਂ ਇਨ੍ਹਾਂ ਹੇਠ ਲਿਖੇ ਇਲਾਕਿਆਂ ਵਿਚ ਰਮਤ ਕੀਤੀ। ਗੁਜਰਾਤ, ਜੇਹਲਮ, ਰਾਵਲ ਪਿੰਡੀ, ਧੰਨੀ ਪੋਠੋਹਾਰ ਗਏ ਗੁਰੂ ਘਰ ਦਾ ਰਜ ਕੇ ਪ੍ਰਚਾਰ ਕੀਤਾ। ਸਿਖਾਂ ਸੇਵਕਾਂ ਬੜੀ ਆਗਤ ਭਾਗਤ ਕੀਤੀ। ਆਪ ਭਜਨ ਪਾਠ ਦੇ ਬੜੇ ਪ੍ਰੇਮੀ ਸਨ, ਰੋਜ਼ ਤਿੰਨ ਚਾਰ ਘੰਟੇ ਪਾਠ ਕਰਦੇ ਸਨ।

ਆਪ ਦਾ ਅਖਾੜੇ ਨਾਲ ਇਤਨਾ ਪਿਆਰ ਸੀ ਕਿ ਹਮੇਸ਼ਾ ਅਖਾੜੇ ਦੇ ਰਮਤੀ ਮਹੰਤ ਤੇ ਕਦੇ ਮਕਾਨੀ ਮਹੰਤ ਬਣੇ ਰਹੇ। ਕੁੰਭ ਆਦਕ ਮੇਲਿਆਂ ਉਪਰ ਆਪ ਦਾ ਅਸਰ ਸ੍ਰਕਾਰੀ ਅਫਸਰਾਂ ਉਤੇ ਮੰਨਿਆ ਜਾਂਦਾ ਸੀ। ਅਸਲ ਗੱਲ ਏਹ ਹੈ ਕਿ ਆਪ ਦਾ ਜਿਥੇ ਭਜਨ ਪਾਠ ਨਾਲ ਪਿਆਰ ਸੀ ਉਥੇ ਆਪ ਦਾ ਸਰੀਰ ਵੀ ਬੜਾ ਪ੍ਰਭਾਵ ਸ਼ਾਲੀ ਸੀ। ਸਰੀਰ ਬਹੁਤ ਭਰਵਾਂ, ਉਚਾ ਕੱਦ, ਬੋਲ ਭਾਰਾ, ਦਸਤਾਰ ਵੀ ਭਾਰੀ, ਬਸ ਜਿਹੜਾ

ਦਰਸ਼ਨ ਕਰਦਾ ਇਕ ਵੇਰਾਂ ਮੋਮ ਹੋ ਜਾਂਦਾ।

ਆਪ ਦੀ ਸ਼ੋਭਾ ਸੁਣ ਕੇ ਇਕ ਵੇਰਾਂ ਮਲਕਾ ਮੁਅੱਜ਼ਮਾ ਨੇ ਆਪ ਨੂੰ ਵੇਖਣ ਲਈ ਉਰੇਰਾ ਪਿਨਸ਼ਨੀ ਲਾਟ ਭੇਜਿਆ, ਪਰ ਅੰਨ ਪਾਣੀ ਦੀ ਛੂਤ ਛਾਤ ਦੇ ਹਾਮੀ ਹੋਣ ਕਰਕੇ ਆਪ ਵਲਾਇਤ ਨਾ ਗਏ। ਇਕ ਵੇਰਾਂ ੪੦ ਮੁਰੱਬੇ ਜ਼ਮੀਨ ਆਪ ਨੂੰ ਦੇਣ ਲਈ ਸਰਕਾਰ ਨੇ ਕਿਹਾ, ਪਰ ਆਪ ਨੇ ਨਾ ਲਿਤੇ। ਸੰਮਤ ੧੯੦੫ ਵਿਚ ਜਦ ਸ਼ਹਿਨਸ਼ਾਹ ਪੰਚਮ ਜਾਰਜ ਕਾਂਸ਼ੀ ਆਏ ਤਾਂ ਆਪ ਨੂੰ ਵੇਖ ਕੇ ਇਤਨੇ ਖੁਸ਼ ਹੋਇ ਜੋ ਜਾਂਦਿਆਂ ਹੋਇਆਂ ਇਕ ਪ੍ਰਸੰਸਾ ਪਤ੍ਰ ਦੇ ਗਏ। ਸ਼੍ਰੀ ਮਹਾਰਾਜ ਹੀਰਾ ਸਿੰਘ ਜੀ ਨਾਭਾ ਨੇ ੨) ਰੋਜ਼ ਦੇ ਲਗਾਏ ਹੋਏ ਸਨ, ਜੁ ਸਾਰੀ ਉਮਰ ਆਪ ਨੂੰ ਮਿਲਦੇ ਰਹੇ। ਆਪ ਤੋਂ ਬਾਅਦ ੨੫) ਮਹੀਨਾ ਸਕੇ ਭਰਾ ਤੇ ਚੇਲੇ ਸੰਤ ਪਿਆਰਾ ਸਿੰਘ ਜੀ ਨੂੰ ਮਿਲਦੇ ਰਹੇ। ਇਸੇ ਤਰ੍ਹਾਂ ਮਹਾਰਾਜਾ ਪਟਿਆਲਾ ਵਲੋਂ ਭੀ ਆਪ ਨੂੰ ਕੁਝ ਪੂਜਾ ਮਿਲਦੀ ਰਹੀ।

ਰਾਜ ਦਰਬਾਰਾਂ ਤੇ ਕਈ ਸਰਕਾਰੀ ਅਫਸਰਾਂ ਵਲੋਂ ਆਪ ਨੂੰ ਸਾਰਟੀਫਿਕੇਟਾਂ ਮਿਲੀਆਂ ਹੋਈਆਂ ਸਨ। ਜੋ ਆਪ ਦੇ ਸਕੇ ਭਤੀਜੇ ਪਾਸ ਦਸੀਦੀਆਂ ਹਨ। ਇਹਨਾਂ ਦੀਆਂ ਨਕਲਾਂ ਸੰਤ ਬਿਸ਼ਨ ਸਿੰਘ ਜੀ ਖੁੱਡਾ ਨਿਵਾਸੀ ਆਪ ਦੇ ਸੰਪਰਦਾਈ ਪਾਸ ਹਨ।

ਆਪ ਦੀਆਂ ਖਾਸ ਗੱਲਾਂ ਇਹ ਪ੍ਰਸਿਧ ਹਨ। ਨਿਰਮਲ ਅਖਾੜਾ ਕਈ ਥਾਂਈ ਆਪ ਦੇ ਨਾਮ ਪੁਰ ਸਦਿਆ ਜਾਂਦਾ ਸੀ। ਇਕ ਵੇਰਾਂ ਕਾਹਨਪੁਰ ਅਖਾੜਿਆਂ ਦੀ ਆਪੋ ਵਿਚ

ਕੁਝ ਖਿਚੋ ਤਾਣੀ ਹੋ ਪਈ। ਸਰਕਾਰੀ ਹੁਕਮ ਨਾਲ ਸਾਰੇ ਅਖਾੜੇ ਗੰਗਾ ਪਾਰ ਭੇਜੇ ਗਏ। ਬਰੇਤੀ ਵਿਚ ਸਭ ਨੂੰ ਦੁਖ ਮਹਿਸੂਸ ਹੋਇਆ। ਸ਼੍ਰੀ ਮਾਨ ਮਹੰਤ ਮੇਹਰ ਸਿੰਘ ਜੀ ਸਮੇਂ ਸਿਰ ਆਣ ਪਹੁੰਚੇ। ਜਿਨ੍ਹਾਂ ਆਪਣਾ ਅਖਾੜਾ ਸ੍ਰਕਾਰੀ ਛਾਪੇ ਖਾਨੇ ਵਿਚ ਜਾ ਉਤਾਰਿਆ। ਜੋ ਅਫਸਰ ਹੁਕਮ ਅਦੂਲੀ ਦਾ ਸੰਮਨ ਲੈ ਕੇ ਆਵੇ, ਆਪ ਨੂੰ ਵੇਖ ਕੇ ਠੰਡਾ ਹੋ ਜਾਇ। ਬਸ ਚੁਪ ਚੁਪਾਤੇ ਮੁੜ ਜਾਇ। ਆਖਰ ਸਾਰੇ ਅਖਾੜੇ ਮਹੰਤ ਸਾਹਿਬ ਦੀ ਸਹਾਇਤਾ ਨਾਲ ਆਜ਼ਾਦ ਹੋ ਗਏ। ਅਪਣੀ ਮਨ ਮਰਜ਼ੀ ਨਾਲ ਥਾਂ ਥਾਂ ਜਾ ਉਤਰੇ।

ਇਕ ਵੇਰਾਂ ਗੁਦਾਵਰੀ ਦੇ ਕੁੰਭ ਉਤੇ ਤ੍ਰਿੰਬਕ ਨਾਥ ਦੀ ਪੂਜਾ ਵੇਲੇ ਕਿਸੇ ਨਿਰਮਲੇ ਸਾਧੂ ਨੇ ਜਲੈਹਰੀ ਵਿਚੋਂ ਹਥ ਪਾ ਕੇ ਪਾਣੀ ਲੈ ਲਿਤਾ। ਸ਼ਿਕਾਇਤ ਹੋਈ। ਅੰਗ੍ਰੇਜ਼ ਨੇ ਫੜ ਲਿਤਾ। ਆਪ ਉਸ ਦੇ ਛਡਾਣ ਲਈ ਅੰਗ੍ਰੇਜ਼ ਪਾਸ ਗਏ। ਓਹ ਨਾ ਮੰਨਿਆ। ਮਹੰਤ ਜੀ ਨੇ ਇਕ ਦਮ ਉਸ ਨੂੰ ਚਪੇੜ ਮਾਰ ਦਿਤੀ। ਅੰਗ੍ਰੇਜ਼ ਹੱਕਾ ਬੱਕਾ ਰਹਿ ਗਿਆ ਤੇ ਸਾਧੂ ਛਡ ਦਿਤਾ, ਮਾਫੀ ਮੰਗੀ। ਇਸ ਤਰ੍ਹਾਂ ਦੇ ਆਪ ਪ੍ਰਤਾਪ ਸ਼ਾਲੀ ਹੋਏ ਹਨ।

ਆਪ ਦੇ ਹੇਠ ਲਿਖੇ ਸ਼ਿਸ਼ ਹੋਏ—

੧. ਸੰਤ ਲਖਾ ਸਿੰਘ ਜੀ ੨. ਸੰਤ ਪਿਆਰਾ ਸਿੰਘ ਜ (ਆਪਦੇ ਭਰਾਤਾ), ੩. ਸੰਤ ਥਮਨ ਸਿੰਘ ਜੀ ਆਪ ਅਖਾੜੇ ਦੇ ਮਹੰਤ ਰਹਿ ਚੁਕੇ ਹਨ। ੪. ਸੰਤ ਗੁਜਰ ਸਿੰਘ ਜੀ। ੫. ਸੰਤ ਵੀਰ ਸਿੰਘ ਜੀ। ੬. ਸੰਤ ਸਾਧੂ ਸਿੰਘ ਜੀ, ਜੀਆ ਬੱਗਾ

੭. ਸੰਤ ਹਰੀ ਸਿੰਘ ਜੀ ਨਿਪਾਲ ਆਦ।

ਅੰਤ ਸੰਮਤ ੧੯੭੫ ਵਿਚ ਮਾਂਗਟ ਵਿਖੇ ਹੀ ਜੇਠ ਦੀ ਤ੍ਰਿਓਦਸ਼ੀ ਨੂੰ ਸਰੀਰ ਤਿਆਗ ਗਏ। ਅਰਥੀ ਦਾ ਬੜਾ ਭਾਰੀ ਜਲੂਸ ਕਢਿਆ ਗਿਆ ਤੇ ਸਮਾਧਾਂ ਕੋਲ ਹੀ ਸਸਕਾਰ ਕੀਤਾ ਗਿਆ।

## ਮਹੰਤ ਲੱਖਾ ਸਿੰਘ ਜੀ ਵੈਦ

ਆਪ ਦਾ ਜਨਮ ਪਿੰਡ ਹੇਹਰਾਂ ਜ਼ਿਲਾ ਜਾਲੰਧਰ ਨਿਹਾਲ ਸਿੰਘ ਨੰਬਰਦਾਰ ਦੇ ਘਰ ਮਾਤਾ ਅਤਰ ਕੌਰ ਜੀ ਦੀ ਕੁਖੋਂ ਸੰਮਤ ੧੯੪੬ ਕੱਤਕ ਮਹੀਨੇ ਵਿਚ ਹੋਇਆ। ੧੫ ਸਾਲ ਦੀ ਆਯੂ ਵਿਚ ਮਹੰਤਾਂ ਦੇ ਚਰਨਾਂ ਵਿਚ ਆਏ। ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਮਹੰਤਾਂ ਦੀ ਆਗਿਆ ਨਾਲ ਅਖਾੜੇ ਦੀ ਸੇਵਾ ਵਿਚ ਚਲੇ ਗਏ। ਜਿਥੇ ਕਈ ਵਰ੍ਹੇ ਲਗਾਤਾਰ ਸੇਵਾ ਕਰਦੇ ਰਹੇ। ਕਈ ਥਾਂ ਕੁਠਾਰੀ ਤੇ ਪ੍ਰਯਾਗ ਆਦੀ ਮਕਾਨਾਂ ਵਿਚ ਮੁਕਾਮੀ ਮਹੰਤ ਟਿਕੇ ਰਹੇ। ਅਖਾੜੇ ਦੀ ਰਮਤ ਕਈ ਸਾਲ ਫੇਰਦੇ ਰਹੇ। ਅਜ ਕਲ ਆਪ ਅਪਣੇ ਜਨਮ ਪਿੰਡ ਹੇਹਰਾਂ ਵਿਚ ਰਹਿੰਦੇ ਹਨ। ਚੰਗੇ ਸਿਆਣੇ ਵੈਦ ਹਨ। ਹਿਕਮਤ ਦਾ ਕੰਮ ਸੋਹਣਾ ਚਲਿਆ ਹੋਇਆ ਹੈ। ਹਸ ਮੁਖੇ ਤੇ ਚੰਗੇ ਮੇਲ ਮਿਲਾਪ ਵਾਲੇ ਸਾਧੂ ਹਨ। ਆਪ ਦੇ ਚੇਲੇ ਸਾਬਕ ਕੁਠਾਰੀ ਮਹੰਤ ਗਿਆਨ ਸਿੰਘ ਜੀ ਹਨ ਜੋ ਨਿਰਮਲ ਅਖਾੜੇ ਦੇ ਪਿੰਡ ਇਬ੍ਰਾਹੀਮ ਪੁਰ ਵਿਚ ਮਹੰਤ ਟਿਕੇ ਰਹੇ ਹਨ। ਅਜ ਕਲ ਚਕ੍ਰਵਰਤੀ ਰਹਿਣਾ ਪਸੰਦ ਕਰਦੇ ਹਨ। ਦਰਸ਼ਨੀ ਸਰੀਰ ਹਨ।

## ਸੰਤ ਹਰੀ ਸਿੰਘ ਜੀ (ਨਿਪਾਲ)

ਚੇਲੇ ਮਹੰਤ ਮੇਹਰ ਸਿੰਘ ਜੀ, ਆਪ ਵਡੀ ਉਮਰ ਵਿਚ ਮਹੰਤਾਂ ਸਾਹਿਬਾਂ ਦੇ ਚਰਨਾਂ ਵਿਚ ਆਏ। ਸੇਵਾ ਕਰਦੇ ਪੜ੍ਹਦੇ ਰਹੇ। ਕਈ ਸਾਲਾਂ ਬਾਅਦ ਤੀਰਥ ਯਾਤਰਾ ਕਰਦੇ ਨਿੱਪਾਲ ਸ਼ਹਿਰ ਖਟਮੰਡੂ ਜਾ ਟਿਕੇ। ਆਪਣੀ ਵਿਦਵਤਾ ਦੇ ਪ੍ਰਭਾਵ ਨਾਲ ਚੰਗਾ ਸਤਿਕਾਰ ਪ੍ਰਾਪਤ ਕਰ ਲਿਤਾ। ਰਾਜੇ ਵਲੋਂ ਰਸਦਾਂ ਮਿਲਣ ਲਗ ਪਈਆਂ। ਰਾਜ ਕੁਮਾਰ ਆਪ ਦਾ ਉਪਦੇਸ਼ੀ ਬਣ ਗਿਆ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਪਾਠ ਅਰੰਭ ਕਰਕੇ ਪੱਕਾ ਅਸਥਾਨ ਬਣਾ ਲੀਤਾ। ਰਿਆਸਤ ਵਿਚ ਪ੍ਰਚਾਰ ਕਰਦੇ ਰਹੇ। ਆਪ ਦੇ ਕਈ ਸਿਖ ਸੇਵਕ ਬਣੇ। ਅੰਤ ਆਪਣੇ ਚੇਲੇ ਸੰਤ ਸ਼ੰਭੂ ਸਿੰਘ ਨੂੰ ਡੇਰੇ ਦੀ ਮਹੰਤੀ ਦੇ ਕੇ ਸੰਮਤ ੧੯੮੫ ਵਿਚ ਸਰੀਰ ਤਿਆਗ ਗਏ।

## ਮਹੰਤ ਸ਼ੰਭੂ ਸਿੰਘ ਜੀ

ਅ ਪਦਾ ਜਨਮ ਨਿਪਾਲ ਦਾ ਹੀ ਸੀ। ਛੋਟੇ ਹੁੰਦੇ ਸੰਤਾਂ ਦੇ ਚਰਨਾਂ ਵਿਚ ਆਏ। ਸੇਵਾ ਕਰਦੇ ਗੁਰੂ ਘਰ ਦੇ ਗ੍ਰੰਥ ਪੜ੍ਹਦੇ ਰਹੇ। ਸਾਧੂ ਹੋਏ, ਸੰਤਾਂ ਆਪਣੇ ਹਥੀ ਮਹੰਤੀ ਦਿਤੀ ਆਪ ਆਪਣੀ ਨਿਰਮਲ ਮ੍ਰਿਯਾਦਾ ਅਨੁਸਾਰ ਅਸਥਾਨ ਦਾ ਕੰਮ ਚਲਾਉਂਦੇ ਰਹੇ। ਰਸਦਾਂ ਸਰਕਾਰੀ ਲਗੀਆਂ ਹੋਈਆਂ ਸਨ। ਆਏ ਨਿਰਮਲੇ ਸਾਧੂ ਦਾ ਸਤਿਕਾਰ ਕਰਦੇ ਸਨ। ਸਰਕਾਰ ਵਲੋਂ ਨਿਰਮਲੇ ਸੰਤਾਂ ਲਈ ਚਾਰ ਗਊਆਂ

ਆਪ ਨੂੰ ਮਿਲੀਆਂ ਹੋਈਆਂ ਸਨ। ਪਸ਼ੂ ਪਤੀ ਕੈਲਾਸ਼ ਦੀ ਯਾਤਰਾ ਗਏ ਹੋਏ ਹਰ ਇਕ ਨਿਰਮਲੇ ਸੰਤ ਨੂੰ ੫) ਵਿਦੈਗੀ ਜਿਸ ਤਰ੍ਹਾਂ ਆਪ ਦੇ ਸੰਤ ਦਿਵਾਉਂਦੇ ਸਨ, ਉਸੇ ਤਰ੍ਹਾਂ ਪਿਛੋਂ ਭੀ ਆਪ ਦਿਵਾਇਆ ਕਰਦੇ ਸਨ। ਅਜ ਕਲ ਅਸਥਾਨ ਬਾਰੇ ਕੁਝ ਪਤਾ ਨਹੀਂ।

## ਸ੍ਰੀ ਸੰਤ ਮਖਣ ਸਿੰਘ ਜੀ ਵਿਰਕਤ (ਕਾਂਸ਼ੀ)

ਚੇਲੇ ਸ੍ਰੀ ਠਾਕੁਰ ਰੋਚਾ ਸਿੰਘ ਜੀ। ਆਪ ਦਾ ਜਨਮ ਪਿੰਡ ਸੁਹਾਵਾ ਜ਼ਿਲਾ ਗੁਜਰਾਤ ਵਿਚ ਸੰਮਤ ੧੯੮੫ ਨੂੰ ਹੋਇਆ। ੧੫ ਸਾਲ ਦੀ ਉਮਰ ਵਿਚ ਮਾਂਗਟ ਆਕੇ ਸਾਧੂ ਹੋਇ। ਪੜ੍ਹ ਸੁਣ ਕੇ ਭਜਨ ਪਾਠ ਵਲ ਲਗ ਗਏ। ਆਪਣੇ ਉਦਮ ਪ੍ਰਤਾਪ ਨਲ ਬੋਹਤ ਜ਼ਿਲਾ ਗੁਜਰਾਤ ਵਿਚ ਇਕ ਤਾਲਾਬ ਬਣਵਾਇਆ। ਜਿਸ ਵਿਚ ਨਾ ਕਦੇ ਕੀੜਾ ਨਾ ਬੂਰ ਹੀ ਪਿਆ। ਆਪ ਵਡੀ ਪਵਿਤ੍ਰ ਜ਼ਿੰਦਗੀ ਵਾਲੇ ਮਹਾ ਪੁਰਸ਼ ਹੋਏ ਹਨ। ਆਪ ਦੇ ਹੇਠ ਲਿਖੇ ਸ਼ਿਸ਼ ਪ੍ਰਸਿਧ ਹਨ :—

੧. ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ, ੨. ਸੰਤ ਜੀਵਨ ਸਿੰਘ ਜੀ ਵਿਰਕਤ, ੩. ਸੰਤ ਕਿਸ਼ਨ ਸਿੰਘ ਜੀ ਵਿਰਕਤ, ੪. ਸੰਤ ਪਰੇਮ ਸਿੰਘ ਜੀ ਛਪਰਾ, ੫. ਪੰਡਿਤ ਗੋਪਾਲ ਸਿੰਘ ਜੀ, ਪੰਡਿਤ ਹਰੀ ਸਿੰਘ ਜੀ, ੭. ਪੰਡਿਤ ਰਾਮ ਸਿੰਘ ਜੀ, ੮. ਸੰਤ ਨਰਾਇਣ ਸਿੰਘ ਜੀ ਤੇ ਸੰਤ ਕਰਤਾਰ ਸਿੰਘ ਜੀ ਆਦ। ਅਖੀਰਲੀ ਉਮਰ ਵਿਚ ਆਪਣੇ ਸ਼ਿਸ਼ ਸ੍ਰੀ ਮਾਨ ਪੰਡਿਤ ਜੀਵਨ ਸਿੰਘ ਜੀ ਦੀ ਪ੍ਰੇਰਨਾ ਨਾਲ

ਕਾਂਸ਼ੀ ਲਾਹੌਰੀ ਟੋਲੇ ਜਾ ਰਹੇ ਜਿਥੇ ਸੰਮਤ ੧੯੭੦ ਵਿਚ ਸਮਾਏ ।

## ਸ਼੍ਰੀ ਮਾਨ ਪੰਡਿਤ ਜੀਵਨ ਸਿੰਘ ਜੀ

### (ਸਾਬਕ ਸ਼੍ਰੀ ਮਹੰਤ ਨਿਰਮਲ ਅਖਾੜਾ ਕਨਖਲ)

ਆਪ ਦਾ ਜਨਮ ਗੋਂਦਪੁਰ ਜ਼ਿਲਾ ਸਰਗੋਧਾ ਸੰਮਤ ੧੯੩੨ ਵਿਚ ਹੋਇਆ। ਸੰਤਾਂ ਨਾਲ ਪਹਿਲਾਂ ਮਿਲਾਪ ਮਿਆਨੀ ਪਿੰਡ ਵਿਚ ਹੋਇਆ। ਸੰਮਤ ੧੯੫੦ ਵਿਚ ਸਾਧੂ ਹੋ ਕੇ ਪੜ੍ਹਨ ਸੁਣਨ ਵਿਚ ਪ੍ਰਵਿਰਤ ਹੋਏ। ਕਈ ਸਾਲ ਸੰਤਾਂ ਨਾਲ ਰਹਿਕੇ ਰਿਖੀ ਕੇਸ਼ ਆਦਕ ਥਾਵਾਂ ਉਤੇ ਪੜ੍ਹਦੇ ਰਹੇ। ਸੰਮਤ ੧੯੫੯ ਵਿਚ ਕਾਂਸ਼ੀ ਪੜ੍ਹਨ ਲਈ ਗਏ। ਹਰਿਦੁਆਰ ਸੰਮਤ ੧੯੭੭ ਦੀ ਅਰਧ ਕੁੰਭੀ ਪੁਰ ਨਿਰਮਲ ਪਾਠ ਸ਼ਾਲਾ ਕਾਂਸ਼ੀ ਲਈ ਯਤਨ ਆਰੰਭ ਕੀਤਾ। ਸੰਮਤ ੧੯੮੭ ਮਾਘਵਦੀ ਏਕਮ ਵਾਲੇ ਦਿਨ ਨਿਰਮਲ ਅਖਾੜੇ ਦੇ ਸ਼੍ਰੀ ਮਹੰਤ ਥਾਪੇ ਗਏ। ਜਿਤਨਾ ਚਿਰ ਸ਼੍ਰੀ ਮਹੰਤ ਰਹੇ ਅਖਾੜੇ ਦਾ ਕੰਮ ਬੜੀ ਸਿਆਣਪ ਤੇ ਮੇਲ ਮਿਲਾਪ ਨਾਲ ਨਿਬਾਹਿਆ। ਆਖਰ ਸੰਮਤ ੧੯੯੧ ਕਤਕ ੩ ਸ਼ੁਕਰ ਵਾਰ ਨੂੰ ਗੁਰਪੁਰੀ ਸਿਧਾਰ ਗਏ। ਆਪ ਬੜੇ ਸਤੋ ਗੁਣੀ ਤੇ ਨਿਮ੍ਰਤਾ ਸੁਭਾਵ ਵਾਲੇ ਸਾਧੂ ਪੁਰਸ਼ ਸਨ। ਆਪ ਦਾ ਵਿਸ਼ੇਸ਼ ਜੀਵਨ, ਨਿਰਮਲ ਪੰਥ ਦਰਸ਼ਨ ਦੇ ਪਹਿਲੇ ਹਿਸੇ ਵਿਚ ੪੭੪ ਅੰਗਪੁਰ ਵਿਸਤਾਰ ਨਾਲ ਲਿਖਿਆ ਜਾ ਚੁਕਿਆ ਹੈ ਇਸ ਲਈ ਇਥੇ ਸਾਰਾ ਹਾਲ ਲਿਖਣ ਦੀ ਲੋੜ ਨਹੀਂ ਸਮਝੀ। ਪ੍ਰੇਮੀ ਉਥੋਂ ਪੜ੍ਹ ਸਕਦੇ ਹਨ।

## ਦੂਜੇ ਸੰਤ ਜੀਵਣ ਸਿੰਘ ਜੀ ਵਿਰਕਤ

ਆਪ ਦਾ ਜਨਮ ਗੁਜਰਾਤ ਜ਼ਿਲੇ ਵਿਚ ੧੯੧੭ ਨੂੰ ਹੋਇਆ। ਆਪ ਚੰਗੇ ਤਪੱਸਵੀ ਸਾਧੂ ਸਨ। ਉਪਕਾਰ ਕਰਨ ਵਿਚ ਆਪਣਾ ਆਪ ਕੁਰਬਾਨ ਕਰ ਦਿੰਦੇ ਸਨ। ਅਖੀਰਲੀ ਉਮਰ ਆਪਣੇ ਗੁਰਭਾਈ ਸ੍ਰੀ ਮਾਨ ਪੰਡਿਤ ਜੀਵਨ ਸਿੰਘ ਜੀ (ਸ੍ਰੀ ਮਹੰਤ) ਦੇ ਨਾਲ ਕਾਂਸ਼ੀ ਵਿਚ ਬਿਤੀਤ ਕੀਤੀ। ਸਰੀਰ ਰੋਗ ਗ੍ਰਸਤ ਹੋ ਗਿਆ ਤਾਂ ਪੰਡਿਤ ਜੀ ਨੇ ਸੇਵਾ ਕਰਦਿਆਂ ਹੱਦ ਕਰ ਦਿਤੀ, ਬੜਾ ਜਸ ਖਟਿਆ, ਏਹ ਉਪਕਾਰੀ ਵਿਰਕਤ ਸੰਤ, ਸੰਮਤ ੧੯੯੯ ਜੇਠ ਵਿਚ ਗੁਰਪੁਰੀ ਚੜ੍ਹਾਈ ਕਰ ਗਏ।

## ਸੰਤ ਕਿਸ਼ਨ ਸਿੰਘ ਜੀ ਵਿਰਕਤ

ਆਪ ਦਾ ਜਨਮ ਸਾਰੋਕਿਆਂ ਜ਼ਿਲਾ ਗੁਜਰਾਤ ਦਾ ਸੀ। ਕਈ ਵਰ੍ਹੇ ਤੀਰਥ ਯਾਤਰਾ ਕਰਦਿਆਂ ਬਿਤਾਏ। ਕਈ ਕੁੰਭ ਵੇਖੇ। ਅੰਤ ਸੰਮਤ ੧੯੬੨ ਦੇ ਕੁੰਭ ਉਤੇ ਪ੍ਰਯਾਗ ਰਾਜ ਵਡੀ ਉਮਰ ਵਿਚ ਸਰੀਰ ਤਿਆਗ ਗਏ।

## ਮਹੰਤ ਪਰੇਮ ਸਿੰਘ ਜੀ ਜ਼ਿਲਾ ਛਪਰਾ

ਚੇਲੇ ਸ੍ਰੀ ਵਿਰਕਤ ਸੰਤ ਮਖਣ ਸਿੰਘ ਜੀ। ਜਨਮ ਲੂਣ ਮਿਆਣੀ ਜ਼ਿਲਾ ਸਰਗੋਧੇ ਵਿਚ ਹੋਇਆ। ਆਪ ਚੰਗੇ ਸਾਧੂ ਲੋਕ ਸਨ। ਬਹੁਤੇ ਸੰਤ ਆਪ ਨੂੰ ਮੌਲਾ ਨਾਮ ਨਾਲ

ਪੁਕਾਰਦੇ ਸਨ। ਆਪ ਨੇ ਸਰਜੂ ਨਦੀ ਦੇ ਕਿਨਾਰੇ ਬੜਾ ਮੰਦਰ ਮਕਾਨ ਬਣਾਇਆ। ਸਮਾਂ ਬਿਤਾ ਕੇ ਗੁਜ਼ਰ ਗਏ। ਮਕਾਨ ਕਿਸੀ ਦੇ ਹਥ ਚਲਾ ਗਿਆ।

## ਪੰਡਿਤ ਗੋਪਾਲ ਸਿੰਘ ਜੀ (ਤਰਨ ਤਾਰਨ)

ਚੇਲੇ ਸ੍ਰੀ ਸੰਤ ਮਖਣ ਸਿੰਘ ਜੀ। ਆਪ ਦਾ ਜਨਮ ਝਾਵਰੀਆਂ ਜ਼ਿਲੇ ਸਰਗੋਧੇ ਦਾ ਸੀ। ਆਪ ਚੰਗੇ ਵਿਦਵਾਨ ਤੇ ਕਥਾ ਕਰਨ ਵਿਚ ਬੜੇ ਸਿਆਣੇ ਸਨ। ਗੁਰੂ ਘਰ ਦਾ ਪ੍ਰਚਾਰ ਦੇਸ਼ ਦੇਸ਼ਾਂਤਰਾਂ ਵਿਚ ਕਰਦੇ ਰਹਿੰਦੇ ਸਨ। ਕਈ ਕਈ ਮਹੀਨੇ ਇਕੋ ਸ਼ਬਦ ਦੀ ਲਗਾਤਾਰ ਕਥਾ ਕਰਦੇ ਰਹਿੰਦੇ। ਸ੍ਰੀ ਅੰਮ੍ਰਿਤਸਰ ਬਾਬਾ ਮਿਸ਼ਰਾ ਸਿੰਘ ਜੀ ਦੇ ਡੇਰੇ ਆਪ ਕਈ ਕਈ ਮਹੀਨੇ ਨਿਵਾਸ ਰਖਦੇ। ਬੜੇ ਮਿਲਣ ਸਾਰ ਮਹਾਂ ਪੁਰਸ਼ ਸਨ। ਆਪ ਦੇ ਚੇਲੇ ਮਹੰਤ ਸਤਿਨਾਮ ਸਿੰਘ ਜੀ ਰਿਸ਼ੀਕੇਸ਼ ਤੇ ਸੰਤ ਸੰਤ ਸਿੰਘ ਜੀ ਤਰਨ ਤਾਰਨ ਸਾਹਿਬ ਵਾਲੇ ਹੋਇ।

## ਸੰਤ ਸੰਤ ਸਿੰਘ ਜੀ ਤਰਨਤਾਰਨ

ਆਪ ਪਹਿਲਾਂ ਕੁਝ ਚਿਰ ਸੰਤ ਪੰਡਿਤ ਗੰਗਾ ਸਿੰਘ ਜੀ ਦੀ ਸੰਗਤ ਵਿਚ ਰਹੇ। ਬਾਅਦ ਪੰਡਿਤ ਗੋਪਾਲ ਸਿੰਘ ਜੀ ਦੇ ਸ਼ਿਸ਼ ਹੋ ਕੇ ਜਿਥੇ ਕਿਥੇ ਉਨ੍ਹਾਂ ਨਾਲ ਵਿਚਰਦੇ ਸੇਵਾ ਕਰਦੇ ਰਹੇ। ਪੰਡਿਤ ਜੀ ਦੇ ਪਿਛੋਂ ਤਰਨ ਤਾਰਨ ਗੁਰੂ ਅਰਜਨ ਖਾਲਸਾ ਹਾਈ ਸਕੂਲ ਦੇ ਪਾਸ ਆਪ ਨੇ ਇਕ ਕੁਟੀਆ ਬਣਾਈ ਜਿਥੇ ਕਈ ਵਰ੍ਹੇ ਆਨੰਦ ਪੂਰਵਕ ਬਤੀਤ ਕਰਦੇ ਰਹੇ।

ਆਪ ਸਾਧੂ ਸਮਾਜ ਨਾਲ ਪਿਆਰ ਰਖਣ ਵਾਲੇ ਪੁਰਸ਼ ਸਨ।

## ਪੰਡਿਤ ਹਰੀ ਸਿੰਘ ਜੀ ਵਿਰਕਤ

ਚੇਲੇ ਸ੍ਰੀ ਸੰਤ ਮਖਣ ਸਿੰਘ ਜੀ। ਆਪ ਦਾ ਜਨਮ ਦੁਆਬੇ ਦਾ ਸੀ ਚੰਗੀ ਰਹਿਣੀ ਬਹਿਣੀ ਵਾਲੇ ਮਹਾਂਪੁਰਸ਼ ਹੋਏ ਹਨ। ਸੰਮਤ ੧੯੭੧ ਵਿਚ ਸ਼ਾਂਤ ਹੋਏ।

## ਪੰਡਿਤ ਰਾਮ ਸਿੰਘ ਜੀ

ਚੇਲੇ ਸ੍ਰੀ ਸੰਤ ਮਖਣ ਸਿੰਘ ਜੀ। ਆਪ ਦਾ ਸਰੀਰ ਜ਼ਿਲਾ ਹਜ਼ਾਰਾ ਬ੍ਰਾਹਮਣ ਖਾਨਦਾਨ ਦਾ ਸੀ। ਬੜਾ ਚਿਰ ਸੰਤਾਂ ਦੀ ਸੰਗਤ ਕੀਤੀ। ਕਈ ਸਾਧੂ ਪੜ੍ਹਾਏ। ਅੰਤ ਪ੍ਰਯਾਗ ਕੁੰਭ ਉਤੇ ਸਰੀਰ ਤਿਆਗ ਗਏ।

## ਸੰਤ ਨਰਾਇਣ ਸਿੰਘ ਜੀ

ਚੇਲੇ ਸ੍ਰੀ ਸੰਤ ਮਖਣ ਸਿੰਘ ਜੀ, ਆਪ ਦਾ ਜਨਮ ਨਸਿੰਮਲੀ ਰਿਆਸਤ ਪਟਿਆਲਾ ਦਾ ਸੀ। ਕੁਰੂਛੇਤਰ ਮੇਲੇ ਉਤੇ ਸੰਤਾਂ ਦਾ ਮਿਲਾਪ ਹੋਇਆ। ਸਾਧੂ ਭਾਵ ਗ੍ਰਹਿਣ ਕੀਤਾ। ਸਮੇਂ ਸਿਰ ਆਪ ਦਾ ਚੰਗਾ ਪ੍ਰਤਾਪ ਵਧਿਆ। ਕਈ ਸਿਖ ਸੇਵਕ ਹੋਏ। ਆਪ ਦੇ ਚੇਲੇ ਸੰਤ ਅਮੀਰ ਸਿੰਘ ਜੀ ਅਤੇ ਸੰਤ ਸੁਧ ਸਿੰਘ ਜੀ ਹਨ। ਸੰਮਤ ੧੯੭੩ ਵਿਚ ਸ਼ਾਂਤ ਹੋਏ।

## ਸੰਤ ਕਰਤਾਰ ਸਿੰਘ ਜੀ

ਚੇਲੇ ਸ਼੍ਰੀ ਸੰਤ ਮਖਣ ਸਿੰਘ ਜੀ। ਆਪ ਦਾ ਜਨਮ ਦੁਆਬੇ ਦਾ ਸੀ। ਮੰਡਲੀ ਵਿਚ ਰਹਿੰਦਿਆਂ ਸੰਤਾਂ ਨਾਲ ਮੇਲ ਹੋਇਆ। ਸਾਧੂ ਹੋ ਕੇ ਬੜਾ ਚਿਰ ਹਰੀਦੁਆਰ ਟਿਕੇ ਰਹੇ। ਅੰਤ ਸੰਮਤ ੧੯੫੦ ਵਿਚ ਕਨਖਲ ਸ਼ਾਂਤ ਹੋਇ।

## ਬੋਹਤ ਜ਼ਿਲਾ ਗੁਜਰਾਤ

## ਸ਼੍ਰੀ ਸੰਤ ਝੰਡਾ ਸਿੰਘ ਜੀ

ਚੇਲੇ ਸ਼੍ਰੀ ਠਾਕੁਰ ਰੋਚਾ ਸਿੰਘ ਜੀ ਮਾਂਗਟਾ ਵਾਲਿਆਂ ਦੇ। ਆਪ ਬੜੇ ਯੋਗ ਮਹਾਪੁਰਸ਼ ਸਨ। ਸੰਤਾਂ ਨਾਲ ਰਹਿਕੇ ਸੇਵਾ ਕਰਦੇ ਰਹੇ ਅਖੀਰਲੀ ਅਵਸਥਾ ਵਿਚ ਬੋਹਤ ਅਤੇ ਕਾਂਸ਼ੀ ਟਿਕੇ ਰਹੇ। ਆਪ ਦੇ ਸ਼ਿਸ਼ ਮਹੰਤ ਰਘੁਬੀਰ ਸਿੰਘ ਜੀ ਹੋਏ ਜੋ ਕਈ ਸਾਲ ਕਾਂਸ਼ੀ ਲਾਹੌਰੀ ਟੋਲੇ ਦੀ ਸੰਗਤ ਦੇ ਮਹੰਤ ਰਹੇ।

## ਮਹੰਤ ਰਘਬੀਰ ਸਿੰਘ ਜੀ ਕਾਂਸ਼ੀ

ਆਪ ਦਾ ਜਨਮ ਚਰੁੰਡ ਜ਼ਿਲਾ ਗੁਜਰਾਤ ਵਿਚ ਸੰਮਤ ੧੯੧੬ ਨੂੰ ਹੋਇਆ। ੧੯ ਸਾਲ ਦੀ ਉਮਰ ਵਿਚ ਆਪਣੇ ਸੰਤਾਂ ਪਾਸ ਆਏ। ਕਈ ਵਰ੍ਹੇ ਸੇਵਾ ਕਰਦੇ ਪੜ੍ਹਦੇ ਰਹੇ। ਸੰਮਤ ੧੯੩੬ ਵਿਚ ਹਰੀਦੁਆਰ ਕੁੰਭ ਦੀ ਯਾਤਰਾ ਕਰਦੇ ਬਨਾਰਸ ਸ਼੍ਰੀ ਮਹਾਰਾਜ ਜੈ ਰਾਮ ਸਿੰਘ ਜੀ ਦੀ ਸੰਗਤ ਵਿਚ

ਜਾ ਪਹੁੰਚੇ। ਆਪ ਦੀ ਰਹਿਣੀ ਬਹਿਣੀ ਪੂਰੇ ਸੰਤਾਂ ਵਾਲੀ ਵੇਖ ਕੇ ਅਗੋਂ ਸੰਤ ਜੀ ਮਹਾਰਾਜ ਵਡੇ ਪ੍ਰਸੰਨ ਹੋਇ। ਸੰਗਤ ਦਾ ਸਾਰਾ ਕਾਰੋਬਾਰ ਆਪਦੇ ਸਪੁਰਦ ਕਰ ਦਿਤਾ। ਸੰਮਤ ੧੯੩੯ ਵਿਚ ਮਹਾਰਾਜ ਜੈ ਰਾਮ ਸਿੰਘ ਜੀ ਪ੍ਰਲੋਕ ਗਮਨ ਹੋ ਗਏ। ਪਿਛੋਂ ਆਪ ਨੇ ਮਕਾਨ ਦੀ ਬੜੀ ਤਰੱਕੀ ਕੀਤੀ। ਆਪਦਾ ਸੁਭਾ ਆਏ ਗਏ ਸਾਧੂ ਨਾਲ ਪਿਆਰ ਕਰਨ ਵਾਲਾ ਸੀ ਜਿਸ ਕਰ ਕੇ ਸਾਧੂ ਸੰਤ ਤੇ ਯਾਤਰੂ ਅਨੇਕਾਂ ਆਏ ਗਏ ਰਹਿੰਦੇ ਸਨ। ਕਈ ਸਾਧੂ ਵਿਦਿਆਰਥੀ ਆਪ ਦੇ ਪਾਸ ਰਹਿਕੇ ਵਿਦਵਾਨ ਹੋਏ। ਆਪ ਦੇ ਵਿਚ ਗੁਸੇ ਦਾ ਨਾਮ ਨਿਸ਼ਾਨ ਨਹੀਂ ਸੀ। ਬਸ ਖਿਮਾ ਦੀ ਮੂਰਤੀ ਸਨ। ਦਰਸ਼ਨ ਕਰਦਿਆਂ ਚਿਤ ਪ੍ਰਸੰਨ ਹੁੰਦਾ ਸੀ।

ਇਸ ਤਰ੍ਹਾਂ ੪੮ ਸਾਲ ਮਹੰਤੀ ਕਰਕੇ ਸੰਮਤ ੧੯੮੦ ਵਿਚ ਆਪਣੇ ਸ਼ਿਸ਼ ਸੰਤ ਗੋਪਾਲ ਸਿੰਘ ਜੀ ਨੂੰ ਮਹੰਤੀ ਦੇ ਕੇ ਗੁਰ ਪੁਰੀ ਸਿਧਾਰ ਗਏ।

## ਮਹੰਤ ਗੋਪਾਲ ਸਿੰਘ ਜੀ ਕਾਂਸ਼ੀ

ਆਪ ਦਾ ਜਨਮ ਢੁਡਿਆਲ ਜ਼ਿਲਾ ਜੇਹਲਮ ਵਿਚ ਸੰਮਤ ੧੯੨੯ ਸਾਵਣ ਦੀ ਅਮਾਵਸ ਵਾਲੇ ਦਿਨ ਹੋਇਆ। ਪਿਸ਼ੌਰ ਜਾਂਦਿਆਂ ਹੋਤੀ ਵਾਲੇ ਸੰਤਾਂ ਦੇ ਜਾ ਦਰਸ਼ਨ ਕੀਤੇ। ਸੰਮਤ ੧੯੫੦ ਦੇ ਕੁੰਭ ਉਤੇ ਪ੍ਰਯਾਗ ਰਾਜ ਸਾਧੂਆਂ ਨਾਲ ਗਏ। ਕੁੰਭ ਵੇਖ ਕੇ ਕਾਂਸ਼ੀ ਮਹੰਤ ਰਘਬੀਰ ਸਿੰਘ ਜੀ ਦਿਆਂ ਚਰਨਾਂ ਵਿਚ ਪਹੁੰਚੇ। ਸਰੀਰ ਉਦਮੀ ਸੀ ਸੇਵਾ ਕਰਨ ਲਗ ਪਏ। ਸੰਸਕ੍ਰਿਤ ਪੁਸਤਕ ਪੜ੍ਹਕੇ ਵਿਦਵਾਨ ਹੋ ਗਏ। ਆਖਰ

ਕਈ ਸਾਲ ਇਕ ਰਸ ਸੰਗਤ ਦੀ ਸੇਵਾ ਕੀਤੀ। ਜਿਸ ਕਰਕੇ ਮਹੰਤ ਰਘੁਬੀਰ ਸਿੰਘ ਜੀ ਨੇ ਸੰਮਤ ੧੯੯੦ ਵਿਚ ਪ੍ਰਸੰਨਤਾ ਨਾਲ ਆਪਨੂੰ ਪੱਗ ਦੇ ਦਿਤੀ।

ਪੁਰਾਤਨ ਰੀਤੀ ਅਨੁਸਾਰ ਡੇਰੇ ਦੀ ਸਿਖੀ ਵਲ ਬੰਗਾਲ ਦੌਰਾ ਕਰਨ ਜਾਂਦੇ ਸਨ। ਵਿਦਿਆਰਥੀ ਪੜ੍ਹਦੇ ਸਨ। ਸੁਭਾ ਦੇ ਅਤੀ ਤੇਜਸਵੀ ਸਨ। ਪਹਿਲੀ ਤਰ੍ਹਾਂ ਪੰਡਿਤ ਤੇਵਾੜੀ ਜੀ, ਸੰਗਤ ਵਿਚ ਪੜ੍ਹਾਉਂਦੇ ਰਹੇ। ਸਾਧੂ ਬ੍ਰਾਹਮਨ ਪੜ੍ਹਦੇ। ਮਹੰਤ ਜੀ ਦਾ ਸੁਭਾਵ ਖਾਣ ਪਿਲਾਣ ਦਾ ਸੀ। ਆਖਰ ਸੰਤ ਗੁਰਬਖਸ਼ ਸਿੰਘ ਜੀ ਨੂੰ ਗੱਦੀ ਦੇ ਕੇ ਪ੍ਰਲੋਕ ਸਿਧਾਰੇ। ਇਨ੍ਹਾਂ ਦੇ ਪਿਛੋਂ ਮਹੰਤ ਗੁਰਬਖਸ਼ ਸਿੰਘ ਜੀ ਅਸਥਾਨਾ ਪਤੀ ਹੋਏ ਜਿਨ੍ਹਾਂ ਦਾ ਵਿਸਤਾਰ ਪੂਰਵਕ ਜੀਵਨ ਅਤੇ ਰਾਮਤੀਰਥੀਆਂ ਦੀ ਸੰਪ੍ਰਦਾਯ ਵਿਚ ਦਿਤਾ ਗਿਆ ਹੈ। ਇਨ੍ਹਾਂ ਨੇ ਅੰਤ ਸਮੇਂ ਸ਼ਾਸਤ੍ਰੀ ਪੰਡਿਤ ਗੁਰਦੀਪ ਸਿੰਘ ਜੀ ਨੂੰ ਮਹੰਤੀ ਦਿਤੀ ਇਨ੍ਹਾਂ ਦਾ ਵਿਸ਼ੇਸ਼ ਜੀਵਨ, ਸੰਪ੍ਰਦਾਯ ਖੰਡੂਰੀਆਂ, ਵਿਚ ਲਿਖਿਆ ਗਿਆ ਹੈ।

# ਸੰਪ੍ਰਦਾਇ ਰਾਮਤੀਰਥੀਆਂ

ਸਾਹਿਬ ਸ਼੍ਰੀ ਦਸ਼ਮੇਸ਼ ਗੁਰੂ ਜੀ ਤੋਂ ਭਾਈ ਦਇਆ ਸਿੰਘ ਜੀ ਨੇ ਅੰਮ੍ਰਿਤ ਛਕਿਆ, ਜਿਨ੍ਹਾਂ ਦਾ ਜੀਵਨ 'ਨਿਰਮਲ ਪੰਥ ਦਰਸ਼ਨ' ਦੇ ਪਹਿਲੇ ਹਿਸੇ ਵਿਚ ੧੩੭ ਅੰਗ ਪੁਰ ਆ ਚੁਕਾ ਹੈ। ਇਨ੍ਹਾਂ ਪਾਸੋਂ ਮਹਾਰਾਜ ਦੀਪ ਸਿੰਘ ਜੀ ਨੇ ਅੰਮ੍ਰਿਤ ਪਾਨ ਕੀਤਾ। ਮਹਾਰਾਜ ਦੀਪ ਸਿੰਘ ਜੀ ਪਾਸੋਂ ਸੋਢੀ ਸੋਭਾ ਸਿੰਘ ਜੀ ਨੇ ਸਿਖਿਆ ਧਾਰਨ ਕੀਤੀ। ਜਿਨ੍ਹਾਂ ਦਾ ਜੀਵਨ ਪਹਿਲੀ ਜਿਲਦ ਦੇ ੧੪੩ ਅੰਗ ਉਤੇ ਹੈ।

ਸੋਢੀ ਸਾਹਿਬ ਪਾਸੋਂ ਸ਼੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਅੰਮ੍ਰਿਤ ਛਕਿਆ।

## ਸ਼੍ਰੀ ਮਾਨ ਬਾਬਾ ਸਾਹਿਬ ਸਿੰਘ ਜੀ ਬੇਦੀ

### ਊਨਾ ਸਾਹਿਬ

ਆਪ ਦਾ ਜੀਵਨ ਨਿਰਮਲ ਪੰਥ ਦੇ ਦੂਜੇ ਹਿਸੇ ਵਿਚ ੨੪੪ ਅੰਗ ਉਤੇ ਵਿਸਤਾਰ ਨਾਲ ਲਿਖਿਆ ਜਾ ਚੁਕਾ ਹੈ। ਆਪ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਵੰਸ਼ ਵਿਚੋਂ ਹੋਣ ਕਰਕੇ ਬੜੇ ਪ੍ਰਤਾਪੀ ਪ੍ਰਸਿੱਧ ਹੋਇ ਹਨ। ਸਿਖੀ ਵਿਚ ਦੌਰਾ ਕਰਨ ਜਾਂਦਿਆਂ ਮਹਾਰਾਜ ਸੰਤ ਲੱਖਾ ਸਿੰਘ ਜੀ ਸੰਤ ਦੀਵਾਨ ਸਿੰਘ ਜੀ ਆਦਕ ਬੜੇ ਬੜੇ ਮਹ ਪੁਰਸ਼ ਆਪਦੇ ਨਾਲ ਰਿਹਾ ਕਰਦੇ

ਸਨ। ਜਿਥੇ ਕਿਥੇ ਧਰਮ ਪ੍ਰਚਾਰ ਤੇ ਸਿਖੀ ਮ੍ਰਿਯਾਦਾ ਕਾਇਮ ਕਰਨ ਵਿਚ ਹਿਸਾ ਲੈਂਦੇ ਰਹਿੰਦੇ ਸਨ।

## ਮਹਾਰਾਜ ਦੀਵਾਨ ਸਿੰਘ ਜੀ

ਆਪ ਇਕ ਉਚ ਕੋਟੀ ਦੇ ਮਹਾਂ ਪੁਰਸ਼ ਹੋ ਗੁਜ਼ਰੇ ਹਨ। ਅਨੇਕਾਂ ਸਾਧੂ ਨਾਲ ਰਹਿੰਦੇ ਜਿਹੜੇ ਗੁਰੂ ਸਿਧਾਂਤ ਦਾ ਪ੍ਰਚਾਰ ਕਰਦੇ। ਤੀਰਥ ਕਰਨ ਦਾ ਹਮੇਸ਼ਾ ਉਤਸ਼ਾਹ ਬਣਿਆ ਰਹਿੰਦਾ। ਮਹਾਰਾਜ ਗੁਲਾਬ ਸਿੰਘ ਜੀ ਆਪ ਦੇ ਮੁਖੀਆਂ ਸ਼ਿਸ਼ਾਂ ਵਿਚੋਂ ਸਨ। ਮਹਾਰਾਜ ਦੀਵਾਨ ਸਿੰਘ ਜੀ ਪਹਿਲਾਂ ਰਾਮਤੀਰਥੀ ਰਹਿੰਦੇ ਸਨ ਜਿਸ ਕਰ ਕੇ ਅਗੇ ਆਪ ਦੀ ਸੰਪ੍ਰਦਾਯ ਵੀ ਰਾਮਤੀਰਥੀਆਂ ਦੇ ਨਾਮ ਤੇ ਪ੍ਰਸਿਧ ਹੋਈ।

## ਡੇਰਾ ਡਫਰ ਵਾਲ

## ਸ੍ਰੀ ਸੰਤ ਗੁਲਾਬ ਸਿੰਘ ਜੀ

ਚੇਲੇ ਸ੍ਰੀ ਸੰਤ ਦੀਵਾਨ ਸਿੰਘ ਜੀ (ਖਿਆਲੀ) ਸਿਖ ਰਾਜ ਚੜ੍ਹਦੀਆਂ ਕਲਾਂ ਵਿਚ ਸੀ। ਜਦ ਕਿ ਆਪ ਸ੍ਰੀ ਸੰਤ ਦੀਵਾਨ ਸਿੰਘ ਜੀ ਨੂੰ ਡਫਰ ਵਾਲ ਦੇ ਪਾਸ ਰਾਮ ਤੀਰਥ ਪੁਰ ਮਿਲੇ। ਇਸ ਅਸਥਾਨ ਤੇ ਸੀਤਾ ਰਾਮ ਅਤੇ ਲਛਮਨ ਦੀ ਯਾਦ ਵਿਚ ਮੰਦਰ ਬਣੇ ਹੋਏ ਹਨ। ਬੜਾ ਸੁਹਾਵਣਾ ਅਸਥਾਨ ਜਾਣ ਕੇ ਕਈ ਸੰਤ ਮਹਾਤਮਾ ਆਏ ਗਏ ਰਹਿੰਦੇ ਸਨ। ਆਪ

ਵੀ ਪਹਿਲਾਂ ਸ੍ਰੀ ਸੰਤ ਦੀਵਾਨ ਸਿੰਘ ਜੀ ਨੂੰ ਇਥੇ ਹੀ ਆ ਮਿਲੇ ਕਈ ਦਿਨ ਸੰਗਤ ਕਰਦੇ ਉਪਦੇਸ਼ ਸੁਣਦੇ ਰਹੇ। ਸ਼ਿਸ਼ ਭਾਵ ਗ੍ਰਹਿਣ ਕੀਤਾ। ਸੇਵਾ ਅਤੇ ਨਾਮ ਸਿਮਰਨ ਦੀ ਰੰਗਤ ਵਿਚ ਅਜਿਹੇ ਰੰਗੇ ਗਏ ਜੋ ਇਰਦ ਗਿਰਦ ਦੇ ਇਲਾਕੇ ਵਿਚ ਚੰਗੇ ਕਰਨੀ ਵਾਲੇ ਮਹਾਤਮਾ ਪ੍ਰਸਿਧ ਹੋਏ। ਸੰਤਾਂ ਪਿਛੋਂ ਆਪ ਦਾ ਬੜਾ ਪ੍ਰਤਾਪ ਵਧਿਆ। ਆਪ ਪਹਿਲਾਂ ਗ੍ਰਿਹਸਥੀ ਸਨ ਜਿਸ ਕਰਕੇ ਆਪ ਦਾ ਘਰ ਇਕ ਡੇਰੇ ਦੀ ਸ਼ਕਲ ਵਿਚ ਹੋ ਗਿਆ। ਲੰਗਰ ਜਾਰੀ ਹੋ ਗਿਆ। ਸਤਿਸੰਗ ਦਾ ਪ੍ਰਵਾਹ ਚਲ ਪਿਆ। ਡੇਰੇ ਵਿਚ ਦੁਧ ਲਈ ਕਈ ਗਊਆਂ ਮਹੀਆਂ ਰਖ ਲੀਤੀਆਂ।

ਇਕ ਦਿਨ ਖੁਡੇ ਨਿਵਾਸੀ ਸਰਦਾਰ ਜੈਮਲ ਸਿੰਘ ਜੀ ਨੇ ਤਰਕ ਮਾਰੀ ਕਿ ਮਹਾਰਾਜ ਹੁਣ ਅਸਾਡੇ ਤੇ ਤੁਹਾਡੇ ਵਿਚ ਕਾਹਦਾ ਫਰਕ ਰਹਿ ਗਿਆ ਹੈ ਜਿਸ ਤਰ੍ਹਾਂ ਅਸੀਂ ਘਰਾਂ ਵਿਚ ਮੋਹ ਜਾਲ ਦੇ ਵਸ ਰਹਿੰਦੇ ਹਾਂ, ਉਸੀ ਤਰ੍ਹਾਂ ਆਪ ਵੀ ਗਊਆਂ ਮਹੀਆਂ ਦੇ ਜਾਲ ਵਿਚ ਫਸੇ ਬੈਠੇ ਹੋ। ਆਪ ਨੇ ਕਿਹਾ ਕਿ ਭਾਈ ਬੜਾ ਫਰਕ ਹੈ। ਅਗੋਂ ਸਰਦਾਰ ਨੇ ਆਖਿਆ ਕਿ ਮੈਨੂੰ ਤਾਂ ਕੋਈ ਫਰਕ ਨਹੀਂ ਦਿਸਦਾ। ਸੰਤਾਂ ਆਖਿਆ ਕਿ ਅੱਛਾ ਭਾਈ ਤੂੰ ਜ਼ਰੂਰ ਫਰਕ ਵੇਖਣਾ ਏਂ ਤਾਂ ਵੇਖ ਲੈ। ਉਸੇ ਵੇਲੇ ਸੰਤ ਡੇਰਿਓਂ ਬਾਹਰ ਆ ਗਏ ਤੇ ਤੂੰਬੀ ਫੜਕੇ ਹਰੀਦੁਆਰ ਵਲ ਚਾਲੇ ਪਾ ਦਿਤੇ। ਸਿਖਾਂ ਸੇਵਕਾਂ ਬਥੇਰਾ ਮੋੜਿਆ, ਨਾ ਮੁੜੇ। ਸਣੇ ਸਿਖਾਂ ਦੇ ਸਰਦਾਰ ਜੈਮਲ ਸਿੰਘ ਨੇ ਖਿਮਾ ਮੰਗੀ ਪਰ ਮੁੜਨ ਨੂੰ ਜੀਅ ਨਾ ਕੀਤਾ। ਸੰਤਾਂ ਦੇ ਤਿਆਗ ਦਾ ਅਸਰ ਸਰਦਾਰ ਦੇ ਦਿਲ ਵਿਚ ਅਜਿਹਾ ਬੈਠਾ ਜੋ ਸਾਰੀ ਉਮਰ ਲਈ

ਸੇਵਕ ਹੋ ਗਿਆ।

ਕੁਝ ਚਿਰ ਮਗਰੋਂ ਕਈ ਸਰੀਰ ਮਿਲ ਕੇ ਆਪ ਨੂੰ ਹਰੀਦੁਆਰੋਂ ਲੈਣ ਗਏ, ਹਥ ਪੈਰ ਜੋੜੇ, ਡੰਡੌਤਾਂ ਕੀਤੀਆਂ। ਓੜਕ ਸੇਵਕਾਂ ਦੀ ਅਰਜੋਈ ਮੰਨਦੇ ਹੋਏ ਦੇਸ਼ ਵਿਚ ਆ ਗਏ, ਪਰ ਰਾਮਤੀਰਥੀ ਨਾ ਗਏ, ਸਿਧੇ ਪੀਰ ਦੀ ਸੈਨ ਪੁਰਾਣੀ ਨਹਿਰ ਦੇ ਕਿਨਾਰੇ ਆ ਬੈਠੇ, ਜੰਗਲ ਵਿਚ ਮੰਗਲ ਬਣ ਗਿਆ ਸਿਖਾਂ ਸੇਵਕਾਂ ਦੀ ਆਵਾਜਾਈ ਸ਼ੁਰੂ ਹੋ ਗਈ। ਡੇਰਾ ਬਣ ਗਿਆ। ਸੰਤ ਸਮਾਗਮ ਹੋਣ ਲਗ ਪਏ। ਆਪ ਦੇ ਗ੍ਰਿਹਸਥੀ ਸੇਵਕ ਤੇ ਸੰਤ ਅਮੀਰ ਸਿੰਘ ਜੀ, ਸੰਤ ਗੁਲਾਬ ਸਿੰਘ ਜੀ, ਸੰਤ ਨਿਹਾਲ ਸਿੰਘ ਜੀ, ਸੰਤ ਹੀਰਾ ਸਿੰਘ ਜੀ, ਸੰਤ ਜਵਾਹਰ ਸਿੰਘ ਜੀ, ਸੰਤ ਦਲ ਸਿੰਘ ਜੀ ਬਰਸਾਨੇ ਵਾਲੇ, ਸੰਤ ਬੋਧ ਸਿੰਘ ਜੀ ਕਾਂਸ਼ੀ ਆਦਕ ਸ਼ਿਸ਼ ਹੋਏ ਪਰ ਅੰਤ ਵੇਲੇ ਅਸਥਾਨ ਦੀ ਸੇਵਾ ਆਪਣੇ ਸ਼ਿਸ਼ ਸੰਤ ਗੁਲਾਬ ਸਿੰਘ ਜੀ ਨੂੰ ਬਖਸ਼ਕੇ ਆਪ ੧੯੦੫ ਸੰਮਤ ਦੇ ਲਾਗੇ ਚਾਗੇ ਸਰੀਰ ਤਿਆਗ ਗਏ। ਆਪ ਦੀ ਸਮਾਧ ਇਸ ਵੇਲੇ ਡੇਰੇ ਵਿਖੇ ਮੌਜੂਦ ਹੈ।

## ਮਹੰਤ ਗੁਲਾਬ ਸਿੰਘ ਜੀ

ਆਪ ਦਾ ਜਨਮ ਫਤਹ ਨੰਗਲ ਦਾ ਸੀ। ਪੀਰਦੀ ਸੈਨ ਹੀ ਸੰਤਾਂ ਦੀ ਸੰਗਤ ਵਿਚ ਆਏ। ਕਈ ਵਰ੍ਹੇ ਸੇਵਾ ਕਰਦੇ ਰਹੇ। ਸੰਤਾਂ ਦੇ ਗੁਜ਼ਰ ਜਾਣ ਪਿਛੋਂ ਉਨ੍ਹਾਂ ਦੀ ਸਮਾਧ ਬਣਾਈ ਜਿਸ ਦੀ ਪੂਜਾ ਪ੍ਰਤਿਸ਼ਟਾ ਲਈ ਹਰ ਤਰ੍ਹਾਂ ਪ੍ਰੇਮ ਭਾਵ ਪ੍ਰਗਟ ਕਰਦੇ ਰਹੇ। ਚੰਗੇ ਉਘੇ ਪ੍ਰਤਾਪੀ ਪ੍ਰਸਿਧ ਹੋਇ। ਆਪ ਦੇ

ਸ਼ਿਸ਼ ਸੰਤ ਬਹਾਦਰ ਸਿੰਘ ਜੀ ਸੰਤ ਲਾਭ ਸਿੰਘ ਜੀ ਹੋਇ। ਸੰਤ ਬਹਾਦਰ ਸਿੰਘ ਜੀ ਨੂੰ ਮਹੰਤੀ ਦੇ ਕੇ ਪ੍ਰਲੋਕ ਗਮਨ ਹੋਇ।

## ਮਹੰਤ ਬਹਾਦਰ ਸਿੰਘ ਜੀ

(ਡੇਰਾ ਪੀਰਦੀ ਸੈਨ, ਗੁਰਦਾਸ ਪੁਰ)

ਆਪ ਦਾ ਜਨਮ ਲੇਲ੍ਹ ਜ਼ਿਲਾ ਗੁਰਦਾਸ ਪੁਰ ਵਿਚ ਹੋਇਆ, ਇਨ੍ਹਾਂ ਨੂੰ ਸੰਪ੍ਰਦਾਈ ਮਹੰਤ ਵਰਿਆਮ ਸਿੰਘ ਜੀ ਮਹੰਤ ਨਿਹਾਲ ਸਿੰਘ ਜੀ ਨੇ ਸੰਮਤ ੧੯੬੦ ਦੇ ਕਰੀਬ ਪਗ ਦਿਤੀ। ਡੇਰਾ ਜਾਗੀਰਦਾਰ ਹੈ। ਸਣੇ ਬਾਗ ਅੱਠ ਘੁਮਾ ਜ਼ਮੀਨ ਨਾਲ ਹੈ। ਜੋ ਸ੍ਰੀ ਮਹਾਰਾਜ ਗੁਲਾਬ ਸਿੰਘ ਜੀ ਰਾਮ ਤੀਰਥੀਆਂ ਨੇ ਪੈਦਾ ਕੀਤੀ ਸੀ। ਸੰਤ ਬਹਾਦਰ ਸਿੰਘ ਜੀ ਸ਼ਾਦੀ ਸ਼ੁਦਾ ਹਨ। ਆਪ ਦਾ ਇਕ ਸੁਪੁਤ੍ਰ ਹੈ। ਮਹੰਤ ਜੀ ਲੇਲ੍ਹੀ ਪਿੰਡ ਰਹਿੰਦੇ ਹਨ।

## ਮਹੰਤ ਅਮੀਰ ਸਿੰਘ ਜੀ ਮਰੂੜ

ਚੇਲੇ ਸ੍ਰੀ ਸੰਤ ਗੁਲਾਬ ਸਿੰਘ ਜੀ। ਆਪ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿਚ ਭਰਤੀ ਰਹੇ ਹਨ। ਜਦ ਅੰਗ੍ਰੇਜ਼ਾਂ ਦਾ ਸਿਖਾਂ ਨਾਲ ਟਾਕਰਾ ਹੋਇਆ ਓਦੋਂ ਆਪ ਵੀ ਸ਼ਾਮਲ ਸਨ। ਇਥੋਂ ਹੀ ਉਦਾਸ ਹੋ ਕੇ ਆਪ ਸਿਧੇ ਡਫਰਵਾਲ ਸੰਤਾਂ ਪਾਸ ਆਏ। ਅਜਿਹੀ ਰੰਗਣ ਵਿਚ ਰੰਗੇ ਗਏ, ਮੁੜ ਘਰ ਨਹੀਂ ਗਏ। ਆਪ ਚੰਗੇ ਉਦਾਰ ਆਤਮਾ ਮਹਾਂ ਪੁਰਸ਼ਾਂ ਵਿਚੋਂ ਗਿਣੇ ਗਏ ਹਨ। ਆਪ ਦੇ ਸ਼ਿਸ਼ ਮਹੰਤ ਵਰਿਆਮ ਸਿੰਘ ਜੀ

ਮੁਖੀਏ ਮਹੰਤ, ਸੰਤ ਆਤਮਾ ਸਿੰਘ ਜੀ, ਸੰਤ ਵਸਾਵਾ ਸਿੰਘ ਜੀ, ਸੰਤ ਭਗਵਾਨ ਸਿੰਘ ਜੀ ਆਦ ਕਈ ਹੋਇ ਹਨ। ਜਿਨ੍ਹਾਂ ਵਿਚੋਂ ਸੰਤ ਵਰਜਾਮ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸੰਮਤ ੧੯੪੯ ਵਿਚ ਪ੍ਰਲੋਕ ਗਮਨ ਹੋਇ।

## ਮਹੰਤ ਵਰਿਆਮ ਸਿੰਘ ਜੀ

ਆਪ ਦਾ ਜਨਮ ਪਿੰਡ ਸਲੋਪੁਰਾ ਇਲਾਕਾ ਕਾਹਨੂਵਾਨ ਜ਼ਿਲਾ ਗੁਰਦਾਸ ਪੁਰ ਵਿਚ ਸੰਮਤ ੧੮੯੬ ਨੂੰ ਹੋਇਆ। ੧੪ ਸਾਲ ਦੀ ਆਯੂ ਵਿਚ ਸਾਧੂ ਹੋਇ। ਸੰਮਤ ੧੯੧੯ ਵਿਚ ਨਿਰਮਲ ਅਖਾੜਾ ਬਝਣ ਵੇਲੇ ਆਪ ਮੁਖੀਏ ਮਹੰਤ ਸਨ। ਧੰਨੀ ਪੋਠੋਹਾਰ ਤੇ ਸਿੰਧ ਦੀ ਰਮਤ ਕੀਤੀ, ਦਖਨ ਹੈਦਰਾ ਬਾਦ ਦੇ ਚੁਮਾਸੇ ਵੇਲੇ ਆਪ ਨਾਲ ਸਨ, ਅਤੇ ਸ੍ਰੀ ਹਜ਼ੂਰ ਸਾਹਿਬ ਦੀ ਲੜਾਈ ਵੇਲੇ ਸ਼ਾਮਲ ਸਨ। ਇਲਾਹਾਬਾਦ ਪੀਲੀ ਕੋਠੀ ਤੇ ਉਸਦੀ ਡੇਉੜੀ ਆਪ ਨੇ ਬਣਾਈ। ਅਖਾੜੇ ਦੀਆਂ ਕਈ ਜਾਇਦਾਦਾਂ ਆਪ ਦੇ ਹੁੰਦਿਆਂ ਖਰੀਦੀਆਂ ਗਈਆਂ।

ਆਪ ਦੇ ਸੰਪ੍ਰਦਾਈ ਸੁਣਾਉਂਦੇ ਹਨ ਕਿ ਪਹਿਲਾਂ ਆਪ ਪੈਸੇ ਨੂੰ ਹੱਥ ਨਹੀਂ ਸੀ ਲਾਇਆ ਕਰਦੇ, ਸ੍ਰੀ ਮਹੰਤ ਸਾਹਿਬ ਕੁਬੇਰੀਆਂ ਨੇ ਇਸ ਪਾਸੇ ਲਾਇਆ ਤੇ ਅਖਾੜੇ ਦੀ ਸੇਵਾ ਵਿਚ ਜੋੜਿਆ। ਇਸ ਯਾਦ ਵਿਚ ਦੋ ਦੇਗਾਂ ਅਤੇ ੬ ਦਰਾਂ ਵਾਲੀ ਚਾਂਦੀ ਦੀ ਪਾਲਕੀ ਕੁੰਭ ਮੇਲਿਆਂ ਲਈ ਬਣਾਈ ਗਈ।

ਆਪ ਦੇ ਚੇਲੇ ਸੰਤ ਨਿਹਾਲ ਸਿੰਘ ਜੀ ਸੰਤ ਵਸਾਵਾ ਸਿੰਘ ਜੀ, ਸੰਤ ਆਤਮਾ ਸਿੰਘ ਜੀ, ਸੰਤ ਜਵਾਲਾ ਸਿੰਘ ਜੀ,

ਸੰਤ ਵੀਰ ਸਿੰਘ ਜੀ, ਸੰਤ ਗੰਗਾ ਸਿੰਘ ਜੀ, ਸੰਤ ਭਗਵਾਨ ਸਿੰਘ ਜੀ,ਸੰਤ ਕਲਿਆਨ ਸਿੰਘ ਜੀ ਆਦ ਹੋਏ। ਜਿਨ੍ਹਾਂ ਵਿਚੋਂ ਸੰਤ ਨਿਹਾਲ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸੰਮਤ ੧੯੬੪ ਭਾਦ੍ਰੋਂ ੨੬ ਪਿੰਡ ਡਫਰਵਾਲ ਜ਼ਿਲਾ ਗੁਰਦਾਸ ਪੁਰ ਸਰੀਰ ਤਿਆਗ ਗਏ। ਆਪ ਦੀ ਸਮਾਧ ਡੇਰੇ ਵਿਚ ਬਣੀ ਹੋਈ ਹੈ।

## ਮਹੰਤ ਨਿਹਾਲ ਸਿੰਘ ਜੀ

ਆਪ ਦਾ ਜਨਮ ਪਿੰਡ ਲਾਬੜਾ ਜ਼ਿਲਾ ਹੁਸ਼ਿਆਰ ਪੁਰ ਸੰਮਤ ੧੯੧੪ ਵਿਚ ਹੋਇਆ। ਸੰਮਤ ੧੯੨੯ ਵਿਚ ਮਰੂੜ ਜ਼ਿਲਾ ਗੁਰਦਾਸ ਪੁਰ ਵਿਚ ਸੰਤਾਂ ਦੀ ਸ਼ਰਨ ਗਏ। ਸਾਧੂ ਭਾਵ ਗ੍ਰਹਿਨ ਕਰ ਕੇ ਸੇਵਾ ਕਰਦੇ ਰਹੇ। ਮਹੰਤ ਵਰਿਆਮ ਸਿੰਘ ਜੀ ਨਾਲ ਅਖਾੜੇ ਦੀ ਰਮਤ ਵੇਲੇ ਭੀ ਰਹਿੰਦੇ ਰਹੇ। ਸ੍ਰੀ ਹਜ਼ੂਰ ਸਾਹਿਬ ਸਿਖਾਂ ਨਾਲ ਹੋਈ ਲੜਾਈ ਵੇਲੇ ਤੇ ਤ੍ਰਿੰਬਕ ਵਿਚ ਪੰਡਿਆਂ ਨਾਲ ਹੋਈ ਗੜ ਬੜ ਵੇਲੇ ਨਾਲ ਸ਼ਾਮਲ ਸਨ। ਫਰਖਾ ਬਾਦ ਪੂਰਬ ਵਿਚ ੧੪ ਮਹੀਨੇ ਫਲਾਹਰੀ ਰਹੇ। ਅਖਾੜੇ ਵਿਚੋਂ ਆ ਕੇ ਜਦ ਮਜੀਠੇ ਵਾਲੀ ਧਰਮਸਾਲਾ ਦੇ ਚੁਬਾਰੇ ਵਿਚ ਰਹੇ, ਤਾਂ ੪੨ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੀਤੇ। ਜਿਤਨਾ ਚਿਰ ਪਾਠ ਕਰਦੇ ਰਹੇ ਕਿਸੇ ਦੇ ਨਾਲ ਬੋਲੇ ਨਹੀਂ, ਮੋਨਧਾਰੀ ਰਹੇ।

ਆਪ ਦੇ ਚੇਲੇ ਸੰਤ ਟਹਿਲ ਸਿੰਘ ਜੀ, ਸੰਤ ਸੇਵਾ ਸਿੰਘ ਜੀ ਮਰੂੜ ਵਾਲੇ ਹੋਏ। ਮਹੰਤ ਨਿਹਾਲ ਸਿੰਘ ਜੀ ਸੰਮਤ ੧੯੭੩ ਅਸੂ ਵਿਚ ਡਫਰਵਾਲ ਹੀ ਸਮਾਏ। ਸਮਾਧ

ਬਣੀ ਹੋਈ ਹੈ।

## ਮਹੰਤ ਟਹਿਲ ਸਿੰਘ ਜੀ

ਆਪ ਦਾ ਜਨਮ ਸੁਜੋ ਜ਼ਿਲਾ ਜਲੰਧਰ ਦਾ ਹੈ। ਸੰਮਤ ੧੯੫੭ ਵਿਚ ਸੰਤਾਂ ਦੀ ਸ਼ਰਨ ਵਿਚ ਆਕੇ ਸਾਧੂ ਹੋਇ। ਆਪ ਸਰੀਰ ਦੇ ਉਦਮੀ ਸਨ, ਪਹਿਲਾਂ ਸੰਤਾਂ ਪਾਸ ਰਹਿ ਕੇ ਸੇਵਾ ਕਰਦੇ ਰਹੇ ਬਾਦ ਚਾਰੇ ਧਾਮਾਂ ਦੀ ਯਾਤ੍ਰਾ ਕੀਤੀ। ਸ੍ਰੈ ਗੁਰਬਾਣੀ ਪ੍ਰਕਾਸ਼ ਆਦਕ ਕਈ ਪੁਸਤਕਾਂ ਲਿਖੀਆਂ। ਸੰਮਤ ੧੯੮੧ ਵਿਚ ਛੇਵੇਂ ਜਥੇ ਦੇ ਹੈਡ ਗ੍ਰੰਥੀ ਬਣ ਕੇ ਜੈਤੋ ਮੋਰਚੇ ਵਿਚ ਗਏ। ੧੪ ਮਹੀਨੇ ਸਜ਼ਾ ਕਟ ਕੇ ਗੁਰਦੁਆਰੇ ਵਿਚ ਅਖੰਡ ਪਾਠ ਕਰਕੇ ਸਣੇ ਸਾਰੇ ਜਥਿਆਂ ਦੇ ਸ੍ਰੀ ਅੰਮ੍ਰਿਤਸਰ ਵਾਪਸ ਆਇ। ਸ਼੍ਰੋਮਣੀ ਕਮੇਟੀ ਤੇ ਨਿਰਮਲ ਮਹਾਂ ਮੰਡਲ ਵਲੋਂ ਮਾਨ ਪੱਤ੍ਰ ਪ੍ਰਾਪਤ ਕੀਤੇ।

ਮਜੀਠੇ ਆਪਣੇ ਅਸਥਾਨ ਆਏ, ਪਰ ਗੁਰਦੁਆਰਾ ਐਕਟ ਦੀ ਸਤ ਦਫਾ ਹੇਠ ਅਕਾਲੀਆਂ ਆਪ ਉਤੇ ਮੁਕੱਦਮਾ ਚਲਾ ਦਿਤਾ। ਆਪ ਦੀ ਪਿਛਲੀ ਸੇਵਾ ਦਾ ਕੁਝ ਲਿਹਾਜ਼ ਨਾ ਰਖਿਆ ਗਿਆ। ਓੜਕ ਏਹ ਅਸਥਾਨ ਛਡ ਕੇ ਆਪ ਡਫਰ ਵਾਲ ਡੇਰੇ ਆ ਗਏ। ਡੇਰੇ ਨੂੰ ਚੰਗੀ ਸ਼ਕਲ ਵਿਚ ਲਿਆਂਦਾ। ਕਈ ਵਰ੍ਹਿਆਂ ਤੋਂ ਆਪ ਇਥੇ ਹੀ ਸਮਾਂ ਬਿਤੀਤ ਕਰਦੇ ਰਹੇ। ਸਰੀਰ ਪ੍ਰਾਧੀਨ ਹੋ ਗਿਆ ਕੁਝ ਚਿਰ ਬਾਅਦ ਗੁਜ਼ਰ ਗਏ। ਆਪ ਦੇ ਚੇਲੇ ਸੰਤ ਧਰਮ ਸਿੰਘ ਜੀ ਜਨਮ ਪਿੰਡ ਸੁਜੋ ਸੰਤ ਨਰੈਣ ਸਿੰਘ ਜੀ ਜਨਮ ਪਿੰਡ ਧਰਮਾ ਬਾਦ ਸੇਵਾ ਕਰਦੇ ਰਹੇ।

**ਸੰਤ ਸੇਵਾ ਸਿੰਘ ਜੀ** ( ਡੇਰਾ ਮਰੂੜ ਜ਼ਿਲਾ ਗੁਰਦਾਸਪੁਰ)

ਏਹ ਡੇਰਾ ਪਹਿਲਾਂ ਸ੍ਰੀ ਸੰਤ ਅਮੀਰ ਸਿੰਘ ਜੀ ਨੇ ਆਬਾਦ ਕੀਤਾ ਤੇ ਆਪ ਇਥੇ ਹੀ ਸਮਾਏ, ਆਪ ਦੀ ਸਮਾਧ ਇਥੇ ਬਣੀ ਹੋਈ ਹੈ। ਮਹੰਤ ਵਰਿਆਮ ਸਿੰਘ ਜੀ ਕੁਝ ਚਿਰ ਮਹੰਤ ਰਹੇ। ਫਿਰ ਡਫਰ ਵਾਲ ਚਲੇ ਗਏ ਜਿਥੇ ਜਾ ਕੇ ਸਮਾ ਗਏ। ਮ: ਨਿਹਾਲ ਸਿੰਘ ਜੀ ਕੁਝ ਅਰਸਾ ਰਹਿ ਕੇ ਅਪਣੇ ਸ਼ਿਸ਼ ਸੰਤ ਸੇਵਾ ਸਿੰਘ ਜੀ ਨੂੰ ਇਥੇ ਛਡ ਕੇ ਡਫਰਵਾਲ ਜਾ ਰਹੇ। ਸੰਤ ਸੇਵਾ ਸਿੰਘ ਜੀ ਦੇ ਪਿਛੋਂ ਸੰਤ ਸੁੰਦਰ ਸਿੰਘ ਜੀ ਮਸਤੂਆਣਿਆਂ ਦੀ ਸੰਪਰਦਾਯ ਦਾ ਸਾਧੂ, ਮਹੰਤ ਟਹਿਲ ਸਿੰਘ ਜੀ ਵਲੋਂ ਬਿਠਾਇਆ ਹੋਇਆ ਹੈ। ਸੰਮਤ ੧੯੮੭ ਵਿਚ ਮਹੰਤ ਟਹਿਲ ਸਿੰਘ ਜੀ ਨੇ ਇਸ ਡੇਰੇ ਨੂੰ ਪੱਕਾ ਕੀਤਾ ਤੇ ਅੱਠ ਪੈਲੀਆਂ ਜ਼ਮੀਨ ਤੇ ਨਾਲ ਖੂਹੀ ਲੁਵਾਈ। ਕਹਿੰਦੇ ਹਨ ਕਿ ਇਸ ਖੂਹੀ ਦੇ ਪਾਣੀ ਨਾਲ ਅਠਰਾਹ ਦਾ ਰੋਗ ਦੂਰ ਹੋ ਜਾਂਦਾ ਹੈ।

**ਸੰਤ ਸੇਵਾ ਸਿੰਘ ਜੀ** ਚੇਲੇ ਮਹੰਤ ਨਿਹਾਲ ਸਿੰਘ ਜੀ ਦਾ ਜਨਮ ਪਿੰਡ ਜੰਡੀਰ ਜ਼ਿਲਾ ਜਲੰਧਰ ਵਿਚ ਸੰਮਤ ੧੯੧੯ ਨੂੰ ਹੋਇਆ। ਆਪ ਦੀ ਉਮਰ ੧੯ ਸਾਲ ਦੀ ਸੀ ਜਦ ਕਿ ਆਪ ਦੇ ਸੰਤ ਧਰਮ ਪ੍ਰਚਾਰ ਕਰਦੇ ਆਪ ਦੇ ਪਿੰਡ ਆਏ। ਆਪ ਦੇ ਦਿਲ ਵਿਚ ਪ੍ਰੇਮ ਜਾਗਿਆ, ਸੇਵਕ ਭਾਵ ਗ੍ਰਹਿਣ ਕਰ ਕੇ ਸਾਧੂ ਹੋ ਗਏ। ਪਹਿਲਾਂ ਲਗਾਤਾਰ ਚਾਰ ਸਾਲ ਨਾਲ ਰਹਿ ਕੇ ਸੇਵਾ ਕਰਦੇ ਰਹੇ। ਫਿਰ ਨਿਰਮਲ ਅਖਾੜੇ ਦੀ ਰਮਤ

ਨਾਲ ਬਹੁਤ ਵਿਰ ਫਿਰਦੇ ਰਹੇ। ਸਮੇਂ ਬਾਅਦ ਸ੍ਰੀ ਮਹੰਤ ਊਧਵ ਸਿੰਘ ਜੀ ਨੇ ਪਟਿਆਲੇ ਵਿਚ ਮੁਕਾਮੀ ਕੁਠਾਰੀ ਬਣਾ ਦਿਤੇ ਜਿਥੇ ਕਾਫੀ ਸਮਾ ਚੰਗਾ ਕੰਮ ਚਲਾਉਂਦੇ ਰਹੇ।

ਮਹੰਤ ਨਿਹਾਲ ਸਿੰਘ ਜੀ ਨੇ ਫਿਰ ਆਪ ਨੂੰ ਮਰੂੜ ਡੇਰੇ ਬੁਲਾ ਲਿਤਾ ਡੇਰੇ ਦਾ ਸਾਰਾ ਕੰਮ ਸੰਭਾਲ ਦਿਤਾ। ਡੇਰਾ ਪੱਕਾ ਕੀਤਾ। ਆਪ ਸੁਭਾ ਦੇ ਨਿਘੇ ਤੇ ਹਸਮੁਖੇ ਸਰੀਰ ਸਨ। ਪਿਛਲੀ ਉਮਰ ਵਿਚ ਆਪ ਹਮੇਸ਼ਾ ਗਰਮੀਆਂ ਨੂੰ ਕਨਖਲ ਗੁਰਦੁਆਰੇ ਜਾ ਕੇ ਪੰਜ ਪੰਜ ਛੇ ਛੇ ਮਹੀਨੇ ਨਿਵਾਸ ਕਰਿਆ ਕਰਦੇ ਸਨ। ਆਪ ਦੇ ਚੇਲੇ ਸੰਤ ਮੇਹਰ ਸਿੰਘ ਜੀ ਸੰਤ ਅਜੈਬ ਸਿੰਘ ਜੀ ਵੈਦ, ਸੰਤ ਹਰਨਾਮ ਸਿੰਘ ਜੀ ਸਨ ਪਰ ਸੰਤ ਅਜੈਬ ਸਿੰਘ ਜੀ ਨੂੰ ਆਪ ਨੇ ਆਪਣਾ ਉਤ੍ਰਾਧਿਕਾਰੀ ਪਹਿਲਾਂ ਹੀ ਥਾਪ ਦਿਤਾ ਸੀ, ਅਖੀਰ ਕਨਖਲ ਗੁਰਦੁਆਰੇ ਹੀ ਪ੍ਰਲੋਕ ਗਮਨ ਹੋਏ।

## **ਮਹੰਤ ਵੀਰ ਸਿੰਘ ਜੀ** ਡੇਰਾ ਮੂਦਲ ਜ਼ਿ: ਅੰਮ੍ਰਿਤਸਰ

ਚੇਲੇ ਮਹੰਤ ਵਰਿਆਮ ਸਿੰਘ ਜੀ, ਆਪ ਦਾ ਜਨਮ ਪਿੰਡ ਲਿਦੜ ਜ਼ਿਲਾ ਅੰਮ੍ਰਿਤਸਰ ਸੰਮਤ ੧੯੦੫ ਵਿਚ ਹੋਇਆ। ੩੦ ਸਾਲ ਦੀ ਉਮਰ ਵਿਚ ਸੰਤ ਬਣੇ, ਚਾਰ ਪੰਜ ਸਾਲ ਪਾਸ ਰਹਿਕੇ ਆਪਣੇ ਮਹੰਤਾਂ ਦੀ ਡੇਰੇ ਸੇਵਾ ਕਰਦੇ ਰਹੇ। ਉਦਾਸੀਨ ਬਿਰਤੀ ਵਿਚ ਸੰਮਤ ੧੯੪੦ ਨੂੰ ਮੂਦਲ ਪਿੰਡ ਵਿਚ ਆਏ। ਨਾਮ ਸਿਮਰਨ ਦਾ ਉਪਦੇਸ਼ ਦੇਂਦੇ ਰਹੇ। ਸਤਿਸੰਗੀ ਪ੍ਰੇਮ ਕਰਨ ਲਗ ਪਏ। ਡੇਰਾ ਕਾਇਮ ਕਰਕੇ ਨਿਤ

ਦਾ ਸਤਿਸੰਗ ਜਾਰੀ ਕਰ ਦਿਤਾ। ਹੌਲੀ ਹੌਲੀ ਡੇਰਾ ਪੱਕਾ ਬਣ ਗਿਆ। ਭਜਨ ਦੇ ਪ੍ਰਤਾਪ ਨਾਲ ਬਾਣੀ ਵਿਚ ਸਤਾ ਆ ਗਈ। ਮੂੰਹੋਂ ਜੋ ਬੋਲਦੇ ਸਚ ਹੋ ਜਾਂਦਾ। ਲੋਕੀ ਅਜ ਤਕ ਆਪ ਦੀਆਂ ਸੁਖਨਾ ਸੁਖਦੇ ਹਨ। ਇਕ ਵੇਰਾਂ ਆਪ ਦੇ ਨਿਕੇ ਭਾਈ ਜਵਾਲਾ ਸਿੰਘ ਜੀ ਮਿਲਣ ਆਏ, ਕੁਝ ਦਿਨਾਂ ਦੇ ਬਾਅਦ ਏਹ ਵੀ ਸੰਤ ਹੋ ਗਏ। ਮਹੰਤ ਵੀਰ ਸਿੰਘ ਜੀ ਸੰਮਤ ੧੯੮੩ ਮਾਘ ੪ ਐਤਵਾਰ ਵਾਲੇ ਦਿਨ ਚੜ੍ਹਾਈ ਕਰ ਗਏ। ਸਤਾਰ੍ਹਵੇਂ ਨੂੰ ਆਪ ਦੇ ਜਨਮ ਭਾਈ ਸੰਤ ਜਵਾਲਾ ਸਿੰਘ ਜੀ ਨੇ ਡੇਢ ਹਜ਼ਾਰ ਤੋਂ ਉਪਰ ਖਰਚ ਕਰਕੇ ਭੰਡਾਰਾ ਕੀਤਾ। ਸਮਾਧ ਬਣਾਈ। ਦੋ ਸਾਲਾਂ ਬਾਅਦ ਇਸੇ ਥਾਂ ਬੜਾ ਸੁੰਦਰ ਕਮਰਾ ਬਣਾ ਦਿਤਾ।

## ਮਹੰਤ ਜਵਾਲਾ ਸਿੰਘ ਜੀ

ਚੇਲੇ ਮਹੰਤ ਵਰਿਆਮ ਸਿੰਘ ਜੀ। ਆਪ ਆਪਣੇ ਭ੍ਰਾਤਾ ਮਹੰਤ ਵੀਰ ਸਿੰਘ ਜੀ ਨਾਲੋਂ ੧੭ ਵਰ੍ਹੇ ਛੋਟੇ ਸਨ। ਜਦ ਅਪਣੇ ਭ੍ਰਾਤਾ ਜੀ ਨੂੰ ਮਿਲਣ ਆਏ। ਓਦੋਂ ਹੀ ਮਹੰਤਾਂ ਦੇ ਚੇਲੇ ਬਣਕੇ ਸਾਧੂ ਬਿਰਤੀ ਵਿਚ ਹੋ ਗਏ। ਕੁਝ ਚਿਰ ਪਾਸ ਰਹਿਕੇ ਸੇਵਾ ਕਰਦੇ ਰਹੇ। ਬਾਅਦ ਮੰਡਲੀਆਂ ਨਾਲ ਯਾਤਰਾ ਕਰਦੇ ਵੇਦਾਂਤ ਭਾਸ਼ਾ ਦੇ ਪੁਸਤਕ ਪੜ੍ਹੇ। ਸੰਮਤ ੧੯੮੩ ਮਾਘ ੨੦ ਨੂੰ ਆਪ ਮਹੰਤ ਹੋਏ। ਆਪ ਵਡੀ ਉਮਰ ਦੇ ਸੁੰਦਰ ਦਰਸ਼ਨੀ ਸਰੀਰ ਸਨ। ਪਿੰਡ ਇਲਾਕੇ ਵਿਚ ਚੰਗਾ ਰਸੂਖ ਪਿਆਰ ਸੀ।

## ਡੇਰਾ ਮਹਿਲੀ ਫਗਵਾੜਾ ਰਿ: ਕਪੂਰਥਲਾ
## ਸੰਤ ਵਸਾਵਾ ਸਿੰਘ ਜੀ

ਚੇਲੇ ਮਹੰਤ ਵਰਿਆਮ ਸਿੰਘ ਜੀ, ਆਪ ਦਾ ਜਨਮ ਪਿੰਡ ਲਧਾਨਾ ਜ਼ਿਲਾ ਜਲੰਧਰ ਵਿਚ ਹੋਇਆ। ਆਪ ਅਖਾੜੇ ਵਿਚ ਹੀ ਮਹੰਤ ਜੀ ਨੂੰ ਮਿਲੇ। ਸੇਵਾ ਕਰਦੇ ਰਹੇ। ਆਪ ਬੜੇ ਉਪਕਾਰੀ ਸਰੀਰ ਹਨ। ਅਖਾੜੇ ਵਿਚੋਂ ਆ ਕੇ ਇਥੇ ਅਸਥਾਨ ਬਣਾਇਆ ਜੋ ਸੰਮਤ ੧੯੯੨-੯੩ ਵਿਚ ਸਾਰਾ ਮੁਕੰਮਲ ਕੀਤਾ। ਇਸ ਵੇਲੇ ਆਏ ਗਏ ਸਾਧੂਆਂ ਦੇ ਆਰਾਮ ਲਈ ਅਨੇਕਾਂ ਕੁਟੀਆਂ ਹਨ। ਜੋ ਆਪ ਨੇ ਪੁਰਸ਼ਾਰਥ ਕਰਕੇ ਤਿਆਰ ਕਰਵਾਈਆਂ ਹਨ।

## ਸੰਤ ਭਗਵਾਨ ਸਿੰਘ ਜੀ

ਨੌਨੇ ਧਰਮਸ ਲ ਜ਼ਿਲਾ ਅੰਮ੍ਰਿਤਸਰ

ਚੇਲੇ ਮਹੰਤ ਵਰਿਆਮ ਸਿੰਘ ਜੀ, ਆਪ ਦਾ ਜਨਮ ਜ਼ਿਲੇ ਅੰਮ੍ਰਿਤਸਰ ਦਾ ਹੈ। ਰੰਮਤ ਅਖਾੜੇ ਵਿਚ ਹੀ ਮਹੰਤ ਜੀ ਦੇ ਦਰਸ਼ਨ ਹੋਏ। ਸੇਵਕ ਬਣੇ। ਇਹ ਅਸਥਾਨ ਆਪ ਨੇ ਹੀ ਆਬਾਦ ਕੀਤਾ। ਚੰਗੇ ਵਿਦ੍ਵਾਨ ਗਿਆਨੀ ਹਨ। ਹਿਕਮਤ ਕਰਦੇ ਹਨ, ਪਿੰਡ ਇਲਾਕੇ ਨਾਲ ਚੰਗਾ ਪਿਆਰ ਹੈ।

## ਸੰਤ ਗੰਗਾ ਸਿੰਘ ਜੀ

ਡੇਰਾ ਘਣੀਏ ਕੇ, ਜ਼ਿਲਾ ਗੁਰਦਾਸਪੁਰ

ਚੇਲੇ ਮਹੰਤ ਵਰਜਾਮ ਸਿੰਘ ਜੀ, ਆਪ ਨੇ ਕਈ ਡੇਰੇ

ਬਣਾਏ ਤੇ ਛਡੇ। ਇਹ ਘਣੀਏ ਵਾਲਾ ਡੇਰਾ ਆਪ ਨੇ ਹੀ ਆਬਾਦ ਕੀਤਾ ਸੀ। ਸੰਮਤ ੧੯੬੭ ਵਿਚ ਆਪਣੇ ਚੇਲੇ ਸੰਤ ਹਰਨਾਮ ਸਿੰਘ ਜੀ ਨੂੰ ਮਹੰਤੀ ਦੇ ਕੇ ਕੁਝ ਦਿਨਾਂ ਮਗਰੋਂ ਦਾਦੂ ਪੁਰੇ ਜ਼ਿਲਾ ਅੰਮ੍ਰਿਤਸਰ ਜਾ ਸਮਾਏ।

## ਸੰਤ ਹਰਨਾਮ ਸਿੰਘ ਜੀ

ਆਪ ਚੰਗੇ ਬੀਤ ਰਾਗ ਵਿਰਕਤ ਸਾਧੂ ਹੋਏ ਹਨ। ਇਸ ਲਈ ਡੇਰੇ ਵਿਚ ਘਟ ਰਹਿੰਦੇ ਸਨ। ਜ਼ਿਆਦਾ ਚਕ੍ਰ-ਵਰਤੀ ਹੋਕੇ ਤੀਰਥ ਯਾਤਰਾ ਕਰਦੇ ਰਹਿੰਦੇ ਸਨ। ਸੰਮਤ ੧੯੮੨ ਵਿਚ ਮਹੰਤ ਟਹਿਲ ਸਿੰਘ ਜੀ ਦੇ ਪਾਸ ਮਜੀਠੇ ਜਾਕੇ ਸਮਾਏ। ਡੇਰਾ ਸਮਾਪਤ ਹੋਇਆ.........

## ਸੰਤ ਕਲਿਆਣ ਸਿੰਘ ਜੀ

ਡੇਰਾ ਪਿੰਡ ਨੰਗਲ ਮਜੀਠਾ ਜ਼ਿਲਾ ਅੰਮ੍ਰਿਤਸਰ

ਚੇਲੇ ਮਹੰਤ ਵਰਯਾਮ ਸਿੰਘ ਜੀ, ਆਪ ਦਾ ਜਨਮ ਫਗਵਾੜੇ ਬੇਦੀ ਘਰਾਣੇ ਦਾ ਹੈ। ਚੰਗੇ ਵਿਦ੍ਵਾਨ ਤੇ ਕਰਨੀ ਵਾਲੇ ਸਾਧੂ ਹਨ। ਸੰਮਤ ੧੯੯੦ ਵਿਚ ਡੇਰਾ ਪੱਕਾ ਬਣਾਇਆ। ਅੱਠ ਪੈਲੀਆਂ ਜ਼ਮੀਨ ਤੇ ਖੂਹ ਲੁਵਾਯਾ। ਆਪ ੯੦ ਸਾਲ ਤੋਂ ਉਪਰ ਆਯੂ ਵਿਚ ਹਨ। ਅੱਖਾਂ ਦੀ ਜੋਤ ਘਟ ਗਈ ਹੈ। ਆਪ ਨੇ ਚੰਗੇ ਚੰਗੇ ਕੰਮ ਕੀਤੇ। ਆਪ ਦੇ ਚੇਲੇ ਸੰਤ ਬੰਤਾ ਸਿੰਘ ਜੀ ਪਾਸ ਰਹਿੰਦੇ ਸੇਵਾ ਕਰਦੇ ਹਨ। ਚੰਗੇ ਮਿਲਾਪੜੇ ਸਰੀਰ ਹਨ।

# ਸੰਤ ਆਤਮਾ ਸਿੰਘ ਜੀ

ਡੇਰਾ ਸੰਗਰਾਲਾ ਰਿਆਸਤ ਮਲੇਰ ਕੋਟਲਾ

ਚੇਲੇ ਮਹੰਤ ਵਰਯਾਮ ਸਿੰਘ ਜੀ, ਆਪ ਦਾ ਸਰੀਰ ਪਿੰਡ ਮਲੋਟ ਜ਼ਿਲਾ ਲੁਧਿਆਣੇ ਦਾ ਸੀ। ਚੰਗੇ ਪ੍ਰਤਾਪ ਵਾਨ ਸਾਧੂ ਹੋਇ ਹਨ। ਇਹ ਡੇਰਾ ਆਪ ਨੇ ਆਬਾਦ ਕੀਤਾ ਸੀ। ਆਪ ਦੇ ਦੋ ਚੇਲੇ ਸਨ ਇਕ ਉਦਾਸੀ ਹੋ ਕੇ ਫਗਵਾੜੇ ਚਲਾ ਗਿਆ। ਦੂਜਾ ਅਕਾਲੀ ਹੋ ਗਿਆ। ਡੇਰਾ ਖਤਮ........

# ਸੰਗਤ ਲਾਹੌਰੀ ਟੋਲਾ ਕਾਂਸ਼ੀ

# ਮਹਾਰਾਜ ਸੰਤ ਬੋਧ ਸਿੰਘ ਜੀ

ਆਪ ਦਾ ਸਰੀਰ ਪੋਠੋਹਾਰ ਦਾ ਸੀ। ਸ੍ਰੀ ਅੰਮ੍ਰਿਤਸਰ ਯਾਤ੍ਰਾ ਲਈ ਆਇ, ਸ਼੍ਰੀ ਸੰਤ ਗੁਲਾਬ ਸਿੰਘ ਜੀ ਤਪੱਸਵੀ, ਰਾਮਤੀਰਥੀ ਤੇ ਪੀਰਦੀ ਸੈਨ ਵਾਲਿਆਂ ਦੇ ਦਰਸ਼ਨ ਹੋਇ। ਕੁਝ ਦਿਨ ਸੰਗਤ ਕਰਕੇ ਆਤਮ ਵਿਦਿਆ ਪ੍ਰਾਪਤ ਕੀਤੀ। ਬਾਅਦ ਸੰਤਾਂ ਦੇ ਨਿਜ ਡੇਰੇ ਜਾ ਕੇ ਕੁਝ ਦਿਨ ਸੇਵਾ ਕਰਦੇ ਰਹੇ। ਆਪ ਦੀ ਬੁਧੀ ਚੰਗੀ ਜਾਣਕੇ ਸੰਤਾਂ ਕਾਂਸ਼ੀ ਪੜ੍ਹਨ ਲਈ ਭੇਜ ਦਿਤਾ, ਜਿਥੇ ਕਈ ਸਾਲ ਦਿਲ ਲਗਾ ਕੇ ਪੜ੍ਹਦੇ ਰਹੇ। ਅੱਛੀ ਵਿਦ੍ਵਤਾ ਪ੍ਰਾਪਤ ਕੀਤੀ। ਇਕ ਵਿਦ੍ਵਾਨ, ਦੂਜੇ ਰਹਿਣੀ ਬਹਿਣੀ ਵਿਚ ਸੁੰਦਰ, ਵਿਆਖਿਆ ਸੋਹਣੀ ਸੀ ਜਿਸ ਕਰ ਕੇ ਆਪ ਉਚ ਸ਼੍ਰੇਣੀ ਦੇ ਮਹਾਤਮਾ ਵਿਚ ਪ੍ਰਸਿੱਧ ਹੋ ਗਏ। ਆਪਦਾ ਪ੍ਰਚਾਰ ਅਜਿਹਾ ਸੁੰਦਰ ਸੀ, ਜਿਹੜਾ ਸੁਣਦਾ ਓਹੋ ਹੀ ਪ੍ਰਸੰਨ

ਹੋ ਜਾਂਦਾ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਦਸਣ ਲਈ ਪੂਰਬ ਦੀਆਂ ਕਈ ਰਿਆਸਤਾਂ ਵਿਚ ਦੌਰਾ ਕੀਤਾ। ਥਾਂ ਥਾਂ ਨਗਰਾਂ ਵਿਚ ਸਤਿ ਸੰਗ ਕਾਇਮ ਕੀਤੇ। ਬੜਾ ਪ੍ਰਤਾਪ ਵਧਿਆ ਸਮਾਂ ਪਾ ਕੇ ਕਾਂਸ਼ੀ ਬਾਬਰ ਸੱਯਦ ਦੀ ਗਲੀ ਵਿਚ ਆਪ ਨੇ ਇਕ ਮਕਾਨ ਲੈ ਲਿਤਾ, ਜਿਸ ਵਿਚ ਕਾਫੀ ਅਰਸਾ ਆਪ ਨੇ ਗੁਜ਼ਾਰਿਆ। ਇਥੇ ਰਹਿ ਕੇ ਕਈ ਸਾਧੂ, ਬ੍ਰਾਹਮਣ ਪੜ੍ਹਾਏ। ਪਿਛਲੇ ਕਾਗਜ਼ ਵੇਖਣ ਤੋਂ ਪਤਾ ਲਗਦਾ ਹੈ ਕਿ ਸੌ ਸੌ ਵਰ੍ਹਿਆਂ ਦੇ ਓਹ ਖਤ ਪੱਤ੍ਰ ਇਸ ਵੇਲੇ ਤਕ ਸੰਗਤ ਵਿਚ ਮੌਜੂਦ ਹਨ ਜਿਹੜੇ ਵਡੇ ਵਡੇ ਰਈਸਾਂ ਵਲੋਂ ਪ੍ਰਾਰਥਨਾ ਵਲੋਂ ਕਦੇ ਆਉਂਦੇ ਰਹਿੰਦੇ ਸਨ। ਅੰਤ ਅਪਣੇ ਸ਼ਿਸ਼ ਸੰਤ ਰਾਮ ਸਿੰਘ ਜੀ ਦੇ ਨਾਮ ਅਸਥਾਨ ਦੀ ਵਸੀਅਤ ਕਰ ਕੇ ਗੁਰਪੁਰੀ ਚੜ੍ਹਾਈ ਕਰ ਗਏ।

## ਮਹੰਤ ਰਾਮ ਸਿੰਘ ਜੀ

ਆਪ ਦਾ ਜਨਮ ਸੂਦਨ ਜ਼ਾਤ ਬ੍ਰਾਹਮਣ ਖਾਨਦਾਨ ਰਿਆਸਤ ਕਸ਼ਮੀਰ ਵਿਚ ਹੋਇਆ। ਆਪ ਪੜ੍ਹਨ ਲਈ ਕਾਂਸ਼ੀ ਆਏ। ਸੰਤਾਂ ਦੇ ਅਸਥਾਨ ਪੁਰ ਟਿਕ ਕੇ ਸੇਵਾ ਕਰਦੇ ਪੜ੍ਹਦੇ ਰਹੇ। ਸੰਤਾਂ ਦੀ ਪਵਿਤ੍ਰ ਜ਼ਿੰਦਗੀ ਨੇ ਅਸਰ ਕੀਤਾ ਜੋ ਸੇਵਕ ਹੋ ਕੇ ਸਾਧੂ ਬ੍ਰਿਤੀ ਵਿਚ ਹੋ ਗਏ। ਕਈ ਸਾਲ ਪੜ੍ਹ ਪੜ੍ਹਾ ਕੇ ਵਿਦ੍ਵਾਨ ਸਦਾਏ, ਪ੍ਰਚਾਰ ਆਪ ਦਾ ਦੂਰ ਦੂਰ ਤਕ ਸੀ। ਵਕਤਵ ਸੋਹਣਾ ਹੋਣ ਕਰਕੇ ਕਈ ਸੇਠ ਸ਼ਾਹੂਕਾਰ ਸੇਵਕ ਹੋਇ। ਬੰਗਾਲ ਆਦ ਦੇਸ਼ਾਂ ਵਿਚ ਜਾ ਜਾ ਕੇ ਪ੍ਰਚਾਰ ਕਰਨ ਦਾ

ਰੀਕਾਰਡ ਅਜ ਤਕ ਸੰਗਤ ਵਿਚ ਮੌਜੂਦ ਹੈ। ਆਪ ਦਾ ਸਰੀਰ ਬੜਾ ਦਰਸ਼ਨੀ ਸੀ। ਗੁਣ ਕੀਰਤੀ ਵਿਚ ਚੰਗੇ ਉਘੇ ਹੋਇ। ਆਪ ਦੇ ਮੁਖੀ ਸ਼ਿਸ਼ ਸੰਤ ਜੈ ਰਾਮ ਸਿੰਘ ਜੀ ਹੋਇ ਜਿਨ੍ਹਾਂ ਨੂੰ ਅਪਣੀ ਹੱਥੀਂ ਮਹੰਤੀ ਦੇ ਕੇ ਕਾਂਸ਼ੀ ਵਿਚ ਹੀ ਸਮਾਏ।

## ਮਹੰਤ ਜੈ ਰਾਮ ਸਿੰਘ ਜੀ

ਆਪ ਦਾ ਜਨਮ ਬ੍ਰਾਹਮਣ ਘਰਾਣੇ ਵਿਚ ਹੋਇਆ। ਕਸ਼ਮੀਰੋਂ ਬਾਲ ਅਵਸਥਾ ਵਿਚ ਹੀ ਕਿਸੇ ਸੰਬੰਧੀ ਨਾਲ ਕਾਂਸ਼ੀ ਆਏ। ਕੁਝ ਦਿਨ ਰਹਿਣ ਨਾਲ ਮਹਾਰਾਜ ਰਾਮ ਸਿੰਘ ਜੀ ਦੇ ਦਰਨਾਂ ਵਿਚ ਚਿਤ ਪਰਚ ਗਿਆ, ਘਰ ਜਾਣ ਨੂੰ ਜੀਅ ਨਾ ਕੀਤਾ। ਸੇਵਾ ਕਰਦੇ ਪੜ੍ਹਦੇ ਰਹੇ, ਸ਼ਿਸ਼ ਭਾਵ ਗ੍ਰਹਿਣ ਕਰ ਕੇ ਸੰਤ ਬ੍ਰਿਤੀ ਵਿਚ ਹੋ ਗਏ। ਮਹੰਤ ਹੋਣ ਤੋਂ ਬਾਅਦ ਵੀ ਆਪ ਦੀ ਬ੍ਰਿਤੀ ਟਿਕਵੀਂ ਬਣੀ ਰਹੀ। ਸੰਤ ਸੇਵਾ, ਭਜਨ ਪਾਠ, ਜਪੁ ਤਪੁ ਵਿਚ ਸੰਤਾਂ ਵਾਂਗ ਹੀ ਪੂਰੇ ਕਾਇਮ ਰਹੇ। ਪੂਰਨ ਸੰਜਮੀ ਹੋਣ ਕਰ ਕੇ ਅੰਨ ਜਲ ਘਟ ਤੋਂ ਘਟ ਛਕਿਆ ਕਰਦੇ ਸਨ। ਵਡੇ ਮਹਾਂ ਪੁਰਸ਼ਾਂ ਵਾਂਗ ਸਾਲ ਦੇ ਸਾਲ ਆਪਣੀ ਸਿਖੀ ਸੇਵਕੀ ਵਿਚ ਬੰਗਾਲ ਬਿਹਾਰ ਵਲ ਜਾਂਦੇ ਰਹੇ।

ਆਪ ਨੇ ਹੀ ਪਹਿਲਾ ਮਕਾਨ ਬਾਬਰਸੱਯਦ ਦੀ ਗਲੀ ਵਾਲਾ ਵੇਚ ਕੇ ਸੰਮਤ ੧੯੩੯ ਫਗਣ ਵਦੀ ੯ ਸ਼ਨੀਵਾਰ ਨੂੰ ਰਜਿਸਟਰੀ ਕਰਾ ਕੇ ਲਹੌਰੀ ਟੋਲੇ ਵਿਚ ਵਰਤਮਾਨ ਮਕਾਨ ਬੜੀ ਸੁੰਦਰ ਸ਼ਾਨ ਵਾਲਾ ਤਿਆਰ ਕਰਾਇਆ, ਜਿਸਨੂੰ ਵੇਖ ਕੇ ਦਿਲ ਬੜਾ ਪ੍ਰਸੰਨ ਹੁੰਦਾ ਹੈ।

ਮਕਾਨ ਤਿਆਰ ਕਰਾ ਕੇ ਨਾਲ ਹੀ ਆਪਣੇ ਸ਼ਿਸ਼ ਸੰਤ ਰਘੁਬੀਰ ਸਿੰਘ ਜੀ ਨੂੰ ਡੇਰੇ ਦਾ ਸਾਰਾ ਕਾਰੋਬਾਰ ਆਪ ਨੇ ਸੌਂਪ ਦਿਤਾ, ਕਾਲ ਬਲੀ ਹੈ, ਸਦਾ ਕੋਈ ਇਕ ਰਸ ਨਹੀਂ ਰਹਿੰਦਾ ਤੇ ਨਾ ਹੀ ਕਾਲ ਕਿਸੇ ਨੂੰ ਰਹਿਣ ਦਿੰਦਾ ਹੈ। ਓੜਕ ਸੰਤ ਰਘਬੀਰ ਸਿੰਘ ਜੀ ਦੇ ਨਾਮ ਸੰਗਤ ਦੀ ਵਸੀਅਤ ਕਰ ਕੇ ਸੰਮਤ ੧੯੩੯ ਵਿਚ ਆਪ ਗੁਰਪੁਰੀ ਜਾ ਬਿਰਾਜੇ।

## ਮਹੰਤ ਰਘੁਬੀਰ ਸਿੰਘ ਜੀ

ਆਪ ਦਾ ਜਨਮ ਚਰੰਡ ਜ਼ਿਲਾ ਗੁਜਰਾਤ ਵਿਚ ਸੰਮਤ ੧੯੧੬ ਨੂੰ ਹੋਇਆ। ੧੮ ਸਾਲ ਦੀ ਉਮਰ ਵਿਚ ਅਪਣੇ ਸੰਤ ਮਹਾਰਾਜ ਖੰਡਾ ਸਿੰਘ ਜੀ (ਸੰਪਰੱਦਾਯ ਗੁਰੂ ਮਾਂਗਟ) ਦੇ ਪਾਸ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਸੰਮਤ ੧੯੩੬ ਦਾ ਕੁੰਭ ਹਰੀ ਦੁਆਰ ਕਰਕੇ ਆਪ ਅਪਣੇ ਸੰਤਾਂ ਸਮੇਤ ਕਾਂਸ਼ੀ ਮਹਾਰਾਜ ਜੈ ਰਾਮ ਸਿੰਘ ਜੀ ਦੇ ਪਾਸ ਜਾ ਰਹੇ। ਆਪ ਦਾ ਸੇਵਾ ਤੇ ਨਿਮ੍ਰਤਾ ਵਾਲਾ ਸੁਭਾਵ ਵੇਖ ਕੇ ਸੰਤ ਅਜਿਹੇ ਪ੍ਰਸੰਨ ਹੋਇ ਕਿ ਮਹਾਰਾਜ ਖੰਡਾ ਸਿੰਘ ਜੀ ਪਾਸੋਂ ਆਪ ਦੀ ਮੰਗ ਕਰ ਲਿਤੀ। ਮਹਾਰਾਜ ਖੰਡਾ ਸਿੰਘ ਜੀ ਨੇ ਇਕ ਅੰਨ ਜਲ ਦੀ ਪ੍ਰੇਰਨਾ ਸਮਝ ਕੇ ਸਤ ਬਚਨ ਕਹਿ ਦਿਤਾ। ਬਾਅਦ ਆਪ ਅਸਥਾਨ ਦੀ ਸੇਵਾ ਦਿਲੋਂ ਵਜੋਂ ਹੋ ਕੇ ਕਰਨ ਲਗ ਪਏ। ਮਹਾਰਾਜ ਜੈ ਰਾਮ ਸਿੰਘ ਜੀ ਵੀ ਆਪ ਉਤੇ ਇਤਨੇ ਪ੍ਰਸੰਨ ਹੋਇ ਕਿ ਜਦ ਲਾਹੌਰੀ ਟੋਲੇ ਵਾਲਾ ਮਕਾਨ ਤਿਆਰ ਕਰਵਾਯਾ ਨਾਲ ਹੀ ਸਾਰਾ ਕੰਮ ਆਪ ਦੇ ਸਪੁਰਦ ਕਰ ਦਿਤਾ। ਸੰਮਤ

੧੯੩੯ ਵਿਚ ਮਹਾਰਾਜ ਜੈ ਰਾਮ ਸਿੰਘ ਜੀ ਸਮਾਏ, ਬਾਅਦ ਆਪ ਨੇ ਮਕਾਨ ਦੀ ਬੜੀ ਤਰੱਕੀ ਕੀਤੀ। ਆਪ ਦਾ ਸੁਭਾ ਆਏ ਗਏ ਸਾਧੂ ਨਾਲ ਪਿਆਰ ਕਰਨ ਵਾਲਾ ਸੀ। ਜਿਸ ਲਈ ਸਾਧੂ ਸੰਤ ਦੇ ਯਾਤਰੂ ਅਨੇਕਾਂ ਆਏ ਗਏ ਰਹਿੰਦੇ ਸਨ। ਕਈ ਸਾਧੂ ਵਿਦਿਆਰਥੀ ਆਪ ਦੇ ਪਾਸ ਰਹਿ ਕੇ ਵਿਦਵਾਨ ਹੋਇ। ਆਪ ਦੇ ਵਿਚ ਕਰੋਧ ਦਾ ਨਾਮ ਨਿਸ਼ਾਨ ਨਹੀਂ ਸੀ। ਖਿਮਾ ਦੀ ਸਾਖਿਆਤ ਮੂਰਤੀ ਸਨ। ਦਰਸ਼ਨ ਕਰਦਿਆਂ ਚਿਤ ਪ੍ਰਸੰਨ ਹੁੰਦਾ ਸੀ।

ਸੰਮਤ ੧੯੬੨ ਦਾ ਕੁੰਭ ਪ੍ਰਯਾਗ ਰਾਜ ਵੇਖ ਕੇ ਲੇਖਕ ਵੀ ਅਪਣੇ ਮਿੱਤਾਂ ਸ਼੍ਰੀ ਪੰਡਿਤ ਜੀਵਨ ਸਿੰਘ ਜੀ ਦੇ ਨਾਲ ਕਾਂਸ਼ੀ ਆਪ ਦੀ ਸੰਗਤ ਵਿਚ ਜਾ ਰਿਹਾ। ਆਪ ਦੇ ਪਿਆਰ ਵਿਚ ਸਾਰਿਆਂ ਹੋਲੀਆਂ ਤਕ ਪ੍ਰਸੰਨਤਾ ਨਾਲ ਦਿਨ ਲੰਘਾਏ। ਹੋਲੀਆਂ ਆਈਆਂ, ਆਪੋ ਵਿਚ ਸੰਤਾਂ ਅਲਤਾ ਰੰਗ ਇਕ ਦੂਜੇ ਉਤੇ ਸੁਟਣਾ ਸ਼ੁਰੂ ਕਰ ਦਿਤਾ। ਅਖਰੋਲੀ ਹੋਲੀ ਵਾਲੇ ਦਿਨ ਆਪਣੇ ਸੰਤਾਂ ਨਾਲ ਮਹੰਤ ਰਘੁਬੀਰ ਸਿੰਘ ਜੀ ਨੇ ਵੀ ਰੰਗ ਖੇਡਣਾ ਸ਼ੁਰੂ ਕੀਤਾ। ਦੋਵੇਂ ਉਚ ਹਸਤੀਆਂ ਨੂੰ ਰੰਗ ਨਾਲ ਖੇਡਦਿਅ ਭਜਦਿਆਂ ਨਸਦਿਆਂ ਵੇਖ ਕੇ ਲੋਗੀ ਬੜੇ ਪ੍ਰਸੰਨ ਹੋਇ। ਬਲਕਿ ਆਪ ਦੇ ਕਪੜੇ ਲਾਲ ਪੀਲੇ ਤੇ ਚੇਹਰਾ ਸੁਰਖ ਵੇਖ ਕੇ ਆਪਣੇ ਨਾਲ ਗਈ ਹੋਈ ਲਾਹੌਰੀ ਦੀ ਸੰਗਤ ਨੇ ਉਚੀ ਤੇ ਗਦ ਗਦ ਅਵਾਜ਼ ਨਾਲ ਆਖਿਆ ਕਿ ਮਹਾਰਾਜ ਅਜ ਸਾਡੀ ਬਨਾਰਸ ਦੀ ਯਾਤ੍ਰਾ ਸਫਲ ਹੋ ਗਈ।

ਇਸ ਤਰ੍ਹਾਂ ੪੮ ਸਾਲ ਅਨੰਦ ਪੂਰਵਕ ਮਹੰਤੀ ਕਰਕੇ

ਸੰਮਤ ੧੯੯੦ ਵਿਚ ਆਪਣੇ ਸੰਤ ਗੋਪਾਲ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਸੰਮਤ ੧੯੯੫ ਵਿਚ ਗੁਰਪੁਰੀ ਸਿਧਾਰੇ।

## ਮਹੰਤ ਗੋਪਾਲ ਸਿੰਘ ਜੀ

ਆਪ ਦਾ ਜਨਮ ਢੁਡਿਆਲ, ਜ਼ਿਲਾ ਜੇਹਲਮ ਵਿਖੇ ਸੰਮਤ ੧੯੨੯ ਸਾਵਨ ਦੀ ਅਮਾਵਸ ਵਾਲੇ ਦਿਨ ਹੋਇਆ। ਆਪ ਨਿਕੇ ਹੁੰਦੇ ਨਾਨਕੇ ਘਰ ਪਿਸ਼ੌਰ ਸਰਬੰਧੀਆਂ ਨੂੰ ਮਿਲਣ ਗਏ। ਕੁਝ ਦਿਨ ਰਹਿਕੇ ਉਥੋਂ ਹੀ ਸ੍ਰੀ ਸੰਤ ਬਾਬਾ ਕਰਮ ਸਿੰਘ ਜੀ ਸਾਹਿਬ ਦੇ ਦਰਸ਼ਨ ਕਰਨ ਲਈ ਹੋਤੀ ਚਲੇ ਗਏ। ਡੇਰੇ ਵਿਚ ਸੰਤਾਂ ਦੇ ਦਰਸ਼ਨ ਪਰਸ਼ਨ ਕਰਕੇ ਦਿਲ ਬੜਾ ਖੁਸ਼ ਹੋਇਆ। ਘਰ ਵਲੋਂ ਉਪਰਾਮ ਹੋ ਕੇ ਸੰਤ ਬ੍ਰਿਤੀ ਵਿਚ ਹੋ ਗਏ ਇਥੋਂ ਹੀ ਪ੍ਰਾਗ ਰਾਜ ਕੁੰਭ ਉਤੇ ਹੋਰਨਾਂ ਸੰਤਾਂ ਨਾਲ ਯਾਤਰਾ ਕਰਦੇ ਕਾਂਸ਼ੀ ਲਾਹੌਰੀ ਟੋਲੇ ਮਹਾਰਾਜ ਮਹੰਤ ਰਘੁਬੀਰ ਸਿੰਘ ਜੀ ਦੇ ਚਰਨਾਂ 'ਚ ਜਾ ਠਹਿਰੇ। ਸੇਵਾ ਕਰਦੇ ਸੰਸਕ੍ਰਿਤ ਪੜ੍ਹਨੇ ਵਿਚ ਪ੍ਰਵਿਰਤ ਹੋ ਗਏ। ਦਿਲ ਦੇ ਕੇ ਕਈ ਵਰ੍ਹੇ ਪੜ੍ਹਦੇ ਰਹੇ। ਚੰਗੇ ਪੰਡਿਤ ਹੋ ਗਏ।

ਹਰ ਕੰਮ ਕਾਜ ਵਿਚ ਸਿਆਣੇ ਹੋਣ ਕਰਕੇ ਸ੍ਰੀ ਮਹਾਰਾਜ ਰਘੁਬੀਰ ਸਿੰਘ ਜੀ ਦੀ ਕ੍ਰਿਪਾ ਦੇ ਪਾਤ੍ਰ ਬਣ ਗਏ। ਡੇਰੇ ਦੇ ਅੰਦਰਲੇ ਬਾਹਰਲੇ ਕੰਮਾਂ ਵਿਚ ਹਿੱਸਾ ਲੈਣ ਲਗ ਪਏ। ੩੦ ਵਰ੍ਹੇ ਸੇਵਾ ਆਪ ਨੇ ਕੀਤੀ ਜਿਸ ਦਾ ਫਲ ਇਹ ਮਿਲਿਆ ਕਿ ਸੰਮਤ ੧੯੯੦ ਵਿਚ ਮਹੰਤ ਜੀ ਨੇ ਡੇਰੇ ਦੀ ਪਗ ਦੇ ਦਿਤੀ

ਸੰਮਤ ੧੯੯੦ ਵਿਚ ਆਪਣੇ ਸੰਤ ਗੋਪਾਲ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਸੰਮਤ ੧੯੯੫ ਵਿਚ ਗੁਰਪੁਰੀ ਸਿਧਾਰੇ।

## ਮਹੰਤ ਗੋਪਾਲ ਸਿੰਘ ਜੀ

ਆਪ ਦਾ ਜਨਮ ਢੁਡਿਆਲ, ਜ਼ਿਲਾ ਜੇਹਲਮ ਵਿਖੇ ਸੰਮਤ ੧੯੨੯ ਸਾਵਨ ਦੀ ਅਮਾਵਸ ਵਾਲੇ ਦਿਨ ਹੋਇਆ। ਆਪ ਨਿਕੇ ਹੁੰਦੇ ਨਾਨਕੇ ਘਰ ਪਿਸ਼ੌਰ ਸਰਬੰਧੀਆਂ ਨੂੰ ਮਿਲਣ ਗਏ। ਕੁਝ ਦਿਨ ਰਹਿਕੇ ਉਥੋਂ ਹੀ ਸ੍ਰੀ ਸੰਤ ਬਾਬਾ ਕਰਮ ਸਿੰਘ ਜੀ ਸਾਹਿਬ ਦੇ ਦਰਸ਼ਨ ਕਰਨ ਲਈ ਹੋਤੀ ਚਲੇ ਗਏ। ਡੇਰੇ ਵਿਚ ਸੰਤਾਂ ਦੇ ਦਰਸ਼ਨ ਪਰਸ਼ਨ ਕਰਕੇ ਦਿਲ ਬੜਾ ਖੁਸ਼ ਹੋਇਆ। ਘਰ ਵਲੋਂ ਉਪਰਾਮ ਹੋ ਕੇ ਸੰਤ ਬ੍ਰਿਤੀ ਵਿਚ ਹੋ ਗਏ ਇਥੋਂ ਹੀ ਪ੍ਰਾਗ ਰਾਜ ਕੁੰਭ ਉਤੇ ਹੋਰਨਾਂ ਸੰਤਾਂ ਨਾਲ ਯਾਤਰਾ ਕਰਦੇ ਕਾਂਸ਼ੀ ਲਾਹੌਰੀ ਟੋਲੇ ਮਹਾਰਾਜ ਮਹੰਤ ਰਘੁਬੀਰ ਸਿੰਘ ਜੀ ਦੇ ਚਰਨਾਂ 'ਚ ਜਾ ਠਹਿਰੇ। ਸੇਵਾ ਕਰਦੇ ਸੰਸਕ੍ਰਿਤ ਪੜ੍ਹਨੇ ਵਿਚ ਪ੍ਰਵਿਰਤ ਹੋ ਗਏ। ਦਿਲ ਦੇ ਕੇ ਕਈ ਵਰ੍ਹੇ ਪੜ੍ਹਦੇ ਰਹੇ। ਚੰਗੇ ਪੰਡਿਤ ਹੋ ਗਏ।

ਹਰ ਕੰਮ ਕਾਜ ਵਿਚ ਸਿਆਣੇ ਹੋਣ ਕਰਕੇ ਸ੍ਰੀ ਮਹਾਰਾਜ ਰਘੁਬੀਰ ਸਿੰਘ ਜੀ ਦੀ ਕ੍ਰਿਪਾ ਦੇ ਪਾਤ੍ਰ ਬਣ ਗਏ। ਡੇਰੇ ਦੇ ਅੰਦਰਲੇ ਬਾਹਰਲੇ ਕੰਮਾਂ ਵਿਚ ਹਿੱਸਾ ਲੈਣ ਲਗ ਪਏ। ੩੦ ਵਰ੍ਹੇ ਸੇਵਾ ਆਪ ਨੇ ਕੀਤੀ ਜਿਸ ਦਾ ਫਲ ਇਹ ਮਿਲਿਆ ਕਿ ਸੰਮਤ ੧੯੯੦ ਵਿਚ ਮਹੰਤ ਜੀ ਨੇ ਡੇਰੇ ਦੀ ਪਗ ਦੇ ਦਿਤੀ

ਗੁਰਬਖਸ਼ ਸਿੰਘ ਜੀ (ਚੇਲੇ ਸ੍ਰੀ ਮਹੰਤ ਸਾਹਿਬ ਸ਼੍ਰੀ ਮਾਨ ਪੰਡਿਤ ਸੁਚਾ ਸਿੰਘ ਜੀ) ਦੇ ਵਲ ਆਪ ਨੇ ਉਂਗਲ ਕੀਤੀ। ਸਾਰਿਆਂ ਖੁਸ਼ੀ ਮਨਾਈ। ਸੰਤ ਗੁਰਬਖਸ਼ ਸਿੰਘ ਜੀ ਨੇ ਪ੍ਰਾਰਥਨਾ ਕੀਤੀ ਕਿ ਉਂਵ ਤਾਂ ਮੈਂ ਹਰਤਰ੍ਹਾਂ ਨਾਲ ਸੇਵਾ ਕਰਨ ਨੂੰ ਤਿਆਰ ਹਾਂ ਪਰ ਪਹਿਲਾਂ ਸ਼੍ਰੀ ਮਹੰਤ ਸਾਹਿਬ ਜੀ ਦੀ ਆਗਿਆ ਲੈਣੀ ਜ਼ਰੂਰੀ ਹੈ।

ਬਸ ਉਸੇ ਵੇਲੇ ਕਨਖਲ ਡਬਲ ਤਾਰ ਦਿਤੀ ਗਈ। ਸ਼੍ਰੀ ਮਹੰਤ ਜੀ ਕਾਂਸ਼ੀ ਸ਼ੀਘਰ ਹੀ ਪੁਜ ਗਏ। ਮਹੰਤ ਗੋਪਾਲ ਸਿੰਘ ਜੀ ਨੇ ਹਥ ਜੋੜ ਕੇ ਨਿਮ੍ਰਤਾ ਨਾਲ ਕਿਹਾ ਕਿ ਆਪ ਪਾਸੋਂ ਇਕ ਦਾਨ ਮੰਗਦਾ ਹਾਂ ਜਿਸ ਦੀ ਆਸ ਹੈ ਆਪ ਜ਼ਰੂਰ ਦੇਓਗੇ। ਭਾਵ ਇਹ ਕਿ ਸ੍ਰੀ ਮਹੰਤ ਜੀ ਪਾਸੋਂ ਪਹਿਲਾਂ ਵਚਨ ਲੈਕੇ ਬਾਅਦ ਸੰਤ ਗੁਰਬਖਸ਼ ਸਿੰਘ ਜੀ ਦੀ ਮੰਗ ਕੀਤੀ। ਸ਼੍ਰੀ ਮਹੰਤ ਜੀ ਨੇ ਖੁਸ਼ੀ ਨਾਲ ਪ੍ਰਵਾਨਗੀ ਦਿਤੀ। ਦੂਜੇ ਦਿਨ ਹੀ ਮਹੰਤ ਗੋਪਾਲ ਸਿੰਘ ਜੀ ਨੇ ਸੰਤ ਗੁਰਬਖਸ਼ ਸਿੰਘ ਜੀ ਦੇ ਨਾਮ ਮਨਕੂਲਾ ਵਾ ਗ਼ੈਰ-ਮਨਕੂਲਾ ਸਾਰੀ ਜਾਇਦਾਦ ਦੀ ਵਸੀਅਤ ਕਰ ਦਿਤੀ। ਸਭ ਕੁਝ ਕਰ ਕਰਾ ਕੇ ਆਪ ਨੇ ਬੜੀ ਪ੍ਰਸੰਨਤਾ ਪ੍ਰਗਟ ਕੀਤੀ ਕਿ ਮੈਂ ਅਜ ਬਜ਼ੁਰਗਾਂ ਦੇ ਫਰਜ਼ ਤੋਂ ਪੂਰਾ ਸੁਰਖਰੂ ਹੋ ਗਿਆ ਹਾਂ ਮੈਨੂੰ ਕਿਸੇ ਤਰ੍ਹਾਂ ਦੀ ਚਿੰਤਾ ਨਹੀਂ ਰਹੀ। ਸੰਤ ਗੁਰਬਖਸ਼ ਸਿੰਘ ਜੀ ਤੇ ਮੈਨੂੰ ਪੂਰਾ ਪੂਰਾ ਵਿਸ਼ਵਾਸ ਹੈ ਕਿ ਮੇਰੇ ਨਾਲੋਂ ਭੀ ਵਧ ਕੇ ਮਕਾਨ ਦੀ ਜ਼ਿਆਦਾ ਸੰਭਾਲ ਰਖ ਸਕਣਗੇ।

# ਮਹੰਤ ਗੁਰਬਖ਼ਸ਼ ਸਿੰਘ ਜੀ

੧੭-੧੮ ਸਾਲ ਦੀ ਉਮਰ ਵਿਚ ਕਨਖਲ ਨਿਰਮਲ ਅਖਾੜੇ ਵਿਚ ਆਏ। ਕੁਝ ਦਿਨ ਸੇਵਾ ਕਰਦੇ ਰਹੇ। ਦਿਲ ਅਗੇ ਹੀ ਨਿਰਮਾਨ ਸੀ, ਪਰ ਮਹਾਂ ਪੁਰਸ਼ਾਂ ਦੀ ਸੰਗਤ ਦਾ ਸਦਕਾ ਹੋਰ ਭੀ ਉਦਾਸੀਨ ਬ੍ਰਿਤੀ ਵਿਚ ਹੋ ਗਏ। ਸ੍ਰੀ ਮਹੰਤ ਸਾਹਿਬ ਜੀ ਦੇ ਸ਼ਿਸ਼ ਹੋ ਕੇ ਨਿਰਮਲ ਪਾਠਸ਼ਾਲਾ ਵਿਚ ਦਾਖਲ ਹੋ ਗਏ। ਅਜਿਹਾ ਦਿਲ ਲਗਾ ਕੇ ਵਿਦਿਆ ਪੜ੍ਹਦੇ ਰਹੇ। ਜੁ ਪੰਜ ਵਰ੍ਹਿਆਂ ਤਕ ਪ੍ਰਥਮਾ ਤੇ ਮਧਮਾ ਪਾਸ ਕਰ ਕੇ ਸ਼ਾਸਤ੍ਰੀ ਦਾ ਪ੍ਰਥਮ ਖੰਡ ਆਰੰਭ ਕਰ ਦਿਤਾ। ਆਪ ਨੂੰ ਪੜ੍ਹਨ ਦਾ ਜ਼ਿਆਦਾ ਖਿਆਲ ਸੀ ਜਿਸ ਕਰ ਕੇ ਸ੍ਰੀ ਮਹੰਤਾਂ ਸਾਹਿਬਾਂ ਦੀ ਆਗਿਆ ਨਾਲ ਕਾਂਸ਼ੀ ਚਲੇ ਗਏ। ਸੰਗਤ ਲਾਹੌਰੀ ਟੋਲੇ ਵਿਚ ਆਸਣ ਜਮਾ ਕੇ ਪੜ੍ਹਨਾ ਸ਼ੁਰੂ ਕਰ ਦਿਤਾ। ਤਿੰਨ ਚਾਰ ਵਰ੍ਹੇ ਲਗਾਤਾਰ ਦਿਲ ਲਗਾ ਕੇ ਪੜ੍ਹਦੇ ਰਹੇ। ਵੇਦਾਂਤ ਸ਼ਾਸਤ੍ਰੀ ਪਾਸ ਹੋਏ। ਸੁਭਾ ਦੇ ਸੰਜਮੀ ਸਨ। ਮਹੰਤ ਗੋਪਾਲ ਸਿੰਘ ਜੀ ਤੋਂ ਇਲਾਵਾ ਸਭਨਾਂ ਵਿਦਿਆਰਥੀਆਂ ਨਾਲ ਵੀ ਅਜਿਹਾ ਪ੍ਰੇਮ ਪਿਆਰ ਹੋ ਗਿਆ, ਜੁ ਸਾਰੇ ਸੰਤ ਆਪ ਨੂੰ ਸਤਿਕਾਰ ਦ੍ਰਿਸ਼ਟੀ ਨਾਲ ਵੇਖਣ ਲਗ ਪਏ। ਮਹੰਤ ਗੋਪਾਲ ਸਿੰਘ ਜੀ ਨੇ ਜਦ ਅੰਤ ਸਮੇਂ ਕਿਸੇ ਨੇਕ ਵਿਦਿਆਰਥੀ ਦੀ ਮੰਗ ਕੀਤੀ ਤਾਂ ਸਭਨਾਂ ਸਾਧੂਆਂ ਨੇ ਆਪ ਦਾ ਨਾਮ ਪੇਸ਼ ਕੀਤਾ। ਜਿਸ ਤਰ੍ਹਾਂ ਆਪ ਦੇ ਨਾਮ ਰਜਿਸਟਰੀ ਹੋਈ ਓਹ ਸਾਰਾ ਹਾਲ ਮਹੰਤ ਗੋਪਾਲ ਸਿੰਘ ਜੀ ਦੇ ਜੀਵਨ ਵਿਚ ਲਿਖਿਆ ਜਾ ਚੁਕਾ ਹੈ।



ਸ੍ਰੀ ੧੦੮ ਸੰਤ ਬਾਬਾ ਸ਼ਮੀਰ ਸਿੰਘ ਜੀ ਮਹਾਰਾਜ ਬਲੌਂਗੀ ਵਾਲੇ

ਤਿੰਨ ਚਾਰ ਵਰ੍ਹੇ ਆਪ ਨੇ ਮਹੰਤੀ ਕੀਤੀ। ਚੰਗਾ ਕੰਮ ਚਲਾਇਆ। ਆਏ ਗਏ ਸਾਧੂ ਸੰਤ ਦੀ ਸੇਵਾ ਕੀਤੀ। ਰੱਬ ਦੀ ਨੇਤ ਆਪ ਕੈਂਸਰ ਦੀ ਬੀਮਾਰੀ ਨਾਲ ਬਿਮਾਰ ਹੋ ਗਏ। ਕਾਂਸ਼ੀ ਪਟਨਾ ਸਾ: ਬੰਬਈ ਆਦਕ ਸ਼ੈਹਰਾਂ ਵਿਚ ਪਹੁੰਚ ਕੇ ਇਲਾਜ ਕਰਾਉਂਦੇ ਰਹੇ। ਸ੍ਰੀ ਕੇਸਰੀ ਜੀ ਨੇ ਇਸ ਮੌਕੇ ਬੜਾ ਸਾਥ ਦਿਤਾ, ਪਰ ਸਰੀਰ ਹੇਠਾਂ ਹੀ ਹੇਠਾਂ ਚਲਾ ਗਿਆ। ਅੰਤ ਨੂੰ ਸ੍ਰੀ ਕੇਸਰੀ ਜੀ ਦੀ ਸੇਵਾ ਨੂੰ ਮੁਖ ਰਖ ਕੇ ਆਪ ਨੇ ੨੬-੧੧-੧੯੪੬ ਨੂੰ ਉਨ੍ਹਾਂ ਦੇ ਨਾਮ ਵਸੀਅਤ ਕਰਾ ਦਿਤੀ। ਰੱਬ ਦੀ ਨੇਤ ਫਰਵਰੀ ਸੰਨ ੧੯੪੭ ਵਿਚ ਆਪ ਪ੍ਰਲੋਕ ਸਿਧਾਰ ਗਏ।

## ਸ਼ਾਸਤ੍ਰੀ ਮਹੰਤ ਗੁਰਦੀਪ ਸਿੰਘ ਜੀ (ਕੇਸਰੀ)

ਅਜ ਕਲ ਸੰਗਤ ਲਾਹੌਰੀ ਟੋਲੇ ਦੇ ਆਪ ਮਹੰਤ ਹਨ। ਉਦਮੀ ਸਰੀਰ ਹਨ। ਮਕਾਨ ਦੀ ਤਰੱਕੀ ਦੇ ਚਾਹਵਾਨ ਹਨ। ਆਏ ਗਏ ਸਾਧੂ ਸੰਤ ਦੀ ਸੇਵਾ ਕਰਨ ਦਾ ਉਮਾਹਾ ਬਣਿਆ ਰਹਿੰਦਾ ਹੈ। ਆਪ ਦਾ ਜਨਮ ਪਿੰਡ, ਸਾਧ ਸੰਗਤ ਵਿਚ ਆਉਣਾ, ਕਨਖਲ ਤੇ ਕਾਂਸ਼ੀ ਪਾਠਸ਼ਾਲਾ ਵਿਚ ਪੜ੍ਹ ਕੇ ਵਿਦਵਾਨ ਹੋਣਾ ਅੰਤ ਨੂੰ ਇਸੇ ਮਕਾਨ ਦੀ ਵਸੀਅਤ ਆਪ ਦੇ ਨਾਮ ਹੋਣੀ ਏਹ ਸਾਰਾ ਸਮਾਚਾਰ 'ਨਿਰਮਲ ਪੰਥ ਦਰਸ਼ਨ' ਦੇ ਤੀਜੇ ਹਿੱਸੇ ਵਿਚ ੪੯੯ ਅੰਗ ਪੁਰ ਵਿਸਤਾਰ ਨਾਲ ਦਿਤਾ ਜਾ ਚੁਕਾ ਹੈ।

## ਸ੍ਰੀ ਪੰਡਤ ਸ਼ਮੀਰ ਸਿੰਘ ਜੀ ਬਲੌਂਗੀ ਵਾਲੇ

ਅੰਬਾਲੇ ਜ਼ਿਲੇ ਵਿਚ ਬਲੌਂਗੀ ਪਿੰਡ ਦਾ ਜਨਮ ਹੋਣ

ਕਰ ਕੇ ਆਪ ਦੀ ਵਿਸ਼ੇਸ਼ ਸੰਗਿਆ ਬਲੌਂਗੀ ਵਾਲੇ ਪ੍ਰਸਿੱਧ ਹੋਈ। ਛੋਟੀ ਅਵਸਥਾ ਵਿਚ ਹੀ ਗੁਰਬਾਣੀ ਨਾਲ ਪਿਆਰ ਸੀ। ਮਾਤਾ ਪਿਤਾ ਸੰਤ ਸੇਵੀ ਸਨ। ਜਿਸ ਕਰ ਕੇ ਆਪ ਵੀ ਬਾਹਰੋਂ ਆਏ ਗਏ ਸਾਧੂ ਅਭਯਾਗਤ ਦੀ ਸੇਵਾ ਕਰਦੇ ਰਹੇ। ਇਕ ਵੇਰਾਂ ਸੰਤ ਬਘੇਲ ਸਿੰਘ ਜੀ ਖਡੂਰ ਸਾਹਿਬ ਦੀ ਯਾਤਰਾ ਕਰਦੇ ਹੋਏ ਆਪ ਦੇ ਪਿੰਡ ਆਏ। ਮਾਤਾ ਪਿਤਾ ਨਾਲ ਆਪ ਵੀ ਦਰਸ਼ਨ ਕਰਨ ਗਏ। ਚਿਤ ਪ੍ਰਸੰਨ ਹੋ ਗਿਆ ਆਪ ਉਥੇ ਹੀ ਸੰਤਾਂ ਦੀ ਸੇਵਾ ਕਰਨ ਲਗ ਪਏ ਅਤੇ ਨਾਲ ਰਹਿਣ ਲਗ ਪਏ।

ਆਪ ਬੜੇ ਹੀ ਭਜਨੀਕ ਤੇ ਅਤੀਤ ਬਿਰਤੀ ਦੇ ਸਾਧੂ ਸਨ। ਆਪ ਨੇ ਸਾਰੀ ਉਮਰ ਭਜਨ ਪਾਠ ਤੇ ਪ੍ਰਾਣੀ ਮਾਤਰ ਦੀ ਸੇਵਾ ਵਿਚ ਗੁਜ਼ਾਰੀ। ਅਨੇਕਾਂ ਪ੍ਰਾਣੀਆਂ ਨੂੰ ਸਤਿਨਾਮ ਦਾ ਮੰਤ੍ਰ ਸੁਣਾ ਕੇ ਗੁਰੂ ਘਰ ਦਾ ਸਿਖ ਬਣਾਇਆ। ਸੰਮਤ ੧੯੬੦ ਦੇ ਕੁੰਭ ਤੇ ਹਰਦੁਆਰ ਜਾਂਦਿਆਂ ਰਸਤੇ ਵਿਚ ਸਹਾਰਨ ਪੁਰ ਵਿਚ ਹੀ ਆਪ ਗੁਰਪੁਰੀ ਸਿਧਾਰ ਗਏ। ਕਰੀਬਨ ਸੌ ਵਰ੍ਹੇ ਦੀ ਉਮਰ ਵਿਚ ਆਪ ਗੁਜ਼ਰੇ।

ਆਪ ਦੇ ਹੇਠ ਲਿਖੇ ਸ਼ਿਸ਼ ਹਨ:-

ਪੰਡਤ ਕਾਲਾ ਸਿੰਘ ਜੀ ਮੰਡਲੇਸ਼ਵਰ, ਪੰਡਿਤ ਗੰਗਾ ਸਿੰਘ ਜੀ ਪਾਕਪਟਨ, ਕਵੀ ਸੰਤ ਨਰੈਣ ਸਿੰਘ ਜੀ, ਖੁਰਦਪੁਰ, ਸੰਤ ਚੰਦਾ ਸਿੰਘ ਜੀ ਹਰਿਦੁਆਰ, ਸੰਤ ਨੱਥਾ ਸਿੰਘ ਜੀ ਰਤੋਕੇ, ਸੰਤ ਹਾਕਮ ਸਿੰਘ ਜੀ ਬਲੌਂਗੀ ਵਾਲੇ, ਸੰਤ ਗੁਰਦਿਤ ਸਿੰਘ ਜੀ ਕਹੇਣੀ, ਸੰਤ ਜੀਵਨ ਸਿੰਘ ਜੀ, ਸੰਤ ਧਰਮ ਸਿੰਘ ਜੀ, ਸੰਤ ਸੁਹੇਲ ਸਿੰਘ ਜੀ।



ਸ੍ਰੀ ੧੦੮ ਸੰਤ ਪੰਡਿਤ ਕਾਲਾ ਸਿੰਘ ਜੀ ਮਹਾਰਾਜ ਮੰਡਲੇਸ਼੍ਵਰ, ਸੰਪ੍ਰਦਾਏ ਬਲੌਂਗੀ

# ਪੰਡਿਤ ਕਾਲਾ ਸਿੰਘ ਜੀ ਮੰਡਲੇਸ਼ਵਰ

ਸ਼ਿਸ਼ ਸ੍ਰੀ ਪੰਡਤ ਸ਼ਮੀਰ ਸਿੰਘ ਜੀ। ਆਪ ਦਾ ਜਨਮ ਪਿੰਡ ਭਾਈ ਰੂਪਾ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ। ਆਪ ਬਲ ਅਵਸਥਾ ਵਿਚ ਹੀ ਸੰਤਾਂ ਦੇ ਚਰਨਾਂ ਵਿਚ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਕੁਝ ਚਿਰ ਪਿਛੋਂ ਸੰਤਾਂ ਦੀ ਆਗਿਆ ਨਾਲ ਕਾਂਸ਼ੀ ਪੜ੍ਹਨ ਚਲੇ ਗਏ। ਉਥੇ ਵਿਆਕਰਣ, ਨਿਆਇ ਤੇ ਵੇਦਾਂਤ ਆਦ ਸ਼ਾਸਤ੍ਰਾਂ ਵਿਚ ਵਿਦਵਤਾ ਪ੍ਰਾਪਤ ਕਰ ਪੰਡਿਤ ਪ੍ਰਸਿੱਧ ਹੋਏ। ਪੰਜਾਬ ਆਏ ਤਾਂ ਆਪ ਮਹਾਰਾਜ ਜੀ ਦੀ ਆਗਿਆ ਨਾਲ ਮੰਡਲੀ ਫੇਰਦੇ ਰਹੇ। ਬੀਸੀਆਂ ਸਾਧੂ ਆਪ ਜੀ ਦੇ ਨਾਲ ਰਹਿੰਦੇ ਸਨ। ਆਪ ਜਿਧਰ ਵੀ ਜਾਂਦੇ ਬੜਾ ਸਤਿਕਾਰ ਪਾਉਂਦੇ।

ਆਪ ਦਾ ਸੁਭਾ ਬੜਾ ਹੀ ਹਸਮੁਖਾ ਤੇ ਹਰ ਵੇਲੇ ਪ੍ਰਸੰਨ ਰਹਿਣ ਵਾਲਾ ਸੀ। ਬਹੁਤ ਸਾਰੇ ਸਾਧੂ ਆਪਦੇ ਨਾਲ ਰਹਿੰਦੇ ਹੋਏ ਵਿਦਿਆ ਪ੍ਰਾਪਤ ਕਰਦੇ ਰਹੇ ਹਨ। ਆਪ ਦੇ ਹੇਠ ਲਿਖੇ ਸ਼ਿਸ਼ ਸਨ। ਸੰਤ ਕੇਹਰ ਸਿੰਘ ਜੀ, ਤਪੱਸਵੀ ਢਿਲਵਾਂ, ਪੰਡਤ ਈਸ਼ਰ ਸਿੰਘ ਜੀ ਭਰਦਲਾ, ਪੰਡਿਤ ਕਿਸ਼ਨ ਸਿੰਘ ਜੀ, ਪੰਡਿਤ ਗਿਆਨੀ ਗੁਰਬਖਸ਼ ਸਿੰਘ ਜੀ ਨਾਗੋਕੇ, ਪੰਡਤ ਹਰੀ ਸਿੰਘ ਜੀ, ਪੰਡਤ ਮਹੇਸ਼ਰਾ ਸਿੰਘ ਜੀ, ਸੰਤ ਆਤਮਾ ਸਿੰਘ ਜੀ ਮਹਿਲੇ ਵਾਲੇ ਅਤੇ ਹਰਨਾਮ ਸਿੰਘ ਜੀ ਚਾਉ ਵਾਲੇ। ਜੋ ਆਪਣੀ ਆਪਣੀ ਥਾਂ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ। ਬਨਾਰਸ ਵਾਲੇ ਮਹੰਤ ਗੁਰਦੀਪ ਸਿੰਘ ਜੀ ਕੇਸਰੀ, ਪੰਡਤ ਗਿਆਨੀ

ਗੁਰਬਖਸ਼ ਸਿੰਘ ਜੀ ਨਾਗੋਕੇ ਵਾਲਿਆਂ ਦੇ ਚੇਲੇ ਅਤੇ ਪੰਡਿਤ ਜੀ ਦੇ ਪੋਤੇ ਚੇਲੇ ਹਨ। ਸੰਮਤ ੧੯੬੦ ਦਾ ਹਰਦੁਆਰ ਕੁੰਭ ਵੇਖ ਕੇ ਜਦੋਂ ਆਪ ਜਲੰਧਰ ਆਏ ਤਾਂ ਪਥਰੀ ਦਾ ਅਪ੍ਰੇਸ਼ਨ ਕਰਾਇਆ ਅਤੇ ਇਸੇ ਹੀ ਬੀਮਾਰੀ ਕਰਕੇ ਆਪ ਗੁਰਪੁਰੀ ਸਿਧਾਰ ਗਏ।

## ਡੇਰਾ ਸੂਜੋ ਜ਼ਿਲਾ ਜਲੰਧਰ
## ਸ੍ਰੀ ਸੰਤ ਹੀਰਾ ਸਿੰਘ ਜੀ

ਚੇਲੇ ਸ੍ਰੀ ਸੰਤ ਗੁਲਾਬ ਸਿੰਘ ਜੀ। ਆਪਦਾ ਸਰੀਰ ਗੁਰਦਾਸਪੁਰ ਜ਼ਿਲੇ ਦਾ ਸੀ। ਆਪ ਚਾਰ ਭਾਈ ਸਨ। ਸਾਰੇ ਹੀ ਫਕੀਰ ਹੋ ਗਏ। ਆਪ ਤੇ ਜਵਾਹਰ ਸਿੰਘ ਜੀ ਨਿਰਮਲੇ ਅਤੇ ਸੰਤ ਸਰਬ ਦਿਆਲ ਤੇ ਸੰਤ ਨਾਂਗਾ ਜੀ ਇਹ ਦੋ ਉਦਾਸੀ ਹੋਏ। ਇਹ ਡੇਰਾ ਆਪ ਨੇ ਕਾਇਮ ਕੀਤਾ। ਚੰਗੇ ਕਰਨੀ ਵਾਲੇ ਭਜਨੀਕ ਮਹਾਤਮਾ ਹੋਏ ਹਨ, ਗ੍ਰਿਹਸਥੀ ਸਨ। ਆਪ ਦੇ ਦੋ ਚੇਲੇ ਸੰਤ ਸੁੰਦਰ ਸਿੰਘ ਜੀ ਸਿਆਲ ਕੋਟ ਵਾਲੇ 'ਨਾਦੀ' ਤੇ ਸੰਤ ਹਰਨਾਮ ਸਿੰਘ ਜੀ 'ਬਿੰਦੀ' ਸਨ। ਸੰਮਤ ੧੯੪੮ ਦੇ ਦੇ ਲਗਪਗ ਸਮਾਏ।

## ਮਹੰਤ ਹਰਨਾਮ ਸਿੰਘ ਜੀ

ਆਪ ਸ੍ਰੀ ਸੰਤ ਹੀਰਾ ਸਿੰਘ ਜੀ ਦੇ ਚੰਗੇ ਸ਼ਰਧਾਲੂ ਸੁਪੁਤ੍ਰ ਤੇ ਆਗਿਆ ਕਾਰੀ ਸ਼ਿਸ਼ ਸਨ। ਸ਼ਾਦੀ ਸ਼ੁਦਾ ਸਨ। ਰਾਗ ਵਿਦਿਆ ਵਿਚ ਅਤੀ ਸਿਆਣੇ ਸਨ। ਆਪ ਦੇ ਸੁਪੁਤ੍ਰ

ਚੇਲੇ ਸੰਤ ਸੰਤਾ ਸਿੰਘ ਜੀ, ਸੰਤ ਮਨੀ ਸਿੰਘ ਜੀ ਤੇ ਸੰਤ ਸਾਧੂ ਸਿੰਘ ਜੀ ਹੋਏ । ਸੰਤ ਟਹਿਲ ਸਿੰਘ ਜੀ ਨੇ ਇਸ ਡੇਰੇ ਨਾਲ ਅੱਠ ਪੈਲੀਆਂ ਜ਼ਮੀਨ ਸਣੇ ਖੂਹ ਦੇ ਸੰਮਤ੧੯੯੧ਵਿਚ ਲੁਵਾਈ ਮਹੰਤ ਹਰਨਾਮ ਸਿੰਘ ਜੀ ਆਪਣੇ ਸਪੁਤ੍ਰ ਸੰਤ ਸੰਤਾ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਆਪਣੀ ਹਥੀ ਦੇ ਕੇ ਸੰਮਤ ੧੯੯੨ ਵਿਚ ਸਮਾਏ। ਪਿਛੋਂ ਅਕਾਲੀਆਂ ਨਾਲ ਮੁਕਦਮਾ ਚਲਣੇ ਕਰਕੇ ਸੂਰਾਪੁਰ ਦੀ ਸਾਰੀ ਜਾਇਦਾਦ ਜੋ ਸੰਤ ਸਰਬ ਦਿਆਲ ਜੀ ਨੇ ਪੈਦਾ ਕੀਤੀ ਸੀ ਜਾਂਦੀ ਰਹੀ।

# ਮਹੰਤ ਸੰਤ ਸਿੰਘ ਜੀ

ਆਪ ਨੂੰ ਮਹੰਤ ਹਰਨਾਮ ਸਿੰਘ ਜੀ ਨੇ ਜੀਊਂਦਿਆਂ ਹੀ ਮਹੰਤੀ ਦੇ ਦਿਤੀ ਸੀ। ਸੰਤ ਸੰਤ ਸਿੰਘ ਜੀ ਬੀਤ ਰਾਗ ਪੁਰਸ਼ ਹਨ। ਰਾਗ ਵਿਚ ਸਿਆਣੇ ਹਨ। ਸ਼ਬਦ ਕੀਰਤਨ ਚੰਗਾ ਕਰਦੇ ਹਨ। ਡੇਰਾ ਬਿਹੰਗਮੀ ਹੈ ਫਿਰ ਵੀ ਆਏ ਗਏ ਦਾ ਯਥਾ ਯੋਗ ਸਤਿਕਾਰ ਕਰਦੇ ਹਨ।

# ਸੰਤ ਸੁੰਦਰ ਸਿੰਘ ਜੀ ਸਿਆਲ ਕੋਟ

(ਕੁਟੀਆ ਕੋਠੀ)

ਚੇਲੇ ਸ਼੍ਰੀ ਸੰਤ ਹੀਰਾ ਸਿੰਘ ਜੀ ਸ਼੍ਰੁਜੋ ਆਪ ਦਾ ਜਨਮ ਲਖਪੁਰ ਸਾਨੀ ਰਿਆਸਤ ਕਪੂਰਥਲਾ ਵਿਚ ਹੋਇਆ। ਆਪ ਚੰਗੇ ਵਿਦ੍ਵਾਨ ਸੰਸਕ੍ਰਿਤ ਤੇ ਭਾਸ਼ਾ ਦੇ ਜਾਣੂ ਸਨ। ਆਪ ਨੇ ਸੰਮਤ ੧੯੫੦ ਦੇ ਲਗਪਗ ਜ਼ਮੀਨ ਮੁਲ ਲੈਕੇ ਇਹ ਡੇਰਾ

ਬਣਾਯਾ। ਸ਼ਹਿਰ ਵਿਚ ਆਪ ਦਾ ਬੜਾ ਆਦਰ ਸਤਿਕਾਰ ਸੀ। ਆਪ ਦੀ ਪਵਿਤ੍ਰ ਰਹਿਣੀ ਬਹਿਣੀ ਪੁਰ ਲੋਕੀਂ ਬੜੇ ਖੁਸ਼ ਸਨ। ਕਈ ਸਿਖ ਸੇਵਕ ਹੋਇ। ਜਿਤਨਾ ਚਿਰ ਰਹੇ ਸਤਿਸੰਗ ਦਾ ਸਿਲਸਿਲਾ ਜਾਰੀ ਰਖਿਆ। ਆਪਦੇ ਸ਼ਿਸ਼ ਸੰਤ ਕਿਸ਼ਨ ਸਿੰਘ ਜੀ ਵਿਰਕਤ ਸਨ ਜੋ ਸੰਮਤ ੧੯੯੫ ਦੇ ਕੁੰਭ ਉਤੇ ਹਰੀ ਦੁਆਰ ਗੁਜ਼ਰ ਗਏ ਹਨ।

ਸੰਮਤ ੧੯੯੨ ਦੀ ਬਹਿਤੀ ਵਿਚ ਸਣੇ ਹੋਰ ਬੀਸੀਆਂ ਸੰਤਾਂ ਦੇ ਰਿਖੀ ਕੇਸ਼ ਆਪ ਪ੍ਰਵਾਹ ਹੋ ਗਏ ਸਨ। ਪਿਛੋਂ ਆਪਦੇ ਅਸਥਾਨ ਪੁਰ ਸ਼੍ਰੀ ਸੰਤ ਮਨੀ ਸਿੰਘ ਜੀ ਕਾਇਮ ਹੋਇ ਜਿਨ੍ਹਾਂ ਆਈ ਸਾਧ ਸੰਗਤ ਨਾਲ ਰਸੂਖ ਪਿਆਰ ਪੈਦਾ ਕਰ ਕੇ ਸੋਹਣਾ ਕੰਮ ਚਲਾਇਆ। ਪਾਕਸਤਾਨ ਬਣਨ ਤੋਂ ਬਾਅਦ ਜਾਲੰਧਰ ਆ ਗਏ ਹਨ। ਇਨ੍ਹਾਂ ਦਾ ਵਿਸ਼ੇਸ਼ ਜੀਵਨ ਨਿਰਮਲ ਪੰਥ ਦੇ ਦੂਜੇ ਹਿੱਸੇ ਵਿਚ ਦੇਵ ਪੁਰੇ ਵਾਲੇ ਮਹਾਤਮਾ ਦੇ ਪ੍ਰਸੰਗ ਵਿਚ ਆ ਚੁਕਾ ਹੈ।

## ਡੇਰਾ ਗੁਨੋ ਪੁਰ ਸੈਦੋ ਵਾਲ ਜ਼ਿ: ਗੁਰਦਾਸਪੁਰ
## ਮਹੰਤ ਜਵਾਹਰ ਸਿੰਘ ਜੀ

ਚੇਲੇ ਸ਼੍ਰੀ ਸੰਤ ਗੁਲਾਬ ਸਿੰਘ ਜੀ ਰਾਮਤੀਰਥ, ਆਪਦਾ ਜਨਮ ਗੁਰਦਾਸ ਪੁਰ ਵਿਚ ਹੋਇਆ। ਆਪ ਸੁਜੇਪੁਰ ਵਾਲੇ ਮਹੰਤ ਹੀਰਾ ਸਿੰਘ ਜੀ ਦੇ ਸਕੇ ਭ੍ਰਾਤਾ ਸਨ। ਡੇਰਾ ਗੁਨੋਪੁਰ ਸੈਦੋ ਵਾਲ ਆਪ ਨੇ ਹੀ ਬੰਨ੍ਹਿਆ। ਚੰਗੇ ਪ੍ਰਤਾਪ ਵਾਲੇ ਮਹਾਂ-ਪੁਰਸ਼ ਹੋਇ ਹਨ। ਆਪ ਦੇ ਪਿਛੋਂ ਸੰਤ ਦਾਨ ਸਿੰਘ ਜੀ ਡੇਰੇ

ਦੇ ਮਹੰਤ ਹੋਇ। ਉਨ੍ਹਾਂ ਪਿਛੋਂ ਸੰਤ ਕਰਮ ਸਿੰਘ ਜੀ ਰਹੇ। ਇਨ੍ਹਾਂ ਦੇ ਸੁਪੁਤ੍ਰ ਚੇਲੇ ਸੰਤ ਜੈ ਸਿੰਘ ਤੇ ਰਘਬੀਰ ਸਿੰਘ ਜੀ ਹੋਇ, ਜਿਨ੍ਹਾਂ ਨੂੰ ਲੋਕਾਂ ਨੇ ਪਿੰਡੋਂ ਜਵਾਬ ਦੇ ਦਿਤਾ ਸੀ। ਇਹ ਬਹਾਦਰ ਲਾੜੀ ਪਿੰਡ ਜ਼ਿਲਾ ਗੁਰਦਾਸ ਪੁਰ ਵਿਚ ਜਾ ਕੇ ਸਮਾ ਗਏ। ਪਿਛੋਂ ਇਨ੍ਹਾਂ ਦੀ ਮਾਤਾ ਨੇ ੧੪ ਘੁਮਾ ਜ਼ਮੀਨ ਜੋ ਜ਼ਰ ਖਰੀਦੀ ਸੀ ਓਹ ਵੇਚ ਦਿਤੀ। ਸੰਮਤ ੧੯੯੧ ਦਾ ਡੇਰਾ ਖਤਮ ਹੋ ਗਿਆ।

## ਡੇਰਾ ਡੀਂਗਰੀਆਂ

ਸ਼੍ਰੀ ਮਾਨ ਮਹੰਤ ਦਲ ਸਿੰਘ ਜੀ ਨੇ ਇਹ ਡੇਰਾ ਆਬਾਦ ਕੀਤਾ। ਬਾਅਦ ਆਪ ਦੇ ਸ਼ਿਸ਼ ਸੰਤ ਰਣ ਸਿੰਘ ਜੀ ਮਹੰਤ ਹੋਇ। ਇਨ੍ਹਾਂ ਪਿਛੋਂ ਮਹੰਤ ਦੂਲਾ ਸਿੰਘ ਜੀ ਅਸਥਾਪਨ ਹੋਇ। ਅਗੇ ਮਹੰਤ ਮੇਹਰ ਸਿੰਘ ਜੀ ਉਤ੍ਰਾਧਿਕਾਰੀ ਹੋਇ। ਮ: ਦੂਲਾ ਸਿੰਘ ਜੀ ਦੇ ਸ਼ਿਸ਼ ਸੰਤ ਦਇਆ ਸਿੰਘ ਜੀ ਹੋਇ।

(ਨੋਟ—ਕੋਈ ਸੰਤ ਮਹੰਤ ਸਾਹਮਣੇ ਨਾ ਹੋਣ ਕਰਕੇ ਇਸ ਡੇਰੇ ਦਾ ਹਾਲ ਨਹੀਂ ਲਿਖਿਆ ਗਿਆ।

★

ੴ ਸਤਿਗੁਰ ਪ੍ਰਸਾਦਿ ॥

# ਸੰਪ੍ਰਦਾਯ ਕਾਂਸ਼ੀ

## ਸੰਗਤ ਚੇਤਨ ਮੱਠ

ਸਭ ਤੋਂ ਪਹਿਲਾਂ ਸ਼੍ਰੀ ਦਸ਼ਮੇਸ਼ ਗੁਰੂ ਜੀ ਤੋਂ ਬਾਬਾ ਧਰਮ ਸਿੰਘ ਜੀ ਨੇ ਅੰਮ੍ਰਿਤ ਛਕਿਆ। ਇਨਾਂ ਤੋਂ ਸ਼੍ਰੀ ਪੰਡਿਤ ਕਰਮ ਸਿੰਘ ਜੀ ਨੇ ਅੰਮ੍ਰਿਤ ਪਾਨ ਕੀਤਾ। ਜਿਨ੍ਹਾਂ ਦਾ ਜੀਵਨ ਵਿਸਤਾਰ ਨਾਲ ਹੇਠ ਲਿਖਿਆ ਜਾ ਰਿਹਾ ਹੈ।

## ਸ਼੍ਰੀ ਪੰਡਿਤ ਕਰਮ ਸਿੰਘ ਜੀ ਕਾਂਸ਼ੀ

ਸੰਮਤ ੧੭੪੩ ਦੇ ਸ਼ੁਰੂ ਵਿਚ ਸ਼੍ਰੀ ਦਸ਼ਮੇਸ਼ ਗੁਰੂ ਜੀ ਪਉਂਟੇ ਸਾਹਿਬ ਪਹੁੰਚੇ, ਜਿਥੇ ਆਪ ਨੇ ਬਹੁਤਾ ਚਿਰ ਰਹਿਕੇ ਬਾਣੀ ਰਚੀ ਅਤੇ ਵਿਦ੍ਵਾਨ ਪੰਡਿਤਾਂ ਪਾਸੋਂ ਮਹਾਭਾਰਤ ਆਦਕ ਕਈ ਸੰਸਕ੍ਰਿਤ ਗ੍ਰੰਥ ਭਾਸ਼ਾ ਵਿਚ ਉਲਥਾ ਕਰਵਾਏ, ਇਕ ਦਿਨ ਮਹਾਰਾਜ ਜੀ ਦੇ ਦਿਲ ਵਿਚ ਸੰਕਲਪ ਫੁਰਿਆ, ਕਿ ਜਿਸ ਤਰ੍ਹਾਂ ਮੇਰੇ ਸਿਖ ਸ਼ਸਤ੍ਰ ਵਿਦਯਾ 'ਚ ਪ੍ਰਬੀਨ ਹਨ, ਇਸੇ ਤਰ੍ਹਾਂ ਸ਼ਾਸਤ੍ਰ ਵਿਦਯਾ ਵਿਚ ਭੀ ਪ੍ਰਬੀਨ ਹੋਣੇ ਚਾਹੀਦੇ ਹਨ, ਉਪ੍ਰੰਤ ਰਘੂਨਾਥ ਪੰਡਿਤ ਨੂੰ ਬੁਲਾ ਕੇ ਸਿਖਾਂ ਦੇ ਪੜ੍ਹਾਉਣ ਲਈ ਕਿਹਾ। ਪਰ ਉਸ ਨੇ ਨਾਂਹ ਕਰ ਦਿਤੀ, ਭਾਵੇਂ ਪੰਡਿਤ ਦੇ ਦਿਲ ਵਿਚ ਇਹ ਆਈ ਹੋਵੇ, ਕਿ ਗੁਰੂ ਜੀ ਦੇ ਸਿਖ ਸੇਵਕ ਸੰਸਕ੍ਰਿਤ ਪੜ੍ਹ ਗਏ ਤਾਂ ਅਸਾਡੇ ਵਰਗੇ ਬ੍ਰਾਹਮਣਾਂ ਦੀ

ਕਦਰ ਨਹੀਂ ਰਹਿਣੀ, ਪਰ ਮੂੰਹੋਂ ਆਖਿਆ ਕਿ ਮਹਾਰਾਜ ਆਪ ਦੇ ਸਿਖਾਂ ਵਿਚ ਸਭ ਜਾਤੀਆਂ ਮਿਲੀਆਂ ਹੁੰਦੀਆਂ ਹਨ, ਇਸ ਲਈ ਖਿਮਾ ਰਖਣੀ, ਸ਼ੂਦ੍ਰਾਂ ਨੂੰ ਪੜ੍ਹਾਉਣ ਲਈ ਬ੍ਰਾਹਮਣਾਂ ਵਾਸਤੇ ਆਗਿਆ ਨਹੀਂ। ਇਹ ਸੁਣ ਕੇ ਗੁਰੂ ਜੀ ਰੰਜ ਹੋਏ ਤੇ ਮੂਹੋਂ ਆਖਿਆ ਕਿ ਪੰਡਿਤ ਜੀ ਜਿਨ੍ਹਾਂ ਮੇਰੇ ਸਿਖਾਂ ਨੂੰ ਸ਼ੂਦ੍ਰ ਸਮਝਕੇ ਪੜ੍ਹਾਉਣੋਂ ਨਾਂਹ ਕਰਦੇ ਹੋ, ਸਮਾਂ ਆਵੇਗਾ ਕਿ ਉਨ੍ਹਾਂ ਦੇ ਪਾਸੋਂ ਹੀ ਆਪ ਜਹੇ ਅਨੇਕਾਂ ਬ੍ਰਾਹਮਣ ਵਿਦਯਾ ਅਧੈਨ ਕਰਨਗੇ। ਇਸੇ ਲਗਨ ਵਿਚ ਪਇਆਂ ਹੋਇਆਂ ਗੁਰੂ ਜੀ ਨੇ ਆਪਣੇ ਸੇਵਕ, ਉਪ੍ਰਾਮ ਬ੍ਰਿਤੀ ਵਾਲੇ ਇਕੰਤ ਸੇਵੀ ਭਜਨਾ ਨੰਦੀ ਭਗਵੇ ਕਪੜਿਆਂ 'ਚ ਸੁਸ਼ੋਭਿਤ ਨਿਰਮਲੇ ਸੰਤਾਂ ਨੂੰ ਬੁਲਾ ਅਪਣਾ ਅਭਿਪ੍ਰਾਯ ਦਸ ਕੇ ਕਾਂਸ਼ੀ ਜਾਣ ਲਈ ਕਿਹਾ ਤਾਂ ਸਾਰੇ ਆਪਦੀ ਆਗਿਆ ਸਿਰ ਮਥੇ ਮੰਨਦੇ ਹੋਏ ਸੰਨਿਆਸ ਆਸ਼੍ਰਮ'ਚ ਸੁਸ਼ੋਭਿਤ ਸੰਤ ਕਰਮ ਸਿੰਘ ਜੀ ਸੰਤ ਗੰਡਾ ਸਿੰਘ ਜੀ, ਸੰਤ ਬੀਰ ਸਿੰਘ ਜੀ, ਸੰਤ ਰਾਮਸਿੰਘ ਜੀ, ਸੰਤ ਸੋਭਾਸਿੰਘ ਜੀ ਆਦਕ ਸੰਮਤ ੧੭੪੩ ਦੇ ਅਖੀਰ ਵਿਚ ਕਾਂਸ਼ੀ ਪੁਜੇ, ਸ਼ਹਿਰੋਂ ਬਾਹਰ ਇਕ ਨਵੇਕਲਾ, ਸਰਸਬਜ਼ ਥਾਂ ਤੱਕ ਕੇ ਡੇਰਾ ਲਾ ਦਿਤਾ, ਥੋੜੇ ਦਿਨਾਂ ਦੇ ਬਾਅਦ ਭੋਜਨ ਪਾਣੀ ਦਾ ਛੇਤ੍ਰਾਂ ਵਿਚ ਪ੍ਰਬੰਧ ਕਰ ਕੇ ਇਕ ਵਿਦਵਾਨ ਬ੍ਰਾਹਮਣ ਪੰਡਿਤ ਪਾਸੋਂ ਪੜ੍ਹਨਾ ਆਰੰਭ ਕਰ ਦਿਤਾ, ਮਹਾਤਮਾ ਨੂੰ ਸੁੰਦਰ ਕੇਸ਼ਾ ਧਾਰੀ ਤੇ ਉੱਚੇ ਆਚਰਣ ਵਾਲੇ ਦੇਖ ਕੇ ਪੰਡਿਤ ਜੀ ਭੀ ਬੜੇ ਪਿਆਰ ਨਾਲ ਪੜ੍ਹਾਉਣ ਲਗ ਪਏ। ਸੰਤ ਜਨ ਵਿਦਿਆ ਵਿਚ ਤਤ ਪਰ ਹੁੰਦੇ ਹੋਇ ਭੀ ਆਪਣੇ ਨਿਤ ਨੇਮ, ਭਜਨ ਪਾਠ, ਸਤ ਸੰਤੋਖ,

ਖਿਮਾ ਆਦੀ ਸ਼ੁਭ ਗੁਣਾ ਕਰ ਕੇ ਸੁਸ਼ੋਭਿਤ ਰਹਿੰਦੇ ਸਨ, ਸੰਸਾਰ ਵਲੋਂ ਆਪ ਦੀ ਉਦਾਸੀਨ ਬ੍ਰਿਤੀ ਵੇਖ ਕੇ ਸ਼ਹਿਰ ਦੇ ਪ੍ਰੇਮੀ ਸ਼ਰਧਾ ਨਾਲ ਵੇਖਣ ਲਗ ਪਏ। ਕੁਝ ਚਿਰ ਬਾਅਦ ਆਪ ਦੀ ਮੰਗਿਆ ਪੰਜਾਬੀ ਸਾਧੂ ਕਰ ਕੇ ਪ੍ਰਸਿੱਧ ਹੋ ਗਈ, ਪ੍ਰਤੱਤਾ ਅਜਿਹੀ ਫੈਲੀ ਕਿ ਲੋਗੀ ਦਰਸ਼ਨ ਕਰਨ ਨੂੰ ਦੂਰੋਂ ਦੂਰੋਂ ਚਾਅ ਨਾਲ ਆਉਣ, ਪਰ ਸਾਰੇ ਸੰਤ ਸ਼੍ਰੀ ਗੁਰੂ ਜੀ ਦੀ ਆਗਿਆ ਨੂੰ ਸਨਮੁਖ ਰਖਦੇ ਹੁਇ ਪ੍ਰਵਿਰਤੀ ਵਿਚ ਪੈਣੋ ਸੰਕੋਚ ਹੀ ਰੱਖਣ, ਬਸ ਦੂਰੋਂ ਹੀ ਪ੍ਰਣਾਮ ਦਾ ਜਵਾਬ ਸਤਿਨਾਮ ਆਖ ਕੇ ਆਪਣੇ ਪੜ੍ਹਨ ਵਿਚ ਪ੍ਰਵਿਰਤ ਹੋ ਜਾਇਆ ਕਰਨ। ਕਿਸੇ ਯਾਤਰੂ ਨਾਲ ਵਿਸ਼ੇਸ਼ ਕਰ ਕੇ ਘੱਟ ਹੀ ਬੋਲਣ ਚਲਣ, ਹੁਣ ਤਾਂ ਪੜ੍ਹਨ ਲਈ ਜਿਸ ਰਸਤਿਓਂ ਜਾਂਦੇ, ਉਸ ਰਸਤੇ ਦਰਸ਼ਨ ਲਈ ਲੋਗੀ ਕਤਾਰਾਂ ਬੰਨ੍ਹ ਕੇ ਖੜੇ ਜਾਂਦੇ। ਕਈ ਪ੍ਰੇਮੀ ਫਲ ਫੁਲ ਭੇਟਾ ਦੇਣ ਲਈ ਹਥ ਅਗੇ ਵਧਾਉਂਦੇ, ਪਰ "ਦੇਹਿ ਨਾਮ ਸੰਤੋਖੀਆ ਉਤਰੈ ਮਨ ਕੀ ਭੁਖ" ਏਹ ਤੁਕ ਪੜ੍ਹਦੇ ਪੜ੍ਹਦੇ ਅੱਖਾਂ ਨੀਵੀਆਂ ਕਰ ਕੇ ਅਗਾਹਾਂ ਲੰਘ ਜਾਂਦੇ, ਇਸ ਗੱਲ ਦਾ ਪੰਡਿਤ ਹੋਰਾਂ ਨੂੰ ਵੀ ਪਤਾ ਲਗ ਗਿਆ, ਕਿ ਇਨ੍ਹਾਂ ਦੀ ਪਵਿਤ੍ਰ ਜ਼ਿੰਦਗੀ ਸਮਝ ਕੇ ਅਨੇਕਾਂ ਲੋਗੀ ਰਾਹ ਵਿਚ ਖੜੋ ਜਾਂਦੇ ਹਨ, ਤਾਂ ਆਪ ਵੀ ਹੋਰ ਪ੍ਰੀਤ ਨਾਲ ਪੜ੍ਹਾਉਣ ਲਗ ਪਏ, ਬਲਕਿ ਇਕ ਦਿਨ ਇਥੋਂ ਤਕ ਕਹਿ ਦਿਤਾ, ਕਿ ਮੈਂ ਵੀ ਆਪ ਦੇ ਉਚ ਆਚਰਣ ਦਾ ਸਨਮਾਨ ਕਰਦਾ ਹਾਂ, ਤੇ ਮੈਂ ਚਾਹੰਦਾ ਹਾਂ, ਕਿ ਆਪ ਨੂੰ ਆਪ ਦੇ ਆਸਨ ਤੇ ਹੀ ਸਵੇਰੇ ਪੜ੍ਹਾ ਆਇਆ ਕਰਾਂ, ਪਰ ਅਗੋਂ ਸਭ ਮਹਾਤਮਾ ਨੇ ਅਧਿਆਪਕ ਦੀ ਇਜ਼ਤ ਨੂੰ

ਸਨਮੁਖ ਰਖਦਿਆਂ ਹੋਇਆਂ ਨਿਮ੍ਰਤਾ ਨਾਲ ਆਖਿਆ, ਕਿ ਨਹੀਂ ਪੰਡਿਤ ਜੀ ਅਸੀਂ ਇਹ ਨਹੀਂ ਚਾਹੁੰਦੇ, ਬਲਕਿ ਵਿਦਿਆਰਥੀਆਂ ਦਾ ਜੁ ਫਰਜ਼ ਹੁੰਦਾ ਹੈ, ਓਹ ਪੂਰਾ ਪੂਰਾ ਨਿਬਾਉਣਾ ਚਾਹੁੰਦੇ ਹਾਂ।

ਇਸ ਤਰ੍ਹਾਂ ਵਿਦਯਾ ਦਾ ਅਭਯਾਸ ਕਰਦੇ ੯ ਵਰ੍ਹੇ ਗੁਜ਼ਰ ਗਏ ਆਪਦੀ ਸੋਭਾ ਸਾਰੇ ਫੈਲ ਗਈ, ਬਾਹਰੋਂ ਭੀ ਕਾਂਸ਼ੀ ਦੀ ਯਾਤ੍ਰਾ ਕਰਨ ਲਈ ਜੋ ਆਵੇ, ਪਹਿਲਾਂ ਉਹ ਵਿਸ਼ਵਨਾਥ ਮਹਾਦੇਵ, ਅੰਨ ਪੂਰਨਾ ਢੁੰਢੀ ਰਾਜ ਦੀ ਯਾਤਰਾ ਕਰਕੇ ਪੰਜਾਬੀ ਸਾਧੂਆਂ ਦੀ ਯਾਤਰਾ ਕਰਨੀ ਭੀ ਆਪਣੇ ਧੰਨ ਭਾਗ ਸਮਝੇ, ਇਸ ਤੋਂ ਸਿਵਾ ਕਾਂਸ਼ੀ ਦੇ ਲੋਗ ਤਾਂ ਆਪ ਨੂੰ ਸਤ ਵੱਕਤਾ, ਸਤ ਸੰਕਲਪ ਜਾਣ ਕੇ ਈਸ਼੍ਰਰ ਦੀ ਜੋਤ ਹੀ ਸਮਝਦੇ ਸਨ।

ਸੰਮਤ ੧੭੫੨ ਮਾਘ ਦਾ ਮਹੀਨਾ ਜਾ ਰਹਿਆ ਹੈ, ਇਨ੍ਹਾਂ ਦਿਨਾਂ 'ਚ ਰੱਬ ਦੀ ਨੇਤ ਪੰਡਿਤ ਰਾਮ ਪ੍ਰਸ਼ਾਦ ਦਾ ਪੁਤ੍ਰ ਜੈ ਰਾਮ ਜਿਸਦੀ ਉਮਰ ਅਜੇ ੨੧-੨੨ ਸਾਲ ਦੀ ਹੈ। ਸਰਦੀ ਨਾਲ ਬਿਮਾਰ ਹੋ ਗਿਆ, ਕੁਪੱਥ ਹੋ ਜਾਣ ਨਾਲ ਮੰਨ੍ਹ ਹੋ ਗਿਆ, ਮਾਤਾ ਪਿਤਾ, ਇਕੋ ਪੁਤ੍ਰ ਅਖਾਂ ਦੇ ਸਾਹਮਣੇ ਡਾਢ੍ਹਾਂ ਬਿਮਾਰ ਵੇਖ ਕੇ ਘਬਰਾ ਗਏ, ਬਥੇਰੇ ਇਲਾਜ ਕੀਤੇ, ਕੁਝ ਨਾ ਬਣਿਆ, ਸਗੋਂ ਬਿਮਾਰੀ ਵਧਦੀ ਗਈ। ਹਕੀਮਾਂ ਵੈਦਾਂ ਨਿਰਾਸਤਾ ਪ੍ਰਗਟ ਕਰ ਦਿਤੀ, ਆਖਰ ਕੋਈ ਚਾਰਾ ਨਾ ਸਮਝ ਕੇ ਪੁਤ੍ਰ ਨੂੰ ਹਥੋਂ ਜਾਂਦਾ ਵੇਖ ਪੰਜਾਬੀ ਸਾਧੂ ਯਾਦ ਆਏ, ਜਿਨ੍ਹਾਂ ਦੀ ਮਹਤੱਤਾ ਸ਼ਹਿਰ ਵਾਸੀ ਬਚੇ ਬਚੇ ਦੀ ਰਗ ਵਿਚ ਬੈਠੀ ਹੋਈ ਸੀ। ਪੁੱਤ੍ਰ ਨੂੰ ਗਰਮ ਕਪੜਿਆਂ ਵਿਚ ਵਲ੍ਹੇਟ ਕੇ ਸਣੇ

ਮੰਜੇ ਸਵੇਰੇ ਹੀ ਮਹਾਤਮਾ ਪਾਸ ਜਾ ਪੁਜੇ। ਅਗੋਂ ਸਾਰੇ ਸੰਤ ਦੇਖ ਕੇ ਹੈਰਾਨ ਰਹਿ ਗਏ। ਪੁਛਿਆ ਆਓ ਪੰਡਿਤ ਜੀ, ਕਿਵੇਂ ਆਏ ?

ਪੰਡਿਤ– "ਬਸ ਮਹਾਰਾਜ ਜੀ ਅਸਾਡੀ ਝੋਲੀ ਖੈਰ ਪਾਓ।"

ਸੰਤ– "ਹਾਂ ਦਸੋ ਪੰਡਿਤ ਜੀ ਕੀ ਗੱਲ ਹੈ ?"

ਪੰਡਿਤ– "ਬਚੇ ਨੂੰ ਪ੍ਰਾਣ ਬਖਸ਼ੋ।"

ਸੰਤ–"ਕੀ ਕੁਝ ਬਿਮਾਰ ਹੈ ?"

ਪੰਡਿਤ–"ਹਾਂ ਮਹਾਰਾਜ ਸੰਨੂ ਕਰ ਕੇ ਜਕੜਿਆ ਗਿਆ ਹੈ।"

ਸੰਤ–'ਤਾਂ ਫਿਰ ਕਿਸੇ ਚੰਗੇ ਵੈਦ ਪਾਸੋਂ ਇਲਾਜ ਕਰਾਓ।"

ਪੰਡਿਤ–"ਜੀ ਇਸ ਦੀ ਵਧ ਗਈ ਬਿਮਾਰੀ ਨੂੰ ਤਕ ਕੇ ਹਕੀਮਾਂ ਤਾਂ ਨਿਰਾਸਤਾ ਪ੍ਰਗਟ ਕਰ ਦਿਤੀ ਹੈ।"

ਸੰਤ–"ਫਿਰ ਈਸ਼ਵਰ ਅਗੇ ਪ੍ਰਾਰਥਨਾ ਕਰੋ ਅਸੀਂ ਤਾਂ ਇਸ ਜੋਗੇ ਨਹੀਂ।"

ਪੰਡਿਤ–"ਮੈਂ ਤਾਂ ਮਹਾਰਾਜ ਆਪ ਨੂੰ ਹੀ ਇਸ ਵੇਲੇ ਈਸ਼ਵਰ ਰੂਪ ਸਮਝ ਕੇ ਆਪ ਦੇ ਪਾਸ ਆਇਆ ਹਾਂ।"

ਅਗੋਂ ਸੰਤਾਂ ਆਖਿਆ ਕਿ ਪੰਡਿਤ ਜੀ ਅਸਾਡੇ ਕੁਝ ਵਸ ਨਹੀਂ। ਲੜਕੇ ਨੂੰ ਘਰ ਲੈ ਜਾਓ। ਹੁਣ ਜੋ ਰਾਮ ਦੇ ਮਾਤਾ ਪਿਤਾ ਅਤੀ ਨਿਰਾਸ ਹੋ ਚੁਕੇ ਸਨ। ਆਖਰ ਉਦਾਸੀਨ ਹੁੰਦੇ ਹੋਇ ਪੁਤ੍ਰ ਨੂੰ ਸੰਤਾਂ ਦੇ ਆਸਰੇ ਛਡ ਆਏ ਤੇ ਆਖ ਆਏ,

ਕਿ ਮਹਾਰਾਜ ਏਹ ਹੁਣ ਆਪਦਾ ਹੀ ਲੜਕਾ ਹੈ, ਰਖੋ ਭਾਵੇਂ ਮਾਰੋ। ਇਤਨਾ ਸੁਣਕੇ ਸਾਰੇ ਸੰਤਾਂ ਦੇ ਨੇਤ੍ਰਾਂ 'ਚ ਅੰਸੂ ਭਰ ਆਏ। ਇਕ ਤਾਂ ਜੈ ਰਾਮ ਦੇ ਮਾਤਾ ਪਿਤਾ ਨੂੰ ਡਾਢਾ ਦੁਖੀ ਵੇਖ ਕੇ, ਦੂਜਾ ਦਿਲ ਵਿਚ ਇਹ ਵੀ ਖਿਆਲ ਆਇਆ, ਕਿ ਸਤਿਗੁਰੂ ਨਾਨਕ ਦੇਵ, ਸਾਹਿਬ ਸ਼੍ਰੀ ਗੋਬਿੰਦ ਸਿੰਘ ਜੀ, ਅਸਾਡੇ ਉਤੇ ਲੋਗੀ ਇਥੋਂ ਤਕ ਵਿਸ਼ਵਾਸ਼ ਕਰੀ ਬੈਠੇ ਹਨ। ਅਸੀਂ ਤਾਂ ਆਪ ਦੇ ਨਿਮਾਣੇ ਸੇਵਕ ਹਾਂ,ਪਰ ਹੇ ਸਤਿਗੁਰੂ! ਏਹ ਸਭ ਤੇਰੀ ਵਡਿਆਈ ਹੈ। ਅਜ ਕਰਮ ਵਸ ਪ੍ਰੀਖਿਆ ਵਿਚ ਪੈ ਗਏ ਹਾਂ। ਮੇਹਰ ਕਰੋ, ਦਇਆ ਕਰੋ, ਆਪਣੇ ਬਿਰਦ ਬਾਣੇ ਦੀ ਲਾਜ ਰਖੋ। ਉਪ੍ਰੰਤ ਸਾਰੇ ਸੰਤਾਂ ਨੇ ਜੈ ਰਾਮ ਦੇ ਮੂੰਹ ਤੋਂ ਪੱਲਾ ਲਾਹਿਆ, ਥੋੜਾ ਪਾਣੀ ਗਰਮ ਕੀਤਾ। ਮੂਲ ਮੰਤ੍ਰ ਸ਼੍ਰੀ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਪੜ੍ਹ ਕੇ ਸਤਿਗੁਰੂ ਨਾਨਕ ਦੇਵ ਜੀ ਦਿਆਂ ਚਰਨਾਂ ਦਾ ਧਿਆਨ ਕਰਕੇ ਦੋ ਚਾਰ ਚਮਚੇ ਉਸ ਦੇ ਮੂੰਹ ਵਿਚ ਪਾਏ, ਬਸ ਓਹ ਜਲ ਸੀ, ਜਾਂ ਸਾਰੀਆਂ ਬਿਮਾਰੀਆਂ ਦਾ ਕੀ, ਜਨਮ ਮਰਣ ਆਦੀ ਰੋਗਾਂ ਦੇ ਨਾਸ਼ ਕਰਨ ਵਾਲਾ ਅੰਮ੍ਰਿਤ ਸੀ। 'ਜੋ ਜੋ ਚਿਤ ਵਹਿ ਸੰਤ ਜਨ ਸੋ ਲੇਤਾ ਮਾਨ' ਵਾਕ ਅਨੁਸਾਰ ਜੈ ਰਾਮ ਨੂੰ ਚੈਤੰਨਤਾ ਆਉਣੀ ਸ਼ੁਰੂ ਹੋ ਗਈ, ਹੌਲੀ ਹੌਲੀ ਫਰਕ ਪੈਂਦਾ ਪੈਂਦਾ ਸੰਧਿਆ ਵੇਲੇ ਮਾਤਾ ਪਿਤਾ ਨੂੰ ਯਾਦ ਕਰਨ ਲਗ ਪਿਆ। ਉਧਰੋਂ ਉਸ ਦੇ ਮਾਤਾ ਪਿਤਾ ਵੀ ਆਪਣੇ ਵਲੋਂ ਅਖੀਰੀ ਅਲਖ ਮੁਕਾਣ ਲਈ ਪੁਜ ਗਏ। ਪੁਤ੍ਰ ਨੂੰ ਜ਼ਰਾ ਹੋਸ਼ ਵਿਚ ਆਇਆ ਵੇਖ ਕੇ ਗਦ ਗਦ ਹੋ ਗਏ। ਨਾਲ ਹੀ ਇਨ੍ਹਾਂ ਨੂੰ

ਸੰਤਾਂ ਆਖਿਆ, ਕਿ ਤੁਸਾਂ ਢੰਗਾ ਨਹੀਂ ਸੀ ਕੀਤਾ, ਪਰ ਹੱਛਾ ਹੋਣਹਾਰ ਇਸੇ ਤਰ੍ਹਾਂ ਦੀ ਸੀ। ਹੁਣ ਅਰਾਮ ਨਾਲ ਘਰ ਲੈ ਜਾਓ, ਮਾਤਾ ਪਿਤਾ ਮੰਜਾ ਉਠਵਾ ਕੇ ਲੈ ਆਏ, ਈਸ਼ਵਰ ਤੇ ਸੰਤਾਂ ਦੀ ਕ੍ਰਿਪਾ ਨਾਲ ਕੁਝ ਦਿਨਾਂ ਦੇ ਬਾਅਦ ਰਾਜ਼ੀ ਹੋ ਗਿਆ ਕਾਂਸ਼ੀ ਵਿਚ ਸੰਤਾਂ ਦਾ ਵੱਡਾ ਜਸ ਹੋਇਆ। ਫਿਰ ਇਕ ਦਿਨ ਬਹੁਤ ਸਾਰੀ ਭੇਟਾ ਲੈਕੇ ਪੁਤ੍ਰ ਨੂੰ ਸੰਤਾਂ ਦੀ ਚਰਨੀ ਜਾ ਪਾਇਆ, ਤੇ ਆਖਿਆ ਕਿ ਮਾਹਾਰਾਜ ਸਚਮੁਚ ਏਹ ਮੇਰਾ ਲੜਕਾ ਨਹੀਂ, ਹੁਣ ਆਪ ਦਾ ਹੀ ਹੈ ਤੇ ਆਪ ਦਾ ਹੀ ਸੇਵਕ ਹੋ ਕੇ ਰਹੇਗਾ। ਅਗੋਂ ਸੰਤਾਂ ਆਖਿਆ ਕਿ ਹੱਛਾ ਪੰਡਿਤ ਜੀ ਏਹ ਤਾਂ ਅੰਨ ਜਲ ਦੇ ਅਖਤਿਆਰ ਹੈ। ਜਿਸ ਤਰ੍ਹਾਂ ਦਾ ਯੋਗ ਹੋਵੇਗਾ ਬਣ ਜਾਏਗਾ। ਪ੍ਰਣਾਮ ਕਰ ਕੇ ਘਰ ਵਲ ਮੁੜ ਪਏ, ਰਸਤੇ ਵਿਚ ਮੁੜ ਕੇ ਪੁਛਿਆ ਕਿ ਪਿਤਾ ਜੀ ਆਪਣੀ ਸੇਰ ਤੇ ਸ਼੍ਰੀ ਵਿਸ਼ਵਨਾਥ ਮਹਾਂਦੇਵ ਜੀ ਦੀ ਪੂਜਾ ਛੁੜਾ ਕੇ ਇਨ੍ਹਾਂ ਪੰਜਾਬੀ ਸਾਧੂਆਂ ਦਾ ਸੇਵਕ ਮੈਨੂੰ ਕਿਉਂ ਬਣਾ ਰਹੇ ਹੋ। ਪਿਤਾ ਨੇ ਪਿਛਲੀ ਸਾਰੀ ਗੱਲ ਸੁਣਾ ਕੇ ਦਸਿਆ, ਕਿ ਪੁਤ੍ਰ ਤੇਰੇ ਵਲੋਂ ਤਾਂ ਅਸੀਂ ਬਿਲਕੁਲ ਨਿਰਾਸ ਹੋ ਚੁਕੇ ਸਾਂ, ਹਕੀਮਾਂ ਵੈਦ ਜਵਾਬ ਦੇ ਦਿਤਾ ਸੀ। ਆਖਰ ਮਹਾਤਮਾ ਪਾਸ ਛਡ, ਏਹ ਆਖਰ ਆਖ ਕੇ ਘਰ ਮੁੜ ਆਏ ਸਾਂ, ਕਿ ਮਹਾਰਾਜ ਏਹ ਹੁਣ ਆਪਦਾ ਹੀ ਸੇਵਕ ਹੈ, ਰਖੋ ਭਾਵੇਂ ਮਾਰੋ। ਏਹ ਰਖਦੇ ਨਹੀਂ ਸਨ, ਪਰ ਅਸੀ ਦੁਖੀ ਹੋ ਕੇ ਤੈਨੂੰ ਇਨ੍ਹਾਂ ਦੀ ਸ਼ਰਨ ਵਿਚ ਛਡ ਗਏ। ਪਿਛੋਂ ਇਨ੍ਹਾਂ ਨੇ ਅਪਣੇ ਗੁਰੂ ਜੀ ਦਾ ਆਸਰਾ ਲੈ ਕੇ ਤੇਰੇ ਸਿਰ ਤੇ ਕੋਈ ਅਜਿਹਾ ਹਥ ਫੇਰਿਆ, ਕਿ ਅਣਹੋਂਦ

ਗਲ ਨੂੰ ਹੋਂਦ ਵਾਲੀ ਬਣਾ ਦਿਤਾ। ਏਹ ਸੁਣ ਕੇ ਜੈ ਰਾਮ ਬੜਾ ਪ੍ਰਸੰਨ ਹੋਇਆ, ਤੇ ਆਖਣ ਲਗਾ ਕਿ ਪਿਤਾ ਜੀ ਜੇਕਰ ਇਹ ਗੱਲ ਸੱਚੀ ਹੈ ਆਪ ਆਪਣੀ ਮੇਰ ਭਾਵ ਛਡ ਕੇ ਮਹਾਤਮਾ ਦਾ ਦਾਸ ਬਣਾ ਚੁਕੇ ਹੋ, ਤਾਂ ਮੈਨੂੰ ਆਪਣੇ ਘਰ ਲੈ ਜਾਣ ਲਈ ਤੁਸੀ ਕੀ ਹੱਥ ਰਖਦੇ ਹੋ, ਪਿਤਾ ਨੇ ਸਚਿ-ਆਈ ਭਰਿਆ ਉਤਰ ਦਿਤਾ ਕਿ ਹਾਂ ਪੁਤਰ ਕੋਈ ਹੱਕ ਨਹੀਂ, ਬਸ ਇਤਨੀ ਗੱਲ ਸੁਣਕੇ ਰਸਤੇ ਵਿਚੋਂ ਹੀ ਪਿਛਾਂਹ ਮੁੜ ਪਿਆ ਤੇ ਸੰਤਾਂ ਦੇ ਚਰਨਾਂ ਉਤੇ ਸਿਰ ਜਾ ਰਖਿਆ। ਅਗੋਂ ਸਾਰੇ ਮਹਾਤਮਾ ਜੈ ਰਾਮ ਦਾ ਪੂਰਾ ਪੂਰਾ ਵਿਸ਼ਵਾਸ ਵੇਖ ਕੇ ਅਤੀ ਪ੍ਰਸੰਨ ਹੋਏ, ਪਿਆਰ ਨਾਲ ਕੋਲ ਬਿਠਾਲ ਲਿਤਾ, ਫਿਰ ਤਾਂ ਜੈ ਰਾਮ ਨੇ ਭੀ ਆਪਣੇ ਆਪ ਨੂੰ ਦਾਸ ਭਾਵ ਮੰਨ ਕੇ ਤਨ ਤੇ ਮਨ ਸੰਤਾਂ ਦੇ ਅਜਿਹਾ ਅਰਪਨ ਕਰ ਦਿਤਾ ਕਿ ਰਾਤ ਦਿਨ ਸੇਵਾ ਅਤੇ ਵਿਦਯਾ ਪੜ੍ਹਨ ਤੋਂ ਬਿਨਾਂ ਕਿਸੀ ਚੀਜ਼ ਦਾ ਧਿਆਨ ਹੀ ਨਾ ਕਰਿਆ ਕਰੇ, ਇਸ ਤਰ੍ਹਾਂ ਜਦ ਇਕ ਵਰ੍ਹਾ ਸੇਵਾ ਕਰਦਿਆਂ ਬੀਤ ਗਿਆ, ਤਾਂ ਸਭਨਾਂ ਸੰਤਾਂ ਦੀ ਇਛਾ ਅਨੁਸਾਰ ਸ਼੍ਰੀ ਮਾਨ ਪੰਡਿਤ ਕਰਮ ਸਿੰਘ ਜੀ ਨੇ ਆਪਣੀ ਚਰਨ ਪਾਹੁਲ ਦੇ ਕੇ ਸ਼ਿਸ਼ ਬਣਾਯਾ ਤੇ ਨਾਮ **ਜੈ ਸਿੰਘ** ਰਖਿਆ।

ਸੰਮਤ ੧੭੫੬ ਵਿਚ ਜਦ ਇਹ ਸੁਣਿਆ ਕਿ ਸ੍ਰੀ ਦਸਮੇਸ਼ ਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਕ੍ਰਿਪਾਨ ਧਾਰੀ ਖਾਲਸਾ ਪੰਥ ਪ੍ਰਗਟ ਕੀਤਾ ਹੈ ਤਾਂ ਸਾਰੇ ਸੰਤ ਸ੍ਰੀ ਗੁਰੂ ਜੀ ਦਿਆਂ ਦਰਸ਼ਨਾਂ ਲਈ ਪੰਜਾਬ ਆਉਣ ਨੂੰ ਤਿਆਰ ਹੋ ਗਏ,

ਗਲ ਨੂੰ ਹੋਂਦ ਵਾਲੀ ਬਣਾ ਦਿਤਾ। ਏਹ ਸੁਣ ਕੇ ਜੈ ਰਾਮ ਬੜਾ ਪ੍ਰਸੰਨ ਹੋਇਆ, ਤੇ ਆਖਣ ਲਗਾ ਕਿ ਪਿਤਾ ਜੀ ਜੇਕਰ ਇਹ ਗੱਲ ਸੱਚੀ ਹੈ ਆਪ ਆਪਣੀ ਮੇਰ ਭਾਵ ਛਡ ਕੇ ਮਹਾਤਮਾ ਦਾ ਦਾਸ ਬਣਾ ਚੁਕੇ ਹੋ, ਤਾਂ ਮੈਨੂੰ ਆਪਣੇ ਘਰ ਲੈ ਜਾਣ ਲਈ ਤੁਸੀ ਕੀ ਹੱਥ ਰਖਦੇ ਹੋ, ਪਿਤਾ ਨੇ ਸਚਿ-ਆਈ ਭਰਿਆ ਉਤਰ ਦਿਤਾ ਕਿ ਹਾਂ ਪੁਤਰ ਕੋਈ ਹੱਕ ਨਹੀਂ, ਬਸ ਇਤਨੀ ਗੱਲ ਸੁਣਕੇ ਰਸਤੇ ਵਿਚੋਂ ਹੀ ਪਿਛਾਂਹ ਮੁੜ ਪਿਆ ਤੇ ਸੰਤਾਂ ਦੇ ਚਰਨਾਂ ਉਤੇ ਸਿਰ ਜਾ ਰਖਿਆ। ਅਗੋਂ ਸਾਰੇ ਮਹਾਤਮਾ ਜੈ ਰਾਮ ਦਾ ਪੂਰਾ ਪੂਰਾ ਵਿਸ਼ਵਾਸ ਵੇਖ ਕੇ ਅਤੀ ਪ੍ਰਸੰਨ ਹੋਏ, ਪਿਆਰ ਨਾਲ ਕੋਲ ਬਿਠਾਲ ਲਿਤਾ, ਫਿਰ ਤਾਂ ਜੈ ਰਾਮ ਨੇ ਭੀ ਆਪਣੇ ਆਪ ਨੂੰ ਦਾਸ ਭਾਵ ਮੰਨ ਕੇ ਤਨ ਤੇ ਮਨ ਸੰਤਾਂ ਦੇ ਅਜਿਹਾ ਅਰਪਨ ਕਰ ਦਿਤਾ ਕਿ ਰਾਤ ਦਿਨ ਸੇਵਾ ਅਤੇ ਵਿਦਜਾ ਪੜ੍ਹਨ ਤੋਂ ਬਿਨਾਂ ਕਿਸੀ ਚੀਜ਼ ਦਾ ਧਿਆਨ ਹੀ ਨਾ ਕਰਿਆ ਕਰੇ, ਇਸ ਤਰ੍ਹਾਂ ਜਦ ਇਕ ਵਰ੍ਹਾ ਸੇਵਾ ਕਰਦਿਆਂ ਬੀਤ ਗਿਆ, ਤਾਂ ਸਭਨਾਂ ਸੰਤਾਂ ਦੀ ਇਛਾ ਅਨੁਸਾਰ ਸ਼੍ਰੀ ਮਾਨ ਪੰਡਿਤ ਕਰਮ ਸਿੰਘ ਜੀ ਨੇ ਆਪਣੀ ਚਰਨ ਪਾਹੁਲ ਦੇ ਕੇ ਸ਼ਿਸ਼ ਬਣਾਯਾ ਤੇ ਨਾਮ **ਜੈ ਸਿੰਘ** ਰਖਿਆ।

ਸੰਮਤ ੧੭੫੬ ਵਿਚ ਜਦ ਇਹ ਸੁਣਿਆ ਕਿ ਸ੍ਰੀ ਦਸਮੇਸ਼ ਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਕ੍ਰਿਪਾਨ ਧਾਰੀ ਖਾਲਸਾ ਪੰਥ ਪ੍ਰਗਟ ਕੀਤਾ ਹੈ ਤਾਂ ਸਾਰੇ ਸੰਤ ਸ੍ਰੀ ਗੁਰੂ ਜੀ ਦਿਆਂ ਦਰਸ਼ਨਾਂ ਲਈ ਪੰਜਾਬ ਆਉਣ ਨੂੰ ਤਿਆਰ ਹੋ ਗਏ,

ਖਿਆਲ ਨੂੰ ਰਖ ਕੇ ਕਿ ਗੁਰੂ ਸਾਹਿਬ ਦੇ ਸਿਧਾਂਤ ਦਾ ਪ੍ਰਚਾਰ ਹੋਣਾ ਸਦਾ ਲਈ ਇਥੇ ਜ਼ਰੂਰੀ ਹੈ, ਇਸੇ ਲਈ ਸ੍ਰੀ ਮਾਨ ਪੰਡਿਤ ਕਰਮ ਸਿੰਘ ਜੀ ਨੇ ਆਪਣੇ ਸ਼ਿਸ਼ ਮਹਾਰਾਜ ਸੰਤ ਜੈ ਸਿੰਘ ਹੋਰਾਂ ਨੂੰ ਬੁਲਾ ਕੇ ਕਿਹਾ ਕਿ ਭਾਈ ਇਸ ਅਸਥਾਨ ਅਸਾਂ ਕਈ ਵਰ੍ਹੇ ਨਿਵਾਸ ਕੀਤਾ ਹੈ, ਇਸ ਵਾਸਤੇ ਇਸ ਨੂੰ ਬਿਲਕੁਲ ਸੁੰਨਾ ਛਡਣਾ ਠੀਕ ਨਹੀਂ, ਤੂੰ ਇਥੇ ਹੀ ਰਹਿਕੇ ਭਜਨ ਪਾਠ ਵਿਚ ਆਪਣੇ ਦਿਨ ਬਿਤਾ ਤੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਸਿਧਾਂਤ ਦਾ ਪ੍ਰਚਾਰ ਕਰਦਾ ਰਹੋ। ਮਹਾਰਾਜ ਜੈ ਸਿੰਘ ਹੋਰਾਂ ਦਾ ਪੰਜਾਬ ਜਾਣ ਨੂੰ ਭਾਂਵੇਂ ਦਿਲ ਬੜਾ ਚਾਹੁੰਦਾ ਸੀ ਪਰ ਆਪਣੇ ਪੂਜ ਮਹਾਤਮਾ ਦੀ ਆਗਿਆ ਨੂੰ ਮੰਨਣਾ ਇਕ ਖਾਸ ਧਰਮ ਸਮਝ ਕੇ ਸਤਬਚਨ ਕੀਤਾ, ਦੂਜੇ ਦਿਨ ਤਿਆਰ ਹੋਏ ਪ੍ਰੇਮੀਆਂ ਦੀ ਭੀੜ ਲਗ ਗਈ, ਆਖਰ ਸਤਿਸੰਗੀਆਂ ਨੂੰ ਕਈ ਤਰ੍ਹਾਂ ਦੀਆਂ ਸਿਖਿਆ ਦਿੰਦੇ ਹੋਏ ਕਾਂਸ਼ੀ ਛਡ ਪੰਜਾਬ ਵਲ ਤੁਰ ਪਏ, ਹੌਲੀ ੨ ਸਾਰੇ ਸਤਿ-ਸੰਗੀਆਂ ਨੂੰ ਪਿਛਾਂਹ ਮੋੜਦੇ ਗਏ, ਤਿੰਨ ਮੀਲ ਤਕ ਮਹਾਰਾਜ ਜੈ ਸਿੰਘ ਜੀ ਵੀ ਨਾਲ ਗਏ, ਆਖਰ ਥਾਪੀ ਦੇ ਕੇ ਪਿਛਾਂਹ ਮੋੜ ਦਿਤੇ।

ਕਾਂਸ਼ੀਓਂ ਤੁਰੇ ਮਹਾਤਮਾ ਹੌਲੀ ੨ ਅਯੁੱਧਜਾ, ਲਖਨਊ, ਹਰੀਦੁਆਰ ਤੋਂ ਹੁੰਦੇ ਹੋਏ ਦੋ ਤਿੰਨ ਮਹੀਨਿਆਂ ਤਕ ਆਨੰਦਪੁਰ ਸਾਹਿਬ ਪੁਜੇ, ਦੂਜੇ ਦਿਨ ਨਹਾ ਧੋ ਪਵਿਤ੍ਰ ਹੋ ਕੇ ਹਥ ਵਿਚ ਪੰਜ ਪੰਜ ਦਾਤਨਾਂ ਪੁਸ਼ਪ ਪੱਤ੍ਰ ਪ੍ਰਸ਼ਾਦ ਲੈ ਕੇ ਭਰੇ ਦੀਵਾਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਿਆਂ ਚਰਨਾਂ 'ਚ

ਜਾ ਹਾਜਰ ਹੋਏ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਦਿਲੋਂ ਗਦ ਗਦ ਹੋ ਗਏ, ਮਹਾਰਾਜ ਜੀ ਭੀ ਆਪਣੇ ਆਗਜ਼ਾ ਪਾਤ੍ਰ ਸੰਤਾਂ ਨੂੰ ਵੇਖ ਕੇ ਅਤੀ ਪ੍ਰਸੰਨ ਹੋਏ, ਪ੍ਰਸਪਰ ਆਨੰਦ ਮੰਗਲ ਪੁਛਿਆ। ਗੁਰੂ ਜੀ ਨੇ ਸਭ ਨੂੰ ਆਗਿਆ ਪਾਲਨ ਪੁਰ ਆਸ਼ੀਰਵਾਦ ਦਿਤੀ, ਅਤੇ ਸਭ ਦੀ ਸਾਤ੍ਵਕ ਅਤੀਤ ਬ੍ਰਿਤੀ ਦੇਖਕੇ ਪ੍ਰਸੰਨ ਹੁੰਦੇ ਹੋਏ ਭਰੇ ਦੀਵਾਨ ਵਿਚ ਇਹ ਵਾਕ ਕਹੇ:-

## ਕਬਿਤ

ਕਾਹੂੰ ਸੋ ਨ ਰਾਖੈ, ਦ੍ਵੈਖ ਹੂੰ ਨ ਕਾਹੂ ਸੰਗ
ਲੋਕ ਕੁਲ ਲਾਜ ਖਟ ਪਟੋ ਜਿਨ ਨਾਕੋ ਹੈ ॥
ਨਿਮ੍ਰਤਾ ਸੋਂ ਭਰੇ ਰਿਦੇ, ਨਿਪੁੱਨਤਾ ਧਰੇ ਰਰੇ
ਰਾਮ ਕ੍ਰਿਸ਼ਨ ਹਰੇ ਪਰੰ ਬ੍ਰਹਮ ਬੋਧ ਜਾਕੋ ਹੈ ॥
ਨਿਗਮ ਪ੍ਰਵਾਹ ਨਿਤਜ ਜਿਨਕੇ ਨਿਹਾਲ ਸਿੰਘ
ਗਿਰਾ ਗੁਰੂ ਗ੍ਰੰਥ ਕੋ ਮੈਂ ਜਾਕੋ ਪ੍ਰੇਮ ਬਾਕੋ ਹੈ॥
ਨਿਤਾ ਪ੍ਰਤਾ ਨਿਰੋਪਾਧਿ ਅਹੰ ਬ੍ਰਹਮ ਬੋਧ ਜਾਕੇ
ਦ੍ਵੈਤ ਮਲ ਕਾਟੀ ਨਿਰਮਲੇ ਨਾਮ ਯਾਕੋ ਹੈ ॥
(ਕਵੀ ਨਿਹਾਲ ਸਿੰਘ)

ਉਪ੍ਰੰਤ ਗੁਰੂ ਸਾਹਿਬ ਜੀ ਦੀ ਆਗਿਆ ਨਾਲ ਇਕ ਖੁਲ੍ਹੇ ਅਸਥਾਨ ਵਿਚ ਜਾ ਡੇਰਾ ਕੀਤਾ, ਜਿਥੇ ਰਹਿਕੇ ਥੋੜੇ ਦਿਨਾਂ ਦੇ ਬਾਅਦ ਸ਼ਾਸਤ੍ਰ ਵਿਦਜਾ ਦਾ ਭੰਡਾਰਾ ਖੋਲ੍ਹ ਦਿਤਾ, ਹੁਣ ਤਾਂ ਆਪਣੇ ਘਰ ਵਿਦਜਾ ਆਈ ਸਮਝ ਕੇ ਅਨੇਕਾਂ ਸਿਖ

ਸਾਧੂ ਸ਼ਾਸਤ੍ਰ ਵਿਦਯਾ 'ਚ ਪ੍ਰਵਿਰਤ ਹੋ ਗਏ, ਭਾਈ ਨੰਦ ਲਾਲ ਸਾਹਿਬ ਜੀ ਦੇ ਅਸਥਾਨ ਵਾਂਗ ਆਪਦੇ ਡੇਰੇ ਵੀ ਪੜ੍ਹਨ ਪੜ੍ਹਾਣ ਦੀ ਗਹਿਮਾ ਗਹਿਮ ਲਗੀ ਰਹੇ, ਧਾਰਮਕ ਪ੍ਰਚਾਰ ਤੇ ਹੋਰ ਅਨੇਕ ਤਰ੍ਹਾਂ ਦੇ ਉਤਸ਼ਾਹ ਹੁੰਦੇ ਰਿਹਾ ਕਰਨ, ਇਸ ਤਰ੍ਹਾਂ ਆਨੰਦਪੁਰ ਸਾਹਿਬ ਸਭ ਮਹਾਤਮਾ ਪ੍ਰਸੰਨਤਾ ਪੂਰਵਕ ਦਿਨ ਬਤੀਤ ਕਰਦੇ ਰਹੇ।

ਕੁਝ ਚਿਰ ਬਾਅਦ ਪੰਡਿਤ ਗੰਡਾ ਸਿੰਘ ਜੀ, ਪੰਡਿਤ ਬੀਰ ਸਿੰਘ ਜੀ, ਪੰਡਿਤ ਰਾਮ ਸਿੰਘ ਜੀ, ਪੰਡਿਤ ਸੋਭਾ ਸਿੰਘ ਜੀ ਅਲਗ ੨ ਗੁਰਧਾਮਾਂ ਦੀ ਯਾਤਰਾ ਕਰਨ ਚਲੇ ਗਏ। ਜਿਥੇ ੨ ਗਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਸਿਧਾਂਤ ਦਾ ਪ੍ਰਚਾਰ ਕਰਦੇ ਰਹੇ।

ਉਧਰ **ਸ੍ਰੀ ਸੰਤ ਜੈ ਸਿੰਘ ਜੀ** ਦਾ ਦਿਲ ਭਾਵੇਂ ਨਾਲ ਆਉਣ ਨੂੰ ਬੇਕਰਾਰ ਸੀ, ਪਰ ਆਪਣੇ ਪੂਜਯ ਮਹਾਂ-ਪੁਰਸ਼ਾਂ ਦੀ ਆਗਿਆ ਨੂੰ ਇਕ ਈਸ਼ਵਰੀ ਹੁਕਮ ਸਮਝ ਕੇ ਪ੍ਰਵਾਣ ਕੀਤਾ। ਕਈ ਦਿਨ ਪਹਿਲਾਂ ਨਿਰਾਸਤਾ ਵਿਚ ਬਿਤਾਏ। ਆਖਰ ਭਜਨ ਪਾਠ ਤੇ ਵਿਦਿਆ ਅਧੈਨ ਵਿਚ ਪਰਚ ਗਏ। ਕਾਂਸ਼ੀ ਦੇ ਪ੍ਰੇਮੀ ਆਪਨੂੰ ਉਨ੍ਹਾਂ ਹੀ ਮਹਾਤਮਾ ਦਾ ਸਰੂਪ ਸਮਝ ਕੇ ਦਰਸ਼ਨ ਲਈ ਆ ਇਆ ਕਰਦੇ ਤੇ ਪ੍ਰਮੇਸ਼ਵਰ ਸੰਬੰਧੀ ਕਥਾਵਾਂ ਨੂੰ ਸੁਣ ਕੇ ਬੜੇ ਪ੍ਰਸੰਨ ਹੋਇਆ ਕਰਦੇ। ਆਪ ਨੇ ਵੀ ਆਪਣੀ ਰਹੁ ਰੀਤੀ ਅਪਣੇ ਮਹਾਤਮਾ ਵਾਂਗ ਹੀ ਰਖੀ, ਜਿਸ ਕਰ ਕੇ ਅਨੇਕਾਂ ਦਰਸ਼ਨਾ ਭਿਲਾਖੀ

ਆਪ ਦੇ ਪਾਸ ਸਾਰਾ ਦਿਨ ਆਵਾਜਾਈ ਰਖਦੇ, ਪਰ ਦੂਜਿਆਂ ਦਾ ਹਰ ਵੇਲੇ ਅਪਣੇ ਪਾਸ ਆਉਣਾ ਜਾਣਾ ਅਪਣੇ ਪਠਨ ਪਾਠਨ ਵਿਚ ਰੁਕਾਵਟ ਦੇਖਕੇ ਸਤਿਸੰਗੀ ਯਾਤਰੂਆਂ ਲਈ ਸ਼ਾਮ ਦੇ ਦੋ ਘੰਟੇ ਨਿਯਤ ਕਰ ਦਿਤੇ, ਹੁਣ ਰੋਜ਼ ਦੇ ਨੇਮੀ ਜਾਂ ਕੋਈ ਯਾਤਰੂ ਆਉਣ ਤਾਂ ਇਨ੍ਹਾਂ ਦੋਹਾਂ ਘੰਟਿਆਂ ਦੇ ਅੰਦਰ ਅੰਦਰ ਆਇਆ ਕਰਨ, ਇਸ ਤਰ੍ਹਾਂ ਆਪ ਦੀ ਰਹਿਣੀ ਬਹਿਣੀ ਪਹਿਲੇ ਮਹਾਤਮਾ ਵਾਂਗ ਰਹੀ। ਜਿਸ ਕਰ ਕੇ ਅਸਥਾਨ ਦੀ ਸ਼ੋਭਾ ਹੋਰ ਭੀ ਵਧਦੀ ਗਈ।

ਆਪ ਦਾ ਦਿਲ ਹਮੇਸ਼ਾ ਸਾਹਿਬਾਂ ਦੇ ਦਰਸ਼ਨ ਲਈ ਆਨੰਦ ਪੁਰ ਸਾਹਿਬ ਜਾਣ ਨੂੰ ਭਟਕਦਾ ਰਹਿੰਦਾ ਸੀ, ਪਰ ਮਹਾਰਾਜ ਕਰਮ ਸਿੰਘ ਜੀ ਦੀ ਆਗਿਆ ਨੂੰ ਉਡੀਕਦੇ ਰਹਿੰਦੇ ਸਨ। ਇਸੇ ਉਡੀਕ ਵਿਚ ਪੰਜ ਵਰ੍ਹੇ ਗੁਜ਼ਰ ਗਏ। ਜਦ ਸੰਮਤ ੧੭੬੧ ਵਿਚ ਸਾਹਿਬਾਂ ਦੇ ਅਨੰਦ ਪੁਰ ਸਾਹਿਬ ਛਡ ਜਾਣ ਦੀ ਤੇ ਜੰਗਾਂ ਜੁਧਾਂ ਦੀ ਖਬਰ ਪੁਜੀ ਤਾਂ ਦਿਲ ਬੜਾ ਉਦਾਸ ਹੋ ਗਿਆ, ਪੰਜਾਬ ਆਉਣ ਨੂੰ ਜੀਅ ਕਰੇ, ਪਰ ਮਹਾਰਾਜ ਪੰਡਿਤ ਕਰਮ ਸਿੰਘ ਜੀ ਦੀ ਕੋਈ ਖਬਰ ਨਾ ਆਉਣ ਕਰ ਕੇ ਅਸਥਾਨ ਨੂੰ ਇਕਲਿਆਂ ਛਡਣਾ ਅਯੋਗ ਜਿਹਾ ਭਾਸੇ, ਇਸ ਤਰ੍ਹਾਂ ਕੁਝ ਸਮਾਂ ਹੋਰ ਗੁਜ਼ਰ ਜਾਣ ਤੋਂ ਬਾਅਦ **ਸ੍ਰੀ ਸੰਤ ਮੇਹਰ ਸਿੰਘ ਜੀ** ਸੰਮਤ ੧੭੬੨ ਨੂੰ ਆਪ ਦੇ ਚਰਣਾਂ 'ਚ ਆਏ। ਇਸ ਸਾਲ ਜਦ ਕਾਂਸ਼ੀ ਦਾ ਮੇਲਾ ਆਇਆ, ਦੂਰ ਦੂਰ ਦੇ ਯਾਤਰੂ ਬਨਾਰਸ ਆਏ, ਤਾਂ ਨਾਲ ਆਪ ਭੀ ਸਣੇ ਹੋਰਨਾਂ ਸੰਬੰਧੀਆਂ ਦੇ ਕਾਂਸ਼ੀ ਯਾਤ੍ਰਾ ਲਈ

ਪੁਜੇ । ਮਨੀ.ਕਰਣ ਦੇ ਘਾਟ ਕੋਲ ਇਕ ਮੰਦਰ ਵਿਚ ਡੇਰਾ ਕੀਤਾ । ਸਵੇਰੇ ਨਹਾ ਧੋ ਕੇ ਪਹਿਲਾਂ ਸ੍ਰੀ ਵਿਸ਼ਵ ਨਾਥ ਮਹਾ ਦੇਵ ਦੀ ਯਾਤ੍ਰਾ ਕੀਤੀ । ਉਪ੍ਰੰਤ ਅੰਨਪੂਰਨਾ, ਢੂੰਢੀ ਰਾਜ ਦੀ ਯਾਤ੍ਰਾ ਕਰ ਕੇ ਫਿਰ ਸ਼ਹਿਰੋਂ ਬਾਹਰ ਦੀਆਂ ਯਾਤਰਾਂ ਕਰਦਿਆਂ ਹੋਇਆਂ ਨੂੰ ਪਤਾ ਲਗਾ ਕਿ ਇਕ ਪੰਜਾਬੀ ਸਾਧੂਆਂ ਦਾ ਬੜਾ ਪਵਿਤ੍ਰ ਅਸਥਾਨ ਹੈ, ਜਿਸਦੀ ਯਾਤ੍ਰਾ ਕਰਨੀ ਅਵੱਸ਼ ਜ਼ਰੂਰੀ ਹੈ, ਫਿਰਦੇ ਤੁਰਦੇ ਸੰਬੰਧੀਆਂ ਨੂੰ ਨਾਲ ਲੈਂਦੇ ਹੋਇ ਦੋ ਘੜੀਆਂ ਦਿਨ ਰਹਿੰਦੇ ਉਥੇ ਜਾ ਪੁਜੇ, ਜਿਥੇ ਅਨੇਕਾਂ ਸ਼੍ਰਧਾਲੂ ਬੈਠੇ ਸਤਿਸੰਗ ਦਾ ਲਾਭ ਉਠਾ ਰਹੇ ਸਨ, ਆਪ ਵੀ ਸਭਾ ਦੀ ਸ਼ੋਭਾ ਮਹਾਰਾਜ ਜੈ ਸਿੰਘ ਹੋਰਾਂ ਦੀ ਸੁੰਦਰ ਮੂਰਤੀ ਤੇ ਉਚ ਧਾਰਨਾ ਵਾਲੇ ਵੇਖ ਕੇ ਅਤੀ ਪ੍ਰਸੰਨ ਹੋਏ, ਸੰਤਾਂ ਦੀ ਸੁੰਦਰ ਕਥਨੀ ਦੁਆਰਾ ਹਰੀ ਚਰਚਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ੁਭ ਉਪਦੇਸ਼ ਸੁਣ ਕੇ ਹਿਰਦਾ ਅਜਿਹਾ ਸ਼ਾਂਤ ਹੋ ਗਿਆ ਕਿ ਹੋਰ ਦੇ ਕਿਧਰੇ ਜਾਣ ਨੂੰ ਮਨ ਨਾ ਕੀਤਾ, ਭੋਗ ਪੈ ਜਾਣ ਤੋਂ ਬਾਅਦ ਸਾਰੇ ਘਰਾਂ ਵਲ ਤੁਰੇ, ਨਾਲ ਆਪ ਵੀ ਸਣੇ ਸੰਬੰਧੀਆਂ ਦੇ ਡੇਰੇ ਆ ਗਏ, ਪਰ ਦਿਲ ਦੀ ਬ੍ਰਿਤੀ ਇਤਨੀ ਖਿੜ ਗਈ ਕਿ ਹਰ ਵੇਲੇ ਮੂੰਹੋਂ ਇਹੀ ਆਖਣ ਲਗ ਪਏ, ਕਿ ਸਾਡੀ ਤਾਂ ਯਾਤ੍ਰਾ ਸਫਲ ਹੋ ਗਈ ਹੈ, ਰਾਤ ਬੀਤੀ ਸਵੇਰੇ ਸੰਤਾਂ ਦੇ ਦਰਸ਼ਨ ਕਰਨ ਨੂੰ ਮਨ ਕਰੇ, ਪਰ ਇਹ ਸੁਣ ਚੁਕੇ ਸਨ ਕਿ ਸਿਵਾਏ ਨੀਯਤ ਵਕਤ ਦੇ ਹੋਰ ਕਿਸੀ ਵੇਲੇ ਸੰਤ ਆਪਣੇ ਪਾਸ ਆਉਣ ਨਹੀਂ ਦੇਂਦੇ, ਆਖਰ ਉਡੀਕਦਿਆਂ ੨ ਸਤਿਸੰਗ ਦਾ ਵੇਲਾ ਆਣ ਹੋਇਆ, ਝਟ ਪਹੁੰਚੇ, ਸੰਤਾਂ ਦੇ ਅੰਮ੍ਰਿਤ ਬਚਨ ਸੁਣ

ਸੁਣ ਕੇ ਸਚ ਮੁਚ ਤ੍ਰਿਪਤ ਹੋ ਗਏ, ਕਿਸੇ ਪਦਾਰਥ ਦੀ ਇਛਾ ਨਾ ਰਹੀ।

ਅਜ ਤਾਂ ਸਚੇ ਦਿਲੋਂ ਆਪਣਾ ਆਪ ਅਜਿਹਾ ਵਾਰ ਦਿਤਾ ਕਿ ਘਰ ਜਾਣ ਜੋਗੇ ਨਾ ਰਹੇ, ਅਖੀਰ ਤੀਸਰੇ ਦਿਨ ਆਪਣੇ ਸੰਬੰਧੀਆਂ ਨੂੰ ਇਹ ਕਹਿ ਕੇ ਤੋਰ ਦਿਤਾ ਕਿ ਕਿਸੇ ਵਿਹਾਰ ਲਈ ਇਥੇ ਰਹਿਣਾ ਸਾਨੂੰ ਜ਼ਰੂਰੀ ਪੈ ਗਿਆ ਹੈ। ਬਸ ਸੰਬੰਧੀਆਂ ਨੂੰ ਤੋਰ ਕੇ ਸੰਤਾਂ ਪਾਸ ਆ ਪੁਜੇ। ਆਪ ਨੂੰ ਪਤਾ ਸੀ ਕਿ ਸਿਵਾਏ ਉਨ੍ਹਾਂ ਦੋ ਘੰਟਿਆਂ ਦੇ ਹੋਰ ਕਿਸੀ ਵੇਲੇ ਕਿਸੇ ਯਾਤਰੂ ਨਾਲ ਗਲ ਬਾਤ ਨਹੀਂ ਕਰਦੇ, ਇਸ ਲਈ ਦੂਰ ਹੀ ਬੈਠੇ ਸੰਤਾਂ ਦੀਆਂ ਗਿਆਨ ਧਿਆਨ ਦੀਆਂ ਗੱਲਾਂ ਰੋਜ਼ ਸੁਣਦੇ ਰਹਿੰਦੇ।

ਕੁਝ ਦਿਨ ਗੁਜ਼ਰੇ ਅਸਥਾਨ ਦੇ ਸਜੇ ਖਬੇ ਪਾਣੀ ਤ੍ਰੌਂਕਣਾ ਤੇ ਝਾੜੂ ਬਹਾਰੀ ਦੀ ਸੇਵਾ ਅਪਣੀ ਇਛਾ ਅਨੁਸਾਰ ਕਰਨ ਲਗ ਪਏ। ਆਪਦੀ ਇਹ ਸਨਿਮ੍ਰ ਸੇਵਾ ਤਕ ਕੇ ਸੰਤ ਬੜੇ ਖੁਸ਼ ਹੋਏ, ਇਕ ਦਿਨ ਕੋਲ ਬਹਾ ਕੇ ਪੁਛਿਆ, ਕਿ ਭਾਈ ਘਰ ਕਿਥੇ ਹੈ। ਅਗੋਂ ਉਤਰ ਦਿਤਾ, ਮਹਾਰਾਜ ਇਥੇ ਆਉਣ ਤੋਂ ਪਹਿਲਾਂ ਛਪਰੇ ਜ਼ਿਲੇ ਦੇ ਇਕ ਪਿੰਡ ਵਿਚ ਸੀ, ਪਰ ਹੁਣ ਓਥੇ ਨਹੀਂ ਰਹਿਆ। ਹੁਣ ਕਿਥੇ ਹੈ, ਆਪ ਨੇ ਆਖਿਆ ਮਹਾਰਾਜ ਮੇਰਾ ਏਹੋ ਹੀ ਘਰ ਹੈ ਜਿਥੇ ਆਪ ਨਿਵਾਸ ਕਰਦੇ ਹੋ, ਇਸ ਤੋਂ ਬਿਨਾਂ ਮੇਰਾ ਹੁਣ ਕਿਹੜਾ ਘਰ ਹੈ। ਅਗੋਂ ਕ੍ਰਿਪਾ ਭਰੀ ਦ੍ਰਿਸ਼ਟੀ ਨਾਲ ਸੰਤਾਂ ਆਖਿਆ, ਤਾਂ ਫਿਰ ਦੂਰ ਦੁਰਾਡੇ ਕਿਉਂ ਬੇ-ਘਰਿਆਂ ਵਾਂਗ ਬੈਠਾ ਰਹਿੰਦਾ ਹੈਂ। ਆਪ ਨੇ

ਆਖਿਆ ਕਿ ਬਸ ਆਪ ਦੀ ਆਗਿਆ ਚਾਹੁੰਦਾ ਹਾਂ। ਸੰਤਾਂ ਆਖਿਆ, ਨ੍ਰਿਮਾਣ ਸੇਵਕਾਂ ਲਈ ਸੰਤਾਂ ਦੇ ਦਰਵਾਜ਼ੇ ਹਰ ਵੇਲੇ ਖੁਲ੍ਹੇ ਹਨ। ਇਹ ਸੁਣ ਕੇ ਦਿਲ ਬੜਾ ਪ੍ਰਸੰਨ ਹੋ ਗਿਆ, ਜਾ ਚਰਨਾਂ ਤੇ ਡੰਡਵਤ ਪ੍ਰਣਾਮ ਕੀਤੀ।

ਹੁਣ ਤਾਂ ਅਪਣਾ ਜਨਮ ਸਫਲਾ ਕਰਨ ਲਈ ਅਪਣੇ ਧੰਨ ਭਾਗ ਸਮਝਦੇ ਹੋਏ ਸੰਤਾਂ ਦੀ ਸੇਵਾ ਵਿਚ ਜੁਟ ਗਏ। ਸੇਵਾ ਕਰਦਿਆਂ ਕਰਦਿਆਂ ਜਦ ਇਕ ਸਾਲ ਹੋ ਗਿਆ ਤਾਂ ਪ੍ਰਸੰਨ ਹੋ ਕੇ ਮਹਾਰਾਜ ਜੈ ਸਿੰਘ ਜੀ ਨੇ ਚਰਣ ਪਾਹੁਲ ਦੇ ਕੇ ਸਤਿ ਨਾਮ ਜੀ ਦਾ ਸ਼ੁਭ ਉਪਦੇਸ਼ ਦਿਤਾ, ਤੇ ਆਪ ਦਾ ਨਵਾਂ ਨਾਮ **ਮੇਹਰ ਸਿੰਘ ਜੀ** ਰਖਿਆ, ਜਿਸ ਤਰ੍ਹਾਂ ਅਸਥਾਨ ਦੇ ਵਿਚ ਰਹੁ ਰੀਤ ਮ੍ਰਿਯਾਦਾ ਚਲੀ ਆਉਂਦੀ ਸੀ ਉਸੇ ਤਰ੍ਹਾਂ ਹਮੇਸ਼ਾ ਰਹਿਣ ਲਈ ਸੰਤਾਂ ਸਿਖਿਆ ਦਿਤੀ। ਬਾਅਦ ਉਸੀ ਦਾਇਰੇ ਵਿਚ ਰਹਿੰਦੇ ਹੋਇ ਆਪ ਅਸਥਾਨ ਦੀ ਤੇ ਆਇ ਗਏ ਸੰਤਾਂ ਦੀ ਸੇਵਾ ਵਿਚ ਲੀਨ ਹੋਇ ਰਹਿੰਦੇ।

ਸ਼ਿਸ਼, ਗੁਰੂ, ਦੋਹਾਂ ਦੀ ਬੜੀ ਮਹਤੱਤਾ ਫੈਲੀ। ਅਸਥਾਨ ਦੀ ਸ਼ੋਭਾ ਸੁਣ ਕੇ ਦੂਰੋਂ ਦੂਰੋਂ ਬੜੇ ਬੀਤਰਾਗ ਮਹਾਤਮਾ ਆਉਣ ਦੇ ਦਰਸ਼ਨ ਕਰਕੇ ਪ੍ਰਸੰਨ ਹੋਣ।

ਅਸਥਾਨ ਵਿਚ ਅਤਿਥੀ ਮਹਾਤਮਾ ਦਾ ਚੰਗਾ ਸਨਮਾਨ ਹੁੰਦਾ ਵੇਖ ਕੇ ਕਈ ਮਹਾਤਮਾ ਕਿਤਨੇ ਕਿਤਨੇ ਦਿਨ ਬਿਸ੍ਰਾਮ ਕਰ ਕੇ ਹਰੀ ਚਰਚਾ ਵਿਚ ਸਮਾਂ ਬਿਤੀਤ ਕਰਿਆ ਕਰਦੇ।

ਭਾਵੇਂ ਆਏ ਗਏ ਸੰਤਾਂ ਨਾਲ ਮਿਲ ਕੇ ਦੋਵੇਂ ਗੁਰੂ ਸ਼ਿਸ਼ ਅਪਣਾ ਸੋਹਣਾ ਸਮਾਂ ਲੰਘਾਉਣ, ਪਰ ਅੰਦਰੋਂ ਮਨ ਦੀ ਬ੍ਰਿਤੀ

ਮਹਾਰਾਜ ਪੰਡਿਤ ਕਰਮ ਸਿੰਘ ਜੀ ਤੇ ਸਾਹਿਬ ਸ੍ਰੀ ਗੁਰੂ ਦਸ਼ਮੇਸ਼ ਜੀ ਦਿਆਂ ਚਰਨਾਂ ਵਿਚ ਜੁੜੀ ਰਿਹਾ ਕਰੇ।

ਆਖਰ ਸੰਮਤ ੧੭੬੫ ਵਿਚ ਸ੍ਰੀ ਪੰਡਿਤ ਕਰਮ ਸਿੰਘ ਹੋਰਾਂ ਵਲੋਂ ਚਿਠੀ ਕਾਂਸ਼ੀ ਪੁਜੀ। ਜਿਸ ਵਿਚ ਸਾਹਿਬਾਂ ਦੇ ਹਜ਼ੂਰ ਸਾਹਿਬ ਜਾਣ ਦੀ ਤੇ ਜੋਤੀ ਜੋਤ ਸਮਾਉਣ ਦੀ ਖਬਰ ਲਿਖੀ, ਸੁਣਦੇ ਸਾਰ ਦੋਵੇਂ ਹਿਰਦੇ ਦੁਖੀ ਹੋ ਗਏ। ਦਰਸ਼ਨ ਦੀਆਂ ਤਾਂਘਾਂ ਦਿਲ ਵਿਚ ਹੀ ਰਹਿ ਗਈਆਂ। ਹੁਣ ਰਹਿਆ ਨਾ ਗਿਆ, ਆਖਰ ਕਾਰ ਅਪਣੇ ਸ਼ਿਸ਼ ਸੰਤ ਮੇਹਰ ਸਿੰਘ ਹੋਰਾਂ ਨੂੰ ਅਸਥਾਨ ਪੁਰ ਛਡ ਕੇ ਮਹਾਰਾਜ ਪੰਡਿਤ ਜੈ ਸਿੰਘ ਜੀ ਪੰਜਾਬ ਵਲ ਹੋ ਤੁਰੇ। ਇਨ੍ਹਾਂ ਦਿਨਾਂ 'ਚ ਰਸਤੇ ਬਿਖੜੇ ਸਨ, ਪਰ ਪੰਜਾਬ ਵਿਚ ਬੰਦੇ ਦਾ ਜ਼ੋਰ ਸੀ, ਇਸ ਲਈ ਸੁਖ ਸਾਂਦ ਨਾਲ ਦੋ ਤਿੰਨਾਂ ਮਹੀਨਿਆਂ 'ਚ ਆਨੰਦ ਪੁਰ ਸਾਹਿਬ ਮਹਾਰਾਜ ਪੰਡਿਤ ਕਰਮ ਸਿੰਘ ਹੋਰਾਂ ਕੋਲ ਪੁਜ ਗਏ। ਚਰਨਾਂ ਤੇ ਨਮਸਕਾਰ ਕੀਤੀ ਪਿਆਰ ਵਿਚ ਦੋਹਾਂ ਦੇ ਨੇਤ੍ਰਾਂ 'ਚ ਆਂਸੂ ਭਰ ਆਏ। ਸਾਹਿਬਾਂ ਦੇ ਵਿਯੋਗ ਵਿਚ ਦਿਲ ਉਛਲਨ ਲਗ ਪਏ। ਗੁਰਾਂ ਦੇ ਭਾਣੇ ਨੂੰ ਮੰਨ ਕੇ ਦਿਲ ਨੂੰ ਧੀਰਜ ਦਿਤੀ।

ਬਾਅਦ ਜਿਤਨਾ ਚਿਰ ਰਹੇ ਗੁਰੂ ਸਾਹਿਬਾਂ ਦੇ ਪ੍ਰਸੰਗ ਸੁਣ ਸੁਣ ਕੇ ਪ੍ਰਸੰਨ ਹੁੰਦੇ ਰਹੇ। ਇਸ ਤਰ੍ਹਾਂ ਆਪਣੇ ਸੰਤਾਂ ਨੂੰ ਨਾਲ ਲੈ ਕੇ ਆਨੰਦਪੁਰ ਸਾਹਿਬ, ਕੀਰਤਪੁਰ ਦੇ ਸਭਨਾਂ ਗੁਰਦ੍ਵਾਰਿਆਂ ਦੇ ਦਰਸ਼ਨ ਕਰਦੇ ਰਹੇ, ।

ਬਾਅਦ ਸ੍ਰੀ ਅੰਮ੍ਰਿਤਸਰ ਤਰਨ ਤਾਰਨ, ਗੋਇੰਦਵਾਲ, ਖਡੂਰ ਸਾਹਿਬ ਆਦਕ ਨਗਰਾਂ ਵਿਖੇ ਜਿਥੇ ੨ ਗੁਰਾਂ ਦੇ ਮੁਖ

ਮੁਖ ਅਸਥਾਨ ਸਨ, ਸਭ ਦੀ ਯਾਤਰਾ ਦਿਲੀ ਹੁਬ ਨਾਲ ਕੀਤੀ। ਇਸ ਤਰ੍ਹਾਂ ਜਦ ਪੰਜਾਬ ਦੀ ਯਾਤ੍ਰਾ ਕਰਦਿਆਂ ੨ ਇਕ ਵਰ੍ਹਾ ਬੀਤ ਗਿਆ ਤਾਂ ਆਪਣੇ ਸੰਤਾਂ ਦੀ ਆਗਯਾ ਨਾਲ ਕਾਂਸ਼ੀ ਨੂੰ ਤੁਰ ਪਏ, ਨਾਲ ਹੀ ਗੁਰਬਾਣੀ ਦਾ ਪ੍ਰਚਾਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੜੇ ਅਦਬ ਨਾਲ ਲੈ ਗਏ, ਜਦ ਆਪ ਦੇ ਕਾਂਸ਼ੀ ਪੁਜਣ ਦੀ ਖਬਰ ਪੁਜੀ, ਤਾਂ ਸਣੇ ਸਤਿਸੰਗੀਆਂ ਦੇ ਸੰਤ ਮੋਹਰ ਸਿੰਘ ਜੀ ਅਗੋਂ ਲੈਣ ਆਏ, ਪ੍ਰਣਾਮ ਕੀਤੀ, ਸੰਤਾਂ ਅਸ਼ੀਰਵਾਦ ਦਿਤੀ, ਉਪਰੰਤ ਸੰਤ ਮੋਹਰ ਸਿੰਘ ਹੋਰਾਂ ਆਪਣੇ ਸਿਰ ਤੇ ਬੀੜ ਅਸਥਾਪਨ ਕਰ ਕੇ ਸ਼ਬਦ ਪੜ੍ਹਾਂਦਿਆਂ ਹੋਇਆਂ ਡੇਰੇ ਵਿਚ ਲਿਆਂਦੀ। ਦੂਜੇ ਦਿਨ ਬੜੇ ਉਤਸ਼ਾਹ ਨਾਲ ਪ੍ਰਕਾਸ਼ ਕੀਤਾ। ਦਰਸ਼ਨ ਕਰਕੇ ਸਭ ਪ੍ਰਸੰਨ ਹੋਏ। ਇਸ ਤਰ੍ਹਾਂ ਉਸ ਦਿਨ ਤੋਂ ਸ੍ਰੀ ਗੁਰੂ ਜੀ ਦਾ ਪ੍ਰਕਾਸ਼ ਕਰਨਾ ਆਰੰਭ ਕਰ ਦਿਤਾ, ਦੋਨੋਂ ਵੇਲੇ ਸਤਿਸੰਗ ਹੋਣ ਕਰਕੇ ਸੰਗਤ ਦੀ ਭੀ ਆਵਾ ਜਾਈ ਵਧ ਗਈ, ਜਿਹੜਾ ਪ੍ਰੇਮੀ ਦਰਸ਼ਨ ਲਈ ਆਉਂਦਾ ਸ਼੍ਰੀ ਗੁਰੂ ਜੀ ਦਾ ਪਾਠ ਸੁਣ ਕੇ ਅਤੀ ਪ੍ਰਸੰਨ ਹੁੰਦਾ। ਇਸ ਤਰ੍ਹਾਂ ਭਜਨ ਪਾਠ ਤੇ ਗੁਰਮਤ ਪ੍ਰਚਾਰ ਕਰਦਿਆਂ ਹੋਇਆਂ ਕਈ ਵਰ੍ਹੇ ਬੀਤ ਗਏ।

ਸੰਮਤ ੧੭੯੧ ਵਿਚ ਇਕ ਵੇਰਾਂ ਸ਼੍ਰੀ ਪੰਡਿਤ ਕਰਮ ਸਿੰਘ ਜੀ ਆਪਣੇ ਕਈ ਸ਼ਿਸ਼ਾਂ ਸਮੇਤ ਆਪਣੇ ਅਸਥਾਨ ਨੂੰ ਵੇਖਣ ਲਈ ਕਾਂਸ਼ੀ ਗਏ, ਮਹਾਰਾਜ ਪੰਡਿਤ ਜੈ ਸਿੰਘ ਜੀ ਤੇ ਸੰਤ ਮੋਹਰ ਸਿੰਘ ਹੋਰਾਂ ਦੀ ਰਹੁ ਰੀਤੀ ਅਤੇ ਪ੍ਰਭਤਾ ਨੂੰ ਦੇਖ ਕੇ ਅਤੀ ਪ੍ਰਸੰਨ ਹੋਏ, ਕੁਝ ਸਮਾਂ ਰਹਿ ਕੇ ਫਿਰ ਪੰਜਾਬ ਵਲ ਤੁਰ

ਆਏ, ਆਨੰਦ ਪੁਰ ਸਾਹਿਬ ਪਹੁੰਚੇ ਜਿਥੇ ਛੇ ਸਤ ਮਹੀਨੇ ਸੁਖ ਨਾਲ ਗੁਜ਼ਾਰ ਕੇ ਸੰਮਤ ੧੭੯੨ ਵਿਸਾਖ ਦੇ ਮਹੀਨੇ ਗੁਰਪੁਰੀ ਸਿਧਾਰ ਗਏ। ਕਾਂਸ਼ੀ ਖਬਰ ਪੁਜੀ, ਵਿਯੋਗ ਜਨਜ ਦੁਖ ਨਾਲ ਸਭ ਨਿਢਾਲ ਹੋ ਗਏ।

ਦਸ ਵਰ੍ਹਿਆਂ ਬਾਅਦ ਸ਼੍ਰੀ ਪੰਡਿਤ ਜੈ ਸਿੰਘ ਜੀ ਕੁਝ ਬੀਮਾਰ ਹੋ ਗਏ, ਇਨ੍ਹਾਂ ਦਿਨਾਂ 'ਚ ਭਾਵੇਂ ਆਪ ਦੇ ਕਈ ਸ਼ਿਸ਼ ਸਨ, ਪਰ ਉਤ੍ਰਾਧਿਕਾਰੀ ਸ਼੍ਰੀ ਸੰਤ ਮੇਹਰ ਸਿੰਘ ਜੀ ਨੂੰ ਨੀਯਤ ਕਰਕੇ ਆਪ ੬੨ ਵਰ੍ਹੇ ਦੀ ਉਮਰ ਵਿਚ ਸੰਮਤ ੧੭੯੨ ਮਾਘ ਨੂੰ ਗੁਰਪੁਰੀ ਸਿਧਾਰ ਗਏ।

ਉਪਰੰਤ ਅਸਥਾਨ ਦਾ ਸਾਰਾ ਭਾਰ, ਆਪ ਦੇ ਉਤ੍ਰਾ-ਧਿਕਾਰੀ ਮਹਾਤਮਾ ਦੇ ਸਿਰ ਤੇ ਆ ਪਿਆ, ਨਾਲੇ ਪੰਜਾਬ ਤੋਂ ਹਿਰਦੇ ਵੇਧਕ ਖਬਰਾਂ ਆਈਆਂ ਸੁਣ ਸੁਣ ਕੇ ਪਰੇਸ਼ਾਨ ਹੋ ਜਾਇਆ ਕਰਨ, ਪਰ ਫਿਰ ਵੀ ਇਸ ਸਮੇਂ ਪੂਰਨ ਨਿਵਿਰਤੀ ਪਖ ਨੂੰ ਸਾਹਮਣੇ ਰਖਦੇ ਹੋਏ ਆਪਣੀ ਜ਼ਿੰਦਗੀ ਆਨੰਦ ਪੂਰਵਕ ਬਤੀਤ ਕਰੀ ਜਾਇਆ ਕਰਨ।

ਸੰਮਤ ੧੮੦੫ ਵਿਚ ਜਦ ਸ਼੍ਰੀ ਮਾਨ ਭਾਈ ਮਨੀ ਸਿੰਘ ਜੋ ਲਾਹੌਰ ਸ਼ਹੀਦ ਹੋ ਗਏ, ਕਿਸੀ ਆਏ ਗਏ ਸਾਧੂ ਦੇ ਮੂੰਹੋਂ ਖੁਲਾਸਾ ਹਾਲ ਸੁਣਕੇ ਡਾਢੇ ਦੁਖੀ ਹੋਏ ਤੇ ਭਾਈ ਸਾਹਿਬ ਜੀ ਦੀ ਮਹੱਤਤਾ ਅਤੇ ਕੁਰਬਾਨੀ ਦਾ ਦ੍ਰਿਸ਼ ਚੇਤੇ ਕਰ ਕਰ ਕੇ ਆਪ ਦੇ ਨੇਤ੍ਰਾਂ 'ਚੋਂ ਅੰਸੂ ਵਗਣ ਲਗ ਗਏ, ਸਤਿਸੰਗੀ ਆਪਦੇ ਦਰਸ਼ਨ ਲਈ ਆਏ, ਸਭ ਇਸ ਪਰੇਸ਼ਾਨੀ ਦੀ ਹਾਲਤ ਵਿਚ ਮਹਾਤਮਾ ਨੂੰ ਵੇਖ ਕੇ ਅਸਚਰਜ ਹੋ ਹੋ ਕੇ ਆਪਸ ਵਿਚ ਗਲਾਂ

ਕਰਨ ਲਗ ਪਏ ਕਿ ਜਿਸ ਤਰ੍ਹਾਂ ਮਹਾਤਮਾ ਨੂੰ ਅਜ ਪਰੇਸ਼ਾਨੀ ਦੀ ਹਾਲਤ ਵਿਚ ਵੇਖਿਆ ਹੈ, ਅਗੇ ਕਦੇ ਨਹੀਂ ਵੇਖਿਆ, ਇਸੇ ਸੋਚ ਵਿਚ ਸੰਤ ਬੈਠੇ ਸਨ ਜੁ ਆਪ ਦੇ ਉਤ੍ਰਾਧਿਕਾਰੀ ਹੋਣ ਵਾਲੇ (ਸੰਤ ਅਮੀਰ ਸਿੰਘ ਜੀ) ਜਗਜਾਸੂ ਦਰਸ਼ਨ ਲਈ ਆਣ ਪਹੁੰਚੇ।

## ਸ੍ਰੀ ਸੰਤ ਅਮੀਰ ਸਿੰਘ ਜੀ

ਆਪ ਦਾ ਜਨਮ ਜ਼ਿਲੇ ਸਸਰਾਮ ਦਾ ਸੀ, ਪੜ੍ਹਨ ਦਾ ਜ਼ਰੀਆ ਪਿੰਡ ਵਿਚ ਨਾ ਕੋਈ ਹੋਣ ਕਰਕੇ ੧੬-੧੭ ਵਰ੍ਹਿਆਂ ਤਕ ਖੇਡਦੇ ਮਲਦੇ ਰਹੇ, ਬਾਅਦ ਪਿਤਾ ਨੇ ਆਪਣੇ ਜ਼ਿਮੀਂਦਾਰੇ ਦੇ ਕੰਮ ਵਿਚ ਲਗਾ ਲੀਤਾ, ਜਦ ੨੧ ਵਰ੍ਹਿਆਂ ਦੇ ਹੋਏ ਮਾਤਾ ਗੁਜ਼ਰ ਗਈ, ਦਿਲ ਬੜਾ ਉਦਾਸ ਹੋ ਗਿਆ, ਇਨ੍ਹਾਂ ਦਿਨਾਂ 'ਚ ਇਕ ਸਾਧੂ ਜੋ ਪਿੰਡੋਂ ਬਾਹਰ ਦੇਵੀ ਦੁਆਰੇ ਵਿਚ ਰਹਿੰਦਾ ਸੀ, ਉਸ ਦੇ ਨਾਲ ਉਠਣ ਬੈਠਣ ਹੋ ਗਿਆ, ਵਰਤਮਾਨ ਉਦਾਸੀ ਅਵਸਥਾ ਵਿਚ ਸਾਧੂ ਦੀਆਂ ਵੈਰਾਗ ਭਰੀਆਂ ਗਲਾਂ ਕੁਝ ਚੰਗੀਆਂ ਜਿਹੀਆਂ ਲਗੀਆਂ ਕਰਨ, ਇਧਰੋਂ ਪਿਤਾ ਜੀ ਘਰ ਵਿਚ ਰੋਟੀ ਦੀ ਤੰਗੀ ਨੂੰ ਅਨੁਭਵ ਕਰਕੇ ਆਪ ਦੇ ਵਿਆਹ ਲਈ ਕੁਝ ਉਪ੍ਰਾਲਾ ਕਰਦੇ ਰਹਿੰਦੇ ਸਨ, ਪਰ ਰਬ ਦੀ ਨੇਤ ਮਾਤਾ ਜੀ ਤੋਂ ਦੋ ਸਾਲ ਪਿਛੋਂ ਪਿਤਾ ਜੀ ਗੁਜ਼ਰ ਗਏ, ਫਿਰ ਤਾਂ ਦਿਲ ਇਤਨਾ ਉਦਾਸ ਹੋ ਗਿਆ ਕਿ ਪਿਤਾ ਜੀ ਦੀ ਕਿਰਿਆ ਕਰਮ ਤੋਂ ਬਾਅਦ ਆਪਣਾ ਘਰ ਡਰਾਉਣਾ ਜਿਹਾ ਭਾਸਣ ਲਗ ਪਿਆ, ਘਰ ਛਡ ਕੇ ਬਾਹਰ ਤੀਰਥਾਂ ਨੂੰ ਜਾਣ ਲਈ

ਪੱਕਾ ਸੰਕਲਪ ਹੋ ਗਿਆ, ਪਰ ਇਹ ਗਲ ਕਿਸੇ ਤਰ੍ਹਾਂ ਆਪ ਦੀ ਵਡੀ ਭੈਣ ਨੂੰ ਪਤਾ ਲਗ ਗਿਆ, ਝਟ ਦੌੜੀ ਆਈ, ਆਪ ਦੇ ਉਦਾਸੀਨਤਾ ਛਾਏ ਚੇਹਰੇ ਵਲ ਤਕ ਕੇ ਉਚੀ ਉਚੀ ਰੋਣ ਲਗ ਪਈ, ਆਪ ਨੇ ਪੁਛਿਆ ਕਿ ਭੈਣ ਇਹ ਕੀ, ਰੋਣ ਕਿਉਂ ਲਗ ਪਈ ਏਂ।

ਭੈਣ—ਭਰਾ ਮੈਂ ਸੁਣਿਆ ਹੈ ਕਿ ਤੂੰ ਘਰ ਛਡ ਕੇ ਕਿਤੇ ਬਾਹਰ ਜਾ ਰਿਹਾ ਹੈਂ।

ਭਰਾ—ਹਾਂ ਭੈਣ ਇਰਾਦਾ ਤਾਂ ਜ਼ਰੂਰ ਹੈ।

ਭੈਣ—ਕਿਹੜੇ ਪਾਸੇ ਜਾਣ ਦਾ ਸੰਕਲਪ ਹੈ।

ਭਰਾ—ਜਿਧਰੇ ਅੰਨ ਜਲ ਲੈ ਜਾਏਗਾ।

ਭੈਣ—ਫਿਰ ਕਦ ਤਕ ਮੁੜਨ ਦਾ ਖਿਆਲ ਹੈ।

ਭਰਾ—ਪਤਾ ਨਹੀਂ, ਰਬ ਜਾਣੇ, ਹਾਂ ਸਰੀਰ ਰਿਹਾ ਤਾਂ ਕਦੇ ਮੇਲ ਹੋ ਜਾਏਗਾ।

ਇਹ ਗੱਲਾਂ ਸੁਣ ਕੇ ਆਪ ਦੀ ਭੈਣ ਹੋਰ ਡਾਢੀ ਰੋਣ ਲਗ ਪਈ ਤੇ ਆਖਣ ਲਗੀ ਕਿ ਪਿਛੋਂ ਮੇਰਾ ਕੀ ਹਾਲ ਹੋਵੇਗਾ।

ਸਹੁਰੇ ਘਰ ਵਿਚ ਕਿਸੇ ਦਾ ਆਸਰਾ ਨਹੀਂ, ਇਧਰ ਮਾਂ ਮਰ ਗਈ, ਪਿਤਾ ਮਰ ਗਿਆ। ਪੇਕਿਆਂ ਵਿਚੋਂ ਇਕੋ ਤੂੰ ਸੈਂ, ਜਿਸਨੂੰ ਵੇਖ ਵੇਖ ਜੀਊਂਦੀ ਸਾਂ। ਹੁਣ ਮੈਂ ਗਰੀਬਨੀ ਦਾ ਕੌਣ ਹੈ। ਰਬ ਜਾਣੇ ਤੜਫ ਤੜਫ ਕੇ ਕਦ ਮਰਾਂਗੀ।

ਇਸ ਤਰ੍ਹਾਂ ਭੈਣ ਦੇ ਦੁਖ ਨੇ ਆਪ ਦੇ ਦਿਲ ਵਿਚ ਕੁਝ ਅਸਰ ਕੀਤਾ। ਸੰਕਲਪ ਬਦਲਾ ਦਿਤਾ, ਆਖ ਦਿਤਾ, ਹਛਾ ਭੈਣ! ਇਹ ਘਰ ਤਾਂ ਮੈਨੂੰ ਡਰਾਉਣਾ ਜਿਹਾ ਲਗਦਾ ਹੈ, ਪਰ

ਤੇਰੇ ਖਿਆਲ ਪਿਛੇ ਹੁਣ ਨਹੀਂ ਜਾਂਦਾ।

ਇਹ ਸੁਣ ਕੇ ਭੈਣ ਖੁਸ਼ੀ ਖੁਸ਼ੀ ਆਪਣੇ ਘਰ ਚਲੀ ਗਈ। ਪਿਛੋਂ ਆਪ ਵੀ ਘਰ ਦੇ ਕੰਮਾਂ 'ਚ ਦਿਲ ਦੇਣ ਲਗ ਪਏ, ਪਰ ਰੱਬ ਦਾ ਭਾਣਾ ਅਜੇ ਇਸ ਗੱਲ ਨੂੰ ਹੋਇਆਂ ਛੇ ਮਹੀਨੇ ਹੀ ਬੀਤੇ ਸਨ, ਕਿ ਵਿਚਾਰੀ ਭੈਣ ਵੀ ਚਲ ਬਸੀ, ੨੦-੨੧ ਦਿਨ ਬੜੇ ਔਖ ਨਾਲ ਗੁਜ਼ਾਰੇ। ਆਖਰ ਘਰ ਦੇ ਸਭ ਕੰਮ ਕਾਜ ਛਡ ਗਯਾ ਵਲ ਜੀ ਤੁਰ ਪਏ। ਕੁਝ ਦਿਨ ਉਥੇ ਗੁਜ਼ਾਰ ਕੇ ਸ਼ਿਵ ਪੁਰੀ ਕਾਂਸ਼ੀ ਦੀ ਯਾਤ੍ਰਾ ਕਰਨ ਲਈ ਇਧਰ ਆ ਗਏ। ਪ੍ਰਸਿੱਧ ਮੰਦਰਾਂ ਦੀ ਯਾਤ੍ਰਾ ਕਰਨ ਤੋਂ ਬਾਅਦ ਪਤਾ ਲਗਾ, ਕਿ ਇਕ ਮੁਖ ਤੇ ਜ਼ਰੂਰੀ ਯਾਤ੍ਰਾ ਰਹਿੰਦੀ ਹੈ। ਜਿਹੜੀ ਪੰਜਾਬੀ ਸਾਧੂਆਂ ਦੇ ਨਾਮ ਤੇ ਪ੍ਰਸਿੱਧ ਹੈ। ਚਾਂਈ ਚਾਂਈ ਆਏ, ਅਗੋਂ ਵੇਖਿਆ ਕਿ ਮਹਾਰਾਜ ਮੇਹਰ ਸਿੰਘ ਜੀ ਉਦਾਸ ਹੋਇ ਹੋਇ ਬੈਠੇ ਹਨ, ਸਾਰੀ ਸੰਗਤ ਵੇਖ ਕੇ ਹੈਰਾਨ ਹੋ ਰਹੀ ਹੈ।

ਕੁਝ ਚਿਰ ਪਿਛੋਂ ਪ੍ਰੇਮੀਆਂ ਉਦਾਸੀਨਤਾ ਦਾ ਕਾਰਣ ਪੁਛਿਆ, ਤਾਂ ਸੰਤਾਂ ਸ਼੍ਰੀ ਮਾਨ ਸੰਤ ਭਾਈ ਮਨੀ ਸਿੰਘ ਜੀ ਦੇ ਸ਼ਹੀਦ ਹੋ ਜਾਣ ਦਾ ਸਾਰਾ ਪ੍ਰਸੰਗ ਸੁਣਾਇਆ, ਜਿਸ ਵੇਲੇ ਇਹ ਕਿਹਾ ਕਿ ਲਾਹੌਰ ਦੀ ਸੰਗਤ ਨੇ ਪੰਜ ਹਜ਼ਾਰ ਰੁਪਿਆ, ਜੁ ਜ਼ਾਲਮ ਹਕੂਮਤ ਵਲੋਂ ਜੁਰਮਾਨਾ ਮੰਗਿਆ ਗਿਆ ਸੀ, ਦੇਣ ਲਈ ਆਖਿਆ, ਤਾਂ ਭਾਈ ਸਾਹਿਬ ਜੀ ਨੇ ਸ਼ਹਿਰ ਵਾਸੀ ਸਿਦਕੀ ਸਿਖਾਂ ਨੂੰ ਕਿਹਾ, ਕਿ ਜਰਮਾਨਾ ਕਿਸ ਲਈ ਭਰਦੇ ਹੋ, ਜਿਹੜਾ ਸਰੀਰ ਗੁਰੂ ਆਸ਼ੇ ਅਨੁਸਾਰ ( ਇਤਨਾ ਕੁ ਲਾਗੇ

ਠਨਕਾ) ਖਿਣ ਭੰਗਰ ਹੈ, ਉਪ੍ਰੰਤ ਜਲਾਦ ਨੂੰ ਬੰਦ ਬੰਦ ਜੁਦਾ ਕਰਨ ਦਾ ਹੁਕਮ ਹੋਇਆ, ਤਾਂ ਜਿਸ ਵੇਲੇ ਉਸ ਨੇ ਬਾਂਹ ਨੂੰ ਕਟਣ ਲਈ ਤਲਵਾਰ ਚੁਕੀ। ਬ੍ਰਹਮ ਗਿਆਨੀ ਸੰਤ ਭਾਈ ਮਨੀ ਸਿੰਘ ਜੀ ਨੇ ਆਖਿਆ, ਕਿ ਭਲੇ ਲੋਕਾ, ਅਪਣੇ ਮਾਲਕ ਦਾ ਨਿਮਕ, ਹਲਾਲ ਕਰ, ਹਰਾਮ ਨਾ ਕਰ। ਕਿਉਂਕਿ ਉਸ ਨੇ ਇਕ ਇਕ ਬੰਦ ਜੁਦਾ ਕਰਨ ਲਈ ਤੈਨੂੰ ਹੁਕਮ ਦਿਤਾ ਹੈ, ਇਸ ਲਈ ਬਾਂਹ ਕਟਣ ਤੋਂ ਪਹਿਲਾਂ ਉਂਗਲੀਆਂ ਦੇ ਪੋਟੇ ਜੁਦਾ ਕਰ। ਅਖੀਰ ਜੱਲਾਦ ਨੇ ਇਸੇ ਤਰ੍ਹਾਂ ਕੀਤਾ। ਇਹ ਸਾਰਾ ਪ੍ਰਸੰਗ ਸੁਨ ਸੁਨ ਕੇ ਸਾਰੇ ਸਤਿ ਸੰਗੀ ਆਂਸੂ ਵਹਾ ਰਹੇ ਸਨ। ਕੁਝ ਚਿਰ ਬਾਅਦ ਸਾਰੇ ਪ੍ਰੇਮੀ ਚਲੇ ਗਏ।

ਇਹ ਇਕਾਂਤ ਸਮਾਂ ਵੇਖ ਕੇ ਆਪ ਨੇ ਸੰਤਾਂ ਦੇ ਚਰਨਾਂ ਉਤੇ ਸਿਰ ਜਾ ਰਖਿਆ ਤੇ ਸਨਿਮ੍ਰ ਬੇਨਤੀ ਕੀਤੀ ਕਿ ਮਹਾਰਾਜ ਇਤਨੀ ਨਿਰਭੈ ਅਵਸਥਾ ਨੂੰ ਪੁਜ ਜਾਣ ਦਾ ਮੁਖ ਉਪਾਇ ਕੀ ਹੈ? ਅਗੋਂ ਸੰਤਾਂ ਆਖਿਆ, ਕਿ ਭਾਈ ਇਕ ਸਤਿਸੰਗ ਤੇ ਨਿਰਮਾਣ ਸੇਵਾ ਆਦਕ ਕਈ ਸਾਧਨ ਹਨ! ਇਸ ਤਰ੍ਹਾਂ ਉਸ ਵੇਲੇ ਇਕ ਦੋ ਘੜੀਆਂ ਸੰਤਾਂ ਨੇ ਪਰਮਾਰਥ ਦੇ ਅਜਿਹੇ ਵਾਕ ਸੁਣਾਏ, ਜੋ ਘਰ ਦੇ ਸਾਰੇ ਦੁਖ ਭੁਲ ਗਏ। ਦਿਲ ਸ਼ਾਂਤ ਹੋ ਗਿਆ। ਸਾਰੀਆਂ ਯਾਤ੍ਰਾਂ ਇਥੇ ਹੀ ਖਤਮ ਹੋ ਗਈਆਂ, ਕਿਤੇ ਜਾਣ ਨੂੰ ਮਨ ਨਾ ਕੀਤਾ। ਭਾਵੇਂ ਸੰਤਾਂ ਜਾਣ ਲਈ ਆਖਿਆ, ਪਰ ਉਠਣ ਨੂੰ ਮਨ ਨਾ ਕੀਤਾ।

ਸੰਤਾਂ ਦੁਹਰਾ ਕੇ ਪੁਛਿਆ, ਕਿ ਦਸ ਤੇਰਾ ਕੀ ਸੰਕਲਪ ਹੈ? ਆਪ ਨੇ ਆਖਿਆ, ਇਸ ਦਰੋਂ ਨਾ ਹਟਾਓ, ਅਗੋਂ ਸੰਤਾਂ

ਭੀ ਆਪ ਦਾ ਦਿਲ ਟੋਹ ਟਾਹ ਕੇ ਆਖ ਦਿਤਾ, ਕਿ ਹੱਛਾ ਭਾਈ ਇਹ ਸੰਤਾਂ ਦਾ ਅਸਥਾਨ ਹੈ, ਨ੍ਰਿਮਾਣ ਹੋ ਕੇ ਰਹੋ, ਸੇਵਾ ਕਰ, ਨਾਮ ਜਪੁ ਤੇ ਜਨਮ ਸੰਵਾਰ, ਬਸ ਸੰਤਾਂ ਦੇ ਇਹ ਕ੍ਰਿਪਾਲਤਾ ਭਰੇ ਵਚਨ ਸੁਣ ਕੇ ਦਿਲ ਗਦ ਗਦ ਹੋ ਗਿਆ, ਘਰ ਦੇ ਟੰਟੇ ਤਾਂ ਪਹਿਲਾਂ ਹੀ ਮੁਕਾ ਆਏ ਸਨ। ਹੁਣ ਤਾਂ ਸਾਰੇ ਸੰਸਾਰ ਦੀ ਉਲਝਣਾਂ ਤੋਂ ਹੀ ਸੰਤਾਂ ਨੇ ਕਢ ਲਿਤਾ। ਟਹਿਲ ਮਹਿਲ ਬਖ਼ਸ਼ ਦਿਤਾ। ਅਸਥਾਨ ਦੀ ਤੇ ਆਏ ਗਏ ਸਾਧੂਆਂ ਦੀ ਸੇਵਾ ਵਿਚ ਮਨ ਲਗਾ ਦਿਤਾ। ਸੰਤਾਂ ਦੀ ਆਗਿਆ ਨੂੰ ਈਸ਼ਵਰੀ ਹੁਕਮ ਸਮਝਣਾ ਅਪਣਾ ਫਰਜ਼ ਸਮਝਣ ਲਗ ਪਏ। ਭਾਵੇਂ ਪੜ੍ਹਨ ਦਾ ਭੀ ਕੁਝ ਅਭਿਆਸ ਕਰਦੇ ਰਹੇ, ਪਰ ਅਧਿਕ ਸਮਾਂ ਸੇਵਾ ਵਿਚ ਹੀ ਬਿਤੀਤ ਕਰਦੇ।

ਪਾਸ ਰਹਿੰਦਿਆਂ ਵਰ੍ਹਾ ਹੋ ਗਿਆ। ਸੰਮਤ ੧੯੦੬ ਨੂੰ ਪ੍ਰਯਾਗ ਰਾਜ ਦਾ ਕੁੰਭ ਆਇਆ। ਸੰਤਾਂ ਨਾਲ ਜਾ ਤ੍ਰਿਬੇਣੀ ਦੇ ਇਸ਼ਨਾਨ ਕੀਤੇ। ਜਿਥੇ ਆਪ ਨੂੰ ਜੁੜੀ ਸਾਧ ਸੰਗਤ ਵਿਚ ਸੰਤਾਂ ਸ਼ਿਸ਼ ਬਣਾਇਆ ਤੇ ਨਾਮ ਅਮੀਰ ਸਿੰਘ ਜੀ ਰਖਿਆ। ਮੇਲਾ ਸਮਾਪਤ ਕਰਕੇ ਕਾਂਸ਼ੀ ਗਏ। ਸਮਾਂ ਚੰਗਾ ਪ੍ਰੇਮ ਪਿਆਰ ਦੇ ਵਿਚ ਲੰਘਦਾ ਗਿਆ। ਈਸ਼ਵਰ ਦਾ ਭਾਣਾ, ਰਬ ਦੀ ਨੇਤ, ਆਪ ਦੇ ਸੰਤ ਸੰਮਤ ੧੯੧੫ ਭਾਦਰੋਂ ਮਹੀਨੇ 'ਚ ਜਦ ਕੁਝ ਬਿਮਾਰ ਹੋ ਗਏ, ਤਾਂ ਸੰਤਾਂ ਅਸਥਾਨ ਦਾ ਉਤ੍ਰਾਧਿਕਾਰੀ ਆਪ ਨੂੰ ਹੀ ਯੋਗ ਸਮਝ ਕੇ ਪਗ ਦੇ ਦਿਤੀ। ਬਆਦ ਸਤ ਅਠ ਦਿਨ ਬਿਮਾਰ ਰਹੇ, ਆਖਰ "ਜੋ ਦਿਨ ਲਹੇ ਗਣਵੇ ਗਏ ਵਿਲਾੜ ਵਿਲਾੜ" ਗੁਰੂ ਵਾਕ

ਅਨੁਸਾਰ ੭੫ ਵਰ੍ਹੇ ਆਯੂ ਬਿਤਾ ਕੇ ਸੰਮਤ ੧੯੧੫ ਭਾਦਰੋਂ ੨੭ ਨੂੰ ਆਪ ਦੇ ਗੁਰੂ ਬਿਕੁੰਠ ਗਮਨ ਹੋ ਗਏ।

ਪਿਛੋਂ ਜਿਤਨਾ ਚਿਰ ਆਪਦਾ ਸਰੀਰ ਰਹਿਆ, ਅਪਣੇ ਬਜ਼ੁਰਗਾਂ ਦੀ ਰਹੁ ਰੀਤ ਅਨੁਸਾਰ ਭਜਨ ਪਾਠ, ਗੁਰਮਤ ਪ੍ਰਚਾਰ, ਆਏ ਗਏ ਸੰਤ ਸਾਧ ਦੀ ਸੇਵਾ ਵਿਚ ਸਮਾਂ ਗੁਜ਼ਾਰਿਆ। ਸਰੀਰ ਆਪ ਦਾ ਭਾਵੇਂ ਰਾਜਾ ਵਲ ਦਾ ਸੀ, ਪਰ ਅਸਥਾਨ ਦੇ ਅਸਲ ਅਧਿਸ਼ਟਾਤਾ ਅਪਣੇ ਬਜ਼ੁੱਰਗ ਪੰਜਾਬੀ ਮਹਾਤਮਾ ਨੂੰ ਚਿਤਵ ਕੇ ਪੰਜਾਬੀ ਯਾਤਰੂਆਂ ਨੂੰ ਆਪ ਬੜੇ ਪਿਆਰ ਨਾਲ ਮਿਲਦੇ ਸਨ।

ਸਮਾਂ ਸੋਹਣਾ ਲੰਘਦਾ ਗਿਆ, ਆਖਰ ਅਸਥਾਨ ਦੇ ਉਤ੍ਰਾਧਿਕਾਰੀ ਅਪਣੇ ਸ਼ਿਸ਼ ਸ੍ਰੀ ਸੰਤ ਚੇਤ ਸਿੰਘ ਜੀ ਨੂੰ ਨਿਯਤ ਕਰਕੇ ਆਪ ਗੁਰਪੁਰੀ ਸਿਧਾਰ ਗਏ।

## ਪੰਡਿਤ ਮਹੰਤ ਚੇਤ ਸਿੰਘ ਜੀ

ਆਪ ਦਾ ਸਰੀਰ ਪੰਜਾਬ ਕੈਂਥਲ ਦਾ ਸੀ। ਮਾਤਾ ਪਿਤਾ ਨਾਲ ਛੋਟੀ ਉਮਰ 'ਚ ਤੀਰਥ ਯਾਤਰਾ ਕਰਨ ਲਈ ਕਾਂਸ਼ੀ ਆਏ। ਜਦ ਇਸ ਅਸਥਾਨ ਪੁਜੇ, ਬੜੇ ਪ੍ਰਸੰਨ ਹੋਏ। ਅਗੋਂ ਮਹਾਰਾਜ ਅਮੀਰ ਸਿੰਘ ਹੋਰਾਂ ਭੀ ਬੜਾ ਪ੍ਰੇਮ ਕੀਤਾ। ਜਦ ਆਪ ਦੇ ਮਾਤਾ ਪਿਤਾ ਜਾਣ ਲਗੇ ਤਾਂ ਆਪ ਨੂੰ ਇਕ ਹੋਣ-ਹਾਰ ਸਮਝ ਕੇ ਸੰਤਾਂ ਆਪਦੇ ਮਾਤਾ ਪਿਤਾ ਨੂੰ ਕਿਹਾ, ਕਿ ਇਸ ਨੂੰ ਕਿਥੇ ਲੈ ਚਲੇ ਹੋ। ਇਸਨੇ ਤਾਂ ਫਕੀਰ ਹੋਣਾ ਹੈ? ਪਿਤਾ ਨੇ ਪ੍ਰਸੰਨਤਾ ਪੂਰਵਕ ਕਿਹਾ, ਕਿ ਜੇ ਇਸ ਨੇ ਫਕੀਰ ਹੀ ਹੋਣਾ

ਹੈ, ਤਾਂ ਅਸੀਂ ਚਾਹੁੰਦੇ ਹਾਂ ਕਿ ਆਪ ਜਿਹੇ ਪਵਿਤ੍ਰ ਜ਼ਿੰਦਗੀ ਵਾਲੇ ਮਹਾਤਮਾ ਦੀ ਸੰਗਤ 'ਚ ਹੀ ਰਹੇ। ਇਸ ਤਰ੍ਹਾਂ ਕਾਂਸ਼ੀ ਡੇਰੇ ਟਿਕ ਗਏ, ਸ਼ਿਸ਼ ਹੋਇ। ਵਿਦਿਆ ਪੜ੍ਹਨ 'ਚ ਲਗ ਗਏ। ਸੇਵਾ ਕਰਦਿਆਂ ਆਪ ਨੂੰ ਓਹ ਨਿਰਮਾਣਤਾ ਪ੍ਰਾਪਤ ਹੋਈ ਕਿ ਸਭ ਆਪ ਦੀ ਸ਼ਲਾਘਾ ਕਰਨ ਲਗ ਪਏ। ਸਮੇਂ ਬਾਅਦ ਵਿਦਵਾਨ ਹੋਇ ਤਾਂ ਸੁੰਦਰ ਰਹਿਣੀ ਵਿਚ ਭੀ ਗਿਣਤੀ ਦੇ ਮਹਾਤਮਾ ਮੰਨੇ ਗਏ।

ਕਈ ਵਰ੍ਹੇ ਬਨਾਰਸ ਰਹੇ, ਇਕ ਵੇਰਾਂ ਸੰਤਾਂ ਦੀ ਆਗਿਆ ਲੈਕੇ ਪੰਜਾਬ 'ਚ ਆਏ, ਚਿਰ ਪਿਛੋਂ ਕੈਂਥਲ ਆ ਵੇਖਿਆ, ਆਪ ਦੀ ਸੁੰਦਰ ਧਾਰਨਾ ਵਲ ਤੱਕ ਕੇ ਲੋਕੀ ਬੜੇ ਪ੍ਰਸੰਨ ਹੋਏ, ਪ੍ਰੇਮ ਵਧਦਾ ਗਿਆ, ਹੌਲੀ ੨ ਅਸਥਾਨਾ ਪਤੀ ਬਣ ਗਏ। ਕਹਿੰਦੇ ਹਨ ਰਾਜਾ ਭੰਗਾ ਸਿੰਘ ਨੂੰ ਥਾਨੇਸ਼ਵਰ ਦੀ ਰਿਆਸਤ ਆਪਦੇ ਵਰ ਨਾਲ ਹੀ ਪ੍ਰਾਪਤ ਹੋਈ ਸੀ। ਰਾਜੇ ਨੇ ਭੀ ਕਿਲੇ ਦੇ ਅੰਦਰ ਇਕ ਬੁਰਜ ਆਪ ਦੇ ਨਿਵਾਸ ਲਈ ਦਿਤਾ ਹੋਇਆ ਸੀ, ਜਿਥੇ ਕਦੀ ਨਾ ਕਦੀ ਆਪ ਜਾ ਰਹਿੰਦੇ, ਪਰ ਜ਼ਿਆਦਾ ਤਰ ਕੈਂਥਲ ਡੇਰੇ ਹੀ ਰਿਹਾ ਕਰਦੇ ਸਨ। ਆਪ ਨੂੰ ਪੰਜਾਬ ਆਇਆਂ ਕਈ ਸਾਲ ਹੋ ਚੁਕੇ ਸਨ, ਪਿਛੇ ਆਪ ਦੇ ਸੰਤਾਂ ਦਾ ਸਰੀਰ ਕੁਝ ਨਰਮ ਹੁੰਦਾ ਜਾ ਰਿਹਾ ਸੀ, ਜਿਸ ਕਰਕੇ ਆਪ ਕਾਂਸ਼ੀ ਬੁਲਾਏ ਗਏ।

ਆਪ ਦੇ ਦੋ ਸ਼ਿਸ਼ ਸਨ, ਇਕ ਤਾਂ ਪੰਡਿਤ ਸਦਾ ਸਿੰਘ ਜੀ ਜੋ ਕਾਂਸ਼ੀ ਆਪ ਦੇ ਸੰਤਾਂ ਪਾਸ ਹੀ ਰਿਹਾ ਕਰਦੇ ਸਨ, ਦੂਜੇ ਮਹੰਤ ਮੋਤਾ ਸਿੰਘ ਜੀ ਜੋ ਪਾਸ ਰਹਿੰਦੇ ਸੇਵਾ ਕਰ ਰਹੇ ਸਨ,

ਆਖਰ ਇਨ੍ਹਾਂ ਨੂੰ ਇਥੋਂ ਦਾ ਅਸਥਾਨ ਸਪੁਰਦ ਕਰਕੇ ਕਾਂਸ਼ੀ ਚਲੇ ਗਏ, ਅਗੋਂ ਸੰਤ ਆਪ ਨੂੰ ਵੇਖ ਕੇ ਖੁਸ਼ ਹੋ ਗਏ ਤੇ ਕਾਂਸ਼ੀ ਅਸਥਾਨ ਦੀ ਸੇਵਾ ਕਰਨ ਦੀ ਆਗਿਆ ਦੇ ਕੇ ਬਾਅਦ ਕੁਝ ਦਿਨ ਬਿਮਾਰ ਰਹਿ ਕੇ ਗੁਜ਼ਰ ਗਏ, ਪਿਛੋਂ ਸੰਤਾਂ ਦੀ ਆਗਿਆ ਪਾਲਨ ਲਈ ਅਸਥਾਨ ਦੀ ਬੜੀ ਸੇਵਾ ਕੀਤੀ, ਆਏ ਗਏ ਸਾਧ ਸੰਤ ਦੀ ਟਹਿਲ, ਯਾਤਰੂਆਂ ਨਾਲ ਪਿਆਰ, ਕਾਂਸ਼ੀ ਵਾਸੀ ਸਤਿਸੰਗੀਆਂ ਨਾਲ ਰਸੂਖ, ਵੈਦਕ ਵਿਚ ਨਿਪੁਨ, ਇਤਿਆਦ ਗੁਣਾਂ ਕਰਕੇ ਆਪ ਦੀ ਬੜੀ ਪ੍ਰਸਿਧੀ ਹੋ ਗਈ, ਅਸਥਾਨ ਦੇ ਪਾਸ ਇਕ ਖਤ੍ਰੀਆਂ ਦਾ ਬਾਗ ਸੀ, ਜਿਹੜਾ ਆਪ ਨੇ ਖਰੀਦ ਕੇ ਡੇਰੇ ਨਾਲ ਮਿਲਾ ਦਿਤਾ। ਕਈ ਬ੍ਰਾਹਮਣ ਤੇ ਸਾਧੂ ਆਪ ਦੇ ਪਾਸੋਂ ਪੜ੍ਹਨੇ ਆਇਆ ਕਰਦੇ ਸਨ, ਕਾਂਸ਼ੀ ਵਿਚ ਸੰਨਿਆਸੀ ਮਹਾਤਮਾ ਦੇ ਨਿਵਾਸ ਅਸਥਾਨ ਨੂੰ ਮੱਠ ਸਦਿਆ ਜਾਂਦਾ ਸੀ ਜੂ ਦਿਨ ਪਾਕੇ ਚੇਤਨ ਮਠ ਦੇ ਨਾਮ ਤੇ ਪ੍ਰਸਿਧ ਹੋ ਗਿਆ, ਇਸ ਲਈ ਇਸ ਅਸਥਾਨ ਨੂੰ ਵਿਦਯਾਰਥੀ ਆਪ ਦੇ ਨਾਮ ਪੁਰ ਮਠ ਸਦਿਆ ਕਰਦੇ ਸਨ, ਜਿਤਨਾਂ ਚਿਰ ਆਪ ਦਾ ਸਰੀਰ ਰਿਹਾ, ਚੰਗਾ ਜਸ ਖਟਿਆ। ਆਖਰ ਆਪਣੇ ਸ਼ਿਸ਼ ਪੰਡਿਤ ਸਦਾ ਸਿੰਘ ਜੀ ਨੂੰ ਮਹੰਤੀ ਦੇ ਕੇ ਗੁਰਪੁਰੀ ਸਿਧਾਰੇ।

## ਪੰਡਿਤ ਸਦਾ ਸਿੰਘ ਜੀ ਦੰਡੀ

ਆਪ ਜ਼ਿਆਦਾ ਤਰ ਕਾਂਸ਼ੀ ਵਿਚ ਹੀ ਰਹੇ, ਇਥੇ ਹੀ ਪੜ੍ਹਕੇ ਇਕ ਉਚ ਕੋਟੀ ਦੇ ਪੰਡਿਤ ਸਦਾਏ। ਕਹਿੰਦੇ ਹਨ ਕੋਈ ਪੰਡਿਤ ਦਿਗ ਵਿਜੇ ਕਰਦਾ ਹੋਇਆ ਕਾਂਸ਼ੀ ਆਇਆ, ਕਿਸੇ

ਨੇ ਡਰਦਿਆਂ ਮਾਰਿਆਂ ਉਸ ਦੇ ਨਾਲ ਸ਼ਾਸਤ੍ਰਾਰਥ ਨ ਕੀਤਾ। ਆਪ ਨੂੰ ਕਈਆਂ ਆਣ ਕੇ ਕਿਹਾ ਕਿ ਕਾਂਸ਼ੀ ਦੇ ਪੰਡਿਤਾਂ ਦੀ ਲਾਜ ਰਖੋ, ਤਿਆਰ ਹੋ ਗਏ, ਆਖਰ ਆਪ ਨੇ ਵਿਦਿਆ ਦਾ ਅਜਿਹਾ ਚਮਤਕਾਰ ਵਿਖਾਇਆ, ਜੋ ਜੈ ਰਾਣੀ ਨੇ ਆਪ ਦੇ ਚਰਨ ਆ ਚੁੰਮੇ, ਵਡਾ ਜਸ ਹੋਇਆ, ਇਸ ਖੁਸ਼ੀ ਵਿਚ ਕਾਂਸ਼ੀ ਵਾਸੀ ਪੰਡਿਤਾਂ ਨੇ ਅਕੱਠ ਕੀਤਾ ਤੇ ਆਪ ਨੂੰ ਕੋਈ ਅਧਿਕਾਰ ਦੇਣ ਦਾ ਫੈਸਲਾ ਕੀਤਾ ਪਹਿਲਾਂ ਆਪ ਪਾਸੋਂ ਪੁਛਿਆ ਗਿਆ ਕਿ ਕੀ ਅਧਿਕਾਰ ਦਿਤਾ ਜਾਏ? ਆਪ ਨੇ ਕਿਹਾ ਕਿ ਜੇ ਜ਼ਰੂਰੀ ਸਮਝਦੇ ਹੋ ਤਾਂ ਦੰਡੀ ਪਦ ਦਿਤਾ ਜਾਏ, ਜੋ ਸਭ ਦੀ ਸੰਮਤੀ ਨਾਲ ਦਿਤਾ ਗਿਆ। ਬਾਅਦ ਆਪ ਦਾ ਨਾਮ ਪੰਡਿਤ ਸਦਾ ਸਿੰਘ ਜੀ ਦੰਡੀ ਕਰਕੇ ਪ੍ਰਸਿਧ ਹੋਇਆ।

ਸੰਮਤ ੧੯੨੪ ਵਿਚ ਆਪ ਨੇ ਵੇਦਾਂਤ ਦੇ ਇਕ ਬੜੇ ਕਠਨ ਗ੍ਰੰਥ ਅਦ੍ਵੈਤ ਸਿਧੀ ਦਾ ਟੀਕਾ ਕੀਤਾ ਜਿਸ ਤੋਂ ਆਪ ਦੀ ਵਿਦਵਤਾ ਸਾਖਿਅਤ ਪ੍ਰਗਟ ਹੋ ਰਹੀ ਹੈ। ਕਾਂਸ਼ੀ ਸੰਗਤ ਵਿਚ ਆਪ ਦੀ ਪ੍ਰਭਾਵ ਸ਼ਾਲੀ ਇਕ ਤਸਵੀਰ ਲਗੀ ਹੋਈ ਹੈ, ਜਿਸਨੂੰ ਵੇਖ ਕੇ ਦਿਲ ਪ੍ਰਸੰਨ ਹੁੰਦਾ ਹੈ। "ਵਿਦਿਆ ਵਿਚਾਰੀ ਤਾਂ ਪਰ ਉਪਕਾਰੀ" ਵਾਕ ਅਨੁਸਾਰ ਵਿਦਿਆ ਪੜ੍ਹ ਕੇ ਆਪ ਨੇ ਬੜਾ ਉਪਕਾਰ ਕੀਤਾ। ਕਈ ਬ੍ਰਾਹਮਣ ਤੇ ਸਾਧੂ ਪੜ੍ਹਾਏ, ਆਖਰ ਅਪਣੀ ਆਯੂ ਆਨੰਦ ਪੂਰਵਕ ਬਿਤਾ ਕੇ ਅਪਣੇ ਸ਼ਿਸ਼ ਸੰਤ ਮਲੂਕ ਸਿੰਘ ਜੀ ਨੂੰ ਮਹੰਤੀ ਦੇ ਕਾਂਸ਼ੀ ਵਿਚ ਪ੍ਰਲੋਕ ਗਮਨ ਹੋ ਗਏ।

ਸੰਤ ਮਲੂਕ ਸਿੰਘ ਜੀ ਪੰਡਿਤ ਜੀ ਪਿਛੋਂ

ਅਸਥਾਨ ਦੀ ਚੰਗੀ ਸੇਵਾ ਕਰਦੇ ਰਹੇ। ਸਾਦਾ ਜੀਵਨ ਸਭ ਨੂੰ ਮੋਹ ਲੈਣ ਵਾਲਾ ਸੀ। ਆਪ ਅਪਣੇ ਸ਼ਿਸ਼ ਮ: ਸਰੂਪ ਸਿੰਘ ਜੀ ਨੂੰ ਅਸਥਾਨ ਦੀ ਮਹੰਤੀ ਦੇ ਕੇ ਗੁਰਪੁਰੀ ਸਿਧਾਰੇ।

ਮਹੰਤ ਸਰੂਪ ਸਿੰਘ ਜੀ ਨੇ ਅਪਨੇ ਮਕਾਨ ਨੂੰ ਚੰਗੀ ਸ਼ਕਲ ਵਿਚ ਲਿਅੰਦਾ। ਦੋ ਮਕਾਨ ਅੰਦਰ ਬਣਾਏ, ਤਿੰਨ ਚਾਰ ਦੁਕਾਨਾਂ ਬਣਵਾਈਆਂ ਜਿਨ੍ਹਾਂ ਦਾ ਕਰੀਬਨ ੪੪) ਕਰਾਇਆ ਓਦੋਂ ਆਉਂਦਾ ਸੀ। ਆਪ ਦੇ ਪੰਜ ਚੇਲੇ ਸਨ। ਲਖਾ ਰਾਮ, ਸੋਭਾ ਰਾਮ, ਦੂਲਾ ਰਾਮ ਸਿੰਘ, ਸਾਹਿਬ ਸਿੰਘ, ਨਰੈਣ ਸਿੰਘ, ਇਨ੍ਹਾਂ ਵਿਚੋਂ ਲਖਾ ਰਾਮ ਤਾਂ ਆਪ ਦੇ ਖਿਲਾਫ ਹੋ ਕੇ ਇਲਾਹਾਬਾਦ ਤੁਰ ਗਿਆ। ਸੋਭਾ ਸਿੰਘ ਪਾਸ ਹੀ ਰਿਹਾ, ਪਰ ਆਪ ਨੇ ਸੰਨ ੧੯੫੧ ਦਸੰਬਰ ੩ ਮੁਤਾਬਕ ਸੰਮਤ ੧੯੦੮ ਮਘਰ ੨੦ ਨੂੰ ਅਪਣੇ ਤੀਜੇ ਚੇਲੇ ਦੂਲਾ ਰਾਮ ਸਿੰਘ ਜੀ ਦੇ ਨਾਂ ਵਸੀਅਤ ਕੀਤੀ ਜੁ ਅਜ ਤਕ ਸੰਗਤ ਵਿਚ ਮੌਜੂਦ ਹੈ। ਜਿਸ ਵਿਚ ਇਹ ਲਿਖਿਆ ਕਿ ਦੂਲਾ ਰਾਮ ਸਿੰਘ ਮੇਰੇ ਖਾਨਦਾਨ ਵਿਚੋਂ ਹੈ ਤੇ ਮੇਰਾ ਚੇਲਾ ਹੈ। ਇਸ ਵਸੀਅਤ ਨੂੰ ਦੂਜਿਆਂ ਚੇਲਿਆਂ ਨੇ ਨਾ ਪਸੰਦ ਕੀਤਾ। ਦੂਲਾ ਰਾਮ ਸਿੰਘ ਵੀ ਆਗਿਆ ਵਿਚ ਨਾ ਰਿਹਾ ਜਿਸ ਕਰ ਕੇ ਛੇਆਂ ਮਹੀਨਿਆਂ ਪਿਛੋਂ ਵਸੀਅਤ ਤੁੜਵਾ ਦਿਤੀ। ਬਾਅਦ ੧੬ ਜੂਨ ਸੰਨ ੧੯੫੨ ਮੁਤਾਬਕ ਸੰਮਤ ੧੯੦੯ ਹਾੜ ਵਦੀ ੯ ਨੂੰ ਅਪਣੇ ਚੇਲੇ ਸੰਤ ਸਾਹਿਬ ਸਿੰਘ ਤੇ ਸੰਤ ਨਰੈਣ ਸਿੰਘ ਜੀ ਸਪੁਤ੍ਰ ਸੁਜਾਨ ਸਿੰਘ ਜੀ, ਦੇ ਨਾਂ ਕੀਤੀ ਬਾਅਦ ਕੁਝ ਸਮਾਂ ਚੰਗਾ ਗੁਜ਼ਾਰ ਕੇ ਆਪ ਪ੍ਰਲੋਕ ਸਿਧਾਰ ਗਏ।

# ਮਹੰਤ ਸਾਹਿਬ ਸਿੰਘ ਜੀ
# ਤੇ
# ਮਹੰਤ ਨਰੈਣ ਸਿੰਘ ਜੀ

ਜਨਮ ਦੋਹਾਂ ਦਾ ਬ੍ਰਾਹਮਣ ਖਾਨ ਦਾਨ ਵਿਚੋਂ ਸੀ। ਇਹ ਦੋਵੇਂ ਗੁਰਭਾਈ ਮਿਲਕੇ ਆਪਣੇ ਸੰਤਾਂ ਪਿਛੋਂ ਡੇਰੇ ਦਾ ਚੰਗਾ ਵਿਹਾਰ ਕਾਰ ਚਲਾਉਂਦੇ ਰਹੇ। ਮਹੰਤ ਸਾਹਿਬ ਸਿੰਘ ਜੀ ਗੁਜ਼ਰ ਗਏ, ਬਾਅਦ ਆਪ ਦੇ ਗੁਰਭਾਈ ਮਹੰਤ ਨਰੈਣ ਸਿੰਘ ਜੀ ਮਹੰਤ ਰਹੇ।

ਮਹੰਤ ਨਰੈਣ ਸਿੰਘ ਜੀ ਦਾ ਜਿਤਨਾ ਚਿਰ ਸਰੀਰ ਰਿਹਾ, ਡੇਰੇ ਦਾ ਚੰਗਾ ਕੰਮ ਚਲਾਇਆ, ਜਾਇਦਾਦ ਵਧਾਈ ਲੰਗਰ ਜਾਰੀ ਰਖਿਆ, ਆਖਰ ਆਪਨੇ ਪ੨ ਸਾਲ ਦੀ ਉਮਰ ਵਿਚ ਮਹੰਤ ਰਤਨ ਸਿੰਘ ਜੀ ਦੇ ਨਾਂ ਵਸੀਅਤ ਕੀਤੀ ਜੁ ੨ ਜਨਵਰੀ ਸੰਨ ੧੯੯੬ ਨੂੰ ਰਜਿਸਟਰੀ ਕਰਾਈ, ਜਿਸ ਵਿਚ ਇਹ ਲਿਖਿਆ ਕਿ ਜਿਸ ਨੂੰ ਚਾਹੇ ਸੰਗਤ ਦੀ ਵਸੀਅਤ ਕਰ ਸਕਦਾ ਹੈ, ਪਰ ਬੈ ਰੈਹਨ ਕਿਸੇ ਦੇ ਨਾਮ ਨਹੀਂ ਕਰ ਸਕਦਾ। ਆਖਰ ਕੁਝ ਦਿਨ ਬਿਮਾਰ ਰਹਿ ਕੇ ਗੁਰਪੁਰੀ ਸਿਧਾਰ ਗਏ।

# ਮਹੰਤ ਰਤਨ ਸਿੰਘ ਜੀ

ਆਪ ਦਾ ਜਨਮ ਬਾਤਲੀ, ਰਿਆਸਤ ਪਟਿਆਲਾ ਦਾ ਹੈ। ਪਹਿਲਾਂ ਆਪ ਬਰਨਾਲੇ ਡੇਰੇ ਟਿਕੇ ਰਹੇ, ਪੜ੍ਹਦੇ ਰਹੇ।

ਕੁਝ ਸਮਾਂ ਸੇਵਾ ਕਰਨ ਤੋਂ ਬਾਅਦ ਵਿਰਕਤ ਰਹਿ ਕੇ ਤੀਰਥ ਯਾਤ੍ਰਾ ਕਰਦੇ ਰਹੇ। ਮੰਡਲੀ ਨਾਲ ਮਿਲ ਕੇ ਬਨਾਰਸ ਆਏ, ਜਿਥੇ ਮ: ਨਰੈਣ ਸਿੰਘ ਜੀ ਦੇ ਨਾਲ ਮੇਲ ਹੋਇਆ। ਬੜਾ ਪ੍ਰੇਮ ਕੀਤਾ। ਆਖਰ ਮ: ਨਰੈਣ ਸਿੰਘ ਜੀ ਦੇ ਸ਼ਿਸ਼ ਬਣ ਕੇ ਡੇਰੇ ਦੀ ਬੜੀ ਸੇਵਾ ਕੀਤੀ। ਸੰਤਾਂ ਪਿਛੋਂ ਭੀ ਆਪ ਨੇ ਸੰਗਤ ਦਾ ਵਡਾ ਕੰਮ ਚਲਾਇਆ। ਪਿਛਲੇ ਮਹੰਤਾਂ ਵੇਲੇ ੪੫) ਰੁਪਏ ਮਹੀਨਾ ਆਮਦਨ ਸੀ, ਪਰ ਆਪ ਨੇ ਸੰਗਤ ਦੇ ਨਾਲ ਹੀ ਇਤਨੀਆਂ ਦੁਕਾਨਾਂ ਬਣ੍ਹਾਈਆਂ ਜੋ ਇਸ ਵੇਲੇ ਪੰਜ ਸੋ ਰੁਪਿਆ ਮਹੀਨਾ ਆਮਦਨ ਹੈ। ਸਭ ਮਕਾਨ ਪਕੇ ਬਣਵਾਏ, ਛੇਤ੍ਰ ਜਾਰੀ ਰਖਿਆ। ਪੰਜੀ ਤੀਹ ਸਾਧੂਆਂ ਨੂੰ ਅੰਨ ਤੋਂ ਇਲਾਵਾ ਸਾਬਣ ਤੇਲ ਆਦਕ ਦੇਂਦੇ ਰਹੇ। ਆਏ ਗਏ ਦੀ ਸੇਵਾ ਕਰਦਿਆਂ ਹੋਇਆਂ ਭੀ ੩੦੦੦੦) ਰੁਪਆ ਬੈਂਕ ਵਿਚ ਜਮਾ ਕੀਤਾ। ਆਪ ਦਾ ਸੁਭਾ ਮਿਲਾਪੜਾ ਨਿਰਮਾਣ, ਆਏ ਗਏ ਨੂੰ ਵਡਿਆ ਕੇ ਬੋਲਣ ਵਾਲਾ ਸੀ। ਜਿਤਨਾ ਚਿਰ ਆਪ ਦਾ ਸਰੀਰ ਰਿਹਾ, ਸੋਹਣੇ ਤਪ ਤੇਜ ਨਾਲ ਅਸਥਾਨ ਦਾ ਕੰਮ ਚਲਾਇਆ।

ਆਪ ਦੇ ਚੇਲੇ ਬਾਵਨ ਭਗਵਾਨ ਸਿੰਘ ਜੀ ਸਣੇ ਆਪਣੇ ਪਿਤਾ ਸੰਤ ਹਰਦੇਵ ਸਿੰਘ ਜੀ ਦੇ ਛੋਟੀ ਉਮਰ ਤੋਂ ਆਪ ਦੇ ਪਾਸ ਰਹਿੰਦੇ ਸੇਵਾ ਕਰਦੇ ਸਨ। ਫਗਣ ਸੁਦੀ ੧੩ ਸੰਮਤ ੧੯੮੪ ਨੂੰ ਇਨ੍ਹਾਂ ਨੂੰ ਅੰਮ੍ਰਿਤ ਛਕਾਇਆ, ਬਲਕਿ ਡੇਰੇ ਦੀ ਮਹੰਤੀ ਦੇਣ ਦਾ ਸੰਕਲਪ ਕੀਤਾ ਪਰ ਮੌਜੂਦਾ ਵਿਦਿਆਰਥੀ ਸੰਤਾਂ ਨੇ ਇਸ ਗਲ ਨੂੰ ਪਸੰਦ ਨਾ ਕਰਕੇ

ਪੰਜਾਬ ਜਾਕੇ ਐਜੀਟੇਸ਼ਨ ਕੀਤੀ, ਫਿਰ ਵੀ ਮਹੰਤ ਰਤਨ ਸਿੰਘ ਜੀ ਨੇ ਆਪਣਾ ਇਰਾਦਾ ਨਾ ਬਦਲਿਆ, ਆਖਰ ੨੩ ਜੂਨ ੧੯੨੮ ਮੁਤਾਬਕ ਸੰਮਤ ੧੯੮੪ ਹਾੜ ਦੇ ਮਹੀਨੇ ਵਿਚ ਮਹੰਤ ਬਾਵਨ ਭਗਵਾਨ ਸਿੰਘ ਜੀ ਨੂੰ ਪਗ ਦੇ ਦਿਤੀ। ਵਿਦਿਆਰਥੀਆਂ ਦੀ ਐਜੀਟੇਸ਼ਨ ਦੇ ਜ਼ੋਰ ਅਸਰ ਨਿਰਮਲ ਭੇਖ ਦੇ ਵਡੇ ਵਡੇ ਮੁਖੀ ਮਹੰਤ ਸੰਤ ਬਨਾਰਸ ਇਕੱਠੇ ਹੋਏ, ਮਹੰਤ ਰਤਨ ਸਿੰਘ ਜੀ ਨੂੰ ਬਹੁਤ ਕੁਝ ਕਿਹਾ ਗਿਆ, ਉਨ੍ਹਾਂ ਜਵਾਬ ਦਿਤਾ ਕਿ ਭੇਖ ਸਾਨੂੰ ਕੋਈ ਯੋਗ ਸਾਧੂ ਦੇਵੇ, ਫਿਰ ਮਹੰਤ ਸਤਿਨਾਮ ਸਿੰਘ ਜੀ ਨੂੰ ਭੇਖ ਨੇ ਦਿਤਾ, ਬਾਅਦ ਪਹਿਲੀ ਵਸੀਅਤ ਮਨਸੂਖ ਕਰਕੇ ਮਹੰਤ ਸਤਿਨਾਮ ਸਿੰਘ ਜੀ ਦੇ ਨਾਂ ਕੀਤੀ, ਸਭ ਦੀ ਮੌਜੂਦਗੀ ਵਿਚ ਪਗ ਦੇ ਦਿਤੀ, ਕੁਝ ਚਿਰ ਬਾਅਦ ਮਹੰਤ ਰਤਨ ਸਿੰਘ ਜੀ ਗੁਰਪੁਰੀ ਸਿਧਾਰ ਗਏ, ਬਾਅਦ ਮਹੰਤ ਸਤਿਨਾਮ ਸਿੰਘ ਜੀ ਕੁਝ ਚਿਰ ਮਹੰਤ ਰਹੇ। ਆਪ ਨੂੰ ਸਾਧ ਸੰਗਤ ਦੇ ਨਾਲ ਮੇਲ ਜੋਲ ਰਖਣਾ ਨਾ ਆਇਆ ਜਿਨ੍ਹਾਂ ਵਿਦਿਆਰਥੀਆਂ ਦੇ ਉਦਮ ਨਾਲ ਤੇ ਜਤਨ ਨਾਲ ਆਪ ਨੂੰ ਮਹੰਤੀ ਮਿਲੀ ਉਨ੍ਹਾਂ ਵਿਦਿਆਰਥੀਆਂ ਨਾਲ ਆਪ ਦਾ ਯੋਗ ਵਰਤਾਵ ਨਾ ਰਿਹਾ, ਵਿਦਿਆਰਥੀ ਬਰਖਿਲਾਫ ਹੋ ਗਏ।

ਉਧਰੋਂ ਮਹੰਤ ਬਾਵਨ ਭਗਵਾਨ ਸਿੰਘ ਜੀ ਨੇ ਆਪਣਾ ਹਕ ਸਿਧ ਕਰਨ ਵਾਸਤੇ ਸੰਮਤ ੧੯੯੬ ਵਿਚ ਮੁਕਦਮਾ ਦਾਇਰ ਕਰ ਦਿਤਾ, ਦੋ ਤਿੰਨ ਵਰ੍ਹੇ ਮੁਕਦਮਾ ਹੁੰਦਾ ਰਿਹਾ, ਸੰਮਤ ੧੯੯੯ ਮੁਤਾਬਕ ੩੦ ਨਵੰਬਰ ਸੰਨ ੧੯੩੧ ਨੂੰ ਹਾਈਕੋਰਟ ਨੇ ਮਹੰਤ ਬਾਵਨ ਭਗਵਾਨ ਸਿੰਘਜੀ ਦੇ ਹਕ ਵਿਚ

ਫੈਸਲਾ ਦਿਤਾ, ਇਨ੍ਹਾਂ ਦੇ ਕਬਜ਼ੇ ਲੈਣ ਤੋਂ ਪਹਿਲਾਂ ਹੀ ਮਹੰਤ ਸਤਿਨਾਮ ਸਿੰਘ ਜੀ ਕਿਧਰੇ ਚਲੇ ਗਏ, ਭਾਂਵੇਂ ਹਾਈ ਕੋਰਟ ਦੇ ਫੈਸਲੇ ਦੇ ਬਰਖਿਲਾਫ ਪ੍ਰਿਵੀ ਕੌਂਸਲ ਵਿਚ ਅਪੀਲ ਵੀ ਦਾਇਰ ਕੀਤੀ। ਪਰ ਫੈਸਲਾ ਮਹੰਤ ਬਾਵਨ ਭਗਵਾਨ ਸਿੰਘ ਜੀ ਦੇ ਹਕ ਵਿਚ ਹੀ ਹੋਇਆ।

## ਮਹੰਤ ਬਾਵਨ ਭਗਵਾਨ ਸਿੰਘ ਜੀ

ਆਪ ਦਾ ਜਨਮ ਬ੍ਰਾਹਮਣ ਖਾਨਦਾਨ ਵਿਚ ਬਨਾਰਸ ਵਿਖੇ ਹੋਇਆ, ਛੋਟੀ ਉਮਰ ਤੋਂ ਹੀ ਸਣੇ ਪਿਤਾ ਦੇ ਸੰਗਤ ਵਿਚ ਸੇਵਾ ਕਰਦੇ ਰਹੇ, ੧੯੯੩ ਵਿਚ ਅੰਮ੍ਰਿਤ ਛਕਿਆ। ੧੯੯੬ ਵਿਚ ਪਗ ਮਿਲੀ, ਜਦ ਮਹੰਤ ਸਤਿਨਾਮ ਸਿੰਘ ਜੀ ਨੂੰ ਭੇਖ ਦੇ ਕਹਿਣੇ ਕਰਕੇ ਪਗ ਮਿਲੀ ਤਾਂ ਆਪ ਮਕਾਨ ਤੋਂ ਅਲਗ ਜਾ ਰਹੇ, ਆਪਣੇ ਮਹੰਤਾਂ ਦੇ ਗੁਜ਼ਰ ਜਾਣ ਤੋਂ ਬਾਅਦ ਮੁਕਦਮਾ ਚਲਾਇਆ,ਹਾਈ ਕੋਰਟ ਤੇ ਵਲਾਇਤੋਂ ਆਪ ਦੇ ਹਕ ਵਿਚ ਜਦ ਫੈਸਲਾ ਹੋਇਆ, ਤਦ ਤੋਂ ਮਕਾਨ ਦੇ ਆਪ ਕਾਬਜ਼ ਚਲੇ ਆ ਰਹੇ ਸਨ, ਸੁਣਨ ਵਿਚ ਆਉਂਦਾ ਹੈ ਕਿ ਭਾਵੇਂ ਸੁਤੰਤਰ ਸੁਭਾਵ ਵਾਲੇ ਸਨ ਪਰ ਸਾਧ ਸੰਗਤ ਤੇ ਵਿਦਜਾਰ-ਥੀਆਂ ਨਾਲ ਵਡੇ ਮਹੰਤਾਂ ਵਾਂਗ ਪ੍ਰੇਮ ਸੀ। ਦੋਨੋ ਵਕਤ ਭੋਜਨ ਬਣਦਾ। ਤੇਲ ਸਾਬਣ ਸਨਮਾਨ ਨਾਲ ਸਭ ਨੂੰ ਦਿਤਾ ਜਾਂਦਾ। ਆਏ ਗਏ ਦਾ ਸਤਿਕਾਰ ਕੀਤਾ ਜਾਂਦਾ, ਸੁਭਾ ਆਪਦਾ ਮਿਲਣ-ਸਾਰ ਸੀ, ਜਿਹੜਾ ਉਥੋਂ ਹੋ ਆਉਂਦਾ ਆਪਦੀ ਤਾਰੀਫ ਕਰਦਾ। ਇਹ ਅਸਥਾਨ ਕਾਂਸ਼ੀ ਵਿਚ ਪੁਰਾਣਾ ਤੇ ਸਾਰੇ

ਨਿਰਮਲ ਅਸਥਾਨਾਂ ਨਾਲੋਂ ਵਡਾ ਹੈ। ਮਹੰਤ ਗੁਜ਼ਰ ਚੁਕੇ ਹਨ ਭੇਖ ਨੇ ਆਪ ਦੇ ਸ਼ਿਸ਼ ਮਹੰਤ ਪ੍ਰਿਤਪਾਲ ਸਿੰਘ ਜੀ ਨੂੰ ਪਗ ਦਿਤੀ ਜੋ ਇਸ ਵੇਲੇ ਅਸਥਾਨ ਦਾ ਕੰਮ ਚਲਾ ਰਹੇ ਹਨ।

## ਪੰਡਿਤ ਸਿਰੀਆ ਸਿੰਘ ਜੀ ਵਿਰਕਤ

ਆਪ ਪੰਡਿਤ ਸਦਾ ਸਿੰਘ ਜੀ ਦੇ ਸ਼ਿਸ਼ ਹੋਏ ਹਨ। ਕਨਖਲ ਸ੍ਰੀ ਗੰਗਾ ਜੀ ਦੇ ਕਿਨਾਰੇ ਪਟਿਆਲੇ ਵਾਲੀ ਹਵੇਲੀ ਵਿਚ ਰਿਹਾ ਕਰਦੇ ਸਨ, ਅਦੁਤੀ ਵਿਦ੍ਵਾਨ ਸਨ, ਅਨੇਕਾਂ ਸਾਧੂ, ਬ੍ਰਾਹਮਣ ਆਪ ਪਾਸੋਂ ਵਿਦਯਾ ਪੜ੍ਹਦੇ ਹੁੰਦੇ ਸਨ, ਸੰਤ ਮਨੋਹਰ ਦਾਸ ਜੀ ਨਏ ਅਖਾੜੇ ਵਾਲੇ ਆਪ ਦੇ ਵਿਦਯਾਰਥੀ ਸਨ, ਆਪ ਦੀ ਰਹਿਣੀ ਬਹਿਣੀ ਇਤਨੀ ਸੁਚੀ ਸੀ, ਜਦ ਮਹਾਰਾਜਾ ਸਾਹਿਬ ਪਟਿਆਲਾ ਜਾਇਆ ਕਰਦੇ ਤਾਂ ਆਪ ਦੇ ਦਰਸ਼ਨ ਕਰਕੇ ਇਹੀ ਪ੍ਰਾਰਥਨਾ ਕਰਦੇ ਕਿ ਆਪ ਇਕ ਵੇਰਾਂ ਪਟਿਆਲੇ ਦਰਸ਼ਨ ਦਿਓ, ਆਪ ਕਿਹਾ ਕਰਦੇ ਸਨ, ਜਦ ਦੇ ਗੰਗਾ ਜੀ ਨਿਵਾਸ ਕੀਤਾ ਹੈ, ਤਦ ਤੋਂ ਬਾਹਰ ਜਾਣ ਦੀ ਇਛਾ ਘਟ ਫੁਰਦੀ ਹੈ। ਇਕ ਵੇਰਾਂ ਮਹਾਰਾਜਾ ਸਾਹਿਬ ਨੇ ਲੈ ਜਾਣ ਲਈ ਬਹੁਤ ਹਠ ਕੀਤਾ, ਤਾਂ ਆਪ ਨੇ ਆਪਣੇ ਵਿਦਯਾਰਥੀ ਸੰਤ ਮਨੋਹਰ ਦਾਸ ਜੀ ਨੂੰ ਅਪਣਾ ਸਰੂਪ ਕਹਿਕੇ ਮਹਾਰਾਜਾ ਸਾਹਿਬ ਨਾਲ ਭੇਜ ਦਿਤਾ ਜਿਥੇ ਮਹਾਰਾਜਾ ਸਾਹਿਬ ਨੇ ਸੰਤ ਮਨੋਹਰ ਦਾਸ ਜੀ ਦਾ ਬੜਾ ਸਤਿਕਾਰ ਕੀਤਾ। ਸੋ ਆਪ ਇਸ ਤਰ੍ਹਾਂ ਦੇ ਤਿਆਗੀ ਮਹਾਂ ਪੁਰਸ਼ ਹੋਏ ਹਨ।

# ਡੇਰਾ ਕੈਂਥਲ
## ਮਹੰਤ ਮੋਤਾ ਸਿੰਘ ਜੀ

ਆਪ ਕਾਂਸ਼ੀ ਵਾਲੇ ਪੰਡਿਤ ਚੇਤ ਸਿੰਘ ਜੀ ਦੇ ਸ਼ਿਸ਼ ਹੋਏ। ਇਹ ਡੇਰਾ ਸ਼੍ਰੀ ਪੰਡਿਤ ਚੇਤ ਸਿੰਘ ਜੀ ਨੇ ਪਹਿਲਾਂ ਆਬਾਦ ਕੀਤਾ, ਜਦ ਆਪਣੇ ਸੰਤਾਂ ਨੇ ਆਪ ਨੂੰ ਕਾਂਸ਼ੀ ਬੁਲਾ ਭੇਜਿਆ ਤਾਂ ਆਪਣੇ ਸ਼ਿਸ਼ ਸੰਤ ਮੋਤਾ ਸਿੰਘ ਜੀ ਨੂੰ ਅਸਥਾਨ ਦੀ ਮਹੰਤੀ ਦੇ ਕੇ ਕਾਂਸ਼ੀ ਚਲੇ ਗਏ। ਪਿਛੋਂ ਮਹੰਤ ਮੋਤਾ ਸਿੰਘ ਜੀ ਨੇ ਡੇਰੇ ਨੂੰ ਚੰਗੀ ਰੌਣਕ ਵਿਚ ਲਿਆਂਦਾ, ਅੰਤ ਮਹੰਤ ਠਾਕੁਰ ਸਿੰਘ ਜੀ ਨੂੰ ਡੇਰਾ ਦੇ ਕੇ ਸੁਰਗਪੁਰੀ ਸਿਧਾਰੇ।

ਮਹੰਤ ਠਾਕੁਰ ਸਿੰਘ ਜੀ ਜਿਤਨਾ ਚਿਰ ਰਹੇ ਓਹ ਭੀ ਆਖਰ ਮਹੰਤ ਮੋਹਰ ਸਿੰਘ ਜੀ ਨੂੰ ਡੇਰਾ ਦੇ ਕੇ ਗੁਰਪੁਰੀ ਚੜ੍ਹਾਈ ਕਰ ਗਏ। ਮਹੰਤ ਮੋਹਰ ਸਿੰਘ ਜੀ ਤੋਂ ਬਾਅਦ ਮਹੰਤ ਸੰਤੋਖ ਸਿੰਘ ਜੀ ਅਸਥਾਨਾ ਪਤੀ ਹੋਏ। ਅਗੋ ਰਾਮ ਦੀਆਂ ਰਾਮ ਜਾਣੇ।

ੴ ਸਤਿਗੁਰ ਪ੍ਰਸਾਦਿ ॥

# ਸੰਪ੍ਰਦਾਯ ਗਿਰਵੜੀ

## ਜ਼ਿਲਾ ਹੁਸ਼ਿਆਰ ਪੁਰ

ਮੈਂ ਪਿਛਲੇ ਹਿਸਿਆਂ ਵਿਚ ਖਾਨਦਾਨ ਸੰਪ੍ਰਦਾਵਾਂ ਬਾਰੇ ਆਪਣੇ ਖਿਆਲ ਪ੍ਰਗਟ ਕਰ ਚੁਕਾ ਹਾਂ ਕਿ ਨਿਰਮਲ ਭੇਖ ਵਿਚ ਅਨੇਕ ਸੰਪ੍ਰਦਾਯ ਹਨ ਜਿਨ੍ਹਾਂ ਦੀ ਪ੍ਰਸਿਧੀ ਕਿਸੇ ਪ੍ਰਤਾਪੀ ਵਿਦ੍ਵਾਨ ਵਿਰਕਤ ਆਤਮਾ ਦੇ ਨਾਮ ਤੇ ਜਾਂ ਜਿਸ ਪਿੰਡ, ਨਗਰ ਵਿਚ ਉਨ੍ਹਾਂ ਦਾ ਨਿਵਾਸ ਰਿਹਾ ਹੋਵੇ, ਉਸੇ ਪਿੰਡ ਸ਼ਹਿਰ ਦੇ ਨਾਮ ਤੇ ਉਨ੍ਹਾਂ ਦੀ ਸੰਪ੍ਰਦਾਯ ਪ੍ਰਸਿਧ ਹੋ ਜਾਂਦੀ ਹੈ।

ਇਸੇ ਤਰ੍ਹਾਂ ਇਹ ਡੇਰਾ ਨਦੀ ਦੇ ਕਿਨਾਰੇ ਕੁਲੀਆਂ, ਜ਼ਿਲਾ ਹੁਸ਼ਿਆਰਪੁਰ ਦੇ ਨਾਮ ਤੇ ਪ੍ਰਸਿਧ ਹੈ। ਪਾਸ ਹੀ ਪਾਣੀ ਸਿਮਦਾ ਡਿਗਦਾ ਤੇ ਗਿਰਵੜ ਕਰਦਾ ਰਹਿੰਦਾ ਹੈ, ਜਿਸ ਕਰਕੇ ਨਦੀ ਦਾ ਨਾਮ ਵੀ ਗਿਰਵੜੀ ਸਦਿਆ ਜਾਂਦਾ ਹੈ। ਗਿਰਵੜੀ ਦੇ ਕਿਨਾਰੇ ਮਹਾਂਪੁਰਸ਼ ਸ੍ਰੀ ਮਹਾਰਾਜ ਗੁਲਾਬ ਸਿੰਘ ਵਿਰਕਤਾਂ ਦਾ ਨਿਵਾਸ ਰਿਹਾ। ਇਸ ਕਰਕੇ ਆਪ ਗਿਰਵੜੀ ਵਾਲੇ ਪ੍ਰਸਿਧ ਹੋਏ। ਸਮਾਂ ਪਾਕੇ ਆਪ ਦੀ ਸੰਪ੍ਰਦਾਯ ਦਾ ਨਾਮ ਭੀ ਗਿਰਵੜੀ ਮਸ਼ਹੂਰ ਹੋ ਗਿਆ।

ਸ੍ਰੀ ਮਹੰਤ ਪੰਡਿਤ ਤਾਰਾ ਸਿੰਘ ਜੀ ਨਰੋਤਮ ਆਪ ਦੇ ਮੁਖੀ ਸ਼ਿਸ਼ਾਂ 'ਚੋਂ ਹੋਏ ਹਨ। ਜਿਨ੍ਹਾਂ ਆਪਣੀ ਸੰਪ੍ਰਦਾਯ ਨੂੰ ਉਪਰੋਂ ਕਾਂਸ਼ੀ ਵਾਲਿਆਂ ਨਾਲ ਮੇਲਿਆ ਹੈ।

ਆਪ ਨੇ 'ਗੁਰ ਤੀਰਥ ਸੰਗ੍ਰਹਿ' ਵਿਚ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਸ੍ਰੀ ਦਸ਼ਮੇਸ਼ ਗੁਰੂ ਜੀ ਨੇ ਬਾਬਾ ਧਰਮ ਸਿੰਘ ਜੀ ਨੂੰ ਅੰਮ੍ਰਿਤ ਪਾਨ ਕਰਾਇਆ। ਜਿਨ੍ਹਾਂ ਦਾ ਜੀਵਨ ਨਿਰਮਲ ਪੰਥ ਦਰਸ਼ਨ ਦੇ ਪਹਿਲੇ ਹਿਸੇ ਵਿਚ ੧੪੬ ਅੰਗ ਤੇ ਆ ਚੁਕਾ ਹੈ। ਅਗੇ ਇਨ੍ਹਾਂ ਤੋਂ ਸ੍ਰੀ ਪੰਡਿਤ ਕਰਮ ਸਿੰਘ ਜੀ ਨੇ ਅੰਮ੍ਰਿਤ ਛਕਿਆ ਤੇ ਗੁਰ ਦੀਖਿਆ ਲੀਤੀ ਜਿਨ੍ਹਾਂ ਦਾ ਜੀਵਨ ਕਾਂਸ਼ੀ ਸੰਪ੍ਰਦਾਯ ਦੇ ਮਹਾਂ ਪੁਰਸ਼ਾਂ ਵਿਚ ਲਿਖਿਆ ਗਿਆ ਹੈ, ਸ੍ਰੀ ਪੰਡਿਤ ਕਰਮ ਸਿੰਘ ਜੀ ਦੇ ਤਿੰਨ ਸ਼ਿਸ਼ ਹੋਏ। ਇਕ ਤਾਂ ਸੰਤ ਜੈ ਸਿੰਘ ਜੀ ਡੇਰਾ ਚੇਤਨ ਮਠ ਕਾਂਸ਼ੀ, ਦੂਜੇ ਸ਼ਿਸ਼ ਬੁੰਗੇ ਵਾਲੇ ਮਹਾਰਾਜ ਕੁਇਰ ਸਿੰਘ ਜੀ ਅੰਮ੍ਰਿਤਸਰ। ਤੀਜੇ ਸ਼ਿਸ਼ ਬਾਬਾ ਕੇਸਰ ਸਿੰਘ ਜੀ ਮੁਖੀ ਸੰਪ੍ਰਦਾਯ ਬਰਨਾਲਾ।

ਪੰਡਿਤ ਕਰਮ ਸਿੰਘ ਜੀ ਦੇ ਪਹਿਲੇ ਸ਼ਿਸ਼ ਸੰਤ ਜੈ ਸਿੰਘ ਜੀ ਕਾਂਸ਼ੀ। ਅਗੇ ਸਿਲਸਿਲੇ ਵਾਰ ਸੰਤ ਮੇਹਰ ਸਿੰਘ ਜੀ ਸੰਤ ਅਮੀਰ ਸਿੰਘ ਜੀ, ਸੰਤ ਚੇਤ ਸਿੰਘ ਜੀ, ਪੰਡਿਤ ਸਦਾ ਸਿੰਘ ਜੀ, ਪੰਡਿਤ ਮਾਨ ਸਿੰਘ ਜੀ ਕੁਬੇਰ, ਸੰਤ ਕਿਰਪਾ ਸਿੰਘ ਜੀ, ਸੰਤ ਜਮੀਤ ਸਿੰਘ ਜੀ, ਮਹਾਰਾਜ ਸੰਤ ਗੁਲਾਬ ਸਿੰਘ ਜੀ ਜਿਨ੍ਹਾਂ ਤੋਂ ਅਗੇ ਗਿਰਵੜੀ ਸੰਪ੍ਰਦਾਯ ਚਲੀ ਹੈ।

ਸ੍ਰੀ ਮਹਾਰਾਜ ਵਿਰਕਤ ਪੰਡਿਤ ਗੁਲਾਬ ਸਿੰਘ ਜੀ, ਆਪ ਦਾ ਜਨਮ ਪਿੰਡ ਚਤੋਵਾਲ, ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ। ੨੦-੨੨ ਵਰ੍ਹੇ ਦੀ ਉਮਰ ਵਿਚ ਮਹਾਰਾਜ ਜਮੀਤ ਸਿੰਘ ਜੀ ਦੇ ਸ਼ਿਸ਼ ਹੋਏ। ਸੇਵਾ ਕਰਦੇ ਪੜ੍ਹਦੇ ਰਹੇ। ਅਜਿਹੇ

ਵਿਰਕਤ ਫਕੀਰ ਹੋਏ, ਜੁ ਭਜਨ ਤੋਂ ਬਿਨਾਂ ਸਾਰੇ ਕੰਮ ਤੁਛ ਸਮਝਦੇ ਰਹੇ। ਪਹਿਲਾਂ ਬਹੁਤ ਚਿਰ ਤੀਰਥਾਂ ਪਰ ਵਿਚਰਦੇ ਰਹੇ। ਬਾਅਦ ਵਿਚਰਦੇ ਵਿਚਰਦੇ ਨਦੀ ਦੇ ਕਿਨਾਰੇ ਜ਼ਿਲਾ ਹੁਸ਼ਿਆਰ ਪੁਰ ਦੇ ਪਿੰਡ ਕੁਰਾਲਾ ਤੇ ਮੂਣਕ ਖੁਰਦ ਦੇ ਵਿਚਕਾਰ ਕੁੱਲੀ ਬਣਾ ਕੇ ਟਿਕ ਗਏ। ਕਦੀ ਕਦੀ ਸਿਰਹਾਲੀ ਭੀ ਜਾ ਰਹਿੰਦੇ ਰਹੇ। ਭਜਨ ਦੇ ਪ੍ਰਤਾਪ ਕਰ ਕੇ ਆਪ ਦਾ ਇਤਨਾ ਪ੍ਰਤਾਪ ਵੇਖਿਆ, ਸਾਰਾ ਇਲਾਕਾ ਦਾਸ ਹੋ ਗਿਆ। ਦੋ ਦੋ ਸੌ ਮੂਰਤੀ ਸਾਧੂ ਪਾਸ ਰਹਿਣ ਲਗ ਪਏ। ਹਮੇਸ਼ਾ ਮਦੂਕੜੀ ਦਾ ਅੰਨ ਆਸ ਪਾਸ ਦੇ ਪਿੰਡਾਂ ਵਿਚੋਂ ਲਿਆ ਕੇ ਛਕਦੇ ਛਕਾਉਂਦੇ ਰਹੇ। ਕੁਝ ਸਮੇਂ ਬਾਅਦ ਆਪ ਦਾ ਅਸਥਾਨ ਤੇ ਕਈ ਸੇਵਕ ਬਣ ਗਏ। ਇਕ ਦਿਨ ਤਹਿਸੀਲਦਾਰ ਨੇ ਇਸ ਤਰ੍ਹਾਂ ਅਭਿਆਗਤੀ ਅਸਥਾਨ ਵੇਖ ਕੇ ਜ਼ਮੀਨ ਦੀ ਸਫਾਰਸ਼ ਕਰਨ ਲਈ ਸੰਤਾਂ ਨੂੰ ਕਿਹਾ, ਤਾਂ ਇਹ ਸੁਣ ਕੇ ਆਪ ਸੁਹਾਲੀ ਜਾ ਰਹੇ, ਸੰਤਾਂ ਲੋਗਾਂ ਤਹਿਸੀਲ ਦਾਰ ਨੂੰ ਕਿਹਾ, ਕਿ ਤੂੰ ਤਾਂ ਇਹ ਗੱਲ ਕਹਿਕੇ ਸਾਡੇ ਸੰਤ ਹੀ ਤੋਰ ਦਿਤੇ। ਕਈ ਸੰਤਾਂ ਸਣੇ ਤਹਿਸੀਲ ਦਾਰ ਆਪ ਲਿਆਇਆ ਤੇ ਅਪਣੇ ਵਲੋਂ ੮-੯ ਘੁਮਾ ਜ਼ਮੀਨ ਚੁਪ ਚਪਾਤੇ ਲਾ ਦਿਤੀ, ਜੋ ਅਜ ਕਲ ਡੇਰੇ ਨਾਲ ਹੀ ਲਗੀ ਚਲੀ ਆਉਂਦੀ ਹੈ।

ਮਹਾਰਾਜ ਵਿਰਕਤ ਸਾਹਿਬ ਸਿੰਘ ਜੀ ਸ਼੍ਰੀ ਮਹੰਤ ਸਾਹਿਬ, ਪੰਡਿਤ ਤਾਰਾ ਸਿੰਘ ਜੀ, ਸ਼੍ਰੀ ਮਹੰਤ ਸਾਹਿਬ, ਪੰਡਿਤ ਸਾਧੂ ਸਿੰਘ ਜੀ, ਮਹਾਰਾਜ ਜੀਵਣ ਸਿੰਘ ਜੀ ਮੁਰਾਲੇ ਵਾਲੇ ਆਦਕ ੫੦-੬੦ ਦੇ ਕਰੀਬ ਆਪ ਦੇ ਮੁਖੀ ਮੁਖੀ ਸ਼ਿਸ਼

ਪ੍ਰਸਿੱਧ ਸਨ। ਆਪ ਇਸ ਤਰ੍ਹਾਂ ਦੇ ਬੜੇ ਤਪ ਤੇਜ ਤੇ ਕਰਨੀ ਵਾਲੇ ਮਹਾਂ ਪੁਰਸ਼ ਹੋਏ ਹਨ, ਜਿਨ੍ਹਾਂ ਦੀ ਸੰਗਤ ਕਰ ਕੇ ਅਨੇਕਾਂ ਪ੍ਰਾਣੀਆਂ ਦਾ ਉਧਾਰ ਹੋਇਆ। ਆਖਰ ਸਾਰੀ ਆਯੂ ਆਨੰਦ ਪੂਰਵਕ ਬਿਤੀਤ ਕਰ ਕੇ ਅਸਥਾਨ ਦਾ ਉਤ੍ਰਾਧਿਕਾਰੀ ਅਪਣੇ ਸ਼ਿਸ਼ ਮਹੰਤ ਗੁਰਮੁਖ ਸਿੰਘ ਜੀ ਨੂੰ ਨਿਯੱਤ ਕਰ ਕੇ ਸੰਮਤ ੧੯੩੨ ਵਿਚ ਗੁਰਪੁਰੀ ਸਿਧਾਰ ਗਏ। ਆਪ ਦੀ ਸਮਾਧ ਡੇਰੇ ਦੇ ਲਾਗੇ ਖੂਹ ਦੇ ਪਾਸ ਪਕੀ ਬਣੀ ਹੋਈ ਹੈ। ਜਿਸ ਦੀ ਸ਼੍ਰਧਾਲੂ ਪੁਸ਼ਪ ਪੱਤ੍ਰ ਆਦਕ ਕਰ ਕੇ ਪੂਜਾ ਕਰਦੇ ਹਨ।

**ਮਹੰਤ ਗੁਰਮੁਖ ਸਿੰਘ ਜੀ** ਜਿਤਨਾ ਚਿਰ ਰਹੇ, ਅਪਣੇ ਸੰਤਾਂ ਦੀ ਰਹੁ ਰੀਤੀ ਅਨੁਸਾਰ ਦਿਨ ਬਿਤੀਤ ਕਰਦੇ ਰਹੇ। ਬਾਅਦ ਆਪ ਦੇ ਗੁਰਭਾਈ ਮਹੰਤ ਦੁਸੌਂਧਾ ਸਿੰਘ ਜੀ ਮਹੰਤ ਰਹੇ। ਜੁ ਆਏ ਗਏ ਸਾਧੂ ਸੰਤ ਦੀ ਸੇਵਾ ਕਰਦੇ ਰਹੇ। ਏਹ ਭੀ ਅਸਥਾਨ ਦੀ ਮਹੰਤੀ ਅਪਣੇ ਗੁਰਭਾਈ ਮਹੰਤ ਰਾਮ ਸਿੰਘ ਜੀ ਨੂੰ ਦੇ ਕੇ ਉਦਾਸ ਹੁੰਦੇ ਕਿਤੇ ਚਲੇ ਗਏ। ਇਨ੍ਹਾਂ ਮਹੰਤਾਂ ਸਾਹਿਬਾਂ ਦਾ ਜਨਮ ਚਤੇਵਾਲ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਜੁ ਥੋੜਾ ਚਿਰ ਮਹੰਤੀ ਕਰ ਕੇ ਪ੍ਰਲੋਕ ਗਮਨ ਹੋ ਗਏ।

**ਮਹੰਤ ਸਰੂਪ ਸਿੰਘ ਜੀ** ਆਪ ਦਾ ਜਨਮ ਮੂਣਕ ਕਲਾਂ ਜ਼ਿਲਾ ਹੁਸ਼ਿਆਰ ਪੁਰ ਦਾ ਸੀ। ਆਪ ਵੀ ਪਹਿਲੇ ਮਹੰਤਾਂ ਦੇ ਗੁਰਭਾਈ ਸਨ। ਥੋੜਾ ਚਿਰ ਹੀ ਡੇਰੇ ਦੀ ਸੇਵਾ ਕੀਤੀ, ਅਪਣੇ

ਜੀਓ ਦੇ ਜੀ ਅਪਣੇ ਗੁਰਭਾਈ ਮਹੰਤ ਹਰਿਦਾਸ ਸਿੰਘ ਜੀ ਨੂੰ ਪਗ ਦੇ ਕੇ ਪ੍ਰਲੋਕ ਗਮਨ ਹੋਇ।

**ਮਹੰਤ ਹਰਦਾਸ ਸਿੰਘ ਜੀ** ਆਪਦਾ ਜਨਮ ਮੂਣਕ ਕਲਾਂ ਜ਼ਿਲਾ ਹੋਸ਼ਿਆਰ ਪੁਰ ਵਿਚ ਹੋਇਆ। ਛੋਟੀ ਉਮਰ ਵਿਚ ਹੀ ਸਾਧੂ ਹੋਇ। ਸੰਤਾਂ ਦੇ ਚਰਨਾਂ 'ਚ ਰਹਿ ਕੇ ਸੇਵਾ ਕਰਦੇ ਰਹੇ। ਆਪ ਨੇ ਅਪਣੀ ਮਹੰਤੀ 'ਚ ਡੇਰੇ ਦਾ ਚੰਗਾ ਕੰਮ ਚਲਾਇਆ। ਬਲਕਿ ਪ੍ਰੇਮ ਗੜ੍ਹ ਵਾਲਾ ਡੇਰਾ ਆਪ ਨੇ ਖੁਦ ਜ਼ਮੀਨ ਲੈ ਕੇ ਅਪਣੇ ਨਾਮ ਤੇ ਬਣਵਾਇਆ, ਜਿਥੇ ਆਪ ਦੇ ਸ਼ਿਸ਼ ਮਹੰਤ ਹਰਨਾਮ ਸਿੰਘ ਜੀ ਟਿਕੇ ਰਹੇ ਹਨ। ਇਹ ਡੇਰਾ ਭੀ ਇਸ ਵੇਲੇ ਡੇਰੇ ਨਾਲ ਹੈ। ਦੋਹਾਂ ਅਸਥਾਨਾਂ ਦਾ ਇਕੋ ਮਹੰਤ ਰਹਿੰਦਾ ਹੈ। ਇਸ ਵੇਲੇ ਕੁਲੀਆਂ (ਗ੍ਰਿਵੜੀ) ਦੇ ਮਹੰਤ ਆਪ ਦੇ ਸ਼ਿਸ਼ ਮਹੰਤ ਲਾਭ ਸਿੰਘ ਜੀ ਹਨ, ਪਰ ਉਸ ਵੇਲੇ ਅਸਥਾਨ ਦੀ ਮਹੰਤੀ ਆਪਨੇ ਅਪਣੇ ਗੁਰਭਾਈ ਮਹੰਤ ਸੰਤ ਸਿੰਘ ਨੂੰ ਦਿਤੀ ਸੀ।

**ਮਹੰਤ ਸੰਤ ਸਿੰਘ ਜੀ** ਆਪ ਦਾ ਜਨਮ ਪਿੰਡ ਕਲੋਇ, ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਚੰਗੇ ਪ੍ਰਤਾਪ ਵਾਲੇ ਮਹਾਂ ਪੁਰਸ਼ ਹੋਇ ਹਨ। ਸਾਦੀ ਜ਼ਿੰਦਗੀ, ਘਰ ਜਾਗੀਦਾਰ ਸਨ। ਇਥੇ ਭੀ ਆਪ ਨੂੰ ਜਾਗੀਰ ਮਿਲਦੀ ਰਹੀ ਹੈ। ਆਪ ਦੇ ਇਕ ਸ਼ਿਸ਼ ਮਹੰਤ ਦਇਆ ਸਿੰਘ ਜੀ ਲਾਹੌਰ ਵਾਲੇ ਹਨ, ਜੋ ਸਾਧ ਸੰਗਤ ਦੀ ਸੇਵਾ ਕਰਨ ਵਿਚ ਪ੍ਰਸਿੱਧ ਸਨ। ਆਪ ਨੇ

ਅਸਥਾਨ ਨੂੰ ਚੰਗੀ ਤਰੱਕੀ ਦਿਤੀ। ਆਖਰ ਕਾਰ ਸੰਮਤ ੧੯੬੪ ਵਿਚ ਗੁਰਪੁਰੀ ਸਿਧਾਰ ਗਏ।

**ਮਹੰਤ ਮਹਿਤਾਬ ਸਿੰਘ ਜੀ** ਆਪ ਵਡੀ ਉਮਰ ਵਿਚ ਮਹੰਤ ਹੋਇ, ਥੋੜਾ ਚਿਰ ਮਹੰਤੀ ਕਰ ਕੇ ਅਪਣੇ ਗੁਰਭਾਈ ਮਹੰਤ ਨਿਹਾਲ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਪ੍ਰਲੋਕ ਗਮਨ ਹੋ ਗਏ।

**ਮਹੰਤ ਨਿਹਾਲ ਸਿੰਘ ਜੀ** ਇਹ ਭੀ ਕੁਝ ਚਿਰ ਮਹੰਤੀ ਕਰਕੇ ਅਪਣੇ ਗੁਰਭਾਈ ਮਹੰਤ ਪੰਡਿਤ ਸਾਧੂ ਸਿੰਘ ਜੀ ਨੂੰ ਪਗ ਦੇ ਕੇ ਦੇਹਾਂਤ ਹੋ ਗਏ। ਸਾਧ ਸੰਗਤ ਦੀ ਸੇਵਾ ਵਿਚ ਕੁਝ ਸਮਾਂ ਗੁਜ਼ਾਰ ਕੇ ਆਪਣੇ ਹੀ ਗੁਰਭਾਈ ਮਹੰਤ ਸੰਗਤ ਸਿੰਘ ਜੀ ਨੂੰ ਸੇਵਾ ਦੇ ਕੇ ਪ੍ਰਲੋਕ ਗਮਨ ਹੋਏ। ਆਪ ਦਾ ਜਨਮ ਮੂਣਕ ਕਲਾਂ ਦਾ ਸੀ, ਆਪ ਵੀ ਥੋੜਾ ਚਿਰ ਮਹੰਤ ਰਹਿ ਕੇ ਪ੍ਰਲੋਕ ਗਮਨ ਹੋ ਗਏ।

**ਪੰਡਿਤ ਗੰਡਾ ਸਿੰਘ ਜੀ** ਆਪ ਦਾ ਜਨਮ ਤੁਗਲ ਵਾਲ ਜ਼ਿਲਾ ਗੁਰਦਾਸ ਪੁਰ ਦਾ ਸੀ। ਕੁਝ ਕੁ ਚਿਰ ਡੇਰੇ ਦੇ ਮਹੰਤ ਰਹਿ ਕੇ ਚੰਗੀ ਸੇਵਾ ਕਰਦੇ ਰਹੇ। ਆਪ ਦੇ ਸ਼ਿਸ਼ ਮ: ਮਈਆ ਸਿੰਘ ਜੀ ਤੇ ਪੰਡਤ ਮੀਹਾਂ ਸਿੰਘ ਜੀ ਰਾਜਿਆਣੇ ਵਾਲੇ ਹਨ। ਆਪ ਦੇ ਪਿਛੋਂ ਆਪ ਦੇ ਗੁਰਭਾਈ ਪੰਡਿਤ ਪੰਜਾਬ ਸਿੰਘ ਜੀ ਡੇਰੇ ਦੇ ਮਹੰਤ ਰਹੇ। ਬਾਅਦ ਆਪ ਦੇ ਸ਼ਿਸ਼ ਹੀ ਲਗਾਤਾਰ ਮਹੰਤੀ ਕਰਦੇ ਰਹੇ।

**ਪੰਡਤ ਪੰਜਾਬ ਸਿੰਘ ਜੀ** ਆਪ ਚੰਗੇ ਪ੍ਰਸਿੱਧ ਵਿਦ੍ਵਾਨ ਹੋਏ ਹਨ (ਆਪ ਦੇ ਸ਼ਿਸ਼ ਬਾਂਸਕੇ ਫਾਟਕ ਵਾਲੇ ਪੰਡਿਤ ਰਾਮ ਸਿੰਘ ਜੀ ਕਾਂਸ਼ੀ ਵਾਲੇ ਸਨ) ਈਸ਼ਵਰ ਦੀ ਰਚਨਾ ਬੇਅੰਤ ਹੈ, ਅਜ ਤਕ ਵਡੇ ਸੰਤਾਂ ਤੋਂ ਬਾਅਦ ਡੇਰੇ ਦੀ ਮਹੰਤੀ ਗੁਰਭਾਈ ਹੀ ਕਰਦੇ ਚਲੇ ਆ ਰਹੇ ਸਨ। ਜੁ ਥੋੜਾ ਥੋੜਾ ਚਿਰ ਰਹਿ ਕੇ ਸਮਾ ਗਏ, ਪਰ ਇਨ੍ਹਾਂ ਤੋਂ ਬਾਅਦ ਭਤੀਜੇ ਚੇਲੇ ਪੰਡਿਤ ਗੰਡਾ ਸਿੰਘ ਜੀ ਦੇ ਸ਼ਿਸ਼ ਹੀਰਾ ਸਿੰਘ ਜੀ ਆਦਕ ਮਹੰਤੀ ਕਰਦੇ ਰਹੇ।

**ਮਹੰਤ ਹੀਰਾ ਸਿੰਘ ਜੀ** ਚੇਲੇ ਮਹੰਤ ਗੰਡਾ ਸਿੰਘ ਜੀ, ਆਪ ਦਾ ਜਨਮ ਖੁਡੇ ਜ਼ਿਲਾ ਹੁਸ਼ਿਆਰ ਪੁਰ ਦਾ ਸੀ, ਕੁਝ ਚਿਰ ਮਹੰਤੀ ਕਰਕੇ ਸਮਾ ਗਏ। ਬਾਅਦ ਆਪ ਦੇ ਗੁਰ ਭਾਈ ਮਹੰਤ ਸ਼ਾਮ ਸਿੰਘ ਜੀ ਥੋੜਾ ਸਮਾਂ ਡੇਰੇ ਦੀ ਸੇਵਾ ਕਰਕੇ ਆਪਣੇ ਗੁਰ ਭਾਈ ਮਹੰਤ ਦਇਆ ਸਿੰਘ ਜੀ ਨੂੰ ਪੱਗ ਦੇ ਕੇ ਦੇਹਾਂਤ ਹੋ ਗਏ।

**ਮਹੰਤ ਦਇਆ ਸਿੰਘ ਜੀ** ਆਪ ਦਾ ਜਨਮ ਪਿੰਡ ਹਰਸੀ ਜ਼ਿਲੇ ਹੁਸ਼ਿਆਰ ਪੁਰ ਵਿਚ ਹੋਇਆ, ਆਪ ਗ੍ਰਿਹਸਥੀ ਸਨ, ਆਪ ਦੇ ਸੁਪੁਤ੍ਰ ਮਹੰਤ ਹਰਨਾਮ ਸਿੰਘ ਜੀ ਹਰਸੀ ਪਿੰਡ ਵਿਚ ਮਹੰਤ ਹਨ। ਜਿਤਨਾ ਚਿਰ ਸਰੀਰ ਰਿਹਾ, ਡੇਰੇ ਦਾ ਚੰਗਾ ਕੰਮ ਚਲਾਇਆ ਸੰਮਤ ੧੯੮੫ ਵਿਚ ੨੭ ਅਸੂ ਨੂੰ ਗੁਰਪੁਰੀ ਸਿਧਾਰੇ। ਹਰਸੀ ਪਿੰਡ ਆਪ ਦੀ ਸਮਾਧ ਬਣੀ ਹੋਈ ਹੈ।

**ਮਹੰਤ ਲਾਭ ਸਿੰਘ ਜੀ** ਚੇਲੇ ਪੰਡਿਤ ਹਰਦਾਸ ਸਿੰਘ ਜੀ ਆਪ ਦਾ ਜਨਮ ਪਿੰਡ ਨੰਗਲ ਸ਼ਹੀਦਾਂ ਦਾ ਜ਼ਿਲਾ ਹੁਸ਼ਿਆਰ-ਪੁਰ ਵਿਚ ਹੋਇਆ ਇਸ ਵੇਲੇ ਆਪ ਮਹੰਤ ਹਨ, ੭੦ ਸਾਲ ਦੀ ਉਮਰ ਹੈ ਸਾਦਾ ਸੁਭਾਵ ਹੈ, ਡੇਰੇ ਨੂੰ ਸਿੰਘ ਸਭਾ ਹੁਸ਼ਿਆਰ ਪੁਰ ਨੇ ਭੀ ਹਥ ਪਾਇਆ, ਪਰ ਕਾਮਯਾਬ ਨਾ ਹੋਏ। ਪ੍ਰੇਮ ਗੜ੍ਹ ਜੋ ਡੇਰੇ ਦੀ ਸ਼ਾਖ ਹੈ, ਉਸਦੇ ਭੀ ਆਪ ਮਹੰਤ ਹਨ, ਡੇਰਾ ਪੁਰਾਣਾ ਤੇ ਪੱਕਾ ਬਣਿਆ ਹੋਇਆ ਹੈ, ੯ ਘੁਮਾ ਜ਼ਮੀਨ ਡੇਰੇ ਦੇ ਆਲੇ ਦੁਆਲੇ ਤੇ ੨ ਘੁਮਾ ਮੂਣਕ ਕਲਾਂ ਪਿੰਡ ਵਿਚ ਹੈ, ਆਮਦਨ ਚੰਗੀ ਹੈ, ਖੂਹ ਡੇਰੇ ਨਾਲ ਹੈ, ਸਮਾਧ ਵਡਿਆਂ ਸੰਤਾਂ ਦੀ ਪੱਕੀ ਬਣੀ ਹੋਈ ਹੈ, ਮੌਜੂਦਾ ਆਏ ਗਏ ਸੰਤਾਂ ਨਾਲ ਵਰਤਾਵ, ਮੁਖੀ ਸੰਪ੍ਰਦਾਈਆਂ ਦ ਧਿਆਨ ਗੋਚਰੇ ਹੈ।

## ਸੰਤ ਭਗਤ ਸਿੰਘ ਜੀ

ਕੁਟੀਆ ਮੂਣਕ ਕਲਾਂ ਜ਼ਿਲਾ ਹੁਸ਼ਿਆਰਪੁਰ

ਚੇਲੇ ਸ੍ਰੀ ਮਾਨ ਮਹੰਤ ਰਣ ਸਿੰਘ ਜੀ, ਜਨਮ ਆਪਦਾ ਖੁਰਦਾਂ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ, ੧੭ ਸਾਲ ਦੀ ਉਮਰ ਵਿਚ ਸਾਧੂ ਹੋਏ, ਥੋੜਾ ਚਿਰ ਵਡੇ ਡੇਰੇ ਗਿਰਵੜੀ ਰਹਿ ਕੇ ਬਾਅਦ ਫਿਰਦੇ ਤੁਰਦੇ ਰਹੇ, ੧੯੭੨ ਸੰਮਤ ਵਿਚ ਆਪ ਨੇ ਪੱਕੀ ਕੁਟੀਆ ਪਿੰਡੋਂ ਬਾਹਰ ਵਾਰ ਬਣਵਾਈ, ਜਿਸ ਵਿਚ ਹੁਣ ਨਿਵਾਸ ਕਰਦੇ ਹਨ, ਕੁਟੀਆ ਮੰਦਰ ਬਣੀ ਹੋਈ ਹੈ, ਪਾਸ ਖੂਹੀ ਹੈ, ਵਿਚ ਨਲਕਾ ਲੁਵਾਇਆ ਹੋਇਆ ਹੈ, ਆਪ ਇਸ ਵੇਲੇ ਬ੍ਰਿਧ ਹਨ, ਆਇਆ ਗਇਆ ਸਾਧੂ ਬਣਿਆ ਰਹਿੰਦਾ ਹੈ।

## ਧਰਮਸਾਲ ਮਹੰਤ ਹਰਦਾਸ ਸਿੰਘ ਜੀ ਪ੍ਰੇਮਗੜ੍ਹ

ਇਹ ਅਸਥਾਨ ਮਹੰਤ ਹਰਦਾਸ ਸਿੰਘ ਜੀ ਨੇ ਸੰਮਤ ੧੯੫੫ ਵਿਚ ਬਣਵਾਯਾ, ਪਹਿਲਾਂ ਆਪ ਦੇ ਸੇਵਕ ਮਹੰਤ ਹਰਨਾਮ ਸਿੰਘ ਜੀ ਟਿਕੇ ਰਹੇ ਹਨ, ਅਜਕਲ ਇਹ ਅਸਥਾਨ ਵਡੇ ਡੇਰੇ ਨਾਲ ਹੈ ਪਰ ਮਹੰਤ ਲਾਭ ਸਿੰਘ ਜੀ ਦੇ ਆਮ ਮੁਖਤਾਰ ਭਾਈ ਗੋਪਾਲ ਸਿੰਘ ਜੀ ਨੇ ਪਿੰਡ ਦੀ ਕਮੇਟੀ ਦੇ ਹਵਾਲੇ ਕਰ ਦਿਤਾ ਹੈ, ਹਾਲ ਕਿ ਮੰਤਾਂ ਦੀ ਅੰਦਰ ਸਮਾਧ ਹੈ।

## ਸੰਗਤ ਭਗਵਤ ਆਸ਼ਰਮ ਕਾਂਸ਼ੀ
## ਪੰਡਿਤ ਨਾਰਾਇਣ ਸਿੰਘ ਜੀ

ਸ਼ਿਸ਼ ਵਿਰਕਤ ਮਹਾਰਾਜ ਸੰਤ ਸਿੰਘ ਜੀ, ਆਪ ਖਡੂਰੀਆਂ ਦੀ ਸੰਪ੍ਰਦਾਯ ਵਿਚੋਂ ਹੋਏ ਹਨ, ਪਹਿਲਾਂ ਆਪ ਬਨਾਰਸ ਦੂਜੀਆਂ ਸੰਗਤਾਂ ਵਿਚ ਰਹਿੰਦੇ ਰਹੇ, ਕੁਝ ਸਮੇਂ ਬਾਅਦ ਇਹ ਅਸਥਾਨ ਸੁਨਜਾਰਿਆਂ ਪਾਸੋਂ ਯਾਰਾਂ ਸੌ ਨੂੰ ਮੁਲ ਲੈ ਲਿਤਾ, ਜਿਥੇ ਕਈ ਵਰ੍ਹੇ ਨਿਵਾਸ ਕਰਕੇ ਆਪਣੇ ਸ਼ਿਸ਼ ਸੰਤ ਭਗਵਾਨ ਸਿੰਘ ਜੀ (ਜੋ ਪਹਿਲਾਂ ਪੰਡਿਤ ਕਾਲਾ ਸਿੰਘ ਜੀ ਦੇ ਸ਼ਿਸ਼ ਸਨ) ਨੂੰ ਦੇ ਦਿਤਾ ਆਪ ਕਲਕਤੇ ਗਏ, ਉਥੋਂ ਆਉਂ-ਦਿਆਂ ਕਿਸੇ ਜੰਗਲ ਵਿਚ ਸਮਾ ਗਏ।

## ਸੰਤ ਭਗਵਾਨ ਸਿੰਘ ਜੀ

ਆਪ ਪਹਿਲਾਂ ਪੰਡਿਤ ਕਾਲਾ ਸਿੰਘ ਜੀ ਦੇ ਸ਼ਿਸ਼ ਸਨ ਕਾਂਸ਼ੀ ਆਏ, ਮਹਾਰਾਜ ਪੰਡਿਤ ਨਰਾਇਣ ਸਿੰਘ ਜੀ ਪਾਸੋਂ

ਪੜ੍ਹਦੇ ਰਹੇ, ਪ੍ਰੇਮ ਵਧ ਗਿਆ, ਤੇ ਇਨ੍ਹਾਂ ਦੇ ਹੀ ਸ਼ਿਸ਼ ਹੋ ਗਏ, ਆਪ ਵੀ ਕਲਕਤੇ ਕੁਝ ਦਿਨਾਂ ਲਈ ਗਏ, ਜਿਥੇ ਜਾ ਕੇ ਸਮਾ ਗਏ, ਆਪ ਦਾ ਚੇਲਾ ਕੋਈ ਨਹੀਂ ਸੀ, ਇਸ ਵਾਸਤੇ ਭੇਖ ਨੇ ਆਪ ਦੇ ਚਾਰੇ ਗੁਰੂ ਮਹਾਰਾਜ ਕਰਮ ਸਿੰਘ ਜੀ ਨੂੰ ਅਸਥਾਨ ਦਾ ਮਹੰਤ ਬਣਾ ਦਿਤਾ।

## ਮਹੰਤ ਕਰਮ ਸਿੰਘ ਜੀ

ਚੇਲੇ ਵਿਰਕਤ ਮਹਾਰਾਜ ਮੰਤ ਸਿੰਘ ਜੀ ਖਡੂਰੀ। ਆਪ ਖਾਸਾ ਚਿਰ ਮਹੰਤ ਰਹੇ, ਮਕਾਨ ਨੂੰ ਪੱਕਾ ਤੇ ਛੱਤਾ ਬਣਵਾਯਾ, ਆਪ ਦੇ ਪਾਸ ਪੰਡਿਤ ਰਾਮ ਸਿੰਘ ਜੀ (ਸੰਪ੍ਰਦਾਯ ਗਿਰਵੜੀ) ਰਿਹਾ ਕਰਦੇ ਸਨ, ਜੁ ਵਿਦਜਾ ਪੜ੍ਹਦੇ ਨਾਲ ਸੇਵਾ ਕਰਦੇ ਸਨ, ਇਨ੍ਹਾਂ ਦੇ ਨਾਲ ਆਪ ਦਾ ਅਜਿਹਾ ਪ੍ਰੇਮ ਹੋ ਗਿਆ ਜੁ ਅਪਣਾ ਕੋਈ ਸ਼ਿਸ਼ ਨਾ ਵੇਖ ਕਰਕੇ ਇਨ੍ਹਾਂ ਦੇ ਨਾਮ ਹੀ ਵਸੀਅਤ ਕਰਾ ਦਿਤੀ, ਜਿਸ ਵਿਚ ਇਹ ਲਿਖਾਇਆ ਕਿ ਪੰਡਿਤ ਰਾਮ ਸਿੰਘ ਜੀ ਚੇਲੇ ਪੰਡਿਤ ਪੰਜਾਬ ਸਿੰਘ ਜੀ ਦੇ ਨਾਂ ਮਕਾਨ ਦੀ ਵਸੀਅਤ ਕਰਦਾ ਹਾਂ, ਇਸ ਤਰ੍ਹਾਂ ਵਸੀਅਤ ਕਰਾਨ ਤੋਂ ਕੁਝ ਚਿਰ ਬਾਅਦ ਕਾਂਸ਼ੀ ਹੀ ਸਮਾ ਗਏ।

## ਪੰਡਿਤ ਰਾਮ ਸਿੰਘ ਜੀ

ਸ਼ਿਸ਼ ਸ੍ਰੀ ਪੰਡਿਤ ਪੰਜਾਬ ਸਿੰਘ ਜੀ ਗਿਰਵੜੀ। ਆਪ ਦਾ ਜਨਮ ਕਾਲ੍ਹਰਾਂ ਜ਼ਿਲਾ ਹੁਸ਼ਜਾਰ ਪੁਰ ਹੋਇਆ, ਆਪ ਜਦ ਘਰ ਵਿਚ ਸਨ, ਉਪਰਲੀ ਛੱਤ ਤੋਂ ਡਿਗ ਪਏ,

ਬਹੁਤ ਜ਼ਖਮ ਆਏ, ਪਾਕ ਪੈ ਗਈ, ਕਈ ਇਲਾਜ ਕੀਤੇ, ਕੁਝ ਨਾ ਬਣਿਆ, ਓੜਕ ਆਪ ਦੀ ਮਾਤਾ ਨੂੰ ਸੁਪਨੇ ਵਿਚ ਕਿਸੇ ਮਹਾਪੁਰਸ਼ ਨੇ ਵਾਕ ਕਿਹਾ, ਕਿ ਪੁਤ੍ਰ ਨੂੰ ਸੰਤਾਂ ਦੇ ਡੇਰੇ ਚੜ੍ਹਾ ਦੇ, ਆਪੇ ਵਲ ਹੋ ਜਾਏਗਾ, ਬਾਅਦ ਆਪ ਦੀ ਮਾਤਾ ਨੇ ਗਿਰਵੜੀ ਦੇ ਸ੍ਰੀ ਪੰਡਿਤ ਪੰਜਾਬ ਸਿੰਘ ਜੀ ਦੇ ਡੇਰੇ ਚੜ੍ਹਾ ਦਿਤਾ, ਗੁਰਾਂ ਮੇਹਰ ਕੀਤੀ, ਧੀਰੇ ਧੀਰੇ ਰਾਜ਼ੀ ਹੋ ਗਏ, ਸ਼ਿਸ਼ ਹੋਕੇ ਸੇਵਾ ਕਰਨ ਲਗ ਪਏ, ਨਾਲ ਪੜ੍ਹਨ ਦਾ ਭੀ ਅਭ੍ਯਾਸ ਕਰਦੇ ਰਹੇ, ਆਪ ਨੂੰ ਹੋਨਹਾਰ ਸਮਝ ਕੇ ਸੰਤਾਂ ਕਾਂਸ਼ੀ ਭੇਜ ਦਿਤਾ, ਭ੍ਰਗਵਤ ਆਸ਼ਰਮ ਵਿਚ ਆਸਨ ਕਰ ਕੇ ਪੜ੍ਹਨ ਲਗ ਪਏ ।

ਆਪ ਦਾ ਸਿਰ ਪੱਕ ਜਾਣ ਕਰਕੇ ਕੇਸ ਨਹੀਂ ਸਨ ਠਹਿਰਦੇ, ਪੰਗਤ ਵਿਚ ਬੈਠਿਆਂ ਕਈ ਸਾਧੂ ਆਪ ਤੇ ਘ੍ਰਿਣਾ ਪ੍ਰਗਟ ਕਰਦੇ ਸਨ, ਸੰਮਤ ੧੯੬੦ ਵਿਚ ਇਕ ਦਿਨ ਸੰਤ ਸ਼ੇਰ ਸਿੰਘ ਜੀ ਦੀ ਸੰਗਤ ਵਿਚ ਕਈ ਸਾਧੂ ਅੰਮ੍ਰਿਤ ਛਕ ਰਹੇ ਸਨ, ਉਸ ਵੇਲੇ ਦਾ ਦ੍ਰਿਸ਼ ਵੇਖ ਕੇ ਪ੍ਰਸੰਨ ਹੋ ਗਏ ਤੇ ਖੜੇ ਹੋ ਕੇ ਪ੍ਰਾਰਥਨਾ ਕੀਤੀ ਕਿ ਹੇ ਦਸ਼ਮੇਸ਼ ਸਤਿਗੁਰੂ, ਮੈਂ ਭੀ ਅੰਮ੍ਰਿਤ ਛਕਦਾ ਹਾਂ, ਪਰ ਜੇ ਕਰ ਤੇਰਾ ਅੰਮ੍ਰਿਤ ਸੱਚਾ ਅੰਮ੍ਰਿਤ ਹੈ, ਤਾਂ ਹੁਣ ਕੇਸ ਉਗਣ ਤੋਂ ਬਾਅਦ ਸਿਰ ਨੂੰ ਕਿਸੇ ਤਰ੍ਹਾਂ ਦਾ ਵਿਖੇਪ ਨਾ ਹੋਵੇ, ਜੇ ਕਿਸੇ ਤਰ੍ਹਾਂ ਦਾ ਦੁਖ ਵੇਖਿਆ, ਤਾਂ ਗੰਗਾ 'ਚ ਛਾਲ ਮਾਰ ਦਿਆਂਗਾ, ਸਚਮੁਚ ਗੁਰਾਂ ਅਜਿਹੀ ਮੇਹਰ ਕੀਤੀ ਕਿ ਅੰਮ੍ਰਿਤ ਛਕਣ ਤੋਂ ਬਾਅਦ ਸਿਰ ਬਿਲਕੁਲ ਠੀਕ ਹੋ ਗਿਆ । ਇਹ ਅੱਖਰ ਆਪ ਦੀ ਜ਼ਬਾਨੀ ਸੁਣੇ ਗਏ ਹਨ,

ਕਿ ਜਿਹੜਾ ਆਨੰਦ ਸਾਨੂੰ ਅੰਮ੍ਰਿਤ ਛਕਣ ਤੋਂ ਬਾਅਦ ਪ੍ਰਾਪਤ ਹੋਇਆ ਹੈ ਕਿਸੇ ਰਾਜੇ ਮਹਾਰਾਜੇ ਨੂੰ ਪ੍ਰਾਪਤ ਨਹੀਂ ਹੋਣਾ।

ਆਪ ਨੇ ੩੩-੩੪ ਵਰ੍ਹੇ ਕਾਂਸ਼ੀ ਸੇਵਨ ਕਰਕੇ ਵਿਦਯਾ ਪ੍ਰਾਪਤ ਕੀਤੀ, ਤੇ ਇਕ ਉਚ ਕੋਟੀ ਦੇ ਵਿਦ੍ਵਾਨ ਸਦਾਏ, ਸਾਰੇ ਭੇਖ ਆਪ ਦੀ ਇਜ਼ਤ ਕਰਦੇ ਸਨ। ਆਪ ਨੇ ਆਪਣੇ ਮਕਾਨ ਵਿਚ ਇਕ ਸੰਸਕ੍ਰਿਤ ਪਾਠਸ਼ਾਲਾ ਖੋਲ੍ਹ ਰਖੀ ਸੀ, ਜਿਸ ਵਿਚ ਮੀਮਾਂਸਾ ਆਦਕ ਸ਼ਾਸਤ੍ਰ ਸਭ ਆਪ ਪੜ੍ਹਾਉਂਦੇ ਸਨ ਤੇ ਚੰਗੇ ਚੰਗੇ ਪਣਿਤ ਬ੍ਰਾਹਮਣ ਪੜ੍ਹਨ ਲਈ ਆਉਂਦੇ ਸਨ, ਇਨ੍ਹਾਂ ਤੋਂ ਇਲਾਵਾ, ਨਿਰਮਲੇ, ਕਬੀਰ ਪੰਥੀ, ਦਾਦੂ ਪੰਥੀ ਤੇ ਖਾਸ ਕਰਕੇ ਭਾਰਤੀ ਨਾਮ ਸੰਨਯਾਸੀ ਸਾਧੂ ਇਨ੍ਹਾਂ ਦੇ ਨਾਮ ਤੇ ਕਈ ਪ੍ਰੀਖਯਾ ਦੇ ਚੁਕੇ ਸਨ ਕਾਂਸ਼ੀ ਵਿਚ ਆਪ ਨੇ ਬੜੀ ਇਜ਼ਤ ਹਾਸਲ ਕੀਤੀ ਆਪ ਦਾ ਸ਼ਿਸ਼ ਕੋਈ ਨਹੀਂ ਸੀ, ਇਸ ਵਾਸਤੇ ਆਪਣੇ ਸੰਪ੍ਰਦਾਈ ਲਾਹੌਰ ਵਾਲੇ ਮਹੰਤ ਦਇਆ ਸਿੰਘ ਜੀ, ਜਿਨ੍ਹਾਂ ਨਾਲ ਆਪ ਦਾ ਅਤੀ ਸਨੇਹ ਸੀ, ਨੂੰ ਮਕਾਨ ਦੇ ਕੇ ਗੁਰਪੁਰੀ ਸਿਧਾਰ ਗਏ, ਬਾਅਦ ਮਹੰਤ ਦਇਆ ਸਿੰਘ ਜੀ ਕਾਂਸ਼ੀ ਪੁਜੇ, ਆਪ ਦੇ ਨਮਿਤ ਪਾਠ ਰਖਾਕੇ ਸਤਾਰ੍ਹਵੇਂ ਵਾਲੇ ਦਿਨ ਭੋਗ ਪੁਵਾਇਆ। ਭੰਡਾਰਾ ਕੀਤਾ ਤੇ ਸਾਰੇ ਸੰਤਾਂ ਦੀ ਸਲਾਹ ਨਾਲ ਆਪਣੇ ਸ਼ਿਸ਼ ਸੰਤ ਗੁਰਦਿਆਲ ਸਿੰਘ ਜੀ ਨੂੰ ਅਸਥਾਨ ਦਾ ਮਹੰਤ ਥਾਪ ਦਿਤਾ।

## ਪੰਡਿਤ ਗੁਰਦਿਆਲ ਸਿੰਘ ਜੀ

ਆਪ ਦਾ ਜਨਮ ਅਯਾਲੀ ਜ਼ਿਲਾ ਲੁਧਿਆਨਾ ਵਿਚ

## ਸ੍ਰੀ ਮਾਨ ਮਹੰਤ ਦਯਾ ਸਿੰਘ ਜੀ

ਲਾਹੌਰ ਵਾਲਿਆਂ ਦੇ ਚੇਲੇ



## ਸ੍ਰੀ ਮਾਨ ਪੰਡਿਤ ਗੁਰਦਿਆਲ ਸਿੰਘ ਜੀ

ਭਗਵਤ ਆਸ਼ਰਮ, ਕਾਸ਼ੀ

ਹੋਇਆ। ੧੫-੧੬ ਸਾਲ ਦੀ ਉਮਰ ਵਿਚ ਲਾਹੌਰ ਸੰਤਾਂ ਪਾਸ ਆਏ, ਸੇਵਾ ਕਰਦੇ ਪੜ੍ਹਦੇ ਰਹੇ, ਫਿਰ ਸੰਤਾਂ ਦੀ ਅਗਿਆ ਨਾਲ ਹਰਦੁਆਰ ਗਏ। ਇਸ ਤੋਂ ਬਾਅਦ ਕਾਂਸ਼ੀ ਪੜ੍ਹਨ ਲਈ ਚਲੇ ਗਏ, ਜਿਥੇ ਕਈ ਵਰ੍ਹੇ ਪੜ੍ਹਦੇ ਰਹੇ, ਜਿਹੜਾ ਅਸਥਾਨ ਪੰਡਿਤ ਰਾਮ ਸਿੰਘ ਜੀ ਆਪ ਦੇ ਸੰਤਾਂ ਨੂੰ ਦੇ ਗਏ ਸਨ, ਉਸ ਅਸਥਾਨ ਦੇ ਆਪ ਅਜ ਕਲ ਮਹੰਤ ਹਨ, ਚੰਗੇ ਸੁਬੋਧ ਤੇ ਨਿਰਮਾਣ ਸਾਧੂ ਹਨ। ੩੫-੪੦ ਵਰ੍ਹੇ ਦੀ ਉਮਰ ਵਿਚ ਹਨ।

## ਡੇਰਾ ਖਮਾਣੋ ਕਲਾਂ

ਇਹ ਅਸਥਾਨ ਬਾਬਾ ਨਗੀਨਾ ਸਿੰਘ ਜੀ ਦਾ ਆਬਾਦ ਕੀਤਾ ਹੋਇਆ ਹੈ।

**ਸੰਤ ਮਹਿਤਾਬ ਸਿੰਘ ਜੀ** ਚੇਲੇ ਮਹਾਰਾਜ ਗੁਲਾਬ ਸਿੰਘ ਜੀ, ਆਪ ਪੂਰਨ ਵਿਰਕਤ ਮਹਾਤਮਾ ਸਨ। ਵਿਸ਼ੇਸ਼ ਕਰ ਕੇ ਆਪ ਤੀਰਥਾਂ ਪੁਰ ਰਟਨ ਕਰਦੇ ਰਹਿੰਦੇ ਸਨ। ਆਪ ਦੇ ਚੇਲੇ ਸੰਤ ਨਗੀਨਾ ਸਿੰਘ ਜੀ ਹੋਏ।

**ਬਾਬਾ ਨਗੀਨਾ ਸਿੰਘ ਜੀ** ਆਪ ਦਾ ਜਨਮ ਪਿੰਡ ਲਧਾਣਾ ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ ਆਪ ਸਾਧੂ ਹੋਣ ਤੋਂ ਬਾਅਦ ਕਈ ਵਰ੍ਹੇ ਵਿਰਕਤੀ ਠਾਟ ਵਿਚ ਰਮਤੇ ਫਿਰਦੇ ਰਹੇ। ਫਿਰ ਖਮਾਣੋ ਗੁਰੇ ਦੀ ਮਾੜੀ ਆਣ ਟਿਕੇ, ਲੋਗੀ ਸੇਵਕ ਹੋ ਗਏ। ਦਿਨ ਪਾ ਕੇ ਨਵੀਂ ਕੁਟੀਆ ਬਣ ਗਈ। ਅੰਤ ਵੇਲੇ ਅਪਣੇ ਚੇਲੇ ਸੰਤ ਫਗਾ ਸਿੰਘ ਜੀ ਨੂੰ ਅਸਥਾਨ ਦੀ ਸੰਭਾਲਨਾ ਕਰ ਕੇ ੫੫ ਸਾਲ ਦੀ ਉਮਰ ਵਿਚ ਸੰਮਤ ੧੯੬੦ ਨੂੰ

ਗੁਜ਼ਰ ਗਏ ।

**ਸੰਤ ਫਗਾ ਸਿੰਘ ਜੀ** ਆਪ ਦਾ ਜਨਮ ਖਮਾਣੋ ਰਿ: ਪਟਿਆਲਾ ਵਿਚ ਹੋਇਆ। ਛੋਟੀ ਉਮਰ ਵਿਚ ਹੀ ਸੰਤਾਂ ਦੇ ਸੇਵਕ ਹੋਏ। ਸੇਵਾ ਕਰਦੇ ਪੜ੍ਹਦੇ ਰਹੇ। ਸੰਤਾਂ ਪਿਛੋਂ ਅਸਥਾਨ ਦੀ ਚੰਗੀ ਤਰੱਕੀ ਕੀਤੀ। ਹਿਕਮਤ ਕਰਦੇ ਸਨ। ਪਿੰਡ ਤੇ ਇਲਾਕੇ ਵਿਚ ਚੰਗਾ ਰਸੂਖ ਸੀ। ੨੫ ਘੁਮਾਂ ਜ਼ਮੀਨ ਡੇਰੇ ਨਾਲ ਲੁਵਾਈ, ਅਖੀਰ ਅਪਣੇ ਚੇਲੇ ਸੰਤ ਰਾਮ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੯੪ ਕੱਤਕ ਦੀ ਬਾਰਾਂ ਗੁਰਪੁਰੀ ਸਿਧਾਰ ਗਏ।

**ਮਹੰਤ ਰਾਮ ਸਿੰਘ ਜੀ** ਆਪ ਦਾ ਜਨਮ ਭਾਮੀਆ ਰਿ: ਪਟਿਆਲਾ ਦਾ ਹੈ। ੨੨-੨੩ ਸਾਲ ਦੀ ਉਮਰ ਵਿਚ ਡੇਰੇ ਆਏ। ਸਾਧੂ ਬਣੇ, ਸੇਵਾ ਕਰਦੇ ਨਾਲ ਹਿਕਮਤ ਦੇ ਪੁਸਤਕ ਪੜ੍ਹਦੇ ਰਹੇ। ਸੰਤਾਂ ਪਿਛੋਂ ਮਕਾਨ ਦੀ ਤਰੱਕੀ ਚੰਗੀ ਕੀਤੀ। ਬਗੀਚਾ ਲਵਾਇਆ, ਹਰਟ ਜਾਰੀ ਕੀਤਾ। ਆਏ ਗਏ ਸਾਧ ਸੰਗਤ ਦੀ ਸੇਵਾ ਚਾਹ ਨਾਲ ਕਰਦੇ, ਧਰਮ ਅਰਥ ਦਵਾਈ ਬੂਟੀ ਕਰਦੇ ਹਨ, ਇਲਾਕੇ ਵਿਚ ਚੰਗਾ ਆਦਰ ਸਤਿਕਾਰ ਬਣਿਆ ਹੋਇਆ ਹੈ।

## ਪੰਡਿਤ ਮੀਹਾਂ ਸਿੰਘ ਜੀ

ਕੁਟੀਆ ਰਾਜਿਆਣਾ ਜ਼ਿਲਾ ਫਿਰੋਜ਼ ਪੁਰ

ਸ਼ਿਸ਼ ਸ਼੍ਰੀ ਮਾਨ ਮਹੰਤ ਗੰਡਾ ਸਿੰਘ ਜੀ ਗਿੱਦੜੀ, ਆਪ

ਦਾ ਜਨਮ ਰਾਮਦਾਸ ਪੁਰ ਜ਼ਿਲਾ ਹੁਸ਼ਿਆਰ ਪੁਰ ਦਾ ਹੈ। ੧੫ ਸਾਲ ਦੀ ਉਮਰ ਵਿਚ ਸੰਤਾਂ ਪਾਸ ਆਏ। ਕਈ ਵਰ੍ਹੇ ਸੇਵਾ ਕਰਦਿਆਂ ਸੰਤਾਂ ਪਾਸ ਬਤੀਤ ਕੀਤੇ। ਬਾਅਦ ਸ਼੍ਰੀ ਅੰਮ੍ਰਿਤਸਰ ਬਹੁਤਾ ਚਿਰ ਰਹਿਕੇ ਸੰਸਕ੍ਰਿਤ ਤੇ ਭਾਸ਼ਾ ਦੇ ਗ੍ਰੰਥ ਪੜ੍ਹਦੇ ਰਹੇ। ਜਦ ਆਪ ਦੇ ਸੰਤ ੯੦ ਵਰ੍ਹੇ ਦੀ ਉਮਰ ਭੋਗ ਕੇ ਗੁਜ਼ਰ ਗਏ, ਤਾਂ ਆਪ ਨਿਵਿਰਤੀ ਪਖ ਵਿਚ ਵਿਚਰਦੇ ਹੋਏ ਰਾਜਿਆਣੇ ਆਏ। ਜਿਥੇ ਸਤਿਸੰਗੀਆਂ ਨਾਲ ਆਪ ਦਾ ਪ੍ਰੇਮ ਹੋ ਗਿਆ। ਕੁਟੀਆ ਬਣਾ ਕੇ ਟਿਕ ਗਏ। ਆਪ ਇਸ ਵੇਲੇ ੯੦ ਸਾਲ ਦੇ ਹਨ, ਚੰਗੇ ਵਿਦਵਾਨ ਪੰਡਿਤ ਹਨ। ਨਿਰਮਾਣ ਤੇ ਮਿਲਾਪੜੇ ਸੁਭਾਵ ਵਾਲੇ ਹਨ। ਭੇਖ ਵਿਚ ਆਦਰ ਸਤਿਕਾਰ ਹੈ।

## ਪੰਡਿਤ ਗੰਗਾ ਸਿੰਘ ਜੀ

( ਪ੍ਰਸਿੱਧ ਕਥਾ ਵਾਚਕ )

ਚੇਲੇ ਮਹਾਰਾਜ ਗੁਲਾਬ ਸਿੰਘ ਜੀ ਗ੍ਰਿਵੜੀ, ਆਪ ਦਾ ਜਨਮ ਪੰਡੋਰੀ ਬਾਵਾ ਦਾਸ, ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਛੋਟੀ ਉਮਰ ਵਿਚ ਹੀ ਸਾਧੂ ਹੋ ਗਏ। ਆਪ ਨੂੰ ਹੋਣਹਾਰ ਸਮਝ ਕੇ ਸੰਤਾਂ ਪੜ੍ਹਨ ਲਈ ਸ਼੍ਰੀ ਅੰਮ੍ਰਿਤਸਰ ਜੀ ਭੇਜ ਦਿਤਾ। ਜਿਥੇ ਪਹਿਲਾਂ ਭਾਸ਼ਾ ਦੇ ਗ੍ਰੰਥ ਪੜ੍ਹਦੇ ਰਹੇ। ਬਾਅਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨੀ ਹੋ ਗਏ। ਰਾਗ ਵਿਦਿਆ ਦੇ ਭੀ ਆਪ ਬੜੇ ਜਾਣੂ ਸਨ। ਸਰੰਦਾ, ਤਾਊਸ ਆਦ ਕਈ ਸਾਜ਼ ਵਜਾਇਆ ਕਰਦੇ ਸਨ। ਕਥਾ ਅਜਿਹੀ ਕਰਦੇ ਸਨ ਕਿ ਸੁਣਨ ਵਾਲੇ ਨੂੰ ਬੜਾ ਰਸ ਆਉਂਦਾ ਸੀ।

ਇਕ ਵੇਰਾਂ ਆਪ ਰਾਜਾ ਬ੍ਰਿਕਮਾ ਸਿੰਘ ਜੀ*ਜਾਲੰਧਰ ਵਾਲਿਆਂ ਦੇ ਨਾਲ ਸੰ: ੧੯੨੯ ਵਿਚ ਸ੍ਰੀ ਹਜ਼ੂਰ ਸਾਹਿਬ ਜੀ ਗਏ। ਤਾਂ ਤਖਤ ਸਾਹਿਬ ਦੇ ਪ੍ਰਬੰਧਕਾਂ ਵਲੋਂ ਆਪ ਨੂੰ ਦੋਹਾਂ ਸ੍ਰੀ ਗੁਰੂ ਗ੍ਰੰਥ ਸਾਹਿਬਾਂ ਜੀ ਦੀ ਕਥਾ ਸੁਣਾਉਣ ਲਈ ਕਿਹਾ ਗਿਆ। ਆਪ ਨੇ ਸਵੇਰੇ ਆਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੇ ਸ਼ਾਮ ਨੂੰ ਦਸਮ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਆਰੰਭ ਕਰ ਦਿਤੀ। ਜਿਨ੍ਹਾਂ ਦਾ ਭੋਗ ਇਕ ਸਾਲ ਦੇ ਬਾਅਦ ਪਾਇਆ ਗਿਆ।

ਇਕ ਵੇਰਾਂ ਨਜ਼ਾਮ ਹੈਦਰਾਬਾਦ ਗੁਰਦਵਾਰੇ ਆਇਆ ਆਪ ਕਥਾ ਕਰ ਰਹੇ ਸਨ, ਆਪ ਨੇ ਉਸ ਵੇਲੇ ਕੁਰਾਨ ਸ਼ਰੀਫ ਦੇ ਪ੍ਰਮਾਣ ਦੇਣੇ ਸ਼ੁਰੂ ਕਰ ਦਿਤੇ ਕਿਉਂਕਿ ਅੰਜੀਲ ਤੌਰੇਤ ਆਦਕ ਚਾਰਾਂ ਕਿਤਾਬਾਂ ਦੇ ਆਪ ਚੰਗੇ ਜਾਣੂ ਸਨ। ਨਜ਼ਾਮ ਸੁਣ ਕੇ ਬੜਾ ਪ੍ਰਸੰਨ ਹੋਇਆ। ਬਾਅਦ ਕੁਝ ਦਿਨਾਂ ਲਈ ਨਜ਼ਾਮ ਸਾਹਿਬ ਆਪ ਨੂੰ ਹੈਦਰਾ ਬਾਦ ਵਿਚ ਸ਼ਾਹੀ ਮੇਹਮਾਨ ਬਣਾ ਕੇ ਲੈ ਗਏ। ਨਜ਼ਾਮ ਨੇ ਚਾਹਿਆ ਸੀ ਕਿ ਆਪ ਨੂੰ ਹੈਦਰਾਬਾਦ ਰਹਿਣ ਲਈ ਕੁਛ ਜਾਗੀਰ ਦਿਤੀ ਜਾਏ, ਪਰ ਆਪ ਨੇ ਪ੍ਰਵਾਨ ਨਾ ਕੀਤੀ। ਆਪ ਭੇਖ ਵਿਚ ਬੜੇ ਪ੍ਰਸਿੱਧ ਮਹਾਤਮਾ ਹੋਏ। ਸੰਮਤ ੧੯੬੬ ਹਾੜ ਦੇ ਅਖੀਰ ਵਿਚ

---

* ਇਨ੍ਹਾਂ ਦੀ ਮਾਈ ਦਾ ਨਾਮ ਹੀਰਾਂ ਸੀ ਜਿਨ੍ਹਾਂ ਦੇ ਨਾਮ ਉਤੇ ਜਲੰਧਰ ਵਿਚ ਮਾਈ ਹੀਰਾਂ ਗੇਟ (ਦਰਵਾਜ਼ਾ) ਪ੍ਰਸਿੱਧ ਹੈ।

ਗੁਰਪੁਰੀ ਸਿਧਾਰੇ। ਆਪ ਦੇ ਦੋ ਸ਼ਿਸ਼ ਹੋਏ, ਇਕ ਪੰਡਿਤ ਆਤਮਾ ਸਿੰਘ ਜੀ ਜੋ ਅਧਿਕਤਾ ਕਰ ਕੇ ਬੰਬਈ ਰਿਹਾ ਕਰਦੇ ਸਨ। ਆਪ ਦੇ ਹੁੰਦਿਆਂ ਹੀ ਗੁਜ਼ਰ ਗਏ। ਦੂਜੇ ਕੁਠਾਰੀ ਸੰਤ ਪ੍ਰਤਾਪ ਸਿੰਘ ਜੀ ਸਨ।

## ਸੰਤ ਕੁਠਾਰੀ ਪ੍ਰਤਾਪ ਸਿੰਘ ਜੀ

ਚੇਲੇ ਸ਼੍ਰੀ ਪੰਡਿਤ ਗੰਗਾ ਸਿੰਘ ਜੀ (ਪ੍ਰਸਿੱਧ ਕਥਾ ਵਾਚਕ)

ਆਪ ਦਾ ਜਨਮ ਸੁਦਾਨੇ ਪਿੰਡ ਜ਼ਿਲਾ ਜਾਲੰਧਰ ਵਿਚ ੧੯੫੧ ਸੰ: ਨੂੰ ਹੋਇਆ। ੯ ਸਾਲ ਦੀ ਉਮਰ ਵਿਚ ਪੰਡਿਤ ਜੀ ਪਾਸ ਆਏ। ਸੇਵਾ ਕਰਦੇ, ਪੜ੍ਹਦੇ ਰਹੇ। ਬਾਅਦ ੨੨ ਸਾਲ ਦੀ ਉਮਰ ਵਿਚ ਰੱਮਤ ਨਿਰਮਲ ਅਖਾੜੇ ਵਿਚ ਆਏ। ਪਟਿਆਲੇ, ਤੇ ਕਨਖਲ ਹੈਡ ਮੁਕਾਮ ਵਿਚ ਕਈ ਵਰ੍ਹੇ ਕੁਠਾਰ ਦੀ ਸੇਵਾ ਕਰਦੇ ਰਹੇ। ਆਪ ਵਹੀ ਦੇ ਹਿਸਾਬ ਕਿਤਾਬ ਵਿਚ ਚੰਗੇ ਸਿਆਣੇ ਮੰਨੇ ਹੋਏ ਸਨ। ਜ਼ਿਆਦਾ ਤਰ ਕਨਖਲ ਹਰਿਦੁਆਰ ਰਹਿੰਦੇ ਸਨ। ਸੁਭਾ ਦੇ ਹੱਸ ਮੁਖੇ ਸਰੀਰ ਸਨ।

## ਮਹੰਤ ਮਈਆ ਸਿੰਘ ਜੀ

ਚੇਲੇ ਪੰ: ਗੰਡਾ ਸਿੰਘ ਜੀ ਜੋ ਗਿਰਵੜੀ ਡੇਰੇ ਦੇ ਮਹੰਤ ਰਹਿ ਚੁਕੇ ਸਨ। ਆਪ ਦਾ ਸਰੀਰ ਦਵਾਬੇ ਦਾ ਸੀ। ਡੇਰੇ ਵਿਚ ਹੀ ਸੰਤਾਂ ਦਾ ਮਿਲਾਪ ਹੋਇਆ, ਸੇਵਾ ਕਰਦੇ ਰਹੇ। ਬਾਅਦ ਰਮਤ ਅਖਾੜੇ ਨਾਲ ਟਿਕੇ ਰਹੇ। ਸਰੀਰ ਦੇ ਉਦਮੀ ਸਨ। ਅਖਾੜੇ ਨੇ ਆਪ ਨੂੰ ਭੰਗ ਪੀਣ ਦੀ ਮਾਫੀ ਦੇ ਰਖੀ ਸੀ। ਕਈ ਸਾਲ ਸ਼੍ਰੀ ਭੰਡਾਰੀ ਰਹੇ। ਕਪੜੇ ਗਾੜ੍ਹੇ ਭਗਵੇਂ ਰਖਦੇ ਸਨ।

ਤਰਨ ਤਾਰਨ ਸਾਹਿਬ ਕਈ ਸਾਲ ਰਹੇ। ਆਪ ਦੇ ਚੇਲੇ **ਮਹੰਤ ਸਰੂਪ ਸਿੰਘ ਜੀ** ਸਨ ਜਿਨ੍ਹਾਂ ਦਾ ਜਨਮ ਪਿੰਡ ਜ਼ਹੂਰਾ ਜ਼ਿਲਾ ਹੁਸ਼ਿਆਰ ਪੁਰ ਦਾ ਸੀ। ਆਪ ਕਾਫੀ ਅਰਸਾ ਅਪਣੇ ਸੰਤਾਂ ਨਾਲ ਰਮਤ ਅਖਾੜੇ ਨਾਲ ਫਿਰਦੇ ਰਹੇ। ਰਣ ਸਿੰਘਾ ਚੰਗਾ ਵਜਾਉਂਦੇ ਸਨ। ਰਮਤ ਵਿਚ ਕਈ ਸਾਲ ਕਾਰਬਾਰੀ ਰਹਿ ਕੇ ਕੁਝ ਚਿਰ ਮਹੰਤ ਟਿਕੇ ਰਹੇ। ਬਾਅਦ ਵਡੀ ਉਮਰ ਵਿਚ ਅਨ ਜਲ ਦੀ ਪ੍ਰੇਰਨਾ ਅਨੁਸਾਰ ਘਰੋਗੀ ਮਕਾਨਾਂ ਵਿਚ ਜਾ ਰਹੇ। ਜਿਥੇ ਕਈ ਸਾਲ ਚੰਗੇ ਬਤੀਤ ਕਰ ਕੇ ਸੰਮਤ ੨੦੦੫ ਵਿਚ ਗੁਜ਼ਰ ਗਏ। ਆਪ ਦੇ ਚੇਲੇ **ਕਾਰਬਾਰੀ ਸੰਤ ਰਾਮ ਨਰਾਇਣ ਸਿੰਘ ਜੀ**, ਅਜ ਕਲ ਕਨਖਲ ਰਹਿੰਦੇ ਹਨ। ਇਨ੍ਹਾਂ ਦਾ ਸਰੀਰ ਜੈ ਪੁਰ ਰਿਆਸਤ ਦਾ ਹੈ। ਛੋਟੀ ਉਮਰ ਵਿਚ ਅਪਣੇ ਮਹੰਤਾਂ ਨੂੰ ਪਟਿਆਲੇ ਮਿਲੇ। ਨਾਲ ਹੀ ਰਮਤ ਅਖਾੜੇ ਵਿਚ ਚਲੇ ਗਏ। ਕਈ ਸਾਲ ਰਮਤ ਵਿਚ ਰਹਿ ਕੇ ਕਨਖਲ ਅਖਾੜੇ ਵਿਚ ਮਕਾਨੀ ਕਾਰਬਾਰੀ ਰਹੇ। ਫਿਰ ਆਜ਼ਾਦ ਹੋ ਕੇ ਸ਼ਾਦੀ ਸ਼ੁਦਾ ਹੋ ਗਏ। ਭਾਵੇਂ ਜ਼ਿਆਦਾ ਕੰਮ ਅਪਣੇ ਘਰ ਬਾਰ ਦਾ ਹੀ ਕਰਦੇ ਹਨ, ਪਰ ਨਿਰਮਲ ਭੇਖ ਨਾਲ ਉਸੇ ਤਰ੍ਹਾਂ ਦਾ ਪਿਆਰ ਹੈ। ਸਭ ਅਸਥਾਨਾਂ ਨਾਲ ਵਰਤਨ ਵਰਤਾਵ ਹੈ, ਹਰ ਇਕ ਮਹੰਤ ਭੰਡਾਰੇ ਵੇਲੇ ਆਪਨੂੰ ਯਾਦ ਕਰਦਾ ਹੈ ਤੇ ਆਪ ਵੀ ਅਨਥੱਕ ਹੋ ਕੇ ਸੇਵਾ ਵਿਚ ਡਟ ਜਾਂਦੇ ਹਨ। ਇਸ ਗੱਲ ਦੀ ਸਾਰੇ ਤਾਰੀਫ ਕਰਦੇ ਹਨ ਕਿ ਸਰੀਰ ਦੇ ਉਦਮੀ ਪੂਰੇ ਹਨ।

ਬਲਕਿ ਹਰ ਕੰਮ ਕਾਰ ਵਿਚ ਆਪ ਦਾ ਕਾਫੀ ਤਜਰਬਾ ਹੈ। ਦੂਜੇ ਭੇਖਾਂ ਵਿਚ ਭੀ ਆਪ ਦਾ ਆਉਣ ਜਾਣ ਹੈ, ਸਾਰੇ ਪ੍ਰੇਮ ਕਰਦੇ ਹਨ।

ਸਾਬਕ ਸ਼੍ਰੀ ਮਹੰਤ ਸਾਹਿਬ

## ਸ਼੍ਰੀ ਮਾਨ ਪੰਡਿਤ ਤਾਰਾ ਸਿੰਘ ਜੀ (ਨਰੋਤਮ)

ਡੇਰਾ ਪਟਿਆਲਾ

ਸ਼ਿਸ਼ ਸ਼੍ਰੀ ਮਾਨ ਮਹਾਰਾਜ ਗੁਲਾਬ ਸਿੰਘ ਜੀ (ਗ੍ਵੜੀ ਵਾਲੇ)

ਆਪ ਦਾ ਜਨਮ ਕਰੀਬਨ ਸੰਮਤ ੧੯੦੦ ਵਿਚ ਜ਼ਿਲਾ ਗੁਰਦਾਸ ਪੁਰ ਵਿਖੇ ਹੋਇਆ। ੧੮ ਸਾਲ ਦੀ ਉਮਰ ਵਿਚ ਸੰਤਾਂ ਕੋਲ ਆਏ। ਪਹਿਲੇ ਆਦਮ ਵਾਲ ਪੜ੍ਹਦੇ ਰਹੇ, ਬਾਅਦ ਸ਼੍ਰੀ ਅੰਮ੍ਰਿਤਸਰ, ਕਾਂਸ਼ੀ ਪੜ੍ਹ ਕੇ ਖਟ ਸ਼ਾਸਤ੍ਰੀ ਪੰਡਿਤ ਸਦਾਏ। ਭੇਖ ਵਿਚ ਬੜੀ ਇਜ਼ਤ ਹਾਸਲ ਕੀਤੀ। ਮਹਾਰਾਜ ਨਰਿੰਦਰ ਸਿੰਘ ਸਾਹਿਬ ਪਟਿਆਲਾ ਨੇ ਗੁਰ ਇਤਹਾਸ ਲਿਖਣ ਲਈ ਜਦ ਕਿਸੇ ਵਿਦਵਾਨ ਪੰਡਿਤ ਲਈ ਮੰਗ ਕੀਤੀ ਤਾਂ ਨਿਰਮਲ ਭੇਖ ਨੇ ਆਪਦਾ ਨਾਮ ਪੇਸ਼ ਕੀਤਾ। ਪਟਿਆਲੇ ਮਿਹਮਾਨ ਖਾਨੇ ਕਈ ਵਰ੍ਹੇ ਟਿਕ ਕੇ, ਗੁਰਤੀਰਥ ਸੰਗ੍ਰਹਿ, ਗੁਰੂ ਗਿਰਾਰਥ ਕੋਸ਼, ਭਗਤ ਬਾਣੀ ਸਟੀਕ, ਸ਼੍ਰੀ ਰਾਗ ਦਾ ਟੀਕਾ ਅਤੇ ਗੁਰਮਤ ਨਿਰਣੇ ਸਾਗਰ ਆਦਕ ਕਈ ਗ੍ਰੰਥ ਲਿਖੇ। ਆਪ ਸ਼੍ਰੀ ਪੰਚਾਇਤੀ ਨਿਰਮਲ ਅਖਾੜੇ ਦੇ ਨਾਇਬ ਸ਼੍ਰੀ ਮਹੰਤ ਕਈ ਵਰ੍ਹੇ ਰਹੇ। ਸੰਮਤ ੧੯੪੯ ਦਾ ਕੁੰਭ ਹਰਦੁਆਰ ਕਰ ਕੇ ਪਟਿਆਲੇ ਆਏ। ਦੋ ਤਿੰਨ ਮਹੀਨੇ ਰਹੇ। ਬਾਅਦ ਚਤੁਰ ਮਾਸੇ

ਵਿਚ ਅਪਣੀ ਜਗਾ ਅਪਣੇ ਗੁਰਭਾਈ ਸ੍ਰੀ ਮਾਨ ਪੰਡਤ ਸਾਧੂ ਸਿੰਘ ਜੀ ਨੂੰ ਨਿਯਤ ਕਰਕੇ ਆਪ ਪਟਿਆਲੇ ਹੀ ਗੁਰਪੁਰੀ ਸਿਧਾਰ ਗਏ। ਆਪ ਦੇ ਜੀਵਨ ਦਾ ਵਿਸ਼ੇਸ਼ ਹਾਲ, ਸ੍ਰੀ ਮਹੰਤ ਸਾਹਿਬਾਂ ਦੇ ਜਾ ਨਸ਼ੀਨਾਂ ਦੇ ਕੁਰਸੀ ਨਾਮੇ ਵਿਚ ਮੈਂ ਖੁਲਾਸਾ ਲਿਖਿਆ ਹੈ, ਪ੍ਰੇਮੀ ਜਨ ਉਥੋਂ ਪੜ੍ਹ ਸਕਦੇ ਹਨ।

ਸ੍ਰੀ ਮਹੰਤ ਸਾਹਿਬ

## ਸ੍ਰੀ ਮਾਨ ਪੰਡਤ ਸਾਧੂ ਸਿੰਘ ਜੀ

ਜਨਮ ਪਿੰਡ ਸਰਲੀਆਂ ਜ਼ਿਲਾ ਅੰਮ੍ਰਿਤਸਰ, ਭਾਈ ਸੋਭਾ ਸਿੰਘ ਜੀ ਦੇ ਘਰ ਮਾਤਾ ਦੇਵੀ ਜੀ ਦੀ ਕੁਖੋਂ ਹੋਇਆ। ਛੋਟੀ ਉਮਰ ਤੋਂ ਹੀ ਸਾਧ ਸੰਗਤ ਨਾਲ ਪਿਆਰ ਵਧਦਾ ਗਿਆ। ੧੬ ਸਾਲ ਦੀ ਉਮਰ ਵਿਚ ਘਰੋਂ ਉਪ੍ਰਾਮ ਹੋ ਕੇ ਵਿਰਕਤ ਆਤਮਾ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਦਿਆਂ ਚਰਨਾਂ 'ਚ ਗ੍ਵਿੜੀ ਪਿੰਡ ਕੁਲਾਲਾ ਜ਼ਿਲਾ ਹੁਸ਼ਿਆਰ ਪੁਰ ਜਾ ਪਹੁੰਚੇ। ਮਹਾਤਮਾ ਦੇ ਦਰਸ਼ਨ ਕਰ ਕੇ ਪ੍ਰਸੰਨ ਹੋਏ। ਸ਼ਿਸ਼ ਹੋ ਕੇ ਸੇਵਾ ਕਰਦੇ ਪੜ੍ਹਦੇ ਰਹੇ। ਪੂਰਨ ਵਿਦਵਾਨ ਹੋਇ, ਆਪ ਨੇ ਭੀ ਕਈ ਗ੍ਰੰਥ ਰਚੇ। ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਜਿਸ ਜ਼ੁਲਮ ਗੜ੍ਹ ਵਾਲੀ ਕੋਠੀ ਪਟਿਆਲੇ ਰਹਿੰਦੇ ਸਨ, ਪਿਛੋਂ ਆਪ ਵੀ ਪਹਿਲਾਂ ਉਸੇ ਕੋਠੀ ਟਿਕੇ ਰਹੇ। ਬਾਅਦ ੧੯੫੪ ਵਿਚ ਕੌਰ ਜੀ ਦੀ ਹਵੇਲੀ ਪਾਸ ਸਰਕਾਰ ਨੇ ੧੧੦੧੧।-) ਖਰਚ ਕੇ ਡੇਰਾ ਬਣਾ ਦਿਤਾ। ਨਾਲ ਕਈ ਰਸਦਾਂ ਤੇ ਬੰਧਨ ਲਗਾ ਦਿਤੇ। ਕੁਝ ਚਿਰ ਤੋਂ ਬਾਅਦ ਆਪਨੇ ਲੰਗਰ, ਝੂੰਡਾ,

ਤੇ ਦੋਨੋਂ ਤਰਫ ਕੁਟੀਆਂ ਬਣਵਾਈਆਂ, ਪ੍ਰਯਾਗ ਰਾਜ ਸੰਮਤ ੧੯੬੨ ਦੇ ਕੁੰਭ ਉਤੇ ਆਪ ਵੀ ਪੰਚਾਇਤੀ ਨਿਰਮਲ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਅਸਥਾਪਨ ਕੀਤੇ ਗਏ। ਡੇਰੇ ਦੇ ਮਹੰਤ ਅਪਨੇ ਸ਼ਿਸ਼ ਮਹੰਤ ਮੋਹਰ ਸਿੰਘ ਜੀ ਨੂੰ ਥਾਪ ਕੇ ਆਪ ਕਨਖਲ ਤਿੰਨ ਵਰ੍ਹੇ ਰਹੇ। ਬਾਅਦ ਸੰ: ੧੯੬੪ ਬਿ: ਮਾਘ ਵਦੀ ਅਮਾਵਸ ਨੂੰ ਗੁਰਪੁਰੀ ਸਿਧਾਰ ਗਏ। ਆਪ ਦੇ ਜੀਵਨ ਦਾ ਭੀ ਵਿਸ਼ੇਸ਼ ਸਮਾਚਾਰ, ਸ੍ਰੀ ਮਹੰਤਾਂ ਸਾਹਿਬਾਂ ਦੇ ਜਾਨਸ਼ੀਨਾਂ ਦੇ ਕੁਰਸੀ ਨਾਮੇ ਵਿਚ ਵਿਸਤਾਰ ਨਾਲ ਲਿਖਿਆ ਹੈ।

## ਮਹੰਤ ਮੋਹਰ ਸਿੰਘ ਜੀ

ਆਪ ਦਾ ਜਨਮ ਸ੍ਰਿਹਾਲਾ ਗੁੜਦੀ ਵਾਲਾ ਜ਼ਿਲਾ ਹੁਸ਼ਯਾਰ ਪੁਰ ਸੰਮਤ ੧੯੨੦ ਵਿਚ ਹੋਇਆ, ਆਪ ਦੇ ਜਨਮ ਪਿੰਡ ਸ਼੍ਰਿਹਾਲੇ ਭੀ ਪਹਿਲਾ ਡੇਰਾ ਮਹਾਰਾਜ ਗੁਲਾਬ ਸਿੰਘ ਜੀ ਨੇ ਬੰਨ੍ਹਿਆ ਸੀ, ਪਰ ਵਿਸ਼ੇਸ਼ ਗਿਰਵੜੀ ਹੀ ਰਹਿੰਦੇ ਸਨ, ਇਸ ਲਈ ਆਪ ਗਿਰਵੜੀ ਸੰਤਾਂ ਪਾਸ ਆਏ, ਸੇਵਾ ਕਰਦੇ ਪੜ੍ਹਦੇ ਰਹੇ, ਜਦ ਮਹਾਰਾਜ ਪੰਡਿਤ ਜੀ ਪਟਿਆਲੇ ਰਹੇ, ਤਾਂ ਓਦੋਂ ਆਪ ਵੀ ਨਾਲ ਰਹਿਕੇ ਹਰ ਤਰ੍ਹਾਂ ਦੀ ਸੇਵਾ ਕਰਦੇ ਰਹੇ, ਜਦ ਪੰਡਿਤ ਜੀ ਸੰਮਤ ੧੯੬੨ ਵਿਚ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਹੋ ਗਏ ਤਦ ਤੋਂ ਆਪ ਹੀ ਡੇਰੇ ਦੇ ਮਹੰਤ ਰਹੇ ਡੇਰੇ ਦੀ ਚੰਗੀ ਤਰੱਕੀ ਕੀਤੀ। ਇਕ ਵਰ੍ਹਾ ਸ੍ਰੀ ਮਹੰਤ ਵੀ ਆਪ ਰਹੇ ਹਨ, ਸੁਭਾਵ ਬੜਾ ਪੁਰਸ਼ਾਰਥੀ ਤੇ ਮਿਲਾਪੜਾ ਸੀ। ਅਖਾੜੇ ਦੇ ਹਮੇਸ਼ਾ ਸ਼ੁਭ ਚਿੰਤਕ ਬਣੇ ਰਹੇ। ਕੁਝ ਚਿਰ ਆਪ ਦੇ

ਨੇਤਰਾਂ ਦੀ ਜੋਤ ਘਟ ਗਈ ਸੀ। ਸ਼ਿਸ਼ ਪ੍ਰੇਮ ਨਾਲ ਸੇਵਾ ਕਰਦੇ ਰਹੇ ਤੇ ਆਏ ਗਏ ਸਾਧ ਸੰਤ ਦੀ ਭੀ ਪਿਆਰ ਨਾਲ ਸੇਵਾ ਕਰਦੇ ਸਨ। ਅੰਤ ਜੇਠ ਸੰਮਤ ੧੯੯੧ ਵਿਚ ਚੜ੍ਹਾਈ ਕਰ ਗਏ। ਵਿਸ਼ੇਸ਼ ਹਾਲ ਆਪ ਦਾ ਭੀ ਸ੍ਰੀ ਮਹੰਤਾਂ ਸਾਹਿਬਾਂ ਦੇ ਕੁਰਸੀ ਨਾਮੇ ਵਿਚ ਹੈ।

ਆਪ ਦੇ ਕਈ ਸ਼ਿਸ਼ ਸਨ, ਇਕ ਸੰਤ ਸ਼ਾਮ ਸਿੰਘ ਜੀ ਜਿਨ੍ਹਾਂ ਦਾ ਜਨਮ ਭੈਣੀ ਰਿਆਸਤ ਪਟਿਆਲਾ ਦਾ ਹੈ, ਆਪ ਕਈ ਵਰ੍ਹੇ ਭੰਡਾਰੇ ਦੀ ਸੇਵਾ ਡੇਰੇ ਵਿਚ ਕਰਦੇ ਰਹੇ, ਦੂਜੇ ਸੰਤ ਵਰਿਆਮ ਸਿੰਘ ਜੀ, ਪਹਿਲਾਂ ਅਖਾੜੇ ਦੀ ਤੇ ਬਾਅਦ ਡੇਰੇ ਵਿਚ ਸੇਵਾ ਕਰਦੇ ਰਹੇ, ਸਮਾ ਗਏ ਹਨ। ਸੰਤ ਜੀਤ ਸਿੰਘ ਜੀ ਰੋਹਤਕ ਜ਼ਿਲੇ ਦੇ ਹਨ, ਕੁਝ ਪੜ੍ਹਨ ਦਾ ਅਭਯਾਸ ਰਖਦੇ ਸਨ, ਹੋਰ ਸੰਤ ਮੁੰਦਰ ਸਿੰਘ ਜੀ ਆਦਕ ਕਈ ਸਨ, ਪਰ ਆਪ ਨੇ ਆਪਣਾ ਉਤ੍ਰਾਧਿਕਾਰੀ ਪੰਡਿਤ ਮਾਨ ਸਿੰਘ ਜੀ ਨੂੰ ਨੀਯਤ ਕਰ ਦਿਤਾ ਸੀ।

## ਪੰਡਿਤ ਮਾਨ ਸਿੰਘ ਜੀ

ਆਪ ਦਾ ਜਨਮ ਪਿੰਡ ਭੈਣੀ ਜ਼ਿਲੇ ਲਾਹੌਰ ਦਾ ਹੈ, ਸੰ: ੧੯੭੨ ਵਿਚ ਸੰਤ ਲਹਿਣਾ ਸਿੰਘ ਜੀ ਦੇ ਨਾਲ ਪਟਿਆਲੇ ਆਏ, ਮਹੰਤਾਂ ਦੇ ਸ਼ਿਸ਼ ਬਣੇ, ਆਪ ਦੀ ਤੀਬਰ ਬੁਧੀ ਵੇਖ ਕੇ ਪੜ੍ਹਨ ਲਈ ਸੰਤਾਂ ਕਾਂਸ਼ੀ ਭੇਜ ਦਿਤਾ, ਜਿਥੇ ਕਈ ਵਰ੍ਹੇ ਰਹਿਕੇ ਸੰਸਕ੍ਰਿਤ ਪੜ੍ਹਦੇ ੨ ਚੰਗੇ ਸੁਬੋਧ ਹੋ ਗਏ, ਇਕ ਵੇਰਾਂ ਉਚੇਚਾ ਬੁਲਾ ਕੇ ਆਪ ਨੂੰ ਡੇਰੇ ਦਾ ਉਤ੍ਰਾਧਿਕਾਰੀ ਨੀਯਤ ਕਰ ਦਿਤਾ,

ਫਿਰ ਕਾਂਸ਼ੀ ਗਏ, ਪਰ ਥੋੜੇ ਚਿਰ ਮਗਰੋਂ ਵਾਪਸ ਆ ਗਏ, ਸੰਮਤ ੧੯੯੨ ਵਿਚ ਰਮਤ ਅਖਾੜੇ ਦੇ ਮੁਖੀਏ ਮਹੰਤ ਕੀਤੇ ਗਏ, ਕੁਝ ਚਿਰ ਬਾਅਦ ਪ੍ਰਯਾਗ ਮੁਕਾਮੀ ਮਹੰਤ ਬਣਾ ਕੇ ਭੇਜੇ ਗਏ, ਸੰਮਤ ੧੯੯੩ ਦੀਪ ਮਾਲਾ ਦੇ ਅਕੱਠ ਵਿਚ ਸ੍ਰੀ ਅੰਮ੍ਰਿਤਸਰ ਜੀ ਨਿਰਮਲ ਅਖਾੜੇ ਦੇ ਸਕਤਰ ਬਣਾਏ ਗਏ। ੧੨ ਹਾੜ ਸੰਮਤ ੧੯੯੭ ਨੂੰ ਡੇਰੇ ਦੀ ਪੱਗ ਮਿਲੀ। ਆਪ ਚੰਗੇ ਮਿਠ ਬੋਲੜੇ ਤੇ ਮਿਲਾਪੜੇ ਸੁਭਾਵ ਵਾਲੇ ਤੇ ਚੰਗੇ ਲੇਖਕ ਹਨ।

ਅਜ ਕਲ ਆਪ ਸੋਨੀਪਤ ਰਹਿੰਦੇ ਹਨ। ਗ੍ਰਿਹਸਥ ਆਸ਼ਰਮ ਦਾ ਭਾਰ ਚੁਕੀ ਬੈਠੇ ਹਨ। ਸ਼ਾਹੀ ਡੇਰਾ ਹੈ ਇਸ ਦਾ ਤੇ ਸ਼੍ਰੀ ਮਹੰਤਾਂ ਦੀ ਇਜ਼ਤ ਦਾ ਵੀ ਖਿਆਲ ਰਖਣਾ ਚਾਹੀਦਾ ਹੈ। ਪਟਿਆਲੇ ਡੇਰਾ ਵੀ ਆਬਾਦ ਹੋਣਾ ਚਾਹੀਦਾ ਹੈ।

## ਮਹੰਤ ਜੋਧ ਸਿੰਘ ਜੀ (ਮੁਖੀਏ ਮਹੰਤ)

ਸ਼੍ਰੀ ਮਾਨ ਮਹੰਤ ਗੰਡਾ ਸਿੰਘ ਜੀ ਗ੍ਰਿਵੜੀ ਵਾਲਿਆਂ ਦੇ ਚੇਲੇ ਸੰਤ ਹਰੀ ਸਿੰਘ ਜੀ ਬਸੀ ਵਾਲੇ। ਅਗੇ ਇਨ੍ਹਾਂ ਦੇ ਚੇਲੇ ਵਿਰਕਤ ਸੰਤ ਭੋਲਾ ਸਿੰਘ ਜੀ ਦੇ ਸ਼ਿਸ਼ ਮਹੰਤ ਜੋਧ ਸਿੰਘ ਜੀ ਹੋਇ। ਜਨਮ ਕੰਧੋਲ ਪਿੰਡ ਰਿਆਸਤ ਬਿਲਾਸ ਪੁਰ ਦਾ ਹੈ। ੧੮ ਸਾਲ ਦੀ ਆਯੂ ਤਕ ਘਰ ਦੇ ਕੰਮਾਂ 'ਚ ਪਰਚੇ ਰਹੇ, ਅਨਜਲ ਦੇ ਅਧੀਨ ਆਪਦੇ ਸੰਤ ਵਿਚਰਦੇ ਵਿਚਰਦੇ ਇਸ ਦੇਸ਼ ਵਿਚ ਆਏ। ਪ੍ਰੇਮ ਹੋ ਗਿਆ। ਸ਼ਿਸ਼ ਹੋ ਕੇ ਸੰਤਾਂ ਨਾਲ ਹੋ ਤੁਰੇ। ਬਾਅਦ ਸਣੇ ਸੰਤਾਂ ਦੇ ਰਮਤ ਨਿਰਮਲ ਅਖਾੜੇ

ਵਿਚ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਕੁਝ ਦਿਨ ਕਾਰਬਾਰੀ, ਕੁਠਾਰੀ ਰਹਿ ਕੇ ਦਸ ਬਾਰਾਂ ਸਾਲ ਮੁਖੀਏ ਮਹੰਤ ਰਹੇ। ਜਿਤਨਾ ਚਿਰ ਰਮਤ ਵਿਚ ਰਹੇ, ਅਖਾੜੇ ਦੇ ਸ਼ੁਭ ਚਿੰਤਕ ਰਹੇ। ਉਪ੍ਰੰਤ ਖੇਚਲ਼ ਖਜ਼ਾਲਤ ਤੋਂ ਡਰ ਕੇ ਅਖਾੜੇ ਵਲੋਂ ਉਦਾਸ ਹੋ ਭਜਨ ਪਾਠ ਵਲ ਲਗ ਗਏ। ਦਸ ਬਾਰ੍ਹਾਂ ਵਰ੍ਹੇ ਅਤੀਤ ਜ਼ਿੰਦਗੀ ਬਸਰ ਕਰਦੇ ਰਹੇ। ਕਦੇ ਲਾਹੌਰ ਦੇ ਜ਼ਿਲ੍ਹੇ ਜੌਨਕੇ ਪਿੰਡ ਕੁਝ ਦਿਨ ਗੁਜ਼ਾਰ ਆਉਂਦੇ ਸਨ, ਪਰ ਜ਼ਿਆਦਾ ਤਰ ਕਨਖਲ ਸ੍ਰੀ ਗੁਰੂ ਅਮਰ ਦਾਸ ਜੀ ਦੇ ਗੁਰਦਵਾਰੇ ਰਹਿ ਕੇ ਨਿਸ਼ਕਾਮ ਸੇਵਾ 'ਚ ਪਰਚੇ ਰਹਿੰਦੇ ਸਨ। ਚੜ੍ਹਾਈ ਕਰ ਗਏ ਹਨ। ਆਪ ਦੇ ਚੇਲੇ ਸੰਤ ਹਰੀ ਸਿੰਘ ਜੀ ਚੰਗੇ ਸਾਧੂ ਹਨ, ਜ਼ਿਆਦਾ ਚੱਕ੍ਰਵਰਤੀ ਰਹਿੰਦੇ ਹਨ।

## ਸ੍ਰੀ ਸੰਤ ਅਮੀਰ ਸਿੰਘ ਜੀ

ਡੇਰਾ ਮੁਰਾਲਾ ਡਾ: ਖਾਰੀਆਂ ਜ਼ਿ: ਗੁਜਰਾਤ

ਚੇਲੇ ਸ੍ਰੀ ਮਾਨ ਮਹਾਰਾਜ ਗੁਲਾਬ ਸਿੰਘ ਜੀ ਗ੍ਰਿਵੜੀ, ਆਪ ਕੁਝ ਚਿਰ ਪਹਿਲਾਂ ਗ੍ਰਿਵੜੀ ਮਹਾਰਾਜ ਗੁਲਾਬ ਸਿੰਘ ਜੀ ਦਿਆਂ ਚਰਨਾਂ 'ਚ ਰਹੇ। ਬਾਅਦ ਉਦਾਸੀਨ ਅਵਸਥਾ ਵਿਚ ਦੇਸ਼ ਯਾਤ੍ਰਾ ਕਰਦੇ ਕਰਦੇ ਮੁਰਾਲੇ ਆਏ। ਇਕੰਤ ਅਸਥਾਨ ਵੇਖ ਕੇ ਟਿਕ ਗਏ। ਸ਼੍ਰਧਾਲੂ ਪ੍ਰੇਮ ਕਰਨ ਲਗ ਪਏ। ਉਨ੍ਹੀਂ ਦਿਨੀ ਅਕਸਰ ਲੋਕ ਕੁਠੇ ਤੋਂ ਪ੍ਰਹੇਜ਼ ਘਟ ਕਰਿਆ ਕਰਦੇ ਸਨ ਪਰ ਆਪ ਜੀ ਦੀ ਰਹਿਣੀ ਇਤਨੀ ਸੁਚੀ ਤੇ ਪਵਿਤ੍ਰ ਸੀ, ਕਿ ਹਰ ਇਕ ਦੇ ਘਰੋਂ ਭੋਜਨ ਨਹੀਂ ਛਕਿਆ ਕਰਦੇ ਸਨ। ਹਾਂ

ਕਿਸੇ ਖਾਸ ਧਾਰਨਾ ਵਾਲੇ ਘਰ ਦਾ ਅੰਨ ਅੰਗੀਕਾਰ ਕਰ ਲੈਂਦੇ ਸਨ। ਇਥੇ ਰਹਿੰਦਿਆਂ ਹੋਇਆਂ ਇਕ ਕੱਚੀ ਕੁਟੀਆ ਆਪ ਨੇ ਪੁਵਾ ਲਿਤੀ। ਸਤਿ ਸੰਗ ਦਾ ਪ੍ਰਵਾਹ ਜਾਰੀ ਕਰ ਦਿਤਾ। ਕੋਈ ਸ਼੍ਰਧਾਲੂ ਮਾਇਆ ਭੇਟ ਕਰੇ ਤਾਂ ਉਸ ਦੇ ਜੋੜੇ ਖਰੀਦ ਕੇ ਸ੍ਰੀ ਹਜ਼ੂਰ ਸਾਹਿਬ ਘਲ ਦਿਤਾ ਕਰਦੇ, ਆਪ ਨੇ ਇਕ ਸੂਰਜ ਪ੍ਰਕਾਸ਼ ਲਿਖਵਾਇਆ, ਜੁ ਅਜ ਤਕ ਡੇਰੇ ਵਿਚ ਮੌਜੂਦ ਹੈ। ਇਲਾਕੇ ਵਿਚ ਆਪ ਤਪ ਤੇਜ ਵਾਲੇ ਮਹਾਤਮਾ ਮੰਨੇ ਹੋਏ ਸਨ।

ਆਪ ਦੇ ਦੋ ਸ਼ਿਸ਼ ਹੋਇ ਇਕ ਸੰਤ ਅਰਜਨ ਸਿੰਘ ਜੀ ਜੋ ਸ੍ਰੀ ਅੰਮ੍ਰਿਤਸਰ ਮਹੇਸ਼ੇ ਦੇ ਤਾਲਾਬ ਕਿਤਨੇ ਵਰ੍ਹੇ ਗੁੰਬੀ ਸਿੰਘ ਰਹਿ ਕੇ ਗੁਜ਼ਰ ਗਏ ਹਨ। ਦੂਜੇ ਸ਼ਿਸ਼ ਸ੍ਰੀ ਮਾਨ ਮਹੰਤ ਬਿਸ਼ਨ ਸਿੰਘ ਜੀ ਸਨ, ਇਕ ਵੇਰਾਂ ਅਪਣੇ ਸ਼ਿਸ਼ ਸੰਤ ਬਿਸ਼ਨ ਸਿੰਘ ਜੀ ਨੂੰ ਕੁਟੀਆ 'ਚ ਛਡ ਕੇ ਆਪ ਸੰਤ ਪੁਰੇ ਪਿੰਡ ਗਏ। ਜਿਥੇ ਕੁਝ ਦਿਨ ਆਨੰਦ ਪੂਰਵਕ ਬਿਤੀਤ ਕਰਕੇ ਆਖਰ ਬਾਬਾ ਜੈ ਸਿੰਘ ਜੀ ਦੇ ਘਰ ਸੰਮਤ ੧੯੫੦ ਵਿਚ ਗੁਰਪੁਰੀ ਸਿਧਾਰ ਗਏ। ਆਪ ਦੀ ਸਮਾਧ ਇਕ ਉਥੇ ਤੇ ਇਕ ਮੁਰਾਲੇ ਵਿਚ ਹੈ।

## ਮਹੰਤ ਬਿਸ਼ਨ ਸਿੰਘ ਜੀ

ਆਪ ਦਾ ਜਨਮ ਪਿੰਡ ਬੋਹਤ, ਜ਼ਿਲੇ ਗੁਜਰਾਤ ਵਿਚ ਹੋਇਆ। ੨੦-੨੫ ਵਰ੍ਹਿਆਂ ਦੀ ਉਮਰ ਵਿਚ ਸੰਤਾਂ ਦੇ ਚਰਨਾਂ ਵਿਚ ਆਏ। ਸੇਵਾ ਕਰਦੇ ਰਹੇ, ਬਾਅਦ ਪੜ੍ਹਨ ਲਈ ਸ੍ਰੀ

ਅੰਮ੍ਰਿਤਸਰ ਜੀ ਗਏ, ਜਿਥੇ ਕਈ ਵਰ੍ਹੇ ਰਹਿ ਕੇ ਗਿਆਨੀ ਹਰਨਾਮ ਸਿੰਘ ਜੀ ਪਾਸੋਂ ਪੜ੍ਹਦੇ ਰਹੇ। ਫਿਰ ਕਈ ਵਰ੍ਹੇ ਸੰਤਾਂ ਪਾਸ ਟਿਕ ਕੇ ਸੇਵਾ ਕਰਦੇ ਤੇ ਪੜ੍ਹਦੇ ਪੜ੍ਹਾਉਂਦੇ ਰਹੇ।

ਸੰਤਾਂ ਪਿਛੋਂ ਸੰਪ੍ਰਦਾਈਆਂ ਨਾਲ ਮਿਲਕੇ ਸਾਬਕ ਸ਼੍ਰੀ ਮਹੰਤ ਸਾਹਿਬ ਸ੍ਰੀ ਮਾਨ ਪੰਡਿਤ ਸਾਧੂ ਸਿੰਘ ਜੀ ਨੇ ਆਪਣੀ ਹਥੀਂ ਆਪ ਨੂੰ ਡੇਰੇ ਦੀ ਪੱਗ ਬਾਨ੍ਹਈ, ਬਾਅਦ ਸਚਮੁਚ ਆਪ ਨੇ ਆਪਣੀ ਸੁਚੀ ਰਹਿਣੀ ਤੇ ਭਜਨ ਦੇ ਪ੍ਰਤਾਪ ਕਰਕੇ ਡੇਰੇ ਨੂੰ ਇਤਨੀਆਂ ਚੜ੍ਹਦੀਆਂ ਕਲ੍ਹਾਂ ਵਿਚ ਲਿਆਂਦਾ ਕਿ ਭੇਖ ਦੇ ਮੁਖੀਆਂ ਡੇਰਿਆਂ ਵਿਚੋਂ ਗਿਣਤਾ ਜਾਣ ਲਗਾ, ਡੇਰਾ ਪੱਕਾ ਬਣਾ ਲਿਤਾ, ਆਏ ਗਏ ਅਭਜਾਗਤ ਸਾਧੂ ਵਾਸਤੇ ਲੰਗਰ ਜਾਰੀ ਕਰ ਦਿਤਾ ਬਲਕਿ ਆਪ ਦੀ ਉਦਾਰਤਾ ਨੂੰ ਵੇਖਕੇ ਅਨੇਕਾਂ ਸਾਧੂ ਤੇ ਕਈ ਮੰਡਲੀਆਂ ਕਿਤਨਾ ੨ ਚਿਰ ਆ ਕੇ ਟਿਕ ਰਹਿੰਦਿਆਂ ਸਾਰੇ ਇਲਾਕੇ ਵਿਚ ਇਤਨਾ ਗੁਰਮਤ ਪ੍ਰਚਾਰ ਕੀਤਾ ਕਿ ਕੋਈ ਘਰ ਜਾਂ ਨਗਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਤੋਂ ਖਾਲੀ ਨਾ ਰਹਿਣ ਦਿਤਾ, ਆਪ ਦੀ ਸੁੰਦਰ ਰਹਿਣੀ ਦੇ ਪ੍ਰਤਾਪ ਕਰਕੇ ਹਿੰਦੂ ਮੁਸਲਮਾਨ ਸਭ ਇਜ਼ਤ ਕਰਦੇ ਸਨ।

ਆਪ ਦੇ ਇਕ ਸ਼ਿਸ਼ ਸੰਤ ਬਾਬਾ ਜੈ ਸਿੰਘ ਜੀ ਸੰਤਪੁਰਾ ਨਿਵਾਸੀ ਜਿਹੜੇ ਗ੍ਰਿਹਸਥ ਵਿਚ ਭੀ ਉਦਾਸੀਨਤਾ ਦਾ ਰੂਪ ਹਨ, ਚੰਗੇ ਦਰਸ਼ਨੀ ਸਰੀਰ ਹਨ।

ਦੂਜੇ ਸ਼ਿਸ਼ ਗਿਆਨੀ ਪ੍ਰਤਾਪ ਸਿੰਘ ਜੀ ਜੁ ਚੰਗੇ ਵਿਦ੍ਵਾਨ ਪੁਰਸ਼ ਹਨ, ਅਜ ਕਲ ਕਿਸੇ ਰਸਾਲੇ ਵਿਚ ਗ੍ਰੰਥੀ ਸਿੰਘ ਹਨ।

ਤੀਜੇ ਸ਼ਿਸ਼ ਬ੍ਰਿਧ ਭਾਈ ਭਗਵਾਨ ਸਿੰਘ ਜੀ ਹਨ ।

ਚੌਥੇ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ। ਇਤਯਾਦਕ ਕਈ ਸ਼ਿਸ਼ ਸਨ ਪਰ ਡੇਰੇ ਦੇ ਉਤ੍ਰਾਧਿਕਾਰੀ ਆਪਣੇ ਨਿਜ ਸ਼ਿਸ਼ ਸ੍ਰੀ ਮਾਨ ਮਹੰਤ ਪਰੇਮ ਸਿੰਘ ਜੀ ਨੂੰ ਥਾਪ ਕੇ ਆਪ ਸੰਮਤ ੧੯੬੪ ਮਾਘ ੧੫ ਮੰਗਲਵਾਰ ਨੂੰ ਗੁਰਪੁਰੀ ਸਿਧਾਰ ਗਏ ।

## ਮਹੰਤ ਪ੍ਰੇਮ ਸਿੰਘ ਜੀ

ਆਪ ਦਾ ਜਨਮ ਪਿੰਡ ਖੋੜੀ ਦੂਨਾ ਸਿੰਘ, ਜ਼ਿਲਾ ਗੁਜਰਾਤ ਬਾਬਾ ਮੱਖਣ ਸ਼ਾਹ ਤੇ ਬਾਬਾ ਲਖੀ ਸ਼ਾਹ ਦੇ ਖਾਨਦਾਨ ਵਿਖੇ ਹੋਇਆ। ਆਪਦੇ ਵਡੇ ਪਹਿਲਾਂ ਬਜ਼ੁਰਗਵਾਲ ਵਿਚ ਰਹਿੰਦੇ ਸਨ ਤੇ ਓਥੇ ਹੀ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੀ ਬਖਸ਼ਸ਼ ਹੋਈ ਸੀ। ਕਹਿੰਦੇ ਹਨ ਕਿ ਗੁਰੂ ਸਾਹਿਬ ਜਦ ਕਸ਼ਮੀਰ ਜਾਂਦਿਆਂ ਇਥੋਂ ਦੀ ਲੰਘੇ, ਤਾਂ ਇਸ ਖਾਨਦਾਨ ਦੀਆਂ ਦੋ ਬੀਬੀਆਂ ਜਿਨ੍ਹਾਂ ਦੇ ਘਰ ਸੰਤਾਨ ਨਹੀਂ ਸੀ ਹੁੰਦੀ ਚਰਨਾਂ ਵਿਚ ਆਈਆਂ, ਗੁਰੂ ਜੀ ਨੇ ਇਕ ਨਲੀਏਰ ਖਾਣ ਨੂੰ ਦਿਤਾ ਤੇ ਕਿਹਾ ਕਿ ਬੜੇ ਪ੍ਰਤਾਪ ਵਾਲਾ ਪੁਤ੍ਰ ਹੋਵੇਗਾ। ਜਿਸ ਨੇ ਖਾਧਾ, ਉਸ ਦੇ ਘਰ ਬੜਾ ਤੇਜਸ੍ਵੀ ਧਰਮ ਦਾਸ ਬੇਟਾ ਹੋਇਆ।

ਇਸੇ ਖਾਨਦਾਨ ਵਿਚੋਂ ਹੋਣ ਕਰ ਕੇ ਆਪ ਕੇਵਲ ਸੰਤਾਂ ਦੇ ਪਾਸ ਇਸ ਲਈ ਪੜ੍ਹਨ ਵਾਸਤੇ ਆਏ ਸਨ, ਕਿ ਪੜ੍ਹ ਲਿਖ ਕੇ ਆਪਣੀ ਸਿਖੀ ਸੰਭਾਲਾਂਗੇ, ਪਰ ਈਸ਼ਵਰ ਨੂੰ ਹੋਰ ਹੀ ਗੱਲ ਮਨਜ਼ੂਰ ਸੀ। ਅਰਥਾਤ ਆਪ ਦੀ ਸਾਤ੍ਵਕੀ ਬ੍ਰਿਤੀ ਵੇਖ ਕੇ

ਸੰਤਾਂ ਆਪਣੀ ਸੇਵਾ ਵਿਚ ਲਗਾ ਲਿਤਾ । ਆਪ ਨੇ ਸੇਵਾ ਭੀ ਤਨੋਂ ਮਨੋਂ ਹੋ ਕੇ ਅਜਿਹੀ ਕੀਤੀ ਜੁ ਸੰਤਾਂ ਪ੍ਰਸੰਨ ਹੋ ਕੇ ਸੰਤ ਭਾਗ ਸਿੰਘ ਜੀ ਦੀ ਹਥੀਂ ਡੇਰੇ ਦੀ ਪੱਗ ਦੇ ਦਿਤੀ ਤੇ ਗੁਰਮਤ ਪ੍ਰਚਾਰ ਤੋਂ ਇਲਾਵਾ ਡੇਰੇ ਦੀ ਸਾਰੀ ਜ਼ਿਮੇਵਾਰੀ ਆਪ ਨੂੰ ਦੇ ਦਿਤੀ । ਜਿਸ ਨੂੰ ਸੰਤਾਂ ਦੇ ਹੁੰਦਿਆਂ ਤੇ ਪਿਛੋਂ ਭੀ ਆਪ ਨੇ ਖੂਬ ਨਿਬਾਹਿਆ । ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਯਾ । ਪੰਜ ਪੰਜ ਸੌ ਅਕਠਿਆਂ ਨੂੰ ਜਹਾਜ਼ੇ ਚੜ੍ਹਾਇਆ । ਆਪ ਦੀ ਸੁੰਦਰ ਰਹਿਣੀ ਭੇਖ ਵਿਚ ਤੇ ਸਾਰੇ ਖਾਲਸਾ ਪੰਥ ਵਿਚ ਚੰਗੀ ਉਘੀ ਹੋਈ । ਸਾਰਾ ਇਲਾਕਾ ਆਪ ਨੂੰ ਬੜੀ ਸਤਿਕਾਰ ਦੀ ਨਜ਼ਰ ਨਾਲ ਵੇਖਦਾ ਰਿਹਾ ।

ਗੁਰਾਂ ਦੀ ਕ੍ਰਿਪਾ ਨਾਲ ਆਪ ਨੇ ਓਹ ਦੋ ਬੜੇ ਕੰਮ ਕੀਤੇ, ਜਿਹੜੇ ਵਡੇ ਤੋਂ ਵਡੇ ਜਾਗੀਰਦਾਰ ਨਹੀਂ ਕਰ ਸਕਦੇ ਸਨ । ਸੰਮਤ ੧੯੭੦ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਆਲੀਸ਼ਾਨ ਬਿਲਡਿੰਗ ਬਣਵਾਈ, ਜਿਸ ਵਿਚ ਸੰਗਮਰਮਰ ਭੀ ਲਗਵਾਇਆ । ਸੰਮਤ ੧੯੭੩ ਵਿਚ ਡੇਰੇ ਦੇ ਆਲੇ ਦੁਆਲੇ ਪੱਕੀ ਸਫੀਲ ਤਿਆਰ ਕਰਵਾਈ । ਸੰਮਤ ੧੯੯੨ ਵਿਚ ਸਫੀਲ ਦੇ ਅੰਦਰ ਇਕ ਬਾਗ਼ ਤੇ ਇਕ ਸੁੰਦਰ ਕੋਠੀ ਬਣਵਾਈ । ਫਿਰ ਇਕ ਖੂਹ ਦੇ ਨਾਲ ੧੨ ਵਿਘੇ ਜ਼ਮੀਨ ਲੈ ਕੇ ਮਾਲ ਤੇ ਪ੍ਰਦੇਸੀਆਂ ਦੇ ਆਰਾਮ ਲਈ ਇਕ ਬੜਾ ਭਾਰੀ ਮਕਾਨ ਬਣਵਾਇਆ । ੧੨੫ ਵਿਘੇ ਜ਼ਮੀਨ ਮੁਲ ਲੈ ਕੇ ਡੇਰੇ ਦੇ ਨਾਮ ਲੁਵਾਈ । ਇਸ ਤੋਂ ਇਲਾਵਾ ਆਪ ਨੇ ਕਈ ਸਕੂਲ ਬਣਵਾਏ । ਇਕ ਸਕੂਲ ਮੁਰਾਲੇ ਜਿਸ ਵਿਚ ਲੜਕੇ ਪੜ੍ਹਦੇ ਸਨ ।

ਇਕ ਕੰਨਿਆ ਪਾਠਸ਼ਾਲਾ ਜਿਸ ਵਿਚ ਲੜਕੀਆਂ ਨੂੰ ਧਾਰਮਕ ਵਿਦਿਆ ਦਿਤੀ ਜਾਂਦੀ ਸੀ। ਇਕ ਸਕੂਲ ਪ੍ਰਾਇਮਰੀ ਭਖੜੇ ਵਾਲੀ ਬਣਵਾਇਆ। ਇਕ ਹਾਈ ਸਕੂਲ ਟਾਂਡੇ, ਇਕ ਪ੍ਰਾਇਮਰੀ ਸਕੂਲ ਬਜ਼ੁਰਗ ਵਾਲ, ਇਕ ਪ੍ਰਾਇਮਰੀ ਸਕੂਲ ਖੋੜੀ, ਇਕ ਮਿਡਲ ਸਕੂਲ ਖਾਰੀਆਂ ਵਿਚ, ਇਕ ਸਕੂਲ ਤੇ ਕੰਨਿਆ ਪਾਠਸ਼ਾਲਾ ਰਿਆਸਤ ਕਪੂਰਥਲਾ ਵਿਚ, ਹੋਰ ੪੪੧ ਚਕ ਜ਼ਿਲਾ ਲਾਇਲਪੁਰ ਵਿਚ ਕਰੀਬਨ ਦਸ ਹਜ਼ਾਰ ਰੁਪਿਆ ਗੁਰਦਵਾਰੇ ਲਈ ਦਿਤਾ। ਲਧਿਆਂ ਵਾਲਾ ਜ਼ਿਲਾ ਸ਼ੇਖੂ ਪੂਰਾ, ਤੇ ਗੁਨਾ ਊਰ ਪਿੰਡ ਦੇ ਸਿਖਾਂ ਦੀ ਸਲਾਹ ਨਾਲ ਇਕ ਬੁੰਗਾ ਨਨਕਾਣੇ ਸਾਹਿਬ ਚਾਲੀ ਹਜ਼ਾਰ ਦੀ ਲਾਗਤ ਦਾ ਬਣਵਾਇਆ। ਬਾਬਾ ਬਕਾਲੇ ਸਾਹਿਬ ਬਾਬਾ ਮਖਨ ਸ਼ਾਹ ਦੀ ਯਾਦਗਾਰ ਵਿਚ ਬਾਈ ਹਜ਼ਾਰ ਰੁਪਿਆ ਖਰਚ ਕੇ ਬੁੰਗਾ ਬਣਵਾਇਆ। ਭਖੜੇ ਵਾਲੀ ਸਤ ਹਜ਼ਾਰ ਦੀ ਲਾਗਤ ਦਾ ਇਕ ਗੁਰਦਵਾਰਾ ਤੇ ਇਕ ਗੁਰਦਵਾਰਾ ਅਢਾਈ ਹਜ਼ਾਰ ਰੁਪਿਆ ਖਰਚ ਕੇ ਖੋੜੀ ਪਿੰਡ ਵਿਚ ਬਣਵਾਇਆ। ਇਕ ਮਕਾਨ ੧੪ ਹਜ਼ਾਰ ਦੀ ਲਾਗਤ ਦਾ ਸ੍ਰੀ ਅੰਮ੍ਰਿਤਸਰ ਜੀ ਵਿਚ ਮੁਲ ਲਿਤਾ। ਇਸ ਤਰ੍ਹਾਂ ਆਪ ਨੇ ਬੜੇ ਉਘੇ ੨ ਕੰਮ ਕੀਤੇ ਸਨ। ਜਿਸ ਕਰ ਕੇ ਆਪ ਦੀ ਸਰਕਾਰੇ ਦਰਬਾਰੇ ਭੀ ਇਜ਼ਤ ਸੀ। ਲਾਟ ਸਾਹਿਬ ਤੋਂ ਲੈ ਕੇ ਕਈ ਸਰਕਾਰੀ ਅਫ਼ਸਰਾਂ ਵਲੋਂ ਆਪ ਦੇ ਕੀਤੇ ਕੰਮਾਂ ਦੀਆਂ ਪ੍ਰਸੰਸਾ ਦੀਆਂ ਚਿਠੀਆਂ ਆਪ ਨੂੰ ਮਿਲੀਆਂ ਹੋਈਆਂ ਸਨ। ਸੰਨ ੧੯੩੭ ਈਸਵੀ ਵਿਚ ਪੰਜਾਬ ਅਸੈਂਬਲੀ ਦੇ ਮੈਂਬਰ ਬੜੀ ਕਾਮਯਾਬੀ ਨਾਲ ਚੁਣੇ ਗਏ।

ਹੋਰ ਡੇਰੇ ਵਿਚ ਸੁਬ੍ਹਾ ਸ਼ਾਮ ਸਤਿ ਸੰਗ ਦਾ ਪ੍ਰਵਾਹ ਜਾਰੀ ਸੀ। ਲੰਗਰ ਖੂਬ ਚਲਦਾ ਰਿਹਾ। ੩੦-੪੦ ਸਰੀਰ ਦੋਏਂ ਵੇਲੇ ਪ੍ਰਸ਼ਾਦ ਛਕਦੇ ਸਨ। ਸੰਗਤ ਦੀ ਆਵਾ ਜਾਈ ਬਣੀ ਰਹਿੰਦੀ ਸੀ। ਆਪ ਨਿਰਮਲ ਭੇਖ ਦੇ ਮੁਖੀ ਸੰਤਾਂ ਮਹੰਤਾਂ ਵਿਚੋਂ ਗਿਣੇ ਜਾਂਦੇ ਸਨ। ਆਪ ਦੀ ਫੈਲੀ ਹੋਈ ਪ੍ਰਭਤਾ ਤੇ ਭੇਖ ਨੂੰ ਬੜਾ ਫ਼ਖ਼ਰ ਸੀ।

ਆਪ ਦੇ ਚੇਲੇ ਸੰਤ ਈਸ਼ਰ ਸਿੰਘ ਜੀ ਵੈਦਰਾਜ ਪੂਨਾ ਸੰਤ ਪਾਲ ਸਿੰਘ ਜੀ ਸੰਤ ਸੇਵਾ ਸਿੰਘ ਜੀ ਵਿਰਕਤ ਸੰਤ ਸਜਨ ਸਿੰਘ ਜੀ ਆਦ ਕਈ ਸਨ ਜੋ ਪ੍ਰੇਮ ਨਾਲ ਡੇਰੇ ਦੀ ਸੇਵਾ ਕਰਦੇ ਰਹੇ ਹਨ।

## ਸ੍ਰੀ ਬਾਵਾ ਹਰਨਾਮ ਸਿੰਘ ਜੀ ਐਮ. ਐਲ. ਏ.

ਪਾਕਸਤਾਨ ਬਣਨ ਤੋਂ ਬਾਅਦ ਮਹੰਤ ਪ੍ਰੇਮ ਸਿੰਘ ਜੀ ਬੇਗੋਵਾਲ ਰਿਆਸਤ ਕਪੂਰਥਲਾ ਵਿਚ ਆ ਗਏ ਜਿਥੇ ਆਪ ਖਾਸਾ ਚਿਰ ਰਹਿ ਕੇ ਅੰਤ ਹਾਟ ਫੇਲ ਹੋ ਜਾਣ ਨਾਲ ੩ ਜੂਨ ਸੰਨ ੧੯੫੦ ਨੂੰ ਗੁਰਪੁਰੀ ਸਿਧਾਰ ਗਏ। ਪਿਛੋਂ ਭਗਤ ਸ੍ਰਦਾਰ ਸਿੰਘ ਜੀ ਨੂੰ ਪੁਰਾਣਾ ਸੇਵਕ ਸਮਝ ਕੇ ਕੁਝ ਸੰਪ੍ਰਦਾਈ ਮਹੰਤਾਂ ਸੰਤਾਂ ਅਤੇ ਮੁਖੀ ਸਿਖ ਲੀਡਰਾਂ ਨੇ ਸਤਾਰਵੇਂ ਵਾਲੇ ਦਿਨ ਪਗ ਦੇ ਦਿਤੀ। ਜਿਸ ਨੂੰ ਆਪਦੇ ਭ੍ਰਾਤਾ ਬਾਵਾ ਹਰਨਾਮ ਸਿੰਘ ਜੀ ਨੇ ਅਜੋਗ ਸਮਝਕੇ ਰਸੂਖ ਪਿਆਰ ਤੇ ਕਾਨੂੰਨੀ ਮਦਦ ਨਾਲ ਅਪਣੇ ਆਪ ਨੂੰ ਪੂਰਾ ਹਕਦਾਰ ਸਾਬਤ ਕੀਤਾ। ਬਾਅਦ ਸੰਪ੍ਰਦਾਈ ਮਹੰਤਾਂ ਤੇ ਸਾਧ ਸੰਗਤ ਦੇ ਆਮ ਇਕੱਠ ਵਿਚ ਆਪ ਨੂੰ ਪੱਗ

ਮਿਲੀ, ਅਜਕਲ ਆਪ ਹੀ ਮਹੰਤ ਹਨ। ਡੇਰੇ ਦਾ ਕੰਮ ਚੰਗਾ ਚਲਾ ਰਹੇ ਹਨ। ਲੰਗਰ ਚਲਦਾ ਹੈ, ਆਏ ਗਏ ਨਾਲ ਪਿਆਰ ਹੈ ਤੇ ਸਤਿਸੰਗ ਦਾ ਪ੍ਰਵਾਹ ਚਲਾਇਆ ਹੋਇਆ ਹੈ।

## ਸੰਤ ਈਸ਼ਰ ਸਿੰਘ ਜੀ ਵੈਦਰਾਜ ਪੂਨਾ

ਚੇਲੇ ਮਹੰਤ ਪ੍ਰੇਮ ਸਿੰਘ ਜੀ ਮੁਰਾਲਾ। ਪਹਿਲੇ ਆਪ ਕਈ ਸਾਲ ਸਥੱਦ ਕਸਰਾਂ ਵਿਚ ਰਹੇ। ਡੇਰਾ ਬਣਾਇਆ। ਅਜ ਕਲ ਪੂਨੇ (ਬੰਬਈ) ਪ੍ਰਾਂਤ ਵਿਚ ਰਹਿੰਦੇ ਹਨ। ਚੰਗੇ ਵੈਦਰਾਜ ਹਨ। ਸਤਿਸੰਗੀ ਪ੍ਰੇਮ ਕਰਦੇ ਹਨ। ਸਤਿਸੰਗ ਦਾ ਸਿਲਸਿਲਾ ਚਲਾਇਆ ਹੋਇਆ ਹੈ। ਸੰਗਤ ਦੀ ਕਾਫੀ ਆਵਾਜਾਈ ਬਣੀ ਰਹਿੰਦੀ ਹੈ। ਸੁਭਾ ਦੇ ਮਿਲਣ ਸਾਰ ਹਨ। ਆਪ ਦੇ ਸ਼ਿਸ਼ ਸੰਤ ਖਜ਼ਾਨ ਸਿੰਘ ਜੀ, ਸੰਤ ਦਿਗੰਬਰ ਸਿੰਘ ਜੀ, ਸੰਤ ਸੁਰੇਸ਼ ਸਿੰਘ ਜੀ ਹਨ।

ਸੰਤ ਖਜ਼ਾਨ ਸਿੰਘ ਜੀ ਚੰਗੇ ਮਿਲਣ ਸਾਰ ਨਿਰਮਾਣ ਸਾਧੂ ਹਨ। ਚਕ੍ਰਵਰਤੀ ਰਹਿਣਾ ਪਸੰਦ ਕਰਦੇ ਹਨ। ਸੰਤ ਦਿਗੰਬਰ ਸਿੰਘ ਜੀ ਅਜਕਲ ਨਿਰਮਲ ਅਖਾੜੇ ਵਿਚ ਸੇਵਾ ਕਰਦੇ ਹਨ। ਉਦਮੀ ਸਰੀਰ ਹਨ। ਸੰਤ ਸੁਰੇਸ਼ ਸਿੰਘ ਜੀ ਦਸਵੀਂ ਯਾਰਵੀਂ ਜਮਾਤ ਪਾਸ ਹਨ।

## ਡੇਰਾ ਭਿੰਡਰਾਂ

## ਸ੍ਰੀ ਗਿਆਨੀ ਸੁੰਦਰ ਸਿੰਘ ਜੀ

ਚੇਲੇ ਸ੍ਰੀ ਮਾਨ ਮਹੰਤ ਬਿਸ਼ਨ ਸਿੰਘ ਜੀ, ਮੁਰਾਲਾ ਆਪ ਦਾ ਜਨਮ ਭਿੰਡਰਾਂ ਬਾਬਾ ਖਜ਼ਾਨ ਸਿੰਘ ਜੀ ਦੇ ਘਰ

ਵਿਖੇ ਹੋਇਆ। ਸੰਤਾਂ ਪਾਸ ਮੁਰਾਲੇ ਪੜ੍ਹਨੇ ਲਈ ਆਏ। ਸ਼ਿਸ਼ ਹੋ ਕੇ ਕਈ ਵਰ੍ਹੇ ਸੇਵਾ ਕਰਦੇ ਪੜ੍ਹਦੇ ਰਹੇ। ਸੰਤਾਂ ਦੀ ਸੰਗਤ ਨਾਲ ਆਪ ਦੀ ਰਹਿਣੀ ਬਹਿਣੀ ਵੀ ਪੂਰੇ ਮਹਾਤਮਾ ਵਾਲੀ ਹੋ ਗਈ, ਇਸ ਲਈ ਆਪ ਦਾ ਕੀਰਤਨ ਤੇ ਪ੍ਰਚਾਰ ਅਸਰ ਵਾਲਾ ਸੀ, ਜਿਹੜਾ ਸੁਣਦਾ ਓਹੀ ਪ੍ਰਸੰਨ ਹੋ ਜਾਂਦਾ। ਆਪ ਨੇ ਆਪਣੇ ਘਰ ਦੇ ਬਾਹਰਵਾਰ ਉਸ ਅਸਥਾਨ ਨੂੰ ਪਕਾ ਬਣਾ ਕੇ ਇਕ ਡੇਰੇ ਦੀ ਸ਼ਕਲ ਵਿਚ ਲਿਆਂਦਾ ਜਿਸ ਥਾਂ ਤੇ ਆਪਦੇ ਪਿਤਾ ਜੀ ਨੇ ਕੁਟੀਆ ਬਣਾਕੇ ਸਵਾ ਲਖ ਪਾਠ ਸ੍ਰੀ ਜਪੁ ਜੀ ਸਾਹਿਬ ਦਾ ਕੀਤਾ ਸੀ।

ਆਪ ਚੰਗੇ ਭਜਨ ਪਾਠ ਦੇ ਨਿਤ ਨੇਮ ਵਿਚ ਤਤਪਰ ਰਹਿੰਦੇ ਸਨ। ਪ੍ਰਚਾਰ ਰਾਹੀਂ ਅਨੇਕਾਂ ਸਤਿਸੰਗੀਆਂ ਨੂੰ ਨਿਹਾਲ ਕੀਤਾ। ਕਈਆਂ ਗੁਰਦਵਾਰਿਆਂ ਦੀ ਸੇਵਾ ਕਰਾ ਕੇ ਜਸ ਖਟਿਆ। ਗੁਰਦੁਆਰਾ ਛੇਵੀਂ ਪਾਤਸ਼ਾਹੀ ਲਧਾਈ ਕੇ ਡਾਕਖਾਨਾ ਪੁਰਾਣਾ ਵਾਘਾ ਨੂੰ ਆਬਾਦ ਕਰਕੇ ਸੰਤ ਬਿਸ਼ਨ ਸਿੰਘ ਜੀ ਨੂੰ ਅਸਥਾਪਨ ਕੀਤਾ।

ਹੋਰ ਗੁਰਦੁਆਰੇ ਤਖਤੂ ਪੁਰੇ ਜਿਥੇ ਪਹਿਲੀ ਪਾਤਸ਼ਾਹੀ ਤੇ ਛੇਵੀਂ ਅਤੇ ਦਸਵੀਂ ਪਾਤਸ਼ਾਹੀ ਆਏ ਸਨ, ਉਸ ਦੀ ਨੀਂਹ ਆਪ ਰਖਕੇ ਸਭ ਸੇਵਾ ਕਰਾਈ, ਇਕ ਤਾਲਾਬ ਲਗਾਇਆ। (ਇਹ ਗੁਰਦੁਆਰਾ ਇਸ ਵੇਲੇ ਕਮੇਟੀ ਦੇ ਕਬਜ਼ੇ ਵਿਚ ਹੈ)

ਆਪ ਦੇ ਕਈ ਸ਼ਿਸ਼ ਹਨ ਸ੍ਰੀ ਸੰਤ ਇੰਦਰ ਸਿੰਘ ਜੀ ਗਿਆਨੀ ਗੁਰਦਿਆਲ ਸਿੰਘ ਜੀ ਬੋਪਾ ਰਾਏ, ਗਿਆਨੀ ਗੁਰਬਚਨ ਸਿੰਘ ਜੀ, ਗਿਆਨੀ ਅਜੈਬ ਸਿੰਘ ਜੀ ਜੋ ਚੰਗੀ

ਕਥਾ ਕਰਦੇ ਹਨ। ੧੫-੨੦ ਸਾਧੂ ਹਮੇਸ਼ਾ ਨਾਲ ਰਹਿੰਦੇ ਹਨ ਪੰਡਿਤ ਹਕੀਕਤ ਸਿੰਘ ਜੀ ਕਨਖਲ ਕੁਠਾਰ ਦਾ ਕੰਮ ਕਰਦੇ ਹਨ। ਸੰਤ ਚੰਨਣ ਸਿੰਘ ਜੀ, ਸੰਤ ਸੰਤੋਖ ਸਿੰਘ ਜੀ ਮੰਡੀ ਬੂਰਾ, ਗਿਆਨੀ ਨਰੈਣ ਸਿੰਘ ਜੀ, ਗਿਆਨੀ ਗੁਰਦਿਆਲ ਸਿੰਘ, ਸੰਤ ਨਿਰੰਜਨ ਸਿੰਘ ਜੀ ਅੰਮ੍ਰਿਤਸਰ ਰਹਿੰਦੇ ਹਨ। ਸੰਤ ਹਜ਼ੂਰਾ ਸਿੰਘ ਜੀ ਰਮਤੇ ਭਜਨ ਬੰਦਗੀ ਵਾਲੇ ਮਹਾਤਮਾ ਹਨ। ਸੰਤ ਬਿਸ਼ਨ ਸਿੰਘ ਜੀ ਗੁਰਦੁਆਰਾ ਛੇਵੀਂ ਪਾਤਸ਼ਾਹੀ ਡਾਕਖਾਨਾ ਵਾਗਾ ਪੁਰਾਣਾ ਦੇ ਮਹੰਤ ਹਨ। ਭਾਵੇਂ ਸਾਰੇ ਆਪ ਦੇ ਆਗਿਆਕਾਰੀ ਸ਼ਿਸ਼ ਸਨ ਪਰ ਭਿੰਡਰਾਂ ਡੇਰੇ ਦੀ ਸੇਵਾ ਸ੍ਰੀ ਸੰਤ ਇੰਦਰ ਸਿੰਘ ਜੀ ਨੂੰ ਆਪ ਨੇ ਪਹਿਲਾਂ ਹੀ ਦੇ ਦਿਤੀ ਸੀ। ਪਿਛੋਂ ਜਿਤਨਾ ਚਿਰ ਸਰੀਰ ਰਿਹਾ ਆਪ ਅਲੇਪ ਅਵਸਥਾ ਵਿਚ ਰਹੇ।

## ਸ੍ਰੀ ਸੰਤ ਇੰਦਰ ਸਿੰਘ ਜੀ

ਆਪ ਸ੍ਰੀ ਗਿਆਨੀ ਸੁੰਦਰ ਸਿੰਘ ਜੀ ਦੇ ਸਕੇ ਭਾਈ ਤੇ ਸ਼ਿਸ਼ ਹਨ। ਗਿਆਨੀ ਜੀ ਨੇ ਡੇਰਾ ਬਣਾ ਕੇ ਆਪ ਨੂੰ ਮਹੰਤ ਅਸਥਾਪਨ ਕਰ ਦਿਤਾ ਸੀ, ਪਰ ਆਪ ਨੇ ਕੁਝ ਸਮੇਂ ਬਾਅਦ ਗਿ: ਗੁਰਬਚਨ ਸਿੰਘ ਜੀ ਨੂੰ ਮਹੰਤ ਨਿਯੁੱਤ ਕਰ ਦਿਤਾ।

## ਸ੍ਰੀ ਗਿਆਨੀ ਗੁਰਬਚਨ ਸਿੰਘ ਜੀ

ਆਪ ਦਾ ਜਨਮ ਪਿੰਡ ਅਖਾੜਾ ਜ਼ਿਲੇ ਲੁਧਿਆਣੇ ਦਾ ਹੈ। ਆਪ ਚੰਗੇ ਵਿਦਵਾਨ ਮਹਾਤਮਾ ਹਨ। ਕਈ ਵਿਦਿਆਰਥੀ

ਆਪ ਦੇ ਪਾਸੋਂ ਪੜ੍ਹ ਰਹੇ ਹਨ। ਗਿਆਨੀ ਜੀ ਵਾਂਗ ਆਪ ਵੀ ਬਾਹਰ ਵਿਚਰਦੇ ਤੇ ਕਥਾ ਬਾਰਤਾ ਕਰਦੇ ਰਹਿੰਦੇ ਹਨ। ਪੰਜਾਹ ਸਠ ਸਾਧੂ ਨਾਲ ਰਖਦੇ ਗੁਰੂ ਘਰ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਆਪ ਦੀ ਰਹੁ ਰੀਤੀ ਇਕ ਚੰਗੇ ਮਹਾਂ ਪੁਰਸ਼ਾਂ ਵਾਲੀ ਹੈ। ਡੇਰੇ ਵਿਚ ਕਾਫੀ ਸਾਧੂ ਅਭਿਆਗਤ ਟਿਕੇ ਰਹਿੰਦੇ ਹਨ।

## ਡੇਰਾ ਗੁਰਦਵਾਰਾ ਬੋਪਾ ਰਾਇ ਕਲਾਂ

### ਸ਼੍ਰੀ ਗਿਆਨੀ ਗੁਰਦਿਆਲ ਸਿੰਘ ਜੀ

ਸ਼ਿਸ਼ ਸ਼੍ਰੀ ਮਾਨ ਗਿਆਨੀ ਸੁੰਦਰ ਸਿੰਘ ਜੀ। ਇਹ ਡੇਰਾ ਆਪਨੇ ਹੀ ਸੰਮਤ ੧੯੯੧ ਵਿਚ ਬਣਾਇਆ। ਗਿ: ਸੁੰਦਰ ਸਿੰਘ ਜੀ ਇਸੇ ਡੇਰੇ ਵਿਖੇ ਸੰਮਤ ੧੯੯੬ ਫਗਣ ੪ ਨੂੰ ਸਮਾਏ। ਆਪ ਦੇ ਅੰਗੀਠੇ ਦੀ ਥਾਂ ੧੦੯ ਫੁਟ ਦਾ ਨਿਸ਼ਾਨ ਸਾਹਿਬ ਇਸ ਵੇਲੇ ਝੂਲ ਰਿਹਾ ਹੈ।

ਸ਼੍ਰੀ ਗਿਆਨੀ ਗੁਰਦਿਆਲ ਸਿੰਘ ਜੀ ਦਾ ਜਨਮ ਆਦਮ ਪੁਰ ਰਿਆਸਤ ਨਾਭੇ ਦਾ ਹੈ। ਆਪ ਵੀ ਚੰਗੇ ਵਿਦਵਾਨ ਸਨ। ਪੜ੍ਹਾਈ ਦਾ ਕੰਮ ਬਹੁਤ ਸੋਹਣਾ ਸੀ। ਡੇਰਾ ਪਿੰਡੋਂ ਬਾਹਰ ਵਾਰ ਹੈ। ਹਮੇਸ਼ਾ ੩੦-੩੫ ਸਾਧੂ ਬਣੇ ਰਹਿੰਦੇ ਸਨ। ਸੰਤਾਂ ਦੀ ਯਾਦ ਵਿਚ ੪ ਫਗਣ ਨੂੰ ਸਾਲ ਦੇ ਸਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਪਾਉਂਦੇ ਤੇ ਇਕ ਵਡਾ ਭੰਡਾਰਾ ਕਰਦੇ ਸਨ। ਨਗਰ ਦੇ ਲੋਗ ਪ੍ਰੇਮੀ ਹਨ। ਸਭ ਦੇ ਨਾਲ ਰਸੂਖ ਪਿਆਰ ਸੀ। ਆਏ ਗਏ ਸਾਧੂ ਅਭਯਾਗਤ ਦੀ

ਸੇਵਾ ਦਿਲੋਂ ਪਿਆਰ ਨਾਲ ਕਰਦੇ ਸਨ। ਆਪ ਪ੍ਰਲੋਕ ਗਮਨ ਕਰ ਗਏ ਹਨ।

## ਗੁਰਦਵਾਰਾ ਛੇਵੀਂ ਪਾਤਸ਼ਾਹੀ ਲਧਾਈਕੇ

ਡਾ: ਵਾਘਾ ਪੁਰਾਣਾ ਜ਼ਿਲਾ ਫਿਰੋਜ਼ਪੁਰ

ਇਹ ਗੁਰਦਵਾਰਾ ਛੇਵੇਂ ਗੁਰੂ ਸਾਹਿਬ ਜੀ ਦੀ ਯਾਦ-ਗਾਰ ਹੈ ਸ੍ਰੀ ਗਿਆਨੀ ਸੁੰਦਰ ਸਿੰਘ ਜੀ ਨੇ ਅਬਾਦ ਕਰ ਕੇ ਬਾਅਦ ਆਪਣੇ ਸ਼ਿਸ਼ ਸੰਤ ਬਿਸ਼ਨ ਸਿੰਘ ਜੀ ਨੂੰ ਮਹੰਤ ਅਸ-ਥਾਪਨ ਕਰ ਦਿਤਾ। ਅਜ ਕਲ ਆਪ ਦੀ ਥਾਂ ਸ੍ਰੀ ਗਿ: ਨਰੈਣ ਸਿੰਘ ਜੀ ਮਹੰਤ ਹਨ।

## ਸ੍ਰੀ ਸੰਤ ਗੁਰਦਿਆਲ ਸਿੰਘ ਜੀ

ਗੁਰਦ੍ਵਾਰਾ ਠਕਰਵਾਲ ਡਾ: ਲਲਤੋਂ ਜ਼ਿ: ਲੁਧਯਾਨਾ

ਇਸ ਗੁਰਦ੍ਵਾਰੇ ਭੀ ਸ੍ਰੀ ਮਾਨ ਗਿਆਨੀ ਸੁੰਦਰ ਸਿੰਘ ਜੀ ਰਹੇ। ਫਿਰ ਆਪਣੇ ਸ਼ਿਸ਼ ਸੰਤ ਗੁਰਦਿਆਲ ਸਿੰਘ ਜੀ ਨੂੰ ਇਹ ਅਸਥਾਨ ਦੇ ਦਿਤਾ, ਅਜ ਕਲ ਆਪ ਹੀ ਇਥੇ ਸੇਵਾ ਕਰਦੇ ਹਨ, ਸੋਹਣਾ ਕੀਰਤਨ ਕਰਦੇ ਤੇ ਵਿਸ਼ੇਸ਼ ਕਰਕੇ ਪ੍ਰਚਾਰ ਦਾ ਕੰਮ ਅਧਿਕ ਕਰਦੇ ਹਨ, ਆਈ ਗਈ ਸਾਧ ਸੰਗਤ ਵਾਸਤੇ ਲੰਗਰ ਖੁਲ੍ਹਾ ਹੈ।

## ਕੁਟੀਆ ਸੰਤ ਸੰਤੋਖ ਸਿੰਘ ਜੀ

ਮੰਡੀ ਬੂਰਾ ਜ਼ਿਲਾ ਮੁਲਤਾਨ

ਚੇਲੇ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ, ਜਨਮ

ਅੰਬਾਲੇ ਜ਼ਿਲੇ ਦਾ ਹੈ, ੨੦ ਸਾਲ ਦੀ ਉਮਰ ਵਿਚ ਸਾਧੂ ਹੋਏ। ਪਹਿਲਾਂ ਕਈ ਵਰ੍ਹੇ ਰਮਤੇ ਰਹੇ। ਫਿਰ ਇਥੇ ਜ਼ਰ ਖਰੀਦ ਜ਼ਮੀਨ ਲੈ ਕੇ ਕੁਟੀਆ ਬਣਾਈ, ਚੰਗਾ ਸਤਿਸੰਗ ਰਖਿਆ ਹੋਇਆ ਹੈ।

## ਸ੍ਰੀ ਪੰਡਿਤ ਹਕੀਕਤ ਸਿੰਘ ਜੀ

ਚੇਲੇ ਸ੍ਰੀ ਮਾਨ ਗਿਆਨੀ ਸੁੰਦਰ ਸਿੰਘ ਜੀ। ਆਪਦਾ ਜਨਮ ਪਿੰਡ ਰਤੋਵਾਲ ਜ਼ਿਲੇ ਲੁਧਿਆਣੇ ਦਾ ਹੈ। ੧੬ ਸਾਲ ਦੀ ਉਮਰ ਵਿਚ ਭਿੰਡਰਾਂ ਸੰਤਾਂ ਦੇ ਚਰਨਾਂ 'ਚ ਆਏ। ਤਿੰਨ ਚਾਰ ਸਾਲ ਡੇਰੇ ਦੀ ਸੇਵਾ ਕਰਦੇ ਰਹੇ। ਹਰਦੁਆਰ ਸੰਮਤ ੧੯੮੪ ਦੇ ਕੁੰਭ ਉਤੇ ਸ਼ਿਸ਼ ਭਾਵ ਗ੍ਰਹਿਣ ਕਰਕੇ ਕਨਖਲ ਪਾਠਸ਼ਾਲਾ ਵਿਚ ਸੰਸਕ੍ਰਿਤ ਪੜ੍ਹਨ ਲਈ ਦਾਖਲ ਹੋ ਗਏ। ਇਕ ਵਰ੍ਹੇ ਬਾਅਦ ਕਾਂਸ਼ੀ ਪੜ੍ਹਨ ਚਲੇ ਗਏ। ਕਈ ਵਰ੍ਹੇ ਵਿਆਕਰਣ ਵੇਦਾਂਤ ਨਿਆਯ ਆਦਿਕ ਸ਼ਾਸਤ੍ਰ ਪੜ੍ਹਦੇ ਰਹੇ। ਛੋਤ੍ਰ ਨੇਪਾਲੀ ਖਪਰੇ ਦੇ ੧੦ ਵਰ੍ਹੇ ਅਧਿਸ਼ਟਾਤਾ ਰਹੇ। ਨਿਰਮਲ ਸੰਸਕ੍ਰਿਤ ਵਿਦਯਾਲੇ ਕਾਂਸ਼ੀ ਦੇ ੬-੭ ਵਰ੍ਹੇ ਸੈਕਟਰੀ ਰਹੇ। ਸੰਮਤ ੧੯੪੯-੪੯ ਵਿਚ ਪੰਜਾਬ ਆ ਗਏ। ਕੁਝ ਚਿਰ ਅਖਾੜੇ ਦੇ ਏਕਤ੍ਰ ਗ੍ਰਾਮ ਦੇ ਮਹੰਤ ਰਹੇ। ਅਜ ਕਲ ਕਨਖਲ ਅਖਾੜੇ ਦੇ ਕੁਠਾਰੀ ਹਨ। ਵਿਆਖਿਆ ਪੁਰ ਅਸਰ ਹੈ। ਦਰਸ਼ਨੀ ਸਰੀਰ ਹਨ। ਕੰਮ ਚੰਗਾ ਚਲਾ ਰਹੇ ਹਨ।

੧ ਓ ਸਤਿਗੁਰ ਪ੍ਰਸਾਦਿ ॥

# ਸੰਪ੍ਰਦਾਯ ਸ੍ਰੀ ਠਾਕੁਰ ਮੱਲਾ ਸਿੰਘ ਜੀ ਮੰਗਵਾਲ

(ਜ਼ਿਲਾ ਜੇਹਲਮ)

ਉਂਞ ਤਾਂ ਇਸ ਸੰਪ੍ਰਦਾ ਦੇ ਮੁਖੀ ਮਹਾਤਮਾ ਸ੍ਰੀ ਮਾਨ ਮਹਾਰਾਜ ਸੰਤ ਸਾਧੂ ਸਿੰਘ ਜੀ ਪਿਸ਼ੌਰ ਵਾਲੇ ਹੋਏ ਹਨ, ਪਰ ਇਸ ਦਾ ਜ਼ਿਆਦਾ ਵਿਸਤਾਰ ਸ੍ਰੀ ਮਾਨ ਠਾਕੁਰ ਮੱਲਾ ਸਿੰਘ ਜੀ ਸਾਹਿਬ (ਮੰਗਵਾਲ) ਤੋਂ ਹੋਇਆ ਹੈ, ਇਸੇ ਲਈ ਇਹ ਸੰਪ੍ਰਦਾ ਆਪ ਦੇ ਨਾਮ ਉੱਤੇ ਹੀ ਭੇਖ ਵਿਚ ਪ੍ਰਸਿਧ ਹੈ, ਇਸ ਵਿਚ ਚੰਗੇ ਚੰਗੇ ਬੀਤ ਰਾਗ ਮਹਾਤਮਾ ਹੋ ਚੁਕੇ ਹਨ। ਜਿਨ੍ਹਾਂ ਮੰਗਵਾਲ, ਪੜਿਆਲ, ਢਢੂੰਬਰ, ਚਕਵਾਲ, ਢੁਡਿਆਲ, ਨਾਰੰਗ, ਸ੍ਰੀ ਅੰਮ੍ਰਿਤਸਰ ਆਦਿ ਨਗਰਾਂ ਵਿਖੇ ਡੇਰੇ ਕਾਇਮ ਕਰਕੇ ਧਰਮ ਪ੍ਰਚਾਰ ਲਈ ਮੰਦਰ ਸੋਮੇ ਜਾਰੀ ਕੀਤੇ, ਸੋ ਜਿਸ ਤਰ੍ਹਾਂ ਤੇ ਜਿਸ ਜਿਸ ਸਮੇਂ ਪੁਰ ਉਨ੍ਹਾਂ ਮਹਾਤਮਾ ਇਹ ਉਪਕਾਰ ਕੀਤੇ ਹਨ, ਉਹ ਸਭ ਕ੍ਰਮ ਤੇ ਸੰਖੇਪ ਨਾਲ ਹੇਠ ਲਿਖਦਾ ਹਾਂ।

## ਸ੍ਰੀ ਸੰਤ ਸਾਧੂ ਸਿੰਘ ਜੀ

(ਪਿਸ਼ੌਰ)

ਆਪ ਦਾ ਜਨਮ ਖਾਸ ਪਿਸ਼ੌਰ ਸ਼ਹਿਰ ਵਿਚ ਸੰਮਤ ੧੭੩੨ ਨੂੰ ਹੋਇਆ, ਮਾਤਾ ਪਿਤਾ ਨੇ ਮੋਹਨ ਨਾਮ ਧਰਿਆ,

੨੫ ਵਰ੍ਹੇ ਦੀ ਉਮਰ ਵਿਚ ਪਿਤਾ ਨਾਲ ਸ੍ਰੀ ਦਸਮੇਸ਼ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਨੰਦ ਪੁਰ ਸਾਹਿਬ ਪਹੁੰਚੇ, ਦਰਸ਼ਨ ਕਰਕੇ ਨਿਹਾਲ ਹੋ ਗਏ, ਗੁਰੂ ਜੀ ਦੇ ਸੁੰਦਰ ਉਪਦੇਸ਼ ਉਤੇ ਅਜਿਹੇ ਮੋਹਿਤ ਹੋਏ ਜੋ ਘਰ ਮੁੜਨ ਨੂੰ ਜੀਅ ਨਾ ਕੀਤਾ। ਪਿਤਾ ਜੀ ਨੂੰ ਘਰ ਭੇਜ ਦਿਤਾ, ਤੇ ਆਪ ਕੁਝ ਦਿਨਾਂ ਲਈ ਉਥੇ ਹੀ ਠਹਿਰ ਗਏ, ਉਪਦੇਸ਼ ਸੁਣਨ ਦਾ ਜਦ ਸਮਾਂ ਮਿਲਦਾ ਤਾਂ ਆਪ ਸਿਧੀ ਗ੍ਰੀਵਾ ਰਖ, ਅੱਖਾਂ ਮੀਟ ਕੇ ਡਾਢੇ ਪ੍ਰੇਮ ਨਾਲ ਸ੍ਰਵਣ ਕਰਦੇ, ਗੁਰੂ ਜੀ ਭੀ ਆਪ ਦਾ ਸਾਧੂ ਸੁਭਾਵ, ਸੰਤਾਂ ਵਾਲੇ ਲਛਣ ਵੇਖ ਕੇ ਅਤੀ ਪ੍ਰਸੰਨ ਹੋਏ, ਅੰਮ੍ਰਿਤ ਛਕਾ ਕੇ ਮੋਹਨ ਦੀ ਬਜਾਏ, ਸਾਧੂ ਸਿੰਘ ਨਾਮ ਰਖਿਆ, ਨਾਲ ਹੀ ਸੰਸਾਰ ਵਲੋਂ ਆਪ ਦੀ ਉਪ੍ਰਾਮ ਬ੍ਰਿਤੀ ਵੇਖ ਕੇ ਉਚ ਫਕੀਰੀ ਦਾ ਵਰ ਦਿਤਾ ਅਤੇ ਭਾਈ ਦਇਆ ਸਿੰਘ ਜੀ ਨੇ ਬ੍ਰਹਮ ਗਿਆਨ ਦਾ ਉਪਦੇਸ਼ ਦੇਕੇ ਆਤਮ ਸਰੂਪ ਦੀ ਲਖਤਾ ਕਰਾਈ। ਬਾਅਦ ਆਪ ਸੰਸਾਰ ਵਲੋਂ ਨਿਰਚਾਹ ਹੋਕੇ ਆਨੰਦਪੁਰ ਸਾਹਿਬ ਗੁਰੂ ਜੀ ਦਿਆਂ ਚਰਨਾਂ 'ਚ ਸਦਾ ਲਈ ਰਹਿਣ ਲਗ ਪਏ।

ਅਜੇ ਰਹਿੰਦਿਆਂ ਆਪਨੂੰ ਥੋੜਾ ਹੀ ਚਿਰ ਹੋਇਆ ਸੀ, ਜੋ ਆਪਦੇ ਮਾਤਾ ਪਿਤਾ ਪਿਸ਼ੌਰੋਂ ਲੈਣ ਆ ਗਏ, ਗੁਰੂ ਜੀ ਆਪ ਨੂੰ ਸਾਧੂ ਹੋਣ ਦਾ ਵਰ ਦੇ ਚੁਕੇ ਸਨ, ਇਧਰ ਪਿਤਾ ਨੇ ਭੀ ਆਪਣੀ ਬੇਵਸੀ ਪ੍ਰਗਟ ਕਰਦਿਆਂ ਹੋਇਆਂ ਆਖਿਆ, ਕਿ ਮੈਂ ਤਾਂ ਆਪ ਦੀ ਸ਼ਾਦੀ ਦਾ ਸਾਹਾ ਸੁਧਾ ਕੇ ਆਇਆ ਹਾਂ, ਇਸ ਲਈ ਬੇਟਾ ਹੁਣ ਤਾਂ ਜ਼ਰੂਰ ਘਰ ਜਾਣਾ ਪਏਗਾ, ਅਗੋਂ ਆਪ ਨੇ ਕਿਹਾ ਕਿ ਪਿਤਾ ਜੀ ਘਰ ਜਾਣ ਨੂੰ ਜੀਅ ਨਹੀਂ

ਕਰਦਾ, ਮਾਤਾ ਨੇ ਨਿਮ੍ਰਤਾ ਨਾਲ ਕਿਹਾ ਕਿ ਲਾਲ, ਇਕ ਵੇਰਾਂ ਸੰਬੰਧੀਆਂ ਨੂੰ ਹੀ ਮਿਲ ਆਓ, ਇਸ ਤਰ੍ਹਾਂ ਗੁਰੂ ਜੀ ਨੇ ਮਾਤਾ ਪਿਤਾ ਦੀਆਂ ਪ੍ਰੇਮ ਭਰੀਆਂ ਗੱਲਾਂ ਸੁਣ ਕੇ ਆਪ ਨੂੰ ਇਹ ਕਹਿਕੇ ਜਾਣ ਲਈ ਆਗਿਆ ਦੇ ਦਿਤੀ, ਸਾਧੂ ਸਿੰਘ ਹੁਣ ਤੇਰੀ ਸਾਰੇ ਸਮਦ੍ਰਿਸ਼ਟੀ ਹੋ ਗਈ ਹੈ, ਜਾਓ ਜਿਥੇ ਰਹੋ ਪ੍ਰਸੰਨ ਰਹੋ, ਤੇਰੇ ਲਈ ਹੁਣ ਆਨੰਦ ਹੀ ਆਨੰਦ ਹੈ। ਉਪਰੰਤ ਪ੍ਰਣਾਮ ਕਰਕੇ ਪਿਸ਼ੌਰ ਚਲੇ ਗਏ, ਸ਼ਹਿਰੋਂ ਬਾਹਰ ਵਾਰ ਇਕੰਤ ਜਗ੍ਹਾ ਉਤੇ ਡੇਰਾ ਕੀਤਾ, ਸੰਬੰਧੀ ਮਿਲਣ ਆਏ, ਘਰ ਨਾ ਗਏ, ਵਿਆਹ ਦੀ ਗਲ ਨਾ ਕਰਨ ਦਿਤੀ, ਆਪ ਭਜਨ ਪਾਠ ਤੇ ਆਤਮ ਵਿਚਾਰ ਵਿਚ ਸਦਾ ਮਸਤ ਰਹਿੰਦੇ, ਧੀਰੇ ਧੀਰੇ ਅਭਯਾਸ ਵਿਚ ਇਤਨੇ ਪ੍ਰਪੱਕ ਹੋ ਗਏ, ਕਈ ਕਈ ਦਿਨ ਸਮਾਧੀ ਵਿਚ ਲੀਨ ਹੋਏ ਰਹਿੰਦੇ, ਜਦ ਸਮਾਧੀ ਖੁਲ੍ਹਦੀ, ਇਕ ਬ੍ਰਾਹਮਣ ਸੇਵਾਦਾਰ ਅਤੇ ਆਪਦੇ ਸ਼ਿਸ਼ ਮੰਤ ਸੇਵਕ ਸਿੰਘ ਜੀ ਭੋਜਨ ਬਣਾ ਕੇ ਛਕਾ ਦਿਤਾ ਕਰਦੇ। ਇਸ ਸੁੰਦਰ ਰਹਿਣੀ ਬਹਿਣੀ ਵਿਚ ਆਪ ਨੇ ਕਈ ਵਰ੍ਹੇ ਬਿਤੀਤ ਕੀਤੇ, ਅਜਿਹੇ ਪ੍ਰਸਿਧ ਹੋਏ,ਜੋ ਦੂਰੋਂ ਦੂਰੋਂ ਮਾਈ ਭਾਈ ਦਰਸ਼ਨ ਲਈ ਆਉਣ ਲਗ ਪਏ, ਆਪ ਨੇ ਵੀ ਬਹੁਤੇ ਲੋਕਾਂ ਦਾ ਆਉਣਾ ਆਤਮ ਅਭਯਾਸ ਵਿਚ ਪ੍ਰਤੀਬੰਧਕ ਸਮਝਕੇ ਦਰਵਾਜ਼ਾ ਬੰਦ ਰਖਣਾ ਸ਼ੁਰੂ ਕਰ ਦਿਤਾ। ਇਕ ਵੇਰਾਂ ਆਪ ਨੂੰ ਸਮਾਧੀ ਵਿਚ ਲੀਨ ਹੋਇਆਂ ਮਹੀਨੇ ਤੋਂ ਭੀ ਜ਼ਿਆਦਾ ਦਿਨ ਬੀਤ ਗਏ ਤਾਂ ਸ਼ਹਿਰ ਵਿਚ ਆਪ ਦੇ ਦੇਹ ਤਿਆਗ ਜਾਣ ਦਾ ਰੌਲਾ ਪੈ ਗਿਆ, ਹਜ਼ਾਰਾਂ ਲੋਕੀ ਦਰਸ਼ਨ ਲਈ ਆਣ ਇਕੱਠੇ ਹੋਏ, ਬਹੁਤਾ

ਸ਼ੋਰ ਸ਼ਰਾਬਾ ਸੁਣ ਕੇ ਆਪ ਦੀ ਸਮਾਧੀ ਵੀ ਖੁਲ੍ਹ ਗਈ, ਆਪ ਨੂੰ ਸਾਵਧਾਨ ਅਵਸਥਾ ਵਿਚ ਬੈਠਿਆਂ ਹੋਇਆਂ ਵੇਖ ਕੇ ਸਾਰੇ ਹੈਰਾਨ ਰਹਿ ਗਏ, ਇਧਰ ਆਪ ਭੀ ਇਤਨੀ ਭੀੜ੍ਹਾ ਨੂੰ ਵੇਖਕੇ ਅਸਚਰਜ ਹੋਏ, ਤੇ ਆਪਣੇ ਸੇਵਕ ਪਾਸੋਂ ਪੁਛਿਆ, ਕਿ ਅੱਜ ਇਤਨੇ ਕਿਉਂ ਇਕੱਠੇ ਹੋਏ ਹਨ, ਦਸਿਆ ਕਿ ਆਪ ਦੇ ਸਰੀਰ ਤਿਆਗ ਜਾਣ ਦੀ ਝੂਠੀ ਅਫਵਾਹ ਸ਼ਹਿਰ ਵਿਚ ਫੈਲ ਗਈ ਸੀ, ਆਪ ਨੇ ਕਿਹਾ ਕਿ ਹਛਾ ਇਹ ਗਲ ਹੈ, ਤਾਂ ਸਭ ਨੂੰ ਬੁਲਾ ਲਵੋ,ਨਾਲ ਹੀ ਕੜਾਹ ਪ੍ਰਸ਼ਾਦ ਦੀ ਤਿਆਰੀ ਕਰਵਾਓ ਲੋਕੀ ਸਭ ਮੁੜ ਆਏ, ਆਪ ਦੀ ਆਗਿਆ ਅਨੁਸਾਰ ਕੜਾਹ ਪ੍ਰਸ਼ਾਦ ਤਿਆਰ ਹੋ ਗਿਆ, ਸ਼ਬਦ ਚੌਕੀ ਸ਼ੁਰੂ ਹੋ ਗਈ, ਲੋਕੀ ਹੈਰਾਨ ਹੋ ਰਹੇ ਸਨ ਕਿ ਰਬ ਜਾਣੇ ਕੀ ਭਾਣਾ ਵਰਤਾਣ ਲਗੇ ਹਨ, ਕੁਝ ਚਿਰ ਬਾਅਦ ਕੀਰਤਨ ਦਾ ਭੋਗ ਪੁਵਾ ਕੇ ਭਰੀ ਸਭਾ ਵਿਚ ਆਪਣੇ ਸਿਸ਼ ਸੰਤ ਸੇਵਕ ਸਿੰਘ ਜੀ ਦੇ ਸਿਰ ਤੇ ਆਸ਼ੀਰਵਾਦ ਦਾ ਹਥ ਰਖਦੇ ਹੋਏ ਆਪ ਨੇ ਦਸਮ ਦੁਆਰ ਵਾਲੇ ਰਸਤੇ ਪ੍ਰਾਣ ਤਿਆਗ ਦਿਤੇ, ਆਪ ਦੀ ਇਹ ਅਦਭੁਤ ਰਚਨਾ ਜਿਸ ਨੂੰ ਵੇਖਕੇ ਲੋਕੀ ਹੈਰਾਨ ਹੁੰਦੇ ਰਹੇ। ਪਿਛੋਂ ਆਪ ਦੀ ਸਮਾਧ ਬਣਾਈ ਗਈ, ਪਰ ਸੁਣਨ ਵਿਚ ਆਉਂਦਾ ਹੈ ਕਿ ਉਹ ਜਗ੍ਹਾ ਅਜਕਲ ਕਿਸੇ ਮਕਾਨ ਵਿਚ ਸ਼ਾਮਲ ਹੋ ਗਈ ਹੈ।"

## ਸ਼੍ਰੀ ਸੰਤ ਸੇਵਕ ਸਿੰਘ ਜੀ

( ਪਿਸ਼ੌਰ )

ਆਪ ਦਾ ਜਨਮ ਭੀ ਪਿਸ਼ੌਰ ਦਾ ਸੀ, ਸੰਤਾਂ ਨੂੰ ਪੂਰਨ

ਬ੍ਰਹਮ ਗਿਆਨੀ ਸਮਝ ਕੇ ਸ਼੍ਰਧਾਲੂ ਸੇਵਕ ਹੋ ਗਏ, ਦਾਸ ਭਾਵ ਨਾਲ ਹਰ ਤਰ੍ਹਾਂ ਦੀ ਸੇਵਾ ਕਰਦੇ ਰਹੇ, ਮੈਂਤਾਂ ਮਗਰੋਂ ਕੁਝ ਸਮਾਂ ਪਿਸ਼ੌਰ ਰਹਿ ਕੇ ਬਾਅਦ ਅਟਕ, ਕੈਂਬਲਪੁਰ, ਦੇ ਇਲਾਕਿਆਂ ਵਿਚ ਨਾਮ ਦਾ ਛੱਟਾ ਮਾਰਦੇ ਹੋਏ ਵਿਚਰਦੇ ੨ ਕੋਹਾਟ ਦੇ ਇਲਾਕੇ ਬਸਾਲ ਅਸਟੇਸ਼ਨ ਦੇ ਪਾਸ, ਭਟਿਓਟ ਪਿੰਡ ਜਾ ਪਹੁੰਚੇ, ਜਿਥੇ ਆਪ ਨੇ ਬਹੁਤਾ ਚਿਰ ਰਹਿ ਕੇ ਸਤਿ-ਸੰਗ ਦਾ ਪ੍ਰਵਾਹ ਚਲਾਇਆ, ਤੇ ਦੀਨ ਦੁਖੀਆਂ ਦਾ ਉਧਾਰ ਕੀਤਾ, ਫਿਰ ਇਥੋਂ ਹੈ ਚਾਰ ਮੀਲਾਂ ਦੀ ਵਿਥ ਤੇ ਰੋੜਾ ਪਹਾੜੀ ਦੇ ਮੂਢ ਇਕ ਇਕੰਤ ਅਸਥਾਨ ਲਭ ਕੇ ਜਾ ਬਿਰਾਜੇ, ਜਿਥੇ ਆਪ ਨੇ ਕਈ ਵਰ੍ਹੇ ਤਪ ਕੀਤਾ, ਨਾਲ ਆਪ ਦੇ ਦੋਵੇਂ ਸ਼ਿਸ਼ ਸੰਤ ਮੱਲਾ ਸਿੰਘ ਜੀ, ਸੰਤ ਸਵਾਯਾ ਸਿੰਘ ਜੀ ਪਾਸ ਰਹਿ ਕੇ ਸੇਵਾ ਕਰਦੇ ਰਹੇ, ਅਖੀਰ ਪ੯ ਵਰ੍ਹੇ, ਦੀ ਆਯੂ ਵਿਚ ਸੰਮਤ ੧੯੦੦ ਨੂੰ ਸਰੀਰ ਤਿਆਗ ਗਏ, ਪਿਛੋਂ ਦੋਹਾਂ ਗੁਰਭਾਈਆਂ ਮਿਲ ਕੇ ਆਪ ਦੀ ਯਾਦਗਾਰ ਸਮਾਧ ਬਣਾਈ, ਕੁਛ ਚਿਰ ਮਿਲ ਕੇ ਓਥੇ ਹੀ ਟਿਕੇ ਰਹੇ, ਫਿਰ ਪਤਾ ਨਹੀਂ ਕੀ ਸਬਬ ਕਰਕੇ ਦੋਵੇਂ ਗੁਰਭਾਈ ਕਿਸੇ ਪ੍ਰੇਮੀ ਨੂੰ ਅਸਥਾਨ ਦੀ ਸੇਵਾ ਸੰਭਾਲ ਕੇ ਸ੍ਰੀ ਸੰਤ ਸਵਾਯਾ ਸਿੰਘ ਜੀ ਅੰਮ੍ਰਿਤਸਰ ਚਲੇ ਗਏ ਤੇ ਸੰਤ ਸ੍ਰੀ ਮੱਲਾ ਸਿੰਘ ਜੀ ਧੰਨੀ ਪੋਠੋਹਾਰ ਵਿਚ ਵਿਚਰਦੇ ਹੋਏ ਗੁਰਮਤ ਪ੍ਰਚਾਰ ਕਰਨ ਲਗ ਪਏ। ਅਜ ਕਲ ਓਥੇ ਇਕ ਮਾਈ ਵਜ਼ੀਰ ਦੇਵੀ ਰੋਜ਼ਾਨਾ ਝਾੜੂ ਬਹਾਰੀ ਤੇ ਧੂਪ ਦੀਪ ਦੀ ਸੇਵਾ ਕਰਦੀ ਹੈ, ਸਮਾਧ ਕਚੇ ਕੋਠੇ ਦੇ ਅੰਦਰ ਹੈ ਤੇ ਨਾਲ ਹੀ ਤਪ ਅਸਥਾਨ ਹੈ ਜੋ ਆਪ ਦੇ ਨਾਂ ਉਤੇ ਪ੍ਰਸਿੱਧ ਹੈ, ਚੌਥੇ

ਬੁਖਾਰ ਵਾਲੇ ਕਈ ਜਾਂਦੇ ਹਨ, ਜਿਨ੍ਹਾਂ ਦਾ ਉਥੇ ਗਇਆਂ ਹੀ ਬੁਖਾਰ ਉਤ੍ਰ ਜਾਂਦਾ ਹੈ।

# ਡੇਰਾ ਮੰਗਵਾਲ

( ਜ਼ਿਲਾ ਜੇਹਲਮ )

## ਸ੍ਰੀ ਠਾਕੁਰ ਸੰਤ ਮੱਲਾ ਸਿੰਘ ਜੀ

ਆਪ ਦਾ ਜਨਮ ਪਿੰਡ ਗੰਡੇਕਸ, ਜ਼ਿਲਾ ਅਟਕ, ਬ੍ਰਾਹਮਣ ਖਾਨਦਾਨ ਵਿਚ ਸੰਮਤ ੧੭੫੧ ਨੂੰ ਹੋਇਆ। ਛੋਟੀ ਉਮਰ ਵਿਚ ਗੁਰੂ ਘਰ ਨਾਲ ਪਿਆਰ ਹੋ ਗਿਆ, ਲਗਨ ਵਧਦੀ ਵਧਦੀ ਇਤਨੀ ਵਧ ਗਈ, ਜੋ ਇਕ ਸੁੰਦਰ ਧਾਰਨਾ ਤੇ ਨੇਸ਼ਠਾ ਵਾਲੇ ਮਹਾਤਮਾ ਦੀ ਢੂੰਡ ਵਿਚ ਘਰੋਂ ਨਿਕਲ ਤੁਰੇ, ਫਿਰਦਿਆਂ ਫਿਰਾਉਂਦਿਆਂ ਪਿਸ਼ੌਰ ਸ੍ਰੀ ਸੰਤ ਸੇਵਕ ਸਿੰਘ ਜੀ ਦਿਆਂ ਚਰਣਾਂ 'ਚ ਜਾ ਪਹੁੰਚੇ, ਦਰਸ਼ਨ ਕਰਦਿਆਂ ਅਜਿਹੇ ਪ੍ਰਸੰਨ ਹੋਏ, ਜੋ ਆਪਣਾ ਆਪ ਕੁਰਬਾਨ ਕਰ ਦਿਤਾ, ਕੁਝ ਸਮਾਂ ਪਿਸ਼ੌਰ ਪਾਸ ਰਹਿ ਕੇ ਸੇਵਾ ਕਰਦੇ ਪੜ੍ਹਦੇ ਰਹੇ, ਫਿਰ ਸੰਤਾਂ ਨਾਲ ਹੀ ਅਟਕ, ਕੈਮਲ ਪੁਰ, ਕੋਹਾਟ ਦਾ ਦੌਰਾ ਕਰਦੇ ਹੋਏ ਭਟਿਯੋਟ ਪਿੰਡ ਤੋਂ ਤਿੰਨ ਮੀਲ ਰੋਡੇ ਪਹਾੜੀ ਦੇ ਮੁਢ ਪਵਿਤ੍ਰ ਅਸਥਾਨ ਜਿਥੇ ਰਹਿੰਦੀ ਉਮਰ ਸੰਤਾਂ ਤਪ ਕੀਤਾ ਸ੍ਰੀ, ਓਥੇ ਕਈ ਵਰ੍ਹੇ ਪ੍ਰੇਮ ਨਾਲ ਸੇਵਾ ਕਰਦੇ ਰਹੇ, ਜਦ ਸੰਤ ਗੁਜ਼ਰ ਗਏ, ਤਾਂ ਪਿਛੋਂ ਸਮਾਧ ਬਣਾ ਕੇ ਆਪ ਧੰਨੀ ਪੋਠੋਹਾਰ ਵਿਚ

ਧੰਨ ਪੋਠੋਹਾਰ ਦੇ ਅੰਦਰ ਜਿਨ੍ਹਾਂ, ਬਾਣੀ ਦਾ ਪ੍ਰਵਾਹ ਚਲਾਇਆ।
ਸਿੰਘ ਸਜਾਏ ਛਕਾਇਆ ਅੰਮ੍ਰਿਤ, ਜੀਵਨ ਲਖਾਂ ਦਾ ਪਲਟਾਇਆ।
ਮੰਦਰ ਖੂਹ ਤਲਾਬ ਤੇ ਮਸਜਦ, ਗੁਰਦੁਆਰਾ ਅਣਗਿਣਤ ਬਣਾਇਆ।
ਮਹਾਂ ਪੁਰਖ ਉਪਕਾਰੀ ਜਗ ਵਿਚ, ਸੁਲਾ ਕੁਲ ਸ਼ੁਭ ਨਾਮ ਸੁਹਾਇਆ।
ਡੇਹਰੀ ਸੀ ਮੰਗਵਾਲ ਜਿਨ੍ਹਾਂ ਦੀ, ਉਹ ਮਹਾਤਮਾ ਬੇਨਜ਼ੀਰ।
ਸੰਤ ਭਾਈ ਮੱਲਾ ਸਿੰਘ ਜੀ ਦੀ, ਇਹ ਗੁਰਮੁਖੀ ਹੈ ਤਸਵੀਰ।



ਬ੍ਰਹਮ ਗਿਆਨੀ ਸੰਤ ਭਾਈ ਮੱਲਾ ਸਿੰਘ ਜੀ

ਵਿਚਰਦੇ ਹੋਏ ਚਲੇ ਅ ਏ, ਮਾਤਾ ਪਿਤਾ ਦਾ ਪ੍ਰਲੋਕ ਜਾਣਾ ਸੁਣ ਕੇ ਪਹਿਲਾਂ ਅਪਣੇ ਪਿੰਡ ਆਏ, ਗੁਰੂ ਘਰ ਦੇ ਪ੍ਰਚਾਰ ਨੂੰ ਮੁਖ ਰਖਦਿਆਂ ਆਪਣੇ ਘਰ ਨੂੰ ਗੁਰਦੁਆਰੇ ਦੀ ਸ਼ਕਲ ਵਿਚ ਬਣਾਯਾ, ਬਲਕਿ ਇਥੋਂ ਅਜਿਹਾ ਉਤਸ਼ਾਹ ਵਧਿਆ, ਜਿਥੇ ਜਿਥੇ ਗਏ ਪਿੰਡਾਂ ਵਿਚ ਧਰਮਸਾਲਾ, ਗੁਰਦਵਾਰੇ, ਅਸਥਾਪਨ ਕੀਤੇ, ਲੋਕਾਂ ਦੇ ਆਰਾਮ ਲਈ ਖੂਹ ਤੇ ਤਲਾ ਲੁਵਾਏ, ਰਾਂਝੇ ਆਦਿ ਪਿੰਡਾਂ ਵਿਚ ਅਜੇ ਤਕ ਆਪ ਦੀ ਯਾਦਗਾਰ ਵਜੋਂ ਗੁਰਦਵਾਰੇ ਅਤੇ ਖੂਹ ਮੌਜੂਦ ਹਨ, ਇਕ ਦੋ ਵਰ੍ਹੇ ਤੀਰਥ ਯਾਤ੍ਰਾ ਵਲ ਖਰਚ ਕੀਤੇ, ਜਦ ਬਾਹਰ ਦੀ ਯਾਤ੍ਰਾ ਵਲੋਂ ਉਪ੍ਰਾਮ ਹੋਏ, ਤਾਂ ਮੰਗਵਾਲ ਨਗਰੋਂ ਬਾਹਰ ਇਕ ਸੁੰਦਰ ਅਸਥਾਨ ਵੇਖ ਕੇ ਟਿਕ ਗਏ। ਕੱਖਾਂ ਦੀ ਕੁਟੀਆ ਬਣਾ ਕੇ ਰਿਸ਼ੀਆਂ ਵਾਂਗ ਉਦਾਸੀਨ ਬ੍ਰਿਤੀ ਵਿਚ ਅਲੇਪ ਜ਼ਿੰਦਗੀ ਬਤੀਤ ਕਰਨ ਲਗ ਪਏ, ਇਸ ਵੇਲੇ ਆਪ ਦੀ ਫਕੀਰੀ ਦੀ ਲਟਕ ਕੁਝ ਨਿਰਾਲੀ ਸੀ, ਪਿਛਲੀ ਰਾਤ ਪਹਿਲਾਂ ਸਮਾਧੀ, ਇਸਥਿਤ ਹੋ ਕੇ ਅਕਾਲ ਪੁਰਖ ਦਾ ਸਿਮਰਨ ਕਰਦੇ, ਬਾਅਦ ਸਿਰੰਦੇ ਨਾਲ ਮਸਤੀ ਦੇ ਰੰਗ ਵਿਚ ਅਜਿਹਾ ਸੁੰਦਰ ਕੀਰਤਨ ਕਰਦੇ, ਜੋ ਦੂਰੋਂ ਦੂਰੋਂ ਲੋਕੀ ਦਰਸ਼ਨ ਲਈ ਆਉਂਦੇ ਬਲਕਿ ਇਸੇ ਪ੍ਰੇਮ ਦੇ ਮੱਤੇ ਹੋਏ ਕਈ ਗੁਣੀ ਗਿਆਨੀ ਅਤੇ ਰਾਗੀ ਆਪ ਦੇ ਪਾਸ ਰਹਿਣ ਲਗ ਪਏ, ਵਿਚਕਾਰ ਕਈ ਕਈ ਵੇਰਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਨ ਲਈ ਇਲਾਕੇ ਵਿਚ ਦੌਰਾ ਕਰਨ ਚਲੇ ਜਾਂਦੇ, ਪੜਿਆਲ ਤਾਂ ਕਿਤਨਾ ੨ ਚਿਰ ਰਹਿ ਕੇ ਸਤਿਸੰਗ ਕਥਾ ਵਾਰਤਾ ਕਰਦੇ ਰਹਿੰਦੇ, ਜਿਥੇ ਆਪ ਦੇ ਸ਼ਿਸ਼

ਸੰਤ ਹੁਕਮ ਸਿੰਘ ਜੀ ਸੰਗਤਾਂ ਨੂੰ ਨਾਮ ਜਪਾਉਂਦੇ ਰਹਿੰਦੇ ਸਨ, ਭਜਨ ਬਾਣੀ ਦੇ ਪ੍ਰਤਾਪ ਨਾਲ ਆਪ ਇਤਨੇ ਸੱਤ ਸੰਕਲਪ ਹੋ ਗਏ, ਕਹਿੰਦੇ ਹਨ, ਇਕ ਵੇਰਾਂ ਭਾਈ ਸਜਨ ਸਿੰਘ ਬਨੀਲਕਮਾਲ ਦਾ ਸਾਧੂ ਹੋਣ ਲਈ ਆਪ ਦੇ ਚਰਨਾਂ ਵਿਚ ਆਯਾ, ਜਦ ਉਸ ਨੇ ਭੇਖ ਲੈਣ ਲਈ ਬੇਨਤੀ ਕੀਤੀ, ਤਾਂ ਅਗੋਂ ਆਪਨੇ ਆਖਿਆ, ਕਿ ਭਾਈ ਤੂੰ ਕਾਹਨੂੰ ਸਾਧੂ ਹੁੰਦਾ ਹੈਂ, ਤੇਰੀ ਤਾਂ ਸੰਤਾਨ ਇਤਨੀ ਵਧੇਗੀ, ਜਿਸ ਨਾਲ ਤ੍ਰੈ ਪਿੰਡ ਵਸਣਗੇ, ਇਸ ਵਾਸਤੇ ਜਾਹ ਗ੍ਰਿਸਥ ਆਸ਼੍ਰਮ ਵਿਚ ਰਹਿੰਦਿਆਂ ਹੋਇਆਂ ਨਾਮ ਜਪ ਤੇ ਜਨਮ ਸੁਧਾਰ, ਸੋ 'ਸਾਧੁ ਵਚਨੁ ਅਟਲਾਧਾ' ਇਸ ਗੁਰਵਾਕ ਅਨੁਸਾਰ ਭਾਈ ਸਜਨ ਸਿੰਘ ਦੀ ਸ਼ਾਦੀ ਹੋ ਗਈ, ਸਮੇਂ ਬਾਅਦ ਛੇ ਪੁਤ੍ਰ ਹੋਏ, ਜਿਨ੍ਹਾਂ ਵਿਚੋਂ ਦੋ ਪੁਤ੍ਰ ਬਨੀਲਕਮਾਲ ਵਸੇ, ਤੇ ਦੋ ਪੁਤ੍ਰ ਦੁਲ੍ਹੈ, ਅਤੇ ਦੋ ਘੁਘ ਗ੍ਰਾਮ ਵਿਚ ਜਾ ਵਸੇ, ਉਨ੍ਹਾਂ ਦੀ ਸੰਤਾਨ ਇਨ੍ਹਾਂ ਤ੍ਰਿੰਨਾਂ ਪਿੰਡਾਂ ਵਿਚ ਬੜੀ ਫਲੀ ਫੂਲੀ ਹੋਈ ਅਜ ਤਕ ਭਾਰੀ ਗਿਣਤੀ ਵਿਚ ਮੌਜੂਦ ਹੈ।

ਇਸੇ ਤਰ੍ਹਾਂ ਆਪ ਦੀ ਸਕੀ ਭੈਣ ਪੂਰਾਂ ਦੇਵੀ ਸੰਗਵਾਲ ਵਿਚ ਵਿਆਹੀ, ਜਿਸ ਦਾ ਰਾਮਦਾਸ ਸਿੰਘ ਪੁਤ੍ਰ ਹੋਇਆ। ਇਨ੍ਹਾਂ ਦੀ ਮਾਲੀ ਹਾਲਤ ਕੁਝ ਕਮਜ਼ੋਰ ਵੇਖ ਕੇ ਇਕ ਦਿਨ ਸਿਖਾਂ ਸੇਵਕਾਂ ਬੇਨਤੀ ਕੀਤੀ, ਕਿ ਆਪ ਇਤਨਾ ਪਦਾਰਥ ਆਏ ਗਏ ਗਰੀਬਾਂ ਨੂੰ ਵੰਡਦੇ ਹੋ, ਕੁਝ ਗਰੀਬਣੀ ਭੈਣ ਪੂਰਾਂ ਦੇਵੀ ਨੂੰ ਬਖਸ਼ ਦਿਤਾ ਕਰੋ, ਤਾਂ ਆਪ ਨੇ ਕਿਹਾ ਕਿ ਭਾਈ ਪੂਜਾ ਦਾ ਧਾਨ ਇਨ੍ਹਾਂ ਨੂੰ ਕੀ ਦੇਣਾ ਹੈ, ਈਸ਼੍ਵਰ ਆਪ ਹੀ

ਆਪਣੇ ਘਰੋਂ ਦਰੋਂ ਸਭ ਕੁਝ ਦੇ ਦਏਗਾ ! ਤੇ ਨਾਲੇ ਭੈਣ ਦੀ ਸੰਤਾਨ ਵਿਚੋਂ ਓਹ ਜੋਧਾ ਸੂਰਬੀਰ ਹੋਵੇਗਾ ਜਿਸ ਦੇ ਹੁਕਮ ਤਲੇ ਸੈਂਕੜੇ ਆਦਮੀ ਚਲਣਗੇ, ਦਿਨ ਪਾ ਕੇ ਇਹ ਆਪ ਦਾ ਵਾਕ ਅੱਖਰ ੨ ਸਤ ਹੋਇਆ। ਬੀਬੀ ਦੇ ਪੋਤ੍ਰੇ ਭਾਈ ਬੋਧ ਰਾਜ ਜੀ ਬੜੇ ਜੋਧੇ ਹੋਏ, ਜਿਨ੍ਹਾਂ ਦੀ ਸੂਰਬੀਰਤਾ ਨੂੰ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਜੀ ਇਤਨੇ ਪ੍ਰਸੰਨ ਹੋਏ, ਜੋ ਇਕ ਖਾਸ ਔਹਦਾ ਦੇਣ ਤੋਂ ਇਲਾਵਾ ਹੋਰ ਬਹੁਤ ਸਾਰੀ ਜਾਗੀਰ ਬਖਸ਼ ਦਿਤੀ, ਅਜ ਕਲ ਉਨ੍ਹਾਂ ਦੀ ਸੰਤਾਨ ਵਿਚੋਂ ਭਾਈ ਕਾਹਨ ਸਿੰਘ ਜੀ ਬੜੇ ਗੁਰਮੁਖ ਪੁਰਸ਼ ਹਨ, ਜਿਨ੍ਹਾਂ ਦੇ ਪੁਤ੍ਰ ਤੇ ਪੋਤ੍ਰੇ ਚੰਗੀ ਚੰਗੀ ਜਗਾ ਤੇ ਲਗੇ ਹੋਏ ਹਨ। ਸੋ ਇਸ ਤਰ੍ਹਾਂ ਆਪ ਬੜੇ ਤਪ ਤੇਜ ਵਾਲੇ ਮਹਾਂ ਪੁਰਸ਼ ਹੋਏ ਹਨ, ਆਪ ਦੇ ਸ਼ਿਸ਼ ਮਹਾਰਾਜ ਦੀਵਾਨ ਸਿੰਘ ਜੀ, ਸੰਤ ਹੁਕਮ ਸਿੰਘ ਜੀ ਪੜਿਆਲ ਸੰਤ ਹਰੀ ਸਿੰਘ ਜੀ ਢੁਡਿਆਲ, ਸੰਤ ਚੇਤ ਸਿੰਘ ਜੀ ਨਾਰੰਗ, ਸੰਤ ਹਜ਼ੂਰਾ ਸਿੰਘ ਜੀ ਜਿਨ੍ਹਾਂ ਡੇਰੇ ਨਾਲ ਤਾਲਾਬ (ਬੰਨ੍ਹ) ਬਣਵਾਇਆ, ਇਤ ਆਦਿਕ ਕਈ ਗੁਣੀ ਗਿਆਨੀ ਹੋਏ ਹਨ, ਪਰ ਆਪ ਨੇ ਜਦ ਅਪਨਾ ਅੰਤ ਸਮਾ ਨੇੜੇ ਆਇਆ ਵੇਖਿਆ ਤਾਂ ਪੜਿਆਲ ਜਾ ਕੇ ਇਕ ਭਰੇ ਦੀਵਾਨ ਵਿਚ ਮਹਾਰਾਜ ਸੰਤ ਦੀਵਾਨ ਸਿੰਘ ਜੀ ਨੂੰ ਦਸਤਾਰ ਤੇ ਇਕ ਮਾਲਾ ਦੇ ਦਿਤੀ, ਨਾਲ ਹੀ ਇਹ ਆਗਿਆ ਕੀਤੀ ਕਿ ਮੰਗਵਾਲ ਰਹਿੰਦੇ ਹੋਏ ਅਸਥਾਨ ਦੀ ਤੁੱਕੀ ਤੇ ਆਏ ਗਏ ਸਾਧੂ ਅਭਿਆਗਤ ਦੀ ਸੇਵਾ ਕਰਨੀ, ਹੋਰ ਪ੍ਰਚਾਰ ਲਈ ਜਿਧਰ ਜਾਓ ਚਾਰੇ ਚਕ ਆਪਣੀ ਜਾਗੀਰ ਸਮਝਣੀ।

ਇਸ ਤਰ੍ਹਾਂ ਆਪ ਉਪਦੇਸ਼ ਕਰਦੇ ਹੋਏ ਸੰਮਤ ੧੯੪੯ ਵਿਚ ਪੜਿਆਲ ਸਰੀਰ ਤਿਆਗ ਗਏ, ਪਿਛੋਂ ਮਹਾਰਾਜ ਦੀਵਾਨ ਸਿੰਘ ਜੀ ਨੇ ਬਿਭੂਤੀ ਲਿਆ ਕੇ ਮੰਗਵਾਲ ਸਮਾਧ ਬਣਾਈ, ਜੋ ਅਜ ਤਕ ਡੇਹਰੀ ਸਾਹਿਬ ਸ੍ਰੀ ਠਾਕੁਰ ਸੰਤ ਭਾਈ ਮਲਾ ਸਿੰਘ ਜੀ ਦੇ ਨਾਮ ਤੇ ਪ੍ਰਸਿਧ ਹੈ, ਦੂਜੀ ਸਮਾਧ ਪੜਿਆਲ ਵਿਚ ਭੀ ਹੈ, ਜੋ ਆਪ ਦੇ ਸ਼ਿਸ਼ ਸੰਤ ਹੁਕਮ ਸਿੰਘ ਜੀ ਨੇ ਉਸ ਵੇਲੇ ਬਣਾਈ ਸੀ।

## ਸ੍ਰੀ ਠਾਕੁਰ ਦੀਵਾਨ ਸਿੰਘ ਜੀ

ਆਪ ਦਾ ਜਨਮ, ਪਤਵਾਲੀ, ਤਸੀਲ ਤਲਾਗੰਗ, ਚੌਧਰੀ ਸੁਜਾਨ ਮਲ ਜੀ ਦੇ ਘਰ ਸੰਮਤ ੧੯੨੫ ਵਿਚ ਹੋਇਆ, ਅਜੇ ਆਪ ੧੨-੧੩ ਵਰ੍ਹਿਆਂ ਦੇ ਹੀ ਸਨ, ਜਦ ਕਿ ਸਤਿ ਸੰਗ ਦੀ ਲਗਨ ਆਪ ਨੂੰ ਲਗ ਗਈ। ਇਕ ਦਿਨ ਆਪ ਸੁਤੇ ਹੋਏ ਸਨ, ਠਾਕੁਰ ਸੰਤ ਮਲਾ ਸਿੰਘ ਜੀ ਨੇ ਪ੍ਰਭਾਤ ਵੇਲੇ ਆਣ ਜਗਾਇਆ ਤੇ ਕਿਹਾ ਭੁਲੇ ਲੋਕਾ ਉਠ ਕਿਉਂ ਡੂੰਗੀ ਨੀਂਦ ਵਿਚ ਸੁਤਾ ਪਿਆ ਏਂ, ਇਹ ਖਿਚ ਭਰਿਆ ਬਚਨ ਸੁਣਦੇ ਸਾਰ ਆਪ ਝੱਟ ਉਠਕੇ ਤਿਆਰ ਹੋ ਗਏ। ਮਾਤਾ ਪਿਤਾ ਨੂੰ ਬਿਨਾਂ ਦਸੇ ਨਾਲ ਤੁਰ ਪਏ, ਜਦ ਟਮਨ ਪਹੁੰਚੇ ਤਾਂ ਮਾਤਾ ਪਿਤਾ ਭੀ ਪਿਛੋਂ ਆ ਮਿਲੇ, ਸ੍ਰੀ ਠਾਕੁਰ ਜੀ ਅਗੇ ਬੇਨਤੀ ਕੀਤੀ ਕਿ ਮਹਾਰਾਜ ਆਗਿਆ ਦਿਓ ਲੜਕਾ ਘਰ ਚਲੇ, ਤਾਂ ਆਪ ਨੇ ਕਿਹਾ ਸੁਜਾਨ ਮਲ, ਦੇਖ ਜੇ ਇਹ ਅਸਾਡੀ ਚੀਜ਼ ਹੈ ਤਾਂ ਇਸ ਨੂੰ ਇਥੇ ਹੀ ਰਹਿਣ ਦੇ, ਜੇ ਤੇਰੀ ਚੀਜ਼ ਹੈ ਤਾਂ ਬੇਸ਼ਕ ਘਰ ਲੈ



੧੦੮ ਸ੍ਰੀ ਮਾਨ ਠਾਕੁਰ ਦੀਵਾਨ ਸਿੰਘ ਜੀ ਮੰਗਵਾਲ

ਜਾ, ਪਰ ਯਾਦ ਰਖੀਂ ਜੇ ਅਸਾਡੀ ਚੀਜ਼ ਹੋਈ ਤਾਂ ਤੇਰੇ ਪਾਸ ਨਹੀਂ ਰਹੇਗੀ, ਓੜਕ ਸੁਜਾਨ ਮਲ ਜੀ ਜੋਰੋ ਜੋਰੀ ਆਪ ਨੂੰ ਘਰ ਲੈ ਆਏ, ਪਰ ਆਪ ਦਾ ਇਥੇ ਝੱਟ ਲੰਘਣਾ ਮੁਸ਼ਕਲ ਹੋ ਗਿਆ। ਹਰ ਵੇਲੇ ਸੰਤਾਂ ਵਲ ਖਿਆਲ ਰਖਦੇ, ਆਖਰ ਇਕ ਦਿਨ ਮੌਕਾ ਪਾ ਕੇ ਚੋਰੀ ਘਰੋਂ ਨਿਕਲ ਕੇ ਪੜਿਆਲ ਠਾਕੁਰ ਜੀ ਦੇ ਚਰਨਾਂ ਵਿਚ ਜਾ ਪੁਜੇ, ਜਿਥੇ ਮਾਹਰਾਜ ਜੀ ਦੀ ਸੇਵਾ ਵਿਚ ਲਗ ਗਏ, ਅਗੋਂ ਠਾਕੁਰ ਜੀ ਨੇ ਪੂਰਨ ਅਧਿਕਾਰੀ ਸਮਝ ਕੇ ਅਮ੍ਰਿਤ ਛਕਾਇਆ, ਸ਼ਿਸ਼ ਬਣਾਕੇ ਦੀਵਾਨ ਸਿੰਘ ਨਾਮ ਰਖਿਆ, ਅਜੇ ਗਇਆਂ ਥੋੜੇ ਹੀ ਦਿਨ ਹੋਏ ਸਨ, ਪਿਛੋਂ ਆਪ ਦੇ ਵਡੇ ਭਾਈ ਪ੍ਰਧਾਨ ਮਲ ਜੀ ਲੈਣ ਆ ਗਏ, ਹੱਥ ਜੋੜ ਬੇਨਤੀ ਕੀਤੀ ਕਿ ਮਹਾਰਾਜ ਮੇਰੇ ਭਾਈ ਨੂੰ ਕ੍ਰਿਪਾ ਕਰ ਕੇ ਘਰ ਜਾਣ ਦੀ ਆਗਿਆ ਬਖਸ਼ੋ, ਕਿਉਂ ਕਿ ਇਸ ਦੀ ਸ਼ਾਦੀ ਦਾ ਦਿਨ ਨੇੜੇ ਆ ਗਿਆ ਹੈ, ਅਗੋਂ ਸੰਤਾਂ ਆਖਿਆ ਕਿ ਭਾਈ ਇਸ ਦੀ ਸ਼ਾਦੀ ਤਾਂ ਹੁਣ ਹੋ ਚੁਕੀ ਹੈ, ਪਰ ਜੇਕਰ ਤੇਰਾ ਹਠ ਲੈ ਜਾਣ ਨੂੰ ਹੈ ਤਾਂ ਬੇਸ਼ਕ ਲੈ ਜਾ, ਇਧਰ ਆਪ ਨੂੰ ਆਖਿਆ ਕਿ ਹਛਾ ਜਾਓ, ਆਪਣੇ ਨੇਮ, ਧਰਮ ਵਿਚ ਪੱਕੇ ਰਹਿਣਾ, ਤੇ ਦੂਜਿਆਂ ਦੇ ਸੁਧਾਰ ਲਈ ਪਿੰਡ ਵਿਚ ਇਕ ਗੁਰਦਵਾਰਾ ਅਸਥਾਪਨ ਕਰਨ ਦਾ ਜ਼ਰੂਰ ਉੱਦਮ ਰਖਣਾ। ਆਗਿਆ ਲੈ ਕੇ ਚਲੇ ਆਏ, ਆਉਂਦਿਆਂ ਹੀ ਗੁਰਦਵਾਰਾ ਬਣਾਨ ਦੇ ਯਤਨ ਵਿਚ ਲਗ ਗਏ, ਪਰ ਓਦੋਂ ਪਤਵਾਲੀ ਪਿੰਡ ਵਿਚ ਹਿੰਦੂਆਂ ਦੇ ਕੇਵਲ ਦੋ ਹੀ ਘਰ ਸਨ, ਜਿਸ ਕਰ ਕੇ ਮੁਸਲਮਾਨਾਂ ਆਪਣੇ ਬਾਹੂਬਲ ਨਾਲ ਨੀਂਹ ਰਖਣੀ ਬੰਦ ਕਰਵਾ ਦਿਤੀ,

ਭਾਣਾ ਰਬ ਦਾ ਦੂਜੇ ਦਿਨ ਹੀ ਮੁਸਲਮਾਨਾਂ ਵਿਚ ਇਕ ਮੁਖੀਆ ਪਤਵੰਤਾ ਆਦਮੀ ਅਜਿਹਾ ਬਿਮਾਰ ਹੋ ਗਿਆ ਕਿ ਉਸ ਦੇ ਬਚਨ ਦੀ ਕੋਈ ਆਸ ਨਾ ਰਹੀ, ਆਖਰ ਮੁਸਲਮਾਨਾਂ ਨੂੰ ਇਸ ਗੱਲ ਦਾ ਨਿਸਚੇ ਹੋਇਆ, ਕਿ ਉਨ੍ਹਾਂ ਨੂੰ ਸੰਤਾਂ ਦੀ ਨਿਰਾਦਰੀ ਤੇ ਗੁਰਦਵਾਰੇ ਦੀ ਨੀਂਹ ਰੋਕਣ ਦਾ ਇਹ ਫਲ ਮਿਲਿਆ ਹੈ, ਤਾਂ ਸਾਰੇ ਮੁਸਲਮਾਨ ਆ ਚਰਣੀ ਪਏ, ਤੇ ਅਪਣੀ ਕੀਤੀ ਕਰਤੂਤ ਉਤੇ ਪਸਚਾਤਾਪ ਕਰਦੇ ਹੋਏ ਸਭ ਨੇ ਮਾਫੀ ਮੰਗੀ ਤੇ ਅਗੋਂ ਗੁਰਦਵਾਰੇ ਦੇ ਬਣਾਉਣ ਵਿਚ ਮਦਦ ਦੇਣ ਦਾ ਪ੍ਰਣ ਕੀਤਾ, ਅਗੋਂ ਸੰਤਾਂ ਪ੍ਰਸੰਨ ਹੋ ਕੇ ਕ੍ਰਿਪਾ ਦ੍ਰਿਸ਼ਟੀ ਨਾਲ ਤਕਿਆ ਤਾਂ ਮੁਸਲਮਾਨ ਰਾਜੀ ਹੋ ਗਿਆ। ਇਸ ਤਰ੍ਹਾਂ ਅਪਣੇ ਤਪ ਤੇਜ ਨਾਲ ਮੁਸਲਮਾਨਾਂ ਨੂੰ ਸੋਧ ਕੇ ਨੀਂਹ ਰਖੀ, ਗੁਰਦਵਾਰਾ ਤਿਆਰ ਕਰਵਾਇਆ, ਤੇ ਨਾਲ ਹੀ ਇਕ ਖੂਹ ਲਵਾਇਆ, ਜਹੜਾ ਅਜ ਤਕ ਮੌਜੂਦ ਹੈ।

ਇਥੇ ਕੁਝ ਸਮਾਂ ਸਤਿਸੰਗ ਜਾਰੀ ਕਰ ਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਇਰਦ ਗਿਰਦ ਦੇ ਪਿੰਡਾਂ ਵਿਚ ਖੂਬ ਪ੍ਰਚਾਰ ਕੀਤਾ, ਕੁਝ ਚਿਰ ਆਪਣੇ ਪਿੰਡ ਰਹਿਕੇ ਫਿਰ ਪੜਿਆਲ ਠਾਕੁਰ ਜੀ ਦਿਆਂ ਚਰਨਾਂ ਵਿਚ ਜਾ ਪੁਜੇ, ਜਿਥੋਂ ਫਿਰ ਮੁੜ ਕੇ ਘਰ ਨਾ ਆਏ। ਬਸ ਹੁਣ ਤਾਂ ਇਕ ਬੈ ਖਰੀਦ ਗੋਲੇ ਵਾਂਗ ਇਸ ਤਰ੍ਹਾਂ ਤਨ ਮਨ ਲਾ ਕੇ ਸੇਵਾ ਆਰੰਭ ਕੀਤੀ ਜੋ ਆਪ ਨੂੰ ਜਪੀ ਤਪੀ ਸਰਬ ਗੁਣ ਸੰਪੰਨ ਵੇਖ ਕੇ ਇਕ ਦਿਨ ਠਾਕੁਰ ਮਲਾ ਸਿੰਘ ਜੀ ਨੇ ਪ੍ਰਸੰਨਤਾ ਨਾਲ ਭਰੇ ਦੀਵਾਨ ਵਿਚ ਗਦੀ ਨਸ਼ੀਨੀ ਦਾ ਸਿਰੋਪਾ ਬਖਸ਼

ਦਿਤਾ, ਉਪ੍ਰੰਤ ਬ੍ਰਹਮ ਗਿਆਨੀ ਮਹਾਰਾਜ ਸੰਤ ਦੀਵਾਨ ਸਿੰਘ ਜੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦਾ ਅਜਿਹਾ ਡੰਕਾ ਵਜਾਇਆ ਕਿ ਜਿਥੇ ਕਿਥੇ ਸਿਖਾਂ ਸੇਵਕਾਂ ਨੂੰ ਪਿਆਰ ਨਾਲ ਅੰਮ੍ਰਿਤ ਛਕਾ ਕੇ ਸ਼੍ਰੀ ਦਸ਼ਮੇਸ਼ ਗੁਰੂ ਜੀ ਦੇ ਝੰਡੇ ਹੇਠ ਲਿਆਂਦਾ, ਇਹ ਸਚ ਹੈ ਕਿ ਧੰਨੀ ਪੋਠੋਹਾਰ ਦੇ ਅੰਦਰ ਜੋ ਗੁਰਸਿਖੀ ਦੀ ਫੁਲਵਾੜੀ ਮੈਹਕ ਰਹੀ ਹੈ ਸੋ ਸਾਰੀ ਇਨ੍ਹਾਂ ਮਹਾਂ ਪੁਰਸ਼ਾਂ ਦੀ ਕਮਾਈ ਦਾ ਹੀ ਫਲ ਹੈ।

ਆਪ ਨਿਰ ਚਾਹ ਤੇ ਬੇਪ੍ਰਵਾਹ ਇਤਨੇ ਸਨ, ਕਿ ਪਿਸ਼ੌਰ ਦੀ ਚੜ੍ਹਾਈ ਵਲ ਜਾਂਦਿਆਂ ਹੋਇਆਂ ਮਹਾਰਾਜਾ ਰਣਜੀਤ ਸਿੰਘ ਜੀ ਜਦ ਪੁਠੋਹਾਰ ਵਿਚੋਂ ਲੰਘੇ, ਤਾਂ ਆਪ ਦੀ ਮਹੱਤਤਾ ਸੁਣ ਕੇ ਉਚੇਚਾ ਦਰਸ਼ਨ ਲਈ ਮੰਗਵਾਲ ਆਏ, ਆਪ ਦੀ ਉਚ ਬ੍ਰਿਤੀ ਤੇ ਸ਼ਾਂਤ ਚੇਹਰਾ ਵੇਖ ਕੇ ਦਿਲ ਸ਼ਾਂਤ ਹੋ ਗਿਆ, ਮਹਾਰਾਜਾ ਸਾਹਿਬ ਨੇ ਬਹੁਤ ਸਾਰਾ ਰੁਪਿਆ ਭੇਟਾ ਕਰਣਾ ਚਾਹਿਆ, ਪਰ ਆਪ ਨੇ ਸਵੀਕਾਰ ਨਾ ਕੀਤਾ। ਹਾਂ ਮਹਾਰਾਜ ਦੀ ਮੁਹਿਮ ਬਾਰੇ ਪ੍ਰਾਰਥਨਾ ਸੁਣ ਕੇ ਇਹ ਆਸ਼ੀਰਵਾਦ ਦਿਤੀ, ਕਿ ਤੁਹਾਨੂੰ ਤਾਂ ਦਰੀਆ ਭੀ ਰਸਤਾ ਦੇਵੇਗਾ, ਸੋ ਆਪ ਦਾ ਬਚਨ ਸਤ ਹੋਇਆ।

ਪਿਸ਼ੌਰ ਵਲੋਂ ਮੁੜਦਿਆਂ ਜਦ ਫੇਰ ਧ੍ਰਾਬੀ ਪਿੰਡ ਆਏ ਤਾਂ ਮਹਾਰਾਜਾ ਨੇ ਆਪ ਦੇ ਦਰਸ਼ਨ ਕਰਨ ਲਈ ਹਾਥੀ ਦੀ ਸਵਾਰੀ ਦੇ ਭੇਜੀ, ਆਪ ਨਾ ਗਏ, ਦੂਜੀ ਵਾਰ ਪਾਲਕੀ ਭੇਜੀ ਤੇ ਦਰਸ਼ਨ ਲਈ ਅਰਜੋਈ ਕਰ ਭੇਜੀ, ਫਿਰ ਚਲੇ ਗਏ। ਮਹਾਰਾਜਾ ਸਾਹਿਬ ਦਰਸ਼ਨ ਕਰ ਕੇ ਪ੍ਰਸੰਨ ਹੋਏ ਤੇ ਬਹੁਤ

ਸਾਰੀ ਜਾਗੀਰ ਅਤੇ ਨਕਦ ਪਦਾਰਥ ਭੇਟਾ ਕਰਨਾ ਚਾਹਿਆ, ਪਰ ਆਪ ਨੇ ਜ਼ਰਾ ਭੀ ਅੰਗੀਕਾਰ ਨਾ ਕੀਤਾ, ਹਾਂ ਇਸ ਮੌਕੇ ਜੇੜ੍ਹੀ ਦੋ ਲੱਖ ਦੀ ਚਟੀ ਮਹਾਰਾਜ ਨੇ ਧੰਨੀ ਪੁਠੋਹਾਰ ਤੇ ਪਾਈ ਹੋਈ ਸੀ ਆਖ ਕੇ ਮਾਫ ਕਰਵਾ ਦਿਤੀ।

ਇਸ ਵੇਲੇ ਮਹਾਰਾਜਾ ਸਾਹਿਬ ਨੇ ਕਰਯਾਲੇ ਦਾ ਰਬਾਬੀ ਜੋ ਆਪ ਪਾਸ ਹਮੇਸ਼ ਕੀਰਤਨ ਕਰਦਾ ਹੁੰਦਾ ਸੀ, ਉਸਨੂੰ ਬਹੁਤ ਸਾਰਾ ਰੁਪਿਆ ਦਿਤਾ, ਜੋ ਸੰਤਾਂ ਨੂੰ ਪੁਛੇ ਬਿਨਾਂ ਰਬਾਬੀ ਨੇ ਸਾਰਾ ਲੈ ਲਿਤਾ, ਜਦ ਆਪ ਨੂੰ ਪਤਾ ਲਗਾ ਤਾਂ ਰੰਜ ਹੋ ਕੇ ਸਿਖਾਂ ਨੂੰ ਆਖ ਦਿਤਾ ਕਿ ਅਜ ਤੋਂ ਰਬਾਬੀ ਦਾ ਡੇਰਾ ਅਸਾਥੋਂ ਅਲੱਗ ਕਰ ਦਿਓ, ਨਾਲੇ ਅਗੋਂ ਲਈ ਇਹ ਹੁਕਮ ਕਰ ਦਿਤਾ ਕਿ ਅਸਾਡੇ ਡੇਰੇ ਦਾ ਕੋਈ ਸਿਖ ਸੰਤ ਕਰਯਾਲੇ ਦੇ ਰਬਾਬੀਆਂ ਦਾ ਕੀਰਤਨ ਅਗੋਂ ਕਦੇ ਨਹੀਂ ਸੁਣੇਗਾ।

ਆਪ ਉਪਕਾਰੀ ਇਤਨੇ ਸਨ ਕਿ ਇਕ ਵਾਰੀ ਵਿਚਰਦੇ ੨ ਗੋਲੜੇ ਪਾਸ ਮਾਧੋ ਦੀ ਸਰਾਂ ਗਏ, ਜਿਥੇ ਸਰਦਾਰ ਮਿਲਖਾ ਸਿੰਘ ਜੀ ਨੇ ਆਪ ਨੂੰ ਪੂਰਨ ਮਹਾਤਮਾ ਵੇਖ ਕੇ ਆਪਨੀ ਜਾਗੀਰ ਭੇਟ ਚੜ੍ਹਾ ਦਿਤੀ, ਪਰ ਆਪ ਨੇ ਉਹ ਸਾਰੀ ਮੋਹਕਮ ਚੰਦ ਆਦਿਕ ਗਰੀਬ ਬ੍ਰਾਹਮਣਾਂ ਨੂੰ ਦੇ ਦਿਤੀ।

ਇਸੇ ਸਮੇਂ ਆਪ ਨੇ ਪੰਜੇ ਸਾਹਿਬ ਆਪਣੀ ਨਿਜ ਜਮੀਨ ਵਿਚ ਡੇਰਾ ਬਣਾਇਆ ਇਕ ਸਾਧੂ ਟਿਕਾ ਕੇ ਲੰਗਰ ਤੇ ਸਤਿਸੰਗ ਦਾ ਪ੍ਰਵਾਹ ਚਲਾਇਆ, ਕਈ ਵੇਰਾ ਆਪ ਸੁਖੋ ਪਿੰਡ ਜਾ ਰਿਹਾ ਕਰਦੇ ਸਨ, ਇਕ ਵੇਰਾਂ ਗਏ ਜਦ ਦੋ ਸਿਖਾਂ ਦੇ

ਇਕ ਮਕਾਨ ਦੀ ਵੰਡ ਬਾਰੇ ਝਗੜਾ ਛਿੜ ਪਿਆ, ਕਿਸੀ ਭਲੇ ਪੁਰਸ਼ ਦੇ ਕਹਿਣ ਤੇ ਉਨ੍ਹਾਂ ਆਪ ਨੂੰ ਸਾਲਸ ਮੰਨ ਲੀਤਾ, ਆਪ ਨੇ ਦੋਹਾਂ ਦੀ ਭਲਿਆਈ ਨੂੰ ਮੁਖ ਰਖਕੇ ਵੰਡ ਪਾ ਦਿਤੀ ਤੇ ਦੋਹਾਂ ਦੀ ਹਦ ਦੇ ਵਿਚਕਾਰ ਇਕ ਮਿਲ੍ਹਾ ਆਪਣੇ ਹਥ ਨਾਲ ਰਖ ਦਿਤੀ, ਉਨ੍ਹਾਂ ਬੇ ਵਿਚਾਰਿਆਂ ਨੇ ਸੰਤਾਂ ਦੇ ਇਸ ਫੈਸਲੇ ਨੂੰ ਆਪਣੇ ਅਨਕੂਲ ਨਾ ਵੇਖਕੇ ਗੁਸੇ ਨਾਲ ਉਹ ਮਿਲਾ ਚੁਕ ਕੇ ਸੁਟ ਦਿਤੀ, ਜਦ ਸੰਤਾਂ ਇਹ ਗੱਲ ਸੁਣੀ ਤਾਂ ਆਪ ਨੇ ਆਖਿਆ ਕਿ ਹਛਾ ਭਾਈ ਅਸਾਂ ਤਾਂ ਇਨ੍ਹਾਂ ਦੀ ਜੜ੍ਹ ਲਾਈ ਸੀ, ਪਰ ਹੁਣ ਕਿਸੀ ਦਾ ਕੀ ਕਸੂਰ ਹੈ, ਜਦ ਕਿ ਆਪ ਹੀ ਇਨ੍ਹਾਂ ਆਪਣੀ ਜੜ੍ਹ ਪੁਟ ਸੁਟੀ ਹੈ, ਇਹ ਸੁਣ ਕੇ ਸਭ ਹੈਰਾਨ ਰਹਿ ਗਏ, ਕੁਝ ਸਮੇਂ ਬਾਅਦ ਇਕ ਗਰਭ ਵਾਲੀ ਇਸਤ੍ਰੀ ਤੋਂ ਬਿਨਾਂ ਜਦ ਉਹ ਸਭ ਮਰ ਗਏ, ਤਾਂ ਇਕ ਦਿਨ ਬੜੀ ਭੈ ਭੀਤ ਹੋਈ ਹੋਈ ਉਹ ਇਸਤ੍ਰੀ ਸੰਗਤ ਨੂੰ ਨਾਲ ਲੈ ਕੇ ਸੰਤਾਂ ਦੇ ਚਰਣਾਂ ਵਿਚ ਜਾ ਹਾਜ਼ਰ ਹੋਈ। ਸੰਗਤ ਨੇ ਉਸ ਦੇ ਬਖਸ਼ਾਣ ਲਈ ਬੇਨਤੀ ਕੀਤੀ। ਆਪ ਨੇ ਕਿਹਾ ਕਿ ਹਛਾ ਬਚਨ ਤੇ ਤੀਰ ਨਿਕਲਿਆ ਹੋਇਆ ਹੱਥ ਨਹੀਂ ਆਉਂਦਾ, ਪਰ ਸੰਗਤਾਂ ਦਾ ਆਉਣਾ ਭੀ ਕੋਈ ਥੋੜੀ ਗਲ ਨਹੀਂ ਇਸ ਲਈ ਹੁਣ ਇਤਨਾ ਜ਼ਰੂਰ ਹੋਵੇਗਾ, ਕਿ ਜੋ ਲੜਕਾ ਇਸ ਤੋਂ ਪੈਦਾ ਹੋਵੇਗਾ, ਇਸ ਦੀ ਚੰਗੀ ਸੇਵਾ ਕਰੇਗਾ ਤੇ ਆਪਣੀ ਸਾਰੀ ਉਮਰ ਭੋਗ ਕੇ ਮਰੇਗਾ, ਪਰ ਅਖੀਰ ਓਹ ਵੀ ਸੰਤਾਨ ਹੀਣ ਹੀ ਜਾਏਗਾ, ਸੋ ਸਮਾਂ ਪਾਕੇ ਇਹ ਵਚਨ ਅੱਖਰ ੨ ਸਤ ਹੋਇਆ।

ਆਪ ਬੰਦਗੀ ਤੇ ਸਾਧ ਸੰਗਤ ਦੀ ਸੇਵਾ ਦੇ ਪ੍ਰਤਾਪ

ਕਰਕੇ ਸਭ ਭੂਤ ਭਵਿਖਤ ਦੀ ਗੱਲ ਨੂੰ ਜਾਣਦੇ ਸਨ, ਸਿਖਾਂ ਦੇ ਰਾਜ ਰੌਲੇ ਵਿਚ ਵਜ਼ੀਰ ਧਿਆਨ ਸਿੰਘ ਦੇ ਮਗਰੋਂ ਇਸ ਦਾ ਪੁਤਰ ਜਦ ਰਾਜਾ ਹੀਰਾ ਸਿੰਘ ਵਜ਼ੀਰ ਹੋਇਆ, ਤਾਂ ਇਸ ਨੇ ਆਪਣੇ ਕਈ ਮੁਖਾਲਫਾਂ ਨੂੰ ਦੰਡ ਦੇਣਾ ਸ਼ੁਰੂ ਕੀਤਾ, ਉਸ ਵੇਲੇ ਭਾਈ ਬੋਧਰਾਜ ਮੰਗਵਾਲ ਵਾਲੇ ਸ੍ਰੀ ਠਾਕੁਰ ਸੰਤ ਮਲਾ ਸਿੰਘ ਜੀ ਦੀ ਭੈਣ ਦੇ ਜੋ ਪੋਤਰੇ ਸਨ, ਇਨ੍ਹਾਂ ਨੂੰ ਵੀ ਕਿਸੇ ਕਾਰਣ ਕੈਦ ਕਰ ਦਿਤਾ, ਤਦ ਇਨ੍ਹਾਂ ਦੀ ਇਸਤ੍ਰੀ ਮਾਈ ਵੀਰੋ ਸੰਤਾਂ ਪਾਸ ਆ ਕੇ ਅਰਜੋਈ ਕਰਨ ਲਗੀ, ਕਿ ਆਪ ਕ੍ਰਿਪਾ ਕਰੋ ਆਪਣੇ ਸੇਵਕ ਨੂੰ ਕੈਦੋਂ ਛੁੜਾਓ, ਅਗੋਂ ਆਪ ਨੇ ਕਿਹਾ ਚਿੰਤਾ ਨਾ ਕਰੋ, ਹੁਣ ਤਾਂ ਕੈਦ ਕਰਨ ਵਾਲੇ ਆਪ ਦੋ ਦਿਨਾਂ ਦੇ ਪ੍ਰਾਹੁਣੇ ਹਨ, ਬਸ ਚਾਰ ਦਿਨਾਂ ਦੇ ਬਾਅਦ ਇਹ ਖਬਰ ਸੁਣਕੇ ਲੋਕੀ ਹੈਰਾਨ ਰਹਿ ਗਏ, ਕਿ ਰਾਜਾ ਹੀਰਾ ਸਿੰਘ ਤੇ ਜਲ੍ਹਾ ਪੰਡਿਤ ਦੋਵੇਂ ਬੁਰੀ ਤਰ੍ਹਾਂ ਮਾਰੇ ਗਏ ਹਨ ਤੇ ਬੋਧਰਾਜ ਆਦਿਕ ਸਿਖ ਰਾਜ ਦੀ ਸ਼ੁਭ ਚਿੰਤਕ ਪਾਰਟੀ ਦੇ ਸਾਰੇ ਐਹਲਕਾਰ ਛਡ ਦਿਤੇ ਹਨ।

ਸੋ ਇਸ ਤਰ੍ਹਾਂ ਇਨ੍ਹਾਂ ਮਹਾਂ ਪੁਰਸ਼ਾਂ ਦੇ ਅਨੇਕ ਕਾਰ-ਨਾਮੇ ਹਨ, ਪਰ ਲੇਖ ਵਧ ਜਾਣ ਦੇ ਭੈ ਤੋਂ ਕੁਝ ਸੰਖੇਪ ਮਾਤਰ ਦਸੇ ਹਨ, ਆਪ ਕਟਾਸਰਾਜ ਤੀਰਥ ਦੀ ਯਾਤਰਾ ਕਰਨ ਹਮੇਸ਼ ਜਾਇਆ ਕਰਦੇ ਸਨ, ਆਪਣੇ ਨਿਜ ਮਕਾਨ ਵਿਚ ਉਤਰਦੇ, ਕਈ ਕਈ ਦਿਨ ਲੰਗਰ ਤੇ ਸਤਿਸੰਗ ਲਾਈ ਰਖਦੇ, ਇਸ ਤਰ੍ਹਾਂ ਮਹਾਰਾਜ ਸੰਤ ਦੀਵਾਨ ਸਿੰਘ ਜੀ ਨੇ ਆਪਣੀ ਸਾਰੀ ਆਯੂ ਪਰ ਉਪਕਾਰ ਅਰ ਗਰੀਬਾਂ ਦੀ ਸਹਾਇਤਾ ਤੇ ਗੁਰਸਿਖੀ



ਸ੍ਰੀ ਮਾਨ ਮਹੰਤ ਪੰਡਿਤ ਸ਼ਾਮ ਸਿੰਘ ਜੀ

ਪ੍ਰਚਾਰ ਵਿਚ ਬਤੀਤ ਕੀਤੀ, ਆਪ ਦੇ ਮੁਖ ਸ਼ਿਸ਼ ਪੰਡਿਤ ਸ਼ਾਮ ਸਿੰਘ ਜੀ, ਸੰਤ ਕਾਹਨ ਸਿੰਘ ਜੀ ਪੜਿਆਲ, ਤੇ ਸੰਤ ਸਾਵਣ ਸਿੰਘ ਜੀ ਜਿਨ੍ਹਾਂ ਨਗਰ ਵਿਚ ਆਪਣੇ ਘਰ ਨੂੰ ਇਕ ਧਰਮ-ਸਾਲਾ ਦੀ ਸ਼ਕਲ ਵਿਚ ਲਿਆਂਦਾ ਜਿਸਦਾ ਨਾਂ ਪਿਪਲ ਵਾਲੀ ਪ੍ਰਸਿਧ ਹੈ, ਸੰਤ ਬਿਸ਼ਨ ਸਿੰਘ ਜੀ ਛਕਵਾਲ, ਸੰਤ ਦਿਆਲ ਸਿੰਘ ਜੀ ਢੁੱਬਰ ਆਦਿ ਹੋਏ ਹਨ, ਰਬ ਦੀ ਨੇਤ ਆਪ ਮੁਖੋ ਪ੍ਰਚਾਰ ਲਈ ਗੁਏ ਹੋਏ ਸਨ, ਜਿਥੇ ਆਪ ਨੇ ਕਹਿ ਦਿਤਾ ਕਿ ਭਾਈ ਹੁਣ ਅੰਤ ਦਾ ਸਮਾਂ ਆ ਗਿਆ ਹੈ ਲੋਕੀ ਸੁਣਕੇ ਹੈਰਾਨ ਹੋ ਗਏ, ਉਥੇ ਹੀ ਇਕ ਦਿਨ ਦੀਵਾਨ ਲਗਾ ਕੇ ਆਪਣੇ ਸ਼ਿਸ਼ ਪੰਡਿਤ ਸ਼ਾਮ ਸਿੰਘ ਜੀ ਨੂੰ ਆਪਣੀ ਗੱਦੀ ਤੇ ਅਸਥਾਪਨ ਕੀਤਾ, ਤੇ ਸੰਗਤਾਂ ਨੂੰ ਨਾਮ ਦਾ ਉਪਦੇਸ਼ ਦੇਂਦੇ ਹੋਏ ਆਪ ਸੰਮਤ ੧੯੦੯ ਮਾਘ ਸੁਦੀ ੭ ਅਚਲਾ ਨੂੰ ਗੁਰਪੁਰੀ ਸਿਧਾਰ ਗਏ। ਪਿਛੋਂ ਇਥੇ ਹੀ ਆਪਦੀ ਸਮਾਧ ਬਣਾਈ ਗਈ ਜੋ ਅਜ ਤਕ ਠਾਕੁਰ ਸੰਤ ਦੀਵਾਨ ਸਿੰਘ ਜੀ ਦੇ ਨਾਮ ਤੇ ਪ੍ਰਸਿਧ ਹੈ, ਦੂਜੀ ਸਮਾਧ ਮੰਗਵਾਲ, ਡੇਹਰੀ ਸਾਹਿਬ ਠਾਕੁਰ ਮਲਾ ਸਿੰਘ ਜੀ, ਦੇ ਅੰਦਰ ਜੋ ਪੰਡਿਤ ਸ਼ਾਮ ਸਿੰਘ ਜੀ ਦੀ ਬਣਾਈ ਹੋਈ ਹੈ।

## ਸ੍ਰੀ ਪੰਡਿਤ ਸ਼ਾਮ ਸਿੰਘ ਜੀ

ਆਪ ਦਾ ਜਨਮ ਪਿੰਡ ਘੀਲ ਕਲਾਂ, ਜ਼ਿਲਾ ਅਟਕ, ਸੰਮਤ ੧੮੭੪ ਵਿਖੇ ਹੋਇਆ, ਛੋਟੀ ਅਵਸਥਾ ਵਿਚ ਹੀ ਸੰਤ ਸੇਵਾ ਦੀ ਲਗਨ ਲਗ ਗਈ, ਇਕ ਦਿਨ ਘਰੋਂ ਉਪ੍ਰਾਮ ਹੋ ਕੇ

ਮਹਾਰਾਜ ਦੀਵਾਨ ਸਿੰਘ ਜੀ ਦਿਆਂ ਚਰਨਾਂ ਵਿਚ ਆ ਗਏ, ਸੇਵਾ ਕਰਦੇ ਪੜ੍ਹਦੇ ਰਹੇ, ਪਹਿਲਾਂ ਇਕ ਦੋ ਵਰ੍ਹੇ ਡੇਰੇ ਰਹੇ, ਬਾਅਦ ਆਪ ਨੂੰ ਇਕ ਹੋਣ ਹਾਰ ਸਮਝਕੇ ਸੰਤਾਂ ਪੜ੍ਹਨ ਲਈ ਕਾਂਸ਼ੀ ਭੇਜ ਦਿਤਾ ਜਿਥੇ ੧੦ ਸਾਲ ਰਹਿ ਕੇ ਨਿਆਇ, ਵੇਦਾਂਤ, ਆਦਿ ਸ਼ਾਸ਼ਤ੍ਰ ਪੜ੍ਹਕੇ ਚੰਗੇ ਵਿਦ੍ਵਾਨ ਹੋ ਗਏ, ਫਿਰ ਸ੍ਰੀ ਅੰਮ੍ਰਿਤਸਰ ਜੀ ਆਕੇ ਦੋ ਚਾਰ ਵਰ੍ਹਿਆਂ 'ਚ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਰਥਾਂ ਨਾਲ ਸੁਣੇ, ਦਿਨ ਪਾਕੇ ਆਪ ਅਨੁਭਵੀ ਪੰਡਿਤ ਤੇ ਅੱਛੇ ਗਿਆਨੀ ਭੇਖ ਵਿਚ ਪ੍ਰਸਿਧ ਹੋਏ, ਜਦ ਪੜ੍ਹਕੇ ਡੇਰੇ ਆਏ, ਸੰਤ ਵੇਖ ਕੇ ਬੜੇ ਪ੍ਰਸੰਨ ਹੋਏ, ਅਜੇ ਆਪ ਨੂੰ ਆਇਆਂ ਇਕ ਦੋ ਵਰ੍ਹੇ ਹੀ ਹੋਏ ਸਨ, ਜਦ ਕਿ ਸੰਤ ਗੁਜ਼ਰ ਗਏ। ਸੰਮਤ ੧੯੦੯ ਵਿਚ ਆਪ ਮਹੰਤ ਅਸਥਾਪਨ ਹੋਏ, ਸੰਤਾਂ ਪਿਛੋਂ ਮਕਾਨ ਦੀ ਚੰਗੀ ਤਰੱਕੀ ਕੀਤੀ, ਆਏ ਗਏ ਸਾਧੂ ਅਭਿਆਗਤ ਨਾਲ ਪਿਆਰ ਕਰਕੇ ਇਲਾਕੇ ਅਤੇ ਭੇਖ ਵਿਚ ਬੜਾ ਸਨਮਾਨ ਪਾਇਆ, ਆਪ ਲਿਖਾਰੀ ਤੇ ਪੁਰਸ਼ਾਰਥੀ ਪੂਜ ਕੇ ਸਨ। ਡੇਰੇ ਰਹਿੰਦਿਆਂ ਹੋਇਆਂ ਭੀ ਕੁਝ ਨਾ ਕੁਝ ਲਿਖਦੇ ਰਹਿੰਦੇ ਸਨ, ਕਹਿੰਦੇ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਈ ਬੀੜਾਂ ਅਪਣੀ ਹਥੀਂ ਲਿਖਕੇ ਪਰਉਪਕਾਰ ਅਰਥ ਕਈ ਪਿੰਡਾਂ ਵਿਚ ਵੰਡੀਆਂ, ਇਸ ਤੋਂ ਇਲਾਵਾ ਆਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਇ ਬੜੇ ਸੁੰਦਰ ਤਰੀਕੇ ਨਾਲ ਲਿਖੇ, ਜੋ ਅਜ ਕਲ ਭੇਖ ਵਿਚ ਪ੍ਰਸਿਧ ਹਨ।

ਆਪ ਜ਼ਿਆਦਾ ਵਕਤ ਕਥਾ ਵਾਰਤਾ, ਪੁਸਤਕਾਂ ਦੇ ਲਿਖਣ ਲਿਖਾਉਣ ਵਿਚ ਅਤੇ ਵਿਦਯਾਰਥੀਆਂ ਨੂੰ ਪੜ੍ਹਾਨ

ਵਿਚ ਖਰਚ ਕਰਿਆ ਕਰਦੇ ਸਨ। ਮੂਭਾ ਦੇ ਬੜੇ ਟਿਕਵੇਂ ਤੇ ਮਿਲਣ ਸਾਰ ਸਨ, ਮੰਗਵਾਲ ਵਾਲੇ ਪ੍ਰਸਿੱਧ ਪੰਡਿਤ ਜਵਾਲਾ ਸਹਾਇ, ਪੰਡਿਤ ਮਥਰਾ ਦਾਸ ਜੀ ਆਪ ਦੇ ਹੀ ਵਿਦਿਆਰਥੀ ਹੋ ਚੁਕੇ ਹਨ, ਇਸੇ ਤਰ੍ਹਾਂ ਅਪਣੀ ਸਾਰੀ ਆਯੂ ਆਪ ਨੇ ਪਰਉਪਕਾਰ ਤੇ ਸਾਧ ਸੰਗਤ ਦੀ ਸੇਵਾ ਵਿਚ ਬਿਤਾਈ, ਅਖੀਰ ਪ੨ ਵਰ੍ਹੇ ਦੀ ਉਮਰ ਵਿਚ ਆਪਣੇ ਸ਼ਿਸ਼ ਸੰਤ ਭਾਈ ਬੁਧ ਸਿੰਘ ਜੀ ਨੂੰ ਡੇਰੇ ਦੇ ਮਹੰਤ ਅਸਥਾਪਨ ਕਰਕੇ ਆਪ ਸੰਮਤ ੧੯੨੬ ਕਤਕ ਵਦੀ ੧੪ ਨੂੰ ਮੰਗਵਾਲ ਡੇਰੇ ਹੀ ਸਰੀਰ ਤਿਆਗ ਗਏ।

## ਸ੍ਰੀ ਸੰਤ ਭਾਈ ਬੁਧ ਸਿੰਘ ਜੀ

ਆਪ ਦਾ ਜਨਮ ਖਾਸ ਰਾਵਲਪਿੰਡੀ ਭਾਈ ਬੂਟਾ ਸਿੰਘ ਬ੍ਰਾਹਮਣ ਦੇ ਘਰ ਸੰਮਤ ੧੯੦੧ ਵਿਚ ਹੋਇਆ, ਆਪ ੧੫-੧੬ ਵਰ੍ਹਿਆਂ ਦੇ ਸਨ, ਜਦ ਪੰਡਿਤ ਜੀ ਦੇ ਨਾਲ ਆਪਦਾ ਰਾਵਲਪਿੰਡੀ ਹੀ ਮੇਲ ਹੋਇਆ, ਸੰਤ ਸੇਵਾ ਦਾ ਦਿਲ ਵਿਚ ਉਮਾਹ ਸੀ, ਜਿਸ ਕਰ ਕੇ ਨਾਲ ਹੀ ਮੰਗਵਾਲ ਆ ਗਏ, ਡੇਰੇ ਦੀ ਤਥਾ ਆਏ ਗਏ ਸਾਧੂ ਸੰਤ ਦੀ ਅਜਿਹੀ ਹੁਬ ਨਾਲ ਸੇਵਾ ਕੀਤੀ ਜੋ ਦਿਨ ਪਾ ਕੇ ਪੰਡਿਤ ਜੀ ਨੇ ਆਪਨੂੰ ਆਪਣਾ ਉਤ੍ਰਾਧਿਕਾਰੀ ਨਿਯਤ ਕਰ ਦਿਤਾ, ਪੰਡਿਤ ਜੀ ਤੋਂ ਬਾਅਦ ਜਦ ਡੇਰੇ ਦੀ ਹਰ ਇਕ ਸੇਵਾ ਦਾ ਭਾਰ ਆਪਦੇ ਸਿਰ ਤੇ ਆ ਪਿਆ ਤਾਂ ਆਪ ਨੇ ਹਰ ਇਕ ਕੰਮ ਨੂੰ ਸੋਹਣੇ ਤ੍ਰੀਕੇ ਨਾਲ ਤੋੜ ਨਿਬਾਹਿਆ, ਆਪ ਇਕ ਬੰਦਗੀ ਕਰਨ ਵਾਲੇ ਪੁਰਸ਼ਾਰਥੀ



ਸ੍ਰੀ ਮਾਨ ਮਹੰਤ ਬੁਧ ਸਿੰਘ ਜੀ

ਜੀਉੜੇ ਸਨ, ਜਦ ਪੋਹ ਸੁਦੀ ਸਪਤਮੀ ਦਾ ਗੁਰਪੁਰਬ ਆਉਂਦਾ ਤਾਂ ਆਸ ਪਾਸ ਦੇ ਪਿੰਡਾਂ ਵਿਚ ਸੱਦਾ ਭੇਜ ਦੇਂਦੇ। ਜਿਥੋਂ ਬਿਅੰਤ ਸੰਗਤਾਂ ਅਪਣੇ ਅਪਣੇ ਪਿੰਡੋਂ ਹੀ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦੀਆਂ ਚਲੀਆਂ ਆਉਂਦੀਆਂ, ਰਾਤੀ ਜਗਾਤਾ ਕਰਦੇ, ਸਵੇਰੇ ਬੜਾ ਭਾਰੀ ਯੱਗ ਹੁੰਦਾ, ਗੱਲ ਕੀ ਇਸ ਦੇਸ਼ ਵਿਚ ਇਹ ਗੁਰਪੁਰਬ ਬੜੇ ਉਤਸ਼ਾਹ ਨਾਲ ਮਨਾਉਣ ਦਾ ਮੁਢ ਆਪ ਨੇ ਹੀ ਬੰਨ੍ਹਿਆਂ।

ਆਪ ਦਾ ਸੁਭਾਵ ਦਿਆਲੂ ਸੀ, ਲੋਕਾਂ ਦੀ ਭਲਾਈ ਅਰਥ ਕੁਝ ਨਾ ਕੁਝ ਬਣਵਾਉਂਦੇ ਰਹਿੰਦੇ ਸਨ, ਨਗਰ ਵਿਚ ਧਰਮਸਾਲਾ ਬਣਵਾਈ, ਫਿਰ ਡੇਰੇ ਨਾਲ ਇਕ ਖੂਹ ਲੁਵਾਯਾ, ਜਿਸ ਦੀ ਕਥਾ ਇਸ ਤਰ੍ਹਾਂ ਹੈ, ਮਹਾਰਾਜ ਸੰਤ ਦੀਵਾਨ ਸਿੰਘ ਜੀ ਦੇ ਵੇਲੇ ਸ: ਮੋਹਰ ਸਿੰਘ ਕੁਲਤਾਲੇ ਵਾਲੇ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਕੈਦ ਕਰ ਕੇ ਇਕ ਲਖ ਰੁਪੈ ਦੀ ਚਟੀ ਲਗਾ ਦਿਤੀ, ਸ: ਮੋਹਰ ਸਿੰਘ ਦੇ ਸੰਬੰਧੀ ਮਿਲ ਕੇ ਸੰਤਾਂ ਪਾਸ ਆਏ ਤਾਂ ਸੰਤਾਂ ਇਕ ਹੁਕਮ ਨਾਮਾ ਤੇ ਆਪਣੀ ਲਾਠੀ ਦਿਤੀ। ਜਿਸ ਨੂੰ ਵੇਖ ਕੇ ਮਹਾਰਾਜਾ ਸਾਹਿਬ ਨੇ ਸਣੇ ਚਟੀ ਸ: ਮੋਹਰ ਸਿੰਘ ਨੂੰ ਮਾਫ ਕਰ ਦਿਤੀ। ਸਣੇ ਪ੍ਰਵਾਰ ਸ: ਮੋਹਰ ਸਿੰਘ ਦਰਸ਼ਨ ਲਈ ਆਇਆ ਤੇ ਕੁਝ ਸੇਵਾ ਲਈ ਹੁਕਮ ਮੰਗਿਆ, ਸੰਤਾਂ ਖੂਹ ਲਵਾਣ ਦਾ ਹੁਕਮ ਦਿਤਾ। ਸ: ਮੋਹਰ ਸਿੰਘ ਨੇ ਡੇਰੇ ਨਾਲ ਖੂਹ ਦਾ ਅਰੰਭ ਕਰ ਦਿਤਾ, ਪਰ ਉਸ ਦੇ ਕੋਲੋਂ ਕੁਝ ਅਜਿਹੀ ਗਲਤੀ ਹੋ ਗਈ, ਖੂਹ ਰੁਕ ਗਿਆ, ਇਧਰੋਂ ਸੰਤਾਂ ਆਖ ਦਿਤਾ ਕਿ ਹਛਾ ਰਹਿਣ ਦਿਓ। ਹੁਣ ਹੋਰ ਕੋਈ

ਸੂਰਮਾ ਆਵੇਗਾ ਤਾਂ ਇਹ ਖੂਹ ਲਗੇਗਾ, ਸੋ ਕਿਤਨੇ ਚਿਰ ਦਾ ਰੁਕਿਆ ਹੋਇਆ ਖੂਹ ਪਿਛੋਂ ਮਹਾਰਾਜ ਸੰਤ ਭਾਈ ਬੁਧ ਸਿੰਘ ਜੀ ਨੇ ਤਿਆਰ ਕਰਵਾਇਆ। ਅਜ ਕਲ ਇਹ ਖੂਹ ਚਲਦਾ ਹੈ ਤੇ ਲੋਕ ਪਾਣੀ ਪੀਂਦੇ ਹਨ।

ਆਪ ਹਮੇਸ਼ਾਂ ਸ੍ਰੀ ਅੰਮ੍ਰਿਤਸਰ ਆਇਆ ਜਾਇਆ ਕਰਦੇ ਸਨ ਇਸ ਲਈ ਆਪਣੇ ਤੇ ਹੋਰਨਾਂ ਸਾਧੂਆਂ ਦੇ ਆਰਾਮ ਲਈ ਇਕ ਜਰਖਰੀਦ ਮਕਾਨ ਬਾਬਾ ਅਟਲ ਸਾਹਿਬ ਜੀ ਦੇ ਪਾਸ, ਗਲੀ ਸੰਗਲ ਵਾਲੀ ਵਿਚ ਸੰ: ੧੯੬੩-੬੪ ਵਿਚ ਆਪ ਨੇ ਬਣਾਇਆ ਜਿਸ ਦਾ ਪ੍ਰਬੰਧ ਹਮੇਸ਼ ਲਈ ਆਪਣੇ ਗੱਦੀ ਨਸ਼ੀਨ ਮਹੰਤ ਦੇ ਹਥ ਵਿਚ ਰਖਿਆ, ਆਪ ਸਚਮੁਚ ਇਕ ਭਰੋਸੇ ਵਾਲੇ ਤੇ ਬੜੀ ਸਮੱਧੁਰ ਮੂਰਤੀ, ਗੋਰ ਰੰਗ ਵਾਲੇ ਸੋਹਣੇ ਦਰਸ਼ਨੀ ਮਹਾਤਮਾ ਹੋਏ ਹਨ, ਇਲਾਕੇ ਵਿਚ ਬੜੀ ਇਜ਼ਤ ਦੀ ਨਿਗਾਹ ਨਾਲ ਵੇਖੇ ਜਾਂਦੇ ਸਨ, ਆਪ ਦੇ ਚੇਲੇ ਮਹੰਤ ਅਮਰ ਸਿੰਘ ਜੀ, ਗਿ: ਹਰਾ ਸਿੰਘ ਜੀ ਤੇ ਪ੍ਰਸਿਧ ਰਾਗੀ ਸੰਤ ਸੁੰਦਰ ਸਿੰਘ ਜੀ, ਸੰਤ ਚਤੁਰ ਸਿੰਘ ਜੀ ਆਦਿ ਕਈ ਸਨ ਪਰ ਅੰਤ ਵੇਲੇ ਆਪਣੇ ਯੋਗ ਸ਼ਿਸ਼ ਮਹੰਤ ਅਮਰ ਸਿੰਘ ਜੀ ਨੂੰ ਭਰੀ ਸਭਾ ਵਿਚ ਡੇਰੇ ਦਾ ਉਤ੍ਰਾਧਿਕਾਰੀ ਥਾਪ ਕੇ ਆਪ ਸੰਮਤ ੧੯੭੭ ਅਸੂ ਵਦੀ ਪੰਚਮੀ ਵਾਲੇ ਰੋਜ਼ ਅਖੰਡ ਪਾਠ ਦੇ ਭੋਗ ਪੈਣ ਤੋਂ ਪੰਜ ਸਤ ਮਿੰਟ ਬਾਅਦ ਸਰੀਰ ਤਿਆਗ ਗਏ।

## ਮਹੰਤ ਅਮਰ ਸਿੰਘ ਜੀ

ਆਪ ਦਾ ਜਨਮ ਪਿੰਡ ਪੈਣਨਾੜ ਸ਼ੇਰਅਲੀ ਖਾਂ,



ਸ੍ਰੀ ਮਾਨ ਮਹੰਤ ਅਮਰ ਸਿੰਘ ਜੀ

ਰਿਅਸਤ ਪੁਣਛ, ਵਿਚ ਗੁਰਮੁਖ ਪਿਆਰੇ ਭਾਈ ਘਨਈਆ ਸਿੰਘ ਜੀ ਦੇ ਗ੍ਰਹਿ ਸੰਮਤ ੧੯੬੦ ਹੋਇਆ, ੧੬ ਸਾਲ ਦੀ ਉਮਰ ਵਿਚ ਪੰਜੇ ਸਾਹਿਬ ਵਿਸਾਖੀ ਦੇ ਮੇਲੇ ਤੇ ਆਏ, ਜਿਥੇ ਮਹਾਰਾਜ ਸੰਤ ਭਾਈ ਬੁਧ ਸਿੰਘ ਜੀ ਦੇ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ, ਆਪ ਨੂੰ ਪੜ੍ਹਨ ਦਾ ਸ਼ੌਕ ਸੀ, ਨਾਲ ਹੀ ਮੰਗਵਾਲ ਡੇਰੇ ਚਲੇ ਆਏ, ਸੰਤਾਂ ਦੇ ਸ਼ਿਸ਼ ਹੋ ਕੇ ਪੜ੍ਹਦੇ ਤੇ ਹਰ ਤਰ੍ਹਾਂ ਦੀ ਸੇਵਾ ਦਿਲੋਂ ਪਿਆਰ ਨਾਲ ਕਰਦੇ ਰਹੇ। ਆਪ ਅਜੇ ਪੜ੍ਹਨ ਲਈ ਕਾਂਸ਼ੀ ਜਾਣ ਦੀਆਂ ਤਿਆਰੀਆਂ ਹੀ ਕਰ ਰਹੇ ਸਨ ਕਿ ਮਹੰਤ ਸਾਹਿਬ ਦੇ ਚਲਾਣੇ ਤੋਂ ਬਾਅਦ ਸਾਧ ਸੰਗਤ ਦੀ ਸੇਵਾ ਦਾ ਭਾਰ ਆਪ ਤੇ ਆ ਪਿਆ। ਸੋ ਆਪ ਸੰਤਾਂ ਵਾਂਗ ਪੁਰਾਤਨ ਮ੍ਰਿਯਾਦਾ ਅਨੁਸਾਰ ਡੇਰੇ ਦਾ ਸਾਰਾ ਕੰਮ ਚਲਾਉਂਦੇ ਰਹੇ। ਮਕਾਨ ਦੀ ਉੱਨਤੀ ਦਾ ਪੂਰਾ ਖਿਆਲ ਰਖਿਆ।

ਸੰਮਤ ੧੯੯੫ ਵਿਚ ਕਈ ਹਜ਼ਾਰ ਰੁਪਿਆ ਲਗਾਕੇ ਹਰੀ ਮੰਦਰ ਬਣਵਾਇਆ। ਹੋਰ ਮਕਾਨਾਂ ਨੂੰ ਨਵੀਂ ਸ਼ਕਲ ਵਿਚ ਬਣਾਨ ਦਾ ਉਤਸ਼ਾਹ ਬਣਿਆ ਰਹਿੰਦਾ ਸੀ। ਆਪ ਚੰਗੇ ਭਾਗਸ਼ੀਲ ਸਾਧੂ ਸਨ। ਸੰਮਤ ੧੯੯੬ ਵਿਚ ਜਦ ਮਹਾਰਾਜਾ ਜਗਤ ਦੇਵ ਸਿੰਘ ਰਿਆਸਤ ਪੁਣਛ ਨੇ ਅਪਣੇ ਟਿਕੇ ਦੇ ਮੰਡਨ ਸੰਸਕਾਰ ਵੇਲੇ ਬੜਾ ਉਤਸ਼ਾਹ ਕੀਤਾ ਸੀ। ਉਨ੍ਹਾਂ ਦਿਨਾਂ ਵਿਚ ਆਪ ਵੀ ਪ੍ਰਚਾਰ ਲਈ ਸਣੇ ਰਾਗੀ ਜਥੇ ਦੇ ਪੁਣੱਛ ਵਿਚ ਦੌਰਾ ਕਰ ਰਹੇ ਸਨ। ਉਸ ਮੌਕੇ ਆਪ ਨੂੰ ਦਰਬਾਰ ਵਲੋਂ ਬੁਲਾਇਆ ਗਿਆ, ਤੇ ਹਰ ਤਰ੍ਹਾਂ ਕਰ ਕੇ ਪੂਜਾ ਭੇਟ ਦਵਾਰਾ

ਆਪ ਦਾ ਸਤਿਕਾਰ ਕੀਤਾ ਗਿਆ। ਨਗਰ ਇਲਾਕੇ ਵਿਚ ਚੰਗਾ ਸਨਮਾਨ ਬਣਿਆ ਹੋਇਆ ਸੀ।

ਭੇਖ ਵਿਚ ਇਜ਼ਤ ਸੀ, ਕਈ ਵਰ੍ਹੇ ਨਿਰਮਲ ਮਹਾਂ ਮੰਡਲ ਦੇ ਮੈਂਬਰ ਬਣੇ ਰਹੇ। ਅਪਣੇ ਬਜ਼ੁਰਗਾਂ ਦੀ ਪੁਰਾਣੀ ਰਹੁ ਰੀਤ ਅਨੁਸਾਰ ਡੇਰੇ ਦਾ ਕੰਮ ਸੋਹਣਾ ਚਲਾਇਆ। ਆਏ ਗਏ ਦੀ ਪ੍ਰੇਮ ਨਾਲ ਸੇਵਾ ਕਰਦੇ ਸਨ। ਸੁਭਾ ਦੇ ਨਿਰਮਾਣ ਤੇ ਮਿਲਣ ਸਾਰ ਸਾਧੂ ਸਨ। ਡੇਰੇ ਦੀ ਚੰਗੀ ਜਾਇਦਾਦ ਬਣਾਈ। ਅੰਤ ਨੂੰ ਬਿਨਾਂ ਕਿਸੇ ਦੇ ਨਾਂ ਵਸੀਅਤ ਕੀਤੇ, ਸੰਨ ੧੯੪੪ ਈਸਵੀ ਵਿਚ ਪ੍ਰਲੋਕ ਗਮਨ ਹੋ ਗਏ।

ਆਪ ਦੇ ਚੇਲੇ ਦੁਲ੍ਹੇ ਵਾਲੇ ਸੰਤ ਧਰਮ ਸਿੰਘ ਜੀ ਗਿਆਨੀ, ਸੰਤ ਨਿਰਮਲ ਸਿੰਘ ਰਾਗੀ, ਸੰਤ ਨਿਰੰਜਨ ਸਿੰਘ, ਸੰਤ ਤ੍ਰਿਲੋਕ ਸਿੰਘ ਪੁਣਛੀ ਆਦ ਕਈ ਸੰਤ ਡੇਰੇ ਵਿਚ ਰਹਿੰਦੇ ਸੇਵਾ ਕਰਦੇ ਰਹੇ।

## ਸ੍ਰੀ ਗਿਆਨੀ ਮਹੰਤ ਧਰਮ ਸਿੰਘ ਜੀ

ਆਪ ਦਾ ਜਨਮ ਦੁਲ੍ਹਾ, ਜ਼ਿਲਾ ਜੇਹਲਮ ਵਿਖੇ ਸ੍ਰਦਾਰ ਹਰੀ ਸਿੰਘ ਜੀ ਕੋਹਲੀ ਦੇ ਘਰ ਹਾੜ ਸੰਮਤ ੧੯੬੮ ਨੂੰ ਹੋਇਆ। ਜਦ ਕਿ ਆਪ ਅੱਠ ਸਾਲ ਦੀ ਉਮਰ ਵਿਚ ਸਨ। ਕੋਠੇ ਤੇ ਸੁਤਿਆਂ ਹੋਇਆਂ ਆਪ ਨੂੰ ਕੁਝ ਤਕਲੀਫ ਹੋਈ। ਪਿਤਾ ਜੀ ਚੁਕ ਕੇ ਹੇਠਾਂ ਲਿਆਏ। ਰੱਬ ਦੀ ਨੇਤ ਪਿਤਾ ਦਾ ਪੈਰ ਕਪੜੇ ਨਾਲ ਅੜ ਗਿਆ। ਦੋਵੇਂ ਪਿਓ ਪੁਤ੍ਰ ਹੇਠਾਂ ਡਿਗ ਪਏ, ਪਿਤਾ ਤਾਂ ਸਟ ਵਲੋਂ ਬਚ ਗਿਆ, ਆਪ ਨੂੰ ਡਾਢੀ ਸਟ



ਸੰਤ ਧਰਮ ਸਿੰਘ ਜੀ ਧਰਮ

ਸਿੱਖੀ ਦੇ ਪ੍ਰਚਾਰ ਦੀ ਖਾਤਰ, ਕੋਟੇ ਇੱਕ ਅਸਥਾਨ ਬਣਾਇਆ।
ਫਿਰ ਦਿੱਲੀ ਆ ਤਿਲਕ ਨਗਰ ਵਿਚ, ਸੰਤ ਪੁਰਾ ਸ਼ੁਭ ਨਾਮ ਧਰਾਇਆ।
ਸਿੰਘ ਸਜਾਏ ਹਜ਼ਾਰਾਂ ਏਥੇ, ਅੰਮ੍ਰਿਤ ਲੱਖਾਂ ਤਾਂਈਂ ਛਕਾਇਆ।
ਲੰਗਰ, ਪਾਠ, ਕੱਥਾ ਤੇ ਕੀਰਤਨ, ਨਾਮ ਬਾਣੀ ਦਾ ਹੜ੍ਹ ਵਗਾਇਆ।
ਸੰਤ ਭਾਈ ਮੱਲਾ ਸਿੰਘ ਜੀ ਦੀ, ਛੇਵੀਂ ਥਾਂ ਹੰਨ ਗਹਿਰ ਗੰਭੀਰ।
ਧਰਮ ਦੇ ਪੁਤਲੇ ਧਰਮ ਸਿੰਘ ਦੀ, ਇਹ ਗੁਰ-ਮੁਖੀ ਹੈ ਤਸਵੀਰ।

ਲਗੀ, ਪੈਰ ਜ਼ਖਮੀ ਹੋ ਗਿਆ। ਦੁਖ ਜ਼ਿਆਦਾ ਵਧਣ ਨਾਲ ਅੱਖਾਂ ਵੀ ਜਾਂਦੀਆਂ ਰਹੀਆਂ।

ਮਾਤਾ ਪਿਤਾ ਘਬਰਾ ਗਏ, ਵਡੇ ਇਲਾਜ ਮੁਆਲਜੇ ਕੀਤੇ ਆਰਾਮ ਕਿਤੋਂ ਨਾ ਆਇਆ। ਫਿਰ ਵੀ ਦਿਨ ਬਦਲ-ਦਿਆਂ ਬਹੁਤ ਸਮਾਂ ਨਾ ਲਗਾ। ਇਕ ਵੇਰਾਂ ਮਹੰਤ ਅਮਰ ਸਿੰਘ ਜੀ ਅਪਣੇ ਮਹੰਤਾਂ ਸਾਹਿਬਾਂ ਦਾ ਮਹੋੜਾ ਕਰਨ ਲਈ ਦੂਲ੍ਹੇ ਆਏ ਆਪ ਨੇ ਕਵਿਤਾ ਪੜ੍ਹੀ ਜਿਹੜੀ ਮਹੰਤਾਂ ਸਾਹਿਬਾਂ ਨੂੰ ਚੰਗੀ ਲਗੀ। ਕਾਵ ਰਚਨਾ ਤੇ ਗਲ ਬਾਤ ਵਿਚ ਆਪ ਨੂੰ ਸਿਆਣਾ ਸਮਝ ਕੇ ਪਿਤਾ ਸ੍ਰ: ਹਰੀ ਸਿੰਘ ਜੀ ਤੋਂ ਮੰਗ ਮੰਗੀ ਕਿ ਧਰਮ ਸਿੰਘ ਨੂੰ ਮੰਗਵਾਲ ਡੇਰੇ ਭੇਜ ਦਿਓ। ਪੜ੍ਹ ਲਿਖ ਕੇ ਹੋਰ ਸਿਆਣਾ ਬਣ ਜਾਏਗਾ।

ਆਪ ਡੇਰੇ ਆ ਗਏ ਜਿਥੇ ਗੁਰਬਾਣੀ ਦੇ ਯਾਦ ਕਰਨ ਦੇ ਆਹਰ ਵਿਚ ਲਗ ਗਏ। ਕਾਰ ਬਾਰ ਵਿਚ ਭੀ ਦਖਲ ਦੇਣ ਲਗ ਪਏ। ਡੇਰੇ ਦਾ ਇਕ ਮਕਾਨ ਸੰਗਲ ਵਾਲੀ ਗਲੀ ਸ਼੍ਰੀ ਅੰਮ੍ਰਿਤਸਰ ਵਿਚ ਸੀ ਜਿਥੋਂ ਦੇ ਪ੍ਰਬੰਧਕ ਭਾਈ ਲੈਹਣਾ ਸਿੰਘ ਜੀ ਸਨ, ਜਦ ਓਹ ਗੁਜ਼ਰ ਗਏ ਤਾਂ ਆਪ ਨੂੰ ਮਹੰਤ ਜੀ ਨੇ ਓਥੇ ਭੇਜ ਦਿਤਾ।

ਆਪ ਨੇ ਉਥੋਂ ਦਾ ਸਾਰਾ ਕੰਮ ਸੰਭਾਲ ਲਿਤਾ। ਪੜ੍ਹਨ ਪੜ੍ਹਾਨ ਵਿਚ ਪਰਚ ਗਏ। ਭਾਈ ਪ੍ਰੇਮ ਸਿੰਘ ਜੀ ਰਾਗੀ ਪਾਸੋਂ ਰਾਗ ਵਿਦਿਆ ਤੇ ਗਿਆਨੀ ਸੰਤ ਅਮੀਰ ਸਿੰਘ ਜੀ ਪਾਸੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸੁਣ ਕੇ ਗਿਆਨੀ ਪ੍ਰਸਿਧ ਹੋ ਗਏ।

ਸ਼੍ਰੀ ਗੁਰੂ ਹਰਕ੍ਰਿਸ਼ਨ ਕੰਨਿਆ ਪਾਠਸ਼ਾਲਾ ਦੇ ਬਾਰ੍ਹਾਂ ਸਾਲ ਧਾਰਮਿਕ ਟੀਚਰ ਦੀ ਡਿਊਟੀ ਦੇਂਦੇ ਰਹੇ ਜਿਸ ਕਰ ਕੇ ਆਪ ਦਾ ਰਸੂਖ ਪਿਆਰ ਸ਼ਹਿਰ ਦੇ ਵਡੇ ਵਡੇ ਆਦਮੀਆਂ ਨਾਲ ਪੈ ਗਿਆ। ਨਿਰਮਲੇ, ਉਦਾਸੀ, ਸੇਵਾ ਪੰਥੀ ਸੰਤਾਂ ਵਿਚ ਭੀ ਆਦਰ ਸਤਿਕਾਰ ਵਧ ਗਿਆ।

ਸੰਨ ੧੯੪੪ ਪਹਿਲੀ ਅਕਤੂਬਰ ਨੂੰ ਜਦ ਮਹੰਤ ਅਮਰ ਸਿੰਘ ਜੀ ਪ੍ਰਲੋਕ ਗਮਨ ਹੋਏ ਤਾਂ ਅੰਤਮ ਕਿਰਿਆ ਸਾਰੀ ਅਪਣੀ ਹਥੀਂ ਕੀਤੀ। ਮਹੰਤ ਜੀ ਜੀਊਂਦੇ ਜੀ ਪੱਗ ਜਾਂ ਵਸੀਅਤ ਕਿਸੇ ਦੇ ਨਾਂ ਨਹੀਂ ਕਰ ਗਏ ਸਨ, ਜਿਸ ਕਰ ਕੇ ਮਹੰਤੀ ਬਾਰੇ ਕੁਝ ਚਰਚਾ ਛਿੜ ਪਈ। ਆਪ ਨੇ ਇਸ ਮੌਕੇ ਸਿਆਣਪ ਕੋਲੋਂ ਕੰਮ ਲੀਤਾ। ਲਾਹੌਰ ਅੰਮ੍ਰਿਤਸਰ ਦੇ ਮਹੰਤਾਂ ਸੰਤਾਂ ਨੂੰ ਬੁਲਾਇਆ। ਜਿਨ੍ਹਾਂ ਹਰ ਇਕ ਕੰਮ ਵਿਚ ਆਪ ਨੂੰ ਯੋਗ ਸਮਝ ਕੇ ੨੨ ਅਕਤੂਬਰ ਨੂੰ ਭਰੇ ਦੀਵਾਨ ਵਿਚ ਡੇਰੇ ਦੀ ਪੱਗ ਦੇ ਦਿਤੀ।

ਉਪਰੰਤ ਆਪ ਨੇ ਡੇਰੇ ਦਾ ਕੰਮ ਮਿਲ ਗਿਲ ਕੇ ਅਜਿਹਾ ਚਲਾਇਆ। ਜੁ ਅਧੂਰੇ ਕੰਮ ਰਹਿ ਗਏ ਸਨ, ਸਾਰੇ ਤੋੜ ਚੜ੍ਹਾਏ। ਜਿਨ੍ਹਾਂ ਨੂੰ ਵੇਖ ਕੇ ਮੁਖਾਲਫ ਖਿਆਲ ਰਖਣ ਵਾਲੇ ਭੀ ਹੈਰਾਨ ਹੋ ਗਏ ਤੇ ਸਚੇ ਦਿਲੋਂ ਧੰਨਵਾਦ ਕਰਨ ਲਗ ਪਏ।

ਸੰਨ ੧੯੪੭ ਵਿਚ ਪਾਕਸਤਾਨ ਬਣ ਗਿਆ। ਕੁਝ ਚਿਰ ਮੰਗਵਾਲ ਰਹੇ। ਮੁਸਲਮਾਨਾਂ ਡੇਰੇ ਦਾ ਵਡਾ ਨੁਕਸਾਨ ਕੀਤਾ। ਪਹਿਲੀ ਅਗਸਤ ਸੰਨ ੧੯੪੭ ਨੂੰ ਆਪ ਅੰਮ੍ਰਿਤਸਰ

ਆ ਗਏ। ਸੰਗਲ ਵਾਲੀ ਗਲੀ ਦੇ ਮਕਾਨ ਨੂੰ ਚੰਗਾ ਧੰਨ ਲਾ ਕੇ ਮੁਕੰਮਲ ਕੀਤਾ। ਫਿਰ ਰਾਜਸਥਾਨ ਕੋਟੇ ਜਾ ਰਹੇ, ਜਿਥੇ ਬਾਰਾਂ ਸੌ ਗਜ਼ ਜ਼ਮੀਨ ਮੁਲ ਲੈਕੇ ਆਪਣੇ ਨਾਮ ਤੇ ਰਜਿਸਟਰੀ ਕਰਾਈ। ਹਜ਼ਾਰਾਂ ਰੁਪਏ ਲਗਾਏ ਤੇ ਡੇਰਾ ਬਣਾਇਆ। ਕੁਝ ਚਿਰ ਬਾਅਦ ਉਚਾਟ ਹੋ ਕੇ ਦਿੱਲੀ ਤਿਲਕ ਨਗਰ ਆ ਗਏ। ਆਪਣੇ ਡੇਰੇ ਦੇ ਸਤਿਸੰਗੀਆਂ ਦੀ ਸਲਾਹ ਨਾਲ ਤਿੰਨ ਹਜ਼ਾਰ ਗਜ਼ ਜ਼ਮੀਨ ਮੁਲ ਲੀਤੀ।

ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਸਾਦਾ ਜਿਹਾ ਕਮਰਾ ਬਣਾਇਆ ਤੇ ਨਾਲ ਹੀ ਬਾਹਰ ਤੰਬੂ ਕਨਾਤਾਂ ਲਾਕੇ ਗੁਰੂ ਘਰ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਅਸਥਾਨ ਦਾ ਨਾਮ ਸੰਤਪੁਰਾ ਰਖਿਆ।

ਇਨ੍ਹਾਂ ਦਿਨਾਂ ਵਿਚ ਲੇਖਕ ਵੀ ਛੇ ਮਹੀਨੇ ਸੰਤ ਪੁਰੇ ਰਿਹਾ, ਵਡਾ ਸੁਖ ਪਾਇਆ। ਸਾਰਾ ਕਾਰ ਵਿਹਾਰ ਵੇਖਦਾ ਰਿਹਾ। ਸਚਮੁਚ ਆਪ ਨੇ ਅਜਿਹੇ ਸ਼ੁਭ ਲਗਨ ਵਿਚ ਜ਼ਮੀਨ ਮੁਲ ਲੀਤੀ ਜੋ ਦਿਨੋ ਦਿਨ ਚੜ੍ਹਦੀਆਂ ਕਲਾਂ ਵਿਚ ਡੇਰਾ ਹੁੰਦਾ ਗਿਆ।

ਸਤਿਸੰਗ ਦਾ ਸਿਲਸਿਲਾ ਜਾਰੀ ਕਰਕੇ ਸੁਖਮਨੀ ਸਾਹਿਬ ਦਾ ਪਾਠ ਕਥਾ ਕੀਰਤਨ ਦ੍ਵਾਰਾ ਪ੍ਰਚਾਰ ਸ਼ੁਰੂ ਕੀਤਾ। ਉਤਸ਼ਾਹੀ ਤੇ ਪ੍ਰੇਰਕ ਇਤਨੇ ਹਨ ਕਿ ਅਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਇਕ ਲਖ ਤੋਂ ਉਪਰ ਰੁਪਿਆ ਲਗਾਕੇ ੫੦ × ੫੦ ਫੁਟ ਦੀ ਵਡੀ ਬਿਲਡਿੰਗ ਤੇ ਨਾਲ ਹੋਰ ਕਈ ਕਮਰੇ ਤਿਆਰ ਕਰਵਾ ਦਿਤੇ ਹਨ। ਇਸ ਤੋਂ ਇਲਾਵਾ ਸੰਪੱਟ

ਪਾਠ, ਗੁਰਪੁਰਬ ਤੇ ਆਪਣੇ ਵਡਿਆਂ ਸੰਤਾਂ ਦੇ ਦਿਨ ਖੂਬ ਧੂਮ ਧਾਮ ਨਾਲ ਮਨਾਉਂਦੇ ਹਨ। ਆਏ ਗਏ ਸਾਧੂ ਅਭਜਾਗਤ ਨਾਲ ਪਿਆਰ ਕਰਦੇ ਹਨ। ਡੇਰੇ ਵਿਚ ਹਰ ਵੇਲੇ ਗਹਿਮਾ ਗਹਿਮ ਬਣੀ ਰਹਿੰਦੀ ਹੈ।

ਲੰਗਰ ਹਰ ਵੇਲੇ ਜਾਰੀ ਹੈ ਆਏ ਗਏ ਦਾ ਸਤਿਕਾਰ ਕਰਦੇ ਹਨ। ਕਈ ਵਰ੍ਹਿਆਂ ਤੋਂ ਨਿਰਮਲ ਮਹਾਂ ਮੰਡਲ ਦੇ ਮੈਂਬਰ ਬਣੇ ਚਲੇ ਆ ਰਹੇ ਹਨ। ਹਰੀਦੁਆਰ, ਉਜੈਨ ਆਦਕ ਤੀਰਥਾਂ ਪੁਰ ਭੰਡਾਰੇ ਕਰਦੇ ਰਹਿੰਦੇ ਹਨ। ਸੁਭਾ ਦੇ ਅਤੀ ਮਿਲਣਸਾਰ ਤੇ ਚੰਗੇ ਪ੍ਰਾਲੱਬਧ ਵਾਲੇ ਮਹਾਤਮਾ ਪ੍ਰਸਿਧ ਹਨ।

ਅੰਦਰ ਬਾਹਰ ਜਾਣ ਲਈ ਅਪਣੀ ਕਾਰ ਰਖੀ ਹੋਈ ਹੈ। ਜਿਥੇ ਚਾਹੁੰਦੇ ਝਟ ਪੁਜ ਜਾਂਦੇ ਹਨ। ਗੁਰਦਵਾਰਿਆਂ ਦੀ ਯਾਤਰਾ ਦੇ ਪ੍ਰੇਮੀ ਹਨ ਕਈ ਵੇਰਾਂ ਸੰਗਤਾਂ ਨੂੰ ਨਾਲ ਲੈ ਜਾ ਕੇ ਸ੍ਰੀ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਗੁਰਦਵਾਰਿਆਂ ਦੀ ਯਾਤਰਾ ਕਰਨ ਚਲੇ ਜਾਇਆ ਕਰਦੇ ਹਨ।

ਡੇਰੇ ਦੀ ਸ਼ੋਭਾ ਸੁਣ ਕੇ ਦੂਰੋਂ ਦੂਰੋਂ ਸੰਗਤਾਂ ਆਉਂਦੀਆਂ ਰਹਿੰਦੀਆਂ ਹਨ। ਇਕ ਵੇਰਾਂ ਵਿਸਾਖੀ ਦੇ ਮੇਲੇ ਪੁਰ ਮਰਕਜ਼ੀ ਵਜ਼ੀਰ ਸ੍ਰੀ ਸ਼ੀਲਾ ਨਾਇਰ ਸਾਹਿਬ ਆਏ ਦੀਵਾਨ ਵਿਚ ਹਜ਼ਾਰਾਂ ਦੀ ਹਾਜ਼ਰੀ ਵੇਖ ਕੇ ਅਤੀ ਪ੍ਰਸੰਨ ਹੋਏ ਤੇ ਮਹੰਤ ਜੀ ਨੂੰ ਕੁਝ ਖਾਹਸ਼ ਪ੍ਰਗਟ ਕਰਨ ਲਈ ਕਿਹਾ ਪਰ ਮਹੰਤ ਜੀ ਨੇ ਅਗੋਂ ਆਪਣੀ ਰੱਜੀ ਹੋਈ ਤਬੀਅਤ ਨਾਲ ਉਤ੍ਰ ਦਿਤਾ ਕਿ ਡੇਰੇ ਦੀਆਂ ਸਾਰੀਆਂ ਲੋੜਾਂ ਗੁਰੂ ਮਹਾਰਾਜ ਦੀ ਕਿਰਪਾ ਨਾਲ ਆਪੇ ਪੂਰਨ ਹੋ ਰਹੀਆਂ ਹਨ। ਇਸ ਵੇਲੇ ਕਿਸੇ ਚੀਜ਼ ਦੀ

ਇਛਾ ਨਹੀਂ ।

ਆਪ ਦਾ ਇਹ ਉਤਰ ਸੁਣਕੇ ਸ੍ਰੀ ਸ਼ੀਲਾ ਜੀ ਬੜੇ ਖੁਸ਼ ਹੋਏ ਤੇ ਆਖਿਆ ਕਿ ਸਰਕਾਰੀ ਅਫਸਰ ਜਿਥੇ ਕਿਸੀ ਧਰਮ ਅਸਥਾਨ ਪੁਰ ਜਾਂਦੇ ਹਨ, ਅਗੋਂ ਵਡੀਆਂ ਲੋੜਾਂ ਦਸੀਆਂ ਜਾਂਦੀਆਂ ਹਨ, ਪਰ ਅਜ ਇਹ ਪਹਿਲਾ ਮੌਕਾ ਵੇਖਿਆ ਹੈ ਕਿ ਜਿਥੋਂ ਦੇ ਮਹੰਤ ਸਾਹਿਬਾਂ ਕੋਈ ਖਾਹਸ਼ ਪ੍ਰਗਟ ਨਹੀਂ ਕੀਤੀ । ਬਲ ਕਿ ਆਪ ਨੇ ਰਜੀ ਹੋਈ ਤਬੀਅਤ ਦਾ ਸਬੂਤ ਦਿਤਾ ਹੈ ।

ਇਕ ਵੇਰਾਂ ਭਾਈ ਸੁਧ ਸਿੰਘ, ਭਾਈ ਪ੍ਰਧਾਨ ਸਿੰਘ ਜੀ ਨੇ ਡੇਰੇ ਦੀ ਸ਼ੋਭਾ ਵੇਖ ਕੇ ਅੰਮ੍ਰਿਤਸਰ 'ਖਾਲਸਾ ਸਮਾਚਾਰ' ਵਿਚ ਲੇਖ ਦਿਤਾ ਕਿ ਦਿਲੀ ਵਿਚ ਸ੍ਰੀ ਗਿਆਨੀ ਧਰਮ ਸਿੰਘ ਜੀ ਨਿਰਮਲੇ ਸੰਤਾਂ ਦੇ ਪ੍ਰਚਾਰ ਦਾ ਸੋਹਣਾ ਢੰਗ ਵੇਖ ਕੇ ਅਸੀਂ ਬੜੇ ਖੁਸ਼ ਹੋਏ ਹਾਂ, ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹੱਤਤਾ ਨੂੰ ਓਹ ਉਚੇ ਦਰਜੇ ਤੇ ਲਈ ਜਾ ਰਹੇ ਹਨ ।

ਇਸ ਵੇਲੇ ਡੇਰਾ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ । ਕਾਕਾ ਰਵੇਲ ਸਿੰਘ ਜੀ ਤੇ ਬਲਬੀਰ ਸਿੰਘ ਜੀ ਆਦਿਕ ਕਈ ਸਰੀਰ ਡੇਰੇ ਰਹਿੰਦੇ ਹਨ ਜੋ ਨਿਰਇਛਤ ਹੋ ਕੇ ਸੇਵਾ ਕਰ ਰਹੇ ਹਨ ।

## ਮੁਖ ਸੇਵਕ

ਸਾਬਕ ਪੋਸਟ ਮਾਸਟਰ ਸਾਹਿਬ ਸ: ਹਰਨਾਮ ਸਿੰਘ ਜੀ ਤਿਲਕ ਨਗਰ ਵਾਲੇ ਸੰਤ ਪੁਰੇ ਦੇ ਮੁਖੀਏ ਸੇਵਕ ਹਨ। ਸ੍ਰੀ ਗਿਆਨੀ ਮਹੰਤ ਧਰਮ ਸਿੰਘ ਜੀ ਦੇ ਨਾਲ ਆਪ ਦਾ ਇਤਨਾ

ਪਿਆਰ ਹੈ ਕਿ ਹਰ ਇਕ ਕੰਮ ਵਿਚ ਸਹਿਯੋਗ ਦੇਂਦੇ ਰਹਿੰਦੇ ਹਨ।

ਆਪ ਦੇ ਹੁੰਦਿਆਂ ਮਹੰਤ ਸਾਹਿਬਾਂ ਨੂੰ ਡੇਰੇ ਦਾ ਕੋਈ ਫਿਕਰ ਨਹੀਂ। ਦੋਵੇਂ ਹੀ ਮਿਲ ਕੇ ਇਸ ਵਾਕ ਪੁਰ ਪੂਰੀ ਤਰ੍ਹਾਂ ਅਮਲ ਕਰਦੇ ਰਹਿੰਦੇ ਹਨ:— 'ਅਗਾਹਾਂ ਕੂ ਤ੍ਰਾਂਘ ਪਿਛਾ ਫੇਰਿ ਨ ਮੁਹਡੜਾ।'

## ਸ੍ਰ: ਤੇਜਾ ਸਿੰਘ ਜੀ ਕੋਹਲੀ

ਜਿਨ੍ਹਾਂ ਦਾ ਜਨਮ ਢਢੂੰਬਰ ਦਾ ਹੈ। ਆਪ ਉਸ ਉਤਮ ਘਰਾਣੇ ਦੇ ਸਤਿਸੰਗੀ ਪੁਰਸ਼ ਹਨ, ਜਿਹੜਾ ਸ੍ਰੀ ਠਾਕੁਰ ਮੱਲਾ ਸਿੰਘ ਜੀ ਤੇ ਉਹਨਾਂ ਦੇ ਗਦੀ ਨਸ਼ੀਨ ਮਹਾਂ ਪੁਰਸ਼ਾਂ ਦੀ ਸੇਵਾ ਕਰਦਾ ਰਿਹਾ ਹੈ।

ਵਡਿਆਂ ਦੀ ਸਿਖਿਆ ਦਾ ਹੀ ਏਹ ਪ੍ਰਭਾਵ ਹੈ ਕਿ ਆਪ ਦਾ ਪ੍ਰੇਮ ਪਿਆਰ ਉਕਤ ਸੰਪ੍ਰਦਾਯ ਦੇ ਪੂਜਯ ਮਹਾਤਮਾ ਦੇ ਨਾਲ ਚਲਿਆ ਆਉਂਦਾ ਹੈ। ਬਲ ਕਿ ਇਸੇ ਸੰਬੰਧ ਕਰ ਕੇ ਆਪ ਹੁਣ ਤਕ ਨਿਰਮਲੇ ਸੰਤਾਂ ਨੂੰ ਸਤਿਕਾਰ ਤੇ ਪਿਆਰ ਦ੍ਰਿਸ਼ਟੀ ਨਾਲ ਵੇਖਦੇ ਹਨ।

'ਸਿਖ ਫਕੀਰ' ਪੁਸਤਕ ਆਪ ਨੇ ਲਿਖਿਆ ਹੈ। ਜਿਸ ਵਿਚ ਸੰਪ੍ਰਦਾਯ ਮੰਗਵਾਲ ਦੇ ਮਹਾਤਮਾ ਤੇ ਉਨ੍ਹਾਂ ਦੇ ਸਮੀਪ ਵਰਤੀ ਸਤਿਸੰਗੀਆਂ ਦੀ ਪਵਿਤ੍ਰ ਜ਼ਿੰਦਗੀ ਦਾ ਹਾਲ ਵਿਸਤਾਰ ਨਾਲ ਦਿਤਾ।

ਉਪਕਾਰ ਅਰਥ ਗੁਰਦੁਆਰੇ, ਖੂਹ, ਤਾਲਾਬ ਲਗਵਾਣੇ

ਆਦਕ ਹੋਰ ਕਈ ਕਾਰਨਾਮੇ ਪੜ੍ਹ ਕੇ ਦਿਲ ਬੜਾ ਖੁਸ਼ ਹੁੰਦਾ ਹੈ। ਆਪ ਦੀ ਇਹ ਡੂੰਘੀ ਖੋਜ ਤੇ ਸਤਿਕਾਰ ਭਰੀ ਲਿਖਤ ਪੁਰ ਅਸਰ ਹੈ, ਸ਼ਲਾਘਾ ਕਰਨ ਦੇ ਯੋਗ ਹੈ।

ਸ਼੍ਰੀ ਗਿ: ਸੰਤ ਧਰਮ ਸਿੰਘ ਜੀ ਦਿੱਲੀ ਵਾਲਿਆਂ ਨਾਲ ਚੰਗਾ ਪਿਆਰ ਹੈ। ਏਹੀ ਲਗਨ ਹੈ ਜਿਸ ਦੇ ਸੰਬੰਧ ਕਰ ਕੇ ਸ਼੍ਰੀ ਮਾਨ ਪੰਡਿਤ ਸੁਚਾ ਸਿੰਘ ਜੀ, ਸ਼੍ਰੀ ਮਹੰਤ ਨਿਰਮਲ ਅਖਾੜਾ ਕਨਖਲ ਦੇ ਨਾਲ ਵੀ ਅਤੀ ਸਨੇਹ ਚਲਿਆ ਆਉਂਦਾ ਹੈ। ਇਕ ਪੈਮਫਲਿਟ ਛਾਪਿਆ ਜਿਸ ਵਿਚ ਸ਼੍ਰੀ ਮਹੰਤਾਂ ਸਾਹਿਬਾਂ ਦੀਆਂ ਕੁਝ ਰਚਨਾਵਾਂ ਦਾ ਅਨੁਵਾਦ ਹੈ।

ਰਾਜ ਯੋਗੀ ਟ੍ਰੈਕਟ ਵਿਚ ਉਧਵਾਲ ਦੇ ਸੰਤ ਭਾਈ ਮਨਸਾ ਸਿੰਘ ਜੀ ਦਾ ਜੀਵਨ ਦਿਤਾ ਹੈ।

ਪੰਥ ਵਿਚ ਆਪ ਚੰਗੇ ਪੁਰਸ਼ਾਰਥੀ ਤੇ ਮੰਨੇ ਪ੍ਰਮੰਨੇ ਲਿਖਾਰੀ ਹਨ। ਲਿਖਤ ਦਿਲ ਖਿਚਵੀਂ ਤੇ ਪ੍ਰਭਾਵਸ਼ਾਲੀ ਹੈ।

# ਡੇਰਾ ਪੜਿਆਲ

## ਸ਼੍ਰੀ ਸੰਤ ਕਾਹਨ ਸਿੰਘ ਜੀ

ਚੇਲੇ ਮਹਾਰਾਜ ਠਾਕੁਰ ਦੀਵਾਨ ਸਿੰਘ ਜੀ, ਆਪ ਛੋਟੀ ਉਮਰ ਤੋਂ ਹੀ ਸੰਤਾਂ ਦੀ ਸੇਵਾ ਕਰਦੇ ਰਹੇ। ਸੰਮਤ ੧੯੨੧ ਵਿਚ ਇਹ ਡੇਰਾ ਬੰਨ੍ਹਿਆਂ। ਗੁਰੂ ਘਰ ਦਾ ਪ੍ਰਚਾਰ ਕੀਤਾ। ਆਪ ਦੇ ਦੋ ਚੇਲੇ ਹੋਏ। ਇਕ ਸੰਤ ਸੂਬਾ ਸਿੰਘ ਜੀ ਵਿਰਕਤ, ਦੂਜੇ ਸੰਤ ਨਿਹਾਲ ਸਿੰਘ ਜੀ। ਆਪ ਨੇ ਅਖੀਰ ਸਮੇਂ ਸੰਤ

ਸੂਬਾ ਸਿੰਘ ਜੀ ਨੂੰ ਫੁਲਾਂ ਦਾ ਹਾਰ ਪਾਕੇ ਮਹੰਤ ਨੀਯਤ ਕੀਤਾ ਪਰ ਸੰਤ ਸੂਬਾ ਸਿੰਘ ਜੀ ਨੇ ਆਪਣੇ ਆਪ ਨੂੰ ਅਸਮਰਥ ਪ੍ਰਗਟ ਕਰਦਿਆਂ ਹੋਇਆਂ ਓਹੀ ਗਲੇ ਦਾ ਹਾਰ ਆਪਣੇ ਗੁਰਭਾਈ ਸੰਤ ਨਿਹਾਲ ਸਿੰਘ ਜੀ ਨੂੰ ਪਾ ਦਿਤਾ। ਇਸ ਤਰ੍ਹਾਂ ਸੰਤ ਨਿਹਾਲ ਸਿੰਘ ਜੀ ਨੂੰ ਮਹੰਤੀ ਦੀ ਪੱਗ ਦੇ ਕੇ ਮਹਾਰਾਜ ਸੰਤ ਕਾਹਨ ਸਿੰਘ ਜੀ ਸੰਮਤ ੧੯੩੧ ਫੱਗਣ ਵਿਚ ਸਰੀਰ ਤਿਆਗ ਗਏ। ਆਪ ਦੀ ਸਮਾਧ ਡੇਰੇ ਵਿਚ ਬਣਾਈ ਗਈ।

## ਸ਼੍ਰੀ ਸੰਤ ਭਾਈ ਨਿਹਾਲ ਸਿੰਘ ਜੀ

ਆਪਦਾ ਜਨਮ ਪੜਿਆਲ ਦਾ ਸੀ। ਪਿਤਾ ਦਾ ਨਾਮ ਭਾਈ ਅਨਾਰਾ ਸਿੰਘ ਜੀ, ਡੇਰੇ ਆਉਂਦੇ ਸੇਵਾ ਕਰਦੇ ਰਹੇ। ਪ੍ਰੇਮ ਵਧਦਾ ਗਿਆ। ਸਾਧੂ ਬ੍ਰਿਤੀ ਵਿਚ ਡੇਰੇ ਰਹਿਣ ਲਗ ਪਏ। ਸਰੀਰ ਪੁਰਸ਼ਾਰਥੀ ਸੀ। ਆਏ ਗਏ ਸਾਧੂ ਅਭਿਆਗਤ ਦੀ ਸੇਵਾ ਉਮੰਗ ਨਾਲ ਕਰਦੇ ਰਹੇ। ਸੰਤਾਂ ਮਗਰੋਂ ਡੇਰੇ ਦੀ ਬੜੀ ਤਰੱਕੀ ਕੀਤੀ। ਇਮਾਰਤਾਂ ਬਣਵਾਈਆਂ। ਬਹੁਤ ਸਾਰੀ ਜ਼ਮੀਨ ਖਰੀਦ ਕੇ ਡੇਰੇ ਨਾਲ ਲੁਵਾਈ। ਖੁਲ੍ਹਾ ਲੰਗਰ ਚਲਾਇਆ। ਆਪ ਇਲਾਕੇ ਵਿਚ ਮੰਨੇ ਪ੍ਰਮੰਨੇ ਸਾਧੂ ਹੋਏ ਹਨ। ੪੫ ਵਰ੍ਹੇ ਡੇਰੇ ਦੀ ਸੇਵਾ ਕਰਕੇ ਬਾਅਦ ਆਪਣੇ ਸੰਤ ਸੱਜਣ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੭੭ ਭਾਦੋਂ ਮਹੀਨੇ ਵਿਚ ਗੁਰਪੁਰੀ ਸਿਧਾਰੇ। ਸਮਾਧ ਬਣੀ ਹੋਈ ਹੈ।

# ਮਹੰਤ ਸਜਣ ਸਿੰਘ ਜੀ

ਆਪ ਸੰਤਾਂ ਦੇ ਸਕੇ ਭਤੀਜੇ ਤੇ ਚੇਲੇ ਹਨ। ਆਪ ਦਾ ਜਨਮ ਸੰਮਤ ੧੯੫੭ ਦੇ ਲਗਪਗ ਪੜਿਆਲ ਪਿੰਡ ਵਿਚ ਹੀ ਹੋਇਆ। ਜਦ ਦੇ ਮਹੰਤ ਹੋਏ ਹਨ ਚੰਗੀ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਪਹਿਲਾ ਡੇਰਾ ਢਹਿ ਗਿਆ ਸੀ ਹੁਣ ਅੰਦਰਲੀ ਧਰਮਸਾਲਾ ਸੰਤ ਸੂਬਾ ਸਿੰਘ ਜੀ ਵਾਲੀ ਵਿਚ ਰਹਿੰਦੇ ਰਹੇ ਪਰ ਆਪਣੇ ਵਡੇ ਡੇਰੇ ਦੀ ਮੁਢੋਂ ਇਮਾਰਤ ਬਣਾ ਕੇ ਉਸ ਨੂੰ ਚੰਗੀ ਸ਼ਕਲ ਵਿਚ ਲੈ ਆਂਦਾ ਸੀ।

ਸ੍ਰੀ ਪੰਜਾ ਸਾਹਿਬ ਵਿਖੇ ਇਕ ਵਡਾ ਭਾਰੀ ਅਸਥਾਨ (ਪ੍ਰਸਿਧ ਨਾਮ ਸੰਤਪੁਰਾ) ਜਿਸ ਨੂੰ ਠਾਕੁਰ ਦੀਵਾਨ ਸਿੰਘ ਜੀ ਨੇ ਬਣਾਯਾ ਸੀ, ਬਾਅਦ ਆਪਦੇ ਸ਼ਿਸ਼ ਪੰਡਿਤ ਸ਼ਾਮ ਸਿੰਘ ਜੀ ਨੇ ਆਪਣੇ ਗੁਰਭਾਈ ਸੰਤ ਸਿੰਘ ਜੀ ਨੇ ਜਦ ਆਪਣੀ ਰਿਹਾਇਸ਼ ਪੜਿਆਲ ਡੇਰੇ ਰਖੀ ਤਾਂ ਇਹ ਭੀ ਪੜਿਆਲ ਡੇਰੇ ਦੇ ਨਾਂ ਲਾ ਦਿਤਾ। ਪਿਛੋਂ ਮਹੰਤ ਨਿਹਾਲ ਸਿੰਘ ਜੀ ਭੀ ਇਸ ਦਾ ਪ੍ਰਬੰਧ ਕਰਦੇ ਰਹੇ, ਪਰੰਤੂ ਆਪ ਦੇ ਵੇਲੇ ਅਕਾਲੀਆਂ ਵਲੋਂ ਗੁਰਦੁਆਰਾ ਟਰੀਬਯੂਨਲ ਵਿਚ ਮੁਕੱਦਮਾ ਚਲਾਇਆ ਗਿਆ, ਮੁਕੱਦਮੇ ਦੇ ਦੌਰਾਨ ਵਿਚ ਪ੍ਰਸਪਰ ਕਈ ਆਦਮੀਆਂ ਰਾਜ਼ੀਨਾਮਾ ਕਰਾਉਣ ਵਿਚ ਬੜਾ ਹਿਸਾ ਲੀਤਾ, ਜਿਹੜਾ ਤੋੜ ਨਾ ਚੜ੍ਹਿਆ, ਆਪ ਨੇ ਚੰਗੀ ਕੋਸ਼ਸ਼ ਕੀਤੀ ਹਾਈਕੋਰਟ ਤਕ ਪੁਜੇ ਪਰ ਮੁਕਦਮਾ ਅਕਾਲੀਆਂ ਦੇ ਹਕ ਵਿਚ ਹੋ ਗਿਆ।

ਫਿਰ ਵੀ ਨਿਰਮਲ ਮਹਾਂ ਮੰਡਲ ਦੇ ਪ੍ਰਧਾਨ ਸ੍ਰੀ ਮਾਨ

ਮਹੰਤ ਹਾਕਮ ਸਿੰਘ ਜੀ ਨੇ ਆਪਣੇ ਰਸੂਖ ਤੇ ਪਿਆਰ ਨਾਲ ਗੁਰਦਵਾਰਾ ਕਮੇਟੀ ਵਲੋਂ ਚਾਰ ਪੰਜ ਹਜ਼ਾਰ ਰੁਪਿਆ ਦਿਵਾਇਆ ਜੋ ਇਸ ਸ਼ਰਤ ਪੁਰ ਆਪ ਨੂੰ ਦਿਤਾ ਗਿਆ, ਕਿ ਆਪ ਇਵਜ਼ਾਨੇ ਲਈ ਅਗੋਂ ਕੋਈ ਕਾਨੂੰਨੀ ਚਾਰਾ ਨਹੀਂ ਕਰਨਗੇ। ਸੋ ਓਹ ਰੁਪਿਆ ਪੜਿਆਲ ਡੇਰੇ ਦੀ ਇਮਾਰਤ ਉਤੇ ਖਰਚ ਕਰ ਦਿਤਾ ਹੈ, ਆਪ ਚੰਗੇ ਪੁਰਸ਼ਾਰਥੀ ਤੇ ਗੁਰਬਾਣੀ ਦੇ ਨਿਤਨੇਮੀ ਹਨ।

## ਸੰਤ ਸੂਬਾ ਸਿੰਘ ਜੀ, ਧਰਮਸਾਲ ਪੜਿਆਲ

ਚੇਲੇ ਸ੍ਰੀ ਮਾਨ ਸੰਤ ਕਾਹਨ ਸਿੰਘ ਜੀ, ਆਪ ਚੰਗੇ ਵਿਦਵਾਨ ਸਨ, ਆਪ ਪਹਿਲੇ ਰਮਤੇ ਟਿਕੇ ਰਹੇ, ਜਦ ਮਹਾਰਾਜ ਕਾਹਨ ਸਿੰਘ ਜੀ ਗੁਜ਼ਰੇ ਤਾਂ ਦੋ ਚਾਰ ਦਿਨ ਪਹਿਲਾਂ ਆਪ ਨੂੰ ਮਹੰਤੀ ਦਿਤੀ, ਪਰ ਆਪ ਨੇ ਅਸਮਥਾ ਪ੍ਰਗਟ ਕਰਕੇ ਉਸੇ ਵੇਲੇ ਅਪਣੇ ਗੁਰਭਾਈ ਮਹੰਤ ਨਿਹਾਲ ਸਿੰਘ ਜੀ ਨੂੰ ਦੇ ਦਿਤੀ।

ਸੰਤਾਂ ਮਗਰੋਂ ਪਹਿਲਾਂ ਕੁਝ ਫਿਰ ਵਿਚਰਦੇ ਰਹੇ, ਆਖਰ ਪੜਿਆਲ ਇਕ ਅਲੱਗ ਜਗਾ ਖਰੀਦ ਕੇ ਅਸਥਾਨ ਬਣਾਇਆ, ਚੰਗੀ ਰੌਣਕ ਰਖੀ, ਪਰ ਅੰਤ ਵੇਲੇ ਅਪਣਾ ਚੇਲਾ ਕੋਈ ਨਾ ਵੇਖ ਕੇ ਮਹੰਤ ਨਿਹਾਲ ਸਿੰਘ ਜੀ ਦੇ ਸਪੁਰਦ ਕਰ ਦਿਤਾ। ਪਿਛੋਂ ਮਹੰਤ ਸਜਣ ਸਿੰਘ ਜੀ ਇਥੇ ਹੀ ਰਹਿੰਦੇ ਰਹੇ, ਧਰਮਸਾਲਾ ਪੱਕੀ ਹੈ, ਖੂਹ ਵਿਚ ਹੈ, ਅੰਦਰ ਸਮਾਧ ਬਣੀ ਹੋਈ ਹੈ।

# ਡੇਰਾ ਗੁਫਾਂ ਦਵੂੰਬਰ

(ਜ਼ਿਲਾ ਅਟਕ)

## ਸ਼੍ਰੀ ਸੰਤ ਦਿਆਲ ਸਿੰਘ ਜੀ

ਚੇਲੇ ਠਾਕੁਰ ਦੀਵਾਨ ਸਿੰਘ ਜੀ, ਆਪ ਦਾ ਜਨਮ ਸੁਵਾਂ ਨਦੀ ਦੇ ਕਿਨਾਰੇ ਢਵੂੰਬਰ ਪਿੰਡ ਜ਼ਿਲਾ ਅਟਕ ਵਿਚ ਭਾਈ ਸਾਧੂ ਸਿੰਘ ਸ਼ਾਹੂਕਾਰ ਦੇ ਘਰ ਮਾਤਾ ਉਤਮ ਦੇਈ ਦੀ ਕੁਖੋਂ ਸੰਮਤ ੧੯੩੧ ਵਿਖੇ ਹੋਇਆ। ਛੋਟੀ ਉਮਰ ਵਿਚ ਹੀ ਆਪ ਦਾ ਸਤਿ ਸੰਗ ਤੇ ਆਏ ਗਏ ਸਾਧੂ ਸੰਤ ਨਾਲ ਪਿਆਰ ਸੀ, ੨੦ ਸਾਲ ਦੀ ਉਮਰ ਵਿਚ ਹੋਏ, ਤਾਂ ਆਪ ਦਾ ਸੋਹਣਾ ਉਚਾ ਕੱਦ ਵੇਖ ਕੇ ਪਿਤਾ ਨੇ ਫੌਜ ਵਿਚ ਭਰਤੀ ਹੋਣ ਲਈ ਕਿਹਾ, ਪਰ ਆਪ ਨੇ ਇਨਕਾਰ ਕਰ ਦਿਤਾ।

ਆਪ ਦਾ ਦਿਲ ਕਿਸੀ ਖਾਸ ਮਹਾਤਮਾ ਦੇ ਦਰਸ਼ਨ ਲਈ ਖਿਚਿਆ ਜਾ ਰਿਹਾ ਸੀ, ਦੌਰਾ ਕਰਦੇ ਮਹਾਰਾਜ ਦੀਵਾਨ ਸਿੰਘ ਜੀ ਪਿੰਡ ਅ ਏ, ਆਪ ਨੇ ਉਪਦੇਸ਼ ਲੀਤਾ। ਨ ਲ ਟੁਰਨ ਲਈ ਪ੍ਰਾਰਥਨਾ ਕੀਤੀ, ਪਰ ਸੰਤਾਂ ਕਿਹਾ ਕਿ ਭਾਈ ਇਥੇ ਹੀ ਰਹਿ ਕੇ ਨਾਮ ਜਪ, ਤੇ ਦੂਜਿਆਂ ਨੂੰ ਜਪਾ, ਉਪ੍ਰੰਤ ਆਪ ਨੇ ਸੰਤਾਂ ਦੀ ਇਸ ਸਿਖਿਆ ਉਤੇ ਅਜਿਹਾ ਅਮਲ ਕੀਤਾ ਜੋ ਅਪਨੀ ਸਾਰੀ ਜ਼ਿੰਦਗੀ ਭਜਨ ਪਾਠ ਤੇ ਸਾਧੂ ਸੰਤ ਦੀ ਸੇਵਾ ਪੁਰ ਨਿਛਾਵਰ ਕਰ ਦਿਤੀ। ਆਏ ਗਏ ਸਾਧੂ ਪਾਸੋਂ ਗੁਰੂ ਘਰ

ਦੇ ਤੇ ਵੇਦਾਂਤ ਦੇ ਪੁਸਤਕ ਭੀ ਪੜ੍ਹਦੇ ਰਹੇ। ਜਿਸ ਕਰ ਕੇ ਆਪ ਖਾਸੇ ਚੰਗੇ ਵਿਦਵਾਨ ਹੋ ਗਏ, ਵਿਦਵਾਨ ਹੋਇਆਂ ਭੀ ਸੇਵਾ ਭਾਵ ਨਾ ਛਡਿਆ, ਇਲਾਕੇ ਵਿਚ ਬੜਾ ਤਪ ਤੇਜ ਫੈਲ ਗਿਆ, ਲੋਕੀਂ ਦੂਰੋਂ ਦੂਰੋਂ ਦਰਸ਼ਨ ਲਈ ਆਉਣ ਲਗ ਪਏ।

ਕਹਿੰਦੇ ਹਨ, ਕਿ ਆਪ ਨੇਮ ਨਾਲ ਇਸ਼ਨਾਨ ਕਰ ਕੇ ਸੁਵਾਂ ਨਦੀ ਦੇ ਕਿਨਾਰੇ ਕਿਤਨਾ ਕਿਤਨਾ ਚਿਰ ਬਹਿ ਕੇ ਭਜਨ ਪਾਠ ਕਰਿਆ ਕਰਦੇ ਸਨ, ਇਕ ਵੇਰਾਂ ਬੁਖਾਰ ਚੜ੍ਹੇ ਵਿਚ ਹੀ ਗਏ, ਠੰਡ ਲਗ ਗਈ, ਲੱਤਾਂ ਵਿਚ ਖੂਨ ਦਾ ਦੌਰਾ ਬੰਦ ਹੋ ਗਿਆ। ਰੱਬ ਦੀ ਨੇਤ ਦਿਨ ਪਾ ਕੇ ਹੇਠਲਾ ਧੜ ਮਾਰਿਆ ਗਿਆ, ਬਾਅਦ ਸਭ ਸਰੀਰ ਦੀ ਕਿਰਿਆ ਬਹਿ ਕੇ ਹੀ ਕਰਦੇ ਰਹੇ।

ਇਨ੍ਹਾਂ ਦਿਨਾਂ 'ਚ ਇਕ ਮੁਸਲਮਾਨ ਮਲਕ ਹਯਾਤ ਜਿਹੜਾ ਆਪ ਨੂੰ ਭਜਨ ਬੰਦਗੀ ਕਰਦਾ ਰੋਜ਼ ਵੇਖਦਾ ਸੀ, ਉਸਨੇ ਆਪਣੀ ੧੪-੧੫ ਕਨਾਲ ਜ਼ਮੀਨ ਦੇ ਦਿਤੀ। ਪਿੰਡ ਵਾਲਿਆਂ ਛੱਪਰ ਪਾ ਦਿਤਾ। ਕੁਝ ਚਿਰ ਮਗਰੋਂ ਇਹ ਮੌਜੂਦਾ ਗੁਫਾਂ ਬਣਾ ਦਿਤੀਆਂ ਗਈਆਂ, ਸਤਿਸੰਗ ਦਾ ਪ੍ਰਵਾਹ ਜਾਰੀ ਹੋ ਗਿਆ। ਆਏ ਗਏ ਵਾਸਤੇ ਲੰਗਰ ਲਗ ਗਿਆ। ਸੈਂਕੜੇ ਸਿਖ ਸੇਵਕ ਸੇਵਾ ਕਰਨ ਲਗ ਪਏ, ਇਸ ਤਰ੍ਹਾਂ ਗੁਰੂ ਸਿਧਾਂਤ ਦੇ ਪ੍ਰਚਾਰ ਲਈ ਇਕ ਸੁੰਦਰ ਸੋਮਾ ਜਾਰੀ ਹੋ ਗਿਆ।

ਆਪ ਗੁਰਬਾਣੀ ਦੇ ਪ੍ਰਤਾਪ ਕਰ ਕੇ ਪੂਰਨ ਆਤਮ-ਸ਼ਕਤੀ ਵਾਲੇ ਪ੍ਰਸਿੱਧ ਹੋਏ। ਇਕ ਵੇਰਾਂ ਮਲਕ ਹਯਾਤ ਦੇ ਪੁਤ੍ਰ ਨੇ ਖਬਾੜੇ ਦਾ ਫਲਦਾਰ ਬੂਟਾ ਕੁਹਾੜਾ ਮਾਰਕੇ ਕਟਣਾ

ਚਾਹਿਆ, ਪਾਸ ਖਲੋਤਾ ਬੂਟਾ ਸੋਹਣਾ ਲਗਦਾ ਵੇਖ ਕੇ ਆਪ ਨੇ ਵਰਜਿਆ, ਪਰ ਅਪਣੀ ਜ਼ਮੀਨ ਦੇ ਮਦ ਵਿਚ ਆ ਕੇ ਇਕ ਟਾਹਣਾ ਉਸ ਨੇ ਫਿਰ ਵੀ ਕੱਟ ਲਿਤਾ।

ਰਬ ਦੀ ਨੇਤ, ਘਰ ਜਾਂਦਿਆਂ ਹੀ ਐਸਾ ਸੂਲ ਉਠਿਆ ਜੋ ਉਹੀ ੨ ਕੂਕਾਂ ਦੇ ਕੇ ਧਾਂਹੀ ਮਾਰਨ ਲਗ ਪਿਆ ਤੇ ਕਹਿਣ ਲਗਾ ਕਿ ਮੈਨੂੰ ਕੋਈ ਕੁਹਾੜੇ ਨਾਲ ਮਾਰ ਰਿਹਾ ਹੈ, ਬਾਹਰਲੇ ਫਕੀਰ ਪਾਸੋਂ ਮੈਨੂੰ ਕੋਈ ਬਖਸ਼ਾਓ, ਉਸੇ ਵੇਲੇ ਉਸਦਾ ਪਿਓ ਸੰਤਾਂ ਪਾਸ ਆਇਆ, ਅਰਜ਼ੋਈ ਕਰਕੇ ਖਿਮਾਂ ਮੰਗੀ, ਆਪ ਨੇ ਕਿਹਾ ਕਿ ਅਸਾਂ ਤਾਂ ਕੋਈ ਉਸ ਨੂੰ ਬਦ-ਅਸੀਸ ਨਹੀਂ ਦਿਤੀ, ਤੇ ਨਾ ਕੁਝ ਸਾਡੇ ਵਸ ਹੀ ਹੈ, ਪਰ ਹੱਛਾ ਰਬ ਅਗੇ ਅਸੀਂ ਵੀ ਹਥ ਜੋੜਦੇ ਹਾਂ ਕਿ ਤੇਰਾ ਲੜਕਾ ਰਾਜ਼ੀ ਹੋ ਜਾਏ, ਘਰ ਆਇਆ ਤਾਂ ਲੜਕਾ ਰਾਜ਼ੀ ਖੁਸ਼ੀ ਵੇਖਕੇ ਬੜਾ ਪ੍ਰਸੰਨ ਹੋਇਆ ਇਸ ਤਰ੍ਹਾਂ ਆਪ ਦਾ ਤਪ ਤੇਜ ਇਲਾਕੇ ਵਿਚ ਬੜਾ ਵਧਿਆ। ਤੀਰਥ ਯਾਤਰਾ ਨਾਲ ਵੀ ਆਪ ਦਾ ਬੜਾ ਪਿਆਰ ਸੀ, ਕਈ ਵੇਰਾਂ ਸ੍ਰੀ ਅੰਮ੍ਰਿਤਸਰ ਆਦਿ ਗੁਰਦਵਾਰਿਆਂ ਦੇ ਦਰਸ਼ਨ ਕਰਦੇ ਹੋਏ ਹਰਿਦੁਆਰ ਚਲੇ ਜਾਂਦੇ ਤੇ ਕਿਤਨਾ ੨ ਚਿਰ ਓਥੇ ਹੀ ਰਹਿੰਦੇ।

ਅਖੀਰ ਸਮੇਂ ਆਪ ਹਰਿਦੁਆਰ ਹੀ ਸਨ, ਜਦ ਕਿ ਆਪਣੇ ਸ਼ਿਸ਼ ਸੰਤ ਹਰੀ ਸਿੰਘ ਜੀ ਤੇ ਇਨ੍ਹਾਂ ਦੀ ਭੈਣ ਮਾਈ ਰਤਨ ਦੇਈ ਨੂੰ ਪਿਛੇ ਅਸਥਾਨ ਦੀ ਸੰਭਾਲਣਾ ਕਰਕੇ ਆਪ ਗੁਰਪੁਰੀ ਸਿਧਾਰ ਗਏ। ਅ ਪ ਦੀ ਆਗਿਆ ਅਨੁਸਾਰ ਸਰੀਰ ਗੰਗਾ ਵਿਚ ਪ੍ਰਵਾਹ ਕਰਕੇ ਸੰਤ ਹਰੀ ਸਿੰਘ, ਮਾਈ ਰਤਨ ਦੇਈ

ਜੀ ਢਢੂੰਬਰ ਆ ਗਏ, ਜਿਨ੍ਹਾਂ ਪਾਠ ਰਖਾਕੇ ਸਤਾਰੁਵੇਂ ਵਾਲੇ ਦਿਨ ਭਾਰੀ ਇਕੱਠ ਵਿਚ ਭੋਗ ਪੁਵਾਇਆ ਤੇ ਨਾਲ ਯੱਗ ਕੀਤਾ।

## ਸ੍ਰੀ ਸੰਤ ਹਰੀ ਸਿੰਘ ਜੀ

ਆਪ ਦਾ ਜਨਮ ਭੀ ਢਢੂੰਬਰ ਦਾ ਸੀ, ਪਿਤਾ ਰਾਮ ਦਿਆਲ ਵਾਂਗ ਆਪ ਭੀ ਪਹਿਲਾਂ ਸਹਿਜ ਧਾਰੀ ਸਿਖ ਸਨ, ਸੰਤਾਂ ਦੀ ਪ੍ਰੇਰਨਾ ਅਨੁਸਾਰ ਪਿਤਾ ਨੇ ਆਪ ਨੂੰ ਕੇਸ ਰਖਾ ਦਿਤੇ, ਪਰ ਥੋੜੇ ਚਿਰ ਪਿਛੋਂ ਕੁਸੰਗ ਦੇ ਜ਼ੋਰ ਅਮਰ ਹੋਕੇ ਲੁਹਾ ਦਿਤੇ, ਸੰਤ ਬੜੇ ਰੰਜ ਹੋਏ, ਪਿਤਾ ਦੁਖੀ ਹੋਇਆ, ਓੜਕ ਪਿਤਾ ਨੇ ਆਪ ਨੂੰ ਨਾਲ ਲੈ ਜਾਕੇ ਭੁਲ ਬਖਸ਼ਾਈ ਤਾਂ ਆਪ ਨੂੰ ਫਿਰ ਅੰਮ੍ਰਿਤ ਛਕਾ ਕੇ ਸੰਤ ਬਾਣੇ ਵਿਚ ਲਿਆਂਦਾ ਗਿਆ, ਫਿਰ ਤਾਂ ਜਿਤਨਾ ਚਿਰ ਸਰੀਰ ਰਹਿਆ, ਸੰਤਾਂ ਦੀ ਸੇਵਾ ਕਰਦੇ ਰਹੇ, ਸ਼ਾਇਦ ਅਸਥਾਨ ਦਾ ਪ੍ਰਬੰਧ ਰਖਦੇ ਹੋਏ ਨਾਲ ਆਏ ਗਏ ਦੀ ਸੇਵਾ ਭੀ ਕਰਦੇ ਰਹੇ। ਸਰੀਰ ਤਿਆਗ ਗਏ ਤਾਂ ਪਿਛੋਂ ਸੰਤ ਬੂਟਾ ਸਿੰਘ ਜੀ ਨੀਯਤ ਹੋਏ।

## ਸ੍ਰੀ ਸੰਤ ਬੂਟਾ ਸਿੰਘ ਜੀ

ਆਪ ਕਈ ਵਰ੍ਹੇ ਇਥੇ ਰਹੇ, ਨਗਰ ਖੇੜਾ ਹੱਛੀ ਸੇਵਾ ਕਰਦਾ ਰਿਹਾ, ਅਖੀਰ ੯੦ ਵਰ੍ਹੇ ਦੀ ਉਮਰ ਵਿਚ ਓਹ ਵੀ ਚੜ੍ਹਾਈ ਕਰ ਗਏ। ਪਿਛੋਂ ਵੀ ਆਇਆ ਗਿਆ ਸਾਧੂ ਗੁਫਾ ਵਿਚ ਬਣਿਆ ਰਿਹਾ, ਪਰ ਕੋਈ ਕਿਸੇ ਹਥ ਪ੍ਰਬੰਧ ਨਹੀਂ ਸੀ।

# ਡੇਰਾ ਚਕਵਾਲ

( ਜ਼ਿਲਾ ਜੇਹਲਮ )

## ਸ਼੍ਰੀ ਸੰਤ ਭਾਈ ਬਿਸ਼ਨ ਸਿੰਘ ਜੀ

ਚੇਲੇ ਮਹਾਰਾਜ ਠਾਕੁਰ ਦੀਵਾਨ ਸਿੰਘ ਜੀ, ਆਪ ਦਾ ਜਨਮ ਖਾਸ ਮਿਆਲ ਜ਼ਿਲਾ ਅਟਕ ਵਿਚ ਹੋਇਆ। ਪਹਿਲਾਂ ਕਈ ਵਰ੍ਹੇ ਠਾਕੁਰ ਦੀਵਾਨ ਸਿੰਘ ਜੀ ਨਾਲ ਦੇਸ਼ ਵਿਚ ਪ੍ਰਚਾਰ ਲਈ ਫਿਰਦੇ ਰਹੇ। ਬਾਅਦ ਚਕਵਾਲ ਆ ਕੇ ਟਿਕ ਗਏ। ਡੇਰਾ ਬਣਾਇਆ, ਅਖੀਰ ਆਪਣੇ ਸਪੁਤ੍ਰ ਸੰਤ ਭਾਈ ਖੜਕ ਸਿੰਘ ਜੀ ਨੂੰ ਚੇਲਾ ਥਾਪ ਕੇ ਡੇਰਾ ਦੇ ਗਏ।

## ਸ਼੍ਰੀ ਸੰਤ ਭਾਈ ਖੜਕ ਸਿੰਘ ਜੀ

ਛੋਟੇ ਹੁੰਦਿਆਂ ਆਪ ਦੀ ਮਾਤਾ ਜੀ ਚੜ੍ਹਾਈ ਕਰ ਗਏ, ਡੇਰੇ ਸੰਤਾਂ ਪਾਸ ਆ ਗਏ, ਸੇਵਾ ਕਰਦੇ ਰਹੇ। ਸੰਤਾਂ ਮਗਰੋਂ ਭੀ ਆਏ ਗਏ ਸਾਧ ਸੰਤ ਦੀ ਪ੍ਰੇਮ ਨਾਲ ਸੇਵਾ ਕਰਦੇ ਰਹੇ। ਅਖੀਰ ਅਪਣੇ ਚੇਲੇ ਸੰਤ ਸ਼ਤਾਬ ਸਿੰਘ ਜੀ ਨੂੰ ਮਹੰਤੀ ਦੇ ਕੇ ਗੁਜ਼ਰ ਗਏ।

## ਸੰਤ ਭਾਈ ਸ਼ਤਾਬ ਸਿੰਘ ਸਿੰਘ ਜੀ

ਆਪ ਦਾ ਜਨਮ ਮਿਆਲ, ਅਟਕ ਜ਼ਿਲੇ ਦਾ ਸੀ, ਜਿਤਨਾ ਚਿਰ ਰਹੇ ਸਾਧ ਸੰਗਤ ਦੀ ਸੇਵਾ ਕਰਦੇ ਰਹੇ, ਅੰਤ

ਭਾਈ ਸੁੰਦਰ ਸਿੰਘ ਜੀ ਨੂੰ ਮਹੰਤ ਬਣਾ ਕੇ ਚੜ੍ਹਾਈ ਕਰ ਗਏ।

## ਸੰਤ ਭਾਈ ਸੁੰਦਰ ਸਿੰਘ ਜੀ

ਆਪ ਦਾ ਸਰੀਰ ਭੀ ਮਿਆਲ ਦਾ ਸੀ, ਡੇਰੇ ਦੀ ਸੰਭਾਲ ਕਰਦੇ ਹੋਏ ਬਾਅਦ ਆਪਣੇ ਭਣੇਵੇਂ ਭਾਈ "ਟੈਹਲ ਸਿੰਘ" ਜੀ ਨੂੰ ਅਸਥਾਨ ਸਪੁਰਦ ਕਰ ਕੇ ਆਪ ਸੰਮਤ ੧੯੭੯ ਵਿਚ ਚੜ੍ਹਾਈ ਕਰ ਗਏ। ਇਹ ਭੀ ਤਿੰਨ ਵਰ੍ਹੇ ਸੇਵਾ ਕਰ ਕੇ ਸੰਮਤ ੧੯੮੩ ਫਗਣ ਵਿਚ ਸਮਾ ਗਏ, ਬਾਅਦ ਗ੍ਰਿਹਸਤੀ ਕਾਬਜ਼ ਹੋ ਗਏ। (ਡੇਰਾ ਖਤਮ)

# ਡੇਰਾ ਗੁਫਾਂ ਢੁਡਿਆਲ

( ਜ਼ਿਲਾ ਜੇਹਲਮ )

## ਸ਼੍ਰੀ ਸੰਤ ਹਰੀ ਸਿੰਘ ਜੀ

ਚੇਲੇ ਠਾਕੁਰ ਮੱਲਾ ਸਿੰਘ ਜੀ ਮੰਗਵਾਲ, ਆਪ ਦਾ ਜਨਮ ਢੁਡਿਆਲ, ਅਣਦਾਂ ਦੇ ਘਰ ਦਾ ਸੀ, ਪਹਿਲਾਂ ਕੁਝ ਚਿਰ ਗ੍ਰਿਹਸਥ ਆਸ਼੍ਰਮ ਵਿਚ ਰਹੇ, ਬਾਅਦ ਠਾਕੁਰ ਮੱਲਾ ਸਿੰਘ ਜੀ ਦੀ ਸੰਗਤ ਰਹਿੰਦੇ ਹੋਏ ਉਨ੍ਹਾਂ ਦੇ ਹੀ ਸੇਵਕ ਹੋ ਕੇ ਸਾਧੂ ਬ੍ਰਿਤੀ ਵਿਚ ਕੁਝ ਚਿਰ ਨਾਲ ਅਨੰਦ ਮਾਣਦੇ ਰਹੇ। ਫਿਰ ਢੁਡਿਆਲ ਪੰਚਾਇਤੀ ਧਰਮਸਾਲਾ ਵਿਖੇ ਆਣ ਟਿਕੇ। ਇਹ ਮੌਜੂਦਾ ਅਸਥਾਨ ਸ਼ਹਿਰੋਂ ਬਾਹਰ ਵਾਰ ਇਕਾਂਤ ਸਮਝ ਕੇ

ਭਜਨ ਪਾਠ ਨਿੱਤਨੇਮ ਕਰਨ ਲਈ ਉਥੋਂ ਦੋਨੋਂ ਵੇਲੇ ਆਉਂਦੇ ਰਹੇ। ਕੋਈ ਦਿਨ ਪਾ ਕੇ ਆਰਾਮ ਕਰਨ ਲਈ ਇਕ ਗੁਫਾ ਤਿਆਰ ਕਰਵਾ ਲਿਤੀ, ਜਿਥੇ ਟਿਕਦੇ ੨ ਪਕੇ ਰਹਿਣ ਲਗ ਪਏ। ਆਪ ਦੀ ਸੁੰਦਰ ਧਾਰਨਾ ਵੇਖ ਕੇ ਸਾਰੇ ਪ੍ਰੇਮ ਕਰਨ ਲਗ ਪਏ। ਸਾਧ ਸੰਗਤ ਦੀ ਆਵਾਜਾਈ ਸ਼ੁਰੂ ਹੋ ਗਈ, ਸਤਿਸੰਗ ਦਾ ਸਿਲਸਿਲਾ ਜਾਰੀ ਕਰ ਦਿਤਾ। ਆਪ ਬੜੇ ਜਥੇਦਾਰ ਸਾਧੂ ਸਨ, ਕਿਸੇ ਮਲੀਨ ਕਿਰਿਆ ਵਾਲੇ ਨੂੰ ਮਹਾਰਾਜ ਦੀ ਤਾਬਿਆ ਨਹੀਂ ਬਹਿਣ ਦੇਂਦੇ ਸਨ। ਧਰਮ ਤੋਂ ਖਿਲਾਫ ਕੰਮ ਕਰਨ ਵਾਲੇ ਨੂੰ ਬ੍ਰਾਦਰੀ ਚੋਂ ਨਿਖੇੜ ਦਿੰਦੇ ਸਨ। ਇਸ ਤਰ੍ਹਾਂ ਸਾਰੀ ਆਯੂ ਅਪਣੀ ਅਨੰਦ ਪੂਰਵਕ ਬਿਤੀਤ ਕਰ ਕੇ ਸੰਨ ੧੯੬੭ ਅਗਸਤ ੧੬ ਮੁਤਾਬਿਕ ਸੰਮਤ ੧੯੨੪ ਭਾਦੋਂ ਚਾਰ ਨੂੰ ਅਪਣੀ ਸਾਰੀ ਜਾਇਦਾਦ ੨੭ ਕਨਾਲ ਜ਼ਮੀਨ, ਗੁਫਾ, ਤਾਲਾਬ ਦੀ ਵਸੀਅਤ ਅਪਣੇ ਚੇਲੇ ਸੰਤ ਭਾਗ ਸਿੰਘ ਜੀ ਦੇ ਨਾਂ ਕਰਾਕੇ ਆਪ ਪ੍ਰਲੋਕ ਗਮਨ ਕਰ ਗਏ।

## ਸ਼੍ਰੀ ਸੰਤ ਭਾਈ ਭਾਗ ਸਿੰਘ ਜੀ

ਆਪ ਦਾ ਜਨਮ ਢੁਡਿਆਲ ਦਾ ਸੀ, ਪਿਤਾ ਦਾ ਨਾਮ ਭਾਈ ਲਾਲ ਸਿੰਘ ਜੀ, ਛੋਟੀ ਉਮਰ ਵਿਚ ਸੰਤਾਂ ਪਾਸ ਆਏ। ਸੇਵਾ ਕਰਦੇ ਪੜ੍ਹਦੇ ਰਹੇ, ੨੫ ਵਰ੍ਹੇ ਸੇਵਾ ਕਰਨ ਤੋਂ ਬਾਅਦ ਮਹੰਤ ਹੋਏ। ਆਪ ਨੇ ਅਸਥਾਨ ਦੀ ਬੜੀ ਤਰੱਕੀ ਕੀਤੀ। ਡੇਰਾ ਬਣਾਇਆ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਕਥਾ ਪ੍ਰਸੰਗ ਦਾ ਸਿਲਸਿਲਾ ਜਾਰੀ ਕੀਤਾ। ਨਗਰ

ਦੇ ਸੈਂਕੜੇ ਆਦਮੀ ਪੜ੍ਹਾਏ, ਗ੍ਰੰਥ ਕਰਤਾ ਭੀ ਆਪ ਦਾ ਬੜਾ ਰਿਣੀ ਹੈ। ਆਪ ਦੇ ਪਾਸੋਂ ਹੀ ਪੜ੍ਹਦਾ ਰਿਹਾ ਹੈ। ਬੜੇ ਨਿਮ੍ਰਤਾ ਵਾਲੇ ਸਾਧੂ ਸਨ। ਭਿਛਿਆ ਮੰਗ ਕੇ ਆਏ ਗਏ ਦੀ ਸੇਵਾ ਕਰਦੇ ਹੁੰਦੇ ਸਨ। ਵਿਸਾਖੀ ਹਮੇਸ਼ਾਂ ਕਟਾਸਰਾਜ ਜਾਂ ਪੰਜੇ ਸਾਹਿਬ ਕਰਦੇ, ਨਗਰ ਵਿਚ ਬੜਾ ਸਤਿਕਾਰ ਸੀ, ਲੋਕੀ ਭੈ ਖਾਂਦੇ ਸਨ। ਆਪ ਦੇ ਚੇਲੇ ਭਾਈ ਗੁਰਦਿਤ ਸਿੰਘ ਤੇ ਨਥਾ ਸਿੰਘ ਜੀ ਜੋ ਭਤੀਜੇ ਵੀ ਲਗਦੇ ਸਨ। ਇਨ੍ਹਾਂ ਦੇ ਨਾਂ ਆਪ ਨੇ ਸਾਰੀ ਜਾਇਦਾਦ ਦੀ ਵਸੀਅਤ ਸੰਮਤ ੧੯੫੯ ਭਾਦੋਂ ੨੭ ਨੂੰ ਕਰਾ ਦਿਤੀ ਸੀ। ਇਹ ਦੋਵੇਂ ਆਪ ਦੀ ਸੇਵਾ ਕਰਦੇ ਰਹੇ। ਸੰਮਤ ੧੯੬੪ ਵਿਚ ਜਦ ਤਾਊਨ ਦੀ ਬੀਮਾਰੀ ਪਈ ਤਾਂ ਇਹ ਦੋਵੇਂ ਇਕੱਠੇ ਹੀ ਗੁਜ਼ਰ ਗਏ। ਉਸ ਮੌਕੇ ਆਪ ਪੰਜੇ ਸਾਹਿਬ ਚਲੇ ਗਏ, ਪਰ ਰਬ ਦੀ ਨੇਤ ਆਪ ਭੀ ਸੰਤ ਭਾਈ ਨਿਹਾਲ ਸਿੰਘ ਜੀ ਦੇ ਡੇਰੇ ਜਾ ਕੇ ਵਿਸਾਖ ਪੂਰਨਮਾਸ਼ੀ ਵਾਲੇ ਦਿਨ ਗੁਜ਼ਰ ਗਏ।

ਪਿਛੋਂ ਆਪ ਦੇ ਭਾਈ, ਭਾਈ ਜਵਾਲਾ ਸਿੰਘ ਜੀ ਅਸਥਾਨ ਦਾ ਪ੍ਰਬੰਧ ਕਰਦੇ ਰਹੇ। ਇਹ ਭੀ ਸੰਮਤ ੧੯੭੫ ਜੇਠ ਦੀ ਸੰਗ੍ਰਾਂਦ ਵਾਲੇ ਦਿਨ ਆਪਣੇ ਸਪੁੱਤ੍ਰ ਭਾਈ ਬੂਟਾ ਸਿੰਘ ਜੀ ਨੂੰ ਸੇਵਾ ਸਪੁਰਦ ਕਰ ਕੇ ਚਲਾਣਾ ਕਰ ਗਏ।

## ਸ੍ਰੀ ਭਾਈ ਬੂਟਾ ਸਿੰਘ ਜੀ

ਸਪੁੱਤ੍ਰ ਭਾਈ ਜਵਾਲਾ ਸਿੰਘ ਜੀ, ਆਪ ਛੋਟੀ ਉਮਰ ਦੇ ਸਨ, ਜਦ ਆਪ ਦੇ ਦੋਵੇਂ ਭਰਾ ਸੰਮਤ ੧੯੬੪ ਵਿਚ ਗੁਜ਼ਰ

ਗਏ ਸਨ। ਬਾਅਦ ਦਸ ਯਾਰਾਂ ਵਰ੍ਹੇ ਆਪ ਦੇ ਪਿਤਾ ਭਾਈ ਜਵਾਲਾ ਸਿੰਘ ਜੀ ਡੇਰੇ ਦਾ ਪ੍ਰਬੰਧ ਕਰਦੇ ਰਹੇ, ਜਦ ਓਹ ਸੰਮਤ ੧੯੭੫ ਵਿਚ ਗੁਜ਼ਰ ਗਏ ਤਾਂ ਆਪ ਦੇ ਹਥ ਪ੍ਰਬੰਧ ਆਇਆ, ਆਪ ਨੇ ਬੜੀ ਸਿਆਣਪ ਨਾਲ ਡੇਰੇ ਦਾ ਕੰਮ ਚਲਾਇਆ, ਕਈ ਮਕਾਨ ਬਣਾਏ। ਅਕਾਲੀ ਤਹਿਰੀਕ ਵਿਚ ਭੀ ਆਪ ਨੇ ਮਿੱਠੀ ਰੀਤੀ ਨਾਲ ਅਪਣਾ ਅਸਥਾਨ ਬਣਾਈ ਰਖਿਆ, ਦੋ ਸ਼ਾਦੀਆਂ ਕੀਤੀਆਂ ਇਕ ਮਰ ਗਈ ਹੈ, ਚਾਰ ਪੰਜ ਲੜਕੇ ਲੜਕੀਆਂ ਹਨ, ਸੁਭਾ ਦੇ ਮਿਲਣਸਾਰ ਸਨ, ਸ਼ਹਿਰ ਨਾਲ ਰਸੂਖ ਸੀ, ਆਏ ਗਏ ਪ੍ਰਦੇਸੀ ਦੀ ਤਨ ਦੇ ਕੇ ਸੇਵਾ ਕਰਦੇ ਸਨ। ਡੇਰੇ ਆਏ ਸਾਧ ਸੰਤ ਨੂੰ ਵੇਖ ਪ੍ਰਸੰਨ ਹੁੰਦੇ ਸਨ। ਲੋਕੀ ਆਪ ਨੂੰ ਇੱਜ਼ਤ ਦੀ ਨਿਗਾਹ ਨਾਲ ਵੇਖਦੇ ਸਨ। ਕਈ ਵਰ੍ਹੇ ਦਿਲੀ ਰਹੇ ਅੰਤ ਨੂੰ ਲੁਧਿਆਣੇ ਜਾ ਕੇ ਗੁਜ਼ਰ ਗਏ।

# ਡੇਰਾ ਨਾਰੰਗ

(ਜ਼ਿਲਾ ਜੇਹਲਮ)

## ਸ਼੍ਰੀ ਸੰਤ ਭਾਈ ਚੇਤ ਸਿੰਘ ਜੀ

ਚੇਲੇ ਮਹਾਰਾਜ ਠਾਕੁਰ ਮੱਲਾ ਸਿੰਘ ਜੀ, ਆਪ ਕਈ ਵਰ੍ਹੇ ਮੰਗਵਾਲ ਰਹਿਕੇ ਸ੍ਰੀ ਠਾਕੁਰ ਜੀ ਦੀ ਸੇਵਾ ਕਰਦੇ ਰਹੇ। ਕਿਸੇ ਦੁਖੀ ਨੂੰ ਵੇਖ ਆਪ ਦਾ ਦਿਲ ਦਰੱਵੀ ਭੂਤ ਹੋ ਜਾਂਦਾ ਸੀ, ਅਖੀਰ ਆਪ ਨੂੰ ਇਹ ਵਰ ਦੇਕੇ ਨਾਰੰਗ ਤੋਰ

ਦਿਤਾ, ਕਿ ਜੇ ਕੋਈ ਹੰਝੀਰਾਂ ਵਾਲਾ ਰੋਗੀ ਤੇਰੇ ਪਾਸ ਆਵੇਗਾ, ਸ਼ਫਾ ਪਾਕੇ ਜਾਵੇਗਾ, ਇਸ ਤਰ੍ਹਾਂ ਆਪ ਸੰਤਾਂ ਦੀ ਆਗਿਆ ਨਾਲ ਨਾਰੰਗ ਆਏ, ਡੇਰਾ ਬਣਾਇਆ, ਭਜਨ ਪਾਠ ਵਿਚ ਆਯੂ ਬਿਤੀਤ ਕੀਤੀ, ਅੰਤ ਆਪਣੇ ਚੇਲੇ ਸੰਤ ਗੁਲਾਬ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੧੦ ਵਿਚ ਗੁਜ਼ਰ ਗਏ।

## ਸ੍ਰੀ ਸੰਤ ਭਾਈ ਗੁਲਾਬ ਸਿੰਘ ਜੀ

ਆਪ ਚੰਗੇ ਸਿਧ ਲੋਕ ਹੋਏ ਹਨ, ਭਜਨ ਪਾਠ ਨਿਤ ਨੇਮ ਵਿਚ ਰਹਿੰਦਿਆਂ ਹੋਇਆਂ ਸੰਮਤ ੧੯੭੪ ਵਿਚ ਗੁਰਪੁਰੀ ਸਿਧਾਰ ਗਏ। ਆਪ ਦੇ ਪਿਛੋਂ **ਭਾਈ ਦਿਆਲ ਸਿੰਘ ਜੀ** ਹੋਏ ਜੋ ੧੯੮੫ ਚੇਤਰ ਵਿਚ ਸਮਾਏ। ਅਜ ਕਲ **ਭਾਈ ਤਾਰਾ ਸਿੰਘ ਜੀ** ਹਨ ਜੋ ਅਪਣੇ ਆਪ ਨੂੰ ਗ੍ਰਿਸਥੀ ਸਦਾਉਂਦੇ ਹਨ।

# ਧਰਮਸਾਲਾ ਪਿਸ਼ੌਰੀਆਂ

(ਅੰਮ੍ਰਿਤਸਰ)

## ਸ੍ਰੀ ਸੰਤ ਭਾਈ ਸਵਾਯਾ ਸਿੰਘ ਜੀ

ਚੇਲੇ ਮਹਾਰਾਜ ਸੰਤ ਸੇਵਕ ਸਿੰਘ ਜੀ ਪਿਸ਼ੌਰ ਵਾਲਿਆਂ ਦੇ, ਆਪ ਦਾ ਜਨਮ ੧੭੭੫ ਸੰਮਤ ਵਿਚ ਹੋਇਆ। ੧੫-੧੬ ਸਾਲ ਦੀ ਉਮਰ ਵਿਚ ਸੰਤਾਂ ਪਾਸ ਆਏ। ਪਹਿਲਾਂ ਪਿਸ਼ੌਰ ਹੀ ਕੋਲ ਰਹਿਕੇ ਸੇਵਾ ਕਰਦੇ ਰਹੇ, ਬਾਅਦ ਸੰਸਾਰ

ਵਲੋਂ ਉਮਰਾਮਤਾ ਰਖਦੇ ਹੋਏ ਸਾਧੂ ਬ੍ਰਿਤੀ ਵਿਚ ਸੰਤਾਂ ਨਾਲ ਕੈਮਲਪੁਰ, ਅਟਕ ਕੋਹਾਟ ਦੇ ਇਲਾਕੇ ਵਿਚ ਵਿਚਰਦੇ ਹੋਏ ਭੁਟਯੋਟ ਨਗਰ ਤੋਂ ਤ੍ਰੈ ਮੀਲ ਇਕ ਰੋਡਾ ਪਹਾੜੀ ਦੇ ਜਿਥੇ ਸੰਤਾਂ ਤਪ ਕਰਦਿਆਂ ਪਿਛਲੀ ਸਾਰੀ ਉਮਰ ਗੁਜ਼ਾਰੀ, ਉਥੇ ਜਾ ਰਹੇ, ਸੇਵਾ ਕਰਦੇ ਰਹੇ।

ਫਿਰ ਯਾਤਰਾ ਲਈ ਸੰਮਤ ੧੯੦੨ ਵਿਚ ਸ੍ਰੀ ਅੰਮ੍ਰਿਤਸਰ ਜੀ ਆਏ, ਸਤਿਸੰਗੀਆਂ ਦੇ ਪ੍ਰੇਮ ਕਰਕੇ ਟਿਕ ਗਏ, ਆਪ ਦੀ ਫਕੀਰਾਨਾ ਜ਼ਿੰਦਗੀ ਤੇ ਸੁੰਦਰ ਉਪਦੇਸ਼ ਪੁਰ ਲੋਕੀ ਇਤਨੇ ਖੁਸ਼ ਹੋਏ, ਜੋ ਸੈਂਕੜਿਆਂ ਦੀ ਗਿਣਤੀ ਵਿਚ ਸੇਵਕ ਹੋ ਗਏ, ਸਮਾਂ ਪਾ ਕੇ ਸਫੈਦ ਜ਼ਮੀਨ ਮੁਲ ਲਿਤੀ, ਸੁੰਦਰ ਅਸਥਾਨ ਬਣਾਇਆ, ਚੂੰਕਿ ਆਪ ਪਿਸ਼ੌਰ ਦੇ ਰਹਿਣ ਵਾਲੇ ਸਨ, ਜਿਸ ਕਰਕੇ ਇਹ ਧਰਮਸਾਲਾ ਪਿਸ਼ੌਰੀਆਂ ਦੇ ਨਾਂ ਤੇ ਪ੍ਰਸਿਧ ਹੋ ਗਈ, ਖੂਬ ਸਤਿਸੰਗ ਦਾ ਪ੍ਰਵਾਹ ਚਲਾਇਆ, ਬੜਾ ਪ੍ਰਤਾਪ ਵਧਿਆ, ਧਰਮਸਾਲਾ ਤੋਂ ਅਲੱਗ ਹੋਰ ਬਹੁਤ ਸਾਰੀ ਜਾਇਦਾਦ ਪੈਦਾ ਕੀਤੀ, ਆਟੇ ਬਾਜ਼ਾਰ ਵਿਚ ਇਕ ਬੜੀ ਭਾਰੀ ਧਰਮਸਾਲਾ ਜੋ ਇਸ ਵੇਲੇ ਪਿਸ਼ੌਰੀਆਂ ਦੇ ਨਾਂ ਤੇ ਪ੍ਰਸਿਧ ਹੈ ਓਹ ਵੀ ਆਪ ਨੇ ਬਣਾਈ, ਜਿਤਨਾ ਚਿਰ ਰਹੇ, ਬੜਾ ਸਨਮਾਨ ਪਾਇਆ, ਭੇਖ ਵਿਚ ਇਜ਼ਤ ਹਾਸਲ ਕੀਤਾ। ਅਖੀਰ ਆਪਣੇ ਸ਼ਿਸ਼ ਸੰਤ ਸੁਜਾਨ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ੯੦ ਵਰ੍ਹੇ ਦੀ ਉਮਰ ਵਿਚ ਸੰਮਤ ੧੯੬੫ ਭਾਦਰੋਂ ਪੂਰਨਮਾਸ਼ੀ ਵਾਲੇ ਦਿਨ ਗੁਰਪੁਰੀ ਸਿਧਾਰ ਗਏ। ਆਪ ਦੀ ਸਮਾਧ ਅੰਦਰ ਬਣੀ ਹੋਈ ਮੌਜੂਦ ਹੈ।

## ਮਹੰਤ ਭਾਈ ਸੁਜਾਨ ਸਿੰਘ ਜੀ

ਆਪ ਦਾ ਜਨਮ ਧੰਨੀ ਪੁਠੋਹਾਰ ਦਾ ਸੀ, ਅੰਮ੍ਰਿਤਸਰ ਯਾਤ੍ਰਾ ਲਈ ਆਏ। ਸੰਤਾਂ ਦੇ ਸੇਵਕ ਹੋ ਗਏ। ਸਾਧੂ ਬ੍ਰਿਤੀ ਵਿਚ ਸੇਵਾ ਕਰਦੇ ਨਾਲ ਪੜ੍ਹਦੇ ਰਹੇ। ਚੰਗੀ ਧਾਰਨਾ ਵਾਲੇ ਸਾਧੂ ਪ੍ਰਸਿੱਧ ਹੋਏ। ਸੰਤਾਂ ਦੀ ਪੈਦਾ ਕੀਤੀ ਜਾਇਦਾਦ ਦੀ ਚੰਗੀ ਸੰਭਾਲ ਕੀਤੀ। ਇਸ ਤੋਂ ਸਿਵਾ ਇਕ ਹੋਰ ਤਰਨ ਤਾਰਨ ਸਾਹਿਬ ਅਪਨੀ ਨਿਜ ਜ਼ਮੀਨ ਲੈਕੇ ਔਧਾ ਬੁੰਗਾ ਬਣਵਾਇਆ। ਆਪ ਦੇ ਦੋ ਸ਼ਿਸ਼ ਸੰਤ ਭਾਨ ਸਿੰਘ ਸੰਤ ਧਰਮ ਸਿੰਘ ਜੀ ਸਨ, ਇਨ੍ਹਾਂ ਵਿਚੋਂ ਸੰਤ ਭਾਨ ਸਿੰਘ ਜੀ ਨੂੰ ਅਸਥਾਨ ਦਾ ਮਹੰਤ ਨਿਯਤ ਕਰ ਕੇ ਸੰਮਤ ੧੯੭੨ ਵਿਚ ਆਪ ਸਮਾ ਗਏ।

## ਮਹੰਤ ਭਾਨ ਸਿੰਘ ਜੀ

ਆਪ ਦਾ ਸੇਵਾ ਕਰਨ ਵਾਲਾ ਚੰਗਾ ਸੁਭਾਵ ਸੀ ਸੰਤਾਂ ਮਗਰੋਂ ਭੀ ਆਏ ਗਏ ਸਾਧ ਸੰਤ ਨਾਲ ਚੰਗਾ ਪਿਆਰ ਕਰਦੇ ਰਹੇ, ਪਰ ਰੱਬ ਦੀ ਨੇਤ ਕੇਵਲ ਦੋ ਤਿੰਨ ਵਰ੍ਹੇ ਮਹੰਤੀ ਕਰ ਕੇ ੧੯੭੫ ਸੰਮਤ ਵਿਚ ਗੁਜ਼ਰ ਗਏ। ਪਿਛੋਂ ਭੇਖ ਤੇ ਸੰਪ੍ਰਦਾਈ ਮਹਾਤਮਾ ਦੀ ਸਲਾਹ ਨਾਲ ਆਪ ਦੇ ਗੁਰਭਾਈ ਸੰਤ ਧਰਮ ਸਿੰਘ ਜੀ ਮਹੰਤ ਹੋਏ।

## ਮਹੰਤ ਧਰਮ ਸਿੰਘ ਜੀ

ਆਪ ਦਾ ਸਰੀਰ ਵੀ ਧੰਨੀ ਪੁਠੋਹਾਰ ਦਾ ਸੀ, ਵਡੇ ਸੰਤਾਂ ਵੇਲੇ ਡੇਰੇ ਆਏ। ਦਿਲ ਦੇ ਕੇ ਸੇਵਾ ਕਰਦੇ ਰਹੇ। ਆਪਣੇ ਗੁਰਭਾਈ ਮਹੰਤ ਭਾਨ ਸਿੰਘ ਜੀ ਦੇ ਗੁਜ਼ਰ ਜਾਣ ਤੋਂ ਬਾਅਦ

ਮਹੰਤ ਬਣੇ, ਸਾਧੂ ਸਮਾਜ ਨਾਲ ਚੰਗਾ ਮਿਲਾਪ ਰਖਿਆ। ਤਰਨ ਤਾਰਨ ਸਾਹਿਬ ਅੱਧਾ ਬੁੰਗਾ ਆਪ ਨੇ ਤਿਆਰ ਕਰਵਾਇਆ। ਆਪ ਦੇ ਦੋ ਚੇਲੇ ਇਕ ਸੰਤ ਤਾਰਾ ਸਿੰਘ ਜੀ ਜੋ ਇਸ ਵੇਲੇ ਬਾਬਾ ਅਟਲ ਸਾਹਿਬ ਜੀ ਦੇ ਸਾਹਮਣੇ ਸਮਾਧ ਵਿਚ ਰਹਿੰਦੇ ਹਨ। ੯੨ ਸਾਲ ਦੀ ਉਮਰ ਵਿਚ ਹਨ। ਦੂਜੇ ਸੰਤ ਹੀਰਾ ਸਿੰਘ ਜੀ ਸਨ। ਜਿਨ੍ਹਾਂ ਦੇ ਨਾਂ ਸਾਰੀ ਜਾਇਦਾਦ ਦੀ ਵਸੀਅਤ ਕਰਾ ਕੇ ਅਖੀਰ ਸੰਮਤ ੧੯੩੨ ਵਿਚ ਆਪ ਚੜ੍ਹਾਈ ਕਰ ਗਏ।

## ਮਹੰਤ ਹੀਰਾ ਸਿੰਘ ਜੀ

ਆਪ ਦਾ ਜਨਮ ਪਿੰਡ ਸਤੋਕੀ ਜਿ: ਲਾਹੌਰ ਦਾ ਸੀ। ਸੰਮਤ ੧੯੦੨ ਵਿਚ ਸਣੇ ਪ੍ਰਵਾਰ ਸ੍ਰੀ ਅੰਮ੍ਰਿਤਸਰ ਜੀ ਆਏ, ਡੇਰੇ ਰਹਿੰਦੇ ਸੇਵਾ ਕਰਦੇ ਸਾਧੂ ਹੋ ਗਏ। ਸੰਮਤ ੧੯੩੨ ਵਿਚ ਮਹੰਤ ਬਣੇ। ਜਿਤਨਾ ਚਿਰ ਸਰੀਰ ਰਹਿਆ ਡੇਰੇ ਅਤੇ ਨਾਲ ਲਗਵੀਂ ਜਾਇਦਾਦ ਦਾ ਚੰਗਾ ਪ੍ਰਬੰਧ ਕੀਤਾ ਆਖੀਰ ਆਪਣੇ ਚੇਲੇ ( ਸਕੇ ਦੋਹਤ੍ਰੇ ) ਸੰਤ ਸੇਵਾ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੪੭ ਵਿਚ ਸਮਾ ਗਏ।

## ਮਹੰਤ ਸੇਵਾ ਸਿੰਘ ਜੀ

ਆਪ ਮਹੰਤ ਹੀਰਾ ਸਿੰਘ ਜੀ ਦੇ ਸਕੇ ਦੋਹਤ੍ਰੇ ਲਗਦੇ ਹਨ, ਬਾਲ ਅਵਸਥਾ ਤੋਂ ਹੀ ਪਾਸ ਰਹੇ। ਸੇਵਾ ਕਰਦੇ ਰਹੇ, ਮਹੰਤ ਅਸਥਾਪਨ ਹੋਏ, ਪਰ ਡੇਰੇ ਦੀ ਪੁਰਾਤਨ ਮ੍ਰਿਯਾਦਾ ਵਲ ਚੰਗੀ ਤਰ੍ਹਾਂ ਖਿਆਲ ਨਾ ਦਿਤਾ। ਜਿਸ ਕਰ ਕੇ ਰੋਜ਼ ਆਉਣ

ਜਾਣ ਵਾਲੀ ਸੰਗਤ ਆਪ ਦੇ ਉਲਟ ਹੋ ਗਈ ਬਲਕਿ ਮਿਲਵੀਂ ਸਲਾਹ ਨਾਲ ਆਪ ਨੂੰ ਹਟਾ ਕੇ ਆਪ ਦੇ ਗੁਰਭਾਈ ਸੰਤ ਨਥਾ ਸਿੰਘ ਜੀ ਦਾ ਪਹਿਲਾਂ ਕਬਜ਼ਾ ਕਰਾ ਦਿਤਾ। ਜੋ ਸਮੇਂ ਬਾਅਦ ਉਸ ਨੂੰ ਭੀ ਜਵਾਬ ਦੇ ਕੇ ਫਿਰ ਆਪ ਪ੍ਰਬੰਧ ਹਥ ਵਿਚ ਲੈ ਲਿਤਾ। ਹੁਣ ਇਸ ਵੇਲੇ ਧਰਮਸਾਲਾ ਤੇ ਸਾਰੀ ਜਾਇਦਾਦ ਉਤੇ ਪਿਸ਼ੌਰ ਕਮੇਟੀ ਦਾ ਕਬਜ਼ਾ ਹੈ ਬਲਕਿ ਸਾਰਾ ਪ੍ਰਬੰਧ ਹੀ ਉਸਦੇ ਹਥ ਵਿਚ ਹੈ। ਧਰਮਸਾਲਾ ਵਿਚ ਸ੍ਰੀ ਮਾਨ ਸੰਤ ਰਾਮ ਸਿੰਘ ਜੀ ਲੰਮੀਆਂ ਵਾਲੇ ਰਹਿੰਦੇ ਹਨ, ਅਤੇ ਮਹੰਤ ਸੇਵਾ ਸਿੰਘ ਜੀ ਅਭਜਾਗਤੀ ਠਾਠ ਵਿਚ ਕਿਤੇ ਦੂਸਰੀ ਥਾਂ ਗੁਜ਼ਰਾਨ ਕਰਦੇ ਹਨ।

## ਸ੍ਰੀ ਪੰਡਿਤ ਰਾਮ ਸਿੰਘ ਜੀ

ਚੇਲੇ ਸ੍ਰੀ ਮਾਨ ਪੰਡਿਤ ਗੁਰਮੁਖ ਸਿੰਘ ਜੀ, ਲੰਮੀਆਂ ਜਾਗੀਰ, ਆਪ ਛੋਟੀ ਉਮਰ ਵਿਚ ਡੇਰੇ ਆਏ, ੧੫-੧੬ ਵਰ੍ਹੇ ਲਗਾਤਾਰ ਸੇਵਾ ਕਰਦੇ ਨਾਲ ਪੜ੍ਹਦੇ ਰਹੇ। ਬਾਅਦ ਕਈ ਵਰ੍ਹੇ ਸ੍ਰੀ ਅੰਮ੍ਰਿਤਸਰ, ਹਰਦੁਆਰ ਆਦਿ ਤੀਰਥਾਂ ਪੁਰ ਵਿਚਰਦੇ ਹੋਏ ਪੜ੍ਹਦਿਆਂ ਪੜ੍ਹਾਉਂਦਿਆਂ ਵਿਦਵਾਨ ਪ੍ਰਸਿੱਧ ਹੋ ਗਏ। ਸੰਮਤ ੧੯੭੫-੭੬ ਵਿਚ ਆਪ ਸੰਤੋਖਸਰ ਵਾਲੀ ਧਰਮਸਾਲਾ ਪਿਸ਼ੌਰੀਆਂ ਦੇ ਮਹੰਤ ਨੀਯਤ ਹੋਏ। ਆਏ ਗਏ ਦੀ ਚੰਗੀ ਸੇਵਾ ਕਰਦੇ ਰਹੇ। ੫੨-੫੩ ਸਾਲ ਦੀ ਉਮਰ ਵਿਚ ਸਨ, ਰਹਿਣੀ ਬਹਿਣੀ ਹੱਛੀ ਸੀ, ਪੁਰਾਤਨ ਮ੍ਰਿਯਾਦਾ ਅਨੁਸਾਰ ਜ਼ਿੰਦਗੀ ਬਤੀਤ ਕਰਦੇ ਰਹੇ। ਸੁਭਾ ਦੇ ਨਿਰਮਾਣ ਤੇ ਮਿਲਣ-ਸਾਰ ਸਾਧੂ ਸਨ।

ੴ ਸਤਿਗੁਰ ਪ੍ਰਸਾਦਿ ॥

# ਸੰਪ੍ਰਦਾਯ ਕੁਮੇਰੀਆਂ

ਸ੍ਰੀ ਬਾਬਾ ਧਰਮ ਸਿੰਘ ਜੀ ਨੇ ਪੰਜਾਂ ਪਿਆਰਿਆਂ ਨਾਲ ਅੰਮ੍ਰਿਤ ਛਕਿਆ, ਜਿਨ੍ਹਾਂ ਦਾ ਜੀਵਨ 'ਨਿਰਮਲ ਪੰਥ ਦਰਸ਼ਨ' ਦੇ ਪਹਿਲੇ ਹਿੱਸੇ ਵਿਚ ੧੪੬ ਪੁਰ ਆ ਚੁਕਾ ਹੈ। ਇਨ੍ਹਾਂ ਦੇ ਉਪਦੇਸ਼ੀ ਸ੍ਰੀ ਪੰਡਿਤ ਕਰਮ ਸਿੰਘ ਜੀ ਹੋਏ, ਜਿਨ੍ਹਾਂ ਦਾ ਜੀਵਨ ਇਸੇ ਪੁਸਤਕ ਵਿਚ ਛਪ ਚੁਕਾ ਹੈ। ਅਗੇ ਆਪ ਦੇ ਸ਼ਿਸ਼ ਸ੍ਰੀ ਪੰਡਿਤ ਮਾਨ ਸਿੰਘ ਜੀ ਕੁਬੇਰ ਵਾਲੇ ਹੋਏ।

## ਸ੍ਰੀ ਪੰਡਿਤ ਮਾਨ ਸਿੰਘ ਜੀ (ਦਿਗਵਿਜਯ)

ਆਪ ਨਿਰਮਲ ਪੰਥ ਵਿਚ ਇਕ ਉਘੇ ਵਿਦਵਾਨ ਉਚੀ ਸੁਚੀ ਤੇ ਰਹਿਣੀ ਬਹਿਣੀ ਵਾਲੇ ਹੋਏ ਹਨ। ਪਹਿਲਾਂ ਕਈ ਵਰ੍ਹੇ ਪੜ੍ਹਦੇ ਰਹੇ। ਬਾਅਦ ਕੁਝ ਸਮਾਂ ਤੀਰਥ ਯਾਤ੍ਰਾ ਕਰਦਿਆਂ ਬਿਤੀਤ ਕੀਤਾ। ਆਖਰ ਕੁਰੂਖੇਤ੍ਰ ਫੂਲ ਪ੍ਰਾਚੀ ਵਿਚ ਆਸਣ ਜਮਾ ਲਿਤਾ। ਬਹੁਤਾ ਚਿਰ ਭਜਨ ਬੰਦਗੀ ਵਿਚ ਸਮਾ ਗੁਜ਼ਾਰਦੇ ਤੇ ਆਏ ਯਾਤਰੂਆਂ ਦਾ ਸਨਮਾਨ ਅਤੇ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਸਿਧਾਂਤ ਤੋਂ ਜਾਣੂ ਕਰਦੇ। ਸਤਿਸੰਗ ਦਾ ਸਿਲਸਿਲਾ ਹਰ ਵੇਲੇ ਜਾਰੀ ਰਹਿੰਦਾ। ਆਪ ਨੂੰ ਉਚ ਕੋਟੀ ਦੇ ਫਕੀਰ ਸਮਝ ਕੇ ਦੂਰੋਂ ਦੂਰੋਂ ਸਿਖ ਸੇਵਕ ਦਰਸ਼ਨ ਕਰਨ ਲਈ ਆਉਂਦੇ ਤੇ ਲਾਭ ਪ੍ਰਾਪਤ ਕਰਦੇ। ਆਪ ਦੇ ਕਈ ਸ਼ਿਸ਼ ਮਹਾਂ

ਪੁਰਸ਼ ਸ੍ਰੀ ਮਹੰਤ ਰਾਮ ਜੀ ਪੰ: ਗੁਲਾਬ ਸਿੰਘ ਜੀ, ਮਹਾਰਾਜ ਦੇਸਾ ਸਿੰਘ ਜੀ,ਬਾਬਾ ਦਰਗਾਹ ਸਿੰਘ ਜੀ ਬਾਬਾ ਅਘੜ ਸਿੰਘ ਜੀ ਸੰਤ ਗੜਜਾ ਸਿੰਘ ਜੀ ਆਦਕ ਹੋਏ। ਜਿਨ੍ਹਾਂ ਦੁਾਬੇ ਆਦਕ ਦੇਸ਼ਾਂ ਵਿਚ ਗੁਰੂ ਸਾਹਿਬ ਦਾ ਪ੍ਰਚਾਰ ਕੀਤਾ।

## ਸਾਬਕ ਸ਼੍ਰੀ ਮਹੰਤ ਸਾਹਿਬ ਪੰ: ਰਾਮ ਸਿੰਘ ਜੀ

### ਨਿਰਮਲ ਅਖਾੜਾ ਕਨਖਲ

ਇਹ ਗਲ ਅਜ ਤਕ ਪ੍ਰਸਿਧ ਹੈ ਕਿ ਆਪ ਭਜਨ ਦੀ ਮੂਰਤੀ ਤੇ ਇਕ ਨਿਰਝੱਕ ਮਹਾਂਪੁਰਸ਼ ਹੋ ਗੁਜ਼ਰੇ ਹਨ। ਆਪਦਾ ਜਨਮ ਵਡੇ ਚੋਮੇ ਰਿਆਸਤ ਪਟਿਆਲਾ ਵਿਚ ਸੰਮਤ ੧੮੭੨-੭੩ ਦੇ ਲਗ ਪਗ ਹੋਇਆ। ਛੋਟੀ ਉਮਰ ਵਿਚ ਹੀ ਰੱਬ ਨੇ ਹੌਂਸਲੇ ਵਾਲਾ ਦਿਲ ਦਿਤਾ। ਕੁਰੂ ਛੇਤ੍ਰ ਸੂਰਜ ਗ੍ਰਹਿਣ ਦੇ ਮੇਲੇ ਗਏ। ਯਾਤ੍ਰਾ ਕਰਦਿਆਂ ਪੰਡਿਤ ਮਾਨ ਸਿੰਘ ਜੀ ਦਿਆਂ ਚਰਨਾਂ 'ਚ ਪਹੁੰਚੇ। ਯਾਤਰਾ ਕਰਕੇ ਦਿਲ ਪ੍ਰਸੰਨ ਹੋ ਗਿਆ। ਸੇਵਾ ਕਰਦੇ ਪੜ੍ਹਦੇ ਰਹੇ। ਫਿਰ ਕਾਂਸ਼ੀ ਕਈ ਸਾਲ ਲਾ ਕੇ ਚੰਗੇ ਵਿਦ੍ਵਾਨ ਪੰਡਿਤ ਬਣ ਕੇ ਕੁਰੂਛੇਤ੍ਰ ਆਏ।

ਸੰਤਾਂ ਬਾਅਦ ਅਸਥਾਨ ਦਾ ਸੋਹਣਾ ਕੰਮ ਚਲਾਇਆ। ਕਈ ਵਿਦਿਆਰਥੀ ਪੜ੍ਹਾਏ ਤੇ ਗੁਰੂ ਘਰ ਦਾ ਪ੍ਰਚਾਰ ਕੀਤਾ। ਸੰਮਤ ੧੯੧੨ ਵਿਚ ਅਖਾਖਾ ਬਝਣ ਵੇਲੇ ਆਪ ਪਟਿਆਲੇ ਸਨ। ਸੰਮਤ ੧੯੨੯ ਵਿਚ ਆਪ ਸ੍ਰੀ ਮਹੰਤ ਅਸਥਾਪਿਤ ਹੋਏ। ਅਖਾੜੇ ਦਾ ਕੰਮ ਬੜੇ ਤਪ ਤੇਜ ਨਾਲ ਚਲਾਇਆ। ਪੁਜਾਰੀ ਨਿਹੰਗਾਂ ਤੇ ਰਾਜਿਆਂ ਨਾਲ ਮੁਕਾਬਲਾ ਹੁੰਦਾ ਰਿਹਾ। ਕਈ ਉਤਰਾ ਚੜ੍ਹਾ ਵੇਖੇ ਪਰ ਅਖੀਰ ਹਰ ਕੰਮ

ਵਿਚ ਕਾਮਯਾਬ ਰਹੇ। ਸੰਮਤ ੧੯੫੨ ਸਾਵਣ ੬ ਨੂੰ ਕਨਖਲ ਵਿਚ ਗੁਰਪੁਰੀ ਸਿਧਾਰ ਗਏ। ਆਪ ਦਾ ਵਿਸ਼ੇਸ਼ ਜੀਵਨ ਵਿਸਤਾਰ ਨਾਲ ਨਿਰਮਲ ਪੰਥ ਦਰਸ਼ਨ ਦੇ ਪਹਿਲੇ ਹਿਸੇ ਵਿਚ ਲਿਖਿਆ ਜਾ ਚੁਕਾ ਹੈ।

## ਸ਼੍ਰੀ ਮਹੰਤ ਸਾਹਿਬ ਪੰ: ਰਾਮ ਸਿੰਘ ਜੀ

### ਡੇਰਾ ਕੁਬੇਰ

ਆਪ ਤੋਂ ਬਾਅਦ ਇਸ ਅਸਥਾਨ ਦੇ ਅਸਥਾਨਾ ਪਤੀ **ਮਹੰਤ ਸ਼ਿਆਮ ਸਿੰਘ ਜੀ** ਹੋਏ। ਆਪ ਬੜੇ ਸੋਮ ਮੂਰਤੀ ਸਨ ਜਿਤਨਾ ਚਿਰ ਮਹੰਤ ਰਹੇ ਵਡੇ ਰਸੂਖ ਪਿਆਰ ਨਾਲ ਰਹੇ। ਆਏ ਗਏ ਸਾਧੂ ਸੰਤ ਦੀ ਨਿਰਮਾਨ ਹੋ ਕੇ ਸੇਵਾ ਕਰਦੇ ਰਹੇ। ਪਿਛੋਂ ਆਪ ਦੇ **ਮਹੰਤ ਲਹਿਣਾ ਸਿੰਘ ਜੀ** ਹੋਏ। ਜਿਨ੍ਹਾਂ ਅਸਥਾਨ ਦੀ ਚੰਗੀ ਸੰਭਾਲ ਰਖੀ। ਆਪ ਤੋਂ ਬਾਅਦ ਮਹੰਤ ਗੁਲਾਬ ਸਿੰਘ ਜੀ ਹੋਏ ਫਿਰ ਮਹੰਤ ਸੰਪੂਰਨ ਸਿੰਘ ਜੀ ਹੋਏ ਜੋ ਵਡੀ ਅਰਬਲਾ ਵਿਚ ਗੁਰਪੁਰੀ ਚੜ੍ਹਾਈ ਕਰ ਗਏ।

ਇਨ੍ਹਾਂ ਤੋਂ ਬਾਅਦ ਮਹੰਤ ਕਲਯਾਨ ਸਿੰਘ ਜੀ ਜਿਨ੍ਹਾਂ ਦਾ ਅਕਾਲੀਆਂ ਨਾਲ ਮੁਕਦਮਾ ਚਲਦਾ ਰਿਹਾ। ਆਪ ਦੇ ਦੋ ਚੇਲੇ ਅਨੂਪ ਸਿੰਘ ਤੇ ਸੰਤ ਅਮਰ ਸਿੰਘ ਜੀ (ਬਾਂਗਰੂ) ਜਿਨ੍ਹਾਂ ਦਾ ਜਨਮ ਜ਼ਿਲੇ ਮੇਰਠ ਦਾ ਹੈ, ਹੋਏ। ਸੰਤ ਅਮਰ ਸਿੰਘ ਜੀ ਪਟਿਆਲੇ ਮਕਾਨੀ ਮਹੰਤ ਦੋ ਵਰ੍ਹੇ ਟਿਕੇ ਰਹੇ। ਅਜਕਲ ਸੰਗਰੂਰ ਮਕਾਨੀ ਮਹੰਤ ਹਨ।

**ਮਹੰਤ ਪੂਰਨ ਸਿੰਘ ਜੀ** ਡੇਰਾ ਬਣੀ ਬਦਰਪੁਰ, ਆਪ ਖਾਸ ਚਿਰ ਬਣੀ ਬਦਰ ਪੁਰ ਡੇਰੇ ਵਿਚ ਰਹੇ ਪਿਛੋਂ ਆਪ ਦੇ ਸੰਤ ਨਿਹਾਲ ਸਿੰਘ ਜੀ ਮਹੰਤ ਟਿਕੇ ਰਹੇ।

**ਮਹੰਤ ਕੇਹਰ ਸਿੰਘ ਜੀ** ਡੇਰਾ ਕੌਂਕ ਪੁਰ, ਸਮੇਂ ਬਾਅਦ ਮਹੰਤ ਕੇਹਰ ਸਿੰਘ ਜੀ ਅਸਥਾਨਾ ਪਤੀ ਹੋਇ।

**ਮਹੰਤ ਭਗਵਾਨ ਸਿੰਘ ਜੀ** ਡੇਰਾ ਖਮਾਣੋ ਮਹੰਤ ਰਾਮ ਸਿੰਘ ਜੀ ਨੇ ਏਹ ਡੇਰਾ ਮਹੰਤ ਭਗਵਾਨ ਸਿੰਘ ਜੀ ਦੇ ਸਪੁਰਦ ਕੀਤਾ।

## ਮਹਾਰਾਜ ਭਾਗ ਸਿੰਘ ਜੀ (ਫਤੇ ਕੋਟ)

ਬਠਿੰਡੇ ਤੋਂ ਜਾਖਲ ਵਾਲੀ ਲਾਇਨ ਪੁਰ ਦੂਜਾ ਅਸਟੇਸ਼ਨ ਫਤੇ ਕੋਟ ਦਾ ਹੈ। ਪਹਿਲੇ ਮਹਾਰਾਜ ਭਾਗ ਸਿੰਘ ਜੀ ਹੋਏ ਬਾਅਦ ਯੋਗੀ ਰਾਮ ਸਿੰਘ ਜੀ ਹੋਏ। ਇਨ੍ਹਾਂ ਤੋਂ ਬਾਅਦ ਸੰਤ ਭਾਨ ਸਿੰਘ ਜੀ ਮਹੰਤ ਹੋਏ, ਫਿਰ ਮਹੰਤ ਈਸ਼ਰ ਸਿੰਘ ਜੀ। ਬਾਅਦ ਮਹੰਤ ਸਦਾ ਸਿੰਘ ਜੀ ਹੋਏ।

## ਸ਼੍ਰੀ ਪੰਡਿਤ ਗੁਲਾਬ ਸਿੰਘ ਜੀ

ਕੁਰੂਖੇਤ੍ਰ ਜ਼ਿ: ਕਰਨਾਲ

ਆਪ ਨਿਰਮਲ ਪੰਥ ਵਿਚ ਇਕ ਉਘੇ ਵਿਦਵਾਨ ਸੰਸਕ੍ਰਿਤ ਤੇ ਹਿੰਦੀ ਭਾਸ਼ਾ ਦੇ ਹੋ ਚੁਕੇ ਹਨ। ਜਿਨ੍ਹਾਂ ਦੇ ਰਚਿਤ

ਗ੍ਰੰਥ ਸ਼ੁਰੂ ਸ਼ੁਰੂ ਵਿਚ ਹਰ ਇਕ ਸਾਧੂ ਪੜ੍ਹਦਾ ਹੈ।

ਆਪਦਾ ਜਨਮ ਸੰਮਤ ੧੭੯੯ ਵਿਚ ਚਬੇ ਜ਼ਿਮੀਦਾਰਾਂ ਦੇ ਖਾਨਦਾਨ ਵਿਚ ਮਾਤਾ ਗੌਰੀ, ਪਿਤਾ ਰਾਇਆ ਜੀ ਦੇ ਗ੍ਰਿਹਿ ਵਿਖੇ ਪਿੰਡ ਸ਼ੇਖਵ (ਸ਼ੇਖਮ) ਤਸੀਲ ਚੂਣੀਆ ਥਾਣਾ ਸਰਾਏ ਮੁਗ਼ਲ ਜ਼ਿਲਾ ਲਾਹੌਰ ਵਿਚ ਹੋਇਆ। ਇਹ ਪਿੰਡ ਪਤੀ ਮੰਡੀ ਤੋਂ ਤਿੰਨ ਚਾਰ ਮੀਲ ਪੱਕੀ ਸੜਕ ਦੇ ਕਿਨਾਰੇ ਹੈ। ਕਚੀ ਕੋਠੀ ਤੋਂ ਕਰੀਬਨ ਚਾਰ ਮੀਲ ਹੈ। ਆਪ ਨੂੰ ਲੋਗੀ ਛੋਟੀ ਅਵਸਥਾ ਵਿਚ ਹੀ ਚੰਗੇ ਸਮਝਦਾਰ ਮੰਨਦੇ ਸਨ।

੨੦ ਵਰ੍ਹਿਆਂ ਦੇ ਹੋਏ ਤਾਂ ਮਾਤਾ ਪਿਤਾ ਜੀ ਦੇ ਨਾਲ ਕੁਰੂ ਖੇਤ੍ਰ ਯਾਤਰਾ ਲਈ ਆਏ। ਜਦ ਫੂਲ ਪ੍ਰਾਚੀ ਤਟ ਸ੍ਰੀ ਪੰਡਿਤ ਮਾਨ ਸਿੰਘ ਜੀ ਦੇ ਅਸਥਾਨ ਪੁਰ ਪਹੁੰਚੇ। ਉਨ੍ਹਾਂ ਦੀਆਂ ਭਗਤੀ ਭਾਵ ਦੀਆਂ ਗਲਾਂ ਸੁਣ ਕੇ ਬੜੇ ਪ੍ਰਸੰਨ ਹੋਏ। ਇਥੇ ਹੀ ਅਪਣਾ ਆਪ ਅਰਪਣ ਕਰ ਦਿਤਾ। ਮਾਤਾ ਪਿਤਾ ਜੀ ਦੇ ਨਾਲ ਵਾਪਸ ਪਿੰਡ ਨਾ ਗਏ। ਪੰਡਿਤ ਜੀ ਨੇ ਵੀ ਇਕ ਹੋਣਹਾਰ ਸਰੀਰ ਸਮਝ ਕੇ ਚਰਣੀ ਲਾ ਲਿਤਾ ਤੇ ਭਾਸ਼ਾ ਦੇ ਪੁਸਤਕ ਪੜ੍ਹਾਨੇ ਆਰੰਭ ਕਰ ਦਿਤੇ।

ਅਪਣਾ ਆਪ ਸੁਧਾਰਨ ਦੀ ਖਾਤਰ ਇਸ਼ਟ ਅਸਥਾਨ ਸਮਝ ਕੇ ਝਾੜੂ ਬਹਾਰੀ ਦੇਣਾ ਸ਼ੁਰੂ ਕਰ ਦਿਤਾ। ਪੰਡਿਤ ਜੀ ਨੇ ਵੀ ਆਪ ਦੀ ਇਛਾ ਵੇਖ ਕੇ ਸੰਸਕ੍ਰਿਤ ਪੜ੍ਹਨ ਲਈ ਉਤਸ਼ਾਹ ਦਿਤਾ। ਕਾਂਸ਼ੀ ਭੇਜ ਦਿਤੇ। ਸਰੁਸਵਤੀ ਦੇ ਮੰਤ੍ਰ ਜਾਪ ਕਰਨ ਨਾਲ ਆਪ ਨੂੰ ਸਰਸਵਤੀ ਸਿਧ ਸੀ। ਕਾਂਸ਼ੀ ਜਾ ਕੇ ਆਪ ਨੇ ਖਿਆਲ ਪ੍ਰਗਟ ਕੀਤੇ ਕਿ ਮੈਂ ਅਜਿਹੇ ਵਿਦਵਾਨ ਪੰਡਿਤ

ਪਾਸੋਂ ਪੜ੍ਹਨਾ ਚਾਹੁੰਦਾ ਹੈ ਜਿਹੜਾ ਕਈ ਵਰ੍ਹਿਆਂ ਦੀ ਵਿਦਿਆ ਛੇ ਮਹੀਨਿਆਂ ਵਿਚ ਪੜ੍ਹਾਏ। ਇਸ ਲਈ ਇਕ ਪੰਡਿਤ ਜੀ ਦੇ ਘਰ ਗੁਪਤ ਸੇਵਾ ਕਰਨੀ ਆਰੰਭ ਕਰ ਦਿਤੀ। ਲਕੜੀਆਂ ਦਾ ਭਾਰ ਸ਼ਾਮ ਨੂੰ ਘਰ ਵਿਚ ਸੁਟਣਾ ਤੇ ਗੋਹਾ ਥਪਣਾ ਰੋਜ਼ ਦਾ ਕੰਮ ਹੋ ਚੁਕਾ ਸੀ। ਛੇ ਮਹੀਨੇ ਨਿਰਮਾਣ ਹੋ ਠੇ ਸੇਵਾ ਕਰਦੇ ਰਹੇ। ਬ੍ਰਾਹਮਣੀ ਬੜੀ ਖੁਸ਼ ਹੋਈ ਤੇ ਪੰਡਿਤ ਜੀ ਅਗੇ ਸਫਾਰਸ਼ ਕੀਤੀ। ਭਾਵੇਂ ਪੰਡਿਤ ਜੀ ਨੇ ਪੜ੍ਹਾਨਾ ਛਡਿਆ ਹੋਇਆ ਸੀ, ਫਿਰ ਵੀ ਰੀਝ ਕੇ ਪੜ੍ਹਾਨਾ ਸ਼ੁਰੂ ਕਰ ਦਿਤਾ। ਕਈ ਵਰ੍ਹਿਆਂ ਦੀ ਵਿਦਿਆ ਅਰਥਾਤ ਸਾਰੇ ਸ਼ਾਸਤ੍ਰ ਛੇਆਂ ਮਹੀਨਿਆਂ ਵਿਚ ਸੁਣਾ ਦਿਤੇ। ਸਰੁਸਤੀ ਸਿਧ ਸੀ। ਇਸ ਲਈ ਸਾਰੀ ਵਿਦਿਆ ਸਫੁਰਣ ਹੋ ਗਈ। ਪੰਡਿਤ ਜੀ ਨੇ ਖੁਸ਼ੀ ਨਾਲ ਪਿਛੇ ਮੁੜਨ ਲਈ ਆਗਿਆ ਦਿਤੀ। ਕੁਰੂਖੇਤ੍ਰ ਆਏ, ਪੰਡਿਤ ਜੀ ਨੇ ਵੀ ਆਪ ਨੂੰ ਸਫਲਤਾ ਵਿਚ ਆਇਆਂ ਖੁਸ਼ੀ ਪ੍ਰਗਟ ਕੀਤੀ ਤੇ ਆਸ਼ੀਰਵਾਦ ਦਿਤੀ।

ਇਕ ਦਿਨ ਉਪਕਾਰ ਅਰਥ ਆਪ ਨੇ ਵਿਚਾਰ ਕੀਤਾ, ਕਿ ਸੰਸਕ੍ਰਿਤ ਗ੍ਰੰਥਾਂ ਕਰ ਕੇ ਜਿਹੜੇ ਸਰੀਰ ਲਾਭ ਨਹੀਂ ਉਠਾ ਸਕਦੇ, ਉਨ੍ਹਾਂ ਵਾਸਤੇ ਸੰਸਕ੍ਰਿਤ ਗ੍ਰੰਥ ਭਾਸ਼ਾ ਵਿਚ ਉਲਥਾ ਕਰਨੇ ਚਾਹੀਦੇ ਹਨ। ਸੋ ਸੰਤਾਂ ਦੀ ਆਗਿਆ ਨਾਲ ਸਰੁਸਤੀ ਦੇ ਕਿਨਾਰੇ ਬਹਿ ਕੇ ਹਿੰਦੀ ਭਾਸ਼ਾ ਤੇ ਕਵਿਤਾ ਵਿਚ ਪੁਸਤਕ ਲਿਖਣੇ ਆਰੰਭ ਕਰ ਦਿਤੇ।

ਕਹਿੰਦੇ ਹਨ ਕਿ ਆਪ ਨੇ ਤੀਹ ਚਾਲੀ ਵਰ੍ਹਿਆਂ ਵਿਚ ਅਨੇਕਾਂ ਪੁਸਤਕ ਲਿਖੇ ਜਿਨ੍ਹਾਂ ਨੂੰ ਵੇਖਕੇ ਕਈ ਬ੍ਰਾਹਮਣ ਘਬਰਾ

ਉਠੇ। ਮੌਕਾ ਪਾ ਕੇ ਸੰਸਕ੍ਰਿਤ ਗ੍ਰੰਥਾਂ ਦੇ ਉਲਥਾ ਕੀਤੇ ਬ੍ਰਾਹਮਣ ਲੋਗਾਂ ਪ੍ਰਵਾਹ ਕਰ ਦਿਤੇ। ਦੇਵਯੋਗ ਨਾਲ ਹੇਠ ਲਿਖੇ ਪੁਸਤਕ ਕਿਤੇ ਸੁਰਖਿਅਤ ਥਾਂ ਪੁਰ ਗਏ ਹੋਏ ਸਨ। ਜਿਸ ਕਰ ਕੇ ਬਚ ਗਏ। ੧. ਕਰਮ ਵਿਪਾਕ, ੨. ਭਾਵਰ ਸਾਮ੍ਰਿਤ ੧੯੩੪ ਵਿਚ ੩. ਮੋਖ ਪੰਥ ਪ੍ਰਕਾਸ਼ ੧੯੩੫ ਵਿਚ, ੪. ਸੰਸਕ੍ਰਿਤ ਅਧਿਆਤਮ ਰਾਮਾਇਣ ਦਾ ਉਲਥਾ ਸੰਮਤ ੧੯੩੯ ਵਿਚ ਕੀਤਾ ਅਤੇ ਪ੍ਰਬੋਧ ਚੰਦ੍ਰ ਨਾਟਕ ਸੰਮਤ ੧੯੪੯ ਵਿਚ ਸਮਾਪਤ ਕੀਤਾ।

ਆਪ ਨੇ ਮਾਤਾ ਪਿਤਾ ਦੇ ਨਾਲ ਕੀਤੇ ਇਕਰਾਰ ਮੂਜਬ ਉਨ੍ਹਾਂ ਦਾ ਨਾਮ ਰੌਸ਼ਨ ਕਰਨ ਵਾਸਤੇ ਹਰ ਇਕ ਗ੍ਰੰਥ ਦੇ ਆਦ ਅੰਤ ਵਿਚ ਮਾਤਾ ਪਿਤਾ ਜੀ ਦਾ ਨਾਮ ਵੀ ਬੜੇ ਸਤਿਕਾਰ ਨਾਲ ਦਿਤਾ।

ਮਦਰ ਦੇਸ ਮੰਡਨ ਮਹਾਂ, ਪੁਰ ਸ਼ੇਖਰ ਅਭਿਰਾਮ।
ਰਾਯਾ ਜਨਕ ਪ੍ਰਸਿੱਧ ਜਗ ਜਨਨੀ ਗੌਰੀ ਨਾਮ (ਮੋਖ ਪੰਥ)

ਇਸ ਤਰ੍ਹਾਂ ਜਿਤਨਾ ਚਿਰ ਕੁਰੂਖੇਤ੍ਰ ਵਿਚ ਰਹੇ ਨਿਰਮਾਣ ਤੇ ਚੰਗੀ ਰਹਿਣੀ ਬਹਿਣੀ ਵਿਚ ਰਹੇ। ਕਈ ਵੇਰਾਂ ਬ੍ਰਾਹਮਣ ਲੋਗਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਰੇ ਪ੍ਰਸ਼ਨ ਕੀਤੇ। ਸਭ ਨੂੰ ਖੁਲ੍ਹੇ ਪ੍ਰਕਰਣ ਸੁਣਾ ਕੇ ਭ੍ਰਮ ਦੂਰ ਕੀਤੇ।

ਸ੍ਰਵਣ ਮਾਤਾ ਪਿਤਾ ਕੀ ਸੇਵਾ ਬਿਸੇਖ ਕੀਨੀ,
ਤਾਤੇ ਗਾਈਅਤ ਜਸ ਜਗਤ ਮੈ ਤਾਹੂ ਕੋ।
ਜਨ ਪ੍ਰਹਿਲਾਦ ਆਦ ਅੰਤ ਲੌ ਅਵਗਯਾ ਕੀਨੀ,
ਤਾਤ ਘਾਤ ਕਰ ਪ੍ਰਭ ਰਾਖਿਓ ਪ੍ਰਣ ਵਾਹੂ ਕੋ।

ਦ੍ਵਾਦਸ ਬਰਖ ਸੁਕ ਜਨਨੀ ਦੁਖਿਤ ਕਰੀ,
ਸਿਧ ਭਾਏ ਤਤ ਛਿਨ ਜਨਮ ਹੈ ਜਾਹੂ ਕੋ।

ਅਗਮ ਅਗਾਧ ਕਥਾ ਜਾਨੀਏ ਨਾ ਜਾਇ ਕਛੁ
ਪਹੁੰਚੇ ਨਾ ਗਿਆਨ ਅਨੁਮਾਨ ਆਨ ਕਾਹੂ ਕੋ।

ਨਿਰਮਲ ਪੰਥ ਨੂੰ ਉਚੀਆਂ ਕਲਾਂ ਵਿਚ ਪ੍ਰਸਿਧ ਕੀਤਾ। ਅੰਤ ਨੂੰ ਅਪਣੇ ਸ਼ਿਸ਼ ਸੰਤ ਸੰਪੂਰਨ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਬਖਸ਼ ਕੇ ਬੈਕੁੰਠ ਗਮਨ ਕੀਤਾ।

੧ ਓ ਸਤਿਗੁਰ ਪ੍ਰਸਾਦਿ ॥

# ਸੰਪ੍ਰਦਾਯ ਕੁਮੇਰ

## ਸ਼੍ਰੀ ਬਾਬਾ ਦਰਗਾਹ ਸਿੰਘ ਜੀ

ਦੇ ਵਾਰੇ ਮੇਰਾ ਵਿਚਾਰ

ਨਿਰਮਲ ਪੰਥ ਪ੍ਰਦੀਪਕਾ ਵਿਚ ਗਿ: ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਬਾ: ਦਰਗਾਹ ਸਿੰਘ ਜੀ ਸ਼੍ਰੀ ਦਸ਼ਮੇਸ਼ ਗੁਰੂ ਜੀ ਨਾਲ ਜੰਗਾਂ ਜੁਧਾਂ ਵੇਲੇ ਰਹੇ। ਜਦ ਮਹਾਰਾਜ ਜੋਤੀ ਜੋਤ ਸਮਾਏ ਤਾਂ ਸੰਮਤ ੧੭੬੭ ਵਿਚ ਰੀਗਾ ਜੀ ਆਏ। ਇਸੇ ਵਿਚ ਲਿਖਦੇ ਹਨ ਕਿ ਸੰਮਤ ੧੯੮੩ ਵਿਚ ਜਵਾਲਾ ਪੁਰ ਦੇ ਨਵਾਬ ਨੇ ਪਟਾ ਲਿਖ ਦਿਤਾ। ਇਹ ਭੀ ਲਿਖਦੇ ਹਨ ਕਿ ੧੭੭੧ ਵਿਚ ਪਟਾ ਲਿਖ ਦਿਤਾ। ਟ੍ਰੈਕਟ ਸੋਸਾਇਟੀ ਵਾਲਿਆਂ ਲਿਖਿਆ ਹੈ ਕਿ ਬਾ: ਦਰਗਾਹ ਸਿੰਘ ਜੀ ਸੰਮਤ ੧੯੧੭-੧੯ ਵਿਚ ਅੰਮ੍ਰਿਤਸਰ ਜੀ ਜਥੇ ਨਾਲ ਗਏ। ਇਕ ਪਾਸੇ ਮਹਾਰਾਜਾ ਪਟਿਆਲਾ ਵਲੋਂ ਸੰਮਤ ੧੯੧੭ ਵਿਚ ਲਿਖਤੀ ਪਟਾ ਆਪ ਨੂੰ ਮਿਲਿਆ। ਇਹ ਪ੍ਰਸੰਗ ਤਾਂ ਹੀ ਠੀਕ ਬਣਦਾ ਹੈ ਜੇ ਘਟ ਤੋਂ ਘਟ ਆਪ ਦੀ ਆਰਬਲਾ ੧੫੦ ਦੀ ਮੰਨੀ ਜਾਏ। ਪ੍ਰੋਹਤ ਮਾਮ ਰਾਜ ਪਹੋਇ ਤੀਰਥ ਵਾਲੇ ਦੀ ਵਹੀ ਲਿਖਤ ਤੋਂ ਪਤਾ ਲਗਦਾ ਹੈ ਕਿ ਬਾਬਾ ਦਰਗਾਹ ਸਿੰਘ ਜੀ ੧੯੫੫ ਸੰਮਤ ਵਿਚ ਯਾਤਰਾ ਕਰਨ ਗਏ ਤੇ ਇਨ੍ਹਾਂ ਦੇ ਚੇਲੇ ਮਹੰਤ ਮਹਾਂ ਸਿੰਘ ਜੀ ਨੇ ੧੯੭੪ ਵਿਚ ਜਾਕੇ ਬਾਬਾ ਦਰਗਾਹ

ਸਿੰਘ ਜੀ ਦੇ ਕਰਮ ਕਰਾਏ ਤਾਂ ਤੇ ਪਤਾ ਲਗਦਾ ਹੈ ਕਿ ੧੮੭੭ ਵਿਚ ਪਟਾ ਬਾਬਾ ਦਰਗਾਹ ਸਿੰਘ ਜੀ ਨੂੰ ਨਹੀਂ ਬਲਕਿ ਰਮਤਾ ਰਾਮ ਜੀ ਨੂੰ ਲਿਖ ਦਿਤਾ ਹੈ। ਦੂਜੇ ਪਾਸੇ ਗਿ: ਗਿ: ਸਿੰ: ਜੀ ਲਿਖਦੇ ਹਨ ਕਿ ਪਿਤਾ ਜੀ ਨਾਲ ਸੰਮਤ ੧੭੯੦ ਦੇ ਲਗ ਪਗ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ੧੭੯੫ ਵਿਚ ਭਾਈ ਮਨੀ ਸਿੰਘ ਜੀ ਸ਼ਹੀਦ ਲਾਹੌਰ ਹੋਏ ਤਾਂ ਆਪ ਕਨਖਲ ਗਏ ਗੁਰਦਵਾਰਾ ਪ੍ਰਗਟ ਕੀਤਾ। ਇਸ ਲਈ ਮੈਂ ਪੰਥ ਪ੍ਰਕਾਸ਼ ਵਾਲਾ ਪ੍ਰਸੰਗ ਯੋਗ ਸਮਝ ਕੇ ਲਿਖਦਾ ਹਾਂ।

ਚੇਲੇ ਕਿਸੀ ਨਕਸ਼ੇ ਵਿਚ ਪੰਡਿਤ ਮਾਨ ਸਿੰਘ ਜੀ ਦੇ ਮੰਨੇ ਹਨ, ਕਿਸੇ ਗੁਰਭਾਈ ਮੰਨੇ ਹਨ, ਕਿਸੇ ਬਾਬਾ ਧਰਮ ਸਿੰਘ ਜੀ ਦੇ ਮੰਨੇ ਹਨ। ਕਿਸੇ ਨੇ ਬਾਬਾ ਧਰਮ ਸਿੰਘ ਜੀ ਦੇ ਬਾਅਦ ਛੇਵੀਂ ਸਤਵੀਂ ਜਗ੍ਹਾ ਮੰਨੇ ਹਨ। ਇਸ ਲਈ ਮੈਂ ਉਪਰ ਦੀ ਯੋਗਤਾ ਦੇ ਹਿਸਾਬ ਨਾਲ ਤੇ ਪੰਥ ਪ੍ਰਕਾਸ਼ ਦੀ ਲਿਖਤ ਅਨੁਸਾਰ ਸੰਤ ਪੰਡਿਤ ਮਾਨ ਸਿੰਘ ਜੀ ਦੇ ਸ਼ਿਸ਼ ਲਿਖੇ ਹਨ।

## ਮਹਾਰਾਜ ਗਰਜਾ ਸਿੰਘ ਜੀ

ਕਿਸੇ ਨਕਸ਼ੇ ਵਿਚ ਆਪ ਨੂੰ ਪੰ: ਗੁਲਾਬ ਸਿੰਘ ਜੀ ਦੇ ਸ਼ਿਸ਼ ਮੰਨਿਆ ਹੈ ਕਿਸੇ ਵਿਚ ਪੰ: ਜੀ ਦਾ ਗੁਰਭਾਈ ਮੰਨਿਆ ਹੈ ਕਿਸੇ ਵਿਚ ਪੰਡਤ ਮਾਨ ਸਿੰਘ ਜੀ ਦਾ ਗੁਰਭਾਈ ਮੰਨਿਆ ਹੈ। ਕਿਸੇ ਬਾਬਾ ਧਰਮ ਸਿੰਘ ਜੀ ਦੇ ਬਾਅਦ ਛੇਵੀਂ ਜਗ੍ਹਾ

ਮੰਨਿਆ ਹੈ,ਕਿਸੇ ਬਾਬਾ ਦਰਗਾਹ ਸਿੰਘ ਜੀ ਦੇ ਗੁਰੂ ਮੰਨਿਆ ਹੈ। ਇਸ ਲਈ ਯੋਗਤਾ ਅਨੁਸਾਰ ਪੰਥ ਪ੍ਰਕਾਸ਼ ਵਾਲਾ ਪ੍ਰਸੰਗ ਲਿਖਦਾ ਹਾਂ ਜੋ ਸ਼੍ਰੀ ਗੁਰੂ ਦਸ਼ਮੇਸ਼ ਜੀ ਦੇ ਨਾਲ ਰਹੇ ਤੇ ਪੰ: ਮਾਨ ਸਿੰਘ ਜੀ ਦੇ ਸ਼ਿਸ਼ ਮੰਨੇ ਗਏ।

## ਬਾਬਾ ਦਰਗਾਹ ਸਿੰਘ ਜੀ (ਕਨਖਲ)*

ਆਪ ਭਾਈ ਸਾਹਿਬ ਸੰਤ ਭਾਈ ਮਨੀ ਸਿੰਘ ਜੀ ਦੇ ਸਕੇ ਭਤੀਜੇ ਸਨ, ਮਾਲਵੇ ਦੇਸ਼, ਭਾਈ ਨਗਾਹੀਆ ਸਿੰਘ ਜੀ ਦੇ ਘਰ ਸੰਮਤ ੧੭੭੦ ਵਿਚ ਜਨਮੇ, ਜਦ ਸਾਹਿਬ ਸ੍ਰੀ ਗੁਰੂ ਦਸ਼ਮੇਸ਼ ਜੀ ਸੰਮਤ ੧੭੬੫ ਵਿਚ ਜੋਤੀ ਜੋਤ ਸਮਾਏ। ਪਿਛੋਂ ਭਾਈ ਮਨੀ ਸਿੰਘ ਜੀ ਗੁਰੂ ਸਾਹਿਬਾਂ ਦੀ ਆਗਿਆ ਅਨੁਸਾਰ ਦਿੱਲੀ ਵਿਚ ਰਹਿੰਦੇ ਹੋਏ ਕੁਝ ਚਿਰ ਮਾਤਾ ਸਾਹਿਬ ਦੇਵਾਂ ਤੇ ਮਾਤਾ ਸੁੰਦਰੀ ਜੀ ਦੀ ਸੇਵਾ ਕਰਦੇ ਰਹੇ। ਇਧਰ ਬੰਦਈਆਂ ਤਤ ਖਾਲਸੇ ਦਾ ਸ੍ਰੀ ਅੰਮ੍ਰਿਤਸਰ ਝਗੜਾ ਛਿੜ ਪਿਆ। ਫਿਰ ਮਾਤਾ ਸੁੰਦਰੀ ਜੀ ਦੀ ਆਗਿਆ ਨਾਲ ਆਪ ਅੰਮ੍ਰਿਤਸਰ ਜੀ ਆ ਗਏ। ਚਿਠੀਆਂ ਦ੍ਵਾਰਾ ਦੋਹਾਂ ਦਾ ਝਗੜਾ ਨਬੇੜ ਦਿਤਾ। ਪੰਥ ਨੇ ਯੋਗ ਸਮਝ ਕੇ ਆਪ ਨੂੰ ਸ੍ਰੀ ਦਰਬਾਰ ਸਾਹਿਬ ਹਰੀ ਮੰਦਰ ਜੀ ਦਾ ਗ੍ਰੰਥੀ ਨਿਯਤ ਕਰ ਦਿਤਾ। ਭਾਵੇਂ ਉਹ ਸਮਾਂ ਸਿਖ ਲਈ ਬੜਾ ਨਾਜ਼ਕ ਸੀ, ਇਨ੍ਹਾਂ ਦਾ ਖੁਰਾ ਖੋਜ ਮਿਟਾਣ

---

*ਆਪ ਦਾ ਕੁਝ ਜੀਵਨ ਤ੍ਵਾਰੀਖ ਗੁਰੂ ਖਾਲਸਾ ਹਿਸਾ ਪਹਿਲਾ ੩੧ ਅੰਗ ਪੁਰ ਹੈ।

ਲਈ ਤੁਰਕ ਆਹਰ ਵਿਚ ਲਗੇ ਹੋਏ ਸਨ, ਸਿਖਾਂ ਦੇ ਸਿਰ ਮੁਲ ਵਿਕ ਰਹੇ ਸਨ, ਪਰ ਭਾਈ ਮਨੀ ਸਿੰਘ ਜੀ ਸਾਦੇ ਫਕੀਰੀ ਲਿਬਾਸ ਵਿਚ ਰਹਿੰਦੇ ਹੋਏ ਸ੍ਰੀ ਗੁਰੂ ਜੀ ਦੀ ਸੇਵਾ ਵਿਚ ਲਗੇ ਰਹਿੰਦੇ, ਬਲਕਿ ਆਏ ਗਏ ਦੀ ਸੇਵਾ ਕਰਦੇ ਹੋਏ ਸਭ ਨੂੰ ਸੱਚਾ ਉਪਦੇਸ਼ ਸੁਣਾ ਕੇ ਸਿੱਖਾਂ ਤੋਂ ਇਲਾਵਾ ਤੁਰਕਾਂ ਦਾ ਦਿਲ ਵੀ ਨਰਮ ਕਰ ਦੇਂਦੇ, ਇਸੇ ਵਾਸਤੇ ਤੁਰਕ ਵੀ ਆਪ ਨੂੰ ਮਿੱਠੀ ਨਜ਼ਰ ਨਾਲ ਵੇਖਦੇ। ਉਪਰੰਤ ਕਈ ਜੰਗਾਂ ਤੋਂ ਬਾਅਦ ਸੰਮਤ ੧੭੯੨ ਵਿਚ ਦੀਪਮਾਲਾ ਦਾ ਮੇਲਾ ਸ਼੍ਰੀ ਅੰਮ੍ਰਿਤਸਰ ਹੋਇਆ ਦੂਰੋਂ ਦੂਰੋਂ ਸਿਖ ਆਏ, ਓਦੋਂ ਸੰਤ ਭਾਈ ਮਨੀ ਸਿੰਘ ਜੀ ਦੇ ਵਡੇ ਭ੍ਰਾਤਾ ਭਾਈ ਨਗਾਹੀਆ ਸਿੰਘ ਜੀ ਵੀ ਸਣੇ ਪ੍ਰਵਾਰ ਦਰਸ਼ਨ ਲਈ ਆਏ। ਸ੍ਰੀ ਹਰੀ ਮੰਦਰ ਸਾਹਿਬ ਜੀ ਦੀ ਯਾਤਰਾ ਕੀਤੀ। ਆਪਣੇ ਸਭਾਂ ਪੁਤ੍ਰਾਂ ਨੂੰ ਸੰਤ ਭਾਈ ਮਨੀ ਸਿੰਘ ਜੀ ਦੀ ਚਰਨੀ ਲਗਾਇਆ, ਸਭ ਨੂੰ ਅੰਮ੍ਰਿਤ ਛਕਾਇਆ।

ਕੁਝ ਦਿਨ ਰਹਿਕੇ ਆਪੜ ਸਿੰਘ, ਥਰਾਜ ਸਿੰਘ, ਦਰਗਾਹ ਸਿੰਘ ਤਿੰਨਾਂ ਪੁਤ੍ਰਾਂ ਨੂੰ ਭਾਈ ਮਨੀ ਸਿੰਘ ਜੀ ਦੇ ਪਾਸ ਛਡ ਕੇ, ਰੁਘਾ ਸਿੰਘ, ਮਰਾੜ੍ਹ ਸਿੰਘ, ਸੁਜਾਨ ਸਿੰਘ, ਬਖਤ ਸਿੰਘ ਸਭ ਪ੍ਰਵਾਰ ਨੂੰ ਨਾਲ ਲੈਕੇ ਮਾਲਵੇ ਚਲੇ ਗਏ।

ਪਿਛੋਂ ਦਰਗਾਹ ਸਿੰਘ ਜੀ ਭਾਈ ਸਾਹਿਬ ਪਾਸ ਰਹਿਕੇ ਪ੍ਰੇਮ ਨਾਲ ਸੇਵਾ ਕਰਦੇ ਤੇ ਵਿਦਯਾ ਪੜ੍ਹਦੇ ਰਹੇ, ਨਾਲ ਨਾਲ ਤੀਰ ਅੰਦਾਜ਼ੀ ਤੇ ਸ਼ਸ਼ਤ੍ਰ ਚਲਾਣ ਦਾ ਅਭਯਾਸ ਭੀ ਕਰਦੇ ਰਹੇ, ਭਾਵੇਂ ਆਪਦਾ ਮੁਖ ਕੰਮ ਭਾਈ ਸਾਹਿਬਾਂ ਦੀ ਸੇਵਾ ਤੇ ਸਭ ਪ੍ਰਕਾਰ ਦੀ ਵਿਦਯਾ ਸਿਖਣ ਦਾ ਸੀ, ਪਰ ਜਦ ਤੁਰਕਾਂ ਦੇ

ਨਾਲ ਕਦੇ ਮੁਕਾਬਲਾ ਆਣ ਬਣਦਾ ਤਾਂ ਕਦੇ ਪਿਛਾਂਹ ਨਾ ਰਹੇ ਬਲਕਿ ਸਭ ਤੋਂ ਅਗੇ ਵਧ ਕੇ ਹਿਸਾ ਲੈਂਦੇ ਰਹੇ ਜਦ ਅਮਨ ਚੈਨ ਹੋ ਜਾਂਦਾ ਫਿਰ ਸੇਵਾ ਵਿਚ ਤਤਪਰ ਹੋ ਜਾਂਦੇ।

ਸੰਮਤ ੧੭੯੫ ਵਿਚ ਜਦ ਭਾਈ ਮਨੀ ਸਿੰਘ ਜੀ ਲਾਹੌਰ ਸ਼ਹੀਦ ਹੋ ਗਏ, ਪਿਛੋਂ ਆਪ ਨੂੰ ਯੋਗ ਹਕਦਾਰ ਸਮਝ ਕੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਹੋਣ ਲਈ ਆਖਿਆ ਗਿਆ। ਪਰ ਪੂਜਾ ਦਾ ਧਾਨ ਕਰੜਾ ਸਮਝ ਕੇ ਆਪ ਨੇ ਪੰਥ ਪਾਸੋਂ ਖਿਮਾ ਮੰਗੀ ਤੇ ਇਕੰਤ ਰਹਿਣ ਲਈ ਸੰਕਲਪ ਪ੍ਰਗਟ ਕੀਤਾ।

ਕੁਝ ਦਿਨ ਬੀਤੇ, ਬਾਅਦ ਇਕ ਦਿਨ ਸੁਪਨੇ ਵਿਚ ਸ੍ਰੀ ਗੁਰੂ ਰਾਮ ਦਾਸ ਜੀ ਨੇ ਦਰਸ਼ਨ ਦੇ ਕੇ ਆਗਿਆ ਦਿਤੀ ਕਿ ਪੁਰਸ਼ਾ ਜੇ ਇਕੰਤ ਤੇ ਨਿਸ਼ਕਾਮ ਸੇਵਾ ਕਰਨੀ ਚਾਹੁੰਦਾ ਹੈ ਤਾਂ ਕਨਖਲ ਸ੍ਰੀ ਗੰਗਾ ਜੀ ਦੇ ਕਿਨਾਰੇ ਜਾ, ਜਿਥੇ ਬਾਈਵੀਂ ਵੇਰਾਂ ਸੰਗਤ ਨੂੰ ਨਾਲ ਲੈ ਕੇ ਸ੍ਰੀ ਗੁਰੂ ਅਮਰ ਦਾਸ ਜੀ ਗਏ ਸਨ, ਗੁਰਦੁਆਰਾ ਪ੍ਰਗਟ ਕਰ ਤੇ ਗੁਰ ਅਸਥਾਨ ਦੀ ਨਿਸ਼ਕਾਮ ਹੋ ਕੇ ਸੇਵਾ ਕਰ, ਸੁਣ ਕੇ ਬੜੇ ਪ੍ਰਸੰਨ ਹੋਏ। ਆਗਿਆ ਸਿਰ ਮਥੇ ਮੰਨਦੇ ਹੋਏ ਉਸੇ ਦਿਨ ਆਪਣੇ ਪੰਜ ਸਤਿਸੰਗੀ ਨਾਲ ਲੈ ਕੇ ਕਨਖਲ ਤੁਰ ਪਏ। ਯਥਾ:-

ਪਾਂਚ ਸਿੰਘ ਸਤਿਸੰਗੀ ਲੈ ਸੰਗ ਗੰਗ ਤੀਰ ਜਾ ਬੈਸੇ।
ਅਬ ਲੋ ਨਾਮ ਤਿਸੀ ਕੇ ਡੇਰਾ ਬੜਾ ਪਰਸਿਧ ਹੈਸੇ॥
(ਪੰ: ਪ੍ਰ: ਗਿ: ਗਿ: ਸਿੰ: ਨਿ: ੬੯)

ਧੀਰੇ ਧੀਰੇ ਪਹਿਲਾਂ ਕੁਰੂਖੇਤ੍ਰ ਪਹੁੰਚੇ, ਇਥੇ ਸਨੇਤ

ਤੀਰਥ ਦਾ ਇਸ਼ਨਾਨ ਕਰ ਕੇ ਉਪ੍ਰੰਤ ਪ੍ਰਾਚੀ ਤੀਰਥ ਸਰਸ੍ਵਤੀ ਦੇ ਕਿਨਾਰੇ ਜਿਥੇ ਸ਼੍ਰੀ ਸੰਤ ਮਾਨ ਸਿੰਘ ਜੀ ਰਹਿਆ ਕਰਦੇ ਸਨ ਉਥੇ ਗਏ। ਬੜੀ ਸੁੰਦਰ ਸੋਮ ਮੂਰਤੀ ਮਹਾਤਮਾ ਦਾ ਦਰਸ਼ਨ ਕਰ ਕੇ ਆਨੰਦ ਹੋਏ। ਚਾਰ ਪੰਜ ਦਿਨ ਰਹਿ ਕੇ ਸੇਵਾ ਕਰਦੇ ਰਹੇ। ਇਨ੍ਹਾਂ ਦਿਨੀ ਸ਼੍ਰੀ ਪੰਡਿਤ ਗੁਲਾਬ ਸਿੰਘ ਜੀ ਕਰਤਾ ਮੋਖ ਪੰਥ ਵਾਲੇ ਭੀ ਪਾਸ ਰਹਿੰਦੇ ਸੇਵਾ ਕਰਦੇ ਸਨ। ਰੋਜ਼ ਦਾ ਸਤਿਸੰਗ, ਸੰਤ ਸਮਾਗਮ ਦਾ ਦ੍ਰਿਸ਼ਯ ਵੇਖ ਵੇਖ ਕੇ ਆਪ ਪ੍ਰਸੰਨ ਹੁੰਦੇ ਰਹੇ। ਕੋਈ ਦਿਨ ਰਹਿਣ ਨੂੰ ਚਿਤ ਕਰੇ, ਪਰ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆ ਨੂੰ ਸਨਮੁਖ ਰਖਦੇ ਹੋਏ ਅੰਤ ਸੰਤਾਂ ਪਾਸੋਂ ਉਪਦੇਸ਼ ਲੈ ਕੇ ਸ਼੍ਰੀ ਗੰਗਾ ਜੀ ਵਲ ਤੁਰ ਪਏ।

ਕਨਖਲ ਸ਼੍ਰੀ ਗੰਗਾ ਜੀ ਦੇ ਕਿਨਾਰੇ ਜਿਥੇ ਬੜਾ ਭਾਰੀ ਪਿਪਲ ਦਾ ਇਕ ਦਰਖਤ ਸੀ, ਉਸ ਦੇ ਹੇਠ ਜਾ ਨਿਵਾਸ ਕੀਤਾ। ਗੁਰ ਅਸਥਾਨ ਸਮਝ ਕੇ ਪਹਿਲਾਂ ਲੇਪਣ ਦਿਤਾ, ਜੋਤ ਜਗਾਈ, ਉਪ੍ਰੰਤ ਧੂਪ ਦੀਪ ਦੇ ਕੇ ਪ੍ਰਣਾਮ ਕੀਤੀ। ਬਾਅਦ ਰੋਜ਼ ਸੁਬ੍ਹਾ, ਸ਼ਾਮ ਦੋਏਂ ਵੇਲੇ ਪੂਜਾ ਕਰਨੀ ਆਰੰਭ ਕਰ ਦਿਤੀ, ਤੇ ਆਪ ਇਕ ਕੱਖਾਂ ਦੀ ਕੁਟੀਆ ਵਿਚ ਰਹਿ ਕੇ ਅਤੀਤ ਜ਼ਿੰਦਗੀ ਬਿਤਾਉਣ ਲਗ ਪਏ।

ਕੁਝ ਸਮੇਂ ਬਾਅਦ ਨਜੀਬਾ ਬਾਦ ਦੇ ਰੁਹੇਲੇ ਅਚਨ ਚੇਤ ਜਵਾਲਾ ਪੁਰ ਦੇ ਨਵਾਬ ਰਹਿਦ ਅਹਿਮਦ ਉਤੇ ਹਮਲਾ ਕਰਨ ਲਈ ਗੰਗਾ ਦੇ ਪਰਲੇ ਪਾਸ ਆਣ ਡਟੇ, ਉਸ ਵੇਲੇ ਨਵਾਬ ਨੇ ਸਹਾਇਤਾ ਲਈ ਬੇਨਤੀ ਕਰ ਭੇਜੀ। ਨਾਲੇ ਗੁਰੂ ਸਾਹਿਬ

ਜੀ ਦੇ ਵਾਕ:–

"ਖਤ੍ਰੀ ਸੋ ਜੁ ਕਰਮਾ ਕਾ ਸੂਰ।
ਪੁੰਨ ਦਾਨ ਕਾ ਕਰੈ ਸਰੀਰ॥
ਖੇਤੁ ਪਛਾਣੈ ਬੀਜੈ ਦਾਨ।
ਸੋ ਖਤ੍ਰੀ ਦਰਗਹ ਪਰਵਾਣ॥"

(ਵਾ: ਵਧੀਕ)

ਅਨੁਸਾਰ ਉਸ ਵੇਲੇ ਮੁਕਾਬਲਾ ਕਰਨਾ ਯੋਗ ਸਮਝ ਕੇ ਸਾਰੀ ਰਾਤ ਤੀਰਾਂ ਦੀ ਮਾਰ ਕਰਦੇ ਰਹੇ। ਇਕ ਵੇਰਾਂ ਆਪਣੇ ਆਪ ਨੂੰ ਇਕਲਾਪਿਆਂ ਜਾਣ ਕੇ ਪਿਛੇ ਹਟਣ ਨੂੰ ਜੀਅ ਕਰ ਆਇਆ, ਪਰ ਲਹੂ ਕੁਸ਼ੂ ਦੇ ਹੇਠ ਲਿਖੇ ਵਚਨਾਂ ਨੂੰ ਯਾਦ ਕਰ ਕੇ ਫਿਰ ਤਿਆਰ ਬਰ ਤਿਆਰ ਹੋ ਗਏ।

ਚੌ: ਜੋ ਛਤ੍ਰੀ ਰਣ ਸਨਮੁਖ ਹੋਈ।
ਰਣ ਤਜ ਪੀਠ ਦਿਖਾਵੈ ਜੋਈ॥
ਸੋ ਨਰ ਹੋਇ ਨਰਕ ਅਧਿਕਾਰੀ।
ਮਹਾਂ ਘੋਰ ਦੁਖ ਲਹੈ ਬਿਕਾਰੀ॥
ਜੁਧ ਸਮੈ ਕੈਸੋ ਪਿਤ ਤਾਤਾ।
ਬੇਦ ਬਚਨ ਜੂਝੇ ਕੁਸ਼ਲਾਤਾ॥

(ਜੈ ਮਨੀ ਅਸਮੇਧ ਵਿਚੋਂ)

ਇਹ ਵਚਨ ਯਾਦ ਕਰ ਕੇ ਮਹਾਰਾਜ ਦਰਗਾਹ ਸਿੰਘ ਜੀ ਸਾਰੀ ਰਾਤ ਡਟੇ ਰਹੇ।

ਇਧਰੋਂ ਨਵਾਬ ਨੂੰ ਤਿਆਰੀ ਕਰਨ ਦਾ ਸਮਾਂ ਮਿਲ ਗਿਆ। ਦੂਸਰੇ ਦਿਨ ਅਜਿਹਾ ਡਟ ਕੇ ਮੁਕਾਬਲਾ ਕੀਤਾ।

ਰੁਹੇਲੇ ਭਜ ਗਏ, ਇਸ ਜਿਤ ਦਾ ਸਿਹਰਾ ਮੁਖਤਾ ਕਰਕੇ ਆਪ ਨੂੰ ਮਿਲਿਆ।

ਜਵਾਲਾ ਪੁਰ ਦਾ ਨਵਾਬ ਆਪ ਦੀ ਸੂਰਬੀਰਤਾ ਵੇਖ ਕੇ ਇਤਨਾ ਖੁਸ਼ ਹੋਇਆ ਕਿ ਜਿਸ ਜਗ੍ਹਾ ਮਹਾਰਾਜ ਦਰਗਾਹ ਸਿੰਘ ਜੀ ਰਹਿੰਦੇ ਸਨ, ਉਸ ਦੇ ਨਾਲ ਦਾ ਬਹੁਤ ਸਾਰਾ ਵਲਗਣ ਆਪ ਦੀ ਭੇਟਾ ਕਰਕੇ ਸਦਾ ਲਈ ਇਕ ਪਟਾ ਲਿਖ ਦਿਤਾ, ਦਿਨ ਪਾਕੇ ਉਸ ਦਾ ਨਾਮ ਬਾਬਾ ਦਰਗਾਹ ਸਿੰਘ ਜੀ ਕਰਕੇ ਪ੍ਰਸਿਧ ਹੋਇਆ, ਸੋ ਅਜ ਤਕ ਇਹ ਨਾਂ ਪ੍ਰਸਿਧ ਚਲਿਆ ਆਉਂਦਾ ਹੈ। ਯਥਾ:—

ਹੁਤੇ ਰਾਇ ਅਹਿਮਦ ਨ੍ਰਿਪ ਬਹੀ।  
ਜਵਾਲਾ ਪੁਰ ਨਵਾਬ ਭਲ ਫਬਹੀ॥  
ਤਿਸਨੇ ਦਈ ਜਮੀਨ ਤਹਾਂ ਹੈ।  
ਬਾੜਾ ਬਗਲਯੋ ਇਨੈ ਤਹਾਂ ਹੈ॥  
ਬਾੜਾ ਦਰਗਾਹ ਸਿੰਘ ਵਾਲਾ।  
ਸੋ ਅਬ ਲੌ ਹੈ ਬਿਦਤ ਬਿਸਾਲਾ॥  
(ਪੰ: ਪ੍ਰ: ਗਿ: ਗਿ: ਸਿੰ: ਨਿ: ੧੧੩)

ਸਤਿਗੁਰੂ ਜੀ ਦੇ ਅਸਥਾਨ ਦੀ ਸੇਵਾ ਕਰਦਿਆਂ ਇਥੇ ਆਪ ਨੂੰ ਕਈ ਵਰ੍ਹੇ ਗੁਜ਼ਰ ਗਏ। ਇਕੰਤ ਰਹਿਣਾ ਪਸੰਦ ਆ ਗਿਆ। ਪਰ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਦੇ ਚਰਨਾਂ ਦਾ ਪਿਆਰ ਆਪ ਨੂੰ ਕਦ ਇਕਲਿਆਂ ਬਹਿਣ ਦੇਂਦਾ ਸੀ, ਸੰਮਤ ੧੮੨੧ ਵਿਚ ਜਦ ਇਹ ਸੁਣਿਆ ਕਿ ਅਹਿਮਦ ਸ਼ਾਹ ਅਬਦਾਲੀ ਨੇ ਇਸ ਵੇਰਾਂ ਅੰਮ੍ਰਿਤਸਰ ਸ਼੍ਰੀ ਦਰਬਾਰ ਸਾਹਿਬ

ਜੀ ਦੀ ਬੜੀ ਬੇਅਦਬੀ ਕੀਤੀ ਹੈ, ਸ਼ਹੀਦ ਬਾਬਾ ਦੀਪ ਸਿੰਘ ਜੀ ਸਣੇ ਜਥੇ ਸ੍ਰੀ ਅੰਮ੍ਰਿਤਸਰ ਜੀ ਯੁਧ ਲਈ ਤਿਆਰ ਹੋਕੇ ਜਾ ਰਹੇ ਹਨ। ਆਪ ਦੇ ਪਾਸੋਂ ਰਿਹਾ ਨਾ ਗਿਆ। ਉਸੇ ਵੇਲੇ ਗੁਰ ਅਸਥਾਨ ਦੀ ਸੇਵਾ ਇਕ ਪ੍ਰੇਮੀ ਸੰਤ ਦੇ ਸਪੁਰਦ ਕਰਕੇ ਬਾਬਾ ਗੁਰਬਖਸ਼ ਸਿੰਘ ਜੀ ਦੇ ਜਥੇ ਨਾਲ ਜਾ ਰਲੇ, ਵੈਰੀਆਂ ਦੇ ਚੰਗੇ ਆਹੂ ਲਾਹੇ, ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਹੋ ਗਏ, ਆਪ ਸ੍ਰੀ ਦਰਬਾਰ ਜੀ ਦੀ ਸੇਵਾ 'ਚ ਲਗ ਗਏ।

(ਖਾਲਸਾ ਟ੍ਰੈਕਟ ਸੋਸਾਇਟੀ ਟ੍ਰੈ: ਨੰ: ੬੯੩)
ਸਫ਼ਾ ੧੦੪

ਕੁਝ ਸਮਾਂ ਸ੍ਰੀ ਅੰਮ੍ਰਿਤਸਰ ਜੀ ਰਹਿਕੇ ਆਪਣੇ ਨਿਜ ਅਸਥਾਨ ਕਨਖਲ ਪੁਜ ਗਏ। ਗੁਰ ਅਸਥਾਨ ਤੇ ਮੰਜੀ ਸਾਹਿਬ ਬਣਵਾਈ ਨਾਲੇ ਆਏ ਗਏ ਸਾਧੂ ਸੰਤਾਂ ਦੇ ਰਹਿਣ ਲਈ ਕੁਝ ਕੁਟੀਆ ਬਣਵਾਈਆਂ। ਆਪ ਸਰੀਰ ਦੇ ਬਲੀ, ਜਤੀ ਸਤੀ, ਬੜੀ ਆਰਬਲਾ ਵਾਲੇ ਹੋਏ। 'ਰਮਤਾ ਰਾਮ' ਆਪ ਦਾ ਵਿਸ਼ੇਸ਼ਣ ਪ੍ਰਸਿਧ ਹੋ ਗਿਆ।

ਸੰਮਤ ੧੯੭੦ ਤੋਂ ਬਾਅਦ ਜਦ ਮਹਾਰਾਜਾ ਕਰਮ ਸਿੰਘ ਜੀ ਪਟਿਆਲਾ ਹਰੀਦੁਆਰ ਯਾਤਰਾ ਕਰਨ ਲਈ ਗਏ, ਪਵਿਤ੍ਰ ਤੀਰਥ ਜਾਣ ਕੇ ਇਕ ਆਲੀਸ਼ਾਨ ਹਵੇਲੀ ਬਣਾਨ ਦਾ ਸੰਕਲਪ ਕੀਤਾ, ਕਨਖਲ ਗੁਰ ਅਸਥਾਨ ਦੇ ਦਰਸ਼ਨ ਕਰਨ ਗਏ ਤਾਂ ਆਪ ਦਾ ਬਾੜਾ ਗੰਗਾ ਜੀ ਦੇ ਕਿਨਾਰੇ ਵਿਸਤਾਰ ਪੂਰਵਕ ਵੇਖ ਕੇ ਬੜੇ ਪ੍ਰਸੰਨ ਹੋਏ, ਇਥੇ ਹੀ ਹਵੇਲੀ ਬਣਾਉਣ ਦਾ ਦਿਲ ਕਰ ਆਇਆ। ਸੰਤਾਂ ਮਹਾਰਾਜਾ ਦਾ ਸੰਕਲਪ ਵੇਖ

ਕੇ ਅਪਣੇ ਬਾੜੇ ਵਿਚੋਂ ਬਹੁਤ ਸਾਰੀ ਜ਼ਮੀਨ ਐਵੇਂ ਦੇ ਦਿਤੀ। ਜਦ ਸੰਮਤ ੧੮੭੬ ਵਿਚ ਹਵੇਲੀ ਤਿਆਰ ਹੋ ਗਈ ਤਾਂ ਮਹਾਰਾਜਾ ਸਾਹਿਬ ਕਰਮ ਸਿੰਘ ਜੀ ਨੇ ਬਾਬਾ ਜੀ ਦੀ ਉਦਾਰਤਾ ਦਾ ਇਹ ਫਲ ਦਿਤਾ ਕਿ ਸੰਮਤ ੧੮੭੭ ਵਿਚ ਆਕੜ ਪਿੰਡ, ਰਿਆਸਤ ਪਟਿਆਲਾ ਦਾ ਪਟਾ ਲਿਖ ਦਿਤਾ। ਇਸ ਤੋਂ ਇਲਾਵਾ ਸ੍ਰੀ ਗੁਰੂ ਅਮਰ ਦਾਸ ਜੀ ਦਾ ਗੁਰਦਵਾਰਾ ਬੜੀ ਸ਼ਰਧਾ ਨਾਲ ਤਿਆਰ ਕਰਵਾ ਦਿਤਾ।

ਜਦ ਇਸੇ ਤਰ੍ਹਾਂ ਰਾਣੀ ਸਦਾ ਕੌਰ ਗੰਗਾ ਜੀ ਗਈ ਉਸ ਨੇ ਵੀ ਬਾਬਾ ਜੀ ਦੇ ਬਾੜੇ ਵਿਚੋਂ ਜ਼ਮੀਨ ਲੈ ਕੇ ਇਕ ਬੜੀ ਆਲੀਸ਼ਾਨ ਹਵੇਲੀ ਬਣਵਾਈ। ਜਿਸਦੇ ਇਵਜ਼ ਵਿਚ ਸ੍ਰੀ ਅੰਮ੍ਰਿਤਸਰ ਦੇ ਪਾਸ ਇਕ ਪਿੰਡ ਰਾਣੀ ਨੇ ਲੈ ਦਿਤਾ ਜੋ ਈਨ ਹਜਾਤ ਹੋਣ ਦੇ ਸਬਬ ਕਰਕੇ ਜ਼ਬਤ ਹੋ ਗਿਆ। ਭਾਵੇਂ ਬਾਬਾ ਜੀ ਦਾ ਉਦੇਸ਼ ਇਕਾਂਤ ਤੇ ਸੰਸਾਰ ਵਲੋਂ ਉਪ੍ਰਾਮ ਰਹਿਣ ਦਾ ਸੀ ਪਰ ਪ੍ਰਾਲਬਧ ਕਰਮ ਬੜਾ ਬਲੀ ਸੀ, ਦੋ ਪਿੰਡ ਡੇਰੇ ਨਾਲ ਲਗ ਗਏ।

ਆਪਣਾ ਅਸਥਾਨ ਰਹਿਣ ਲਈ ਸੁੰਦਰ ਬਣ ਗਿਆ। ਚੰਗੀ ਸ਼ਕਲ ਵਿਚ ਗੁਰਦੁਆਰਾ ਤਿਆਰ ਹੋ ਗਿਆ। ਚੜ੍ਹਦੀਆਂ ਕਲਾਂ ਵਿਚ ਡੇਰਾ ਪ੍ਰਸਿੱਧ ਹੋ ਗਿਆ। ਅਨੇਕਾਂ ਸਾਧੂ ਪਾਸ ਆ ਆ ਕੇ ਰਹਿਣ ਲਗੇ। ਲੰਗਰ ਖੁਲ੍ਹਾ ਜਾਰੀ ਹੋ ਗਿਆ। ਜੋ ਆਇਆ ਪ੍ਰਸੰਨ ਹੋ ਕੇ ਗਇਆ। ਆਪ ਦੇ ਬਹੁਤ ਸ਼ਿਸ਼ ਹੋਏ, ਪਰ ਮੁਖ ਸੰਤ ਦਰਬਾਰਾ ਸਿੰਘ ਜੀ ਸਨ, ਜੋ ਛੋਟੀ ਅਵਸਥਾ ਤੋਂ ਸੇਵਾ ਕਰਦੇ ਰਹੇ। ਆਖਰ

ਪ੍ਰਾਲਬਧ ਕਰਮ ਅਨੁਸਾਰ ਸੰਤ ਦਰਬਾਰਾ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਬਖਸ਼ ਕੇ ਸੰਮਤ ੧੯੯੦ ਵਿਚ ਬੈਕੁੰਠ ਗਮਨ ਹੋ ਗਏ।

## ਮਹਾਰਾਜ ਦਰਬਾਰਾ ਸਿੰਘ ਜੀ

ਆਪ ਆਪਣੇ ਸੰਤਾਂ ਦੇ ਪੂਰੇ ਅਨਿੰਨ ਸੇਵਕ ਸਨ। ਪਿਛੇ ਵੀ ਬਾਬਾ ਜੀ ਦੀ ਰਹੁ ਰੀਤੀ ਅਨੁਸਾਰ ਡੇਰੇ ਦਾ ਕੰਮ ਚਲਾਉਂਦੇ ਰਹੇ। ਗੁਰਦਵਾਰਾ ਸਾਹਿਬ ਦੀ ਪੂਜਾ ਪ੍ਰਤਿਸ਼ਠਾ ਕਰਦੇ ਰਹੇ। ਆਏ ਗਏ ਸਾਧੂ ਅਭਿਆਗਤ ਦੀ ਪ੍ਰੇਮ ਨਾਲ ਸੇਵਾ ਕਰਦੇ ਹੋਏ ੧੫ ਵਰ੍ਹੇ ਡੇਰੇ ਦੀ ਮਹੰਤੀ ਕਰ ਕੇ ਗੁਰਪੁਰੀ ਸਿਧਾਰ ਗਏ। ਆਪ ਦੇ ਪਿਛੋਂ ਮਹਾਰਾਜ ਸੁਖਾ ਸਿੰਘ ਜੀ ਡੇਰੇ ਦੇ ਅਧਿਸ਼ਠਾਤਾ ਹੋਏ।

**ਮਹਾਰਾਜ ਸੁਖਾ ਸਿੰਘ ਜੀ** ਆਪ ਪੂਜਜ ਅਸਥਾਨ ਦੀ ਤਰੱਕੀ ਕਰਨ ਦੇ ਯਤਨ ਵਿਚ ਲਗੇ ਰਹੇ। ਕਰੀਬਨ ਸਤ ਸਾਲ ਡੇਰੇ ਦੀ ਸੇਵਾ ਕਰਕੇ ਆਪਣੇ ਸ਼ਿਸ਼ ਮਹਾਰਾਜ ਸੰਤ ਰਾਮ ਸਿੰਘ ਜੀ ਨੂੰ ਗਦੀ ਦੇ ਕੇ ਪ੍ਰਲੋਕ ਗਮਨ ਹੋ ਗਏ।

**ਮਹਾਰਾਜ ਸੰਤ ਰਾਮ ਸਿੰਘ ਜੀ** ਆਪ ਬੜੇ ਸਿਧ ਪੁਰਸ਼ ਹੋਏ ਹਨ। ਰਬ ਆਸਰੇ ਸਾਰੇ ਕਾਰਜ ਸਿਧ ਹੁੰਦੇ ਰਹੇ। ਕਾਗਜ਼ਾਂ ਤੋਂ ਪਤਾ ਲਗਦਾ ਹੈ ਕਿ ਸਰਕਾਰ ਅੰਗ੍ਰੇਜ਼ੀ ਦਾ ਪਹਿਲਾ ਬੰਦੋਬਸਤ ਆਪ ਦੇ ਵੇਲੇ ਤੋਂ ਸ਼ੁਰੂ ਹੋਇਆ। ਸੰਮਤ

੧੯੧੫-੧੬ ਤਕ ਆਪ ਦੀ ਹੋਂਦ ਪ੍ਰਤੀਤ ਹੁੰਦੀ ਹੈ। ਬਾਅਦ ਆਪ ਦੇ ਗੁਰਭਾਈ ਸੰਤ ਭੋਲਾ ਸਿੰਘ ਜੀ ਡੇਰੇ ਦੇ ਮਹੰਤ ਰਹੇ।

**ਮਹੰਤ ਭੋਲਾ ਸਿੰਘ ਜੀ** ਸਚ ਮੁਚ ਆਪ ਭੋਲੇ ਮਹਾਦੇਵ ਹੀ ਸਨ, ਕਾਰ ਵਿਹਾਰ ਵਲ ਬਹੁਤ ਘਟ ਮਨ ਦੇਂਦੇ ਸਨ।

**ਪਟੇ ਦੀ ਲਿਖਤ—** ਸੰਨ ੧੮੫੩ ਪਹਿਲੀ ਨਵੰਬਰ ਨੂੰ ਪਿੰਡ ਰਾਮ ਦੀਵਾਲੀ ਜ਼ਿਲਾ ਅੰਮ੍ਰਿਤਸਰ ਦੀ ਜਾਗੀਰ ਮਹੰਤ ਭੋਲਾ ਸਿੰਘ ਜੀ, ਉਮਰ ੫੦ ਸਾਲ ਚੇਲੇ ਮਹੰਤ ਦੁਖਾ ਸਿੰਘ ਜੀ ਨੂੰ ਮਿਲੀ। ਸੰਮਤ ੧੯੧੦ ਕਤਕ ਦਾ ਮਹੀਨਾ ਬਣਦਾ ਹੈ। ਆਪ ਦੇ ਸ਼ਿਸ਼ ਛੋਟੇ ਮਹੰਤ ਰਾਮ ਸਿੰਘ ਜੀ ਡੇਰੇ ਦੇ ਸਭ ਕੰਮ ਕਾਜ ਨਜਿਠਦੇ ਰਹੇ।

**ਮਹੰਤ ਰਾਮ ਸਿੰਘ ਜੀ** ਮਹਾਰਾਜ ਸੰਤ ਭੋਲਾ ਸਿੰਘ ਜੀ ਦੇ ਗੁਜ਼ਰ ਜਾਣ ਪਿਛੋਂ ਸੁਤੰਤ੍ਰ ਮਹੰਤ ਹੋਏ। ਇਹ ਮਹੰਤ ਕਾਰ ਵਿਹਾਰ ਵਿਚ ਬੜੇ ਸਿਆਣੇ ਸਨ। ਬੰਦੋਬਸਤ ਵਿਚ ਉਸ ਜ਼ਮੀਨ ਨੂੰ ਅਪਣੀ ਨਜ਼ਰ ਹੇਠ ਲਿਆਂਦਾ, ਜਿਹੜੀ ਕਦੀ ਚਿਤ ਚੇਤੇ ਵਿਚ ਨਹੀਂ ਸੀ। ਰਬ ਦੀ ਨੇਤ ਥੋੜਾ ਚਿਰ ਮਹੰਤੀ ਕਰ ਕੇ ਸੰਮਤ ੧੯੨੭ ਵਿਚ ਆਪ ਪ੍ਰਲੋਕ ਗਮਨ ਹੋ ਗਏ।

**ਮਹੰਤ ਗੁਲਾਬ ਸਿੰਘ ਜੀ** ਆਪ ਮਹੰਤ ਰਾਮ ਸਿੰਘ ਜੀ ਦੇ ਗੁਰਭਾਈ ਸਨ ਇਸਲਈ ਉਨ੍ਹਾਂ ਦੇ ਗੁਜ਼ਰ ਜਾਣ ਪਿਛੋਂ ਆਪ ਨੂੰ ਸਾਧ ਸੰਗਤ ਤੇ ਭੇਖ ਨੇ ਪਗ ਦਿਤੀ। ਆਪ ਬੜੇ ਦਰਸ਼ਨੀ

ਸਰੀਰ ਸਨ। ਹਮੇਸ਼ਾ ਰਾਜਸੀ ਠਾਠ ਵਿਚ ਰਹਿੰਦੇ ਹੋਇ ਆਏ ਗਏ ਸਾਧੂ ਸੰਤ ਨੂੰ ਖਿਲਾ ਪਿਲਾ ਕੇ ਪ੍ਰਸੰਨ ਰਹਿੰਦੇ ਸਨ ਸੰਮਤ ੧੯੨੯ ਵਿਸਾਖ ਨੂੰ ਜਦ ਕੁਬੇਰੀਏ ਮਹਾਰਾਜ ਪੰਡਿਤ ਰਾਮ ਸਿੰਘ ਜੀ ਨੂੰ ਸ਼੍ਰੀ ਮਹੰਤੀ ਦੀ ਪਗ ਮਿਲੀ ਤਾਂ ਆਪ ਨੇ ਬੜੇ ਉਤਸ਼ਾਹ ਨਾਲ ੧ ਦੁਸ਼ਾਲਾ ਤੇ ਪ੧) ਰੁਪਏ ਭੇਟਾ ਕੀਤੇ। ਜਿਤਨਾ ਚਿਰ ਮਹੰਤ ਰਹੇ, ਜਾਇਦਾਦ ਨੂੰ ਵਧਾ, ਡੇਰੇ ਨੂੰ ਚੰਗੀ ਸ਼ਕਲ ਵਿਚ ਲਿਆਂਦਾ। ਆਖਰ ਆਪਣੇ ਸ਼ਿਸ਼ ਸੰਤ ਹਾਕਮ ਸਿੰਘ ਜੀ ਨੂੰ ਪਗ ਦੇ ਕੇ ਸੰਮਤ ੧੯੪੯ ਵਿਚ ਗੁਜ਼ਰੇ।

**ਮਹੰਤ ਹਾਕਮ ਸਿੰਘ ਜੀ** ਆਪ ਬੜੇ ਭਲੇ ਲੋਕ ਮਹਾਤਮਾ ਸਨ। ਹਥੀਂ ਸੇਵਾ ਕਰਕੇ ਰਾਜ਼ੀ ਹੁੰਦੇ ਸਨ, ਪਰ ਈਸ਼ਵਰ ਦੀ ਲੀਲਾ ਅਜੇ ਮਹੰਤ ਹੋਇਆਂ ਕੁਝ ਮਹੀਨੇ ਹੀ ਗੁਜ਼ਰੇ ਸਨ ਕਿ ਆਏ ਸਿਆਲ ਨੂੰ ਚਲਾਣਾ ਕਰ ਗਏ।

**ਮਹੰਤ ਮਨਸਾ ਸਿੰਘ ਜੀ** ਆਪ ਮਹੰਤ ਹਾਕਮ ਸਿੰਘ ਜੀ ਦੇ ਸ਼ਿਸ਼ ਸਨ। ਇਸ ਲਈ ਆਪ ਨੂੰ ਚੇਤ੍ਰ ਵਦੀ ਦਸਮੀ ਸੰਮਤ ੧੯੪੯ ਨੂੰ ਭੇਖ ਨੇ ਮਹੰਤੀ ਦਿਤੀ, ਅਤੇ ੯ ਮਘਰ ਸੰਮਤ ੧੯੪੯ ਨੂੰ ਰਿਆਸਤ ਪਟਿਆਲਾ ਵਲੋਂ ਪਗ ਦੁਸ਼ਾਲਾ ਮਿਲਿਆ। ਆਪ ਚੰਗੇ ਹਸ ਮੁਖੇ ਮਹੰਤ ਸਨ, ੧੦ ਵਰ੍ਹੇ ਮਹੰਤੀ ਕਰ ਕੇ ਸੰਮਤ ੧੯੫੯ ਮਘਰ ਮਹੀਨੇ ਵਿਚ ਗੁਜ਼ਰ ਗਏ।

## ਮਹੰਤ ਨਰੈਣ ਸਿੰਘ ਜੀ

ਆਪ ਦਾ ਜਨਮ ਸ਼ਾਹ ਪੁਰ ਜ਼ਿਲੇ ਅੰਬਾਲੇ ਦਾ ਸੀ।

ਛੋਟੀ ਉਮਰ ਵਿਚ ਹਰਦੁਆਰ ਆਏ, ਡੇਰਾ ਮਹੰਤ ਮਨਸਾ ਸਿੰਘ ਜੀ ਦੇ ਪਾਸ ਰਹਿੰਦੇ ਹੋਏ ਸ਼ਿਸ਼ ਹੋ ਗਏ। ਜਦ ਮਹੰਤ ਗੁਜ਼ਰੇ, ਬਾਅਦ ਭੇਖ ਦੀ ਸਲਾਹ ਨਾਲ ੬ ਦਸੰਬਰ ਸੰਨ ੧੯੦੧ ਮੁਤਾਬਕ ੨੨-੨੩ ਮਘਰ ੧੯੫੯ ਵਿਚ ਆਪ ਨੂੰ ਪਗ ਦਿਤੀ ਗਈ। ਪਿਛਲੇ ਰਿਵਾਜ ਅਨੁਸਾਰ ਸੰਮਤ ੧੯੫੮ ਪੋਹ ੨੦ ਨੂੰ ਰਿਆਸਤ ਪਟਿਆਲਾ ਵਲੋਂ ਪਗ ਦੁਸ਼ਾਲਾ ਮਿਲਿਆ। ਆਪ ਦਾ ਸਰੀਰ ਬੜਾ ਦਰਸ਼ਨੀ, ਗੋਰ, ਆਰਾਮ ਪਸੰਦ ਸੀ। ਸੁਭਾ ਡਰਾਕਲ ਹੋਣ ਕਰ ਕੇ ਆਪਣੇ ਮੁਨਸ਼ੀ ਆਦਕ ਨੌਕਰਾਂ ਦੇ ਦਬਾ ਨੂੰ ਜ਼ਿਆਦਾ ਤਰ ਦਿਲ ਵਿਚ ਮੰਨਦੇ ਸਨ। ਰਬ ਦੀ ਲੀਲ੍ਹਾ ਤਿੰਨ ਵਰ੍ਹੇ ਮਹੰਤੀ ਕਰ ਕੇ ੨੫ ਵਰ੍ਹਿਆਂ ਦੀ ਆਯੂ ਵਿਚ ਬਲਕਿ ਆਪ ਇਸੇ ਗੱਲ ਦਾ ਸ਼ਿਕਾਰ ੨੨ ਜਨਵਰੀ ਸੰਨ ੧੯੦੪ ਮੁਤਾਬਿਕ ਸੰਮਤ ੧੯੬੦ ਬਸੰਤ ਪੰਚਮੀ ਵਾਲੇ ਦਿਨ ਹੋ ਗਏ। ਪਿਛੇ ਆਪ ਦੇ ਦੋ ਸ਼ਿਸ਼ ਮਹੰਤ ਹਰਨਾਮ ਸਿੰਘ ਜੀ ਤੇ ਮਹੰਤ ਸਾਧੂ ਸਿੰਘ ਜੀ ਰਹੇ। ਭੇਖ ਦੀ ਸਲਾਹ ਨਾਲ ਮਹੰਤ ਹਰਨਾਮ ਸਿੰਘ ਜੀ ਨੂੰ ਪਗ ਦਿਤੀ ਗਈ।

## ਮਹੰਤ ਹਰਨਾਮ ਸਿੰਘ ਜੀ

ਆਪ ਦਾ ਜਨਮ ਪਟਿਆਲਾ ਰਿਆਸਤ ਵਿਚ ਪਿੰਡ ਹਰਯਾਨੇ ਦਾ ਹੈ। ੧੮ ਵਰ੍ਹੇ ਦੀ ਉਮਰ ਵਿਚ ਬਰਨਾਲੇ ਪਹਿਲਾਂ ਸਾਧ ਸੰਗਤ ਦੇ ਚਰਨਾਂ 'ਚ ਆਏ, ਜਿਥੇ ਇਕ ਵਰ੍ਹਾ ਸੇਵਾ ਕਰਦੇ ਰਹੇ। ਦੇਵ ਯੋਗ ਮਹੰਤ ਨਰੈਣ ਸਿੰਘ ਜੀ ਬਰਨਾਲੇ ਗਏ ਤਾਂ ਉਥੋਂ ਦੇ ਮਹੰਤਾਂ ਪਾਸੋਂ ਆਪ ਨੂੰ ਸੇਵਾ ਲਈ ਮੰਗ

ਲਿਆਂਦਾ। ਕਨਖਲ ਡੇਰੇ ਆਇਆਂ ਅਜੇ ਦੋ ਵਰ੍ਹੇ ਹੀ ਬੀਤੇ ਸਨ ਕਿ ਮਹੰਤ ਨਰੈਣ ਸਿੰਘ ਜੀ ਗੁਜ਼ਰ ਗਏ। ਭਾਵੇਂ ਆਪ ਅਜੇ ਨਵੇਂ ਹੀ ਆਏ ਸਨ, ਪਰ ਨਿਰਮਲ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਪੰਡਿਤ ਊਧਵ ਸਿੰਘ ਜੀ ਦੀ ਆਪ ਤੇ ਬੜੀ ਕ੍ਰਿਪਾ ਸੀ, ਜਿਨ੍ਹਾਂ ਭੇਖ ਦੀ ਰਾਇ ਨਾਲ ੧੨ ਫਰਵਰੀ ਸੰਨ ੧੯੦੪ ਮੁਤਾਬਿਕ ਸੰਮਤ ੧੯੬੦ ਮਾਘ ਦੇ ਅਖੀਰ ਆਪ ਨੂੰ ਪਗ ਦੇ ਦਿਤੀ। ਉਪ੍ਰੰਤ ਸ੍ਰੀ ਮਹੰਤ ਸਾਹਿਬਾਂ ਦੀ ਸ੍ਰਬਰਾਹੀ ਹੇਠਾਂ ਡੇਰੇ ਦਾ ਕੰਮ ਸੋਹਣਾ ਚਲਾਇਆ। ਆਕੜ, ਭੂਪਤ ਵਾਲੇ ਪਿੰਡ ਮਕਾਨ ਬਣਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਇਕ ਵਡਾ ਕਮਰਾ ਬਣਾਇਆ, ਸਰਕਾਰੀ ਅਫਸਰਾਂ ਨਾਲ ਰਸੂਖ ਪੈਦਾ ਕੀਤਾ। ਅਸਥਾਨ ਦੀ ਤਰੱਕੀ ਕੀਤੀ। ਪਿਛਲਾ ਕਰਜ਼ਾ ਉਤਾਰਿਆ। ਬਜ਼ੁਰਗਾਂ ਦੇ ਪੁੰਨ ਪ੍ਰਤਾਪ ਕਰ ਕੇ ਡੇਰੇ ਨਾਲ ਲਗੇ ਹੋਏ ਭੂਪਤ ਵਾਲੇ ਪਿੰਡ ਦੀ ਜ਼ਮੀਨ ਦਵਾਮੀ ਪਟਿਆਂ ਪੁਰ ਵੇਚ ਕੇ ਹਜ਼ਾਰਾਂ ਰੁਪਏ ਜਮ੍ਹਾਂ ਕੀਤੇ। ਇਸ ਤਰ੍ਹਾਂ ਡੇਰੇ ਦੀ ਸੇਵਾ ਕਰਦੇ ਹੋਏ ੧੪ ਵਰ੍ਹੇ ਆਪ ਨੇ ਅਮਨ ਚੈਨ ਨਾਲ ਬਿਤੀਤ ਕੀਤੇ।

ਦੈਵ ਨੇਤ ਸੰਮਤ ੧੯੭੫ ਵਿਚ ਕਟਾਰ ਪੁਰ ਦੇ ਮੁਸਲਮਾਨਾਂ ਨੇ ਸਰੇ ਬਾਜ਼ਾਰ ਗਊਕਸ਼ੀ ਕਰਨੀ ਚਾਹੀ। ਗਊ ਰਖਿਆ ਨੂੰ ਪਰਮ ਧਰਮ ਸਮਝ ਕੇ ਉਨ੍ਹਾਂ ਨੂੰ ਇਸ ਗਲ ਵਲੋਂ ਰੋਕਣ ਲਈ ਹਰਦੁਆਰ ਆਦਕ ਤ੍ਰਿੰਨਾਂ ਪੁਰੀਆਂ ਦੇ ਵਸਨੀਕ ਹਜ਼ਾਰਾਂ ਹਿੰਦੂ ਤਥਾ ਅਖਾੜਿਆਂ ਦੇ ਮਹੰਤਾਂ ਸੰਤਾਂ ਨਾਲ ਆਪ ਵੀ ਕਟਾਰ ਪੁਰ ਗਏ, ਜਿਥੇ ਪਰਸਪਰ ਇਤਨੀ ਲੜਾਈ ਹੋ



ਸ੍ਰੀ ਮਾਨ ਮਹੰਤ ਸਾਧੂ ਸਿੰਘ ਜੀ
ਡੇਰਾ ਬਾਬਾ ਦਰਗਾਹ ਸਿੰਘ ਜੀ, ਕਨਖਲ

ਉਤ੍ਰਾਧਿਕਾਰੀ
ਅਜ਼ੀਜ਼ ਜਸਵਿੰਦ੍ਰ ਸਿੰਘ ਜੀ

ਪਈ, ਜਿਸ ਵਿਚ ਚੰਦ ਹਿੰਦੂ ਤੇ ਬੀਸੀਆਂ ਮੁਸਲਮਾਨ ਕਤਲ ਹੋ ਗਏ। ਜ਼ਿਆਦਾ ਤਰ ਹਿੰਦੂ ਗ੍ਰਿਫ਼ਤਾਰ ਹੋਏ। ਸਹਾਰਨ-ਪੁਰ ਮੁਕੱਦਮਾ ਚਲਦਾ ਰਿਹਾ। ਆਪ ਦੇ ਗੁਰਭਾਈ ਮਹੰਤ ਸਾਧੂ ਸਿੰਘ ਜੀ ਨੇ ਤਨ ਦੇ ਕੇ ਪੈਰਵੀ ਕੀਤੀ, ਪਰ ੮ ਅਗਸਤ ਸੰਨ ੧੯੧੯ ਈਸਵੀ ਨੂੰ ਦੂਜੇ ਮੁਖੀਆਂ ਨਾਲ ਆਪ ਨੂੰ ਵੀ ਫਾਂਸੀ ਦਾ ਹੁਕਮ ਸੁਣਾ ਦਿਤਾ ਗਿਆ। ਰਹਿਮ ਦੀ ਦਰਖਾਸਤ ਦਿਤੀ ਛੇ ਮਹੀਨਿਆਂ ਪਿਛੋਂ ਪਹਿਲੀ ਸਜ਼ਾ ਕਾਲੇ ਪਾਣੀ ਵਿਚ ਤਬਦੀਲ ਹੋ ਗਈ। ਜਿਹੜੀ ਕੁਲ ਕੇਵਲ ੭-੮ ਵਰ੍ਹੇ ਲਖਨਊ ਇਲਾਹਾਬਾਦ ਜੇਲ ਵਿਚ ਭੁਗਤ ਕੇ ਪ੍ਰਸੰਨਤਾ ਪੂਰਵਕ ੨੮ ਦਸੰਬਰ ਸੰਨ ੧੯੨੬ ਈਸਵੀ ਨੂੰ ਰਿਹਾ ਹੋ ਕੇ ਡੇਰੇ ਆ ਗਏ। ਦੋਹਾਂ ਗੁਰਭਾਈਆਂ ਦਾ ਭੇਖ ਨੇ ਸਮਝੌਤਾ ਕਰਾਇਆ, ਪਰ ਤੋੜ ਨਾ ਚੜ੍ਹਿਆ, ਸੁਰਗਵਾਸ ਹੋ ਗਏ ਹਨ।

ਆਪ ਦੇ ਦੋ ਚੇਲੇ ਹੋਏ, ਇਕ ਤਾਂ ਸੰਤ ਬਲਵੰਤ ਸਿੰਘ ਜੀ ਸੁਰਗਵਾਸ ਹੋ ਗਏ ਹਨ, ਦੂਜੇ ਸੰਤ ਦੇਵ ਪ੍ਰਕਾਸ਼ ਸਿੰਘ ਜੀ ਜੋ ਗਲ ਬਾਤ ਕਰਨ ਵਿਚ ਚੰਗੇ ਸਿਆਣੇ ਸਨ।

## ਮਹੰਤ ਸਾਧੂ ਸਿੰਘ ਜੀ

ਆਪ ਦਾ ਜਨਮ ਜ਼ਿਲਾ ਡੇਹਰਾਦੂਨ ਦਾ ਹੈ। ਅਜੇ ੯ ਵਰ੍ਹਿਆਂ ਦੇ ਸਨ ਜਦ ਮਹੰਤ ਨਰੈਣ ਸਿੰਘ ਜੀ ਪਾਸ ਆਏ। ਡੇਰੇ ਦੀ ਸੇਵਾ ਕਰਦੇ ਰਹੇ।

ਆਪਣੇ ਗੁਰਭਾਈ ਮਹੰਤ ਹਰਨਾਮ ਸਿੰਘ ਜੀ ਨਾਲ

ਮਿਲ ਕੇ ਡੇਰੇ ਦੀ ਹਰ ਪ੍ਰਕਾਰ ਸੇਵਾ ਕਰਦੇ ਰਹੇ। ਜਦ ਮਹੰਤ ਨਰੈਣ ਸਿੰਘ ਜੀ ਦੇ ਗੁਜ਼ਰ ਜਾਣ ਤੋਂ ਬਾਅਦ ਮਹੰਤ ਹਰਨਾਮ ਸਿੰਘ ਜੀ ਮਹੰਤ ਹੋਏ, ਤਾਂ ਫਿਰ ਵੀ ਡੇਰੇ ਨਾਲ ਹਮਦਰਦੀ ਕਰਦੇ ਹੋਏ ਹਰ ਇਕ ਕੰਮ ਕਾਜ ਵਿਚ ਪਿਆਰ ਨਾਲ ਹਿੱਸਾ ਲੈਂਦੇ ਰਹੇ। ਕਈ ਵਰ੍ਹੇ ਆਕੜ ਪਿੰਡ ਰਹਿ ਕੇ ਉਥੋਂ ਦੇ ਕੰਮ ਨਜਿਠਦੇ ਰਹੇ। ਜਦ ਕਟਾਰ ਪੁਰ ਦਾ ਝਗੜਾ ਛਿੜ ਪਿਆ ਤਾਂ ਆਪ ਨੂੰ ਡੇਰੇ ਬੁਲਾ ਲਿਤਾ ਗਿਆ। ਮਹੰਤ ਹਰਨਾਮ ਸਿੰਘ ਜੀ ਦੇ ਮੁਕੱਦਮੇ ਵਿਚ ਬੜੀ ਹਮਦਰਦੀ ਨਾਲ ਪੈਰਵੀ ਕਰਦੇ ਰਹੇ। ਜਦ ਮਹੰਤ ਸਜ਼ਾਯਾਬ ਹੋ ਗਏ, ਉਪ੍ਰੰਤ ਭੇਖ ਨੇ ਸੰਮਤ ੧੯੭੭ ਵਿਸਾਖੀ ਵਾਲੇ ਦਿਨ ਮਹੰਤ ਸਾਧੂ ਸਿੰਘ ਜੀ ਨੂੰ ਪਗ ਦੇ ਦਿਤੀ।

ਇਥੋਂ ਤਕ ਦੋਹਾਂ ਗੁਰਭਾਈਆਂ ਦਾ ਆਪਸ ਵਿਚ ਪਿਆਰ ਚਲਦਾ ਰਿਹਾ। ਪਰ ਪਤਾ ਨਹੀਂ ਕਿਸੀ ਆਦਮੀ ਨੇ ਅਜਿਹੇ ਵੇਲੇ ਛਿਟ ਪਾਈ ਜੋ ਕਈ ਵਰ੍ਹੇ ਖਟ ਪਟੀ ਵਿਚ ਗੁਜ਼ਰੇ।

ਮਹੰਤ ਸਾਧੂ ਸਿੰਘ ਜੀ ਦੇ ਬਾਰੇ ਆਮ ਸੁਣਿਆ ਜਾਂਦਾ ਹੈ ਕਿ ਜਦ ਦੇ ਮਹੰਤ ਹੋਏ ਹਨ, ਡੇਰੇ ਦਾ ਬੰਦੋਬਸਤ ਸੋਹਣਾ ਚਲਾਇਆ। ਆਏ ਗਏ ਸਾਧੂ ਨਾਲ ਚੰਗਾ ਵਰਤਾਵ ਰਖਿਆ। ਹੱਬੀਂ ਖਿਲਾ ਪਿਲਾ ਕੇ ਰਾਜ਼ੀ ਹੁੰਦੇ ਰਹੇ। ਜਾਇਦਾਦ ਦੀ ਚੰਗੀ ਸੰਭਾਲ ਕੀਤੀ। ਅਸਥਾਨ ਦੀ ਤਰੱਕੀ ਵਲ ਖਿਆਲ ਰਖਿਆ। ਇਕ ਆਲੀਸ਼ਾਨ ਲੋਹੇ ਦਾ ਨਿਸ਼ਾਨ ਸਾਹਿਬ ਤੇ

ਗੁਰਦਵਾਰੇ ਦੇ ਸੁਨੈਹਰੀ ਕਲਸਾਂ ਦੀ ਸੇਵਾ ਆਪ ਦੇ ਉਦਮ ਨਾਲ ਹੀ ਸੰਤਾਂ ਮਹੰਤਾਂ ਕਰਾਈ ਹੈ। ਇਮਾਰਤ ਬਣਾਉਣ ਦਾ ਉਤਸ਼ਾਹ ਹਮੇਸ਼ ਬਣਿਆ ਰਿਹਾ।

ਭੂਪਤ ਵਾਲੇ ਆਪਣੀ ਬੰਜਰ ਜ਼ਮੀਨ ਵਿਚੋਂ ਸੌ ਵਿਘੇ ਜ਼ਮੀਨ ਹਜ਼ਾਰਾਂ ਰੁਪਏ ਲਗਾਕੇ ਤਿਆਰ ਕਰਵਾਈ, ਜਿਥੋਂ ਲੰਗਰ ਲਈ ਬੀਸੀਆਂ ਮਨ ਕਣਕ ਪੈਦਾਵਾਰ ਹੋ ਜਾਂਦੀ ਹੈ। ਇਸ ਤੋਂ ਇਲਾਵਾ ਗੁਰਦੁਾਰੇ ਸਾਹਿਬ ਦੇ ਪਾਸ ਦਾ ਵਸੀਹ ਮੈਦਾਨ, ਨਾਲ ਲਗਵਾਂ ਗੰਗਾ ਜੀ ਦਾ ਘਾਟ, ਆਪਣੇ ਰਹਿਣ ਲਈ ਬੜਾ ਹਾਲ ਕਮਰਾ ਬਣਵਾਇਆ, ਜਿਥੇ ਆਏ ਮਹੰਤ ਸੰਤ ਬੈਠ ਕੇ ਪ੍ਰਸੰਨ ਹੁੰਦੇ ਹਨ। ਆਪ ਨਿਰਮਲ ਮਹਾਂ ਮੰਡਲ ਦੇ ਵਾਈਸ ਪ੍ਰੈਜ਼ੀਡੈਂਟ ਰਹਿ ਚੁਕੇ ਹਨ।

ਅਜ ਕਲ ਬੀਮਾਰ ਹਨ ਇਲਾਜ ਕਰਦੇ ਕਰਾਉਂਦੇ ਰਹਿੰਦੇ ਹਨ ਪਰ ਸਰੀਰ ਵਡੀ ਉਮਰ ਦਾ ਹੋਣ ਕਰਕੇ ਕ੍ਰਿਸ ਹੋ ਗਿਆ ਹੈ। ਆਪ ਦੇ ਚੇਲੇ ਸੰਤ ਰਣਧੀਰ ਸਿੰਘ ਜੀ ਪਾਸ ਰਹਿੰਦੇ ਸੇਵਾ ਕਰ ਰਹੇ ਹਨ।

ਸੰਤ ਰਣਧੀਰ ਸਿੰਘ ਜੀ ਨੂੰ ਆਪ ਨੇ ਉਤ੍ਰਾਧਿਕਾਰੀ ਮਹੰਤ ਨੀਅਤ ਕਰ ਦਿਤਾ ਹੈ। ਪਾਸ ਰਹਿੰਦੇ ਸੇਵਾ ਕਰਦੇ ਹਨ। ਸੋਹਣਾ ਦਰਸ਼ਨੀ ਸਰੀਰ ਹੈ। ਬੀ. ਏ. ਪਾਸ ਹਨ। ਸ਼ਾਦੀ ਸ਼ੁਦਾ ਹਨ। ਸਾਰਾ ਕੰਮ ਆਪਣੀ ਸੰਭਾਲ ਵਿਚ ਲੈ ਲੀਤਾ ਹੋਇਆ ਹੈ।

# ਡੇਰਾ ਕਪਾਲ ਮੋਚਨ

ਇਹ ਡੇਰਾ ਮਹਾਰਾਜ ਪੰਡਿਤ ਮਾਨ ਸਿੰਘ ਜੀ ਦੇ ਸ਼ਿਸ਼ ਬਾਬਾ ਗਰਜਾ ਸਿੰਘ ਜੀ ਦਾ ਵਸਾਇਆ ਹੋਇਆ ਹੈ ।

## ਬਾਬਾ ਗਰਜਾ ਸਿੰਘ ਜੀ

ਆਪ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਨਾਲ ਮਾਲਵੇ ਦੀ ਯਾਤਰਾ ਵਿਚ ਰਹੇ ਹਨ । ਗੁਰੂ ਜੀ ਜਦ ਦੀਨ ਬਿਹਬਲ ਤੋਂ ਹੁੰਦੇ ਹੋਏ ਸਿਰਾਮ ਪਾਸੋਂ ਲੰਘੇ ਤਾਂ ਪਿੰਡ ਦੇ ਪੰਚਾਂ ਨੇ ਉਤਾਰ ਲੀਤਾ । ਬਰਖਾ ਨਾ ਹੋਣ ਦੇ ਸਬਬ ਕਾਲ ਪਿਆ ਹੋਇਆ ਸੀ, ਲੋਕ ਗਰੀਬ ਸਨ । ਪ੍ਰਸ਼ਾਦ ਲਈ ਨਾਲ ਦੇ ਸਭ ਸਿਖਾਂ ਸੰਤਾਂ ਨੂੰ ਇਕ ਇਕ ਦੋ ਦੋ ਕਰਕੇ ਘਰ ਪ੍ਰਤੀ ਵੰਡ ਦਿਤਾ । ਜੋ ਜੋ ਕਿਸੀ ਦੇ ਘਰ ਰੁੱਖਾ ਮਿੱਸਾ ਅੰਨ ਸੀ ਬਾਜਰੇ ਜਾਂ ਜਵਾਰ ਦੀ ਰੋਟੀ, ਅਲੂਣਾ ਦਲੀਆ, ਖਿਚੜੀ, ਮੋਠਾਂ ਦੀ ਦਾਲ ਸਭ ਛਕ ਕੇ ਆ ਗਏ, ਅਗੋਂ ਮਹਾਰਾਜ ਜੀ ਨੇ ਪੁਛਿਆ ਕਿ ਸਚ ਦਸੋ ਕੀ ਕੁਝ ਖਾਕੇ ਆਏ ਹੋ, ਸਭ ਨੇ ਨੱਕ ਚੜ੍ਹਾ ਕੇ ਨਾ ਪਸੰਦੀ ਨਾਲ ਕੋਧਰੇ ਦਾ ਅੰਨ ਆਦਕ ਦਸਿਆ । ਪਰ ਸੰਤ ਭਾਈ ਗਰਜਾ ਸਿੰਘ ਜੀ ਮੈਲਾਗਰ ਸਿੰਘ ਜੀ ਨੇ ਕਿਹਾ ਕਿ ਸਤਿਗੁਰ ਜੀ ਅਸੀਂ ਤਾਂ ਅਜਿਹਾ ਸੁੰਦਰ ਭੋਜਨ ਖਾਕੇ ਆਏ ਹਾਂ ਕਿ ਇਹੋ ਜਿਹਾ ਤ੍ਰਿਪਤ ਕਰਨ ਵਾਲਾ ਭੋਜਨ ਅਗੇ ਕਦੇ ਨਹੀਂ ਮਿਲਿਆ । ਦੂਜੇ ਸਿਖਾਂ ਨੇ ਕਿਹਾ ਨਹੀਂ ਇਹ ਤਾਂ ਝੂਠ ਬੋਲਦੇ ਹਨ. ਬੇਸ਼ਕ ਘਰ ਵਾਲੇ

ਨੂੰ ਬੁਲਾ ਕੇ ਪੁਛ ਲੌ, ਮਹਾਰਾਜ ਜੀ ਨੇ ਘਰ ਵਾਲੇ ਨੂੰ ਪਾਸ ਬਿਠਾ ਕੇ ਪੁਛਿਆ, ਜਿਸ ਨੇ ਆਖਿਆ ਕਿ ਮਹਾਰਾਜ ਮੈਂ ਤਾਂ ਗਰੀਬ ਹਾਂ ਸੁੰਦਰ ਭੋਜਨ ਕਿਥੇ, ਇਹ ਤਾਂ ਸੁਕੇ ਪੀਲੂ ਤੇ ਜੰਡ ਦੀਆਂ ਫਲੀਆਂ ਭਿਗੋ ਭਿਗੋ ਕੇ ਖਾ ਆਏ ਹਨ। ਫਿਰ ਵੀ ਆਉਣ ਲਗਿਆਂ ਪ੍ਰੇਮ ਭਰੀਆਂ ਅਸੀਸਾਂ ਦੇ ਆਏ ਹਨ। ਗੁਰੂ ਜੀ ਨੇ ਸੁਣ ਕੇ ਨੇਤਰ ਭਰ ਲੀਤੇ ਤੇ ਆਖਿਆ ਕਿ 'ਧੰਨ ਸਿਖੀ, ਧੰਨ ਫਕੀਰ।' ਸਚ ਹੈ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ" ਜੋ ਕੋਈ ਹੁੰਦਿਆਂ ਸੁੰਦਿਆਂ ਬਿਹੰਗਮਾਂ, ਸਿਖਾਂ, ਸਾਧਾਂ ਨੂੰ ਯੋਗਤਾ ਪੂਰਵਕ ਭੋਜਨ ਨਹੀਂ ਛਕਾਉਂਦਾ ਉਸ ਨੂੰ ਤੇ ਗਰੀਬ ਕੋਲੋਂ ਚਿਕਨਾ ਚੋਖਾ ਚਾਹੁਣ ਵਾਲੇ ਨੂੰ ਬਾਰੰਬਾਰ ਧਿਕਾਰ ਹੈ। ਸੰਤੋਖੀ ਸਤ ਪੁਰਖ ਉਹ ਹੈ ਜੋ ਰੁਖੇ ਮਿਸੇ ਨੂੰ ਅੰਮ੍ਰਿਤ ਕਰਕੇ ਮੰਨੇ, ਇਹੋ ਜਹੇ ਆਤਮ ਦਰਸੀ ਸੰਤੋਖੀਆਂ ਤੋਂ ਹੀ ਸਾਡਾ ਨਿਰਮਲ ਪੰਥ ਸਿਧ ਹੋਵੇਗਾ। ਇਸ ਤਰ੍ਹਾਂ ਆਪ ਦੀ ਰਹਿਣੀ ਬਹਿਣੀ ਵੇਖ ਕੇ ਕਈ ਵੇਰਾਂ ਮਹਾਰਾਜ ਪ੍ਰਸੰਨਤਾ ਪ੍ਰਗਟ ਕਰਦੇ ਰਹੇ।

ਜਦ ਮਹਾਰਾਜ ਦਮਦਮੇ ਸਾਹਿਬ ਤੋਂ ਦੱਖਣ ਵਲ ਤੁਰੇ ਤਾਂ ਆਪ ਨੂੰ ਪੰਜਾਬ ਵਿਚ ਰਹਿਣ ਲਈ ਆਗਿਆ ਦੇ ਗਏ। ਉਪ੍ਰੰਤ ਵਿਚਰਦੇ ੨ ਗੁਰਮਤ ਪ੍ਰਚਾਰ ਕਰਦੇ ਹੋਏ ਕਪਾਲ ਮੋਚਨ ਆਏ। ਸੁੰਦਰ ਇਕੰਤ ਅਸਥਾਨ ਵੇਖ ਕੇ ਬੈਠ ਗਏ। ਉੱਚੀ ਰਹਿਣੀ ਵਾਲੇ ਫਕੀਰ ਸੁਣ ਕੇ ਆਸ ਪਾਸ ਦੇ ਲੋਕ ਆਣ ਇਕਤ੍ਰ ਹੋਏ। ਸਤਿਸੰਗ ਦਾ ਪ੍ਰਵਾਹ ਚਲ ਪਿਆ। ਆਪ ਦਾ ਬੜਾ ਤਪ ਤੇਜ ਵਧਿਆ। ਅਸਥਾਨ ਰਹਿਣ ਲਈ

ਮੁੰਦਰ ਬਣ ਗਿਆ। ਜ਼ਿਆਦਾ ਸਮਾਂ ਭਜਨ ਬੰਦਗੀ ਵਿਚ ਆਪ ਖਰਚ ਕਰਿਆ ਕਰਦੇ ਸਨ। ਇਸ ਵੇਲੇ ਡੇਰਾ ਪੱਕਾ ਹੈ, ਸ਼ਹਿਰੋਂ ਬਾਹਰ ਵਾਰ ਹੈ, ਦੋ ਸੌ ਵਿਘੇ ਜ਼ਮੀਨ ਡੇਰੇ ਨਾਲ ਮਾਫੀ ਹੈ। ਆਪ ਦੀ ਸਮਾਧ ਡੇਰੇ ਵਿਚ ਮੌਜੂਦ ਹੈ। ਆਪ ਦੇ ਸ਼ਿਸ਼ ਸੰਤ ਲਖਾ ਸਿੰਘ ਜੀ, ਸੰਤ ਖੁਸ਼ਹਾਲ ਸਿੰਘ ਜੀ, ਸੰਤ ਸਾਹਿਬ ਸਿੰਘ ਜੀ ਆਦ ਕਈ ਹੋਏ ਹਨ। ਅੰਤ ਨੂੰ ਡੇਰੇ ਦੀ ਸੇਵਾ ਸੰਤ ਸਾਹਿਬ ਸਿੰਘ ਜੀ ਨੂੰ ਬਖਸ਼ ਕੇ ਗੁਰਪੁਰੀ ਸਿਧਾਰ ਗਏ ਹਨ।

**ਸੰਤ ਸਾਹਿਬ ਸਿੰਘ ਜੀ** ਆਪ ਬੜੇ ਨਿਰਮਾਣ ਮਹਾਤਮਾ ਹੋਏ ਹਨ। ਜ਼ਮੀਨ ਦਾ ਪਟਾ ਆਪ ਦੇ ਨਾਂ ਹੋਇਆ, ਪਰ ਫਿਰ ਅਪਣੇ ਗੁਰਾਂ ਦੇ ਨਾਮ ਕਰਵਾ ਦਿਤਾ। ਆਪ ਦੇ ਗੁਜ਼ਰ ਜਾਣ ਤੋਂ ਬਾਅਦ ਆਪ ਦੇ ਹੀ ਗੁਰਭਾਈ ਸੰਤ ਲਖਾ ਸਿੰਘ ਜੀ ਡੇਰੇ ਦੇ ਮਹੰਤ ਹੋਏ।

**ਸੰਤ ਲਖਾ ਸਿੰਘ ਜੀ** ਪੂਰਵ ਉਕਤ ਕਿਸੇ ਮਹਾਤਮਾ ਦਾ ਵਿਸ਼ੇਸ਼ ਜੀਵਨ ਮੌਜੂਦਾ ਡੇਰੇ ਦੇ ਮਹੰਤ ਸੰਤ ਨਹੀਂ ਦਸ ਸਕੇ। ਬਸ ਸੰਤ ਲਖਾ ਸਿੰਘ ਜੀ ਬਾਰੇ ਭੀ ਇਹੋ ਦਸਿਆ ਕਿ ਏਹ ਸਿਖ ਰਾਜ ਦੇ ਅੰਤਮ ਸਮੇਂ ਹੋਏ ਹਨ। ਬੜੇ ਤਪ ਤੇਜ ਵਾਲੇ ਸਨ। ਕਈ ਜ਼ਮੀਨਾਂ ਲੈ ਕੇ ਡੇਰੇ ਨਾਲ ਲਗਵਾਈਆਂ, ਅਸਥਾਨ ਨੂੰ ਚੜ੍ਹਦੀਆਂ ਕਲਾਂ ਵਿਚ ਪੁਚਾਇਆ, ਆਖਰ ਅਪਨੇ ਸ਼ਿਸ਼ ਸੰਤ ਕਾਹਨ ਸਿੰਘ ਜੀ ਨੂੰ ਡੇਰੇ ਦੀ ਪਗ ਦੇ ਕੇ ਸੰਮਤ ੧੯੯੦ ਵਿਚ ਗੁਰਪੁਰੀ ਸਿਧਾਰੇ।

## ਮਹੰਤ ਕਾਹਨ ਸਿੰਘ ਜੀ

ਜਨਮ ਲਖਨੌਰ ਵਿਚ ਹੋਇਆ। ਅਪਣੇ ਬਜ਼ੁਰਗਾਂ ਦੀ ਰਹੁ ਰੀਤੀ ਅਨੁਸਾਰ ਡੇਰੇ ਦਾ ਸੋਹਣਾ ਕੰਮ ਚਲਾਇਆ। ਜਵਾਲਾ ਸਿੰਘ ਜੀ ਸੰਤ ਨਰੈਣ ਸਿੰਘ ਜੀ ਸੰਤ ਆਤਮਾ ਸਿੰਘ ਜੀ ਆਦਕ ਆਪ ਦੇ ਸ਼ਿਸ਼ ਹਨ, ਪਰ ਸੰਤ ਜਵਾਲਾ ਸਿੰਘ ਜੀ ਨੂੰ ਡੇਰੇ ਦੀ ਸੇਵਾ ਦੇ ਕੇ ਸੰਮਤ ੧੯੪੭ ਵਿਚ ਪ੍ਰਲੋਕ ਗਮਨ ਹੋ ਗਏ।

**ਮਹੰਤ ਜਵਾਲਾ ਸਿੰਘ ਜੀ** ਆਪ ਦਾ ਜਨਮ ਸੰਢੌਰੇ ਪਿੰਡ, ਜ਼ਿਲੇ ਅੰਬਾਲੇ ਦਾ ਹੈ। ਆਪ ਦੀ ਮੌਜੂਦਗੀ ਵਿਚ ਡੇਰੇ ਸੰਬੰਧੀ ਕਈ ਵੇਰਾਂ ਝਗੜੇ ਛਿੜ ਚੁਕੇ ਹਨ। ਪਹਿਲਾਂ ਗੁਰ-ਭਾਈਆਂ ਵਲੋਂ ਛਿੜੇ ਰਹੇ। ਹੁਣ ਅਕਾਲੀ ਸਿਖਾਂ ਨਾਲ ਮੁਕਾਬਲਾ ਕਰ ਰਹੇ ਹਨ। ਅੰਤ੍ਰਯਾਮੀ ਕ੍ਰਿਪਾ ਰਖੇ। ਸਾਧੂ ਸੰਤ ਦੀ ਆਵਾ ਜਾਈ ਬਣੀ ਰਹੇ।

# ਮਕਾਨ ਬਾਬਾ ਅਰੂੜ ਸਿੰਘ ਜੀ

ਬਾਬਾ ਗਰਜਾ ਸਿੰਘ ਜੀ ਦੇ ਸ਼ਿਸ਼ ਮਹਾਰਾਜ ਸਾਹਿਬ ਸਿੰਘ ਜੀ ਹੋਏ। ਇਨ੍ਹਾਂ ਦੇ ਸ਼ਿਸ਼ ਸੰਤ ਅਮਰ ਸਿੰਘ ਜੀ ਹੋਏ। ਜਿਨ੍ਹਾਂ ਇਹ ਡੇਰਾ ਆਬਾਦ ਕੀਤਾ।

**ਸੰਤ ਅਮਰ ਸਿੰਘ ਜੀ** ਆਪ ਬੜੇ ਉਘੇ ਮਹਾਤਮਾ ਹੋ ਚੁਕੇ ਹਨ। ਜਿਨ੍ਹਾਂ ਇਸ ਡੇਰੇ ਦੀ ਬੁਨਿਆਦ ਬੰਨ੍ਹੀ, ਡੇਰਾ ਸ਼ਹਿਰੋਂ ਬਾਹਰ ਵਾਰ ਪੱਕਾ ਬਣਿਆ ਹੋਇਆ ਹੈ। ਸੌ ਵਿਘਾ ਜ਼ਮੀਨ ਨਾਲ ਹੈ। ਅਗੋ ਇਨ੍ਹਾਂ ਅਪਨੇ ਚੇਲੇ ਮਹੰਤ ਅਰੂੜ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਬਖਸ਼ੀ।

**ਮਹੰਤ ਅਰੂੜ ਸਿੰਘ ਜੀ** ਆਪ ਵਡੇ ਬੀਤ ਰਾਗ ਮਹਾਤਮਾ ਸਿਖ ਰਾਜ ਸਮੇਂ ਹੋਏ ਹਨ। ਸਿਖ ਸਰਦਾਰ ਆਪ ਦੇ ਚੰਗੇ ੨ ਪੈਰੋਕਾਰ ਸਨ। ਇਨ੍ਹਾਂ ਅਪਨੇ ਯੋਗ ਸ਼ਿਸ਼ ਸੰਤ ਫਤੇਹ ਸਿੰਘ ਜੀ ਨੂੰ ਮਹੰਤੀ ਦਿਤੀ।

**ਮਹੰਤ ਫਤੇਹ ਸਿੰਘ ਜੀ** ਆਪ ਆਏ ਗਏ ਸਾਧੂ, ਸੰਤ, ਅਭਿਆਗਤ ਦੀ ਬਹੁਤ ਸੇਵਾ ਕਰਦੇ ਸਨ। ਪਿਛੋਂ ਆਪ ਦੇ ਸ਼ਿਸ਼ ਮਹੰਤ ਤ੍ਰਿਲੋਕ ਸਿੰਘ ਜੀ ਹੋਏ। ਜਿਹੜੇ ੧੨ ਵਰ੍ਹੇ ਮਹੰਤੀ ਕਰ ਕੇ ਸੰਮਤ ੧੯੩੨ ਵਿਚ ਗੁਰਪੁਰੀ ਸਿਧਾਰੇ, ਫਿਰ ਸਾਧ ਸੰਗਤ ਨੇ ਆਪ ਦੇ ਗੁਰਭਾਈ ਮਹੰਤ ਨੰਦ ਸਿੰਘ ਜੀ ਨੂੰ ਡੇਰੇ ਦੀ ਪਗ ਦਿਤੀ।

**ਮਹੰਤ ਨੰਦ ਸਿੰਘ ਜੀ** ਆਪ ਦਾ ਜਨਮ ਤਾਹਰ ਪੁਰ ਜ਼ਿਲੇ ਅੰਬਾਲੇ ਦਾ ਸੀ। ਸੰਮਤ ੧੯੭੭ ਵਿਚ ਸਰੀਰ ਗੁਜ਼ਰਿਆ। ਪਿਛੋ ਆਪ ਦੇ ਸ਼ਿਸ਼ ਸੰਤ ਰਣਜੀਤ ਸਿੰਘ ਜੀ ਮਹੰਤ ਹੋਏ।

**ਮਹੰਤ ਰਣਜੀਤ ਸਿੰਘ ਜੀ** ਜਨਮ ਸੰਢੌਰੇ, ਜ਼ਿਲੇ ਅੰਬਾਲੇ ਦਾ ਹੈ। ਆਏ ਗਏ ਸਾਧੂ ਸੰਤ ਨਾਲ ਪਿਆਰ ਕਰਦੇ ਹੋਏ ਟੈਹਲ ਸੇਵਾ ਕਰਦੇ ਹਨ ਸੌ ਵਿਘਾ ਜ਼ਮੀਨ ਮਾਫੀ ਹੈ। ਆਪ ਦੇ ਨਾਲ ਅਕਾਲੀਆਂ ਦਾ ਮੁਕਦਮਾ ਛਿੜਿਆ ਰਿਹਾ। ਆਖਰ ਸੰਮਤ ਕਤਕ ਮਹੀਨੇ ਵਿਚ ਮਹੰਤ ਹਾਕਮ ਸਿੰਘ ਜੀ ਪ੍ਰਧਾਨ ਮਹਾਂ ਮੰਡਲ ਤੇ ਮਹੰਤ ਮੂਲ ਸਿੰਘ ਜੀ ਦੀ ਰਾਹੀਂ ਸਮਝੌਤਾ ਹੋਇਆ।

# ਡੇਰਾ ਟੂਟੋ ਮਜਾਰਾ

ਡੇਰਾ ਟੂਟੋ ਮਜਾਰਾ, ਬਾਬਾ ਅਘੜ ਸਿੰਘ ਜੀ ਦਾ ਬਸਾਇਆ ਹੋਇਆ ਹੈ ਜਿਸ ਦੀਆਂ ਵਰਤਮਾਨ ਹੇਠ ਲਿਖੀਆਂ ਸ਼ਾਖਾਂ ਹਨ:-

ਲਖੋਵਾਲ, ਪਠਲਾਵਾ, ਲਗੜੋਆ, ਸਿੰਘਪੁਰ, ਹਰੀਦੁਆਰ, ਪਧਾਣਾ ਆਦਕ।

## ਸ੍ਰੀ ਬਾਬਾ ਅਘੜ ਸਿੰਘ ਜੀ

ਬਾਬਾ ਅਘੜ ਸਿੰਘ ਜੀ ਭਾਈ ਨਗਾਹੀਆ ਸਿੰਘ ਜੀ ਦੇ ਬੇਟੇ, ਬਾਬਾ ਦਰਗਾਹ ਸਿੰਘ ਜੀ ਕਨਖਲ ਵਾਲਿਆਂ ਦੇ ਸਕੇ ਭਰਾ ਅਤੇ ਭਾਈ ਮਨੀ ਸਿੰਘ ਜੀ ਦੇ ਉਪਦੇਸ਼ੀ ਹੋਏ ਹਨ। ਜਿਨ੍ਹਾਂ ਮੋਮਨਖਾਣ ਪਠਾਣ ਨੂੰ ਵਢ ਕੇ ਉਸ ਦਾ ਸਿਰ ਖਾਲਸੇ ਨੂੰ ਆਣ ਪੇਸ਼ ਕੀਤਾ ਸੀ।

ਜਨਮ ਪਹਾੜ ਵਿਚ ਗ੍ਰਾਮ ਕੌਲਪੁਰ ਜ਼ਿਲਾ ਹੁਸ਼ਿਆਰ-ਪੁਰ ਵਿਖੇ ਹੋਇਆ, ਪ੍ਰਵਿਰਤੀ ਤੋਂ ਉਪ੍ਰਾਮ ਹੋਕੇ ਮਹਾਰਾਜ ਪੰਡਿਤ ਮਾਨ ਸਿੰਘ ਜੀ ਦਿਆਂ ਚਰਨਾਂ 'ਚ ਪਹੁੰਚੇ, ਜਿਥੇ ਜਾਕੇ ਲਿਖਨ ਪੜ੍ਹਨ ਦਾ ਅਭਿਆਸ ਕਰਦੇ ਹੋਏ ਦਿਲੋਂ ਪ੍ਰੇਮ ਨਾਲ ਸੇਵਾ ਕਰਦੇ ਰਹੇ, ਦਸਾਂ ਵਰ੍ਹਿਆਂ ਤੋਂ ਬਾਅਦ ਪੰਡਿਤ ਜੀ ਦੀ ਆਗਿਆ ਨਾਲ ਯਾਤਰਾ ਕਰਦੇ ਹੋਏ ਪਹਿਲਾਂ ਲੰਗੇਰੀ ਪਿੰਡ ਨਿਵਾਸ ਕੀਤਾ, ਇਥੇ ਇਕ ਧਰਮਸਾਲ ਬਣਵਾਈ, ਜਿਥੇ ਕੁਝ ਸਮਾਂ ਨਿਵਾਸ ਕਰਕੇ ਕਈ ਪੋਥੀਆਂ ਲਿਖੀਆਂ ਅਤੇ ਇਕ ਆਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਲਿਖੇ ਜੋ ਅਜ ਤਕ ਉਸ ਧਰਮਸਾਲਾ ਵਿਚ ਅਸਥਾਪਿਤ ਹਨ । ਸੰਤ ਮਹਾਰਾਜ ਮਾਨ ਸਿੰਘ ਜੀ ਦੀ ਆਗਿਆ ਨਾਲ ਇਥੋਂ ਉਠ ਕੇ ਆਪ ਟੂਟੋ ਮਜਾਰਾ ਵਿਚ ਆਏ, ਸੁਤੰਤਰ ਇਕੰਤ ਜਗ੍ਹਾ ਵੇਖ ਕੇ ਆਸਨ ਜਮਾ ਦਿਤਾ, ਈਸ਼ਵਰ ਚਿੰਤਨ ਤੇ ਨਾਮ ਸਿਮਰਨ ਵਲ ਅਜਿਹੀ ਬਿਰਤੀ ਜੋੜੀ ਜੋ ਆਪ ਮਹਾਂ ਤਪਸਵੀ ਕਰਕੇ ਪ੍ਰਸਿਧ ਹੋਏ। ਮੌਜੂਦਾ ਅਸਥਾਨ ਦੀ ਬੁਨਿਆਦ ਰਖੀ, ਆਪ ਦੇ ਸ਼ਿਸ਼ਾਂ ਵਿਚੋਂ ਮਹਾਰਾਜ ਟਹਿਲ ਸਿੰਘ ਜੀ ਸੰਤ ਸ਼ਾਮ ਸਿੰਘ ਜੀ ਆਦਿਕ ਮੁਖੀ ਮਹਾਤਮਾ ਹੋਏ ਹਨ। ਅਖੀਰ ਆਪਣੇ ਅਸਥਾਨ ਪੁਰ ਅਪਣੇ ਜਾਨਸ਼ੀਨ ਮਹਾਰਾਜ ਟੈਹਲ ਸਿੰਘ ਜੀ ਨੂੰ ਨੀਯਤ ਕਰ ਕੇ ਗੁਰਪੁਰੀ ਸਿਧਾਰੇ।

## ਮਹਾਰਾਜ ਟਹਿਲ ਸਿੰਘ ਜੀ

ਆਪ ਦਾ ਜਨਮ ਧਰਮ ਕੋਟ ਜ਼ਿਲੇ ਲੁਧਿਆਣੇ ਦਾ

ਹੈ, ਛੋਟੀ ਉਮਰ ਵਿਚ ਸੰਤਾਂ ਦੇ ਚਰਨਾਂ 'ਚ ਆਏ। ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ, ਸੇਵਾ ਕਰਦੇ ਅਨਿੰਨ ਸੇਵਕ ਸਦਾਏ, ਸੰਤਾਂ ਦੇ ਗੁਜ਼ਰ ਜਾਣ ਤੋਂ ਬਾਅਦ ਪਿਛਲੀ ਰਹੁ ਰੀਤੀ ਨੂੰ ਆਪ ਨੇ ਕਾਇਮ ਰਖਿਆ। ਭਜਨ ਬੰਦਗੀ ਵਿਚ ਲੀਨ ਰਹੇ। ਗੁਰਮਤ ਦਾ ਪ੍ਰਚਾਰ ਕਰਦੇ ਰਹੇ। ਆਪਣੇ ਪੂਜਨ ਅਸਥਾਨ ਨੂੰ ਬੜੀ ਤਰੱਕੀ ਦਿਤੀ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਇਕ ਬੜਾ ਉਚਾ ਸ਼ਾਹੀ ਮੰਦਰ ਬਣਵਾਇਆ, ਆਪ ਬੜੇ ਤਪ ਤੇਜ਼ ਵਾਲੇ ਮਹਾਂ ਪੁਰਸ਼ ਹੋਏ ਹਨ। ਬੀਸੀਆਂ ਸੰਤ ਆਪ ਦੇ ਪਾਸ ਟਿਕੇ ਰਹਿੰਦੇ ਸਨ। ਆਪ ਦੇ ਮੁਖ ਸ਼ਿਸ਼ ਦੋ ਹੋਏ, ਇਕ ਤਾਂ ਮਹਾਰਾਜ ਖਜ਼ਾਨ ਸਿੰਘ ਜੀ ਦੂਜੇ ਗਿਆਨੀ ਸੰਤ ਰਾਮ ਸਿੰਘ ਜੀ, ਅਖੀਰ ਸਮੇਂ ਮਹਾਰਾਜ ਖਜ਼ਾਨ ਸਿੰਘ ਜੀ ਨੂੰ ਡੇਰੇ ਦੀ ਪਗ ਦੇ ਕੇ ਗੁਰਪੁਰੀ ਸਿਧਾਰੇ।

## ਮਹਾਰਾਜ ਮਹੰਤ ਖਜਾਨ ਸਿੰਘ ਜੀ

ਆਪ ਦਾ ਜਨਮ ਪਿੰਡ ਭੂਨੋ ਬਾੜੀਆਂ ਜ਼ਿਲਾ ਹੁਸ਼ਿਆਰਪੁਰ ਦਾ ਸੀ, ਪੰਦਰਾਂ ਸੋਲਾਂ ਵਰ੍ਹਿਆਂ ਦੇ ਹੋਏ ਤਾਂ ਮਾਤਾ ਪਿਤਾ ਨੇ ਕੁੜਮਾਈ ਕਰ ਦਿਤੀ, ਪਰ ਮੁਢ ਤੋਂ ਹੀ ਉਪ੍ਰਾਮ ਅਵਸਥਾ ਵਿਚ ਰਹਿਕੇ ਆਪ ਨੇ ਸ਼ਾਦੀ ਕਰਨੋਂ ਨਾਂਹ ਕਰ ਦਿਤੀ, ਮਾਤਾ ਪਿਤਾ ਰੰਜ ਹੋ ਗਏ, ਤਾਂ ਆਪ ਉਦਾਸ ਹੋਕੇ ਸੰਤਾਂ ਪਾਸ ਆ ਗਏ। ਸੇਵਾ ਕਰਦੇ ਤੇ ਪੜ੍ਹਨ ਪੜ੍ਹਾਨ ਵਿਚ ਪ੍ਰਵਿਰਤ ਰਹੇ ਸੰਸਾਰ ਵਲੋਂ ਆਪ ਦੀ ਉਪ੍ਰਾਮ ਬ੍ਰਿਤੀ ਵੇਖ ਕੇ ਮਹਾਰਾਜ ਸੰਤ ਟਹਿਲ ਸਿੰਘ ਜੀ ਬੜੇ ਖੁਸ਼ ਹੋਇਆ ਕਰਦੇ

ਸਨ, ਜਦ ਆਪ ਦੇ ਸੰਤ ਦੇਹਾਂਤ ਹੋ ਗਏ ਤਾਂ ਡੇਰੇ ਦਾ ਸਾਰਾ ਭਾਰ ਆਪ ਦੇ ਸਿਰ ਤੇ ਆ ਪਿਆ, ਪਹਿਲਾਂ ਸਭ ਤੋਂ ਆਪਣੇ ਸੰਤਾਂ ਦੀ ਸਮਾਧ ਬਣਾਈ। ਆਏ ਗਏ ਨਾਲ ਪ੍ਰੇਮ ਭਰਿਆ ਵਰਤਾਵ ਰਖਦੇ ਤੇ ਨਿਰਮਾਣ ਅਵਸਥਾ ਵਿਚ ਜ਼ਿੰਦਗੀ ਬਤੀਤ ਕਰਦੇ। ਆਖਰ ਆਪਣੇ ਜ਼ਿਸ਼ ਸੰਤ ਮਹੰਤ ਜੈਮਲ ਸਿੰਘ ਜੀ ਨੂੰ ਅਪਣਾ ਯੋਗ ਅਧਿਕਾਰੀ ਜਾਣ ਕੇ ਡੇਰੇ ਦੀ ਸੇਵਾ ਬਖ਼ਸ਼ ਦਿਤੀ। ੯੦ ਬਰਸ ਦੀ ਆਯੂ ਵਿਚ ਸੰਮਤ ੧੯੫੭ ਵਿਚ ਗੁਰਪੁਰੀ ਸਿਧਾਰ ਗਏ।

## ਮਹੰਤ ਜੈਮਲ ਸਿੰਘ ਜੀ

ਆਪ ਦਾ ਜਨਮ ਪਿੰਡ ਢਕਵਾਲ ਜਿਲਾ ਹੁਸ਼ਿਆਰਪੁਰ ਦਾ ਹੈ। ਆਪ ਮਹੰਤ ਸਾਹਿਬ ਖਜ਼ਾਨ ਸਿੰਘ ਜੀ ਦੇ ਸਕੇ ਭਤੀਜੇ ਸਨ। ਆਪ ਦੇ ਪਿਤਾ ਅਪਨੇ ਭਾਈ ਸਾਹਿਬ ਜੀ ਨੂੰ ਪੂਰਨ ਮਹਾ ਪੁਰਸ਼ ਸਮਝਦੇ ਹੋਏ ਅਤੀ ਸ਼੍ਰਧਾ ਰਖਦੇ ਸਨ। ਇਸ ਲਈ ਆਪ ਨੂੰ ੧੪-੧੫ ਵਰ੍ਹੇ ਦੀ ਉਮਰ ਵਿਚ ਸੰਤਾਂ ਦੇ ਚੜ੍ਹਾ ਦਿਤਾ। ਸੰਤਾਂ ਉਤੇ ਪਹਿਲਾਂ ਹੀ ਸ਼ਰਧਾ ਸੀ ਜਿਸ ਲਈ ਤਨ ਮਨ ਕਰ ਕੇ ਸੇਵਾ ਵਿਚ ਜੁਟੇ ਰਹੇ। ਸੰਤਾਂ ਵੀ ਆਪ ਨੂੰ ਪੂਰਨ ਅਧਿਕਾਰੀ ਸਮਝ ਕੇ ਪ੍ਰਸੰਨਤਾ ਪੂਰਵਕ ਅਪਨਾ ਜਾਨਸ਼ੀਨ ਮੁਕਰੱਰ ਕਰ ਦਿਤਾ। ਜਦ ਤੋਂ ਆਪ ਮਹੰਤ ਨਿਯੱਤ ਹੋਏ ਪਿਛਲੇ ਮਹਾਤਮਾ ਦੀ ਰਹੁ ਰੀਤੀ ਅਨੁਸਾਰ ਡੇਰੇ ਦਾ ਕੰਮ ਚਲਾਉਂਦੇ ਰਹੇ। ਆਏ ਗਏ ਸਾਧੂ ਸੰਤ ਨਾਲ ਬੜਾ ਪ੍ਰੇਮ ਕਰਦੇ। ਡੇਰੇ ਵਿਚ ਚੰਗੇ ਚੰਗੇ ਗੁਣੀ ਗਿਆਨੀ ਟਿਕੇ ਰਹਿੰਦੇ,

ਅਨੇਕਾਂ ਸਾਧੂ ਪੜ੍ਹ ਕੇ ਚਲੇ ਗਏ ਤੇ ਹੁਣ ਭੀ ਕਈ ਪੜ੍ਹ ਰਹੇ ਹਨ। ਆਪ ਦੀ ਉਮਰ ਇਸ ਵੇਲੇ ੬੨ ਸਾਲ ਦੇ ਕਰੀਬ ਹੈ। ਲੰਗਰ ਅਟੁਟ ਜਾਰੀ ਕੀਤਾ ਹੋਇਆ ਹੈ। ਮ੍ਰਿਯਾਦਾ ਸੋਹਣੀ ਚਲਾਈ ਹੋਈ ਹੈ। ਬਸਤ੍ਰ ਚਿਟੇ ਰਖਦੇ ਹਨ। ਇਲਾਕੇ ਵਿਚ ਚੰਗਾ ਤਪ ਤੇਜ ਹੈ। ਡੇਰੇ ਨਾਲ ੬੦ ਘੁਮਾ ਦੇ ਕਰੀਬ ਮਾਲਪੁਰ ਲੰਗੇਰੀ, ਸਰਾਲੀ, ਗੁਜਰ ਪੁਰ, ਬਢੋਅਨ, ਮੁਗੋਵਾਲ ਆਦ ਨਗਰਾਂ ਵਿਚ ਜ਼ਮੀਨ ਹੈ, ਜਿਥੋਂ ਲੰਗਰ ਲਈ ਅਨਾਜ ਆਉਂਦਾ ਹੈ।

# ਡੇਰਾ ਸਿੰਘ ਪੁਰ

ਇਹ ਡੇਰਾ ਟੂਟੋ ਮਜਾਰੇ ਦੀ ਸ਼ਾਖ ਧਰਮ ਸਾਲ ਸਿੰਘ ਪੁਰ ਦੇ ਨਾਮ ਤੇ ਪ੍ਰਸਿੱਧ ਹੈ ਤੇ ਬਾਬਾ ਅਘੜ ਸਿੰਘ ਜੀ ਦੇ ਸ਼ਿਸ਼ ਮਹਾਰਾਜ ਟੈਹਲ ਸਿੰਘ ਜੀ, ਉਨ੍ਹਾਂ ਦੇ ਸ਼ਿਸ਼ ਮਹਾਰਾਜ ਗਿਆਨੀ ਸੰਤ ਰਾਮ ਸਿੰਘ ਜੀ ਦਾ ਵਸਾਇਆ ਹੋਇਆ ਹੈ।

## ਗਿਆਨੀ ਸੰਤ ਰਾਮ ਸਿੰਘ ਜੀ

ਜਨਮ ਪਿੰਡ ਜੰਡਿਆਲਾ ਜ਼ਿਲਾ ਜਾਲੰਧਰ ਵਿਚ ਹੋਇਆ। ਛੋਟੀ ਉਮਰ ਵਿਚ ਅਪਨੇ ਗੁਰਾਂ ਪਾਸ ਆਏ। ਸੇਵਾ ਕਰਦੇ ਰਹੇ। ਦਸ ਵਰ੍ਹੇ ਭਾਸ਼ਾ ਦੇ ਗ੍ਰੰਥ ਤੇ ਸੰਸਕ੍ਰਿਤ ਪੜ੍ਹਦੇ ਰਹੇ। ਉਪ੍ਰੰਤ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਥਿਆ ਨਾਲ

ਪੜ੍ਹੇ। ਸਮੇਂ ਬਾਅਦ ਸੰਸਕ੍ਰਿਤ ਦੇ ਪੰਡਿਤ ਤੇ ਚੰਗੇ ਅਨੁਭਵੀ ਗਿਆਨੀ ਪ੍ਰਸਿੱਧ ਹੋਏ। ਕਈ ਵਰ੍ਹੇ ਲਖੀ ਜੰਗਲ਼ ਗੁਰਦਵਾਰੇ ਵਿਚ ਸੇਵਾ ਕਰਦੇ ਰਹੇ। ਆਪ ਸਤਿਕਾਰ ਯੋਗ ਤਿਆਗੀ ਵਿਰਕਤ ਸਨ ਇਸ ਲਈ ਦੇਸ਼ਾ ਰਟਨ ਕਰਦੇ ਗੁਰਮਤ ਸਿਧਾਂਤ ਦਾ ਪ੍ਰਚਾਰ ਕਰਦੇ ਹੋਏ ਜ਼ਿਲੇ ਹੁਸ਼ਿਆਰ ਪੁਰ ਵਿਚ ਸਿੰਘ ਪੁਰੇ ਆਏ। ਆਪ ਦਾ ਬੜਾ ਸਨਮਾਨ ਹੋਇਆ, ਪ੍ਰੇਮ ਦੇ ਵਸ਼ੀ ਭੂਤ ਹੋਏ ਇਥੇ ਹੀ ਟਿਕ ਗਏ। ਕੁਝ ਸਮੇਂ ਬਾਅਦ ਗੁਰੂ ਘਰ ਦਾ ਪ੍ਰਚਾਰ ਹਮੇਸ਼ਾ ਜ਼ਾਰੀ ਰਖਣ ਲਈ ਪਕਾ ਡੇਰਾ ਬਣਵਾਇਆ। ਡੇਰੇ ਵਿਚ ਭੀ ਅਲੇਪ ਰਹਿੰਦੇ ਹੋਏ ਪੜ੍ਹਨ ਪੜ੍ਹਾਉਣ ਵਿਚ ਸਮਾਂ ਬਿਤੀਤ ਕਰਦੇ ਰਹੇ ਅਤੇ ਆਸ ਪਾਸ ਦੇ ਨਗਰਾਂ ਵਿਚ ਜਾ ਜਾ ਕੇ ਅੰਮ੍ਰਿਤ ਪ੍ਰਚਾਰ ਕਰਦੇ ਤੇ ਉਪਦੇਸ਼ ਦੇਂਦੇ ਰਹੇ ਅਨੇਕਾਂ ਪ੍ਰਾਣੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਝੰਡੇ ਹੇਠ ਲਿਆਂਦੇ।

ਆਪ ਸਤ ਵਕਤਾ ਇਸ ਤਰ੍ਹਾਂ ਦੇ ਸਨ, ਡੇਰੇ ਵਿਚ ਇਕ ਨਿੰਮ ਦਾ ਬ੍ਰਿਛ ਸੀ, ਜਿਸ ਦੀ ਛਾਇਆ ਸੰਘਣੀ ਨਾ ਹੋਣ ਕਰ ਕੇ ਇਕ ਦਿਨ ਆਪ ਨੇ ਇਹ ਕਹਿ ਦਿਤਾ ਕਿ ਇਸ ਛਾਇਆ ਨਾਲੋਂ ਤਾਂ ਇਹ ਸੁਕ ਜਾਏ ਤਾਂ ਚੰਗਾ ਹੈ। ਸੋ ਸਚ ਮੁਚ ਦਿਨਾਂ ਦੇ ਬਾਅਦ ਹੀ ਸੁਕ ਗਿਆ। ਯੋਗ ਮ੍ਰਿਜਾਦਾ ਤੋਂ ਉਲਟ ਚਲਣ ਵਾਲੇ ਨੂੰ ਆਪ ਇਤਨਾ ਬੁਰਾ ਸਮਝਦੇ ਹੁੰਦੇ ਸਨ, ਕਿ ਇਕ ਦਿਨ ਆਪ ਦੇ ਛੋਟੇ ਗੁਰਭਾਈ ਗੁਲਾਬ ਸਿੰਘ ਜੀ ਜੋ ਡੇਰੇ ਦੀਆਂ ਗਊਆਂ ਬਾਹਰ ਚੁਗਾਣ ਲਈ ਲੈ ਜਾਇਆ ਕਰਦੇ ਸਨ, ਨੇ ਇਕ ਲੜਕੀ ਨਾਲ ਹਾਸੀ ਕੀਤੀ ਸੰਤਾਂ ਸੁਣ ਕੇ ਇਤਨਾ ਬੁਰਾ ਮਨਾਇਆ, ਬਾਹਰੋਂ ਆਉਂਦਿਆਂ ਨੂੰ ਹੀ ਡਾਟ

ਕੇ ਕਹਿ ਦਿਤਾ ਕਿ ਬਸ ਹੁਣ ਤੇਰਾ ਡੇਰੇ ਵਿਚ ਰਹਿਣ ਦਾ ਕੋਈ ਕੰਮ ਨਹੀਂ। ਪਿੰਡ ਦੇ ਮੁਖੀਆਂ ਨੂੰ ਵੀ ਸਦ ਕੇ ਸੁਣਾ ਦਿਤਾ। ਭਾਵੇਂ ਸਾਰੇ ਪ੍ਰੇਮੀਆਂ ਨੇ ਗੁਲਾਬ ਸਿੰਘ ਨੂੰ ਬਖਸ਼ਾਣਾ ਚਾਹਿਆ, ਪਰ ਸੰਤਾਂ ਨਾ ਬਖਸ਼ਿਆ ਆਖਰ ਮੁਖੀ ਸਿਖਾਂ ਦੇ ਕਹਿਣ ਤੇ ਗੁਲਾਬ ਸਿੰਘ ਜੀ ਮਾਲਵੇ ਚਲੇ ਗਏ। ਜਿਥੇ ਜਾ ਕੇ ਜ਼ਮੀਨ ਖਰੀਦੀ ਡੇਰਾ ਬਣਾਇਆ। ਫਿਰ ਵੀ ਜਦ ਗੁਲਾਬ ਸਿੰਘ ਜੀ ਗੁਜ਼ਰ ਗਏ ਤਾਂ ਸਰਕਾਰ ਨੇ ਅਪਣੀ ਮਾਰਫਤ ਉਨ੍ਹਾਂ ਦੀ ਜ਼ਮੀਨ ਵੇਚ ਕੇ ਦੋ ਅਢਾਈ ਹਜ਼ਾਰ ਰੁਪਆ ਬਾਬਾ ਰਾਮ ਸਿੰਘ ਜੀ ਨੂੰ ਭੇਜਿਆ, ਪਰ ਆਪ ਨੇ ਇਹ ਕਹਿ ਕੇ ਲੈਣੋਂ ਇਨਕਾਰ ਕਰ ਦਿਤਾ ਕਿ ਉਸ ਦੇ ਰੁਪਏ ਵਿਚੋਂ ਇਕ ਪੈਸਾ ਵੀ ਲੈਣਾ ਅਸੀਂ ਅਯੋਗ ਸਮਝਦੇ ਹਾਂ। ਸੋ ਇਸ ਤਰ੍ਹਾਂ ਆਪ ਸੁੰਦਰ ਰਹਿਣੀ ਵਾਲੇ ਉਪ੍ਰਾਮ ਬ੍ਰਿਤੀ ਮਹਾਤਮਾ ਹੋਏ ਹਨ।

ਆਪ ਦੇ ਦੋ ਮੁਖੀ ਸ਼ਿਸ਼ ਬਾਬਾ ਆਲਾ ਸਿੰਘ ਜੀ ਪੰਡਿਤ ਨਰੋਤਮ ਸਿੰਘ ਜੀ ਵਿਰਕਤ ਹੋਏ। ਅੰਤ ਵੇਲੇ ਬਾਬਾ ਆਲਾ ਸਿੰਘ ਜੀ ਨੂੰ ਡੇਰੇ ਦੀ ਸੇਵਾ ਬਖਸ਼ ਕੇ ਸੰਮਤ ੧੯੩੨ ਵਿਚ ਗੁਰਪੁਰੀ ਸਿਧਾਰ ਗਏ। ਪਿਛੋਂ ਆਪ ਦੀ ਪਕੀ ਸਮਾਧ ਬਾਬਾ ਆਲਾ ਸਿੰਘ ਜੀ ਨੇ ਬਣਵਾਈ ਜੋ ਡੇਰੇ ਤੋਂ ਦੋ ਜਰੀਬ ਪਰੇ ਹੈ, ੧੭ ਘੁਮਾ ਜ਼ਮੀਨ ਡੇਰੇ ਨਾਲ ਹੈ।

## ਬਾਬਾ ਆਲਾ ਸਿੰਘ ਜੀ

ਆਪ ਦਾ ਜਨਮ ਪਿੰਡ ਲੰਗੇਰੀ ਜ਼ਿਲਾ ਹੁਸ਼ਿਆਰ ਪੁਰ

ਵਿਚ ਹੋਇਆ ਆਪ ਪੂਰਨ ਜਤੀ ਸਤੀ ਇਕ ਮਹਾਂ ਪੁਰਸ਼ ਹੋਏ ਹਨ। ਜਲ ਦਾਨ ਨੂੰ ਅਤਯੰਤ ਉੱਤਮ ਸਮਝਦੇ ਸਨ। ਜਿਸ ਕਰ ਕੇ ਆਪ ਨੇ ਥਾਂ ਥਾਂ ਖੂਹ ਲੁਵਾਏ। ਦੋ ਖੂਹ ਲੈਹਲੀ ਖੁਰਦ ਗ੍ਰਾਮ ਵਿਚ, ਇਕ ਖੂਹਾ ਸਿੰਘ ਪੁਰੇ ਗ੍ਰਾਮ ਵਿਚ ਤਿੰਨ ਖੂਹੇ ਡੇਰੇ ਲੁਵਾਏ, ਆਪ ਬੜੇ ਪਵਿਤ੍ਰ ਰਹਿੰਦੇ ਤੇ ਹੋਰਨਾਂ ਨੂੰ ਪਵਿਤ੍ਰ ਰਹਿਣ ਦਾ ਉਪਦੇਸ਼ ਦੇਂਦੇ ਰਹਿੰਦੇ ਸਨ। ਨਸਰਾਂ, ਬਧਨਾਂ, ਸਾਰੰਗ ਵਾਲ ਆਦਕ ਕਈ ਪਿੰਡਾਂ ਨੂੰ ਬੋਕੇ ਨਾਲ ਪਾਣੀ ਭਰਨੋ ਛੁੜਾ ਕੇ ਗਾਗਰਾਂ ਨਾਲ ਭਰਨ ਦਾ ਤੇ ਸਤਿਨਾਮ ਸਿਮ੍ਰਨ ਕਰਨ ਦਾ ਉਪਦੇਸ਼ ਦਿਤਾ। ਜਿਤਨਾ ਚਿਰ ਸਰੀਰ ਰਹਿਆ ਗਾਗਰਾਂ ਪਾਸੋਂ ਦੇਂਦੇ ਰਹੇ। ਆਪ ਹਥੀਂ ਭੋਜਨ ਬਣਾ ਕੇ ਛਕਦੇ ਹੁੰਦੇ ਸਨ, ਬਲਕਿ ਪਿਹਾਣ ਵੇਲੇ ਦਾਣੇ ਤੇ ਖਰਾਸ ਦੇ ਪੁੜ ਧੁਵਾ ਲੈਂਦੇ ਸਨ, ਅਪਣੀ ਹਥੀ ਜਿਸ ਖੇਤ ਨੂੰ ਬੀਜਦੇ ਉਸੇ ਖੇਤ ਦੀ ਕਣਕ ਖਾਇਆ ਕਰਦੇ ਸਨ। ਅਪਣੇ ਬੀਜੇ ਖੇਤ ਵਿਚ ਕਿਸੇ ਨੂੰ ਵੜਨ ਨਹੀਂ ਦੇਂਦੇ ਸਨ, ਜੇ ਕੋਈ ਭੁਲ ਕੇ ਵੜ ਜਾਂਦਾ ਤਾਂ ਉਸ ਖੇਤ ਦਾ ਅਨਾਜ ਉਸੇ ਨੂੰ ਦੇ ਦੇਂਦੇ ਤੇ ਜਿਤਨਾ ਚਿਰ ਦੂਜਾ ਅਨਾਜ ਨਾ ਪੈਦਾ ਹੁੰਦਾ ਉਤਨਾ ਚਿਰ ਦੁਧ ਨਾਲ ਹੀ ਗੁਜ਼ਾਰਾ ਕਰਦੇ। ਲੋਗ ਭੀ ਆਪ ਦੇ ਸੁਭਾਵ ਨੂੰ ਸਮਝ ਗਏ, ਇਸ ਲਈ ਆਪ ਦੀ ਚੀਜ਼ ਨਾਲ ਛੂਹਣਾ ਝਿਝਕਦੇ ਸਨ।

ਪੂਰੇ ਜਪੀ ਤਪੀ ਤੇ ਸਤਯ ਸੰਕਲਪ ਸਨ। ਸਵੇਰ ਦੇ ਤੜਕੇ ਇਸ਼ਨਾਨ ਕਰਨ ਜਾਂਦੇ ਤਾਂ ਅਗੇ ਕਦੀ ਕਦੀ ਇਕ ਬ੍ਰਾਹਮਣੀ ਨੂੰ ਨੰਗੇ ਨ੍ਹਾਉਂਦਿਆਂ ਵੇਖ ਕੇ ਵਰਜਦੇ ਰਹਿੰਦੇ ਪਰ

ਉਹ ਬ੍ਰਾਹਮਣੀ ਫਿਰ ਵੀ ਲਾਪ੍ਰਵਾਹੀ 'ਚ ਨੰਗਿਆਂ ਨਹਾ ਲਿਆ ਕਰੇ। ਇਕ ਦਿਨ ਸੰਤਾਂ ਵੇਖ ਲਿਆ ਤੇ ਸ੍ਰਾਪ ਦੇ ਦਿਤਾ ਕਿ ਤੈਨੂੰ ਕੋੜ੍ਹੇ ਪੈ ਜਾਣ ਤਾਕਿ ਨ੍ਹਾਉਣ ਜੋਗੀ ਨਾ ਰਹੇਂ, ਇਸੇ ਤਰ੍ਹਾਂ ਹੋਇਆ ਥੋੜੇ ਦਿਨਾਂ ਦੇ ਬਾਅਦ ਬਿਮਾਰ ਹੋ ਗਈ, ਕੋੜ੍ਹੇ ਪੈਕੇ ਮਰ ਗਈ। ਆਪ ਬੜੇ ਤਪ ਤੇਜ ਵਾਲੇ ਮਹਾਤਮਾ ਹੋ ਚੁਕੇ ਹਨ, ਅੰਤ ਵੇਲੇ ਆਪਣੇ ਭਰਾ ਦੇ ਪੋਤਰੇ ਨੂੰ ਮਹੰਤੀ ਦੇ ਕੇ ਸੰਮਤ ੧੯੪੯ ਵਿਚ ਗੁਰਪੁਰੀ ਸਿਧਾਰੇ, ਆਪ ਦੀ ਸਮਾਧ ਵੀ ਬਾਬਾ ਰਾਮ ਸਿੰਘ ਜੀ ਦੀ ਸਮਾਧੀ ਦੇ ਨਾਲ ਬਣ ਈ ਗਈ।

## ਬਾਬਾ ਖਜ਼ਾਨ ਸਿੰਘ ਜੀ

ਆਪ ਦਾ ਜਨਮ ਹਦੋਵਾਲ ਜ਼ਿਲਾ ਹੁਸ਼ਿਆਰ ਪੁਰ ਦਾ ਹੈ। ਛੋਟੀ ਉਮਰ ਤੋਂ ਹੀ ਬਾਬਾ ਮ੍ਹਲਾ ਸਿੰਘ ਜੀ ਦੇ ਪਾਸ ਰਹਿ ਕੇ ਪੜ੍ਹਦੇ ਤੇ ਸੇਵਾ ਕਰਦੇ ਰਹੇ, ਸੰਤਾਂ ਦੇ ਗੁਜ਼ਰ ਜਾਣ ਤੋਂ ਬਾਅਦ ਪਿੰਡ ਦੇ ਸਤਿਸੰਗੀਆਂ ਨੇ ਇਨ੍ਹਾਂ ਨੂੰ ਮਹੰਤੀ ਦਾ ਹਕਦਾਰ ਸਮਝਕੇ ਮੌਜੂਦਾ ਮਹੰਤ ਉਪਰ ਮੁਕਦਮਾ ਕਰਵਾਇਆ ਜੋ ਹਕ ਵਿਚ ਹੋ ਗਿਆ। ਸੋ ਆਪ ਪੂਰਨ ਨਾਮ ਦੇ ਰਸੀਏ ਜਤੀ, ਸਤੀ, ਧਾਰਨਾ ਵਾਲੇ ਮਹਾਤਮਾ ਸਨ। ਉਦਾਰ ਆਤਮਾ ਹਥ ਦੇ ਬੜੇ ਸਖੀ, ਆਏ ਗਏ ਅਭਿਆਗਤ ਸਾਧੂ ਸੰਤ ਨੂੰ ਪ੍ਰੇਮ ਭਰੀ ਨਜ਼ਰ ਨਾਲ ਵੇਖਣਾ ਤੇ ਖਿਲਾ ਪਿਲਾ ਕੇ ਪਸੰਨ ਹੋਣਾ ਇਹ ਆਪ ਦੀ ਖਾਸ ਸਿਫ਼ਤ ਸੀ, ਆਪ ਦੇ ਤਿੰਨ ਸ਼ਿਸ਼ ਹੋਏ। ਮਹੰਤ ਭਗਵਾਨ ਸਿੰਘ ਜੀ, ਸੰਤ ਵਜ਼ੀਰ ਸਿੰਘ ਜੀ,

ਘਨਈਆ ਸਿੰਘ ਜੀ, ਪਰ ਇਸ ਅਸਥਾਨ ਦੇ ਯੋਗ ਮਹੰਤ ਭੁਗਵਾਨ ਸਿੰਘ ਜੀ ਨੂੰ ਸਮਝ ਕੇ ਅਪਣੀ ਹਥੀਂ ਪੱਗ ਦਿਤੀ। ਆਖਰ ੯੦-੯੨ ਸਾਲ ਦੀ ਉਮਰ ਵਿਚ ਸੰਮਤ ੧੯੧੯ ਕਤਕ ੧੦ ਨੂੰ ਗੁਰਪੁਰੀ ਸਿਧਾਰ ਗਏ।

## ਮਹੰਤ ਭਗਵਾਨ ਸਿੰਘ ਜੀ

ਆਪ ਦਾ ਜਨਮ ਪਿੰਡ ਹਰੋਵਾਲ ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ। ਛੋਟੀ ਉਮਰ ਵਿਚ ਅਪਨੇ ਸੰਤਾਂ ਪਾਸ ਆਏ। ਸੇਵਾ ਕਰਦੇ ਰਹੇ ਨਾਲ ਪੜ੍ਹਨੇ ਦਾ ਅਭਿਆਸ ਰਖਦੇ ਰਹੇ। ਸੰਤਾਂ ਮਗਰੋਂ ਆਪ ਨੇ ਡੇਰੇ ਦੀ ਚੰਗੀ ਤਰੱਕੀ ਕੀਤੀ। ਅਪਣੇ ਮੂੰਹੋਂ ਸੁਣਾਉਂਦੇ ਹਨ ਕਿ ਇਕ ਰਾਤ ਸੁਤਿਆਂ ਪਿਆਂ ਅਗੰਮੀ ਹੁਕਮ ਹੋਇਆ ਕਿ ਡੇਰੇ ਦੀ ਜ਼ਮੀਨ ਵਿਚ ਇਕ ਖੂਹ ਹੈ, ਜਿਸ ਨੂੰ ਤੂੰ ਹੀ ਤਿਆਰ ਕਰ ਸਕਦਾ ਹੈਂ। ਤੇਰੇ ਉਪਰ ਸਤਿਗੁਰਾਂ ਦੀ ਮੇਹਰ ਹੈ ਉਦਮ ਕਰ ਕੇ ਖੂਹ ਪ੍ਰਗਟ ਕਰ ਲੈ, ਨਹੀਂ ਤਾਂ ਸਤ ਸੌ ਰੁਪਿਆ ਲਗ ਕੇ ਤਿਆਰ ਹੋਵੇਗਾ। ਆਖਰ ਉਦਮ ਕੀਤਾ ਖੇਤ ਵਿਚ ਹੀ ਲਗਾ ਲਗਾਇਆ ਗੁਪਤ ਖੂਹਾ ਮਿਲ ਗਿਆ ਜਿਸਨੂੰ ਮੁਰੰਮਤ ਕਰਕੇ ਨਵੇਂ ਵਾਂਗ ਬਣਾ ਲਿਤਾ। ਇਸ ਵੇਲੇ ਉਮਰ ਆਪ ਦੀ ਕਰੀਬਨ ੪੦-੫੦ ਸਾਲ ਦੀ ਹੈ ਸਰੀਰ ਚੰਗਾ ਤਾਕਤਵਰ ਹੈ। ਕਸਰਤ ਕਰਨ ਦਾ ਉਤਸ਼ਾਹ ਬਣਿਆ ਰਹਿੰਦਾ ਹੈ, ਮੁੰਗਲੀਆਂ ਫੇਰਦੇ ਹਨ, ਚੰਗੇ ਵਜ਼ਨ ਦਾਰ ਮੁਗਦਰ ਚੁਕਦੇ ਹਨ। ਇਸ ਕੰਮ ਵਿਚ ਆਪ ਦਾ ਨਾਂ ਸਾਰੇ ਜ਼ਿਲੇ ਵਿਚ ਅਵਲ ਦਰਜੇ 'ਚ ਹੈ। ਡਿਪਟੀ ਕਮਿਸ਼ਨਰ ਆਦਕ ਅਫਸਰਾਂ

ਪਾਸੋਂ ਕਈ ਵੇਰਾਂ ਚੰਗਾ ਚੰਗਾ ਇਨਾਮ ਹਾਸਲ ਕਰ ਚੁਕੇ ਹਨ। ਇਸ ਲਈ ਆਪ ਦਾ ਵਿਸ਼ੇਸ਼ਣ ਮੰਗਲੀਆਂ ਵਾਲੇ ਕਰ ਕੇ ਪ੍ਰਸਿੱਧ ਹੋਇਆ ਹੋਇਆ ਹੈ। ਡੇਰਾ ਪੱਕਾ ਬਾਗ ਵਿਚ ਹੈ। ਆਏ ਗਏ ਨਾਲ ਵੰਡ ਛਕਣ ਵਾਲੇ ਹਨ, ਭੇਖ ਨਾਲ ਪਿਆਰ ਹੈ। ਜਦ ਅਖਾੜਾ ਆਵੇ ਤਨ ਮਨ ਧਨ ਕਰ ਕੇ ਸੇਵਾ ਕਰਦੇ ਹਨ। ਸੁਭਾ ਦੇ ਮਿਲਾਪੜੇ ਹੋਣ ਕਰ ਕੇ ਸਾਰੇ ਇਲਾਕੇ ਵਿਚ ਪ੍ਰੇਮ ਭਰੀ ਨਜ਼ਰ ਨਾਲ ਵੇਖੇ ਜਾਂਦੇ ਹਨ।

# ਮੁਖ ਅਸਥਾਨ ਟੂਟੇ ਮਜਾਰਾ

## ( ਹਰੀਦੁਆਰ )

ਬਾਬਾ ਅਘੜ ਸਿੰਘ ਜੀ ਦੇ ਸ਼ਿਸ਼ ਮਹਾਰਾਜ ਟਹਿਲ ਸਿੰਘ ਜੀ ਇਨ੍ਹਾਂ ਦੇ ਸ਼ਿਸ਼ ਗਿਆਨੀ ਸੰਤ ਰਾਮ ਸਿੰਘ ਜੀ, ਅਗੇ ਇਨ੍ਹਾਂ ਦੇ ਸ਼ਿਸ਼ ਪੰਡਿਤ ਨਰੋਤਮ ਸਿੰਘ ਜੀ ਹੋਏ।

## ਪੰਡਿਤ ਨਰੋਤਮ ਸਿੰਘ ਜੀ

ਜਨਮ ਰਿਆਸਤ ਫਰੀਦ ਕੋਟ ਗ੍ਰਾਮ ਗੋਨੇਆਨਾ ਭਾਈ ਮੇਹਰ ਸਿੰਘ ਜ਼ਿਮੀਦਾਰ ਦੇ ਗ੍ਰਿਹ ਵਿਖੇ ਸੰਮਤ ੧੯੦੦ ਨੂੰ ਹੋਇਆ। ਵਜ਼ੀਰ ਸਿੰਘ ਆਪ ਦਾ ਨਾਮ ਰਖਿਆ। ਆਪ ਦੇ ਮਾਤਾ ਪਿਤਾ ਸੰਤ ਸੇਵਕ ਸਨ, ਜਦ ਫਿਰਦੇ ਤੁਰਦੇ ਗਿਆਨੀ ਪੰਡਿਤ ਰਾਮ ਸਿੰਘ ਜੀ ਗੋਨੇਆਨੇ ਆਏ ਤਾਂ ਬੜੀ ਸੇਵਾ ਕੀਤ

ਪੁਤ੍ਰ ਨੂੰ ਸੰਤਾਂ ਦੀ ਚਰਨੀ ਲਗਾਇਆ। ਨੌ ਸਾਲ ਦੀ ਉਮਰ ਵਿਚ ਸੰਤਾਂ ਨਾਲ ਗੁਰਦਵਾਰੇ ਲਖੀ ਜੰਗਲ ਆਏ। ਜਿਥੇ ਪ੍ਰੇਮ ਪੂਰਵਕ ਸੰਤਾਂ ਦੀ ਸੇਵਾ ਕਰਦੇ ਅਤੇ ਅਨੇਕ ਪ੍ਰਕਾਰ ਦੀ ਸ਼ੁਭ ਸਿਖਿਆ ਧਾਰਨ ਕਰਦੇ ਪੜ੍ਹਦੇ ਰਹੇ, ਕੁਝ ਸਮੇਂ ਬਾਅਦ ਸੰਤਾਂ ਆਪ ਨੂੰ ਇਕ ਹੋਣਹਾਰ ਸਮਝਕੇ ਵਿਦਯਾ ਪੜ੍ਹਨ ਲਈ ਠਾਕੁਰਾਂ ਦੇ ਡੇਰੇ ਸ੍ਰੀ ਅੰਮ੍ਰਿਤਸਰ ਜੀ ਭੇਜ ਦਿਤਾ, ਉਥੋਂ ਸ੍ਰੀ ਮਾਨ ਪੰਡਿਤ ਸ਼ਾਮ ਸਿੰਘ ਜੀ ਨੇ ਆਪ ਦੀ ਬੁਧੀ ਤੀਬਰ ਸਮਝਕੇ ਕਾਂਸ਼ੀ ਜਾਣ ਲਈ ਪ੍ਰੇਰਨਾ ਕੀਤੀ, ਜਿਥੇ ਕਈ ਵਰ੍ਹਿਆਂ ਵਿਚ ਵਿਆਕਰਨ ਵੇਦਾਂਤ ਨਿਆਇ ਆਦਕ ਖਟ ਸ਼ਾਸਤ੍ਰ ਕਰਕੇ ਉਚ ਕੋਟੀ ਦੇ ਪੰਡਿਤ ਸਦਾਏ, ਇਤਨੀ ਵਿਦ੍ਵਤਾ ਹੁੰਦਿਆਂ ਸੁੰਦਿਆਂ ਕਦੇ ਕਿਸੀ ਤਰ੍ਹਾਂ ਦਾ ਹੰਕਾਰ ਨਾ ਕੀਤਾ। ਹਮੇਸ਼ਾ ਖਿਮਾ ਆਦਿ ਦੈਵੀ ਸੰਪਤੀ ਗੁਣਾਂ ਕਰਕੇ ਸੰਯੁਕਤ ਰਹੇ, ਦਿਲ ਦੇ ਬੜੇ ਉਦਾਰ, ਸਾਧੂਆਂ ਨੂੰ ਖਿਲਾ ਪਿਲਾ ਕੇ ਰਾਜ਼ੀ ਹੁੰਦੇ ਸਨ।

ਇਕ ਵੇਰਾਂ ਦੋਧੀਏ ਮਹਾਰਾਜ ਪੰਡਿਤ ਈਸ਼ਰ ਸਿੰਘ ਜੀ ਵਿਰਕਤ ਕਾਂਸ਼ੀ ਗਏ। ਆਪ ਦੀ ਮੁੰਦਰ ਧਾਰਨਾ ਵੇਖ ਕੇ ਪ੍ਰਸੰਨਤਾ ਪੂਰਵਕ ਪੁਛਿਆ ਕਿ ਆਪ ਦਾ ਨਾਮ ਕੀ ਹੈ ? ਅਗੋਂ ਪ੍ਰਾਰਥਨਾ ਕੀਤੀ ਕਿ ਮਹਾਰਾਜ ਸੰਤ ਲੋਗ ਵਜ਼ੀਰ ਸਿੰਘ ਕਰਕੇ ਬੁਲਾਉਂਦੇ ਹਨ। ਮਹਾਰਾਜ ਜੀ ਨੇ ਪ੍ਰਸੰਨ ਹੋਕੇ ਆਖਿਆ ਕਿ ਆਪ ਦਾ ਨਾਮ ਤਾਂ ਨਰੋਤਮ ਸਿੰਘ (ਨਰਾਂ ਵਿਚੋਂ ਉਤਮ) ਸਜਦਾ ਹੈ, ਓਦੋਂ ਤੋਂ ਆਪ ਦਾ ਨਾਮ ਨਰੋਤਮ ਸਿੰਘ ਜੀ ਪ੍ਰਸਿਧ ਹੋ ਗਿਆ।

ਆਪ ਜਿਤਨਾ ਚਿਰ ਕਾਂਸ਼ੀ ਰਹੇ ਰਾਏ ਸਾਹਿਬ ਲਲਨ ਅਤੇ ਛਕਨ ਜੀ ਦੇ ਗ੍ਰਹਿ ਵਿਖੇ ਪ੍ਰਸ਼ਾਦ ਛਕਦੇ ਰਹੇ। ਕਾਂਸ਼ੀ ਤੋਂ ਉਠ ਕੇ ਪਹਿਲਾਂ ਆਪ ਪੂਰਵ ਦੇਸ਼ ਵਿਚ ਗੁਰਮਤ ਪ੍ਰਚਾਰ ਕਰਨ ਲਈ ਚਲੇ ਗਏ, ਜਦ ਕਲਕੱਤੇ ਪੁਜੇ ਆਪ ਦੀ ਸੋਹਣੀ ਧਾਰਨਾ ਤੇ ਰਸ ਭਰੀ ਵਿਆਖਿਆ ਸੁਣ ਕੇ ਬਾਬੂ ਚੂਨੀ ਸਿੰਘ ਮੂਨੀ ਸਿੰਘ ਸ਼ਿਸ਼ ਹੋ ਗਏ। ਉਨ੍ਹਾਂ ਨੇ ਆਪ ਦੀ ਆਗਿਆ ਅਨੁਸਾਰ ਕਾਂਸ਼ੀ, ਸ਼੍ਰੀ ਅੰਮ੍ਰਿਤਸਰ ਜੀ ਵਿਖੇ ਨਿਰਮਲ ਛੇਤ੍ਰ ਜਾਰੀ ਕਰ ਦਿਤੇ, ਬੰਗਾਲ ਤੋਂ ਪ੍ਰਚਾਰ ਕਰਦੇ ਹੋਏ ਗੁਜਰਾਤ ਕਾਠੀਆਵਾੜ ਗਏ, ਜਿਧਰ ਗਏ ਆਪ ਦਾ ਅਤੀ ਸਨਮਾਨ ਹੋਇਆ। ਰਿਆਸਤ ਬੜੌਦੇ ਗਏ ਤਾਂ ਮਹਾਰਾਜਾ ਨੇ ਕੁਝ ਪਦਾਰਥ ਭੇਟਾ ਕਰਨਾ ਚਾਹਿਆ ਪਰ ਆਪ ਨੇ ਇਕ ਪੈਸਾ ਤਕ ਗ੍ਰਹਿਣ ਨਾ ਕੀਤਾ। ਸੋ ਇਤਨੇ ਸਮ੍ਰਥ ਹੁੰਦਿਆਂ ਸੁੰਦਿਆਂ ਕਿਧਰੇ ਮਕਾਨ ਤਕ ਨਹੀਂ ਬਣਾਇਆ। ਆਪ ਹਮੇਸ਼ਾ ਨਿਰਿਛਤ ਜ਼ਿੰਦਗੀ ਬਸਰ ਕਰਦੇ ਰਹੇ, ਆਪ ਨੇ ਸਾਰੀ ਉਮਰ ਪੜ੍ਹਨ ਪੜ੍ਹਾਉਣ, ਭਜਨ ਪਾਠ ਤੇ ਗੁਰਮਤ ਪ੍ਰਚਾਰ ਵਿਚ ਗੁਜ਼ਾਰੀ, ਕਰਮਵਸ਼ ਸਰੀਰ ਨੂੰ ਬੁਖਾਰ ਹੋ ਗਿਆ। ਜਿਹੜਾ ਦਿਕ ਦੀ ਸ਼ਕਲ ਵਿਚ ਵਧਦਾ ਗਿਆ। ਇਨ੍ਹਾਂ ਦਿਨਾਂ ਵਿਚ ਆਪ ਸ੍ਰੀ ਅੰਮ੍ਰਿਤਸਰ ਕਰੋੜੀ ਦੇ ਚੌਕ ਨਿਰਮਲ ਛੇਤ੍ਰ ਵਿਖੇ ਟਿਕੇ ਹੋਏ ਸਨ। ਸੇਵਾ ਕਰਨ ਲਈ ਆਪ ਦੇ ਅਤੀ ਸੁਹ੍ਰਿਦ ਮਹਾਤਮਾ ਸ੍ਰੀ ਕਵੀ ਹਰਭਜਨ ਸਿੰਘ ਜੀ ਤਥਾ ਆਪ ਦੇ ਸ਼ਿਸ਼ ਪੰਡਿਤ ਮਾਨ ਸਿੰਘ ਜੀ ਸ਼ਾਸਤ੍ਰੀ ਕੋਲ ਮੌਜੂਦ ਸਨ, ਪਰ ਭਾਣਾ ਰਬ ਦਾ ਮੰਨਦੇ ਹੋਏ ਸੰਮਤ ੧੯੬੦ ਵਿਚ

ਆਪ ਗੁਰਪੁਰੀ ਸਿਧਾਰ ਗਏ। ਪਿਛੋ ਆਪ ਦੇ ਸ਼ਿਸ਼ ਸ਼ਾਸਤ੍ਰੀ ਮਾਨ ਸਿੰਘ ਜੀ ਕਈ ਵਰ੍ਹੇ ਹਰੀਦੁਆਰ ਗਿਆਨ ਗੋਦੜੀ ਵਿਚ ਰਹਿ ਕੇ ਗੁਰੂ ਘਰ ਦਾ ਅਟੁਟ ਪ੍ਰਚਾਰ ਕਰਦੇ ਰਹੇ, ਸੰਮਤ ੧੯੯੫ ਵਿਚ ਇਹ ਭੀ ਗੁਜ਼ਰ ਗਏ। ਪਿਛੋਂ ਇਨ੍ਹਾਂ ਦੇ ਸ਼ਿਸ਼ ਸੰਤ ਬੇਅੰਤ ਸਿੰਘ ਮਹੰਤ ਹੋਏ। ਜੋ ਕੁਛ ਸਮਾਂ ਰਹਿ ਕੇ ਗੁਜ਼ਰ ਗਏ।

# ਡੇਰਾ ਲਖੂਵਾਲ

ਇਹ ਡੇਰਾ ਬਾਬਾ ਅਘੜ ਸਿੰਘ ਜੀ ਦੇ ਸ਼ਿਸ਼ ਮਹਾਰਾਜ ਸੰਤ ਸ਼ਾਮ ਸਿੰਘ ਜੀ ਦਾ ਆਬਾਦ ਕੀਤਾ ਹੋਇਆ ਹੈ।

## ਮਹਾਰਾਜ ਸੰਤ ਸ਼ਾਮ ਸਿੰਘ ਜੀ

ਆਪ ਦਾ ਜਨਮ ਮਾਲਵੇ ਦਾ ਸੀ, ਸਿਖ ਰਾਜ ਵੇਲੇ ਆਪ ਦਾ ਸਰੀਰ ਤਕੜਾ ਸੀ। ਵਿਰਕਤ ਤੇ ਨਿਰਿਛਤ ਮਹਾਤਮਾ ਸਨ। ਦੇਸ਼ਾ ਰਟਨ ਕਰਦੇ ਹੋਇਆਂ ਨੂੰ ਪਿੰਡ ਦੇ ਲੋਗ ਸ਼ਰਧਾ ਨਾਲ ਆਪਨੇ ਨਗਰ ਲੈ ਆਏ। ਆਪ ਨੇ ਹੁਕਮ ਕੀਤਾ ਹੋਇਆ ਸੀ ਕਿ ਕੋਈ ਮਾਈ ਅਸਾਡੇ ਪਾਸ ਨਾ ਆਵੇ। ਜਿਤਨਾ ਚਿਰ ਸਰੀਰ ਰਹਿਆ। ਇਸ ਨੇਮ ਨੂੰ ਨਿਬਾਹਿਆ, ਆਖਰ ਆਪ ਬੜੀ ਆਯੂ ਭੋਗ ਕੇ ਸੰਮਤ ੧੯੬੦ ਦੇ ਕਰੀਬ ਸੁਰਗਪੁਰੀ ਸਿਧਾਰ ਗਏ।

ਆਪ ਦੇ ਚਾਰ ਚੇਲਿਆਂ ਵਿਚੋਂ ਸੰਤ ਆਲਾ ਸਿੰਘ ਜੀ ਵਿਰਕਤ ਹੋ ਗੁਜ਼ਰੇ ਹਨ। ਸੰਤ ਬੁਧ ਸਿੰਘ ਜੀ ਵਿਰਕਤ ਇਸ ਵੇਲੇ ਬਾਹਰ ਅੰਦਰ ਰਹਿੰਦੇ ਹਨ। ਮਹੰਤ ਖਜ਼ਾਨ ਸਿੰਘ ਜੀ ਪਠਲਾਵੇ ਰਹਿੰਦੇ ਸਨ। ਇਸ ਲਈ ਮਹੰਤ ਦਿਆਲ ਸਿੰਘ ਜੀ ਆਪ ਦੇ ਪਿਛੋਂ ਡੇਰੇ ਦਾ ਕੰਮ ਚਲਾਉਂਦੇ ਰਹੇ।

**ਮਹੰਤ ਦਿਆਲ ਸਿੰਘ ਜੀ** ਆਪ ਦਾ ਜਨਮ ਪਿੰਡ ਮਜੀਠਾ ਜ਼ਿਲੇ ਅੰਮ੍ਰਿਤਸਰ ਦਾ ਸੀ। ੨੦ ਕੁ ਸਾਲ ਦੀ ਉਮਰ ਵਿਚ ਸਾਧੂ ਹੋਏ। ਹਿਕਮਤ ਦਾ ਕੰਮ ਕਰਦੇ ਰਹੇ। ਆਪ ਦੀ ਨਗਰ ਨਿਵਾਸੀ ਚੰਗੀ ਇਜ਼ਤ ਕਰਦੇ ਸਨ। ਸੰਮਤ ੧੯੯੦ ਦੇ ਲਾਗੇ ਆਪ ਗੁਜ਼ਰੇ ਹਨ। ਇਸ ਵੇਲੇ ਆਪ ਦੇ ਸੰਤ ਸੁਰੈਣ ਸਿੰਘ ਜੀ ਡੇਰੇ ਦੇ ਮਹੰਤ ਹਨ। ਜਨਮ ਲਖੂਵਾਲ ਦਾ ਹੈ, ਆਏ ਗਏ ਸਾਧੂ ਸੰਤ ਨਾਲ ਚੰਗਾ ਪਿਆਰ ਰਖਦੇ ਹਨ। ੧੭-੧੯ ਵਿਘੇ ਜ਼ਮੀਨ ਡੇਰੇ ਨਾਲ ਹੈ। ਡੇਰਾ ਕੱਚਾ, ਪੱਕਾ ਪਿੰਡੋ ਬਾਹਰ ਵਾਰ ਹੈ। ਚੰਗੇ ਰਸੂਖ ਵਾਲੇ ਹਨ। ਆਪ ਦੇ ਪਿਆਰ ਕਰ ਕੇ ਸੰਤ ਬੁਧ ਸਿੰਘ ਜੀ ੭੦ ਸਾਲ ਦੀ ਆਯੂ ਵਿਚ ਭੀ ਡੇਰੇ ਦੀ ਸੇਵਾ ਵਿਚ ਹਿਸਾ ਲੈਂਦੇ ਰਹਿੰਦੇ ਹਨ।

## ਡੇਰਾ ਪਠਲਾਵਾ

ਇਹ ਡੇਰਾ ਸੰਤ ਸ਼ਾਮ ਸਿੰਘ ਜੀ ਦੇ ਸ਼ਿਸ਼ ਸੰਤ ਖਜ਼ਾਨ ਸਿੰਘ ਜੀ ਦਾ ਬਸਾਇਆ ਹੋਇਆ ਹੈ।

## ਮਹੰਤ ਖਜ਼ਾਨ ਸਿੰਘ

ਆਪ ਦਾ ਜਨਮ ਭਾਨਾ ਜ਼ਿਲਾ ਹੁਸ਼ਿਆਰ ਪੁਰ ਵਿਖੇ ਹੋਇਆ। ਆਪ ਚੰਗੇ ਮਹਾਂ ਪੁਰਸ਼ ਹੋ ਗੁਜ਼ਰੇ ਹਨ। ਪਹਿਲਾਂ ਕੁਝ ਸਮਾਂ ਟੂਟੋ ਮਜਾਰੇ ਡੇਰੇ ਦੀ ਸੇਵਾ ਵਿਚ ਟਿਕੇ ਰਹੇ। ਵਿਚਰਦੇ ਵਿਚਰਦੇ ਇਸ ਪਿੰਡ ਆ ਗਏ। ਪ੍ਰੇਮੀ ਸਤਿ ਸੰਗੀਆਂ ਨੇ ਸ਼੍ਰਧਾ ਨਾਲ ਟਿਕਾ ਲਿਤੇ। ਸਤਿ ਸੰਗ ਹੁੰਦਾ ਰਿਹਾ। ਦਿਨ ਪਾ ਕੇ ਡੇਰਾ ਬੜਾ ਸੁੰਦਰ ਤਿਆਰ ਕਰਵਾਇਆ। ਆਖਰ ਅਪਨੀ ਚੰਗੀ ਆਯੂ ਗੁਜ਼ਾਰ ਕੇ ਆਪ ਮਹੰਤ ਘਨਈਆ ਸਿੰਘ ਜੀ ਨੂੰ ਡੇਰੇ ਦੀ ਸੇਵਾ ਦੇ ਕੇ ਗੁਰਪੁਰੀ ਸਿਧਾਰ ਗਏ।

## ਮਹੰਤ ਘਨਈਆ ਸਿੰਘ ਜੀ

ਚੇਲੇ ਸੰਤ ਵਰਿਆਮ ਸਿੰਘ ਜੀ ਪੋਤਰੇ ਚੇਲੇ ਸੰਤ ਹੀਰਾ ਸਿੰਘ ਜੀ, ਜਨਮ ਆਪ ਦਾ ਪਠਲਾਵੇ ਪਿੰਡ, ਜ਼ਿਲਾ ਜਾਲੰਧਰ ਵਿਖੇ ਹੋਇਆ। ਆਪ ਨੂੰ ਸਾਧ ਸੰਗਤ ਵਿਚ ਆਇਆਂ ਅਜ ੪੦ ਕੁ ਸਾਲ ਹੋ ਗਏ ਹਨ। ਪਹਿਲਾਂ ਅਪਣੇ ਪਿੰਡ ਰਹਿੰਦੇ ਹੋਏ ਭੀ ਸਾਧ ਸੰਗਤ ਨਾਲ ਪ੍ਰੇਮ ਹੋਣ ਕਰ ਕੇ ਟੂਟੋ ਮਜਾਰੇ ਸੰਤਾਂ ਦੇ ਦਰਸ਼ਨ ਕਰਨ ਲਈ ਜਾਂਦੇ ਰਹੇ। ਤੇ ਆਏ ਗਏ ਸਾਧੂ ਸੰਤ ਵਾਸਤੇ ਨਗਰ ਵਿਚ ਹੀ ਇਕ ਕੁਟੀਆ ਬਣਾ ਰਖੀ ਸੀ, ਜੋ ਇਸ ਵੇਲੇ ਤਕ ਬਣੀ ਹੋਈ ਹੈ। ਸੰਮਤ ੧੯੭੧ ਵਿਚ ਆਪ ਨੇ ਸ੍ਰੀ ਗੁਰੂ ਗ੍ਰੰਥ ਜੀ ਦੇ ਪ੍ਰਕਾਸ਼ ਵਾਸਤੇ ਇਕ ਬੜਾ ਭਾਰੀ ਸੁੰਦਰ ਕਮਰਾ ਤਿਆਰ ਕਰਵਾਇਆ। ਡੇਰਾ ਪਿੰਡੋਂ

ਬਾਹਰ ਵਾਰ ਹੈ। ਜ਼ਮੀਨ ੪ ਘੁਮਾਂ ਲਗੀ ਹੋਈ ਹੈ। ਆਪ ਆਨੰਦ ਪੁਰ ਸਾਹਿਬ ਕਿਲੇ ਦੇ ਆਲੇ ਦੁਆਲੇ ਵਡੇ ਘੇਰੇ ਨੂੰ ਕੁਟੀਆ ਦੀ ਸ਼ਕਲ ਵਿਚ ਤਿਆਰ ਕਰਵਾ ਰਹੇ ਹਨ। ਚੰਗੇ ਪ੍ਰਤਾਪ ਵਾਲੇ ਮਹਾਂ ਪੁਰਸ਼ ਹਨ। ਇਲਾਕੇ ਵਿਚ ਚੰਗਾ ਮਾਨਤਾਨ ਬਣਿਆ ਹੋਇਆ ਹੈ। ਚੰਗੀ ਧਾਰਨਾ ਵਾਲੇ ਫਕੀਰ ਹਨ। ਇਸ ਵੇਲੇ ਉਮਰ ਆਪ ਦੀ ੭੦ ਸਾਲ ਦੇ ਕਰੀਬ ਸੀ, ਪਰ ਆਪ ਦੇ ਚਿਹਰੇ ਤੋਂ ਹੁਣ ਭੀ ਨੂਰ ਬਰਸਦਾ ਸੀ। ਆਪ ਸਫੈਦ ਬਸਤ੍ਰ ਪਹਿਰਦੇ ਸਨ। ਸਿਧੀ ਦਸਤਾਰ ਬੰਨ੍ਹਦੇ, ਬੜੇ ਸੁੰਦਰ ਦਰਸ਼ਨੀ ਸਰੀਰ ਸਨ। ਸੁਭਾ ਚੰਗਾ ਮਿਲਾਉਨੀ ਵਾਲਾ ਹੋਣ ਕਰ ਕੇ ਹਮੇਸ਼ਾ ਸੰਤ ਆਏ ਗਏ ਰਹਿੰਦੇ ਸਨ। ਆਪ ਦੇ ਚੇਲੇ ਮ: ਕਰਤਾਰ ਸਿੰਘ, ਪੰਡਤ ਗੈਂਦਾ ਸਿੰਘ ਜੀ, ਸੰਤ ਜੈਮਲ ਸਿੰਘ ਜੀ, ਸੰਤ ਬਤਨ ਸਿੰਘ ਜੀ ਮੋਨੀ, ਸੰਤ ਮੇਹਰ ਸਿੰਘ ਜੀ ਰਮਤਾ, ਗਿਆਨੀ ਸੰਤ ਜਸਵੰਤ ਸਿੰਘ ਜੀ, ਸੰਤ ਤਾਰਾ ਸਿੰਘ ਜੀ, ਸੰਤ ਕਰਮ ਸਿੰਘ ਜੀ, ਸੰਤ ਹਰੀ ਸਿੰਘ ਜੀ ਸ਼ੁਜੋ, ਗਿ: ਖੇਮ ਸਿੰਘ ਜੀ ਆਦਕ ਹਨ। ਅੰਤ ਸੰਤ ਕਰਤਾਰ ਸਿੰਘ ਜੀ ਨੂੰ ਅਪਣੀ ਹਥੀਂ ਮਹੰਤੀ ਦੇ ਕੇ ਪ੍ਰਲੋਕ ਗਮਨ ਹੋਏ।

ਪੰਡਿਤ ਗੈਂਦਾ ਸਿੰਘ ਜੀ ਕਾਂਸ਼ੀ ਪੜ੍ਹਦੇ ਰਹੇ ਹਨ ਤੇ ਹੋਰ ਡੇਰੇ ਵਿਚ ਪ੍ਰੇਮ ਨਾਲ ਸੇਵਾ ਕਰ ਰਹੇ ਹਨ। ਸੰਤ ਕਰਮ ਸਿੰਘ ਜੀ ਨੇ ਲੰਗੜੋਏ ਪਿੰਡ ਵਿਚ ਸੁਤੰਤ੍ਰ ਕੁਟੀਆ ਬਣਾਈ ਹੋਈ ਹੈ।

## ਮਹੰਤ ਕਰਤਾਰ ਸਿੰਘ ਜੀ

ਆਪ ਦਾ ਜਨਮ ਪਿੰਡ ਸ਼ੁਜੋ ਜ਼ਿਲਾ ਜਾਲੰਧਰ ਦਾ ਹੈ।

## ਮਹੰਤ ਖਜ਼ਾਨ ਸਿੰਘ

ਆਪ ਦਾ ਜਨਮ ਭਾਨਾ ਜ਼ਿਲਾ ਹੁਸ਼ਿਆਰ ਪੁਰ ਵਿਖੇ ਹੋਇਆ। ਆਪ ਚੰਗੇ ਮਹਾਂ ਪੁਰਸ਼ ਹੋ ਗੁਜ਼ਰੇ ਹਨ। ਪਹਿਲਾਂ ਕੁਝ ਸਮਾਂ ਟੂਟੋ ਮਜਾਰੇ ਡੇਰੇ ਦੀ ਸੇਵਾ ਵਿਚ ਟਿਕੇ ਰਹੇ। ਵਿਚਰਦੇ ਵਿਚਰਦੇ ਇਸ ਪਿੰਡ ਆ ਗਏ। ਪ੍ਰੇਮੀ ਸਤਿ ਸੰਗੀਆਂ ਨੇ ਸ਼੍ਰਧਾ ਨਾਲ ਟਿਕਾ ਲਿਤੇ। ਸਤਿ ਸੰਗ ਹੁੰਦਾ ਰਿਹਾ। ਦਿਨ ਪਾ ਕੇ ਡੇਰਾ ਵਡਾ ਸੁੰਦਰ ਤਿਆਰ ਕਰਵਾਇਆ। ਆਖਰ ਅਪਨੀ ਚੰਗੀ ਆਯੂ ਗੁਜ਼ਾਰ ਕੇ ਆਪ ਮਹੰਤ ਘਨਈਆ ਸਿੰਘ ਜੀ ਨੂੰ ਡੇਰੇ ਦੀ ਸੇਵਾ ਦੇ ਕੇ ਗੁਰਪੁਰੀ ਸਿਧਾਰ ਗਏ।

## ਮਹੰਤ ਘਨਈਆ ਸਿੰਘ ਜੀ

ਚੇਲੇ ਸੰਤ ਵਰਿਆਮ ਸਿੰਘ ਜੀ ਪੋਤਰੇ ਚੇਲੇ ਸੰਤ ਹੀਰਾ ਸਿੰਘ ਜੀ, ਜਨਮ ਆਪ ਦਾ ਪਠਲਾਵੇ ਪਿੰਡ, ਜ਼ਿਲਾ ਜਾਲੰਧਰ ਵਿਖੇ ਹੋਇਆ। ਆਪ ਨੂੰ ਸਾਧ ਸੰਗਤ ਵਿਚ ਆਇਆਂ ਅਜ ੬੦ ਕੁ ਸਾਲ ਹੋ ਗਏ ਹਨ। ਪਹਿਲਾਂ ਅਪਣੇ ਪਿੰਡ ਰਹਿੰਦੇ ਹੋਏ ਭੀ ਸਾਧ ਸੰਗਤ ਨਾਲ ਪ੍ਰੇਮ ਹੋਣ ਕਰ ਕੇ ਟੂਟੋ ਮਜਾਰੇ ਸੰਤਾਂ ਦੇ ਦਰਸ਼ਨ ਕਰਨ ਲਈ ਜਾਂਦੇ ਰਹੇ। ਤੇ ਆਏ ਗਏ ਸਾਧੂ ਸੰਤ ਵਾਸਤੇ ਨਗਰ ਵਿਚ ਹੀ ਇਕ ਕੁਟੀਆ ਬਣਾ ਰਖੀ ਸੀ, ਜੋ ਇਸ ਵੇਲੇ ਤਕ ਬਣੀ ਹੋਈ ਹੈ। ਸੰਮਤ ੧੯੭੧ ਵਿਚ ਆਪ ਨੇ ਸ਼੍ਰੀ ਗੁਰੂ ਗ੍ਰੰਥ ਜੀ ਦੇ ਪ੍ਰਕਾਸ਼ ਵਾਸਤੇ ਇਕ ਬੜਾ ਭਾਰੀ ਸੁੰਦਰ ਕਮਰਾ ਤਿਆਰ ਕਰਵਾਇਆ। ਡੇਰਾ ਪਿੰਡੋਂ



ਸ਼੍ਰੀ ਮਾਨ ੧੦੮ ਸੰਤ ਮੇਹਰ ਸਿੰਘ ਜੀ ਰਮਤਾ



ਸ਼੍ਰੀ ਪੰਡਿਤ ਹਰਿੰਦਰ ਸਿੰਘ ਜੀ
ਪਿੰਡ ਬੋਹਨ, ਜ਼ਿਲਾ ਹੁਸ਼ਿਆਰ ਪੁਰ

ਛੋਟੀ ਉਮਰ ਵਿਚ ਸੰਤਾਂ ਪਾਸ ਆਏ। ਸੇਵਾ ਕਰਦੇ ਪੜ੍ਹਦੇ ਰਹੇ। ਨਾਲ ਹੀ ਰਾਗ ਵਿਦਿਆ ਦਾ ਅਭਿਆਸ ਰਖਦੇ ਰਹੇ। ਡੇਰੇ ਦੇ ਸਭ ਕੰਮਾਂ ਕਾਜਾਂ ਵਿਚ ਸਿਆਣੇ ਮੰਨੇ ਗਏ। ਸਮਾ ਪਾ ਕੇ ਆਪਨੂੰ ਮਹੰਤੀ ਮਿਲੀ। ਹੁਣ ਡੇਰੇ ਦਾ ਕੰਮ ਕਾਜ ਚੰਗਾ ਚਲਾ ਰਹੇ ਹਨ। ਸਵੇਰੇ ਕੀਰਤਨ ਆਪ ਕਰਦੇ ਹਨ। ਸੰਤਾਂ ਦਾ ਸਾਲਾਨਾ ਦਿਨ ਬੜੀ ਧੂਮਧਾਮ ਨਾਲ ਮਨਾਂਦੇ ਹਨ। ਸੁਭਾਅ ਦੇ ਨਿਰਮਾਣ ਪੁਰਸ਼ ਹਨ। ਹਥੀਂ ਸੇਵਾ ਕਰ ਕੇ ਰਾਜ਼ੀ ਰਹਿੰਦੇ ਹਨ। ਕਈ ਵਰ੍ਹਿਆਂ ਤੋਂ ਨਿਰਮਲ ਮਹਾਂ ਮੰਡਲ ਦੇ ਮੈਂਬਰ ਚਲੇ ਆ ਰਹੇ ਹਨ। ਭੇਖ ਇਲਾਕੇ ਵਿਚ ਚੰਗਾ ਸਤਿਕਾਰ ਬਣਿਆ ਹੋਇਆ ਹੈ।

## ਸੰਤ ਮੇਹਰ ਸਿੰਘ ਜੀ ਰਮਤਾ

ਆਪ ਵਡੇ ਉਦਮੀ ਤੇ ਨਿਰਮਾਣਤਾ ਵਾਲੇ ਮਹਾਤਮਾ ਹੋਏ ਹਨ, ਸੁਭਾਅ ਦੇ ਸੰਜਮੀ ਪੁਰਸ਼ ਸਨ। ਵਿਸਾਖ ਸੰਮਤ ੨੦੧੩ ਵਿਚ ਸਮਾਏ ਹਨ। ਆਪ ਦੇ ਸ਼ਿਸ਼ ਸੰਤ ਹਰਿੰਦਰ ਸਿੰਘ ਜੀ ਹਨ, ਜੋ ਇਸ ਵੇਲੇ ਬੋਹਨ ਪਿੰਡ ਵਿਚ ਰਹਿੰਦੇ ਹਨ। ਪਹਿਲਾਂ ਕਨਖਲ ਨਿਰਮਲ ਪਾਠਸ਼ਾਲਾ ਵਿਚ ਪੜ੍ਹਦੇ ਰਹੇ ਮਧਿਅਮਾ ਦੇ ਚਾਰੇ ਖੰਡ ਪਾਸ ਕੀਤੇ। ਜਦ ਦੇ ਰਮਤਾ ਜੀ ਸਮਾਏ ਆਪ ਬੋਹਨ ਪਿੰਡ ਵਿਚ ਹੀ ਰਹਿੰਦੇ ਹਨ। ਸੁਭਾਅ ਦੇ ਮਿਲਣ ਸਾਰ ਹਨ। ਆਏ ਗਏ ਦੀ ਸੇਵਾ ਕਰਦੇ ਹਨ। ਸੰਤਾਂ ਦਾ ਦਿਨ ਮੰਨਾਂਦੇ ਹਨ। ਗੌਰ ਸਰੀਰ ਹੈ। ਦਰਸ਼ਨੀ ਮਹਾਤਮਾ ਹਨ।

# ਕੁਟੀਆ ਲਗੜੋਆ

## ਸੰਤ ਕਰਮ ਸਿੰਘ ਜੀ

ਜਨਮ ਆਪ ਦਾ ਇਸੇ ਪਿੰਡ ਦਾ ਹੈ ਸਾਧ ਸੰਗਤ ਵਿਚ ਆਪ ਨੂੰ ਆਇਆਂ ੧੯ ਸਾਲ ਹੋ ਗਏ। ਸੰਮਤ ੧੯੭੭ ਤੋਂ ਅਪਣੇ ਨਗਰ ਹੀ ਕੁਟੀਆ ਬਣਾਈ ਹੈ। ਗੁਰੂ ਜੀ ਲਈ ਅਲੱਗ ਅਸਥਾਨ ਬਣਾਇਆ ਹੋਇਆ ਹੈ। ਆਏ ਗਏ ਸਾਧੂ ਸੰਤ ਨੂੰ ਵੇਖ ਕੇ ਖੁਸ਼ ਹੁੰਦੇ ਹਨ, ਪਿਆਰ ਨਾਲ ਸੇਵਾ ਕਰਦੇ ਹਨ। ਇਸ ਵੇਲੇ ਸੰਤ ਹਰਦਿਤ ਸਿੰਘ ਜੀ, ਸੰਤ ਸਾਧੂ ਸਿੰਘ ਜੀ, ਸੰਤ ਮਘਰ ਸਿੰਘ ਜੀ ਆਪ ਦੇ ਚੇਲੇ ਹਨ, ਜੋ ਪ੍ਰੇਮ ਨਾਲ ਸੇਵਾ ਕਰਦੇ ਰਹਿੰਦੇ ਹਨ।

ਰਹੇ। ਆਪ ਆਤਮ ਸ਼ਕਤੀ ਵਾਲੇ ਬੜੇ ਪੂਜਜ ਪ੍ਰਤਾਪੀ ਮਹਾਤਮਾ ਹੋਏ ਹਨ। ਇਕ ਵੇਰਾਂ ਸ਼ਾਮ ਨੂੰ ਬਾਹਰ ਫਿਰਨ ਤੁਰਨ ਜਾਂਦਿਆਂ ਸੰਘਣੇ ਜੰਗਲ ਵਿਚ ਜਾ ਵੜੇ। ਨਾਲ ਦੇ ਆਦਮੀ ਨੂੰ ਦੂਰੋਂ ਸ਼ੇਰ ਦਿਸਿਆ। ਡਰ ਗਿਆ ਪਿਛਾਂਹ ਮੁੜਨ ਲਗਾ। ਸੰਤਾਂ ਕਿਹਾ ਭਾਈ ਡਰ ਨਾ ਤੂੰ ਤਾਂ ਸਾਡੇ ਨਾਲ ਇਮਾਨਤ ਆਇਆ ਹੈਂ। ਸ਼ੇਰ ਨੇ ਕੁਝ ਕਹਿਣਾ ਹੋਇਆ ਤਾਂ ਪਹਿਲਾਂ ਸਾਨੂੰ ਕਹੇਗਾ। ਤੈਨੂੰ ਕੀ ਚਿੰਤਾ ਹੈ। ਅਗੇ ਜਾਂਦਿਆਂ ਜਦ ਸ਼ੇਰ ਕੋਲੋਂ ਲੰਘੇ ਤਾਂ ਸੰਤਾਂ ਆਖਿਆ ਮਿਤਰਾ ਇਹ ਆਦਮੀ ਤਾਂ ਸਾਡੇ ਨਾਲ ਇਮਾਨਤ ਜਾ ਰਿਹਾ ਹੈ। ਹਾਂ ਜੇ ਕੁਝ ਬੀਰਤਾ ਵਿਖਾਣੀ ਹੈ ਤਾਂ ਸਾਨੂੰ ਵਿਖਾ, ਨਹੀਂ ਤਾਂ ਚੁਪ ਕਰਕੇ ਇਕ ਪਾਸੇ ਹੋ ਜਾ। ਬਸ ਸੰਤਾਂ ਦੀ ਇਤਨੀ ਗੱਲ ਸੁਣਦਿਆਂ ਸਾਰ ਸ਼ੇਰ ਉਸੇ ਵੇਲੇ ਅੱਖਾਂ ਮੀਟ ਕੇ ਦੂਜੇ ਪਾਸੇ ਚਲਾ ਗਿਆ। ਨਗਰ ਵਿਚ ਸੰਤਾਂ ਦੀ ਬੜੀ ਮਹਿਮਾ ਹੋਈ। ਇਕ ਰਾਤ ਡੇਰੇ ਦੀਆਂ ਗਊਆਂ ਚੋਰ ਖੋਲ੍ਹ ਕੇ ਲੈ ਗਏ। ਜਦ ਦਰਿਆ ਦੇ ਵਾਹ ਪਾਸ ਪਹੁੰਚੇ ਕਿਧਰੇ ਜਾਣ ਨੂੰ ਰਾਹ ਨਾ ਦਿਸਿਆ। ਅੰਧ ਧੁੰਧ ਵਿਚ ਲਾਚਾਰ ਹੋਕੇ ਬਹਿ ਗਏ। ਸਵੇਰ ਹੋਈ ਤਾਂ ਆਪੇ ਆਣ ਕੇ ਗਊਆਂ ਛਡ ਗਏ।

ਮਹਾਰਾਜ ਘਣੀਆ ਸਿੰਘ ਜੀ, ਸੰਤ ਸੁਜਾਨ ਸਿੰਘ ਜੀ ਪੰ: ਸ਼ਾਮ ਸਿੰਘ ਜੀ, ਸੰਤ ਗਾਂਧਾ ਸਿੰਘ ਜੀ, ਭਾਈ ਫਤੇ ਸਿੰਘ ਸਿੰਘ ਜੀ ਰਾਗੀ, ਸੰਤ ਗਣੇਸ਼ਾ ਸਿੰਘ ਜੀ ਆਦ ਕਈ ਆਪ ਦੇ ਚੇਲੇ ਹੋਏ ਹਨ, ਇਨ੍ਹਾਂ ਵਿਚੋਂ ਮਹਾਰਾਜ ਘਣੀਆ ਸਿੰਘ ਜੀ ਨੂੰ ਆਪਣਾ ਉਤ੍ਰਾਧਿਕਾਰੀ ਥਾਪ ਕੇ ਸੰਮਤ ੧੯੦੨ ਵਿਚ

ੴ ਸਤਿਗੁਰ ਪ੍ਰਸਾਦਿ ।

# ਸੰਪ੍ਰਦਾਯ ਗੰਧੀਆਂ

ਸ੍ਰੀ ਦਸਮੇਸ਼ ਗੁਰੂ ਜੀ ਤੋਂ ਬਾਬਾ ਧਰਮ ਸਿੰਘ ਜੀ ਨੇ ਪਹਿਲਾਂ ਅੰਮ੍ਰਿਤ ਛਕਿਆ। ਫਿਰ ਇਨ੍ਹਾਂ ਤੋਂ ਮਹਾਰਾਜ ਭਗਵਾਨ ਸਿੰਘ ਜੀ ਨੇ ਅੰਮ੍ਰਿਤ ਪਾਨ ਕੀਤਾ। ਫਿਰ ਬਾਬਾ ਸਾਹਿਬ ਸਿੰਘ ਜੀ ਨੇ ਉਪਦੇਸ਼ ਲੀਤਾ। ਇਨਾਂ ਮਹਾਂ ਪੁਰਸ਼ਾਂ ਤੋਂ ਸ੍ਰੀ ਠਾਕੁਰ ਦਿਆਲ ਸਿੰਘ ਜੀ ਨੇ ਆਤਮ ਸਿਖਿਆ ਲਿਤੀ ਵਡੇ ਪ੍ਰਤਾਪ ਵਾਲੇ ਹੋਏ। ਗੰਧੀਆਂ ਦਾ ਜਨਮ ਹੋਣ ਕਰਕੇ ਸੰਪ੍ਰਦਾਯ ਦਾ ਨਾਮ ਭੀ ਗੰਧੀਆਂ ਪ੍ਰਸਿਧ ਹੋ ਗਿਆ।

# ਡੇਰਾ ਗੰਧੀਆਂ

## ਸ੍ਰੀ ਠਾਕੁਰ ਦਿਆਲ ਸਿੰਘ ਜੀ

ਆਪ ਦਾ ਜਨਮ ਇਸੇ ਪਿੰਡ ਦਾ ਹੈ, ਛੋਟੀ ਉਮਰ ਵਿਚ ਹੀ ਨਾਮ ਦੀ ਲਗਨ ਲਗ ਗਈ। ਇਕ ਦਿਨ ਅਜਿਹਾ ਆਇਆ ਜੁ ਆਪ ਬੜੇ ਕਰਨੀ ਵਾਲੇ ਮਹਾਤਮਾ ਪ੍ਰਸਿਧ ਹੋਏ। ਪਹਿਲਾਂ ਤੀਰਥ ਯਾਤਰਾ ਕਰਦੇ ਰਹੇ, ਬਾਅਦ ਇਸੇ ਥਾਂ ਆਕੇ ਕੁਟੀਆ ਬਣਾ ਲਿਤੀ।

ਕਈ ਵੇਰ ਹਰਦੁਆਰ ਗਏ, ਡੇਰਾ ਬਾਬਾ ਦਰਗਾਹ ਸਿੰਘ ਜੀ ਵਿਖੇ ਉਤਰਦੇ ਰਹੇ। ਸੰਮਤ ੧੯੭੬-੭੭ ਦੇ ਕੁੰਭਾਂ ਉਤੇ ਮੇਲਿਆਂ ਦੇ ਪ੍ਰਬੰਧ ਵਿਚ ਹਰ ਤਰ੍ਹਾਂ ਸਹਾਇਤਾ ਕਰਦੇ

# ਡੇਰਾ ਹਵੇਲੀ ਬੰਗਲਾ

## ਮਹੰਤ ਹਰਿਮੰਦਰ ਸਿੰਘ ਜੀ

ਚੇਲੇ ਸ਼੍ਰੀ ਗਿਆਨੀ ਬਦਨ ਸਿੰਘ ਜੀ, ਆਪ ਦਾ ਜਨਮ ਭੌਨ ਜ਼ਿਲਾ ਮਿੰਟ ਗੁਮਪਰੀ ਸੰਮਤ ੧੯੫੯ ਵਿਚ ਹੋਇਆ। ੧੫ ਸਾਲ ਦੇ ਸਨ ਜਦ ਸੰਤਾਂ ਨੂੰ ਅਪਣੇ ਪਿੰਡ ਹੀ ਮਿਲੇ, ਪ੍ਰੇਮ ਹੋ ਗਿਆ। ਸ਼ਿਸ਼ ਬਣੇ। ਬਾਅਦ ਸ਼੍ਰੀ ਅੰਮ੍ਰਿਤਸਰ, ਰਿਸ਼ੀਕੇਸ਼ ਜਾ ਕੇ ਭਾਸ਼ਾ ਦੇ ਪੁਸਤਕ ਪੜ੍ਹਦੇ ਰਹੇ। ਭਾਵੇਂ ਸੰਮਤ ੧੯੯੯ ਮਘਰ ੨੦ ਨੂੰ ਗੰਧੀਆਂ ਡੇਰੇ ਦੀ ਮਹੰਤੀ ਆਪ ਨੂੰ ਸਭ ਸੰਪ੍ਰਦਾਈ ਮਹਾਤਮਾ ਨੇ ਦੇ ਦਿਤੀ, ਪਰ ਆਪ ਇਥੇ ਹੀ ਰਹਿੰਦੇ ਹਨ। ਇਸ ਜਗ੍ਹਾ ਗਿਆਨੀ ਬਦਨ ਸਿੰਘ ਜੀ, ਕੁਟੀਆ ਜਿਸ ਦਾ ਦੂਜਾ ਨਾਮ ਬੰਗਲਾ ਵੀ ਪ੍ਰਸਿਧ ਹੈ, ਵਿਚ ਰਹਿਆ ਕਰਦੇ ਸਨ।

ਸੰਮਤ ੧੯੯੮ ਵਿਚ ਆਪ ਨੇ ਕਰੀਬਨ ਇਕ ਹਜ਼ਾਰ ਰੁਪਿਆ ਲਗਾ ਕੇ ਉਨ੍ਹਾਂ ਦੀ ਸਮਾਧ ਬਣਾਈ ਹੈ। ਸਾਲ ਦੇ ਸਾਲ ੧੮ ਸਾਵਣ ਨੂੰ ਸੰਤਾਂ ਦੀ ਯਾਦਗਾਰ ਵਿਚ ਯਗ ਕਰਦੇ ਹਨ। ਮੇਲਾ ਲਗਦਾ ਹੈ। ਆਪ ਹਛੇ ਮਿਲਣ ਸਾਰ ਤੇ ਪੁਰਸ਼ਾ-ਰਥੀ ਸਰੀਰ ਹਨ। ਅਜ ਕਲ ਹਿਸਾਰ ਦੇ ਜ਼ਿਲੇ ਵਿਚ ਰਹਿੰਦੇ ਹਨ।

ਕਨਖਲ ਬਾਬਾ ਦਰਗਾਹ ਸਿੰਘ ਜੀ ਦੇ ਡੇਰੇ ਵਿਖੇ ਜਾ ਰਹੇ। ਜਿਥੇ ਕੁਝ ਦਿਨ ਬਾਅਦ ਆਪ ਗੁਰਪੁਰੀ ਸਿਧਾਰ ਗਏ।

## ਮਹੰਤ ਘਣੀਆ ਸਿੰਘ ਜੀ

ਆਪ ਦਾ ਜਨਮ ਭੀ ਇਥੋਂ ਦਾ ਸੀ, ਠਾਕੁਰ ਜੀ ਦੀ ਸੇਵਾ ਕਰਦੇ ਰਹੇ, ਬਾਂਅਦ ਬੜੀ ਪਵਿਤ੍ਰ ਜਿੰਦਗੀ ਵਾਲੇ ਪ੍ਰਸਿਧ ਹੋਏ। ਸੰਤਾਂ ਦੇ ਪਿਛੋਂ ਅਸਥਾਨ ਦੀ ਬੜੀ ਤਰੱਕੀ ਕੀਤੀ। ਆਪਣੀ ਹਥੀਂ ਲੰਗਰ ਦੀ ਸੇਵਾ ਕਰਦੇ ਰਹੇ, ਨਿਰਮਲ ਅਖਾੜਾ ਬੱਝਣ ਵਿਚ ਪੂਰੇ ਪੂਰੇ ਸਹਾਇਕ ਰਹੇ। ਹਰੀਦੁਆਰ ਪ੍ਰਯਾਗ ਕੁੰਭ ਆਦਕ ਮੇਲਿਆਂ ਦੇ ਹਰ ਇਕ ਕੰਮ ਵਿਚ ਹਿਸਾ ਲੈਂਦੇ ਰਹੇ। ੧੯੧੯ ਸੰਮਤ ਵਿਚ ਜਦ ਨਿਰਮਲ ਅਖਾੜਾ ਬੱਝਾ ਤਾਂ ਸਭ ਤੋਂ ਪਹਿਲਾ ਭੰਡਾਰਾ ਆਪ ਦੇ ਸੇਵਕ ਰਾਏ ਵਾਲੇ ਸੂਦ ਰਾਂ ਨੇ ਦਿਤਾ। ਅਖੀਰ ਆਪਣੀ ਸਾਰੀ ਆਯੂ ਆਨੰਦ ਪੂਰਵਕ ਬਤੀਤ ਕਰਕੇ ਆਪਣੇ ਸ਼ਿਸ਼ ਸੰਤ ਬੁਧ ਸਿੰਘ ਜੀ ਨੂੰ ਮਹੰਤ ਥਾਪ ਕੇ ਸੰਮਤ ੧੯੫੧ ਵਿਚ ਗੁਰਪੁਰੀ ਸਿਧਾਰ ਗਏ।

## ਮਹੰਤ ਬੁਧ ਸਿੰਘ ਜੀ

ਆਪ ਦਾ ਜਨਮ ਗੰਧੀਆਂ ਜ਼ਿਲਾ ਲਾਹੌਰ ਵਿਚ ਹੋਇਆ। ਆਪ ਦੇ ਨਾਲ ਲਾਹੌਰ ਵਾਲੇ ਬਾਬਾ ਬੇਲਾ ਸਿੰਘ ਜੀ ਦਾ ਖਾਸ ਪਿਆਰ ਸੀ। ਉਨ੍ਹਾਂ ਟਿੱਬੀ ਵਾਲਿਆਂ ਜ਼ਿਮੀਦਾਰਾਂ ਨੂੰ ਪਰੇਰਕੇ ੪੦ ਘੁਮਾ ਜ਼ਮੀਨ ਡੇਰੇ ਨਾਲ ਲੁਵਾਈ। ਆਪ ਆਏ ਗਏ ਸਾਧ ਸੰਤ ਦੀ ਸੇਵਾ ਕਰਦੇ ਰਹੇ। ਅੰਤ ਸੰਮਤ ੧੯੯੯ ਮਘਰ ੨੦ ਨੂੰ ਸੰਪ੍ਰਦਾਈਆਂ ਦੀ ਸਲਾਹ ਨਾਲ ਅਪਨੇ ਭਤੀਜੇ ਚੇਲੇ ਸੰਤ ਹਰਮੰਦਰ ਸਿੰਘ ਜੀ ਨੂੰ ਆਪ ਨੇ ਮਹੰਤੀ ਦਿਤੀ।

ਜੀ ਦੇ ਇਕੋਤ੍ਰ ਇਕੋਤ੍ਰ ਸੌ ਅਖੰਡ ਪਾਠ ਥਾਈਂ ਥਾਈਂ ਕਈ ਵੇਰਾਂ ਕਰਾਏ।

ਆਪ ਦਾ ਜਨਮ ੧੯੨੩ ਵਿਚ ਡੰਡਿਆਂ ਵਾਲੀ ਅਟਾਰੀ ਜ਼ਿਲਾ ਮਿੰਟਗੁਮਰੀ ਭਾਈ ਆਸਾ ਸਿੰਘ ਜੀ ਦੇ ਘਰ ਹੋਇਆ। ਦਸ ਸਾਲ ਦੀ ਉਮਰ ਵਿਚ ਸਨ, ਜਦ ਕਿ ਮਾਤਾ ਪਿਤਾ ਗੁਜ਼ਰ ਗਏ। ਉਦਾਸੀਨ ਹੋ ਗਏ, ਪਰ ਇਨ੍ਹੀਂ ਦਿਨੀਂ ਰਬ ਨੇ ਅਜਿਹਾ ਢੋਅ ਬਣਾਇਆ ਕਿ ਸ੍ਰੀ ਸੰਤ ਗੁਰਦਿਆਲ ਸਿੰਘ ਜੀ ਗੰਧੀਆਂ ਵਾਲਿਆਂ ਦੇ ਸ਼ਿਸ਼ ਸ੍ਰੀ ਸੰਤ ਸੁਜਾਨ ਸਿੰਘ ਜੀ ਵਿਰਕਤ ਵਿਚਰਦੇ ੨ ਇਥੇ ਆ ਨਿਕਲੇ। ਚੰਗੀ ਕਰਨੀ ਵਾਲੇ ਹੋਣ ਕਰਕੇ ਉਪਦੇਸ਼ ਵਿਚ ਅਸਰ ਸੀ। ਜਿਹੜਾ ਆਪ ਦਾ ਇਕ ਵੇਰਾਂ ਉਪਦੇਸ਼ ਸੁਣਦਾ, ਸਭ ਉਦਾਸੀਆਂ ਦੂਰ ਹੋ ਜਾਂਦੀਆਂ।

ਇਨ੍ਹਾਂ ਵੀ ਜਦ ਆਪ ਦੇ ਦਰਸ਼ਨ ਦੀਦਾਰ ਕੀਤੇ, ਸਭ ਉਦਾਸੀ ਦੂਰ ਹੋ ਗਈ, ਦਿਲ ਖਿੜ ਗਿਆ, ਸਿਰ ਨਿਵਾ ਕੇ ਦਾਸ ਭਾਵ ਗ੍ਰਹਿਣ ਕਰ ਲੀਤਾ, ਸ੍ਰੀ ਸੰਤ ਸੁਜਾਨ ਸਿੰਘ ਜੀ ਨੇ ਭੀ ਇਕ ਹੋਣਹਾਰ ਸਮਝਕੇ ਆਪਦੇ ਸਿਰ ਤੇ ਹਥ ਰਖ ਦਿਤਾ।

ਸੰਤ ਵਿਚਰਦੇ ੨ ਜਿਥੇ ਜਾਂਦੇ, ਆਪ ਨਾਲ ਹੀ ਰਹਿਕੇ ਸੇਵਾ ਕਰਦੇ ਤੇ ਵਿਦਿਆ ਪੜ੍ਹਨ ਦਾ ਅਭਿਆਸ ਰਖਦੇ, ਜਿਤਨਾ ਚਿਰ ਸੰਤਾਂ ਦਾ ਸਰੀਰ ਰਿਹਾ, ਨਾਲ ਹੀ ਰਟਨ ਕਰਦੇ ਰਹੇ। ਬਾਅਦ ਇਕੰਤ ਬ੍ਰਿਤੀ ਹੋ ਕੇ ਵਿਰਕਤੀ ਠਾਠ ਵਿਚ ੩੫ ਸਾਲ ਤੀਰਥਾਂ ਤੇ ਵਿਚਰਦੇ ਰਹੇ।

ਸੁਭਾ ਦੇ ਜ਼ਿਆਦਾ ਸੰਜਮੀ ਸਨ। ਗੁਰਬਾਣੀ ਨਾਲ

# ਡੇਰਾ ਮੁਕਤਸਰ

## ਸ੍ਰੀ ਸੰਤ ਸੁਜਾਨ ਸਿੰਘ ਜੀ

ਚੇਲੇ ਠਾਕਰ ਗੁਰਦਿਆਲ ਸਿੰਘ ਜੀ, ਆਪ ਬੜੀ ਸੁਚੀ ਜ਼ਿੰਦਗੀ ਵਾਲੇ ਵਿਰਕਤ ਸਾਧੂ ਹੋਏ ਹਨ। ਹਮੇਸ਼ਾ ਵਿਚਰਦੇ ਰਹਿੰਦੇ ਸਨ। ਇਕ ਵੇਰਾਂ ਅਟਾਰੀ ਆਏ ਜਿਥੇ ਸ੍ਰੀ ਗਿਆਨੀ ਬਦਨ ਸਿੰਘ ਜੀ ਆਪ ਦੇ ਸ਼ਿਸ਼ ਹੋਏ। ਆਪ ਬੇ-ਪ੍ਰਵਾਹ ਤੇ ਨਿਡਰ ਮਹਾਤਮਾ ਸਨ। ਇਕ ਵੇਰਾਂ ਅਮਰ ਨਾਥ ਦੀ ਯਾਤ੍ਰਾ ਵਿਚ ਪਹਿਲਗਾਮ ਇਕ ਦੇਉ ਦੇ ਅਸਥਾਨ ਜਾ ਠਹਿਰੇ। ਲੋਗਾਂ ਮੰਨ੍ਹਾ ਕੀਤਾ ਕਿ ਮਹਾਰਾਜ ਰਾਤ ਇਥੇ ਨਾ ਠਹਿਰੋ। ਰਾਤੀ ਦੇਉ ਆਏ ਗਏ ਨੂੰ ਮੁਕਾ ਜਾਂਦਾ ਹੈ। ਸੰਤਾਂ ਆਖਿਆ ਕਿ ਭਾਈ ਨਹੀਂ ਰਹਿਣਾ ਸੀ, ਤਾਂ ਭੀ ਹੁਣ ਜ਼ਰੂਰ ਰਹਿਣਾ ਹੈ। ਲੋਕੀ ਚਲੇ ਗਏ, ਰਾਤ ਆਈ। ਸੰਤ ਭਜਨ ਬੰਦਗੀ ਵਿਚ ਬੈਠ ਗਏ। ਅਧੀ ਰਾਤ ਕੁਝ ਅੰਧੇਰੀ ਦਾ ਹਲੂਣਾ ਆਇਆ, ਸੰਤ ਅਡੋਲ ਬੈਠੇ ਰਹੇ। ਕੋਈ ਚੀਜ਼ ਇਹ ਕਹਿੰਦੀ ਹੋਈ ਚਲੀ ਗਈ, ਕਿ ਤੇਰਾ ਗੁਰੂ ਵਡਾ ਹੈ।

## ਸ੍ਰੀ ਗਿਆਨੀ ਬਦਨ ਸਿੰਘ ਜੀ (ਗੰਧੀਆਂ)

ਮੁਕਤਸਰ

ਆਪ ਬੜੀ ਪਵਿਤ੍ਰ ਜ਼ਿੰਦਗੀ ਵਾਲੇ ਮਹਾਤਮਾ ਹੋਏ ਹਨ ਗੁਰਬਾਣੀ ਦੇ ਇਤਨੇ ਰਸੀਏ ਹੋਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ

ਆਏ ਸਨ।

ਇਹ ਸਾਰਾ ਪ੍ਰਸੰਗ ਸੁਣਕੇ ਸੰਗਤਾਂ ਬੜੀਆਂ ਖੁਸ਼ ਹੋਈਆਂ। ਬਲ ਕਿ ਕਈਆਂ ਅਗੋਂ ਆਉਣ ਲਈ ਭੀ ਨੇਮ ਕੀਤਾ। ਸੰਤ ਭੀ ਸਣੇ ਸੰਗਤਾਂ ਦੇ ਸਾਲ ਦੇ ਸਾਲ ਜਾਂਦੇ ਰਹੇ। ਓਕਕ ਸੰਗਤਾਂ ਦੀ ਹੁਬ ਨਾਲ ਸੰਮਤ ੧੦-੧੨ ਦੇ ਲਗ ਪਗ ਕਣਕ ਮੰਡੀ ਪਾਸ ਜ਼ਮੀਨ ਲੈ ਕੇ ਡੇਰਾ ਬਣਾਇਆ। ਜਿਥੇ ਕਿਤਨਾ ਕਿਤਨਾ ਚਿਰ ਰਹਿ ਕੇ ਸੰਗਤਾਂ ਨੂੰ ਨਾਮ ਧੰਨ ਦੇਂਦੇ ਰਹੇ ਤੇ ਕਈ ਸਾਲ ਲਗਾ ਤਾਰ ਸਾਰੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਕਰਵਾਉਂਦੇ ਰਹੇ। ਮਾਲਵੇ ਵਿਚ ਭੀ ਦੌਰਾ ਕਰਦੇ ਕਈਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਰਹੇ।

ਆਪ ਸਾਰੀ ਉਮਰ ਬਾਲ ਜਿਤੇਂਦ੍ਰ ਰਹੇ। ਸਿਵਾਇ ਦੀਵਾਨ ਦੇ ਇਸਤ੍ਰੀ ਨੂੰ ਅਪਣੇ ਪਾਸ ਨਹੀਂ ਸਨ ਆਉਣ ਦੇਂਦੇ। ਇਕ ਵੇਰਾਂ ਅਟਾਰੀ ਆਏ, ਬ੍ਰਿਧ ਸਰੀਰ ਤੇ ਅਖੀਰਲੀ ਅਵਸਥਾ ਵੇਖ ਕੇ ਇਕੋਤ੍ਰ ਸੌ ਅਖੰਡ ਪਾਠਾਂ ਦਾ ਪ੍ਰਾਰੰਭ ਕਰਵਾ ਦਿਤਾ। ਬੈਠਦੇ ਉਠਦੇ ਪ੍ਰੇਮ ਨਾਲ ਸੁਣਦੇ ਰਹੇ। ਸੰਮਤ ੧੯੯੮ ਸਾਵਣ ੬ ਨੂੰ ਅਖੀਰਲੇ ਪਾਠ ਦਾ ਭੋਗ ਪਿਆ, "ਜੈਸੀ ਉਪਜੀ ਪੇਡ ਤੇ ਤੈਸੀ ਨਿਬਹੈ ਓੜ" ਵਾਕ ਅਨੁਸਾਰ ੧੮ ਸਾਵਨ ਸੰਮਤ ੧੯੯੮ ਨੂੰ ਗੁਰਪੁਰੀ ਸਿਧਾਰ ਗਏ। ਆਪ ਦੀ ਸਮਾਧ ਹਵੇਲੀ ਸ਼ਹਿਰ ਵਿਚ ਬਣਾਈ ਗਈ। ਜਿਥੇ ਸਾਲ ਦੇ ਸਾਲ ਸ੍ਰੀ ਸੰਤ ਹਰਮਿੰਦਰ ਸਿੰਘ ਜੀ ਬੜਾ ਭਾਰੀ ਜੋੜ ਮੇਲਾ ਕਰਦੇ ਹਨ। ਆਪ ਦੇ ਸ਼ਿਸ਼ ਵਿਰਕਤ ਸੰਤ ਨਿਹਾਲ ਸਿੰਘ ਜੀ ਗੋਦੜੀ ਵਾਲੇ ਰਿਖੀ ਸੰਤ ਬੂਟਾ ਸਿੰਘ ਜੀ, ਸੰਤ ਹਰਨਾਮ ਸਿੰਘਜੀ ਲਾਇਲਪੁਰ

ਪਿਆਰ ਸੀ, ਜਿਤਨਾ ਚਿਰ ਪੰਜਾਂ ਬਾਣੀਆਂ ਦਾ ਪਾਠ ਨਾ ਕਰ ਲੈਂਦੇ, ਅੰਨ ਪਾਣੀ ਨਾ ਗ੍ਰਹਿਣ ਕਰਦੇ, ਤੀਰਥਾਂ ਵਲੋਂ ਮੁੜਦਿਆਂ ਇਕ ਵੇਰਾਂ ਅਟਾਰੀ ਆਣ ਰਹੇ ਜਿਥੇ ਇਕ ਸਾਲ ਰਹਿਕੇ ਸ੍ਰੀ ਮਾਨ ਗਿਆਨੀ ਦਿਆਲ ਸਿੰਘ ਜੀ ਪਾਸੋਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਵਾਕੇ ਬਾਣੀ ਦੀ ਮਹੱਤਤਾ ਸਭ ਨੂੰ ਦਸੀ। ਇਸੇ ਤਰ੍ਹਾਂ ਅਪਣੇ ਵਡਿਆਂ ਦੇ ਅਸਥਾਨ ਗੰਧੀਆਂ, ਪਿੰਡ ਵਿਚ ਸ੍ਰੀ ਗੁਰੂ ਜੀ ਦੀ ਕਥਾ ਰਖਵਾਈ।

ਫਿਰਦੇ ੨ ਰਮਤ ਕਰਦੇ ਇਕ ਵੇਰਾਂ ਹਵੇਲੀ ਸ਼ਹਿਰ ਜ਼ਿਲਾ ਮਿੰਟ ਗੁਮਰੀ ਪੁਜੇ। ਜਿਥੇ ਆਪ ਦੀ ਸੁੰਦਰ ਰਹਿਣੀ ਬਹਿਣੀ ਵਲ ਵੇਖ ਕੇ ਲੋਗੀ ਪ੍ਰੇਮੀ ਹੋ ਗਏ, ਸਤਿਸੰਗੀਆਂ ਦਾ ਉਤਸ਼ਾਹ ਵੇਖ ਕੇ ਇਥੇ ੧੦੯ ਅਖੰਡ ਪਾਠਾਂ ਦਾ ਭੋਗ ਪਾਣ ਵਾਸਤੇ ਉਦਮ ਰਚ ਦਿਤਾ। ਦੇਸ਼ ਇਲਾਕੇ ਵਿਚ ਬਾਣੀ ਦਾ ਬੜਾ ਪ੍ਰਚਾਰ ਹੋਇਆ। ਇਸ ਮੌਕੇ ਕਈ ਭੁਲੇ ਹੋਏ ਜੀਵਾਂ ਨੂੰ ਸ੍ਰੀ ਦਸਮੇਸ਼ ਗੁਰੂ ਜੀ ਦੇ ਝੰਡੇ ਹੇਠ ਲਿਆਂਦਾ।

ਇਕ ਵੇਰਾਂ ਹਵੇਲੀ, ਅਟਾਰੀ, ਦੀਪਾਲਪੁਰ ਆਦ ਨਗਰਾਂ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਮਾਘੀ ਦੇ ਮੌਕੇ ਮੁਕਤ ਸਰ ਦਰਸ਼ਨ ਲਈ ਗਏ, ਜਿਥੇ ਬੜੇ ਭਾਰੀ ਸਰ ਦੇ ਦਰਸ਼ਨ ਕਰਕੇ ਚਾਲੀ ਮੁਕਤਿਆਂ ਦੀ ਸ਼ਹੀਦੀ ਦਾ ਦ੍ਰਿਸ਼ਜ ਸਾਹਮਣੇ ਆ ਗਿਆ। ਸੰਗਤਾਂ ਨੇ ਮੁਕਤਸਰ ਤੀਰਥ ਪ੍ਰਗਟ ਹੋਣ ਦੀ ਕਥਾ ਪੁਛੀ, ਆਪ ਨੇ ਉਹ ਸਾਰਾ ਪ੍ਰਸੰਗ ਆਨੰਦ ਪੁਰ ਸਾਹਿਬ ਦਾ ਸੁਣਾਇਆ ਜਿਸ ਤਰ੍ਹਾਂ ਸਿਖ ਬੇਦਾਵਾ ਲਿਖ ਕੇ ਦੇ

ਆਦ ਨਗਰਾਂ ਵਿਚ ਪ੍ਰਚਾਰ ਕਰਦੇ ਰਹਿੰਦੇ ਪਰ ਡੇਰਾ ਮੁਕਤਸਰ ਜਿਸਦੀ ਵਸੀਅਤ ਸੰਮਤ ੧੯੮੫ ਵਿਚ ਅਪਣੇ ਸ਼ਿਸ਼ ਸੰਤ ਪ੍ਰਤਾਪ ਸਿੰਘ ਜੀ ਦੇ ਨਾਂ ਆਪ ਨੇ ਪਹਿਲਾਂ ਹੀ ਕਰਾ ਦਿਤਾ ਸੀ। ਇਸ ਲਈ ਆਪ ਦੇ ਜਾਨਸ਼ੀਨ ਮਹੰਤ ਮੁਕਤ ਸਰ ਵਿਚ ਇਹੀ ਕਰਾਰ ਦਿਤੇ ਗਏ।

## ਮਹੰਤ ਪ੍ਰਤਾਪ ਸਿੰਘ ਜੀ

ਆਪ ਦਾ ਜਨਮ ਬਠਿੰਡਾ ਰਿਆਸਤ ਪਟਿਆਲਾ ਵਿਚ ਹੋਇਆ ਮੁਕਤਸਰ ਯਾਤ੍ਰਾ ਕਰਨ ਆਏ। ਡੇਰੇ ਟਿਕ ਗਏ। ਲੰਗਰ ਆਦ ਦੀ ਸੇਵਾ ਕਰਦੇ ਰਹੇ। ਆਏ ਗਏ ਦੀ ਸੇਵਾ ਕਰਦੇ ਸਨ, ਸਰੀਰ ਦੇ ਉਦਮੀ ਸਨ।

## ਸ਼੍ਰੀ ਸੰਤ ਨਿਹਾਲ ਸਿੰਘ ਜੀ ਵਿਰਕਤ

ਆਪ ਚੰਗੇ ਵਿਰਕਤ ਸਾਧੂ ਹੋਏ ਹਨ। ਜ਼ਿਆਦਾ ਉਮਰ ਉਤ੍ਰ ਕਾਂਸ਼ੀ ਵਲ ਬਿਤੀਤ ਕੀਤੀ। ਭੇਖ ਵਿਚ ਪ੍ਰਸਿਧ ਸਨ। ਸੰਮਤ ੧੯੯੨ ਵਿਚ ਸਮਾਏ ਹਨ। ਆਪ ਦੇ ਚੇਲੇ ਇਸ ਵੇਲੇ **ਸ਼੍ਰੀ ਸੰਤ ਠਾਕਰ ਸਿੰਘ ਜੀ** ਵਿਰਕਤ ਹਨ। ਆਪ ਦੀ ਰਹਿਣੀ ਬਹਿਣੀ ਵੀ ਪੁਰਾਤਨ ਮਹਾਂ ਪੁਰਸ਼ਾਂ ਵਾਲੀ ਹੈ। ਵੇਦਾਂਤ ਸ਼ਾਸਤ੍ਰ ਵਿਚ ਸਿਆਣੇ ਹਨ। ਨਿਰਮਲ ਕੁਟੀਆ ਕਨਖਲ ਵਿਚ ਸ਼੍ਰੀ ਮਹਾਰਾਜ ਸਵਾਮੀ ਹੀਰਾ ਲਾਲ ਜੀ ਦੀ ਕੁਟੀਆ ਵਿਖੇ ਰਹਿੰਦੇ ਹਨ। ਕੁਟੀਆ ਦੇ ਵਿਹਾਰ ਕਾਰਾਂ

ਤੋਂ ਅਲੇਪ ਹੋ ਕੇ ਰਹਿੰਦੇ ਹਨ। ਇਸ ਵੇਲੇ ੭੫ ਸਾਲ ਦੇ ਦਰਮਿਆਨ ਉਮਰ ਵਿਚ ਹਨ, ਭੇਖ ਵਿਚ ਸਤਿਕਾਰ ਦ੍ਰਿਸ਼ਟੀ ਨਾਲ ਵੇਖੇ ਜਾ ਰਹੇ ਹਨ।

**ਰਿਖੀ ਸੰਤ ਬੂਟਾ ਸਿੰਘ ਜੀ** ਚੇਲੇ ਮਹਾਰਾਜ ਗਿਆਨੀ ਬਦਨ ਸਿੰਘ ਜਾ, ਜਨਮ ਪਿੰਡ ਪੈੜੇ ਵਾਲ ਜ਼ਿਲਾ ਮਿੰਟਗੁਮਰੀ ਦਾ ਹੈ। ਫਰੀਦ ਜ਼ਿਲਾ ਮਿੰਟ ਗੁਮਰੀ ਵਿਚ ਸੰਤਾਂ ਨੂੰ ਮਿਲੇ। ਸੇਵਾ ਕਰਦੇ ਪੜ੍ਹਦੇ ਰਹੇ। ਆਪ ਅਜ ਕਲ ਵਿਰਕਤੀ ਠਾਟ ਵਿਚ ਰਹਿੰਦੇ ਹਨ। ਦੋ ਵੇਰਾਂ ੧੦੧ ਅਖੰਡ ਪਾਠ ਕਰਵਾਏ। ਕਈ ਕੁਟੀਆ ਬਣਾਈਆਂ। ਆਪ ਚੰਗੇ ਮਿਲਨ ਸਾਰ ਸਾਧੂ ਹਨ, ਕਥਾ ਵਾਰਤਾ ਕਰਦੇ ਹਨ। ਹਸ ਮੁਖੇ ਪ੍ਰਸਿੱਧ ਹਨ। ਕੁੰਭਾਂ ਤੇ ਛੇਤ੍ਰ ਦੇਂਦੇ ਰਹਿੰਦੇ ਹਨ।

# ਡੇਰਾ ਲਾਇਲ ਪੁਰ

## ਸ਼੍ਰੀ ਸੰਤ ਹਰਨਾਮ ਸਿੰਘ ਜੀ

ਚੇਲੇ ਮਹਾਰਾਜ ਗਿਆਨੀ ਬਦਨ ਸਿੰਘ ਜੀ, ਆਪ ਦਾ ਜਨਮ ਸ਼ਾਹ ਜੀਵਨਾ ਜ਼ਿਲੇ ਝੰਗ ਵਿਚ ਸੰਮਤ ੧੯੨੪ ਵਿਚ ਹੋਇਆ, ਆਪ ਦੇ ਪਿਤਾ ਬੜੇ ਸਤਿਸੰਗੀ ਅਤੀਤ ਉਦਾਸੀਨ ਪੁਰਸ਼ ਸਨ। ਪਹਿਲਾਂ ਕਈ ਵਰ੍ਹੇ ਸੰਤਾਂ ਨਾਲ ਰਹੇ। ਸੇਵਾ ਕਰਦੇ ਵਿਚਰਦੇ ਰਹੇ। ਬਾਣੀ ਨਾਲ ਮੁਢੋਂ ਹੀ ਪਿਆਰ ਸੀ। ਟਿਕ ਵੀ ਬ੍ਰਿਤੀ ਜਿਸ ਕਰ ਕੇ ਬੜਾ ਪ੍ਰਤਾਪ ਵਧਿਆ, ਖਾਸ



| | | |
|---|---|---|
| ਸ੍ਰੀ ਸੰਤ ਹੀਰਾ ਸਿੰਘ ਜੀ | ਸ੍ਰੀ ਸੰਤ ਹਰਨਾਮ ਸਿੰਘ ਜੀ | ਸ੍ਰੀ ਸ਼ਾਸ਼ਤ੍ਰੀ ਪੰ: ਰਘਬੀਰ ਸਿੰਘ ਜੀ |
| ਲਾਇਲ ਪੁਰ | ਹਰਦੁਵਾਰ | ਕਨਖਲ |

ਵਿਚ ਮਾਹਰ ਹਨ। ਦੂਜੇ ਸੰਤ ਰਤਨ ਸਿੰਘ ਜੀ ਪੜ੍ਹੇ ਲਿਖੇ ਸਰੀਰ ਹਨ। ਸੰਤ ਸੁੰਦਰ ਸਿੰਘ ਜੀ ਡੇਰੇ ਦੇ ਕੁਠਾਰੀ ਹਨ। ਸੰਤ ਲਾਲ ਸਿੰਘ ਜੀ, ਸੰਤ ਅਮਰ ਸਿੰਘ ਜੀ ਦੋਵੇਂ ਵੈਦ ਹਨ। ਸੰਤ ਪ੍ਰੀਤਮ ਸਿੰਘ ਜੀ ਬੜੇ ਨਿਰਮਾਣ ਸੇਵਕ ਹਨ, ਵਿਦਵਾਨ ਹਨ। ਸੰਤ ਨਰੰਜਨ ਸਿੰਘ ਜੀ ਵਿਰਕਤ ਬੜੇ ਯੋਗ ਪੁਰਸ਼ ਸੁਭਾ ਦੇ ਨਿਰਮਾਨ ਸਨ। ਇਨ੍ਹਾਂ ਦੇ ਚੇਲੇ ਸੰਤ ਕਾਂਸ਼ੀ ਸਿੰਘ ਜੀ ਮੁਨੀ ਚਕ੍ਰਵਰਤੀ ਹਨ। ਗਿਆਨੀ ਅਵਤਾਰ ਸਿੰਘ ਕਰਤਾਰਪੁਰ ਰਹਿੰਦੇ ਹਨ। ਸੰਤ ਇੰਦਰ ਜੀਤ ਸਿੰਘ ਜੀ ਕਵੀ ਤੇ ਰਾਗੀ ਪ੍ਰਸਿਧ ਹਨ। ਸੰਤ ਕਿਸ਼ਨ ਸਿੰਘ ਜੀ ਰਾਗ ਵਿਦਿਆ ਵਿਚ ਸਿਆਣੇ ਹਨ। ਫਿਰੋਜ਼ ਪੁਰ ਰਹਿੰਦੇ ਹਨ। ਸੰਤ ਦੀਦਾਰ ਸਿੰਘ ਜੀ ਨਿਰਮਲ ਸੰਸਕ੍ਰਿਤ ਵਿਦਯਾਲੇ ਕਨਖਲ ਵਿਚ ਸੰਸਕ੍ਰਿਤ ਪੜ੍ਹਦੇ ਰਹੇ ਹਨ। ਭਗਵੇ ਬਸਤ੍ਰ ਧਾਰੀ ਤੇ ਸੁੰਦਰ ਦਰਸ਼ਨੀ ਸੁਭਾ ਦੇ ਮਿਲਾਪੜੇ ਹਨ। ਸੰਤ ਗੁਰਬਖਸ਼ ਸਿੰਘ ਜੀ ਜਿਨ੍ਹਾਂ ਦੇ ਚੇਲੇ ਗਿਆਨੀ ਅਜਮੇਰ ਸਿੰਘ ਜੀ ਕਵੀ ਹਨ।

## ਮਹੰਤ ਹੀਰਾ ਸਿੰਘ ਜੀ

ਆਪ ਦਾ ਜਨਮ ਪਿੰਡ ਖੀਵੇ ਜ਼ਿਲੇ ਝੰਗ ਵਿਚ ਹੋਇਆ ੧੧ ਸਾਲ ਦੀ ਉਮਰ ਸੰਤਾਂ ਪਾਸ ਆਏ। ਆਪ ਸੰਤ ਦੇ ਅਨਿੰਨ ਸੇਵਕ ਸਨ। ਧਾਰਣਾ ਵਾਲੇ ਸਾਧੂ ਸਨ। ਸਾਦੀ ਕਿਰਿਆ, ਆਏ ਗਏ ਨੂੰ ਪਿਆਰ ਨਾਲ ਮਿਲਦੇ ਤੇ ਸੇਵਾ ਕਰਦੇ ਸਨ ਸੁਭਾ ਦੇ ਬੜੇ ਗੰਭੀਰ ਖਿਮਾ ਦੀ ਸਾਖਿਆਤ ਮੂਰਤੀ ਸਨ।

ਲਾਇਲ ਪੁਰ ਡੇਰਾ ਬਣਾਇਆ, ਜਿਥੇ ਕਈ ਸਾਧੂ ਆਏ ਗਏ ਰਹਿੰਦੇ ਸਨ। ਲੰਗਰ ਚਲਦਾ ਸੀ। ਆਪ ਨੇ ਦੋ ਮਰਬੇ ਜ਼ਮੀਨ ਮੁਲ ਲਿਤੇ ਸਨ ਜਿਨ੍ਹਾਂ ਦੇ ਬਦਲੇ ਮੂਲੇ ਚਕ ਜ਼ਿਲਾ ਅੰਮ੍ਰਿਤਸਰ ਵਿਚ ਜ਼ਿਮੀਨ ਮਿਲੀ।

ਆਪ ਕਈ ਵਰ੍ਹੇ ਅੰਮ੍ਰਿਤਸਰ ਰਹੇ, ਬੜਾ ਮਾਨ ਪਾਇਆ। ਕਈ ਸਿਖ ਸੇਵਕ ਬਣੇ, ਡੇਰਾ ਬਣਾਇਆ। ਪਾਕਸਤਾਨ ਬਣਨ ਤੋਂ ਬਾਅਦ ਗਰਮੀਆਂ ਵਿਚ ਕਨਖਲ ੧੦੧ ਅਖੰਡ ਪਾਠ ਕਈ ਵੇਰਾਂ ਕਰਵਾਏ। ਲਾਇਲ ਪੁਰ ਡੇਰੇ ਵਿਚ ਆਪਣੇ ਸ਼ਿਸ਼ ਮਹੰਤ ਹੀਰਾ ਸਿੰਘ ਜੀ ਨੂੰ ਥਾਪ ਕੇ ਆਪ ਜ਼ਿਆਦਾ ਚਿਰ ਅੰਮ੍ਰਿਤਸਰ ਡੇਰੇ ਹੀ ਰਹਿੰਦੇ ਰਹੇ। ਭਜਨ ਪਾਠ ਦੇ ਨੇਮੀ ਸਨ। ਸਰੀਰ ਦਰਸ਼ਨੀ ਤੇ ਸੁਭਾ ਦੇ ਧੀਮੇ ਪ੍ਰਸਿਧ ਸਨ। ਆਪ ਸਵੇਰੇ ਦੋ ਵਜੇ ਉਠਦੇ ਸਨ। ਪਹਿਲੀ ਚੌਕੀ ਵਿਚ ਮਹਾਰਾਜ ਸੰਤ ਸ਼ਾਮ ਸਿੰਘ ਜੀ ਦੇ ਨਾਲ ਕੀਰਤਨ ਕਰਦੇ ਸਨ। ਆਪ ਦਾ ਕੀਰਤਨ ਸੁਣ ਕੇ ਸਾਰੇ ਸਤਿਸੰਗੀ ਖੁਸ਼ ਹੁੰਦੇ ਸਨ। ਪੂਰੇ ਜਤੀ ਸਤੀ ਸਨ। ਰਾਗੀ ਫਤੇਹ ਸਿੰਘ ਜੀ ਦਾ ਡੇਰਾ ਸ਼੍ਰੀ ਮਾਨ ਮਹੰਤ ਮੂਲ ਸਿੰਘ ਜੀ ਨੇ ਆਪ ਨੂੰ ਲੈਕੇ ਦਿਤਾ ਸੀ। ਆਪ ੧੩ ਅਸੂ ਸੰਮਤ ੨੦੨੫ ਨੂੰ ਕਨਖਲ ਸੰਤ ਪੁਰੇ ਵਿਖੇ ਚੜ੍ਹਾਈ ਕਰ ਗਏ ਹਨ। ਆਪ ਦੇ ਹੇਠ ਲਿਖੇ ਸ਼ਿਸ਼ ਸਨ, ਗਿਆਨੀ ਤੇਜਾ ਸਿੰਘ ਜੀ, ਸੰਤ ਹੀਰਾ ਸਿੰਘ ਜੀ, ਸੰਤ ਨਿਰੰਕਾਰ ਸਿੰਘ ਜੀ ਅਖਰ ਲਿਖਣੇ ਵਿਚ ਵਡੇ ਸਿਆਣੇ ਹਨ। ਸੰਤ ਬਹਾਦਰ ਸਿੰਘ ਜੀ ਸੁੰਦਰ ਦਰਸ਼ਨੀ ਸਰੀਰ ਸਨ, ਚੜ੍ਹਾਈ ਕਰ ਗਏ ਹਨ। ਸੰਤ ਰਤਨ ਸਿੰਘ ਜੀ ਵੈਦ ਦਵਾਈ ਬੂਟੀ

ਜਿਸ ਕਰ ਕੇ ਦੋ ਸਾਲਾਂ ਵਿਚ ਹੀ ਸਾਸਤ੍ਰੀ ਫਸਟ, ਪਾਰਸ ਹੋ ਗਏ। ਫਿਰ ਪ੍ਰਚਾਰ ਦਾ ਕੰਮ ਆਰੰਭਿਆ। ਦਿਲੀ ਆਦ ਨਗਰਾਂ ਵਿਚ ਕਈ ਵੇਰਾਂ ਵਿਆਖਿਆਨ ਕਰਨ ਜਾਂਦੇ ਰਹੇ। ਕਨਖਲ ਸੰਤ ਪੁਰੇ ਦੀ ਸੇਵਾ ਵਿਚ ਆਪਦਾ ਜ਼ਿਆਦਾ ਹਿੱਸਾ ਹੈ ਸਾਰਾ ਪ੍ਰਬੰਧ ਆਪ ਦੇ ਹਥ ਵਿਚ ਰਿਹਾ, ਭਜਨ ਪਾਠ ਦੇ ਨੇਮੀ ਹਨ। ਸੁਭਾਵ ਦੇ ਮਿਲਪਾੜੇ ਤੇ ਧੀਮੇ ਸਾਧੂ ਹਨ। ਮਕਾਨ ਡੇਰੇ ਦਾ ਪ੍ਰਬੰਧ ਖੂਬ ਚਲਾ ਰਹੇ ਹਨ। ਅਜ ਕਲ ੧੦੧ ਅਖੰਡ ਪਾਠ ਦੀ ਲੜੀ ਦਾ ਪ੍ਰਵਾਹ ਚਲਾਇਆ ਹੋਇਆ ਹੈ।

ਪ੍ਰਚਾਰ ਸਾਰੇ ਪੰਜਾਬ ਯੂ.ਪੀ, ਸੀ.ਪੀ, ਬੰਬਈ, ਕਲਕਤੇ ਜਾ ਜਾ ਕੇ ਕਰਦੇ ਹਨ। ਰਹਿਣੀ ਬਹਿਣੀ ਚੰਗੀ ਹੈ। ਪ੍ਰਾਰਬਧ ਵਾਲੇ ਸਰੀਰ ਹਨ। ਜਾਲਿੰਧਰ ਵੀ ਚੰਗਾ ਪਰਚਾ ਹੈ। ਕਨਖਲ ਸੰਤ ਪੁਰੇ ਦਾ ਮਕਾਨ ਆਪ ਦੇ ਉਦਮ ਪ੍ਰਤਾਪ ਨਾਲ ਹੀ ਆਲੀਸ਼ਾਨ ਬਣਿਆ ਹੋਇਆ ਵਿਖਾਈ ਦੇਂਦਾ ਹੈ।

## ਸੰਤ ਰਤਨ ਸਿੰਘ ਜੀ ਵੈਦ ਰਤਨ
(ਅੰਮ੍ਰਿਤਸਰ)

ਆਪ ਦਾ ਜਨਮ ਬਹਿਲਾ, ਇਲਾਕਾ ਤਰਨ ਤਾਰਨ ਵਿਚ ਹੋਇਆ, ਛੋਟੀ ਉਮਰੇ ਸੰਤਾਂ ਪਾਸ ਆਏ। ਵਡੇ ਹੋਏ, ਵੈਦਕ ਵਿਦਆ ਦੇ ਪੜ੍ਹਨ ਵਿਚ ਲਗ ਗਏ। ਦੂਰ ਦੂਰ ਤੀਰਥਾਂ ਦੀ ਯਾਤ੍ਰਾ ਕਰਦੇ ਰਹੇ। ਸ਼੍ਰੀ ਸੰਤ ਟੈਹਲ ਸਿੰਘ ਜੀ ਲੰਮੇ ਜਾਗੀਰ ਵਾਲਿਆਂ ਦੀ ਆਪ ਨੇ ਵਡੀ ਸੇਵਾ ਕੀਤੀ। ਵਡੇ ਉਦਮੀ ਸਰੀਰ ਹਨ। ਭੇਖ ਨਾਲ ਮੇਲ ਮਿਲਾਪ ਹੈ। ਉਮਰ

ਅਪਣੇ ਸੰਤਾਂ ਦੇ ਖਾਸ ਕ੍ਰਿਪਾ ਪਾਤ੍ਰ ਸਨ।

ਪਾਕਸਤਾਨ ਬਣਨ ਤੋਂ ਬਾਅਦ ਲਾਇਲਪੁਰ ਡੇਰਾ ਛਡ ਕੇ ਅੰਮ੍ਰਿਤਸਰ ਆਏ (ਧਰਮਸਾਲਾ ਭਾਈ ਫਤੇ ਸਿੰਘ ਜੀ ਰਾਗੀ) ਦੇ ਮਹੰਤ ਬਣਾਏ ਗਏ। ਇਸ ਤੋਂ ਇਲਾਵਾ ਆਪ ਦਾ ਅਸਥਾਨ (ਸੰਤਪੁਰਾ) ਕਨਖਲ਼ ਹੈ ਜਿਸ ਦੀ ਇਮਾਰਤ ਚੰਗੀ ਲੰਮੀ ਚੌੜੀ ਹੈ। ਉਸ ਦੀ ਵੀ ਮਹੰਤੀ ਸੰਮਤ ੨੦੦੭ ਜੇਠ ਦੀ ਸੰਗਰਾਂਦ ਨੂੰ ਆਪ ਦੇ ਸਪੁਰਦ ਕਰ ਦਿਤੀ ਗਈ ਹੈ। ਸ ਰਿਆਂ ਮਕਾਨਾਂ ਦਾ ਧਿਆਨ ਆਪ ਦੇ ਗੋਚਰੇ ਹੈ ਆਪ ਦੇ ਚੇਲੇ ਸੰਤ ਤ੍ਰਿਲੋਚਨ ਸਿੰਘ ਜੀ ਜੋ ਪੜ੍ਹੇ ਲਿਖੇ ਸਰੀਰ ਹਨ। ਕਨਖਲ ਸੰਤਪੁਰੇ ਰਹਿੰਦੇ ਸੇਵਾ ਕਰਦੇ ਹਨ। ਸੰਤ ਅਮਰੀਕ ਸਿੰਘ ਜੀ ਰਿਖੀ ਉਦਾਸੀਨ ਬ੍ਰਿਤੀ ਵਿਚ ਰਹਿੰਦੇ ਪ੍ਰਸੰਨ ਰਹਿੰਦੇ ਹਨ। ਪਰ ਤੀਸਰੇ ਚੇਲੇ ਸੰਤ ਰਘਬੀਰ ਸਿੰਘ ਜੀ ਸ਼ਾਸਤ੍ਰੀ ਨੂੰ ਆਪ ਨੇ ਉਤ੍ਰਾਧਿਕਾਰੀ ਥਾਪ ਕੇ ਮਹੰਤੀ ਦੇ ਦਿਤੀ ਹੈ।

## ਸ੍ਰੀ ਸ਼ਾਸਤ੍ਰੀ ਰਘਬੀਰ ਸਿੰਘ ਜੀ

ਆਪ ਸ੍ਰੀ ਸੰਤ ਹੀਰਾ ਸਿੰਘ ਜੀ ਦੇ ਸਕੇ ਭ੍ਰਾਤਾ ਹਨ। ਘਰ ਵਿਚ ਰਹਿੰਦਿਆਂ ਪਹਿਲਾਂ ਮਿਡਲ ਪਾਸ ਕੀਤਾ। ੧੫ ਸਾਲ ਦੀ ਉਮਰ ਵਿਚ ਸੰਤਾਂ ਪਾਸ ਲਾਇਲਪੁਰ ਆਏ। ਚਾਰ ਪੰਜ ਸਾਲ ਡੇਰੇ ਦੀ ਸੇਵਾ ਕਰਦੇ ਗੁਰੂ ਘਰ ਦੀ ਵਿਦਿਆ ਪੜ੍ਹਦੇ ਰਹੇ। ਫਿਰ ਸੰਤਾਂ ਦੀ ਆਗਿਆ ਨਾਲ ਸੰਮਤ ੧੯੯੨ ਵਿਚ ਸੰਸਕ੍ਰਿਤ ਪੜ੍ਹਨ ਲਈ ਕਨਖਲ ਨਿਰਮਲ ਵਿਦਜਾਲੇ ਜਾ ਦਾਖਲ ਹੋਏ, ਪੜ੍ਹਨ ਦਾ ਸ਼ੌਕ ਸੀ। ਮੇਹਨਤੀ ਸੁਭਾ ਸੀ

ਸਿੰਘ ਜੀ ਵਲ ਚਲੀ ਗਈ। ਜੋ ਰਸਦਾਇਕ ਕੀਰਤਨ ਕਰਦੇ ਹੁੰਦੇ ਸਨ। ਠਾਕੁਰ ਜੀ ਨੇ ਏਹੀ ਯੋਗ ਸਮਝ ਕੇ ਸੰਤ ਫਤੇਹ ਸਿੰਘ ਜੀ ਨੂੰ ਸਣੇ ਚੇਲਿਆਂ ਦੇ ਭੇਜ ਦਿਤਾ, ਤੇ ਇਕ ਦਿਨ ਬਾ ਕਾਇਦਾ ਮਹੰਤ ਅਸਥਾਪਨ ਕਰ ਦਿਤਾ।

ਆਪ ਦਾ ਜਨਮ ਪਿੰਡ ਠੱਟਾ ਜ਼ਿਲਾ ਅੰਮ੍ਰਿਤਸਰ ਦਾ ਸੀ, ਜਮਾਂਦਰੂ ਹੀ ਨੇਤ੍ਰ ਨਹੀਂ ਸਨ, ਪਰ ਅੰਦਰੋਂ ਬੜੇ ਸੁਚੇਤ ਸਨ। ਰਬ ਦੇ ਨਾਲ ਲਗਨ ਲਗੀ ਹੋਈ ਸੀ। ਇਕ ਵੇਰਾਂ ਠਾਕੁਰ ਗੁਰਦਿਆਲ ਸਿੰਘ ਜੀ ਗੰਧੀਆਂ ਵਾਲੇ ਅੰਮ੍ਰਿਤਸਰ ਆਏ, ਆਪ ਉਨ੍ਹਾਂ ਦੇ ਸ਼ਿਸ਼ ਹੋ ਗਏ। ਸਾਧੂ ਬ੍ਰਿਤੀ ਵਿਚ ਦਿਨ ਬਿਤੀਤ ਕਰਨ ਲਗ ਪਏ। ਰਾਗ ਸਿਖਦੇ ਸਿਖਾਉਂਦੇ ਰਹੇ ਬੜੇ ਪ੍ਰੇਮ ਨਾਲ ਅੰਤ੍ਰ ਮੁਖ ਬ੍ਰਿਤੀ ਕਰ ਕੇ ਸ਼ਬਦ ਪੜ੍ਹਿਆ ਕਰਦੇ। ਆਪ ਦੀ ਸੁੰਦਰ ਧਾਰਨਾ ਪੁਰਾਤਨ ਸਾਧੂਆਂ ਵਾਲੀਆਂ ਵੇਖ ਕੇ ਕਈ ਸੇਵਕ ਹੋ ਗਏ। ਆਪ ਵੇਦਾਂਤ ਪੁਸਤਕਾਂ ਦੇ ਚੰਗੇ ਜਾਣੂ ਸਨ। ਸੰਤ ਜਗਤ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਕ੍ਰਿਪਾਲ ਸਿੰਘ ਜੀ, ਪੰਡਿਤ ਜੀਵਨ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਆਦ ਕਈ ਸਾਧੂ ਆਪ ਦੇ ਚੇਲੇ ਹੋਏ। ਕੁਝ ਚਿਰ ਆਪ ਅਪਣੇ ਸਾਧੂਆਂ ਸਮੇਤ 'ਲਗਾਹ ਨਾਮ ਜਗਾ' ਜੋ ਝਬਾਲ ਬੁਰਜ, ਠਟਾ ਆਦ ਪਿੰਡਾਂ ਦੇ ਵਿਚਕਾਰ ਹੈ, ਵਿਖੇ ਟਿਕੇ ਰਹੇ।

ਆਪ ਸ਼ਹੀਦ ਬੁੰਗੇ, ਤੇ ਅਕਾਲ ਤਖਤ ਸਾਹਿਬ ਅਗੇ ਦਿਲੀ ਪ੍ਰੇਮ ਨਾਲ ਕੀਰਤਨ ਕਰਿਆ ਕਰਦੇ ਸਨ। ਆਪ ਸੁਭਾ ਦੇ ਬੜੇ ਸੰਜਮੀ ਸਨ। ਕਿਸੇ ਮੁੰਡੇ ਜਾਂ ਮਾਈ ਨੂੰ ਅੰਦਰ ਆਉਣ ਦੀ ਆਗਿਆ ਨਹੀਂ ਸੀ। ਆਏ ਗਏ ਲਈ ਸਾਧੂ ਆਪ ਰੋਟੀ

੬੭ ਸਾਲ ਦੀ ਹੈ। ਅਜ ਕਲ ਗੁਜਰਾਂ ਵਾਲੀ ਗਲੀ ਅੰਮ੍ਰਿਤ ਸਰ ਰਹਿੰਦੇ ਹਨ। ਆਪ ਦੇ ਸ਼ਿਸ਼ ਸੰਤ ਕਵੀ ਗੁਰਬਚਨ ਸਿੰਘ ਜੀ ਹਨ। ਦੋਹਾਂ ਦਾ ਸੇਵਾ ਕਰਨ ਦਾ ਸੁਭਾਵ ਹੈ।

## ਡੇਰਾ ਸੰਤ ਭਾਈ ਫਤੇਹ ਸਿੰਘ ਜੀ ਰਾਗੀ

ਇਹ ਡੇਰਾ ਬੋਰੀਆਂ ਵਾਲੇ ਸ: ਭਗਵਾਨ ਸਿੰਘ ਜੀ ਤੇ ਦਿਤ ਸਿੰਘ ਜੀ ਨੇ ਆਨੰਦ ਪੁਰ ਸਾਹਿਬ ਵਾਲੇ ਸੋਢੀਆਂ ਪਾਸੋਂ ੫੦੦) ਰੁਪਏ ਤੋਂ ਸਹੈਦ ਜ਼ਮੀਨ ਖਰੀਦ ਕੇ ਬਣਾਇਆ, ਤੇ ਆਪਣੇ ਗੁਰੂ ਸੰਤ ਖਟ ਦਰਸ਼ਨ ਸਿੰਘ ਜੀ ਚੇਲੇ ਮਹਾਰਾਜ ਸੰਤ ਧਰਮ ਸਿੰਘ ਜੀ ਨੂੰ ਬੜੇ ਸਤਿਕਾਰ ਨਾਲ ਇਥੇ ਅਸਥਾਪਨ ਕੀਤਾ। ਨਾਲ ਭਗਤ ਭਗਵਾਨ ਸਿੰਘ ਜੀ ਆਪ ਭੀ ਰਹੇ। ਚੰਗਾ ਸਤਿਸੰਗ ਹੁੰਦਾ ਰਹਿਆ। ਕੁਝ ਚਿਰ ਪਿਛੋਂ ਸੰਤ ਇਥੇ ਹੀ ਗੁਜ਼ਰ ਗਏ। ਬਾਅਦ ਉਨ੍ਹਾਂ ਦੇ ਮੰਜੇ ਦੀ ਪੂਜਾ ਭਗਤ ਲੋਗ ਤੇ ਉਨ੍ਹਾਂ ਦੇ ਪੁਤ੍ਰ ਪੋਤ੍ਰੇ ਕਰਦੇ ਰਹੇ, ਕਿਉਂ ਕਿ ਉਸ ਮੰਜੇ ਤੇ ਕੋਈ ਸੌਂਦਾ ਨਹੀਂ ਸੀ, ਇਸ ਲਈ ਕਿਤਨੇ ਚਿਰ ਪਿਛੋਂ ਈਸ਼ਰ ਸਿੰਘ ਦਲਾਲ ਉਸ ਮੰਜੇ ਨੂੰ ਘਰ ਲੈ ਗਿਆ।

ਹੁਣ ਭਗਤ ਲੋਕ ਇਸ ਢੂੰਢ ਵਿਚ ਸਨ, ਕਿ ਕੋਈ ਸਾਧ ਧਰਮਸਾਲਾ ਵਿਚ ਟਿਕਾਈਏ। ਸਾਰੇ ਮਿਲ ਕੇ ਠਾਕੁਰ ਦਿਆਲ ਸਿੰਘ ਜੀ ਦੇ ਪਾਸ ਗਏ, ਤੇ ਕਿਸੇ ਭਲੇ ਲੋਕ ਸਾਧੂ ਦੀ ਮੰਗ ਕੀਤੀ। ਇਨ੍ਹਾਂ ਦਿਨਾਂ 'ਚ ਸੰਤ ਫਤੇਹ ਸਿੰਘ ਜੀ, ਜਗਤ ਸਿੰਘ ਜੀ, ਰਾਮ ਸਿੰਘ ਜੀ, ਤੇ ਕ੍ਰਿਪਾਲ ਸਿੰਘ ਜੀ ਡੇਰੇ ਰਹਿਆ ਕਰਦੇ ਸਨ। ਠਾਕੁਰ ਜੀ ਦੀ ਨਿਗਾਹ ਸੰਤ ਫਤੇਹ

ਕਰਨ ਤੋਂ ਬਾਅਦ ਅਖੀਰ ਹਸਪਤਾਲ ਵਿਚ ਹੀ ਗੁਜ਼ਰ ਗਏ।

ਬਾਅਦ ਭਗਤਾਂ ਸੰਤ ਬਿਸ਼ਨ ਸਿੰਘ ਜੀ (ਇਹ ਸੰਤ ੫੨ ਵਰ੍ਹਿਆਂ ਦੇ ਡੇਰੇ ਵਿਚ ਰਹਿੰਦੇ ਸਨ ਤੇ ਇਹ ਪੂਰਵ ਉਕਤ ਹਾਲ ਇਨ੍ਹਾਂ ਦੀ ਜ਼ਬਾਨੀ ਹੀ ਲਿਖਿਆ ਗਿਆ ਹੈ) ਨੂੰ ਬਿਠਾਣ ਲਈ ਜ਼ੋਰ ਦਿਤਾ, ਪਰ ਇਨ੍ਹਾਂ ਨਾਮਨਜ਼ੂਰ ਕੀਤਾ। ਭਗਤਾਂ ਨੇ ਨਥਾ ਸਿੰਘ ਦਲਾਲ ਹੁੰਡੀਆਂ ਵਾਲੇ ਨੂੰ ਨਿਗਰਾਣੀ ਲਈ ਮੁਕਰੱਰ ਕੀਤਾ। ੫-੭ ਸਾਲ ਪ੍ਰਬੰਧ ਇਹੋ ਕਰਦਾ ਰਿਹਾ। ਬਾਅਦ ਸੰਤ ਈਸ਼ਰ ਸਿੰਘ ਨੂੰ ਇਹੋ ਲਿਆਇਆ। ਕੁਝ ਚਿਰ ਪਿਛੋਂ ਸੰਪ੍ਰਦਾਈਆਂ ਤੇ ਭਗਤਾਂ ਦੀ ਸਲਾਹ ਨਾਲ ਸ਼੍ਰੀ ਸੰਤ ਹਰਨਾਮ ਸਿੰਘ ਜੀ ਲਾਇਲਪੁਰੀਏ ਮਹੰਤ ਬਣੇ। ਅਗੋ ਇਨ੍ਹਾਂ ਅਪਣੀ ਖੁਸ਼ੀ ਨਾਲ ਡੇਰੇ ਦਾ ਪ੍ਰਬੰਧ ਕਰਨ ਲਈ ਅਪਣੇ ਚੇਲੇ ਸੰਤ ਬਹਾਦਰ ਸਿੰਘ ਜੀ ਨੂੰ ਮਹੰਤ ਥਾਪ ਦਿਤਾ।

## ਸੰਤ ਬਹਾਦਰ ਸਿੰਘ ਜੀ

ਆਪ ਦਾ ਜਨਮ ਦੇਸ ਲੰਮੇ, ਜ਼ਿਲਾ ਮਿੰਟਗਮਰੀ ਦਾ ਹੈ। ਕਈ ਵਰ੍ਹੇ ਪਹਿਲਾਂ ਆਪਣੇ ਸੰਤਾਂ ਨਾਲ ਰਹਿ ਕੇ ਸੇਵਾ ਕਰਦੇ ਰਹੇ। ਆਪ ਚੰਗੇ ਗਿਆਨੀ ਸਨ, ਕਥਾ ਕਰਦੇ ਸਨ ਇਸ ਲਈ ਡੇਰੇ ਦੀ ਰੌਣਕ ਵਧਾਣ ਦੀ ਖਾਤਰ ਸੰਤਾਂ ਨੇ ਆਪ ਇਥੋਂ ਦੀ ਪੱਗ ਦੇ ਦਿਤੀ। ਆਪ ਬਹੁਤ ਚਿਰ ਮਹੰਤ ਰਹੇ। ਅਪਣੇ ਪਾਸੋਂ ਕਈ ਹਜ਼ਾਰ ਰੁਪਆ ਲਗਾ ਕੇ ਮਕਾਨ ਨੂੰ ਸੁੰਦਰ ਬਣਵਾਇਆ; ਪਰ ਰਬ ਦੀ ਨੇਤ ਇਕ ਦਿਨ ਕੋਠੇ ਤੋਂ ਗਿਰ ਪਏ, ਦੋ ਚਾਰ ਦਿਨ ਹਸਪਤਾਲ ਵਿਚ ਇਲਾਜ ਹੋਣ ਤੋਂ ਬਾਅਦ

ਪਕਾਉਂਦੇ ਸਨ । ਅਸਥਾਨ ਨੂੰ ਬੜੀ ਸ਼ੋਭਾ ਵਿਚ ਲਿਆਂਦਾ, ਸਾਰੀ ਉਮਰ ਸੁਖ ਨਾਲ ਲੰਘਾਈ । ਅਖੀਰ ਆਪਣੇ ਚੇਲੇ ਸੰਤ ਜਗਤ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੫੮-੫੯ ਦੇ ਲਗ ਪਗ ਆਪ ਸਮਾਏ ।

## ਮਹੰਤ ਜਗਤ ਸਿੰਘ ਜੀ

ਜਨਮ ਆਪ ਦਾ ਪਿੰਡ ਠੱਟਾ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ । ਆਪ ਬੜਾ ਚਿਰ ਸੰਤਾਂ ਨਾਲ ਰਹਿ ਕੇ ਸੇਵਾ ਕਰਦੇ ਰਹੇ । ਮਹੰਤ ਹੋਣ ਤੋਂ ਬਾਅਦ ਭੀ ਆਏ ਗਏ ਸਾਧੂ ਦੀ ਹਥੀਂ ਸੇਵਾ ਕਰਦੇ ਰਹੇ । ਡੇਰੇ ਦੇ ਭਗਤ ਵੀ ਪਹਿਲਾਂ ਵਾਂਗ ਸੇਵਾ ਕਰਦੇ । ਪੁਰਾਤਨ ਰੀਤੀ ਸਭ ਕਾਇਮ ਰਖੀ, ਕਈ ਵਰ੍ਹੇ ਮਹੰਤੀ ਕਰਨ ਤੋਂ ਬਾਅਦ ਜਦ ਸਰੀਰ ਜ਼ਿਆਦਾ ਬਿਮਾਰ ਹੋ ਗਿਆ, ਤਾਂ ਆਪਣੇ ਗੁਰਭਾਈ ਪੰਡਿਤ ਜੀਵਨ ਸਿੰਘ ਜੀ ਨੂੰ ਕਾਂਸ਼ੀਓਂ ਬੁਲਾ ਕੇ ਮਹੰਤੀ ਦੇ ਦਿਤੀ । ਬਾਅਦ ਕੁਝ ਦਿਨਾਂ ਪਿਛੋਂ ਸਰੀਰ ਤਿਆਗ ਗਏ ।

## ਪੰਡਿਤ ਜੀਵਨ ਸਿੰਘ ਜੀ

ਪਹਿਲਾਂ ਆਪ ਕਾਂਸ਼ੀ ਪੜ੍ਹਦੇ ਰਹੇ, ਉਚੇਚਾ ਮੰਗਵਾ ਕੇ ਆਪ ਨੂੰ ਮਹੰਤੀ ਦਿਤੀ ਗਈ । ਪੜ੍ਹਨ ਪੜ੍ਹਾਉਣ ਦਾ ਅਭਿਆਸ ਇਥੇ ਭੀ ਰਖਦੇ ਰਹੇ । ਚਾਰ ਵਰ੍ਹੇ ਮਹੰਤੀ ਕਰ ਕੇ ਬਿਮਾਰ ਹੋ ਗਏ । ਚੇਲਾ ਕੋਈ ਨਹੀਂ ਸੀ । ਕੁੰਜੀਆਂ ਭਗਤਾਂ ਦੀ ਹਟੀ ਤੇ ਦੇ ਕੇ ਆਪ ਹਰਦੁਆਰ ਜਾ ਰਹੇ । ਜਿਥੇ ਕੁਝ ਚਿਰ ਇਲਾਜ

ਕਥਾ ਕਰਿਆ ਕਰਦੇ। ਸਭ ਨੂੰ ਪਿਆਰ ਨਾਲ ਪੜ੍ਹਾਉਂਦੇ। ਅਸਥਾਨ ਦੀ ਉਨਤੀ ਕੀਤੀ। ਸੰਮਤ ੧੯੭੪ ਨੂੰ ਸਮਾਏ। ਸਮਾਧ ਬਣੀ ਹੋਈ ਹੈ। ਆਪ ਦੇ ਚੇਲੇ ਸ੍ਰੀ ਪੰਡਿਤ ਜੀਵਨ ਸਿੰਘ ਜੀ, ਸੰਤ ਹਰਭਜਨ ਸਿੰਘ ਜੀ, ਸੰਤ ਸੁੰਦਰ ਸਿੰਘ ਜੀ ਆਦ ਹਨ। ਇਸ ਵੇਲੇ **ਸ੍ਰੀ ਸੰਤ ਹਰਭਜਨ ਸਿੰਘ ਜੀ** ਮਹੰਤ ਹਨ। ਜਿਨ੍ਹਾਂ ਦਾ ਜਨਮ ਜਲਾਲਾਬਾਦ ਦੇ ਇਲਾਕੇ ਦਾ ਹੈ। ਚੰਗੀ ਹਿਕਮਤ ਕਰਦੇ ਹਨ, ਭੇਖ ਦੇ ਹਿਤੈਸ਼ੀ ਹਨ। ਤਿੰਨਾਂ ਗੁਰਭਾਈਆਂ ਨੇ ਇਕ ਦੂਜੇ ਨੂੰ ਇਕਰਾਰ ਨਾਮਾ ਲਿਖ ਕੇ ਦਿਤਾ ਹੋਇਆ ਹੈ। ਜਿਸ ਗੁਰਭਾਈ ਦਾ ਚੇਲਾ ਅਗੋਂ ਮਹੰਤ ਬਣਾਯਾ ਜਾਏਗਾ ਉਹ ਆਪਣੇ ਗੁਰਭਾਈਆਂ ਦੀ ਸਲਾਹ ਨਾਲ ਹੀ ਬਿਠਾਇਆ ਜਾਇਆ ਕਰੇਗਾ।

## ਪੰਡਿਤ ਜੀਵਨ ਸਿੰਘ ਜੀ

ਚੇਲੇ ਮਹਾਰਾਜ ਸੰਤ ਮਹਿਤਾਬ ਸਿੰਘ ਜੀ। ਆਪ ਦਾ ਜਨਮ ਪਿੰਡ ਬੁਧ ਸਿੰਘ ਵਾਲਾ ਜ਼ਿਲਾ ਲਾਹੌਰ ਵਿਚ ਹੋਇਆ, ੧੯੭੨ ਵਿਚ ਸਾਧੂ ਹੋਏ। ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹਦੇ ਰਹੇ। ਬਾਅਦ ਸੰਸਕ੍ਰਿਤ ਪੜ੍ਹਨ ਲਈ ਕਾਂਸ਼ੀ ਚਲੇ ਗਏ। ਕਾਫੀ ਸਮਾਂ ਉਥੇ ਹੀ ਪੜ੍ਹਦੇ ਰਹੇ। ਚੇਤਨ ਮਠ ਵਿਚ ਬਹੁਤਾ ਚਿਰ ਰਹੇ। ਜੁਬਾਵਸਥਾ ਵਿਚ ਹੀ ਗੁਜ਼ਰ ਗਏ ਹਨ।

ਸੰਮਤ ੧੯੯੪ ਵਿਚ ਚੜ੍ਹਾਈ ਕਰ ਗਏ। ਆਪ ਅਜੇ ਛੋਟੀ ਉਮਰ ਦੇ ਹੀ ਸਨ, ਸਰੀਰ ਦਰਸ਼ਨੀ ਤੇ ਸੁਭਾ ਦੇ ਮਿਲਣਸਾਰ ਸਨ।

ਇਸ ਪਿਛੋਂ ਡੇਰੇ ਵਿਚ ਸ੍ਰੀ ਸੰਤ ਹੀਰਾ ਸਿੰਘ ਜੀ, ਚੇਲੇ ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਮਹੰਤ ਰਹੇ।

# ਡੇਰਾ ਚੂਹਣੀਆਂ

## ਸ੍ਰੀ ਸੰਤ ਗਣੇਸ਼ਾ ਸਿੰਘ ਜੀ

ਚੇਲੇ ਠਾਕੁਰ ਗੁਰਦਿਆਲ ਸਿੰਘ ਜੀ। ਆਪ ਹਮੇਸ਼ਾ ਸੰਤਾਂ ਨਾਲ ਵਿਚਰਦੇ ਸੇਵਾ ਕਰਦੇ ਪੜ੍ਹਦੇ ਰਹੇ। ਅਗੇ ਆਪ ਦੇ ਚੇਲੇ **ਸ੍ਰੀ ਸੰਤ ਖਜ਼ਾਨ ਸਿੰਘ ਜੀ** ਹੋਏ। ਜਿਨ੍ਹਾਂ ਸਾਰੀ ਆਯੂ ਭਜਨ ਪਾਠ ਤੇ ਅਤੀਤ ਬ੍ਰਿਤੀ ਵਿਚ ਬਿਤੀਤ ਕੀਤੀ। ਕਨਖਲ ਦੇ ਪੰਡਿਆਂ ਦੀਆਂ ਵਹੀਆਂ ਤੋਂ ਪਤਾ ਲਗਦਾ ਹੈ ਕਿ ਆਪ ਸੰਮਤ ੧੯੨੮ ਤੇ ੩੬ ਵਿਚ ਅਸ਼ਨਾਨ ਕਰਨ ਲਈ ਹਰਦੁਆਰ ਗਏ ਸਨ। ਆਪ ਦੇ ਚੇਲੇ **ਸ੍ਰੀ ਸੰਤ ਮਹਿਤਾਬ ਸਿੰਘ ਜੀ** ਹੋਏ ਜਿਨ੍ਹਾਂ ਇਹ ਡੇਰਾ ਬੰਨ੍ਹਿਆ ਆਪ ਪ੍ਰਗੱਜਾ-ਚਖਸ਼ੂ ਤੇ ਚੰਗੇ ਬੰਦਗੀ ਕਰਨ ਵਾਲੇ ਸਾਧੂ ਹੋਏ ਹਨ, ਤ੍ਰਿੰਨ ਵਜੇ ਸਵੇਰ ਦੇ ਉਠਦੇ ਨਹਾ ਧੋਕੇ ਨੇਮ ਨਾਲ ਭਜਨ ਕਰਨ ਬੈਠ ਜਾਂਦੇ, ਬਾਅਦ ਸੰਗਤ ਦੀ ਅਭਿਲਾਸ਼ਾ ਅਨੁਸਾਰ ਇਕ ਘੰਟਾ

## ਸੰਤ ਹਰਨਾਮ ਸਿੰਘ ਜੀ

ਆਪ ਪਹਿਲਾਂ ਤੋਂ ਹੀ ਸ਼ਾਦੀ ਸ਼ੁਦਾ ਹਨ। ਗਿਆਨੀ ਸਾਹਿਬ ਜੀ ਦੀ ਸੇਵਾ ਆਪ ਨੇ ਨਿਰਗਿਲਾਨ ਹੋਕੇ ਕਈ ਵਰ੍ਹੇ ਕੀਤੀ। ਗਿਆਨੀ ਜੀ ਦੀ ਲਿਖਤ ਅਨੁਸਾਰ ਸਤਾਰ੍ਹਵੇਂ ਵਾਲੇ ਦਿਨ ਭੇਖ ਨੇ ਆਪ ਨੂੰ ਪੱਗ ਦਿਤੀ। ਇਸ ਵੇਲੇ ੪੦ ਸਾਲ ਦੀ ਉਮਰ ਵਿਚ ਹਨ।

# ਡੇਰਾ ਜਮਸ਼ੇਰ

## ਸ੍ਰੀ ਬਾਬਾ ਗਾਂਧਾ ਸਿੰਘ ਜੀ

ਚੇਲੇ ਠਾਕੁਰ ਗੁਰਦਿਆਲ ਸਿੰਘ ਜੀ ਗੰਧੀਆਂ, ਜਨਮ ਮਾਝੇ ਵਿਚ ਹੋਇਆ। ਆਪ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਫੌਜ ਵਿਚ ਮੁਲਾਜ਼ਮ ਰਹੇ, ਸ: ਹਰੀ ਸਿੰਘ ਜੀ ਨਲੂਏ ਦੇ ਨਾਲ ਹੋਕੇ ਕਾਬਲ ਵਲ ਕਈ ਲੜਾਈਆਂ ਲੜੀਆਂ, ਸਭ ਕੁਝ ਛਡ ਛਡਾ ਕੇ ਇਸ ਪਿੰਡ ਆਣ ਬੈਠੇ। ਸੰਸਾਰ ਤੋਂ ਉਪ੍ਰਾਮ ਹੋਕੇ ਨਾਮ ਦੇ ਅਭਜਾਸ ਵਿਚ ਜੁਟ ਗਏ। ਚੰਗੇ ਪ੍ਰਤਾਪ ਵਾਲੇ ਹੋਏ। ਡੇਰਾ ਬੰਨ੍ਹਿਆਂ, ੯੬ ਘੁਮਾਂ ਜ਼ਮੀਨ ਡੇਰੇ ਨਾਲ ਲੁਵਾਈ। ਇਸ ਵੇਲੇ ਜਿਸ ਵਿਚੋਂ ੧੨ ਘੁਮਾ ਮਾਫੀ ਤੇ ੮੪ ਘੁਮਾਂ ਦਾ ਠੇਕਾ ਹੈ। ਇਕ ਵੇਰਾਂ ਇਸੇ ਪਿੰਡ ਆਪ ਨੇ

## ਸ਼੍ਰੀ ਗਿਆਨੀ ਤੇਜਾ ਸਿੰਘ ਜੀ ਵੈਦ ਭੂਸ਼ਣ

ਚੇਲੇ ਸੰਤ ਹਰਨਾਮ ਸਿੰਘ ਜੀ ਲਾਇਲ ਪੁਰ, ਆਪ ਦਾ ਜਨਮ ਪੰਡੋਰੀ, ਜ਼ਿਲਾ ਗੁਰਦਾਸ ਪੁਰ ਸਰਦਾਰ ਗੁਰਦਿਤਾ ਸਿੰਘ ਜੀ ਦੇ ਗ੍ਰੈਹ ਵਿਖੇ ਸੰਮਤ ੧੯੫੧ ਸਾਵਣ ਦੀ ੧੫ ਨੂੰ ਹੋਇਆ। ੧੫-੧੬ ਸਾਲ ਦੀ ਉਮਰ ਵਿਚ ਸ਼੍ਰੀ ਅੰਮ੍ਰਿਤਸਰ ਸੰਤਾਂ ਦੇ ਚਰਣਾਂ 'ਚ ਪੁਜੇ। ਸੇਵਾ ਕਰਦੇ ਤੇ ਪੜ੍ਹਦੇ ਰਹੇ। ਪਹਿਲਾਂ ਗੁਰੂ ਘਰ ਦੇ ਗਰੰਥਾਂ ਦਾ ਅਭਿਆਸ ਕਰਦੇ ਹੋਏ ਅਖੀਰ ਦੋਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬਾਂ ਦੇ ਗਿਆਨੀ ਹੋਏ। ਬਾਅਦ ਚਕਿਤਸਾ ਵਲ ਧਿਆਨ ਦਿਤਾ ਤੇ ਚੰਗੇ ਚੰਗੇ ਪੁਸਤਕ ਮਹੰਤ ਹਰੀ ਸਿੰਘ ਜੀ ਪਾਸੋਂ ਪੜ੍ਹ ਕੇ ਸੰਮਤ ੧੯੯੨-੯੩ ਵਿਚ ਚੰਗੇ ਖਾਸੇ ਵੈਦ ਪ੍ਰਸਿਧ ਹੋ ਗਏ। ਇਸ ਤੋਂ ਪਹਿਲਾਂ ਵੇਦਾਂਤ ਭਾਸ਼ਾ ਦੇ ਪੁਸਤਕ 'ਬ੍ਰਿਤੀ ਪ੍ਰਭਾਕਰ' ਅਤੇ 'ਮੋਖ ਪੰਥ ਪ੍ਰਕਾਸ਼ ਆਦਕਾ' ਦਾ ਕਈ ਵਰ੍ਹੇ ਅਭਿਆਸ ਕੀਤਾ। ਇਸ ਤੋਂ ਇਲਾਵਾ ਪਿੰਗਲ ਦੇ ਗਣ-ਪ੍ਰਸਤਾਰ ਸੰਗ੍ਰਹ ਆਦਕ ਕਈ ਪੁਸਤਕ ਪੜ੍ਹੇ। ਸੰਮਤ ੧੯੯੨ ਵਿਚ ਨਿਰਮਲ ਮਹਾਂ ਮੰਡਲ ਦੇ ਮੀਤ ਸਕਤ੍ਰ ਹੋਏ। ਭਜਨ ਪਾਠ ਨਾਲ ਪਿਆਰ ਸੀ, ਸਰੀਰ ਦੇ ਦਰਸ਼ਨੀ, ਸੁਭਾ ਦੇ ਮਿਲਾਪੜੇ ਸਰੀਰ ਪ੍ਰਸਿਧ ਸਨ। ਅੰਤ ਕਿਤਨਾ ਚਿਰ ਵਡੇ ਤਾਪ ਨਾਲ ਬਿਮਾਰ ਰੈਹਿ ਕੇ ਸੰਮਤ ੨੦੦੫ ਵਿਚ ਚੜ੍ਹਾਈ ਕਰ ਗਏ।

ਆਪ ਦੇ ਚੇਲੇ ਸੰਤ ਹਰਨਾਮ ਸਿੰਘ ਜੀ ਹਨ, ਜਿਨ੍ਹਾਂ ਦੇ ਨਾਮ ਆਪਣੇ ਮਕਾਨ ਦੀ ਵਸੀਅਤ ਅਪਣੇ ਜੀਊਂਦਿਆਂ ਹੀ ਕਰਾ ਦਿਤੀ ਸੀ।

## ਸੰਤ ਹਰਨਾਮ ਸਿੰਘ ਜੀ

ਆਪ ਪਹਿਲਾਂ ਤੋਂ ਹੀ ਸ਼ਾਦੀ ਸ਼ੁਦਾ ਹਨ। ਗਿਆਨੀ ਸਾਹਿਬ ਜੀ ਦੀ ਸੇਵਾ ਆਪ ਨੇ ਨਿਰਗਿਲਾਨ ਹੋਕੇ ਕਈ ਵਰ੍ਹੇ ਕੀਤੀ। ਗਿਆਨੀ ਜੀ ਦੀ ਲਿਖਤ ਅਨੁਸਾਰ ਸਤਾਰਵੇਂ ਵਾਲੇ ਦਿਨ ਭੇਖ ਨੇ ਆਪ ਨੂੰ ਪੱਗ ਦਿਤੀ। ਇਸ ਵੇਲੇ ੪੦ ਸਾਲ ਦੀ ਉਮਰ ਵਿਚ ਹਨ।

# ਡੇਰਾ ਜਮਸ਼ੇਰ

## ਸ਼੍ਰੀ ਬਾਬਾ ਗਾਂਧਾ ਸਿੰਘ ਜੀ

ਚੇਲੇ ਠਾਕੁਰ ਗੁਰਦਿਆਲ ਸਿੰਘ ਜੀ ਗੰਧੀਆਂ, ਜਨਮ ਮਾਝੇ ਵਿਚ ਹੋਇਆ। ਆਪ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਫੌਜ ਵਿਚ ਮੁਲਾਜ਼ਮ ਰਹੇ, ਸ: ਹਰੀ ਸਿੰਘ ਜੀ ਨਲੂਏ ਦੇ ਨਾਲ ਹੋਕੇ ਕਾਬਲ ਵਲ ਕਈ ਲੜਾਈਆਂ ਲੜੀਆਂ, ਸਭ ਕੁਝ ਛਡ ਛਡਾ ਕੇ ਇਸ ਪਿੰਡ ਆਣ ਬੈਠੇ। ਸੰਸਾਰ ਤੋਂ ਉਪ੍ਰਾਮ ਹੋਕੇ ਨਾਮ ਦੇ ਅਭਯਾਸ ਵਿਚ ਜੁਟ ਗਏ। ਚੰਗੇ ਪ੍ਰਤਾਪ ਵਾਲੇ ਹੋਏ। ਡੇਰਾ ਬੰਨ੍ਹਿਆਂ, ੯੬ ਘੁਮਾਂ ਜ਼ਮੀਨ ਡੇਰੇ ਨਾਲ ਲੁਵਾਈ। ਇਸ ਵੇਲੇ ਜਿਸ ਵਿਚੋਂ ੧੨ ਘੁਮਾ ਮਾਫੀ ਤੇ ੮੪ ਘੁਮਾਂ ਦਾ ਠੇਕਾ ਹੈ। ਇਕ ਵੇਰਾਂ ਇਸੇ ਪਿੰਡ ਆਪ ਨੇ

ਇਕ ਭਠਿਆਰਨ ਨੂੰ ਦਾਣੇ ਭੁੰਨ ਦੇਣ ਨੂੰ ਕਿਹਾ। ਅਗੋਂ ਜ਼ਿਆਦਾ ਕੰਮ ਆਇਆ ਵੇਖ ਕੇ ਭਠਿਆਰਨ ਨੇ ਨਾਂਹ ਕਰ ਦਿਤੀ। ਕਹਿੰਦੇ ਹਨ ਕਿ ਉਸੇ ਵੇਲੇ ਅੱਗ ਬੁਝ ਗਈ। ਇਸ ਗਲ ਤੋਂ ਆਪ ਦੀ ਬੜੀ ਪ੍ਰਸਿਧੀ ਹੋਈ। ਬੜੇ ਯੋਗ ਮਹਾਤਮਾ ਹੋਏ ਹਨ। ਆਪ ਦੀ ਸਮਾਧ ਡੇਰੇ ਵਿਚ ਹੈ। ਆਪ ਦੇ ਮਗਰੋਂ ਆਪ ਦੇ ਚੇਲੇ **ਸੰਤ ਗੁਲਾਬ ਸਿੰਘ ਜੀ** ਮਹੰਤ ਹੋਏ ਜੋ ਕਾਫੀ ਚਿਰ ਮਹੰਤ ਰਹੇ। ਅਗੇ ਇਨ੍ਹਾਂ ਦੇ ਚੇਲੇ **ਮਹੰਤ ਲੱਖਾ ਸਿੰਘ ਜੀ** ਹੋਏ ਜਿਨ੍ਹਾਂ ਦਾ ਜਨਮ ਮਾਝੇ ਦਾ ਸੀ। ਚੰਗੇ ਮਿਲਣ ਸਾਰ ਤੇ ਆਏ ਗਏ ਸਾਧੂ ਨਾਲ ਪ੍ਰੇਮ ਕਰਨ ਦਾ ਸੁਭਾਵ ਸੀ, ਅਗੇ ਇਨ੍ਹਾਂ ਦੇ ਚੇਲੇ **ਮਹੰਤ ਗੰਗਾ ਸਿੰਘ ਜੀ** ਹੋਏ ਜਿਨ੍ਹਾਂ ਦਾ ਜਨਮ ਦੁਆਬੇ ਦਾ ਸੀ ਕਾਫੀ ਚਿਰ ਮਹੰਤ ਰਹੇ। ਸੁਭਾ ਦੇ ਜੋਸ਼ੀਲੇ ਸਨ। ਇਹ ਕਿਸੇ ਨੂੰ ਮਹੰਤੀ ਦਿਤੇ ਬਿਨਾਂ ਹੀ ਗੁਜ਼ਰ ਗਏ। ਅਜ ਕਲ ਸੰਤ ਮਨਸਾ ਸਿੰਘ ਜੀ ਮਹੰਤ ਹਨ।

## ਮਹੰਤ ਮਨਸਾ ਸਿੰਘ ਜੀ

ਚੇਲੇ ਸੰਤ ਮਹੰਤ ਭਗਤ ਸਿੰਘ ਜੀ ਜਨਮ ਕੰਗਨ ਪੁਰ ਜ਼ਿਲੇ ਲਾਹੌਰ ਦਾ ਹੈ। ਇੰਨਤਕਾਲ ਹੋਣ ਤੋਂ ਬਾਅਦ ਆਪ ਨੂੰ ਮਹੰਤੀ ਮਿਲੀ। ਸੁਣਿਆ ਹੈ ਆਪ ਨੇ ਪਿੰਡ ਵਾਲਿਆਂ ਨੂੰ ਇਕਰਾਰ ਨਾਮਾ ਲਿਖ ਕੇ ਦਿਤਾ ਹੈ। ਡੇਰਾ ਪੱਕਾ ਹੈ, ਵਡਿਆਂ ਸੰਤਾਂ ਦੀ ਸਮਾਧ ਵਿਚ ਹੈ।

# ਡੇਰਾ ਢੌਲਣ

(ਤਹਿਸੀਲ ਫਾਜ਼ਲਕਾ)

## ਪੰਡਿਤ ਸ਼ਿਆਮ ਸਿੰਘ ਜੀ

ਚੇਲੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਗੰਧੀਆਂ, ਆਪ ਛੋਟੀ ਉਮਰ 'ਚ ਸੰਤਾਂ ਪਾਸ ਆਏ।ਸੇਵਾ ਕਰਦੇ ਪੜ੍ਹਦੇ ਰਹੇ ਪੰਜ ਵਰ੍ਹੇ ਗੰਧੀਆਂ ਡੇਰੇ ਰਹਿ ਕੇ ਕਾਂਸ਼ੀ ਪੜ੍ਹਨ ਲਈ ਚਲੇ ਗਏ ਜਿਥੇ ਕਈ ਵਰ੍ਹੇ ਰਹਿ ਕੇ ਪੂਰਨ ਵਿਦਵਾਨ ਹੋਏ। ਬਾਅਦ ਕਈ ਸਾਧੂ ਵਿਦਿਆਰਥੀਆਂ ਸਣੇ ਮੰਡਲੀ ਫੇਰਦੇ ਰਹੇ। ਜਿਥੇ ਗਏ ਗੁਰੂ ਘਰ ਦਾ ਪ੍ਰਚਾਰ ਕੀਤਾ। ਬੜਾ ਸਨਮਾਨ ਪਾਇਆ ਸਣੇ ਮੰਡਲੀ ਇਸ ਪਿੰਡ ਆਏ। ਸਤਿ ਸੰਗ ਜਾਰੀ ਕੀਤਾ, ਕਈਆਂ ਨੂੰ ਗੁਰੂ ਘਰ ਦਾ ਪ੍ਰੇਮੀ ਬਣਾਇਆ। ਸਿਖਾਂ ਸੇਵਕਾਂ ਦੀ ਪ੍ਰੇਰਨਾ ਨਾਲ ਡੇਰਾ ਕਾਇਮ ਕੀਤਾ। ਕਈ ਵਰ੍ਹੇ ਨਿਵਾਸ ਕਰ ਕੇ ਆਏ ਸਾਧੂ ਅਭਿਆਗਤ ਦਾ ਆਦਰ ਕੀਤਾ। ਅੰਤ ਅਪਣੇ ਸ਼ਿਸ਼ ਗਿ: ਠਾਕੁਰ ਸਿੰਘ ਜੀ ਨੂੰ ਅਸਥਾਨ ਸਪੁਰਦ ਕਰ ਕੇ ਗੁਰਪੁਰੀ ਸਿਧਾਰੇ।

## ਮਹੰਤ ਠਾਕਰ ਸਿੰਘ ਜੀ ਗਿਆਨੀ

ਆਪ ਦਾ ਜਨਮ ਢੌਲਣ ਦਾ ਹੀ ਸੀ। ੨੦ ਸਾਲ ਦੀ ਉਮਰ ਵਿਚ ਡੇਰੇ ਪਾਸ ਆਏ, ਸ਼ਿਸ਼ ਹੋ ਕੇ ਸਾਧੂ ਭਾਵ ਗ੍ਰਹਿਣ

ਕੀਤਾ। ਸੇਵਾ ਕਰਦੇ, ਪੜ੍ਹਦੇ ਰਹੇ। ਚੰਗੇ ਵਿਦਵਾਨ ਪ੍ਰਸਿਧ ਹੋਏ। ਸੰਤਾਂ ਬਾਅਦ ਡੇਰੇ ਦੀ ਬੜੀ ਤਰੱਕੀ ਕੀਤੀ। ਸਾਰੇ ਡੇਰੇ ਨੂੰ ਪੱਕਾ ਬਣਾਇਆ। ਆਪ ਬੜੇ ਉਦਾਰ ਆਤਮਾ ਸਨ। ਆਏ ਗਏ ਸਾਧੂ ਫਕੀਰ ਦੀ ਬੜੀ ਸੇਵਾ ਕਰਦੇ ਸਨ। ਇਕ ਮੁਰੱਬਾ ਜ਼ਮੀਨ ਆਪ ਨੇ ਡੇਰੇ ਨਾਲ ਲੁਵਾਈ। ਦਿਲ ਦੇ ਸਖੀ ਸਨ। ਪਸ਼ੂ ਘੋੜੀਆਂ ਤਕ ਲੋੜਵੰਦਿਆਂ ਨੂੰ ਬਖਸ਼ ਦੇਂਦੇ ਸਨ। ਅਖੀਰ ਅਪਣੇ ਸ਼ਿਸ਼ ਪੰਡਿਤ ਗੰਡਾ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੯੦ ਦੇ ਲਗ ਪਗ ਚੜ੍ਹਾਈ ਕਰ ਗਏ ਹਨ।

**ਪੰਡਿਤ ਗੰਡਾ ਸਿੰਘ ਜੀ** ਆਪ ਬੜੇ ਵਿਦਵਾਨ ਹੋਏ। ਚੰਗੇ ਮਹਾਤਮਾ ਸਨ।

ਨਿਰਮਲੇ ਸੰਤ ਸਦਾਉਣ ਲਗ ਪੈਂਦੇ ਹਨ ਤੇ ਲੋਕੀ ਵੀ ਨਿਰਮਲੇ ਸਮਝਣ ਲਗ ਪੈਂਦੇ ਹਨ ਤੇ ਜੇ ਕੋਈ ਪਾਹੁਲਧਾਰੀ ਸੰਤ, ਉਦਾਸੀ ਮਹਾਤਮਾ ਨਾਲ ਰਹਿਣ ਲਗ ਪੈਣ, ਤਾਂ ਵਿਸ਼ੇਸ਼ ਸੰਗਤ ਦੇ ਪ੍ਰਭਾਵ ਨਾਲ ਕਖਾਇ ਬਸਤ੍ਰ ਧਾਰਨ ਤੋਂ ਬਾਅਦ ਉਹ ਉਦਾਸੀ ਸਦਾਉਣ ਲਗ ਪੈਂਦੇ ਹਨ ਜਿਸ ਤਰ੍ਹਾਂ ਸਵਾਮੀ ਅੰਮ੍ਰਿਤਾ ਨੰਦ ਜੀ ਸ੍ਰੀ ਅੰਮ੍ਰਿਤਸਰ ਤੇ ਸੰਤ ਕ੍ਰਿਸ਼ਨ ਦਾਸ ਗਿਆਨ ਗੋਦੜੀ ਵਾਲੇ ਹਰਦੁਆਰ ਹੋਏ ਹਨ।

ਸੂ ਇਸੇ ਤਰ੍ਹਾਂ ਨਿਰਮਲ ਭੇਖ ਵਿਚ ਪੰਡਿਤ ਨਰੈਣ ਸਿੰਘ ਜੀ ਤੇ ਸ੍ਰੀ ਸੰਤ ਪ੍ਰਤਾਪ ਸਿੰਘ ਜੀ ਮਿਠੇ ਟਿਵਾਨੇ ਹੋ ਚੁਕੇ ਹਨ ਤੇ ਪੰ: ਉਤਮ ਸਿੰਘ ਜੀ ਬੁਲੋ ਅਤੇ ਪੰ: ਗੁਰਦੇਵ ਸਿੰਘ ਜੀ ਲਾਹੌਰ ਵਾਲੇ ਅਜਕਲ ਮੌਜੂਦ ਹਨ। ਸੇਵਾ ਪੰਥੀ ਮਹਾਤਮਾ ਦਾ ਜੀਵਨ ਬੜਾ ਸੁਚਾ ਮੰਨਿਆ ਗਿਆ ਹੈ, ਜੋ ਮਹਾਤਮਾ ਇਨ੍ਹਾਂ ਦੇ ਵਿਸ਼ੇਸ਼ ਹਾਲ ਤੋਂ ਵਾਕਫ ਹੋਣਾ ਚਾਹੁਣ, ਉਹ ਸ੍ਰੀ ਸੰਤ ਰਤਨ ਮਾਲ ਪੁਸਤਕ (ਰਚਿਤ ਸੰਤ ਲਾਲ ਚੰਦ ਸਾਹਿਬ ਨੂਰਪੁਰ ਨੂੰ ਪੜ੍ਹ ਸਕਦੇ ਹਨ।

ਇਸ ਸੰਪ੍ਰਦਾਏ ਦੇ ਮੋਢੀ ਸਭ ਤੋਂ ਪਹਿਲਾਂ ਮਹਾਰਾਜ ਘਨਈਆ ਰਾਮ ਜੀ ਹੋਏ।

## ਸ੍ਰੀ ਮਹਾਰਾਜ ਘਨੱਈਆ ਰਾਮ ਜੀ

ਆਪ ਦਾ ਜਨਮ ਵਜ਼ੀਰਾ ਬਾਦ ਦੇ ਪਾਸ ਸਹੋਦਰੇ ਪਿੰਡ ਧਮਣ ਖਤ੍ਰੀ ਖਾਨਦਾਨ ਵਿਚੋਂ ਹੋਇਆ। ਆਪ ਬੜੀ ਪਵਿਤ੍ਰ ਜ਼ਿੰਦਗੀ ਵਾਲੇ ਮਹਾਂ ਪੁਰਸ਼ ਸਨ। ਸ੍ਰੀ ਗੁਰੂ ਨਾਵੀਂ ਪਾਤਸ਼ਾਹੀ

ਜੀ ਦੀ ਵਿਰਾਗ ਮਈ ਬਾਣੀ ਪੜ੍ਹ ਕੇ ਵੈਰਾਗ ਨੂੰ ਪ੍ਰਾਪਤ ਹੋਏ। ਸ੍ਰੀ ਗੁਰੂ ਜੀ ਦੀ ਸ਼ਰਨ ਵਿਚ ਆਏ। ਉਪਦੇਸ਼ ਲੀਤਾ, ਸੇਵਾ ਵਿਚ ਲਗ ਗਏ। ਨਾਮ ਸਿਮ੍ਰਨ ਤੇ ਸੇਵਾ ਦੇ ਪ੍ਰਤਾਪ ਕਰ ਕੇ ਗਿਆਨ ਦੀ ਪ੍ਰਾਪਤੀ ਹੋ ਗਈ। ਹਰ ਪਾਸੇ ਰਬ ਹੀ ਰੱਬ ਦਿਸਣ ਲਗ ਪਿਆ। ਰਾਗ ਦ੍ਵੈਸ਼ ਮਿਟ ਗਇਆ, ਪ੍ਰਸੰਨ ਹੋ ਕੇ ਗੁਰੂ ਜੀ ਨੇ ਬਖਸ਼ਸ਼ ਕੀਤੀ, ਪਰ ਆਪ ਨੇ ਸੇਵਾ ਭਾਵ ਨਾ ਛਡਿਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਿਆਂ ਚਰਨਾਂ ਵਿਚ ਸੇਵਾ ਕਰਦੇ, ਆਨੰਦ ਮਾਣਦੇ ਰਹੇ। ਇਕ ਵੇਰਾਂ ਆਨੰਦ ਪੁਰ ਸਾਹਿਬ ਦੇ ਜੰਗ ਵਿਚ ਜਲ ਛਕਾਣ ਦੀ ਸੇਵਾ ਕਰ ਰਹੇ ਸਨ। ਜ਼ਖਮੀ ਸਿਖਾਂ ਨੂੰ ਜਲ ਪਿਆਉਂਦੇ ਵਿਚੇ ਤੁਰਕਾਂ ਨੂੰ ਭੀ ਪਿਆਉਂਦੇ ਰਹੇ। ਸਿਖਾਂ ਮਿਲ ਕੇ ਸ਼ਿਕਾਇਤ ਕੀਤੀ, ਗੁਰੂ ਜੀ ਨੇ ਪਾਸ ਬੁਲਾ ਕੇ ਪੁਛਿਆ ਤਾਂ ਆਪ ਨੇ ਹੇਠ ਲਿਖਿਆ ਉਤਰ ਦਿਤਾ:-

ਚੌਪਾਈ ਤਬ ਘਨਈਆ ਅਰਜ ਗੁਜਾਰੀ।
ਹੇ ਗੁਰ ਦੀਨ ਦਿਆਲ ਮੁਰਾਰੀ॥
ਮੁਝਕੋ ਦੀਖਤ ਰੂਪ ਤੁਮਾਰਾ।
ਜਿਤੋ ਚਰਾ ਚਰ ਆਹੇ ਪਸਾਰਾ॥
ਸਭ ਮੈ ਏਕ ਬ੍ਰਹਮ ਹੈ ਪੂਰਨ।
ਤਿਸਕਾ ਰੂਪ ਪਛਾਨੋ ਤੂਰਨ॥
ਏਹ ਉਪਦੇਸ਼ ਕਰਿਓ ਜੁ ਆਪ।
ਸੋ ਹਮ ਰਾਖਯੋ ਉਰ ਮਹਿ ਥਾਪ॥
(ਪੰ: ਪ੍ਰ: ਅ: ੧੧੪)

ਇਹ ਉਚ ਅਵਸਥਾ ਦੇ ਬਚਨ ਸੁਣ ਕੇ ਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਸਿਖਾਂ ਨੂੰ ਆਖਿਆ ਕਿ ਭਾਈ ਇਸ ਦੀ ਸ਼ਿਕਾਇਤ ਤੁਸਾਂ ਨੂੰ ਕਰਨੀ ਨਹੀਂ ਬਣ ਸਕਦੀ। ਕਿਉਂਕਿ ਇਹ ਉਚ ਅਵਸਥਾ ਨੂੰ ਪੁਜ ਗਏ ਹਨ। ਇਧਰੋਂ ਭਾਈ ਘਨਈਆ ਰਾਮ ਜੀ ਨੂੰ ਪਾਸ ਬੁਲਾ ਕੇ "ਨਿਜ ਕਰ ਦਾ ਰੁਮਾਲ ਬਖਸ਼ੀਓ। ਰਿਧ ਸਿਧ ਦੈ ਪੂਰਨ ਕਰ ਦੀਓ॥" ਇਹ ਵਰ ਦਿਤਾ, ਕਿ ਤੇਰੇ ਤੋਂ ਇਕ ਅਜਿਹੀ ਸੰਪ੍ਰਦਾਇ ਚਲੇਗੀ, ਜਿਸ ਦਾ ਮੁਖ ਉਦੇਸ਼ ਸਾਧ ਸੰਗਤ ਦੀ ਸੇਵਾ ਕਰਨੀ ਹੋਵੇਗੀ ਸਮਾਂ ਪਾ ਕੇ ਆਪ ਦੇ ਮੁਖੀ ਸ਼ਿਸ਼ ਮਹਾਰਾਜ ਭਾਈ ਸੇਵਾ ਰਾਮ ਜੀ ਹੋਏ। ਜਿਨ੍ਹਾਂ ਤੋਂ ਅਗੇ ਸਾਰਾ ਵਿਸਤਾਰ ਹੋਇਆ।

## ਮਹਾਰਾਜ ਭਾਈ ਸੇਵਾ ਰਾਮ ਜੀ

ਆਪ ਦਾ ਜਨਮ ਦੱਖਣ ਦੇਸ਼ ਵਿਚ ਹੋਇਆ, ਆਪ ਦੇ ਪਿਤਾ ਜੀ ਮੁਢੋਂ ਹੀ ਸਤਿ ਸੰਗੀ ਸਨ। ਜਦ ਆਪ ਨੂੰ ਜਵਾਨ ਹੁੰਦਿਆਂ ਵੇਖਿਆ ਤਾਂ "ਗ੍ਰਿਹ ਅੰਧ ਕੂ ਪਾਇਆ" ਵਾਕ ਅਨੁਸਾਰ ਆਪ ਨੂੰ ਉਪਦੇਸ਼ ਕੀਤਾ ਕਿ ਬੇਟਾ, ਘਰ ਅੰਨ੍ਹਾ ਖੂਹ ਹੈ ਇਸ ਵਿਚ ਗਿਰਨਾ ਨਹੀਂ, ਇਹ ਕਹਿ ਕੇ ਪਿਤਾ ਜੀ ਤੀਰਥ ਯਾਤਰਾ ਵਲ ਹੋ ਤੁਰੇ ਤੇ ਆਪ ਕੁਝ ਦਿਨਾਂ ਬਾਅਦ ਕਿਸੀ ਮਹਾਤਮਾ ਦੀ ਖੋਜ ਲਈ ਘਰੋਂ ਨਿਕਲ ਪਏ। ਦੇਸ਼ ਰਟਨ ਕਰਦਿਆਂ ਹੋਇਆਂ ਪੰਜਾਬ ਪਹੁੰਚ ਗਏ। ਭਾਈ ਘਨਈਆ ਜੀ ਦੇ ਪਾਸ ਆਏ ਦਰਸ਼ਨ ਕਰ ਕੇ ਪ੍ਰਸੰਨ ਹੋ ਗਏ। ਸੇਵਾ ਭਾਵ ਗ੍ਰਹਿਣ ਕਰ ਕੇ ਅਜਿਹੀ ਫਕੀਰੀ ਕੀਤੀ ਕਿ

ਆਪ ਦੀ ਸ਼੍ਰੇਣੀ ਹੀ ਆਪ ਦੇ ਨਾਂ ਤੇ ਪ੍ਰਸਿੱਧ ਹੋਈ। ਆਪ ਦੇ ਮੁਖੀ ਸ਼ਿਸ਼ ਭਾਈ ਅਡਣ ਆਦ ਕਈ ਹੋਏ।

## ਮਹਾਰਾਜ ਭਾਈ ਅੱਡਣ ਜੀ

ਆਪ ਦਾ ਜਨਮ ਲਊ ਜ਼ਿਲਾ ਝੰਗ ਵਿਚ ਹੋਇਆ। ਛੋਟੀ ਉਮਰ ਤੋਂ ਆਪ ਸੁਭਾਵ ਦੇ ਸਾਤ੍ਵਕੀ ਸਨ। ਨਾਮ ਰਸ ਵਿਚ ਹਰ ਵੇਲੇ ਗੁੰਨੇ ਰਹਿੰਦੇ। ਮਾਤਾ ਪਿਤਾ ਨੇ ਜ਼ੋਰ ਨਾਲ ਸ਼ਾਦੀ ਕਰਾ ਦਿਤੀ। ਪਰ ਆਪ ਫਿਰ ਵੀ ਜਤੀ ਸਤੀ ਰਹੇ। ਮਹਾਰਾਜ ਸੇਵਾ ਰਾਮ ਜੀ ਜਦ ਥਲਾਂ ਵਿਚ ਪਹੁੰਚੇ, ਤਾਂ ਆਪ ਨੂੰ ਉਚੇਚਾ ਦਰਸ਼ਨ ਦੇਣ ਗਏ, ਦੂਰੋਂ ਹੀ ਇਲਾਹੀ ਜੋਤ ਦੇ ਦਰਸ਼ਨ ਕਰਕੇ ਆਪ ਨੇ ਤਨ ਮਨ ਕੁਰਬਾਨ ਕਰ ਦਿਤਾ ਤੇ ਗਦ ਗਦ ਹੋਕੇ ਮੂੰਹੋਂ ਆਖਿਆ ਕਿ ਆਹਾ! ਮੇਰੇ ਗੁਰੂ ਜੀ ਆ ਗਏ ਹਨ।

ਸ਼ਿਸ਼ ਹੋਏ, ਉਚ ਕੋਟੀ ਦੇ ਫਕੀਰ ਹੋਏ। ਅਢਾਈ ਅਢਾਈ ਸੌ ਸਾਧੂ ਆਪ ਦੇ ਨਾਲ ਰਿਹਾ ਕਰਦੇ ਸਨ। ਕਈ ਸਾਲ ਸ਼ਾਹਦਰੇ ਰਾਵੀ ਦੇ ਕਿਨਾਰੇ ਭਜਨ ਪਾਠ ਵਿਚ ਬਿਤੀਤ ਕੀਤੇ। ਇਥੋਂ ਹੀ ਆਪ ਨੇ ਅਪਣੇ ਸ਼ਿਸ਼ ਭਾਈ ਭਲਾ ਰਾਮ ਜੀ ਨੂੰ ਨੂਰ ਪੁਰ ਥਲ ਡੇਰਾ ਭਾਈ ਸੇਵਾ ਰਾਮ ਜੀ ਦਾ ਵਸਾਉਣ ਲਈ ਭੇਜਿਆ ਸੀ। ਜਿਨ੍ਹਾਂ ਜਾ ਕੇ ਅਪਣੇ ਤਪ ਤੇਜ ਤੇ ਭਜਨ ਬੰਦਗੀ ਦੇ ਪ੍ਰਤਾਪ ਨਾਲ ਓਹ ਰੌਸ਼ਨ ਕੀਤਾ, ਜਿਸ ਨੂੰ ਹਿੰਦੂ, ਮੁਸਲਮਾਨ, ਸਿਖ, ਸਾਰੇ ਸਿਰ ਨਿਵਾਉਂਦੇ ਸਨ ਤੇ ਹਰ ਤਰ੍ਹਾਂ ਬਜ਼ੁਰਗਾਂ ਦੀ ਯਾਦ ਸਮਝਦੇ ਹੋਏ ਪਿਆਰ ਕਰਦੇ ਸਨ।

## ਮਹਾਰਾਜ ਭਾਈ ਭਲਾ ਰਾਮ ਜੀ

(ਨੂਰ ਪੁਰ ਥਲ)

ਆਪ ਬੜੇ ਭਗਤੀ ਭਾਵ ਵਾਲੇ ਸਾਧੂ ਹੋਏ ਹਨ, ਇਸ ਕਰ ਕੇ ਭਾਈ ਅੱਡਣ ਜੀ ਨੇ ਭਾਈ ਸੇਵਾ ਰਾਮ ਜੀ ਦਾ ਡੇਰਾ ਵਸਾਉਣ ਲਈ ਆਪ ਨੂੰ ਨੂਰ ਪੁਰ ਭੇਜਿਆ ਸੀ। ਆਪ ਨੇ ਜਾ ਕੇ ਸਤਿ ਸੰਗ ਦਾ ਪ੍ਰਵਾਹ ਚਲਾਇਆ, ਬੜੇ ਬੜੇ ਹੰਕਾਰੀਆਂ ਨੂੰ ਸਿਧੇ ਰਸਤੇ ਪਾਇਆ, ਡੇਰੇ ਦੀ ਬੜੀ ਤਰੱਕੀ ਕੀਤੀ।

ਆਪ ਦੇ ਚੇਲੇ ਸ੍ਰੀ ਭਾਈ ਜਗਤਾ ਸਾਹਿਬ ਤੇ ਸ੍ਰੀ ਭਾਈ ਸਹਾਈ ਸਿੰਘ ਜੀ ਆਦ ਕਈ ਹੋਏ ਹਨ। ਭਾਈ ਜਗਤਾ ਸਾਹਿਬ ਜੀ ਤਾਂ ਨੂਰ ਪੁਰ ਡੇਰੇ ਦੇ ਅਸਥਾਨ ਪਤੀ ਰਹੇ, ਅਤੇ ਭਾਈ ਸਹਾਈ ਸਿੰਘ ਜੀ ਪਹਿਲੇ ਰਮਤੇ, ਬਾਅਦ ਕੋਟ ਈਸਾ-ਸ਼ਾਹ ਜਾ ਕੇ ਅਪਣਾ ਨਿਜ ਡੇਰਾ ਵਸਾਇਆ।

## ਸ੍ਰੀ ਭਾਈ ਸਹਾਈ ਸਿੰਘ ਜੀ

(ਕੋਟ ਈਸਾ ਸ਼ਾਹ)

ਆਪ ਬੜੇ ਜਪੀ ਤਪੀ ਪੁਰਸ਼ ਹੋਏ ਹਨ, ਆਪ ਦਾ ਪਹਿਲਾ ਨਾਮ ਸਹਾਈ ਰਾਮ ਸੀ। ਜਦ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਇਸ ਦੇਸ਼ ਵਿਚ ਆਏ, ਤਾਂ ਆਪ ਨੇ ਅੰਮ੍ਰਿਤ ਛਕਿਆ। ਸਹਾਈ ਰਾਮ ਤੋਂ ਸਹਾਈ ਸਿੰਘ ਨਾਮ ਪ੍ਰਸਿਧ ਹੋ ਗਿਆ। ਪਹਿਲੇ ਆਪ ਡੇਰੇ ਨੂਰਪੁਰ ਵਿਚ ਝਾੜੂ ਆਦ ਦੀ ਸੇਵਾ ਕਰਦੇ ਰਹੇ। ਫਿਰ ਵਿਚਰਦੇ ਵਿਚਰਦੇ ਕੋਟ ਈਸਾ ਸ਼ਾਹ

ਪਹੁੰਚੇ। ਜਿਥੇ ਜਾ ਕੇ ਡੇਰਾ ਕਾਇਮ ਕੀਤਾ, ਆਪ ਜ਼ਿਆਦਾ ਸਮਾਂ ਨਾਮ ਅਭਿਆਸ ਵਿਚ ਬਿਤੀਤ ਕਰਦੇ ਸਨ, ਸ੍ਰੀ ਗੁਰੂ ਗਰੰਥ ਸਾਹਿਬ ਜੀ ਅਗੇ ਦੋਵੇਂ ਵੇਲੇ ਪ੍ਰੇਮ ਨਾਲ ਕੀਰਤਨ ਕਰਿਆ ਕਰਦੇ ਸਨ। ਆਏ ਗਏ ਸਾਧ ਸੰਤ ਨੂੰ ਰਬ ਦੀ ਜੋਤ ਮੰਨ ਕੇ ਸਿਰ ਨਿਵਾਉਂਦੇ ਸਨ। ਜਦ ਕਦੀ ਨਗਰੋਂ ਬਾਹਰ ਚੰਗਾ ਸੰਤ ਜਾਂ ਕੋਈ ਭੇਖੀ ਭੀ ਆਇਆ ਸੁਣ ਲੈਂਦੇ ਤਾਂ ਉਚੇਚਾ ਪ੍ਰਸ਼ਾਦ ਲੈ ਕੇ ਮਿਲਣ ਚਲੇ ਜਾਂਦੇ, ਇਹ ਵੇਖ ਕੇ ਲੋਗੀ ਹੈਰਾਨ ਹੁੰਦੇ, ਤੇ ਇਹ ਖਿਆਲ ਕਰ ਕੇ ਕਿ ਜਿਸ ਨੂੰ ਮਹਾਰਾਜ ਸਹਾਈ ਸਿੰਘ ਜੀ ਪ੍ਰਸ਼ਾਦ ਲੈ ਕੇ ਮਿਲਣ ਜਾ ਰਹੇ ਹਨ, ਓਹ ਕੋਈ ਵਡਾ ਹੀ ਮਹਾਤਮਾ ਹੋਵੇਗਾ ਇਸ ਲਈ ਸਾਰੇ ਲੋਕ ਭੇਟਾ ਲੈ ਲੈ ਕੇ ਦਰਸ਼ਨ ਲਈ ਤੁਰ ਪੈਂਦੇ, ਅਗਲਾ ਸੰਤ ਆਪ ਦੀ ਇਸ ਦਿਆਲਤਾ ਨੂੰ ਵੇਖ ਕੇ ਚਰਨੀ ਆ ਪੈਂਦਾ, ਸੁ ਆਪ ਇਸ ਤਰ੍ਹਾਂ ਦੇ ਸਿਧ ਪੁਰਸ਼ ਹੋਏ ਹਨ। ਆਪ ਦੇ ਸ਼ਿਸ਼ ਮਹਾਰਾਜ ਸੰਤ ਰਾਮ ਸਿੰਘ ਜੀ ਤੇ ਮਹਾਰਾਜ ਸੰਤ ਸਿੰਘ ਜੀ ਬੂਲੋ ਆਦ ਕਈ ਹੋਏ ਪਰ ਅਸਥਾਨ ਦੀ ਸੇਵਾ ਸੰਤ ਭਾਈ ਰਾਮ ਸਿੰਘ ਜੀ ਨੂੰ ਬਖਸ਼ ਕੇ ਅਪਣੀ ਪੰਜ ਵਰ੍ਹੇ ਆਯੂ ਬਾਕੀ ਰਹਿੰਦੀ ਕੋਟ ਵਾਲੇ ਮਹੰਤ ਭਾਈ ਖੰਡਾ ਸਿੰਘ ਜੀ ਨੂੰ ਦੇਕੇ ਆਪ ਗੁਰਪੁਰੀ ਸਿਧਾਰ ਗਏ। ਪਿਛੋਂ ਆਪ ਦੇ ਮੰਜੇ ਸਾਹਿਬ ਦੀ ਪੂਜਾ ਹੁੰਦੀ ਰਹੀ। ਹੁਣ ਡੇਰਾ ਪਾਕਸਤਾਨ ਵਿਚ ਚਲਾ ਗਿਆ ਹੈ।

## ਮਹੰਤ ਰਾਮ ਸਿੰਘ ਜੀ

ਕੋਟ ਈਸਾ ਸ਼ਾਹ ਜ਼ਿਲਾ ਝੰਗ

ਆਪ ਭਾਈ ਸਹਾਈ ਸਿੰਘ ਜੀ ਦੇ ਸ਼ਿਸ਼ ਹੋਏ ਹਨ।

ਬੜੇ ਪ੍ਰਤਾਪ ਵਾਲੇ ਹੋਏ। ਜਿਤਨਾ ਚਿਰ ਸੰਤਾਂ ਪਾਸ ਰਹੇ ਤਨ ਦੇਕੇ ਸੇਵਾ ਕਰਦੇ ਰਹੇ। ਮਹੰਤੀ ਮਿਲਣ ਤੋਂ ਬਾਅਦ ਭੀ ਸੁਭਾ ਦੇ ਨਿਰਮਾਨ ਰਹੇ, ਇਕ ਵੇਰਾਂ ਆਪ ਹੈਰਾਨ ਹੋਕੇ ਇਕ ਪਾਸੇ ਬੈਠੇ ਹੋਏ ਸਨ, ਸੰਤਾਂ ਆਣ ਪੁਛਿਆ ਕਿ ਰਾਮ ਸਿੰਘ ਹੈਰਾਨ ਕਿਉਂ ਬੈਠਾ ਹੈਂ ? ਬੇਨਤੀ ਕੀਤੀ ਕਿ ਸਚੇ ਪਾਤਸ਼ਾਹ! ਮੈਂ ਇਹ ਸੋਚ ਰਿਹਾ ਹਾਂ ਕਿ ਮੈਨੂੰ ਆਪਣੇ ਸੰਤਾਂ ਵਾਲੀ ਕਿਰਤ ਕੋਈ ਨਹੀਂ ਆਉਂਦੀ, ਨਾ ਵਾਣ ਵਟਣਾ ਆਉਂਦਾ ਹੈ। ਗੁਜ਼ਰਾਨ ਕਿਸ ਤਰ੍ਹਾਂ ਹੋਏਗੀ। ਸੰਤਾਂ ਆਖਿਆ ਕਿ ਭਲੇ ਪੁਰਸ਼ਾ ! ਚਿੰਤਾ ਨਾ ਕਰ ਤੂੰ ਤਾਂ ਆਪ ਹਜ਼ਾਰਾਂ ਜੀਆਂ ਦੀ ਗੁਜ਼ਰਾਨ ਕਰਨ ਵਾਲਾ ਹੋਵੇਂਗਾ। ਸੁ ਇਸ ਤਰ੍ਹਾਂ ਸੰਤਾਂ ਦੇ ਵਰ ਨਾਲ ਆਪ ਦਾ ਬੜਾ ਪ੍ਰਤਾਪ ਵਧਿਆ, ਖੁਲ੍ਹਾ ਲੰਗਰ ਚਲਾਇਆ ਤੇ ਸਤਿਸੰਗ ਕਥਾ ਕੀਰਤਨ ਦਾ ਖੂਬ ਪ੍ਰਵਾਹ ਜਾਰੀ ਕੀਤਾ।

"ਜੋ ਜੋ ਚਿਤਵਹਿ ਸੰਤ ਜਨੁ ਸੋ ਲੇਤਾ ਮਾਨ" ਵਾਕ ਅਨੁਸਾਰ,ਇਕ ਵੇਰਾਂ ਆਪ ਤੀਰਥ ਯਾਤਰਾ ਗਏ, ਤਰਨਤਾਰਨ ਗੋਇੰਦਵਾਲ ਸਾਹਿਬ ਦਰਸ਼ਨ ਕਰਕੇ ਖਡੂਰ ਸਾਹਿਬ ਪਹੁੰਚੇ। ਤਪਸਥਾਨੇ ਸਾਹਿਬ ਦੋ ਚਾਰ ਦਿਨ ਰਹਿਕੇ ਤੁਰਨ ਦਾ ਸੰਕਲਪ ਕੀਤਾ।ਇਕ ਸਾਧੂ ਨੇ ਕਿਹਾ ਕਿ ਮਹਾਰਾਜ ਆਪ ਦਾ ਤਾਂ ਇਕੰਤ ਜਗ੍ਹਾ ਉਤੇ ਜ਼ਿਆਦਾ ਚਿਤ ਲਗਦਾ ਹੈ। ਇਸ ਨਾਲੋਂ ਵਧ ਕੇ ਕਿਹੜੀ ਜਗ੍ਹਾ ਇਕੰਤ ਮਿਲਣੀ ਹੈ। ਉੱਤਰ ਦਿਤਾ ਕਿ ਭਾਈ ਚਿਤ ਤਾਂ ਰਹਿਣ ਨੂੰ ਕਰਦਾ ਹੈ ; ਪਰ ਖਰਚ ਮੁਕ ਗਿਆ ਹੈ। ਈਸ਼ਵਰ ਦੀ ਲੀਲ੍ਹਾ ਸਵੇਰੇ ਹੀ ਇਕ ਦਿਬਜ ਪੁਰਸ਼ ਦਰਸ਼ਨ ਲਈ ਆਇਆ ਤੇ ਝੋਲੀ ਵਿਚੋਂ ਬਹੁਤ ਸਾਰਾ ਪਦਾਰਥ ਭੇਟਾ

ਕਰਨ ਲਗਾ । ਆਪ ਨੇ ਇਨਕਾਰ ਕੀਤਾ । ਪਰ ਉਹ ਦਿਲੀ ਹੁਬ ਨਾਲ ਭੇਟਾ ਕਰਕੇ ਚਲਾ ਗਿਆ । ਆਪ ਨੇ ਸਾਧ ਭੇਜਿਆ ਕਿ ਵੇਖੋ ਇਹ ਕੌਣ ਹੈ ਤੇ ਕਿਧਰੋਂ ਆਇਆ ਹੈ, ਸਾਧ ਪਿਛੇ ਗਿਆ। ਵੇਖਦੇ ੨ ਤਾਲ ਵਿਚ ਲੋਪ ਹੋ ਗਿਆ। ਆਣ ਕੇ ਦਸਿਆ ਕਿ ਮਹਾਰਾਜ ਉਹ ਤਾਂ ਵੇਖਦੇ ੨ ਤਾਲ ਵਿਚ ਕਿਧਰੇ ਲੋਪ ਹੋ ਗਿਆ ਹੈ। ਇਤਨੀ ਸੁਣ ਕੇ ਆਪ ਨੇ ਆਖਿਆ ਕਿ ਹਛਾ ਸੰਤੋ ਹੁਣ ਨਹੀਂ ਜਾਂਦੇ ਜੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਇਹੋ ਆਗਿਆ ਹੈ ਤਾਂ ਕੁਝ ਹੋਰ ਦਿਨ ਰਹਿਕੇ ਦਰਸ਼ਨ ਕਰਦੇ ਹਾਂ । ਇਸ ਤਰ੍ਹਾਂ ਆਪ ਭਜਨ ਪਾਠ ਵਾਲੇ ਸਾਧੂ ਪੁਰਸ਼ ਹੋਏ ਹਨ ।

ਕੋਟ ਈਸਾ ਸ਼ਾਹ ਦੇ ਮਹੰਤ ਹੁੰਦਿਆਂ ਭੀ ਆਪ ਅਤੀਤ ਬ੍ਰਿਤੀ ਰਹੇ ਹਨ। ਕਈ ਵਰ੍ਹੇ ਪਹਿਲਾਂ ਅਪਣੇ ਸ਼ਿਸ਼ ਸੰਤ ਰਤਨ ਸਿੰਘ ਜੀ ਨੂੰ ਮਹੰਤ ਥਾਪ ਕੇ ਆਪ ਥਲਾਂ ਵਿਚ ਵਿਚਰਦੇ ਰਹੇ ਹਨ। ਜ਼ਿਆਦਾ ਤਰ ਆਪ ਸ਼ਾਹ ਪੁਰ ਆਇਆ ਕਰਦੇ ਸਨ ਸ਼ਹਿਰੋਂ ਬਾਹਰ ਇਕ ਕੁਟੀਆ ਸੀ ਜਿਥੇ ਉਤ੍ਰ ਕੇ ਭਜਨ ਪਾਠ ਸਤਿ ਸੰਗ ਉਪਦੇਸ਼ ਕਰਦੇ ਸਨ। ਇਥੇ ਭੀ ਆਪ ਦਾ ਖਾਸਾ ਪਰਚਾ ਹੋ ਗਿਆ । ਨਿਜ ਅਸਥਾਨ ਬਣ ਗਿਆ । ਆਪ ਦੇ ਸਰੀਰ ਤਿਆਗ ਜਾਣ ਦੀ ਅਜੇ ਤਕ ਗਲ ਪ੍ਰਸਿੱਧ ਹੈ। ਇਕ ਵੇਰਾਂ ਭਗਤ ਰਾਮ ਦਿਤੇ ਦੀ ਖਬਰ ਲੈਣ ਲਈ ਉਸ ਦੇ ਘਰ ਗਏ । ਸੰਬੰਧੀ ਵੇਖ ਕੇ ਸਾਰੇ ਰੋਣ ਲਗ ਪਏ ਤੇ ਕਹਿਣ ਲਗੇ ਕਿ ਮਹਾਰਾਜ ਕਿਸੇ ਤਰ੍ਹਾਂ ਇਸ ਦੀ ਜਾਨ ਬਖਸ਼ੀ ਜਾਏ ਆਪ ਨੇ ਸਭ ਦੀ ਦੁਖੀ ਅਰਜੋਈ ਸੁਣ ਕੇ ਕਹਿ ਦਿਤਾ ਕਿ

ਅਛਾ ਇਸਦੀ ਜਾਨ ਰਬ ਨੇ ਬਖਸ਼ ਦਿਤੀ ਹੈ। ਈਸ਼ਵਰ ਨੇ ਦਇਆ ਕੀਤੀ ਭਗਤ ਜੀ ਪੰਜਾਂ ਸਤਾਂ ਦਿਨਾਂ ਦੇ ਬਾਅਦ ਬਿਲਕੁਲ ਰਾਜ਼ੀ ਹੋ ਗਏ, ਪਰ ਅਠਵੇਂ ਦਿਨ ਦੇ ਬਾਅਦ ਇਥੇ ਸ਼ਾਹ ਪੁਰ ਹੀ ਆਪ ਸਰੀਰ ਤਿਆਗ ਗਏ। ਇਸ ਵੇਲੇ ਆਪ ਦੀ ਸਮਾਧ ਡੇਰੇ ਵਿਚ ਬਣੀ ਹੋਈ ਹੈ। ਆਪ ਦੇ ਚੇਲੇ ਠਾਕੁਰ ਰਤਨ ਸਿੰਘ ਜੀ, ਸੰਤ ਗੁਰਮੁਖ ਸਿੰਘ ਜੀ, ਬਾਬਾ ਸ਼ਾਮ ਸਿੰਘ ਜੀ ਪ੍ਰਸਿਧ ਰਾਗੀ ਸ੍ਰੀ ਅੰਮ੍ਰਿਤਸਰ ਤੇ ਪੰਡਿਤ ਆਤਮਾ ਸਿੰਘ ਜੀ ਲਾਹੌਰ ਆਦ ਕਈ ਹੋਏ ਹਨ। ਜੋ ਆਪ ਦੇ ਉਪਦੇਸ਼ ਅਨੁਸਾਰ ਥਾਈਂ ਥਾਈਂ ਪ੍ਰਚਾਰ ਕਰਦੇ ਰਹੇ ਹਨ; ਪਰ ਕੋਟ ਈਸਾ ਸ਼ਾਹ ਦੇ ਮਹੰਤ ਠਾਕੁਰ ਰਤਨ ਸਿੰਘ ਜੀ ਰਹੇ। ਜਿਨ੍ਹਾਂ ਦੇ ਪਿਛੋਂ ਬਾਬਾ ਗੁਰਮੁਖ ਸਿੰਘ ਜੀ ਹੋਏ ਤੇ ਉਨ੍ਹਾਂ ਤੋਂ ਬਾਅਦ ਮਹੰਤ ਸਰਨ ਸਿੰਘ ਜੀ ਹੋਏ, ਜੁ ਪਿਛੋਂ ਆਪ ਹੀ ਆਏ ਗਏ ਸਾਧੂ ਅਭਯਾਗਤ ਦੀ ਸੇਵਾ ਕਰਦੇ ਰਹੇ।

## ਪੰਡਿਤ ਆਤਮਾ ਸਿੰਘ ਜੀ

ਚੇਲੇ ਮਹਾਰਾਜ ਰਾਮ ਸਿੰਘ ਜੀ ਦਾ ਜਨਮ ਡੇਰਾ ਜ਼ਿਲਾ ਸ਼ਾਹਪੁਰ ਵਿਖੇ ਹੋਇਆ। ੧੫-੧੬ ਵਰ੍ਹਿਆਂ ਦੇ ਸਨ ਜਦ ਕਿ ਆਪ ਸ਼ਾਹ ਪੁਰ ਅਪਣੇ ਸੰਤਾਂ ਪਾਸ ਆਏ, ਪੰਜ ਛੇ ਵਰ੍ਹੇ ਚੰਗੀ ਸੇਵਾ ਕੀਤੀ, ਬਾਅਦ ਆਗਿਆ ਲੈ ਕੇ ਕਾਂਸ਼ੀ ਸੰਸਕ੍ਰਿਤ ਪੜ੍ਹਨ ਲਈ ਚਲੇ ਗਏ। ਸ਼ਾਰੀਰਕ ਭਾਸ਼ ਆਦ ਪੁਸਤਕ ਪੜ੍ਹ ਕੇ ਹਛੇ ਪੰਡਿਤ ਸਦਾਏ, ਆਪ ਦੀ ਤੀਖਣ ਬੁਧੀ ਸੀ, ਅਭੇਦ ਮੰਡਨ, ਹਰਿ ਭਜਨਾ ਵਲੀ ਦੋ ਪੁਸਤਕ ਲਿਖੇ, ਲਾਹੌਰ ਵਿਚ

ਆਏ, ਕਥਾ ਕੀਰਤਨ ਦੀ ਸ਼ੈਲੀ ਆਪ ਦੀ ਵਚਿਤ੍ਰ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸ਼੍ਰੋਤੇ ਆਉਂਦੇ ਰਹੇ, ਸੈਂਕੜੇ ਸਿਖ ਸੇਵਕ ਹੋਏ, ਬੜਾ ਸਨਮਾਨ ਪਾਇਆ। ਰਾਵਲ ਪਿੰਡੀ ਕਾਫੀ ਚਿਰ ਰਹਿ ਕੇ ਕਥਾ ਕਰਦੇ ਰਹੇ। ਉਨ੍ਹੀਂ ਦਿਨੀਂ ਆਪ ਦਾ ਸਰੀਰ ਕੁਝ ਜ਼ਿਆਦਾ ਬਿਮਾਰ ਹੋ ਗਿਆ। ਆਪ ਜਲਦੀ ਸ਼ਾਹ ਪੁਰ ਡੇਰੇ ਚਲੇ ਗਏ। ਜਿਤਨਾ ਪਾਸ ਰੁਪਿਆ ਸੀ ਸਾਰਾ ਇਕ ਸੇਠ ਦੀ ਦੁਕਾਨ ਤੇ ਜਮ੍ਹਾਂ ਕਰਾ ਕੇ ਉਸ ਦਾ ਡੇਰੇ ਇਕ ਛੇਤ੍ਰ ਜਾਰੀ ਕਰਾ ਦਿਤਾ। ਕਈ ਵਰ੍ਹੇ ਇਕ ਆਦਮੀ ਨੂੰ ਅੱਧ ਅੱਧ ਸੇਰ ਆਟਾ ਮਿਲਦਾ ਰਿਹਾ। ਜਿਨ੍ਹਾਂ ਪਾਸ ਰੁਪਿਆ ਸੀ, ਉਨ੍ਹਾਂ ਦਾ ਕੰਮ ਢਿਲਾ ਪੈ ਜਾਣ ਕਰ ਕੇ ਕੁਝ ਵਰ੍ਹਿਆਂ ਤੋਂ ਓਹ ਛੇਤ੍ਰ ਬੰਦ ਹੋ ਚੁਕਾ ਸੀ। ਇਸ ਤਰ੍ਹਾਂ ਛੇਤ੍ਰ ਜਾਰੀ ਕਰਨ ਤੋਂ ਉਪ੍ਰੰਤ ਆਪ ਦਾ ਸਰੀਰ ਸਵੱਸਤ ਹੋ ਗਿਆ। ਲਾਹੌਰ ਆਏ, ਲਾਲਾ ਮੂਲ ਚੰਦ ਦੀ ਬੈਠਕ ਵਿਚ ਕਈ ਵਰ੍ਹੇ ਕਥਾ ਕਰਦੇ ਰਹੇ। ਬੜਾ ਸਨਮਾਨ ਪਾਇਆ ਬੀਸੀਆਂ ਆਪ ਦੇ ਸੇਵਕ ਹੋਏ। ਅਖੀਰ ੬੫ ਵਰ੍ਹੇ ਦੀ ਉਮਰ ਵਿਚ ੧੯੫੩ ਮਾਘ ਸੁਦੀ ਦ੍ਵਾਦਸੀ ਵਾਲੇ ਦਿਨ ਇਸੇ ਬੈਠਕ ਵਿਚ ਗੁਰਪੁਰੀ ਸਿਧਾਰ ਗਏ, ਪਿਛੋਂ ਆਪ ਦੇ ਚੇਲੇ ਪੰਡਿਤ ਗੁਰਦੇਵ ਸਿੰਘ ਜੀ ਨੇ ਦਾਹ ਆਦੀ ਕਰਮ ਸੰਸਕਾਰ ਕੀਤਾ।

## ਪੰਡਿਤ ਗੁਰਦੇਵ ਸਿੰਘ ਜੀ

ਆਪ ਦਾ ਜਨਮ ਪਿੰਡ ਮਲ੍ਹਿਆਂ ਚਬੂਤਰੇ ਵਾਲੀ ਜ਼ਿਲਾ

ਸ਼ੇਖੂ ਪੁਰਾ, ਬ੍ਰਾਹਮਣ ਘਰਾਣੇ ਵਿਚ ਸੰਮਤ ੧੯੩੩ ਨੂੰ ਹੋਇਆ। ਮਾਤਾ ਪਿਤਾ ਨੇ ਚਾਨਣ ਰਾਮ ਨਾਮ ਰਖਿਆ, ੧੫ ਵਰ੍ਹਿਆਂ ਦੀ ਉਮਰ ਵਿਚ ਮਹਾਰਾਜ ਪੰਡਿਤ ਜੀ ਦੇ ਪਾਸ ਲਾਹੌਰ ਆਏ, ਸੇਵਾ ਕਰਦੇ ਨਾਲ ਪੜ੍ਹਦੇ ਰਹੇ। ਚਾਰ ਪੰਜਾਂ ਸਾਲਾਂ ਦੇ ਬਾਅਦ ਸੰਮਤ ੧੯੫੩ ਮਘਰ ਵਿਚ ਆਪ ਨੇ ਅਮ੍ਰਿਤ ਛਕਿਆ, ਸ਼ਿਸ਼ ਬਣੇ ਤੇ ਨਾਮ ਗੁਰਦੇਵ ਸਿੰਘ ਰਖਿਆ ਦੋ ਮਹੀਨਿਆਂ ਦੇ ਬਾਅਦ ਪੰਡਿਤ ਜੀ ਗੁਜ਼ਰ ਗਏ। ਮਗਰੋਂ ਉਨ੍ਹਾਂ ਦੀ ਥਾਂ ਲਾਲਾ ਮੂਲ ਚੰਦ ਦੀ ਬੈਠਕ ਵਿਚ ਰਹਿਣ ਲਗ ਪਏ। ਪੰਡਿਤ ਜਵਾਲਾ ਨਾਥ ਜੀ ਪਾਸ ਪੜ੍ਹਦੇ ਰਹੇ। ਚੰਗੇ ਵਿਦਵਾਨ ਹੋ ਗਏ। ਕਈ ਵਰ੍ਹੇ ਆਪ ਮੱਛੀ ਹਟੇ ਲਾਲਾ ਮੂਲ ਚੰਦ ਜੀ ਦੀ ਬੈਠਕ ਵਿਚ ਰਹਿੰਦੇ ਰਹੇ। ਕਥਾ ਬਾਰਤਾ ਕਰਦੇ ਸਨ, ਸਭ ਸਤਿਸੰਗੀਆਂ ਨਾਲ ਮੇਲ ਗੇਲ ਸੀ। ਪਿਛਲੇ ਪੁਰਾਣੇ ਮਕਾਨ ਨੂੰ ਕਾਫੀ ਰੁਪਿਆ ਲਗਾ ਕੇ ਆਪ ਨੇ ਇਕ ਨਵੀਂ ਸ਼ਕਲ ਵਿਚ ਲਿਆਂਦਾ। ਸਾਲ ਦੇ ਸਾਲ ਯਾਤ੍ਰਾ ਲਈ ਜਾਇਆ ਕਰਦੇ ਸਨ। ਸਰੀਰ ਦੇ ਪੁਰਸ਼ਾਰਥੀ ਹਨ, ਇਸ਼ਨਾਨ ਹਮੇਸ਼ਾ ਦਰਿਆ ਵਿਚ ਜਾ ਕੇ ਕਰਦੇ ਸਨ। ਭਜਨ ਪਾਠ ਦੇ ਨੇਮੀ ਹਨ। ਸਹਿਨ ਸ਼ੱਕਤੀ ਵਿਚ ਪੂਰਨ ਹਨ। ਸੁਭਾਅ ਦੇ ਨਿਰਮਾਣ ਤੇ ਮਿਲਣ ਸਾਰ ਹਨ। ਸ਼ਹਿਰ ਵਿਚ ਰਸੂਖ ਤੇ ਭੇਖ ਵਿਚ ਸਤਿਕਾਰ ਸੀ। ਅਜ ਕਲ ਸ਼੍ਰੀ ਗੁਰੂ ਅਮਰ ਦਾਸ ਜੀ ਦੇ ਗੁਰਦਵਾਰੇ ਕਨਖਲ ਵਿਚ ਰਹਿੰਦੇ ਹਨ। ਮਹੰਤ ਜੀ ਦੇ ਨਾਲ ਚੰਗਾ ਮੇਲ ਮਿਲਾਪ ਹੈ। ਵਡੀ ਉਮਰ ਵਿਚ ਹੋਣ ਕਰ ਕੇ ਸਰੀਰ ਕ੍ਰਿਸ ਹੁੰਦਾ ਚਲਾ ਜਾ ਰਿਹਾ ਹੈ।

# ਡੇਰਾ ਬੂਲੋ

## ਮਹਾਰਾਜ ਸੰਤ ਸਿੰਘ ਜੀ

ਚੇਲੇ ਮਹਾਰਾਜ ਸਹਾਈ ਸਿੰਘ ਜੀ ਕੋਟ ਈਸਾ ਸ਼ਾਹ। ਆਪ ਕਈ ਵਰ੍ਹੇ ਪਹਿਲਾਂ ਕੋਟ ਈਸਾ ਸ਼ਾਹ ਡੇਰੇ ਵਿਚ ਰਹੇ। ਸੰਤਾਂ ਦੀ ਸੇਵਾ ਕਰਦੇ ਰਹੇ। ਸੰਤਾਂ ਮਗਰੋਂ ਕੁਝ ਚਿਰ ਰਮਤੇ ਰਹੇ। ਵਿਚਰਦੇ ੨ ਬੂਲੋ ਆਏ, ਜਿਥੇ ਸਾਧ ਸੰਗਤ ਦੇ ਪ੍ਰੇਮ ਕਰਕੇ ਟਿਕ ਗਏ, ਡੇਰਾ ਬੰਨ੍ਹਿਆ। ਸਤਿਸੰਗ ਜਾਰੀ ਕੀਤਾ। ਆਪ ਦੇ ਪਿਛੋਂ ਆਪ ਦੇ ਚੇਲੇ **ਮਹੰਤ ਗੁਰਮੁਖ ਸਿੰਘ ਜੀ** ਮਹੰਤ ਰਹੇ, ਜਿਨ੍ਹਾਂ ਡੇਰੇ ਦੀ ਬੜੀ ਤਰੱਕੀ ਕੀਤੀ ਕਈ ਮਕਾਨ ਆਏ ਗਏ ਸਾਧੂ ਅਭਜਾਗਤ ਦੇ ਆਰਾਮ ਲਈ ਬਣਾਏ, ਲੰਗਰ ਚਲਾਇਆ, ਗੁਰੂ ਸਿਧਾਂਤ ਦਾ ਪ੍ਰਚਾਰ ਕੀਤਾ, ਆਪ ਦੀ ਸਭ ਪੁਰਾਣੀ ਮ੍ਰਿਯਾਦਾ ਕਾਇਮ ਰਖੀ ਬੜਾ ਸਨਮਾਨ ਪਾਇਆ। ਪਿਛੋਂ ਆਪ ਦੀ ਸਮਾਧ ਪੂਜੀ ਜਾਂਦੀ ਰਹੀ। ਆਪ ਦੇ ਚੇਲੇ ਪੰਡਿਤ ਉਤਮ ਸਿੰਘ ਜੀ ਮਹੰਤ ਹੋਏ।

## ਮਹੰਤ ਪੰਡਿਤ ਉਤਮ ਸਿੰਘ ਜੀ

ਬ੍ਰਿਤੀ ਪ੍ਰਭਾਕਰੀਏ

ਆਪ ਦਾ ਜਨਮ ਲਹਿੰਦੇ ਪਾਸੇ ਦਾ ਹੈ। ਛੋਟੀ ਉਮਰ ਵਿਚ ਡੇਰੇ ਸੇਵਾ ਕਰਦੇ ਰਹੇ। ਬਾਅਦ ਸ੍ਰੀ ਅੰਮ੍ਰਿਤਸਰ, ਰਿਸ਼ੀ ਕੇਸ਼ ਆਦ ਕਈ ਅਸਥਾਨਾਂ ਤੇ ਜਾ ਜਾ ਕੇ ਪੜ੍ਹਦੇ ਰਹੇ,

ਸ੍ਰੀ ਪੰਡਿਤ ਬੰਨਾ ਸਿੰਘ ਜੀ ਦੇ ਪਾਸ ਬ੍ਰਿਤੀ ਪ੍ਰਭਾਕਰ ਆਦਿ ਵੇਦਾਂਤ ਭਾਸ਼ਾ ਦੇ ਪੁਸਤਕ ਕਾਫੀ ਚਿਰ ਪੜ੍ਹਦੇ ਰਹੇ। ਆਪ ਨੇ ਪੜ੍ਹਨ ਦਾ ਇਤਨਾ ਅਭਿਆਸ ਕੀਤਾ ਹੋਇਆ ਸੀ ਕਿ ਹਰ ਵੇਲੇ ਆਪ ਨੂੰ ਪਦਾਰਥ ਸਫੁਰਨ ਰਹਿੰਦੇ ਸਨ। ਇਸੇ ਲਈ ਕਦੇ ਕਿਸੀ ਬਹਿਸ ਦੇ ਮੈਦਾਨ ਵਿਚ ਪਿਛੇ ਨਹੀਂ ਹਟੇ, ਬਲਕਿ ਆਪ ਨਾਲ ਪ੍ਰਸਪਰ ਵਿਚਾਰ ਕਰਨ ਤੋਂ ਕਈ ਕੰਨੀ ਕਤਰਾਂਦੇ ਸਨ। ਬ੍ਰਿਤੀ ਪ੍ਰਭਾਕਰ ਤਾਂ ਆਪ ਨੂੰ ਇਤਨਾ ਯਾਦ ਸੀ ਕਿ ਆਪਦਾ ਦੂਜਾ ਨਾਂ ਹੀ ਬ੍ਰਿਤੀ ਪ੍ਰਭਾਕਰੀਏ ਪੰਡਿਤ, ਭੇਖ ਵਿਚ ਪ੍ਰਸਿਧ ਹੋ ਗਿਆ ਸੀ, ਆਪ ਸੁਭਾ ਦੇ ਬੜੇ ਤੇਜਸਵੀ ਸਨ। ਕਦੀ ਕਿਸੀ ਦੀ ਗੱਲ ਹੇਠਾਂ ਨਹੀਂ ਆਉਂਦੇ ਸਨ। ਇਕ ਵੇਰਾਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਵਡੀ ਪ੍ਰਕਰਮਾ ਵਿਚ ਕਿਸੀ ਗ੍ਰਿਸਥੀ ਨਾਲ ਕੁਝ ਵਿਚਾਰ ਛਿੜ ਪਈ ਵਧਦੇ ਵਧਦੇ ਦੋਵੇਂ ਜੋਸ਼ ਵਿਚ ਆ ਗਏ। ਅਖੀਰ ਗ੍ਰਿਸਥੀ ਨੇ ਕਹਿ ਦਿਤਾ :-

ਗ੍ਰਿਸਥੀ-ਸਾਡੇ ਤੁਹਾਡੇ ਵਿਚ ਹੁਣ ਕੁਝ ਫਰਕ ਨਹੀਂ, ਗ੍ਰਿਸਥੀ ਪੁਤਰਾਂ ਵਾਲੇ ਹਨ ਤਾਂ ਆਪ ਭੀ ਚੇਲਿਆਂ ਵਾਲੇ ਹੋ। ਜੇ ਅਸੀਂ ਘਰਾਂ ਦੇ ਮਾਲਕ ਹਾਂ ਤਾਂ ਤੁਸੀ ਭੀ ਡੇਰਿਆਂ ਦੇ ਮਾਲਕ ਹੋ ਗ੍ਰਿਸਥੀਆਂ ਪਾਸ ਧੰਨ ਹੈ ਤਾਂ ਮਾਇਆ ਤੋਂ ਬਿਨਾਂ ਤੁਸੀਂ ਵੀ ਨਹੀਂ ਹੋ।

ਪੰਡਿਤ ਜੀ-ਨਾ ਭਾਈ ਅਜੇ ਵੀ ਬੜਾ ਫਰਕ ਹੈ।

ਗ੍ਰਿਸਥੀ-ਨਹੀਂ, ਸੂਈ ਦੇ ਨਕੇ ਜਿਤਨਾ ਵੀ ਨਹੀਂ। ਆਪ ਉਸੇ ਵੇਲੇ ਖਲੋ ਗਏ ਤੇ ਕਹਿਣ ਲਗੇ ਜੇ ਫਰਕ ਨਹੀਂ

ਤਾਂ ਉਨ ਜਿਹੜੇ ਅਖਰ ਮੈਂ ਦਰਬਾਰ ਸਾਹਿਬ ਵਲ ਮੂੰਹ ਕਰਕੇ ਕਹਿੰਦਾ ਹਾਂ ਤੂੰ ਭੀ ਕਹੋ। ਗ੍ਰਿਸਥੀ ਕੁਝ ਮਾਮੂਲੀ ਜਿਹੀ ਗਲ ਸਮਝ ਕੇ ਖਲੋ ਗਿਆ, ਆਪ ਨੇ ਹਥ ਜੋੜ ਸ੍ਰੀ ਦਰਬਾਰ ਸਾਹਿਬ ਵਲ ਮੂੰਹ ਕਰਕੇ ਆਖ ਦਿਤਾ ਕਿ ਹੇ ਗੁਰੂ ਰਾਮਦਾਸ ਮੈਨੂੰ ਅਖੋਂ ਅੰਨ੍ਹਿਆਂ ਕਰ ਤੇ ਮੇਰਾ ਬੇੜਾ ਗ਼ਰਕ ਕਰ। ਜਿਸ ਵੇਲੇ ਇਹ ਅੱਖਰ ਆਪ ਦੇ ਮੂੰਹੋਂ ਸੁਣੇ ਤਾਂ ਗ੍ਰਿਸਥੀ ਭਲਾ ਇਹ ਅੱਖਰ ਕਦ ਵਰਤ ਸਕਦਾ ਸੀ, ਹੈਰਾਨ ਹੋ ਕੇ ਬਹਿ ਗਿਆ। ਸਭ ਹਸ ਪਏ। ਇਸ ਤਰ੍ਹਾਂ ਦੇ ਆਪ ਨਿਧੜਕ ਸਰੀਰ ਸਨ। ਕਈ ਵਰ੍ਹੇ ਆਪ ਮਹੰਤ ਰਹੇ। ਆਏ ਗਏ ਦੀ ਸੇਵਾ ਕਰਦੇ ਰਹੇ। ਪੁਰਾਣੀ ਮ੍ਰਿਯਾਦਾ ਅਨੁਸਾਰ ਕੰਮ ਚਲਾਉਂਦੇ ਰਹੇ, ੬੦ ਸਾਲ ਦੇ ਕਰੀਬ ਉਮਰ ਸੀ। ਆਪ ਦਾ ਇਕ ਚੇਲਾ ਸੰਤ ਕਰਤਾਰ ਸਿੰਘ ਜਿਸ ਨੂੰ ਆਪ ਨੇ ਕਾਂਸ਼ੀ ਪੜ੍ਹਨ ਲਈ ਘਲਿਆ ਹੋਇਆ ਸੀ। ਪਹਿਲਾਂ ਉਹ ਵਿਆਕਰਨ ਆਦ ਸ਼ਾਸਤ੍ਰ ਪੜ੍ਹਦਾ ਰਿਹਾ। ਫਿਰ ਅਖਾੜੇ ਦੇ ਮਕਾਨ ਦਾ ਮਹੰਤ ਕਿਤਨਾ ਚਿਰ ਟਿਕਿਆ ਰਿਹਾ। ਵਿਹਾਰ ਵਿਚ ਚੰਗਾ ਸਿਆਣਾ ਸੀ। ਰੱਬ ਦੀ ਨੇਤ ਕਾਂਸ਼ੀ ਵਿਚ ਹੀ ਗੁਜ਼ਰ ਗਿਆ।

੧ ਓ ਸਤਿਗੁਰ ਪ੍ਰਸਾਦਿ ।

# ਸੰਪ੍ਰਦਾਯ ਪੰਡੋਰੀ ਨਿਝਰਾਂ

ਇਹ ਸੰਪ੍ਰਦਾਯ ਨਿਰਮਲ ਭੇਖ ਵਿਚ ਇਕ ਵਡੀ ਮੰਨੀ ਪ੍ਰਮੰਨੀ ਗਈ ਹੈ। ਜਿਸ ਦੀਆਂ ਅਨੇਕ ਸ਼ਾਖਾਂ ਡੇਰਿਆਂ ਦੀ ਸ਼ਕਲ ਵਿਚ ਮੌਜੂਦ ਹਨ।

ਪੰਡਿਤ ਕਲਯਾਨ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੇ ਇਕ ਨਕਸ਼ਾ ਛਾਪਿਆ ਹੈ ਜਿਸ ਵਿਚ ਮਹਾਰਾਜ ਸੇਵਾ ਸਿੰਘ ਜੀ ਨੂੰ ਇਸ ਸੰਪ੍ਰਦਾਯ ਦਾ ਮੋਢੀ ਦਸਿਆ ਹੈ।

ਸਭ ਤੋਂ ਪਹਿਲਾਂ ਸ੍ਰੀ ਦਸ਼ਮੇਸ਼ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ। ਉਪ੍ਰੰਤ ਪੰਜਾਂ ਪਿਆਰਿਆਂ ਨੇ ੨੫ ਸਰੀਰਾਂ ਨੂੰ ਅਮ੍ਰਿਤ ਪਾਨ ਕਰਾਇਆ। ਜਿਨ੍ਹਾਂ ਵਿਚ ਮਹਾਰਾਜ ਸੇਵਾ ਸਿੰਘ ਜੀ ਵੀ ਸ਼ਾਮਲ ਸਨ। ਇਹ ਮਹਾਂ ਪੁਰਸ਼ ਸ੍ਰੀ ਦਸ਼ਮੇਸ਼ ਗੁਰੂ ਜੀ ਦੇ ਨਾਲ ਮਾਲਵੇ ਦੀ ਯਾਤ੍ਰਾ ਵਿਚ ਰਹੇ। ਕਈ ਪ੍ਰੀਖਿਆ ਵਿਚੋਂ ਪਾਸ ਹੋ ਕੇ ਗੁਰੂ ਸਾਹਿਬ ਜੀ ਤੋਂ ਵਰ ਪ੍ਰਾਪਤ ਕੀਤੇ।

ਇਕ ਵੇਰਾਂ ਦੀਵਾਨ ਵਿਚ ਬੈਠਿਆਂ ਹੋਇਆਂ ਗੁਰੂ ਸਾਹਿਬ ਨੇ ਕੜਾਹ ਪ੍ਰਸ਼ਾਦ ਲੁਟਣ ਲਈ ਆਗਿਆ ਕੀਤੀ ਸਾਰੇ ਉਠ ਕੇ ਲੁਟਣ ਲਗ ਪਏ, ਪਰ ਮਹਾਰਾਜ ਸੇਵਾ ਸਿੰਘ ਜੀ ਨਾ ਉਠੇ। ਗੁਰੂ ਸਾਹਿਬ ਨੇ ਪ੍ਰਸੰਨਤਾ ਪ੍ਰਗਟ ਕੀਤੀ।

ਤਵਾਰੀਖ ਗੁਰੂ ਖਾਲਸਾ ਜੀ ਵਿਚ ਲਿਖਿਆ ਹੈ ਕਿ ਭਾਈ ਨੰਦ ਲਾਲ ਜੀ ਦੇ ਲੰਗਰ ਵਿਚੋਂ ਭੋਜਨ ਲੈਣ ਤੋਂ

ਬਾਅਦ ਗੁਰੂ ਜੀ ਨੇ ਅਪਣੇ ਕਪੜੇ ਸੰਤ ਸੇਵਾ ਸਿੰਘ ਜੀ ਨੂੰ ਬਖਸ਼ ਦਿਤੇ ਸਨ।

ਅਗੇ ਇਨ੍ਹਾਂ ਤੋਂ ਸੰਤ ਮਿਲਾਪ ਸਿੰਘ ਜੀ ਨੇ ਉਪਦੇਸ਼ ਲਿਤਾ। ਫਿਰ ਇਨ੍ਹਾਂ ਦੇ ਸ਼ਿਸ਼ ਸੰਤ ਦੀਵਾਨ ਸਿੰਘ ਜੀ ਹੋਏ। ਸੰਤ ਦੀਵਾਨ ਸਿੰਘ ਜੀ ਦੇ ਅਗੇ ਦੋ ਸ਼ਿਸ਼ ਬਾਬਾ ਗੁਰਮੁਖ ਸਿੰਘ ਜੀ ਜਿਨ੍ਹਾਂ ਤੋਂ ਲਾਹੌਰ ਗੁਜਰਾਂਵਾਲਾ ਅਲਾਦੀਨ ਪੁਰ ਆਦਕ ਡੇਰੇ ਆਬਾਦ ਹੋਏ। ਦੂਜੇ ਸੰਤ ਮਸਤਾਨ ਸਿੰਘ ਜੀ ਜੋ ਲਾਹੌਰ ਗੁਮਟੀ ਬਾਜ਼ਾਰ ਵਿਚ ਰਹਿੰਦੇ ਸਨ। ਇਨ੍ਹਾਂ ਦੇ ਸ਼ਿਸ਼ ਸ੍ਰੀ ਠਾਕੁਰ ਮੱਲ ਸਿੰਘ ਜੀ ਹੋਏ। ਜਿਹੜੇ ਸਮਾਂ ਪਾਕੇ ਪੰਡੋਰੀ ਨਿਝਰਾਂ ਵਿਚ ਕਾਫੀ ਸਮਾਂ ਆਣ ਕੇ ਰਹੇ। ਇਹ ਮਹਾਰਾਜ ਵਡੇ ਤਪ ਤੇਜ ਵਾਲੇ ਹੋਏ ਇਨ੍ਹਾਂ ਦਾ ਨਿਵਾਸ ਇਸੇ ਪਿੰਡ ਰਿਹਾ ਜਿਸ ਕਰਕੇ ਅਗੋਂ ਸਾਰੀ ਸੰਪ੍ਰਦਾਯ ਪੰਡੋਰੀ ਨਿਝਰਾਂ ਦੇ ਨਾਮ ਤੇ ਪ੍ਰਸਿਧ ਹੋਈ।

## ਸਾਂਈ ਲੋਕ ਸੰਤ ਮੱਲ ਸਿੰਘ ਜੀ

ਪੰਡੋਰੀ ਨਿਝਰਾਂ ਜ਼ਲਾ ਜਲੰਧਰ

ਆਪ ਵਡੇ ਸਿੱਧ ਲੋਕ ਹੋਏ ਹਨ, ਜਨਮ ਪਿੰਡ ਬੜੂੰਦੀ, ਜ਼ਿਲਾ ਲੁਧਿਆਨਾ ਸ: ਮਹਿਤਾਬ ਸਿੰਘ ਜੀ ਦੇ ਗ੍ਰੈਹ ਵਿਚ ਹੋਇਆ। ਸਰੀਰ ਸੋਹਣਾ, ਉਚਾ ਕੱਦ ਹੋਣ ਕਰਕੇ ੨੦ ਸਾਲ ਦੀ ਉਮਰ ਵਿਚ ਸਿਖਾਂ ਦੀ ਫੌਜ ਵਿਚ ਭਰਤੀ ਹੋਏ, ਜਿਥੇ ਕਈ ਵਰ੍ਹੇ ਅਜਿਹਾ ਤਨ ਦੇ ਕੇ ਕੰਮ ਕੀਤਾ, ਜੁ ਬੜੇ ਸਨਮਾਨ ਨੂੰ ਪ੍ਰਾਪਤ ਹੋਏ। ਸਤਿਸੰਗ ਨਾਲ ਮੁਢੋਂ ਹੀ ਪ੍ਰੇਮ ਸੀ, ਫੌਜ

ਵਿਚ ਭੀ ਗੁਰੂ ਜਸ ਤੇ ਸੰਤਾਂ ਦੀ ਮਹਿਮਾ ਦੇ ਪ੍ਰਸੰਗ ਸੁਣ ਸੁਣ ਕੇ ਖੁਸ਼ ਹੋਇਆ ਕਰਦੇ ਸਨ, ਲਿਵ ਵਧਦੀ ਗਈ। ਸੰਸਾਰ ਵਲੋਂ ਅਜਿਹੇ ਉਪ੍ਰਾਮ ਹੋਏ ਕਿ ਇਕ ਦਿਨ ਨੌਕਰੀ ਛਡ ਕੇ ਆਤਮ ਧਨ ਦੀ ਪ੍ਰਾਪਤੀ ਵਾਸਤੇ ਕਿਸੇ ਮਹਾਂ ਪੁਰਸ਼ ਦੀ ਢੂੰਢ ਵਿਚ ਲਗ ਗਏ। ਅੰਤ ਸ੍ਰੀ ਸੰਤ ਮਸਤਾਨ ਸਿੰਘ ਜੀ ਦਿਆਂ ਚਰਨਾਂ ਵਿਚ ਲਾਹੌਰ ਗੁਮਟੀ ਬਾਜ਼ਾਰ ਪਹੁੰਚੇ। ਸੰਤਾਂ ਨੂੰ ਜਪੀ ਤਪੀ ਤੇ ਇਕ ਸੁੰਦਰ ਧਾਰਣਾ ਵਿਚ ਵੇਖਕੇ ਸਿਰ ਨਿਵਾ ਦਿਤਾ। ਪਾਸ ਰਹਿਕੇ ਸੇਵਾ ਕਰਦੇ ਨਾਲ ਪੜ੍ਹਨ ਦਾ ਅਭਿਆਸ ਰਖਦੇ ਰਹੇ। ਆਪ ਦਾ ਦਿਲ ਅਗੇ ਹੀ ਉਪ੍ਰਾਮ ਬ੍ਰਿਤੀ ਵਿਚ ਸੀ, ਪਰ ਸੰਤਾਂ ਦੀ ਸਿਖਿਆ ਪਾਕੇ ਸਚਮੁਚ ਕੁੰਦਨ ਹੋ ਗਏ।

ਜਦ ਮਹਾਰਾਜ ਮਸਤਾਨ ਸਿੰਘ ਜੀ ਗੁਜ਼ਰ ਗਏ ਤਾਂ ਲਾਹੌਰੋਂ ਉਦਾਸ ਹੋ ਕੇ ਚਲੇ ਆਏ, ਕੁਝ ਦਿਨ ਸ੍ਰੀ ਅੰਮ੍ਰਿਤਸਰ ਨਿਵਾਸ ਕੀਤਾ। ਫਿਰ ਵਿਚਰਦੇ ੨ ਢਿਲਵਾਂ, ਸੂਸਾਂ ਆਦਕ ਪਿੰਡਾਂ ਵਿਚ ਦਰਸ਼ਨ ਦੇਂਦੇ ਪੰਡੋਰੀ ਨਿਝਰਾਂ ਆਣ ਪਹੁੰਚੇ। ਇਥੇ ਨਗਰੋਂ ਬਾਹਰ ਇਕ ਸੁੰਦਰ ਅਸਥਾਨ ਵੇਖ ਕੇ ਦਿਲ ਟਿਕ ਗਿਆ, ਮਧੂਕਰੀ ਦੇ ਅੰਨ ਨਾਲ ਉਦਰ ਪੂਰਨਤਾ ਕਰਕੇ ਕਈ ਵਰ੍ਹੇ ਤਪ ਕੀਤਾ, ਭਜਨ ਵਿਚ ਵਿਘਨ ਕਾਰੀ ਸਮਝ ਕੇ ਕਿਸੇ ਨਾਲ ਵਿਸ਼ੇਸ਼ ਪਰਚਾ ਨਾ ਪਾਇਆ, ਆਪ ਦੀ ਸੁੰਦਰ ਰਹਿਣੀ ਬਹਿਣੀ ਤੱਕ ਕੇ ਪਿੰਡਾਂ ਦੇ ਲੋਕਾਂ 'ਚ ਬੜੀ ਸ਼ਰਧਾ ਵਧੀ। ਜਿਥੇ ਕਿਥੇ ਆਪ ਦੀ ਸ਼ੋਭਾ ਕਰਦੇ ਰਹਿੰਦੇ।

ਇਕ ਵੇਰਾਂ ਡਾਕੂਆਂ ਨੇ ਪਿੰਡ ਨੂੰ ਲੁਟਣ ਲਈ ਐਲਾਨ ਕਰਕੇ ਦਿਨ ਨੀਅਤ ਕਰ ਦਿਤਾ। ਪਿੰਡ ਦੇ ਲੋਗ ਡਰ ਗਏ।

ਸਿਆਣੇ ਆਦਮੀਆਂ ਵਿਚਾਰ ਕੀਤੀ ਕਿ ਐਵੇਂ ਪ੍ਰਸਪਰ ਆਦਮੀਆਂ ਦਾ ਨੁਕਸਾਨ ਹੋਵੇਗਾ, ਕੁਝ ਉਪ੍ਰਾਲਾ ਕਰੀਏ ਤਾਂਕਿ ਇਸ ਖੂਨ ਖਰਾਬੇ ਤੋਂ ਬਚ ਜਾਈਏ, ਕਿਸੇ ਸਤਿਸੰਗੀ ਨੇ ਸਲਾਹ ਦਿਤੀ ਕਿ ਇਸ ਵੇਲੇ ਬਾਹਰਲੇ ਮਹਾਂਪੁਰਸ਼ਾਂ ਦੀ ਸਹਾਇਤਾ ਲੈਣੀ ਚਾਹੀਦੀ ਹੈ ਕਿਉਂਕਿ ਮਹਾਤਮਾ ਸੰਤ ਭਗਤ ਹੀ ਕਸ਼ਟ ਤੋਂ ਬਚਾ ਸਕਦੇ ਹਨ।

ਸਲਾਹ ਕਰਕੇ ਸਾਰੇ ਨਿਮ੍ਰਤਾ ਨਾਲ ਚਰਨੀਂ ਜਾ ਢਠੇ, ਸਹਾਇਤਾ ਲਈ ਬੇਨਤੀ ਕੀਤੀ, ਸੁਣ ਕੇ ਸੰਤਾਂ ਦਾ ਦਿਲ ਦ੍ਰਵੀ ਭੂਤ ਹੋ ਗਿਆ। ਕਿਹਾ ਕਿ ਭਾਈ ਇਹ ਸਾਡੀ ਬੈਰਾਗਣ ਲੈ ਜਾਓ। ਇਕ ਸਰੀਰ ਸਤਿਨਾਮ ਦੀ ਪਉੜੀ ਪੜ੍ਹਦਾ ਹੋਇਆ ਇਸ ਦੇ ਨਾਲ ਪਿੰਡ ਦੇ ਆਲੇ ਦੁਆਲੇ ਲਕੀਰ ਖਿਚ ਦੇਵੇ। ਬਸ ਉਸ ਲਕੀਰ ਦੇ ਅੰਦਰ ੨ ਕੋਈ ਭੈੜੀ ਨੀਤ ਜਾਂ ਲੁਟ ਮਚਾਣ ਦੇ ਖਿਆਲ ਨਾਲ ਅੰਦਰ ਨਹੀਂ ਆ ਸਕੇਗਾ। ਇਹ ਸੁਣ ਕੇ ਬੜੇ ਖੁਸ਼ ਹੋਏ, ਬੈਰਾਗਣ ਲੈ ਜਾ ਕੇ ਲਕੀਰ ਖਿਚ ਦਿਤੀ, ਤੇ ਸੰਤਾਂ ਦੇ ਵਚਨਾਂ ਪੁਰ ਵਿਸ਼ਵਾਸ ਕਰ ਕੇ ਨਿਰਭੈ ਹੋ ਗਏ।

ਇਧਰੋਂ ਨਿਯੱਤ ਸਮੇਂ ਪੁਰ ਡਾਕੂ ਆਏ, ਸੰਤਾਂ ਦੀ ਮਹੱਤਤਾ ਉਨ੍ਹਾਂ ਨੇ ਵੀ ਸੁਣੀ ਹੋਈ ਸੀ ਕਿ ਇਹ ਕਾਮਲ ਫਕੀਰ ਹਨ। ਸਲਾਹ ਕਰ ਕੇ ਸੰਤਾਂ ਪਾਸ ਆਏ। ਮੱਥਾ ਟੇਕਿਆ, ਸੰਤਾਂ ਪੁਛਿਆ, ਤੁਸੀਂ ਕੌਣ ਹੋ, ਤੇ ਕਿਸ ਖਿਆਲ ਨਾਲ ਆਏ ਹੋ ?

ਡਾਕੂ—ਮਹਾਰਾਜ ! ਸਾਨੂੰ ਕੋਈ ਧਾੜਵੀ ਕਹਿ ਦੇਂਦਾ

ਹੈ, ਕੋਈ ਡਾਕੂ ਕਹਿ ਦੇਂਦਾ ਹੈ, ਤੇ ਇਸ ਪਿੰਡ ਨੂੰ ਲੁਟਣ ਲਈ ਆਏ ਹਾਂ।

ਸੰਤ—ਫਿਰ ਸਾਡੇ ਕੋਲ ਕਿਸ ਲਈ ਆਏ ਹੋ ?

ਡਾਕੂ— ਇਹ ਸੁੱਖਣਾ ਸੁੱਖਣ ਵਾਸਤੇ, ਕਿ ਪਿੰਡ ਵਿਚ ਜਾਂਦਿਆਂ ਸਾਡਾ ਅਜਿਹਾ ਰੋਹਬ ਦਾਬ ਪੈ ਜਾਵੇ, ਕੋਈ ਮੁਕਾਬਲਾ ਕਰਨ ਲਈ ਸਾਹਮਣੇ ਨਾ ਆਵੇ, ਤੇ ਨਾ ਪਰਸਪਰ ਕੋਈ ਖੂਨ ਖਰਾਬਾ ਹੋਵੇ।

ਸੰਤ—ਹਸ ਕੇ ਕਿਹਾ, ਕਿ ਭਾਈ ਵਕੀਲ ਇਕ ਪਾਸੋਂ ਹੋਈਦਾ ਹੈ, ਜਾਂ ਦੋਹਾਂ ਵਲੋਂ।

ਡਾਕੂ—ਹਾਂ ਜੀ ਇਕ ਵਲੋਂ ਹੀ।

ਸੰਤ—ਫਿਰ ਅਸੀਂ ਪਿੰਡ ਵਲੋਂ ਹੋ ਚੁਕੇ ਹਾਂ, ਸਾਡੀ ਬੈਰਾਗਣ ਨਾਲ ਪਿੰਡ ਦੇ ਆਲੇ ਦੁਆਲੇ ਉਨ੍ਹਾਂ ਇਕ ਲਕੀਰ ਖਿਚ ਦਿਤੀ ਹੈ, ਜਿਸ ਉਤੋਂ ਲੰਘ ਕੇ ਭੈੜੀ ਨੀਯਤ ਨਾਲ ਤੁਸੀਂ ਪਿੰਡ ਦੇ ਅੰਦਰ ਨਹੀਂ ਜਾ ਸਕੋਗੇ।

ਸੰਤਾਂ ਦੇ ਸਫਾਈ ਤੇ ਨਿਰਭੈਤਾ ਦੇ ਵਚਨ ਸੁਣ ਕੇ ਡਾਕੂ ਹੈਰਾਨ ਰਹਿ ਗਏ, ਤੇ ਨਿਰਾਸੇ ਹੋ ਕੇ ਮੁੜ ਗਏ। ਸਵੇਰੇ ਇਸ ਗੱਲ ਦੀ ਚਰਚਾ ਪਿੰਡ ਵਿਚ ਫੈਲ ਗਈ, ਕਿ ਡਾਕੂ ਆਏ ਸਨ, ਪਰ ਸੰਤਾਂ ਦੀ ਕ੍ਰਿਪਾ ਨਾਲ ਖਾਲੀ ਹਥ ਮੁੜ ਗਏ ਹਨ, ਲੋਗ ਬੜੇ ਖੁਸ਼ ਹੋਏ। ਸਵੇਰੇ ਦਰਸ਼ਨ ਲਈ ਆਣ ਅਕਠੇ ਹੋਏ। ਨਿਮ੍ਰਤਾ ਨਾਲ ਕਹਿਣ ਲਗੇ, ਕਿ ਮਹਾਰਾਜ ਆਪ ਦੀ ਬੜੀ ਕ੍ਰਿਪਾ ਹੋਈ ਹੈ। ਸੰਤਾਂ ਕਿਹਾ ਕਿ ਭਾਈ ਇਹ ਸਾਡੀ ਕ੍ਰਿਪਾ ਨਹੀਂ ਹੋਈ ਜੇ, ਕੇਵਲ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ

ਹੋਈ ਜੇ, ਜੇ ਇਸੇ ਤਰ੍ਹਾਂ ਹਮੇਸ਼ਾਂ ਗੁਰੂ ਸਾਹਿਬ ਜੀ ਦੀ ਕ੍ਰਿਪਾ ਚਾਹੁੰਦੇ ਹੋ, ਤਾਂ ਸ੍ਰੀ ਜਪੁਜੀ ਸਾਹਿਬ ਆਦ ਗੁਰਬਾਣੀ ਦਾ ਪਾਠ ਕੀਤਾ ਕਰੋ। ਸਤਿ ਸੰਗ ਵਿਚ ਹਰੀ ਜਸੁ ਸੁਣਿਆ ਸੁਣਾਇਆ ਕਰੋ। ਇਸ ਵੇਲੇ ਆਪ ਦੇ ਵਚਨ ਅਮੋਘ ਬਾਣ ਸਨ, ਜੋ ਸਭ ਦੇ ਦਿਲਾਂ ਨੂੰ ਕਾਟ ਕਰ ਗਏ। ਸਭ ਨੇ ਸਤਿ-ਸੰਗ ਕਰਨ ਦਾ ਨੇਮ ਕੀਤਾ। ਬਾਅਦ ਰੋਜ਼ ਆਪ ਦੇ ਪਾਸ ਸੰਗਤ ਦੀ ਆਵਾ ਜਾਈ ਸ਼ੁਰੂ ਹੋ ਗਈ, ਤੇ ਆਪ ਭੀ ਗੁਰੂ ਸਾਹਿਬ ਜੀ ਦਾ ਉਤਮ ਉਪਦੇਸ਼ ਸੁਣਾਉਂਦੇ ਰਹੇ। ਦਿਨ ਆਏ ਡੇਰਾ ਬੱਝ ਗਿਆ। ਜਦ ਇਸ ਤਰ੍ਹਾਂ ਇਕ ਪ੍ਰਚਾਰ ਦਾ ਸੋਮਾ ਕਾਇਮ ਹੋ ਗਿਆ, ਤਾਂ ਦੂਰੋਂ ਦੂਰੋਂ ਇਲਾਕੇ ਦੇ ਸਿਖ ਸੇਵਕ ਸਤਿ ਸੰਗ ਵਿਚ ਆਣ ਕੇ ਲਾਭ ਉਠਾਣ ਲਗ ਪਏ।

ਇਸ ਪਿੰਡ ਵਿਚ ਪਹਿਲਾਂ ਸਾਰੇ ਸਹਿਜ ਧਾਰੀ ਸੇਵਕ ਵਸਦੇ ਸਨ। ਰੱਬ ਦੀ ਨੇਤ ਇਕ ਵੇਰਾਂ ਬਿਮਾਰੀ ਪੈ ਗਈ। ਕਈ ਭਜ ਗਏ, ਕਈ ਡਰ ਕੇ ਸੰਤਾਂ ਪਾਸ ਆ ਗਏ। ਸੰਤਾਂ ਕਹਿ ਦਿਤਾ ਕਿ ਭਾਈ ਜਿਹੜਾ ਕੋਈ ਸ੍ਰੀ ਦਸ਼ਮੇਸ਼ ਗੁਰੂ ਜੀ ਦਾ ਅੰਮ੍ਰਿਤ ਛਕੇਗਾ, ਉਸ ਨੂੰ ਬਿਮਾਰੀ ਦਾ ਕੁਝ ਡਰ ਭੈ ਨਹੀਂ ਰਹੇਗਾ। ਸਭਨਾਂ ਮਨਜ਼ੂਰ ਕੀਤਾ। ਸੰਤਾਂ ਨੇ ਬਾਣੀ ਪੜ੍ਹ ਕੇ ਇਕ ਵਡਾ ਸਾਰਾ ਕੜਾਹ ਅਮ੍ਰਿਤ ਦਾ ਤਿਆਰ ਕੀਤਾ, ਜਿਹੜਾ ਅਉਂਦਾ ਗਿਆ, ਉਸ ਨੂੰ ਛਕਾਉਂਦੇ ਗਏ। ਕਈ ਕੇਸਾ ਧਾਰੀ ਸਿਖ ਸਜ ਗਏ।

ਇਸ ਤਰ੍ਹਾਂ ਆਪ ਦਾ ਇਤਨਾ ਪ੍ਰਤਾਪ ਵਧਿਆ ਜਿਹੜਾ ਆਪ ਦਾ ਉਪਦੇਸ਼ ਸੁਣਦਾ, ਇਕ ਦਮ ਸਾਧੂ ਬ੍ਰਿਤੀ ਵਿਚ ਹੋ

ਜਾਂਦਾ । ਬਲਕਿ ਇਸੇ ਗੱਲ ਨੂੰ ਸਾਹਮਣੇ ਰਖ ਕੇ ਲੋਗੀ ਬੋਲੀਆਂ ਪਾਉਣ ਲਗ ਪਏ, ਤੇਰੀ ਕੁਲੀ ਨੂੰ ਅੱਗ ਲਗ ਜਾਏ। ਮਲ ਸਿੰਘਾ ਸਾਡੇ ਮੁੰਡੇ ਸੰਤ ਬਣ ਗਏ।

ਜਿਤਨਾ ਚਿਰ ਸਰੀਰ ਰਿਹਾ, ਆਪ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ । ਵਡੇ ਪ੍ਰਤਾਪਸ਼ੀਲ ਮਹਾਤਮਾ ਪ੍ਰਸਿਧ ਹੋਏ। ਭਜਨ ਪਾਠ ਵਿਚ ਉਮਰਾ ਬਿਤੀਤ ਕੀਤੀ ।

ਹੇਠ ਲਿਖੇ ਸਾਧੂ ਆਪ ਦੇ ਸ਼ਿਸ਼ ਸਨ:-

ਮਹੰਤ ਗੁਰਦਿਤ ਸਿੰਘ ਜੀ, ਬੀਰ ਸਿੰਘ ਜੀ, ਸੰਤ ਅਮਰ ਸਿੰਘ ਜੀ, ਬਿਸ਼ਨ ਸਿੰਘ ਜੀ, ਦੇਵਾ ਸਿੰਘ ਜੀ, ਚੜ੍ਹਤ ਸਿੰਘ ਜੀ, ਪੰ: ਚੇਤ ਸਿੰਘ ਜੀ, ਖੜਗ ਸਿੰਘ ਜੀ, ਬਾਬਾ ਮਨਸੂਰ ਸਿੰਘ ਜੀ, ਸੋਹਣ ਸਿੰਘ ਜੀ, ਮਹੰਤ ਰਾਮ ਸਿੰਘ ਜੀ ਆਦਕ । ਅੰਤ ਨੂੰ ਸ੍ਰੀ ਸੰਤ ਗੁਰਦਿਤ ਸਿੰਘ ਜੀ ਨੂੰ ਡੇਰੇ ਦੀ ਸੇਵਾ ਬਖਸ਼ ਕੇ ਸੰਮਤ ੧੯੧੬ ਵਿਚ ਆਪ ਗੁਰਪੁਰੀ ਸਿਧਾਰ ਗਏ। ੧੯੧੭ ਸੰਮਤ ਵਿਚ ਆਪ ਦੀ ਸਮਾਧ ਬਣੀ।

## ਮਹੰਤ ਗੁਰਦਿਤ ਸਿੰਘ ਜੀ

ਆਪ ਦਾ ਜਨਮ, ਪਿੰਡ ਮੂਣਕਾਂ ਬੋਲੇ ਵਾਲ ਵਿਚ ਸੰਮਤ ੧੮੯੦ ਕਤਕ ਪੂਰਨ ਮਾਸ਼ੀ ਦੀ ਰਾਤ ਨੂੰ ਹੋਇਆ। ੧੯੦੮ ਵਿਚ ਸੰਤਾਂ ਦੀ ਸ਼ਰਨ ਵਿਚ ਆਏ, ਡੇਰੇ ਦੀ ਸੇਵਾ ਕਰਦੇ ਨਾਲ ਪੜ੍ਹਦੇ ਰਹੇ। ਸੰਮਤ ੧੯੧੬ ਵਿਚ ਮਹੰਤ ਅਸਥਾਪਨ ਹੋਏ । ਡੇਰੇ ਦੀ ਬੜੀ ਉਨਤੀ ਕੀਤੀ । ਕਈ ਵਿਦਿਆਰਥੀ ਪੜ੍ਹਾਏ। ਵੇਦਾਂਤ ਦੇ ਗੁਰੂ ਘਰ ਤੇ ਪੁਸਤਕਾਂ ਦੇ ਆਪ ਚੰਗੇ ਜਾਣੂ ਸਨ।

ਕਈ ਪੁਸਤਕ ਕਵਿਤਾ ਵਿਚ ਰਚੇ। ਆਪ ਭੀ ਆਪਣੇ ਸੰਤਾਂ ਵਾਂਗ ਬੜੇ ਤਪ ਤੇਜ ਵਾਲੇ ਹੋਏ।

ਸਰੀਰ ਚੰਗਾ ਭਾਰਾ ਗੌਰ ਦਰਸ਼ਨੀ ਸੀ। ਸੰਤ ਗੁਲਾਬ ਸਿੰਘ ਜੀ, ਸੰਤ ਅਤਰ ਸਿੰਘ ਜੀ, ਪੰ: ਰਾਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਵਿਸਾਖਾ ਸਿੰਘ ਜੀ, ਸੰਤ ਅਮਰ ਸਿੰਘ ਜੀ, ਸੰਤ ਹਰਨਾਮ ਸਿੰਘ ਜੀ, ਸੰਤ ਕੇਹਰ ਸਿੰਘ ਜੀ ਕਾਰਬਾਰੀ, ਸੰਤ ਮੋਹਰ ਸਿੰਘ ਜੀ, ਸੰਤ ਹਾਕਮ ਸਿੰਘ ਜੀ ਆਦ ਕਈ ਸੰਤ ਆਪ ਦੇ ਚੇਲੇ ਹੋਏ। ਅੰਤ ਨੂੰ ਸੰਤ ਰਾਮ ਸਿੰਘ ਜੀ ਨੂੰ ਮਹੰਤ ਅਸਥਾਪਨ ਕਰਕੇ ਸੰਮਤ ੧੯੭੪ ਅਸੂ ੮ ਐਤਵਾਰ ਨੂੰ ੮੪ ਸਾਲ ਦੀ ਉਮਰ ਵਿਚ ਸਰੀਰ ਤਿਆਗ ਗਏ।

## ਮਹੰਤ ਰਾਮ ਸਿੰਘ ਜੀ

ਆਪ ਦਾ ਜਨਮ ਪਿੰਡ ਕੁਰਾਲਾ ਕਲਾਂ ਜ਼ਿਲਾ ਹੁਸ਼ਿਆਰ ਪੁਰ ਵਿਚ ਸੰਮਤ ੧੯੩੬ ਕਤਕ ਪਹਿਲੀ ਨੂੰ ਹੋਇਆ, ੧੪ ਸਾਲ ਦੀ ਉਮਰ ਵਿਚ ਸੰਮਤ ੧੯੫੦ ਨੂੰ ਸੰਤਾਂ ਦੀ ਸੰਗਤ ਵਿਚ ਆਏ, ਪੜ੍ਹਦੇ ਸੇਵਾ ਕਰਦੇ ਰਹੇ। ੨੪ ਸਾਲ ਲਗਾਤਾਰ ਸੇਵਾ ਕਰਨ ਤੋਂ ਬਾਅਦ ਸੰਮਤ ੧੯੭੪ ਵਿਚ ਆਪ ਗੱਦੀ ਨਸ਼ੀਨ ਹੋਏ। ਡੇਰੇ ਦੀ ਉਨਤੀ ਵਲ ਖਿਆਲ ਦਿਤਾ, ਇਕ ਖੂਹ ਸੰਮਤ ੧੯੭੬ ਵਿਚ ਡੇਰੇ, ਅਤੇ ੧੯੯੮ ਵਿਚ ਦੂਜਾ ਖੂਹ ਆਬਪਾਸ਼ੀ ਲਈ ਬਾਹਰ ਲੁਵਾਇਆ। ਸੰਮਤ ੧੯੯੯ ਵਿਚ ਕਈ ਮਕਾਨ ਬਣਾਏ ਆਪ ਗੁਰੂ ਭਗਤ ਪੂਰੇ ਸਨ। ਅਪਣੇ ਸੰਤਾਂ ਦੀ ਘੋੜੀ ਤੇ ਕਦੇ ਨਹੀਂ ਚੜ੍ਹਦੇ ਸਨ ਬਲਕਿ ਨਮਸਕਾਰ

ਕਰ ਕੇ ਖੁਸ਼ ਹੁੰਦੇ ਸਨ। ਅਕਾਲੀ ਲਹਿਰ ਵਿਚ ਅਕਾਲੀਆਂ ਨਾਲ ਆਪ ਦਾ ਝਗੜਾ ਭੀ ਗੁਰਦਵਾਰਾ ਕਚਹਿਰੀ ਵਿਚ ਚਲਦਾ ਰਿਹਾ। ਬਿਆਨ ਵਿਚ ਨਿਰਮਲੇ ਸੰਤਾਂ ਦਾ ਡੇਰਾ ਸਿਧ ਕੀਤਾ। ਅਖੀਰ ਸੰਨ ੧੯੩੦ ਨਵੰਬਰ ੨੯ ਨੂੰ ਆਪ ਦੇ ਹੱਕ ਵਿਚ ਫੈਸਲਾ ਹੋਇਆ ਸੰਮਤ ੨੦੦੬ ਵਿਚ ਆਪ ਨੇ ਆਨੰਦ ਪੁਰ ਸਾਹਿਬ ਇਕ ਕਨਾਲ ਜ਼ਮੀਨ ਲੈ ਕੇ ਬੜਾ ਭਾਰੀ ਮਕਾਨ ਬਣਾਇਆ। ਆਪ ਚੰਗੇ ਵਿਦਵਾਨ ਇਲਾਕੇ ਵਿਚ ਮਾਨਨੀਯ ਪੁਰਸ਼ ਸਨ। ਆਦਰ ਸਤਿਕਾਰ ਬਣਿਆ ਹੋਇਆ ਸੀ, ਭੇਖ ਪ੍ਰਸਿਧ ਆਏ ਗਏ ਸਾਧੂ ਸੰਤ ਦੀ ਸੇਵਾ ਪਿਆਰ ਨਾਲ ਕਰਦੇ ਸਨ। ਸਿਖਾਂ ਸੇਵਕਾਂ ਦੀ ਆਵਾ ਜਾਈ ਰਹਿੰਦੀ ਸੀ। ਆਪ ਪੁਰਾਤਨ ਤੇ ਨਵੇਂ ਜ਼ਮਾਨੇ ਨੂੰ ਚੰਗੀ ਤਰ੍ਹਾਂ ਸਮਝਣ ਵਾਲੇ ਸਿਆਣੇ ਮਹੰਤ ਸਨ। ਆਪ ਦੇ ਚੇਲੇ ਸੰਤ ਸੁਰਜਨ ਸਿੰਘ ਜੀ ਗਿ: ਸੁੰਦਰ ਸਿੰਘ ਜੀ, ਸੰਤ ਫਤੇਹ ਸਿੰਘ ਜੀ, ਸੰਤ ਤਾਰਾ ਸਿੰਘ ਜੀ ਆਦਕ ਸਨ, ਪਰ ਕਈ ਵਰ੍ਹੇ ਪਹਿਲਾਂ ਹੀ ਸੰਤ ਸੁਰਜਨ ਸਿੰਘ ਜੀ ਨੂੰ ਮਹੰਤੀ ਦੇ ਕੇ ੨੯ ਸਾਵਣ ਸੰਮਤ ੨੦੦੯ ਨੂੰ ਆਪ ਗੁਰਪੁਰੀ ਸਿਧਾਰ ਗਏ।

## ਮਹੰਤ ਸੁਰਜਨ ਸਿੰਘ ਜੀ

ਆਪ ਦਾ ਜਨਮ, ਧਾਰੀਵਾਲ ਜ਼ਿਲਾ ਹੁਸ਼ਿਆਰ ਵਿਚ ਮਘਰ ਸੰਮਤ ੧੯੭੩ ਨੂੰ ਹੋਇਆ। ੧੧ ਸਾਲ ਦੀ ਉਮਰ ਵਿਚ ਡੇਰੇ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਸਰੀਰ ਉਦਮੀ ਸੀ, ਹਰ ਕਾਰ ਵਿਹਾਰ ਵਿਚ ਸਿਆਣੇ ਮੰਨੇ ਗਏ। ਵਡੇ ਹੋਏ

ਸੰਤਾਂ ਦੇ ਕਿਰਪਾ ਪਾਤ੍ਰ ਬਣ ਗਏ। ਸਮੇਂ ਦੀ ਤਬਦੀਲੀ ਨੂੰ ਵੇਖ ਕੇ ਆਪ ਨੇ ਸ਼ਾਦੀ ਕਰਾ ਲਿਤੀ। ਇਸ ਵੇਲੇ ਆਪ ਦਾ ਸਪੁਤ੍ਰ ਚੇਲਾ ਸੰਤ ਅਮੋਲਕ ਸਿੰਘ ਹੈ, ਜੋ ਬੀ. ਏ. ਪਾਸ ਕਰ ਚੁਕਾ ਹੈ। ਇਹ ਭੀ ਸ਼ਾਦੀ ਸ਼ੁਦਾ ਹੈ। ਮਹੰਤ ਸੁਰਜਨ ਸਿੰਘ ਜੀ ਦਾ ਸੁਭਾਅ ਅਤੀ ਮੇਲ ਮਿਲਾਪ ਵਾਲਾ ਹੈ। ਆਏ ਸੰਤ ਦਾ ਪੂਰਾ ਆਦਰ ਸਤਕਾਰ ਕਰਦੇ ਹਨ।

## ਰਾਜਗਿਰੀ ਜ਼ਿਲਾ ਪਟਨਾ ਸਾਹਿਬ

## ਸ਼੍ਰੀ ਸੰਤ ਚਰਨ ਸਿੰਘ ਜੀ (ਮਾਈ ਜੀ)

ਆਪ ਦਾ ਜਨਮ ਪੱਟੀ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਜਦ ਵਰ ਦੇ ਯੋਗ ਹੋਏ ਪਿਤਾ ਨੇ ਕੁੜਮਾਈ ਕਰ ਦਿਤੀ, ਵਿਆਹ ਦੇ ਦਿਨ ਨੇੜੇ ਆਏ, ਤਾਂ ਉਹ ਲੜਕਾ ਜਿਸਨੇ ਪਤੀ ਬਣਨਾ ਸੀ ਮਰ ਗਿਆ। ਦੋ ਵਰ੍ਹਿਆਂ ਦੇ ਬਾਅਦ ਫਿਰ ਹੋਰ ਕਿਸੇ ਨਾਲ ਮੰਗਣੀ ਹੋਈ, ਰਬ ਦੀ ਨੇਤ ਉਹ ਭੀ ਵਿਆਹ ਹੋਣ ਤੋਂ ਪਹਿਲਾਂ ਹੀ ਮਰ ਗਿਆ। ਇਨ੍ਹਾਂ ਦੇ ਦਿਲ ਵਿਚ ਕੁਝ ਅਜਿਹੀ ਚੋਟ ਲਗੀ, ਸੰਸਾਰ ਵਲੋਂ ਉਪ੍ਰਾਮ ਹੋ ਗਏ, ਮਾਤਾ ਪਿਤਾ ਦੀ ਆਗਿਆ ਨਾਲ ਅੰਮ੍ਰਿਤਸਰ ਆਪਣੀ ਭੂਆ ਦੇ ਪਾਸ ਆ ਗਏ, ਭੂਆ ਸਤਿਸੰਗਣ ਸੀ, ਵੇਦਾਂਤ ਪੁਸਤਕ ਯੋਗ ਵਿਸ਼ਿਸ਼ਟ ਆਦਕਾਂ ਦੇ ਪੜ੍ਹਨ ਦਾ ਅਭਯਾਸ ਰਖਦੀ ਸੀ, ਇਨ੍ਹਾਂ ਨੂੰ ਵੀ ਪ੍ਰੇਮ ਆਇਆ। ਭੂਆ ਦੇ ਨਾਲ ਹੀ ਪੜ੍ਹਨ ਸੁਨਣ ਦਾ ਅਭਿਆਸ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਇਕ ਦੋ ਵਰ੍ਹੇ ਭੂਆ

ਦੇ ਘਰ ਬਤੀਤ ਕੀਤੇ।

ਇਨ੍ਹਾਂ ਦਿਨਾਂ ਵਿਚ ਸ੍ਰੀ ਸੰਤ ਦੇਵਾ ਸਿੰਘ ਜੀ ਪੰਡੋਰੀ ਵਾਲੇ ਸ੍ਰੀ ਅੰਮ੍ਰਿਤਸਰ ਆਏ। ਆਪ ਸ੍ਰੀ ਹਰਮੰਦ੍ਰ ਸਾਹਿਬ ਜੀਦੀ ਯਾਤ੍ਰਾ ਕਰਕੇ ਵਡੀ ਪ੍ਰਕਰਮਾ ਵਿਚ ਸਣੇ ਸਾਧੂ ਸਮਾਜ ਦੇ ਬੈਠਿਆ ਕਰਦੇ ਸਨ, ਨਾਲ ਹੀ ਕੁਝ ਪ੍ਰਸੰਗ ਸੁਣਾਇਆ ਕਰਦੇ ਜਿਸ ਨੂੰ ਸੁਣ ਕੇ ਸ੍ਰੋਤਾ ਗਣ ਬੜੇ ਪ੍ਰਸੰਨ ਹੋਇਆ ਕਰਦੇ, ਇਹ ਭੀ ਸੁਣ ਕੇ ਮਨ ਵਿਚ ਸ਼ਾਂਤੀ ਅਵਸਥਾ ਨੂੰ ਪ੍ਰਾਪਤ ਹੋਇਆ ਕਰਦੇ। ਇਕ ਦਿਨ ਭੂਆ ਦੀ ਸਲਾਹ ਨਾਲ ਸੰਤ ਦੇਵਾ ਸਿੰਘ ਜੀ ਦੇ ਪਾਸੋਂ ਗੁਰ ਦੀਖਿਆ ਲੈ ਲਿਤੀ। ਸੰਤ ਤਾਂ ਯਾਤਰਾ ਕਰਕੇ ਪੰਡੋਰੀ ਜਾ ਪਹੁੰਚੇ। ਪਿਛੋਂ ਆਪ ਨੇ ਨਾਮ ਤੇ ਵੇਦਾਂਤ ਪੜ੍ਹਨ ਦਾ ਅਜਿਹਾ ਅਭਿਆਸ ਕੀਤਾ ਕਿ ਬਿਲਕੁਲ ਸੰਸਾਰ ਵਲੋਂ ਉਦਾਸੀਨ ਹੋ ਗਏ।

ਇਕ ਦਿਨ ਭੂਆ ਦੇ ਪਾਸ ਆਪਣਾ ਖਿਆਲ ਪ੍ਰਗਟ ਕੀਤਾ ਕਿ ਭੂਆ ਜੀ ਮੇਰਾ ਦਿਲ ਘਰ ਜਾਣ ਨੂੰ ਨਹੀਂ ਕਰਦਾ। ਭੂਆ ਨੇ ਪੁਛਿਆ ਕਿ ਕਿਥੇ ਰਹਿਣ ਨੂੰ ਦਿਲ ਚਾਹੁੰਦਾ ਹੈ। ਉਤਰ ਦਿਤਾ ਬਸ ਉਦਾਸੀਨ ਬ੍ਰਿਤੀ ਵਿਚ। ਭੂਆ ਨੇ ਗੁਸੇ ਨਾਲ ਕਿਹਾ ਕਿ ਧੀਆਂ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਿਆ ਕਰਦੀਆਂ ਮਾਪੇ ਤੇਰਾ ਵਿਆਹ ਰਚਾਈ ਬੈਠੇ ਹਨ। ਅਜੇ ਸੰਸਾਰ ਦਾ ਤੂੰ ਕੀ ਡਿਠਾ ਹੈ। ਉਤਰ ਦਿਤਾ ਭੂਆ ਜੀ ਆਪ ਸਿਆਣੇ ਹੋ ਜੇ ਮੇਰੀ ਕਿਸਮਤ ਵਿਚ ਸੰਸਾਰੀ ਸੁਖ ਲਿਖਿਆ ਹੁੰਦਾ ਤਾਂ ਵਿਆਹ ਤੋਂ ਪਹਿਲਾਂ ਹੀ ਦੋ ਕਿਉਂ ਮਰਦੇ, ਭੂਆ ਨਾ ਮੰਨੀ, ਪਰ ਆਪ ਇਕ ਦਿਨ ਉਦਾਸੀਨ ਅਵਸਥਾ ਵਿਚ ਘਰੋਂ ਤੁਰ ਪਏ। ਹੌਲੀ

ਹੌਲੀ ਪੰਡੋਰੀ ਆਪਣੇ ਸੰਤਾਂ ਦੇ ਚਰਨਾਂ ਵਿਚ ਆ ਗਏ। ਜਦ ਸੰਤਾਂ ਸਾਰੀ ਗੱਲ ਸੁਣੀ, ਰੰਜ ਹੋਏ ਤੇ ਇਸਤ੍ਰੀ ਜਾਮਾ ਜਾਣ ਕੇ ਡੇਰੇ ਵਿਚ ਰਹਿਣ ਦੀ ਆਗਿਆ ਦੇ ਦਿਤੀ। ਉਸ ਵੇਲੇ ਆਪਣੇ ਮਨ ਨੂੰ ਇਹ ਉਪਦੇਸ਼ ਦਿਤਾ ਕਿ ਮਨ ਤੇਰਾ ਇਸਤ੍ਰੀ ਜਾਮਾ ਵੇਖ ਕੋਈ ਰਖਣ ਵਿਚ ਰਾਜੀ ਨਹੀਂ ਇਸ ਲਈ ਜੇ ਬ੍ਰਹਮ ਆਨੰਦ ਨੂੰ ਮਾਨਣਾ ਹੈ ਤਾਂ ਨਗਰਾਂ ਤੋਂ ਬਾਹਰ ਬਨ ਵਿਚ ਰਹਿਕੇ ਸਮਾਂ ਬਤੀਤ ਕਰ।

ਪ੍ਰਣਾਮ ਕਰਕੇ ਇਥੋਂ ਹਰਦੁਆਰ ਚਲੇ ਗਏ। ਬਾਅਦ ਕੁਝ ਦਿਨ ਰਿਸ਼ੀ ਕੇਸ਼ ਗੁਜ਼ਾਰ ਕੇ ਹੌਲੀ ੨ ਪੂਰਬ ਦੇ ਤੀਰਥਾਂ ਦੀ ਯਾਤਰਾ ਕਰਦੇ ਰਾਜਗਿਰੀ (ਪਟਨਾ) ਦੇ ਪਹਾੜ ਕੋਲ ਜਾ ਪਹੁੰਚੇ। ਇਕੰਤ ਅਸਥਾਨ ਵੇਖ ਕੇ ਚਿਤ ਪ੍ਰਸੰਨ ਹੋ ਗਿਆ। ਉਪ੍ਰੰਤ ੧੮ ਸਾਲ ਕੰਦ ਮੂਲ ਖਾਕੇ ਤਪਸਿਆ ਕਰਦੇ ਰਹੇ।

ਇਕ ਦਿਨ ਮੁਤੇ ਸਿਧ ਫਿਰਦੇ ਤੁਰਦੇ ਇਕ ਨਿਰਮਲੇ ਸੰਤ ਮਿਲ ਗਏ। ਆਪ ਨੂੰ ਪੁਛਿਆ, ਕਿ ਆਪ ਕੌਣ ਹੋ? ਉਤ੍ਰ ਦਿਤਾ, ਕਿ ਅਸੀਂ ਨਿਰਮਲੇ ਸੰਤ ਹੁੰਦੇ ਹਾਂ, ਤੇ ਨਾਮ ਚਰਣ ਸਿੰਘ ਹੈ, ਸੰਤਾਂ ਕਿਹਾ ਕਿ ਨੰਗੇ ਕਿਉਂ ਫਿਰ ਰਹੇ ਹੋ, ਮਾਈ ਸਰੀਰ ਨੂੰ ਨੰਗਨ ਰਹਿਣਾ ਯੋਗ ਨਹੀਂ। ਆਪ ਨੇ ਕਿਹਾ ਕਿ ਮੈਂ ੧੮ ਸਾਲ ਤੋਂ ਕਿਸੇ ਪਿੰਡ ਨਗਰ ਦਾ ਮੂੰਹ ਨਹੀਂ ਵੇਖਿਆ, ਸੁਣ ਕੇ ਸੰਤ ਹੈਰਾਨ ਰਹਿ ਗਏ।

ਹੋਰ ਕਈ ਆਤਮ ਵਿਚਾਰ ਦੀਆਂ ਗੱਲਾਂ ਕਰਨ ਤੋਂ ਉਪ੍ਰੰਤ ਸੰਤ ਜੀ ਆਉਣ ਵੇਲੇ ਕਪੀਨਾਂ ਦੇ ਆਏ, ਤੇ ਇਸ ਗੱਲ ਵਲੋਂ ਨਿਸਚੇ ਕਰਾ ਆਏ, ਕਿ ਇਸਤ੍ਰੀ ਜਾਮਾ ਨਗਨ ਨਹੀਂ

ਹੋਣਾ ਚਾਹੀਦਾ, ਬਾਅਦ ਆਪ ਕਪੀਨ ਮਾਤ੍ਰ ਧਾਰਣ ਕਰਨ ਲਗ ਪਏ।

ਕਹਿੰਦੇ ਹਨ ਜੰਗਲ ਵਿਚ ਜਿਸ ਨਦੀ ਦੇ ਕਿਨਾਰੇ ਆਪ ਰਿਹਾ ਕਰਦੇ ਸਨ, ਦੈਵ ਯੋਗ ਉਸ ਦਾ ਪਾਣੀ ਇਕ ਵੇਰਾਂ ਮੁਕ ਗਿਆ, ਤਾਂ ਜਲ ਵਰਤਨ ਲਈ ਰੋਜ਼ ਬ੍ਰਹਮ ਕੁੰਡ (ਜਿਸ ਦਾ ਪਾਣੀ ਗਰਮ ਸੀ) ਜਾਣਾ ਸ਼ੁਰੂ ਕਰ ਦਿਤਾ, ਇਕ ਦਿਨ ਇਕ ਚੰਗਾ ਅਮੀਰ ਪੰਡਾ ਸਾਹਮਣਿਓਂ ਮਿਲਿਆ, ਮਾਈ ਜੀ ਦੀ ਉਚੀ ਅਵਸਥਾ ਵੇਖ ਕੇ ਪ੍ਰਣਾਮ ਕੀਤੀ, ਤੇ ਸਨਿਮ੍ਰ ਪ੍ਰਾਰਥਨਾ ਕੀਤੀ, ਕਿ ਮਾਤਾ ਜੀ ਕੁਝ ਦਾਤ ਬਖਸ਼ੋ, ਮਾਈ ਜੀ ਨੇ ਜਦ ਪੁਛਿਆ ਕੀ ਕੁਝ ਦਾਤ ਲੈਣਾ ਚਾਹੁੰਦਾ ਹੈ ਤਾਂ ਪੰਡੇ ਨੇ ਕਿਹਾ, ਸੰਤਾਨ ਚਾਹੁੰਦਾ ਹਾਂ, ਮਾਈ ਜੀ ਨੇ ਪ੍ਰਸੰਨਤਾ ਨਾਲ ਕਿਹਾ, ਕਿ ਜੇ ਮੇਰਾ ਪਤਾ ਕਿਸੇ ਨੂੰ ਨਾ ਦਸੇਂਗਾ ਤਾਂ ਲੜਕਾ ਹੋਵੇਗਾ, ਨਹੀਂ ਤਾਂ ਲੜਕੀ ਹੋਵੇਗੀ। ਇਹ ਸੁਣ ਕੇ ਖੁਸ਼ੀ ਖੁਸ਼ੀ ਘਰ ਆਇਆ, ਸੱਤ ਅੱਠ ਮਹੀਨਿਆਂ ਦੇ ਬਾਅਦ ਅਪਣੇ ਘਰ ਉਮੈਦਵਾਰੀ ਵੇਖ ਕੇ ਬੜਾ ਪ੍ਰਸੰਨ ਹੋਇਆ, ਖੁਸ਼ੀ ਵਿਚ ਆ ਕੇ ਅਪਣੇ ਦੋ ਚਾਰ ਸਰੀਰਾਂ ਨੂੰ ਨਾਲ ਲੈ ਕੇ ਮਾਈ ਜੀ ਦੇ ਦਰਸ਼ਨ ਲਈ ਚਲਿਆ ਗਿਆ। ਬ੍ਰਹਮ ਕੁੰਡ ਦੇ ਨੇੜੇ ਤੇੜੇ ਛੁਪ ਕੇ ਬੈਠ ਗਏ। ਉਧਰੋਂ ਮਾਈ ਜੀ ਅਪਣੇ ਰੋਜ਼ ਦੇ ਸਮੇਂ ਇਸ਼ਨਾਨ ਕਰਨ ਲਈ ਆ ਪਹੁੰਚੇ ਤਾਂ ਇਨ੍ਹਾਂ ਨੇ ਅਗੇ ਵਧ ਕੇ ਆਣ ਪ੍ਰਣਾਮ ਕੀਤੀ। ਮਾਈ ਜੀ ਨੇ ਕਿਹਾ ਕਿ ਸਾਡਾ ਕਹਿਣਾ ਯਾਦ ਨਹੀਂ ਰਖਿਆ, ਹਛਾ ਹੁਣ ਲੜਕੀ ਹੀ ਹੋਵੇਗੀ।

ਪੰਡਾ ਹੈਰਾਨ ਹੋ ਕੇ ਕਹਿਣ ਲਗਾ ਕਿ ਮੇਰੀ ਤਾਂ ਵੰਸ਼

ਨਾ ਵਧੀ,ਮਾਈ ਜੀ ਨੇ ਕਿਹਾ ਕਿ ਹੁਣ ਹੋਣ ਵਾਲੀ ਲੜਕੀ ਦੀ ਵੰਸ਼ ਬੜੀ ਵਧੇਗੀ। ਦਿਨ ਪਾ ਕੇ ਲੜਕੀ ਹੋਈ ਤੇ ਪੰਡੇ ਨੇ ੧੨ ਵਿਘੇ ਜ਼ਮੀਨ ਤੇ ਇਕ ਮਕਾਨ ਸ਼ਹਿਰ ਵਿਚ ਮਾਈ ਜੀ ਦੇ ਅਰਪਣ ਕੀਤਾ। ਸੁ ਆਪ ਜੀ ਦੇ ਵਾਕ ਅਨੁਸਾਰ ਉਸ ਬੀਬੀ ਦਾ ਅਜ ਕਲ ਚੰਗਾ ਪ੍ਰਵਾਰ ਵਧਿਆ ਹੋਇਆ ਹੈ।

ਆਪ ਦੀਆਂ ਕਈ ਸਿਧੀਆਂ ਪ੍ਰਸਿਧ ਹਨ,ਜਿਸ ਰਾਜ-ਪੂਤ ਵਲੋਂ ਪੰਜ ਵਿਘੇ ਜ਼ਮੀਨ ਲਗੀ ਹੋਈ ਹੈ ਤੇ ਸਾਲ ਦੇ ਸਾਲ ਮੇਲੇ ਦਾ ਸਾਰਾ ਖਰਚ ਦੇਂਦਾ ਹੈ ਉਸ ਦੀ ਕਥਾ ਕਹਿੰਦੇ ਹਨ ਕਿ ਇਕ ਵੇਰਾਂ ਅਪਣੀ ਰਾਣੀਆਂ ਨੂੰ ਦਰਸ਼ਨ ਕਰਾਣ ਖਾਤ੍ਰ ਉਸ ਨੇ ਕਿਸੀ ਮੁਖੀ ਆਦਮੀ ਦੀ ਰਾਹੀਂ ਰਣਵਾਸ ਵਿਚ ਦਰਸ਼ਨ ਦੇ ਜਾਣ ਲਈ ਮਾਈ ਜੀ ਨੂੰ ਅਖਵਾ ਭੇਜਿਆ, ਤਾਂ ਆਪ ਨੇ ਕਿਹਾ, ਕਿ ਭਲਾ ਜੰਗਲਾਂ ਦੇ ਵਾਸੀਆਂ ਦਾ ਰਣਵਾਸ ਵਿਚ ਕੀ ਕੰਮ, ਇਕ ਦੋ ਹੋਰ ਸੰਦੇਸੇ ਭੇਜੇ, ਮਾਈ ਜੀ ਨਾ ਗਏ, ਰੰਜ ਹੋ ਗਿਆ। ਆਖਰ ਤੇਜ਼ੀ ਨਾਲ ਅਪਣਾ ਆਪ ਕੁਝ ਦੱਸਣ ਲਈ ਜਦ ਤੁਰ ਪਿਆ, ਤਾਂ ਇਕ ਦਮ ਪਿਛੋਂ ਆ ਸੰਦੇਸ਼ਾ ਮਿਲਿਆ, ਕਿ ਮਕਾਨ ਨੂੰ ਅੱਗ ਲਗ ਗਈ ਹੈ ਤੇ ਦੋਵੇਂ ਬਚੇ ਝੁਲਸ ਗਏ ਹਨ। ਪਿਛੇ ਮੁੜ ਪਿਆ, ਬਚਿਆਂ ਨੂੰ ਦੁਖੀ ਹੁੰਦਾ ਵੇਖ ਕੇ ਅਪਣੀ ਗ਼ਲਤੀ ਦਾ ਫਲ ਮੰਨਣ ਲਗ ਪਿਆ। ਆਜਜ਼ ਹੋ ਕੇ ਜਾ ਹਾਜ਼ਰ ਹੋਇਆ। ਭੁਲ ਬਖਸ਼ਾਈ, ਮਾਈ ਜੀ ਨੇ ਅਪਣੇ ਧੂਣੇ ਦੀ ਚੁਟਕੀ ਦੇ ਕੇ ਵਾਪਸ ਕੀਤਾ। ਬਸ ਓਹ ਸੁਆਹ ਲਗਾਉਣ ਨਾਲ ਦੋਵੇਂ ਰਾਜ਼ੀ ਹੋ ਗਏ। ਇਸ ਖੁਸ਼ੀ ਵਿਚ ਰਾਜਪੂਤ ਨੇ ਅਸਥਾਨ ਨਾਲ ਪੰਜ ਵਿਘੇ ਜ਼ਮੀਨ

ਤੇ ਸਾਰਾ ਮੇਲੇ ਦਾ ਖਰਚ ਪ੍ਰਵਾਨ ਕੀਤਾ ਜੋ ਅਜ ਤਕ ਮਿਲ ਰਿਹਾ ਹੈ।

ਇਸੇ ਤਰ੍ਹਾਂ ਤਿੰਨ ਵਰ੍ਹੇ ਜਦ ਜ਼ਮੀਨ ਦਾ ਮਾਮਲਾ ਨਵਾਬ ਨੂੰ ਨਾ ਮਿਲਿਆ ਤਾਂ ਜ਼ਮੀਨ ਰੋਕ ਲਿਤੀ। ਦੇਵ ਯੋਗ ਉਸ ਦੇ ਲੜਕੇ ਖੇਡਦੇ ਖੇਡਦੇ ਖੂਹ ਵਿਚ ਡਿਗ ਪਏ। ਮੂਰਛਤ ਹੋ ਗਏ। ਇਸੀ ਹਾਲਤ ਵਿਚ ਨਵਾਬ ਮਾਈ ਜੀ ਦੇ ਪਾਸ ਲੈ ਆਇਆ। ਭੁਲ ਬਖਸ਼ਾਈ, ਮਾਈ ਜੀ ਨੇ ਹਥ ਫੇਰਿਆ ਲੜਕੇ ਸਾਵਧਾਨ ਹੋ ਗਏ, ਤਦ ਤੋਂ ਜ਼ਮੀਨ ਦਾ ਮਾਮਲਾ ਮਾਫ ਚਲਿਆ ਆਉਂਦਾ ਹੈ।

ਮਾਈ ਜੀ ਦੀ ਉਚ ਕਰਨੀ ਦਾ ਇਸ ਇਲਾਕੇ ਵਿਚ ਇਤਨਾ ਪ੍ਰਭਾਵ ਬੈਠਿਆ ਹੋਇਆ ਹੈ, ਕਿ ਅਜ ਕਲ ਭੀ ਪੰਡਿਆਂ ਦੇ ਘਰ ਜਨਮ ਤੇ ਮ੍ਰਿਤਕ ਸੰਸਕਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਤੇ ਜਾਂਦੇ ਹਨ। ਹਰ ਇਕ ਸੰਸਕਾਰ ਦੀ ਰਸਮ ੧।) ਅਰਦਾਸ ਦੇ ਕੇ ਪ੍ਰਾਰੰਭ ਕਰਦੇ ਹਨ। ਮਾਈ ਚਰਨ ਕੌਰ ਜੀ ਦੇ ਗੁਜ਼ਰ ਜਾਣ ਤੋਂ ਬਾਅਦ ਆਪ ਦੇ ਪਿਛੇ ਮਾਈ ਵਿਰਕਤ ਕੌਰ ਜੀ ਅਸਥਾਨ ਪੁਰ ਰਹੇ। ਬਾਅਦ ਮਹੰਤ ਫਤੇਹ ਸਿੰਘ ਜੀ ਚੇਲੇ ਮਹੰਤ ਰਾਮ ਸਿੰਘ ਜੀ ਮਹੰਤ ਟਿਕੇ ਰਹੇ। ਮਹੰਤ ਫਤੇਹ ਸਿੰਘ ਜੀ ਚੰਗੇ ਪੁਰਸ਼ਾਰਥੀ ਸਨ। ਮਕਾਨ ਦੀ ਤਰੱਕੀ ਦਾ ਵਡਾ ਖਿਆਲ ਰਖਦੇ ਸਨ। ਸਾਲ ਦੇ ਸਾਲ ਮੇਲਾ ਲਗਦਾ ਹੈ। ਗੁਰੂ ਘਰ ਦਾ ਪ੍ਰਚਾਰ ਜਾਰੀ ਰਖਦੇ ਸਨ। ਗੁਜ਼ਰ ਗਏ ਹਨ। ਇਨ੍ਹਾਂ ਤੋਂ ਬਾਅਦ ਅਜ ਕਲ ਇਕ ਮਾਈ ਜੀ ਅਸਥਾਨ ਦੀ ਸੇਵਾ ਕਰ ਰਹੇ ਹਨ।

# ਡੇਰਾ ਬਾੜੀਆਂ ਕਲਾਂ

## ਪੰਡਿਤ ਚੇਤ ਸਿੰਘ ਜੀ

ਚੇਲੇ ਮਹਾਰਾਜ ਸੰਤ ਮੱਲ ਸਿੰਘ ਜੀ ਪੰਡੋਰੀ, ਆਪ ਪੂਰਨ ਵਿਰਕਤ ਆਤਮਾ ਹਮੇਸ਼ਾ ਹਰਦੁਆਰ ਰਿਸ਼ੀ ਕੇਸ਼ ਆਦਿ ਤੀਰਥਾਂ ਪੁਰ ਵਿਚਰਦੇ ਰਹਿੰਦੇ ਸਨ। ਆਪ ਦੇ ਚੇਲੇ ਪੰਡਿਤ ਸਾਧੂ ਸਿੰਘ ਜੀ ਹੋਏ ਜੋ ਬਾੜੀਆਂ ਅੰਦਰਲੀ ਧਰਮਸਾਲਾ ਵਿਚ ਕਾਫੀ ਚਿਰ ਟਿਕੇ ਰਹੇ।

## ਪੰਡਿਤ ਸਾਧੂ ਸਿੰਘ ਜੀ

ਆਪ ਦਾ ਜਨਮ ਬਾੜੀਆਂ ਕਲਾਂ ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ। ੩੨ ਸਾਲ ਦੀ ਉਮਰ ਵਿਚ ਸਾਧੂ ਹੋਏ। ਕਾਂਸ਼ੀ ਕਈ ਸਾਲ ਪੜ੍ਹਕੇ ਚੰਗੇ ਵਿਦਵਾਨ ਹੋਏ। ਫਿਰਦੇ ਤੁਰਦੇ ਪੰਜਾਬ ਵਲ ਆਏ। ਸੰਮਤ ੧੯੧੯ ਦੇ ਲਗਪਗ ਝੋਲੇ ਦੀ ਬਿਮਾਰੀ ਹੋਣ ਕਰਕੇ ਇਥੇ ਪਿੰਡ ਦੀ ਅੰਦਰਲੀ ਧਰਮਸਾਲਾ ਵਿਚ ਆ ਟਿਕੇ, ਜਿਥੇ ੧੨ ਸਾਲ ਤਕ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਅੰਤ ਨੂੰ ਇਥੇ ਹੀ ਗੁਰਪੁਰੀ ਸਿਧਾਰ ਗਏ। ਆਪ ਦੀ ਰਹਿਣੀ ਬਹਿਣੀ ਪੂਰੇ ਵਿਰਕਤ ਵਿਦਵਾਨ ਮਹਾਤਮਾ ਵਾਲੀ ਸੀ। ਸਾਰੇ ਇਲਾਕੇ ਵਿਚ ਬੜੀ ਇਜ਼ਤ ਸੀ। ਆਪ ਦੇ ਚੇਲੇ ਸੰਤ ਪਰੇਮ ਸਿੰਘ ਜੀ, ਸੰਤ ਮੋਹਰ ਸਿੰਘ ਜੀ, ਪੰਡਿਤ

ਈਸ਼ਰ ਸਿੰਘ ਜੀ (ਕਲਜੁਗ) ਆਦਿ ਕਈ ਹੋਏ ਪਰ ਆਪ ਦੇ ਪਿਛੋਂ ਸੰਤ ਪ੍ਰੇਮ ਸਿੰਘ ਜੀ ਅਸਥਾਨ ਪੁਰ ਰਹੇ ਤੇ ਆਪ ਦੀ ਸਮਾਧ ਬਣਾ ਕੇ ਪੂਜਾ ਪ੍ਰਤਿਸ਼ਠਾ ਕਰਦੇ ਰਹੇ।

## ਮਹੰਤ ਪਰੇਮ ਸਿੰਘ ਜੀ

ਆਪ ਦਾ ਜਨਮ ਨੜਿਆਲਾਂ ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ। ਆਪ ਛੋਟੀ ਉਮਰ ਵਿਚ ਬਾੜੀਆਂ ਨਾਨਕੇ ਪਿੰਡ ਵਿਚ ਆਏ ਹੋਏ ਸਨ। ਇਥੇ ਹੀ ਸੰਤਾਂ ਦੇ ਦਰਸ਼ਨ ਕੀਤੇ, ਪਰੇਮ ਹੋ ਗਿਆ। ਸੇਵਾ ਕਰਨ ਲਗ ਪਏ। ਸੰਤਾਂ ਪਿਛੋਂ ਅਸਥਾਨ ਦੀ ਬੜੀ ਤਰੱਕੀ ਕੀਤੀ। ਪਿੰਡੋਂ ਬਾਹਰਵਾਰ ਇਹ ਡੇਰਾ ਆਪ ਨੇ ਹੀ ਆਬਾਦ ਕੀਤਾ। ਆਏ ਗਏ ਸਾਧੂ ਸੰਤ ਦੀ ਸੇਵਾ ਦਿਲੀ ਚਾਹ ਨਾਲ ਕਰਦੇ ਰਹੇ। ਸੰਤਾਂ ਵਾਂਗ ਆਪ ਭੀ ਭੇਖ ਪ੍ਰਸਿਧ ਸਨ। ਗਰੀਬ ਗੁਰਬਿਆਂ ਦੇ ਲਈ ਮੁਫਤ ਪਾਠ ਕਰਨ ਨੂੰ ਤਿਆਰ ਰਹਿੰਦੇ ਸਨ, ਸਮਾਧ ਬਣਾਨ ਲਈ ਆਪ ਨੇ ਮਨਾਹੀ ਕੀਤੀ ਹੋਈ ਸੀ। ਬਲਕਿ ਇਥੋਂ ਤਕ ਆਪ ਕਿਹਾ ਕਰਦੇ ਸਨ ਜੇਕਰ ਅਸਾਡਾ ਮ੍ਰਿਤਕੂ ਸਰੀਰ ਬਾਹਰ ਜੰਗਲ ਵਿਚ ਸੁਟ ਦਿਤਾ ਜਾਵੇ ਤਾਂ ਕਈ ਜੀਆਂ ਦੇ ਕੰਮ ਆ ਜਾਵੇਗਾ। ਇਸ ਤਰ੍ਹਾਂ ਦੇ ਆਪ ਉਪ੍ਰਾਮ ਬ੍ਰਿਤੀ ਸਾਧੂ ਹੋਏ ਹਨ। ਆਪ ਦੇ ਚੇਲੇ ਸੰਤ ਦਲੀਪ ਸਿੰਘ ਜੀ, ਗਿਆਨੀ ਅਰਜਨ ਸਿੰਘ ਜੀ, ਪੰਡਿਤ ਸੰਤ ਨਰੈਣ ਸਿੰਘ ਜੀ ਕਾਂਸ਼ੀ ਵਾਲੇ ਹੋਏ।

ਅੰਤ ਸੰਤ ਦਲੀਪ ਸਿੰਘ ਜੀ ਨੂੰ ਸੇਵਾ ਸੌਂਪ ਕੇ ਸੰਮਤ ੧੯੭੪ ਚੇਤ ਦੀ ੧੧ ਨੂੰ ਸਰੀਰ ਤਿਆਗ ਗਏ।

## ਮਹੰਤ ਪਿਆਰਾ ਸਿੰਘ ਜੀ ਡਾਕਟਰ

ਆਪ ਦਾ ਜਨਮ ਚਾਹਲ ਪੁਰ ਜ਼ਿਲਾ ਹੁਸ਼ਿਆਰਪੁਰ ਵਿਚ ਸੰਮਤ ੧੯੬੨ ਨੂੰ ਹੋਇਆ। ੧੨ ਸਾਲ ਦੀ ਉਮਰ ਵਿਚ ਸੰਤਾਂ ਪਾਸ ਆਏ। ਸੇਵਾ ਕਰਦੇ ਧਾਰਮਕ ਪੁਸਤਕ ਪੜ੍ਹਦੇ ਰਹੇ। ਬੁਧੀ ਅਛੀ ਸੀ, ਫਿਰ ਪ੍ਰਾਈਵੇਟ ਅੰਗਰੇਜ਼ੀ ਦਸਵੀਂ ਤਕ ਪੜ੍ਹੀ ਬਾਅਦ ਲਾਹੌਰ ਜਾਕੇ ਐਲੋਪੈਥਿਕ ਡਾਕਟਰੀ ਪੜ੍ਹਦੇ ਰਹੇ। ਹੋਮਿਉ ਪੈਥਿਕ, ਐਚ. ਐਮ. ਬੀ. ਦੀ ਡਿਗਰੀ ਭੀ ਆਪ ਨੇ ਪ੍ਰਾਪਤ ਕੀਤੀ ਹੋਈ ਹੈ। ਆਪ ਨੂੰ ਯੋਗ ਸਮਝ ਕੇ ਜਦ ਤੋਂ ਭੇਖ ਨੇ ਮਹੰਤੀ ਦਿਤੀ, ਤਦ ਤੋਂ ਹੀ ਡੇਰੇ ਦਾ ਕੰਮ ਚੰਗੀ ਤਰ੍ਹਾਂ ਚਲਾ ਰਹੇ ਹਨ। ਸੰਤਾਂ ਪਿਛੋਂ ਮਕਾਨ ਨੂੰ ਹੋਰ ਵਧਾਇਆ, ਪਰੇਮ ਔਸ਼ਧਾਲਜ ਖੋਲ੍ਹਿਆ ਹੋਇਆ ਹੈ। ਗਰੀਬ ਅਮੀਰ ਨੂੰ ਦਵਾਈ ਮੁਫਤ ਮਿਲਦੀ ਹੈ। ਖਾਸ ਕਰਕੇ ਹਲਕੇ ਕੁੱਤੇ ਦੇ ਕੱਟੇ ਹੋਏ ਦਾ ਇਲਾਜ ਕਰਦੇ ਹਨ। ਮਕਾਨ ਦਾ ਨਾਮ ਧਰਮਸਾਲਾ ਪਰੇਮਸ਼ਰ ਰਖ ਦਿਤਾ ਹੈ। ਆਪ ਨਿਰਮਲ ਮਹਾਂ ਮੰਡਲ ਦੇ ਮੈਂਬਰ ਕਿਤਨੇ ਚਿਰ ਤੋਂ ਚਲੇ ਆ ਰਹੇ ਹਨ। ਇਸ ਵੇਲੇ ਦੁਆਬਾ ਨਿਰਮਲ ਮੰਡਲ ਦੇ ਸਕੱਤ੍ਰ ਹਨ। ਭੇਖ ਵਿਚ ਸਤਿਕਾਰ ਦ੍ਰਿਸ਼ਟੀ ਨਾਲ ਵੇਖੇ ਜਾ ਰਹੇ ਹਨ। ਇਰਦ ਗਿਰਦ ਦੇ ਇਲਾਕੇ ਵਿਚ ਸੋਹਣਾ ਪਰੇਮ ਪਿਆਰ ਬਣਿਆ ਹੋਇਆ ਹੈ।

## ਸੰਤ ਹਰੀ ਸਿੰਘ ਜੀ ਠਵਾਨਾ ਜ਼ਿਲਾ ਹੁਸ਼:

ਚੇਲੇ ਬਾਬਾ ਪ੍ਰੇਮ ਸਿੰਘ ਜੀ ਬਾੜੀਆਂ, ਆਪ ਦਾ ਸਰੀਰ

ਬੇਕਾਨੀਰ ਰਿਆਸਤ ਦਾ ਸੀ। ੨੦ ਸਾਲ ਦੀ ਆਯੂ ਵਿਚ ਸੰਤਾਂ ਦੀ ਸ਼ਰਨ ਵਿਚ ਆਏ। ਪਹਿਲਾਂ ਪਾਸ ਰਹਿ ਕੇ ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਠਵਾਨਾ ਜ਼ਿਲਾ ਹੁਸ਼ਿਆਰ ਪੁਰ ਵਿਚ ਪਿੰਡੋਂ ਬਾਹਰ ਅਸਥਾਨ ਬਣਾਇਆ ਜਿਥੇ ਕਾਫੀ ਅਰਸਾ ਆਪ ਨੇ ਨਿਵਾਸ ਕਰ ਕੇ ਸਾਧ ਸੰਗਤ ਦੀ ਸੇਵਾ ਕੀਤੀ। ਅੰਤ ਅਪਣੇ ਸ਼ਿਸ਼ ਸੰਤ ਹਰਨਾਮ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਬਖਸ਼ ਕੇ ਪ੬ ਸਾਲ ਦੀ ਆਯੂ ਭੋਗ ਕੇ ਅਸੂ ੨੬ ਸੰਮਤ ੧੯੯੭ ਵਿਚ ਗੁਰਪੁਰੀ ਸਿਧਾਰ ਗਏ ਹਨ।

## ਸੰਤ ਹਰਨਾਮ ਸਿੰਘ ਜੀ (ਪੌਣ ਪਾਣੀ)

(ਭੇਖ ਵਿਚ ਪ੍ਰਸਿਧ ਸਰੀਰ ਹਨ)

## ਸੰਤ ਗਿਆਨੀ ਸੁੰਦਰ ਸਿੰਘ ਜੀ

ਸ਼ਿਸ਼ ਮਹੰਤ ਰਾਮ ਸਿੰਘ ਜੀ ਪੰਡੋਰੀ ਜਨਮ ਪਿੰਡ ਸਾਹੀਵਾਲ, ਜ਼ਿਲਾ ਸਰਗੋਧਾ, ਮਾਤਾ ਭਰਾਵਾਂ ਦੇਵੀ ਪਿਤਾ ਸਰਦਾਰ ਭਗਤ ਸਿੰਘ ਜੀ ਦੇ ਗ੍ਰੈਹ ਵਿਖੇ ਹੋਇਆ। ਵਡੇ ਹੋਏ ਛੇਵੀਂ ਜਮਾਤ ਤਕ ਘਰ ਪੜ੍ਹਦੇ ਰਹੇ। ਸੰਤਾਂ ਦੀ ਆਗਿਆ ਨਾਲ ਸ੍ਰੀ ਅੰਮ੍ਰਿਤਸਰ ਪੜ੍ਹਨ ਲਈ ਗਏ। ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਥਿਆ ਨਾਲ ਪੜ੍ਹ, ਕਥਾ ਵਾਚਕ ਹੋਣ ਕਰ ਕੇ ਗਿਆਨੀ ਪ੍ਰਸਿੱਧ ਹੋਏ।

ਅਜ ਕਲ ਜਿਥੇ ਜਾਂਦੇ ਹਨ। ਗੁਰੂ ਘਰ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਰਮਤ ਅਖਾੜੇ ਵਿਚ ਵੀ ਕਦੇ ਬੁਲਾਏ ਹੋਏ ਚਲੇ ਜਾਂਦੇ ਹਨ, ਜ਼ਿਆਦਾ ਤਰ ਚਕ੍ਰਵਰਤੀ ਰਹਿੰਦੇ ਹਨ।

# ਸ੍ਰੀ ਪੰਡਿਤ ਈਸ਼ਰ ਸਿੰਘ ਜੀ

(ਕਲਜੁਗ ਦਾ ਉਧਾਰ ਕਰਨ ਵਾਲੇ)

ਚੇਲੇ ਪੰਡਿਤ ਸਾਧੂ ਸਿੰਘ ਜੀ, ਆਪ ਦਾ ਜਨਮ ਜ਼ਿਲਾ ਜਾਲੰਧਰ ਦਾ ਸੀ। ਜਨਮ ਨਾਮ ਟੈਹਲ ਸਿੰਘ ਸੀ। ੧੨ ਵਰ੍ਹਿਆਂ ਦੇ ਸਨ ਜਦ ਕਿ ਆਪ ਦੀ ਮਾਤਾ ਗੁਜ਼ਰ ਗਈ। ੧੩ ਸਾਲ ਦੀ ਉਮਰ ਵਿਚ ਪੰਡਿਤ ਜੀ ਦੇ ਪਾਸ ਆਏ, ਪਹਿਲਾਂ ਇਥੇ ਆਏ। ਬਾਅਦ ੩੦ ਸਾਲ ਤਕ ਕਾਂਸ਼ੀ ਪੜ੍ਹਦੇ ਰਹੇ। ਬੜੇ ਅਨੁਭਵੀ ਪੰਡਿਤ ਹੋਏ। ਸ਼ਾਸਤ੍ਰਾਰਥ ਕਰਨ ਵਿਚ ਮੁਖੀ ਵਿਦਵਾਨ ਮੰਨੇ ਹੋਏ ਸਨ। ਕਾਂਸ਼ੀ ਬ੍ਰਾਹਮਣਾਂ ਦੇ ਸਵਾਲ ਕਰਨ ਤੇ ਆਪ ਨੇ ਵਾਹਿਗੁਰੂ ਮੰਤ੍ਰ ਦੀ ਸਿਧੀ ਵਿਚ ਇਕ ਪੁਸਤਕ ਛਪਵਾਇਆ।

ਇਸ ਤੋਂ ਇਲਾਵਾ ਗੁਰਮਤ ਦਿਗ ਵਿਜੇ, ਬੁਧੀ ਵਾਰਧਕ ਗੁਰ ਮੰਤ੍ਰ ਆਦਿਕ ਆਪ ਨੇ ਕਈ ਗ੍ਰੰਥ ਲਿਖੇ, ਜੋ ਅਜ ਕਲ ਛਪੇ ਹੋਏ ਮਿਲਦੇ ਹਨ। ਆਪ ਦੀ ਬੁਧੀ ਬੜੀ ਤੀਖਣ ਸੀ, ਪਿਛਲੀ ਉਮਰ ਵਿਚ ਸਿਤਾਰ ਦਾ ਬੜਾ ਸ਼ੌਕ ਲਗ ਗਿਆ ਸੀ, ਹਰ ਵੇਲੇ ਦੋ ਸਿਤਾਰਾਂ ਪਾਸ ਰਖਦੇ ਸਨ। ਚਾਰ ਮੁਜਰਾਬ ਪਾਕੇ ਚਾਰੇ ਉਂਗਲੀਆਂ ਨਾਲ ਵਜਾਇਆ ਕਰਦੇ ਸਨ। ਭਾਵੇਂ ਬਾੜੀਆਂ ਕਲਾਂ ਵਿਚ ਆਪ ਦਾ ਮਕਾਨ ਵੀ ਸੀ, ਪਰ ਜ਼ਿਆਦਾ ਤਰ ਆਪ ਵਿਚਰਦੇ ਰਹਿੰਦੇ ਸਨ। ਰਿ: ਦਰਭੰਗਾਦੇ ਮਹਾਰਾਜਾ ਆਪ ਦੇ ਸੇਵਕ ਸਨ। ਰਿ: ਪਟਿਆਲੇ ਤੇ ਨਾਭੇ ਵਲੋਂ ਦੋ ਦੋ ਰੁਪਏ ਰੋਜ਼ਾਨਾ ਪੂਜਾ ਮਿਲਦੀ ਸੀ। ਅਖੀਰ ਸੰਮਤ ੧੯੭੨

ਵਿਚ ਪਟਿਆਲੇ ਸਰੀਰ ਤਿਆਗ ਗਏ।

ਆਪ ਦੇ ਦੋ ਚੇਲੇ ਸਨ ਇਕ ਤਾਂ ਪੰਡਿਤ ਦੇਵ ਨਰਾਇਣ ਸਿੰਘ ਜੀ ਜੋ ਖਾਸ ਚੰਗੇ ਵਿਦਵਾਨ ਮੰਨੇ ਗਏ ਸਨ। ਬਹਿਸ ਮੁਬੈਹਸੇ ਵੇਲੇ ਕਦੇ ਪਿਛੇ ਨਹੀਂ ਹਟਣ ਵਾਲੇ ਸਨ, ਓਹ ਤਾਂ ਆਪ ਦੀ ਮੌਜੂਦਗੀ ਵਿਚ ਹੀ ਗੁਜ਼ਰ ਗਏ। ਦੂਜੇ ਚੇਲੇ ਸ਼ਿਵਦੇਵ ਸਿੰਘ ਜੀ ਜੋ ਪਹਿਲਾਂ ਆਪ ਦੇ ਪਾਸ ਰਹਿ ਕੇ ਪੜ੍ਹਦੇ ਰਹੇ। ਬਾਅਦ ਰੇਲਵੇ ਮੁਲਾਜ਼ਮ ਹੋ ਗਏ।

# ਡੇਰਾ ਹਰੀ ਪੁਰ

## ਸ਼੍ਰੀ ਸੰਤ ਖੜਗ ਸਿੰਘ ਜੀ

ਚੇਲੇ ਮਹਾਰਾਜ ਮਲ ਸਿੰਘ ਜੀ ਪੰਡੋਰੀ, ਆਪ ਬੜੀ ਪਵਿਤ੍ਰ ਜ਼ਿੰਦਗੀ ਵਾਲੇ ਰਮਤੇ ਮਹਾਂ ਪੁਰਸ਼ ਹੋਏ ਹਨ। ਜਿਨ੍ਹਾਂ ਦੇ ਚੇਲੇ **ਸ਼੍ਰੀ ਸੰਤ ਭਗਵਾਨ ਸਿੰਘ ਜੀ** ਹੋਏ। ਇਹ ਵੀ ਅਪਣੇ ਸੰਤਾਂ ਵਾਂਗ ਉਪ੍ਰਾਮ ਬ੍ਰਿਤੀ ਵਿਚ ਰਹੇ। ਸਾਰੀ ਉਮਰ ਭਜਨ ਪਾਠ ਵਿਚ ਬਤੀਤ ਕੀਤੀ। ਅਗੇ ਇਨ੍ਹਾਂ ਦੇ ਚੇਲੇ ਸੰਤ ਮੀਹਾਂ ਸਿੰਘ ਜੀ ਹੋਏ, ਜਿਨ੍ਹਾਂ ਇਹ ਡੇਰਾ ਆਬਾਦ ਕੀਤਾ। ਦੂਜੇ ਸੰਤ ਹੀਰਾ ਸਿੰਘ ਜੀ ਕਾਕੜਾ ਵਾਲੇ ਹੋਏ।

**ਸੰਤ ਮੀਹਾਂ ਸਿੰਘ ਜੀ**, ਆਪ ਦਾ ਜਨਮ ਠੋਲੀ ਜ਼ਿ: ਜਾਲੰਧਰ ਵਿਚ ਹੋਇਆ। ਪਹਿਲਾਂ ਸੰਤਾਂ ਦੀ ਸੇਵਾ ਕਰਦੇ

ਪੜ੍ਹਦੇ ਰਹੇ। ਬਾਅਦ ਆਪ ਗ੍ਰਿਹਸਥ ਆਸ਼੍ਰਮ ਵਿਚ ਹੋ ਗਏ। ਇਹ ਡੇਰਾ ਆਪ ਨੇ ਹੀ ਬੰਨ੍ਹਿਆ ਤੇ ਇਥੇ ਹੀ ਗੁਜ਼ਰੇ। ਪਿਛੋਂ ਆਪ ਦੇ ਚੇਲੇ ਪੁਤ੍ਰ ਸੰਤ ਧੰਨਾ ਸਿੰਘ ਜੀ ਮਹੰਤ ਹੋਏ। ਜੋ ਅਜ ਕਲ ਡੇਰੇ ਦਾ ਚੰਗਾ ਕੰਮ ਚਲਾ ਰਹੇ ਹਨ। ਆਏ ਗਏ ਨੂੰ ਸਤਿਕਾਰ ਨਾਲ ਮਿਲਦੇ ਹਨ। ਆਪ ਪੜ੍ਹੇ ਲਿਖੇ ਸਜਣ ਹਨ। ਡੇਰਾ ਕੱਚਾ ਪਿੰਡ ਵਿਚ ਹੈ। ਨਾਲ ੨੦ ਘੁਮਾਂ ਦੇ ਕਰੀਬ ਜ਼ਮੀਨ ਹੈ, ਸਮਾਧਾਂ ਡੇਰੇ ਵਿਚ ਹਨ। ਆਪ ਦੇ ਦੋ ਪੁਤ੍ਰ ਹਰਬੰਸ ਸਿੰਘ ਜੀ ਤੇ ਕਰਮ ਸਿੰਘ ਜੀ ਪਾਸ ਰਹਿੰਦੇ ਹਨ।

# ਡੇਰਾ ਜੌਹਲਾਂ

## ਸੰਤ ਹੀਰਾ ਸਿੰਘ ਜੀ

ਚੇਲੇ ਸੰਤ ਭਗਵਾਨ ਸਿੰਘ ਜੀ ਦਾ ਜਨਮ ਕਾਕੜਾ ਵਿਚ ਸਰਦਾਰਾਂ ਦੇ ਘਰ ਹੋਇਆ। ਧਾਲੀਵਾਲ ਜ਼ਿ: ਜਾਲੰਧਰ ਵਿਚ ਰਹੇ। ਕਾਫੀ ਅਰਸਾਂ ਇਥੇ ਹੀ ਉਮਰ ਗੁਜ਼ਾਰ ਕੇ ਸੰਮਤ ੧੯੬੬ ਦੇ ਕਰੀਬ, ਸਮਾ ਗਏ। ਆਪ ਦੇ ਚੇਲੇ ਸੰਤ ਪਾਲ ਸਿੰਘ ਜੀ ਜਿਨ੍ਹਾਂ ਇਹ ਡੇਰਾ ਬਣਾਇਆ, ਦੂਜੇ ਗਿਆਨੀ ਸੰਤ ਰਣ ਸਿੰਘ ਜੀ ਹਨ ਜੋ ਗੁਰਮਤ ਪ੍ਰਚਾਰ ਦਾ ਕੰਮ ਚੰਗਾ ਕਰਦੇ ਹਨ।

**ਗਿਆਨੀ ਸੰਤ ਪਾਲ ਸਿੰਘ ਜੀ** ਜਨਮ ਧਾਲੀਵਾਲ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਚੰਗੇ ਲਿਖੇ ਪੜ੍ਹੇ

ਗਿਆਨੀ ਹਨ,ਪਹਿਲਾਂ ਪ੍ਰਚਾਰ ਫਿਰ ਤੁਰਕੇ ਕਰਦੇ ਰਹੇ ਹਨ। ਬਾਅਦ ਇਸ ਵਕਫ ਜਗ੍ਹਾ ਤੇ ਚੰਗਾ ਰੁਪਿਆ ਖਰਚ ਕੇ ੨੦ ਅਸੂ ਸੰਮਤ ੧੯੯੯ ਵਿਚ ਆਪ ਨੇ ਬੜਾ ਭਾਰੀ ਡੇਰਾ ਆਬਾਦ ਕੀਤਾ ਹੈ। ਨਗਰ ਨਾਲ ਰਸੂਖ ਹੈ, ਆਏ ਗਏ ਨਾਲ ਪਿਆਰ ਕਰਦੇ ਹਨ।

# ਡੇਰਾ ਬੋਹੜ ਵਾਲਾ

(ਸ੍ਰੀ ਅੰਮ੍ਰਿਤਸਰ)

## ਸ੍ਰੀ ਪੰਡਿਤ ਅਮਰ ਸਿੰਘ ਜੀ

ਚੇਲੇ ਮਹਾਰਾਜ ਮਲ ਸਿੰਘ ਜੀ ਪੰਡੋਰੀ, ਆਪ ਦਾ ਜਨਮ ਪਿੰਡ ਸੂਸਾਂ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ੧੫ ਸਾਲ ਦੀ ਉਮਰ ਵਿਚ ਸੰਤਾਂ ਦੇ ਚਰਨਾਂ ਵਿਚ ਆਏ। ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਸੰਤਾਂ ਦੀ ਆਗਿਆ ਨਾਲ ਸ੍ਰੀ ਅੰਮ੍ਰਿਤਸਰ ਜੀ ਪੜ੍ਹਨੇ ਵਾਸਤੇ ਆ ਗਏ। ਜਿਥੇ ਕਈ ਵਰ੍ਹੇ ਰਹਿ ਕੇ ਪੜ੍ਹਦੇ ਪੜ੍ਹਾਉਂਦਿਆਂ ਵਿਦਵਾਨ ਪੰਡਿਤ ਹੋ ਗਏ। ਆਪ ਦੀ ਵਿਆਖਿਆ ਚੰਗੀ ਸੀ, ਕਥਾ ਬਾਰਤਾ ਕਰਦੇ ਜਿਹੜਾ ਸੁਣਦਾ ਪ੍ਰਸੰਨ ਹੋ ਜਾਂਦਾ, ਕਈ ਸਿਖ ਸੇਵਕ ਹੋਏ। ਲੋਕਾਂ ਦੀ ਆਵਾਜਾਈ ਸ਼ੁਰੂ ਹੋ ਗਈ। ਇਨ੍ਹਾਂ ਦਿਨਾਂ 'ਚ ਮਿਤ ਸਿੰਘ ਦੇ ਕਟੜੇ ਵਿਚ ਜ਼ਮੀਨ ਲੈ ਕੇ ਅਸਥਾਨ ਬਣਾਇਆ, ਜੋ ਇਸ ਵੇਲੇ ਬੋਹੜ ਵਾਲੇ ਨਾਮ ਤੇ ਪ੍ਰਸਿਧ ਹੈ। ਜਿਤਨਾ ਚਿਰ ਸਰੀਰ ਰਹਿਆ ਚੰਗੀ ਰੌਣਕ ਬਣਾਈ ਰਖੀ।

ਸਤਿ ਸੰਗ ਦਾ ਸਿਲਸਿਲਾ ਜਾਰੀ ਰਖਿਆ ਪਿਛੋਂ ਆਪ ਦੇ ਚੇਲੇ **ਸੰਤ ਸੰਤ ਸਿੰਘ ਜੀ** ਮਹੰਤ ਹੋਏ। ਇਨ੍ਹਾਂ ਦਾ ਜਨਮ ਇਥੇ ਗਲੀ ਮਾਖਣੀਆਂ ਵਾਲੀ ਵਿਚ ਹੀ ਹੋਇਆ। ਮਹੰਤ ਹੋ ਕੇ ਮਕਾਨ ਦਾ ਚੰਗਾ ਪ੍ਰਬੰਧ ਕਰਦੇ ਰਹੇ। ਭੇਖ ਨਾਲ ਪਿਆਰ ਰਖਿਆ। ਸੰਤਾਂ ਦੀ ਸਿਖੀ ਸੇਵਕੀ ਨਾਲ ਚੰਗਾ ਵਰਤਾਵ ਰਖਦੇ ਰਹੇ। ਆਪ ਦੇ ਚੇਲੇ ਮਹੰਤ ਸੇਵਾ ਸਿੰਘ ਜੀ ਹੋਏ। ਜਿਨ੍ਹਾਂ ਨੂੰ ਪੱਗ ਦੇ ਕੇ ਆਪ ਗੁਰਪੁਰੀ ਸਿਧਾਰ ਗਏ।

## ਮਹੰਤ ਸੇਵਾ ਸਿੰਘ ਜੀ

ਆਪ ਦਾ ਜਨਮ ਬੋਹਣ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਅੰਮ੍ਰਿਤਸਰ ਆ ਕੇ ਚੇਲੇ ਬਣੇ, ਪੜ੍ਹਦੇ ਸੇਵਾ ਕਰਦੇ ਰਹੇ, ਆਪ ਚਕਿਤਸਾ ਹੱਛੀ ਕਰਦੇ ਸਨ। ਸਰੀਰ ਦੇ ਬੜੇ ਸੁੰਦਰ ਦਰਸ਼ਨੀ ਤੇ ਸੁਭਾ ਦੇ ਮਿਲਾਪੜੇ ਸਨ, ਜਦ ਸੰਮਤ ੧੯੫੯ ਵਿਚ ਅਪਣੇ ਸੰਤਾਂ ਸਮੇਤ ਲੇਖਕ ਪਹਿਲਾਂ ਅੰਮ੍ਰਿਤਸਰ ਆਇਆ ਤਾਂ ਆਪ ਦੇ ਪਾਸ ਹੀ ਕਈ ਮਹੀਨੇ ਟਿਕਿਆ ਰਿਹਾ, ਉਨ੍ਹੀਂ ਦਿਨੀਂ ਇਕ ਰੰਗੀ ਰਾਮ ਮਹਾਤਮਾ ਡੇਰੇ ਵਿਚ ਰਹਿੰਦੇ ਸਨ। ਚੰਗੇ ਮੇਲ ਮਿਲਾਪ ਵਾਲੇ ਸੰਤ ਸਨ। ਆਪ ਦੇ ਚੇਲੇ ਸੰਤ ਭਗਵਾਨ ਸਿੰਘ ਜੀ ਹੋਏ, ਜੋ ਆਪ ਦੇ ਪਿਛੋਂ ਕਈ ਵਰ੍ਹੇ ਮਹੰਤ ਟਿਕੇ ਰਹੇ। ਮਹੰਤ ਭਗਵਾਨ ਸਿੰਘ ਜੀ ਗੁਜ਼ਰ ਗਏ ਹਨ।

ਆਪ ਦੇ ਪਿਛੋਂ ਅਜ ਕਲ ਮਹੰਤ ਤਾਰਾ ਸਿੰਘ ਜੀ ਹਨ। ਜੁ ਕਾਰ ਵਿਹਾਰ ਵਿਚ ਸਿਆਣੇ ਹਨ। ੬੦ ਸਾਲ ਦੀ ਉਮਰ ਵਿਚ ਹਨ। ਆਪ ਦਾ ਚੇਲਾ ਸੰਤ ਕੁਲਦੀਪ ਸਿੰਘ ਪਾਸ ਰਹਿੰਦਾ ਹੈ।

# ਡੇਰਾ ਕਾਲਾ ਬਕਰਾ

## ਸ੍ਰੀ ਪੰਡਿਤ ਅਤਰ ਸਿੰਘ ਜੀ

ਚੇਲੇ ਸ੍ਰੀ ਸੰਤ ਖੜਗ ਸਿੰਘ ਜੀ ਆਪ ਵਿਰਕਤ ਮਹਾਤਮਾ ਵਿਚਰਦੇ ਰਹੇ ਹਨ। ਇਨ੍ਹਾਂ ਦੇ ਸ਼ਿਸ਼

## ਸ੍ਰੀ ਸੰਤ ਜਵਾਲਾ ਸਿੰਘ ਜੀ

ਆਪ ਨੇ ਭਾਗੋਵਾਲ ਡੇਰਾ ਆਬਾਦ ਕੀਤਾ। ਕਰੀਬਨ ੨੦ ਸਾਲ ਆਏ ਗਏ ਸਾਧ ਸੰਤ ਦੀ ਬੜੀ ਸੇਵਾ ਕਰਦੇ ਰਹੇ, ਡੇਰੇ ਦਾ ਪ੍ਰਬੰਧ ਆਪਣੇ ਸ਼ਿਸ਼ ਸੰਤ ਰਾਮ ਦਤ ਨੂੰ ਦੇਕੇ ਆਪ ਫਿਰ ਅਤੀਤ ਹੋ ਗਏ। ਸੰਮਤ ੧੯੯੭ ਹਾੜ ੪ ਨੂੰ ਹਰਦੁਆਰ ਦੇਵਪੁਰੇ ਗੁਜ਼ਰ ਗਏ।

ਦੂਜੇ ਸ਼ਿਸ਼ **ਮਹੰਤ ਸਰਮੁਖ ਸਿੰਘ ਜੀ** ਸਨ। ਆਪ ਦਾ ਜਨਮ ਪਨਵਾਂ ਪਿੰਡ ਜ਼ਿਲਾ ਹੁਸ਼ਿਆਰ ਪੁਰ ਦਾ ਸੀ ੨੦ ਸਾਲ ਦੀ ਉਮਰ ਵਿਚ ਸਾਧੂ ਹੋਏ, ਪਹਿਲਾਂ ਸੰਤਾਂ ਨਾਲ ਵਿਚਰਦੇ ਰਹੇ, ਸੇਵਾ ਕਰਦੇ ਪੜ੍ਹਦੇ ਰਹੇ। ਫਿਰ ਕਾਲੇ ਬਕਰੇ ਰਹਿਕੇ ਸਤਿਸੰਗ ਕਰਦੇ ਰਹੇ। ਇਥੇ ਹੀ ਡੇਰਾ ਬਣਾਇਆ। ੯-੧੦ ਵਿਘੇ ਜ਼ਮੀਨ ਨਾਲ ਹੈ। ਅਖੀਰ ਆਪਣੇ ਸ਼ਿਸ਼ ਸੰਤ ਅਰਜਨ ਸਿੰਘ ਜੀ ਨੂੰ ਉਤ੍ਰਾਧਿਕਾਰੀ ਥਾਪ ਕੇ ੬੫ ਵਰ੍ਹੇ ਦੀ ਉਮਰ ਵਿਚ ਸੰਮਤ ੧੯੯੩ ਕਤਕ ੧੦ ਨੂੰ ਗੁਜ਼ਰ ਗਏ।

## ਮਹੰਤ ਅਰਜਨ ਸਿੰਘ ਜੀ

ਆਪ ਦਾ ਜਨਮ ਵੀ ਪਨਵਾਂ ਪਿੰਡ ਦਾ ਹੈ। ੨੫ ਸਾਲ ਦੀ ਉਮਰ ਵਿਚ ਸਾਧੂ ਹੋਏ ਸੇਵਾ ਕਰਦੇ ਪੜ੍ਹਦੇ ਰਹੇ। ਸੰਤਾਂ ਦੀ ਮੌਜੂਦਗੀ ਵਿਚ ਸਭ ਕੰਮ ਕਾਰ ਚੰਗੀ ਤਰ੍ਹਾਂ ਚਲਾਉਂਦੇ ਰਹੇ, ਸੰਤਾਂ ਆਪਣੀ ਮੌਜੂਦਗੀ ਵਿਚ ਹੀ ਆਪ ਨੂੰ ਸਭ ਕੰਮ ਕਾਰ ਸੰਭਾਲ ਦਿਤਾ ਸੀ। ਜਦ ਦੇ ਆਪ ਮਹੰਤ ਹੋਏ ਹਨ ਆਏ ਗਏ ਦੀ ਆਗਤ ਭਾਗਤ ਪ੍ਰੇਮ ਪੂਰਵਕ ਕਰਦੇ ਹਨ।

# ਡੇਰਾ ਭਾਗੋਵਾਲ

ਇਹ ਡੇਰਾ ਸ੍ਰੀ ਸੰਤ ਜਵਾਲਾ ਸਿੰਘ ਜੀ ਸ਼ਿਸ਼ ਪੰਡਿਤ ਅਤਰ ਸਿੰਘ ਜੀ ਦਾ ਵਸਾਇਆ ਹੋਇਆ ਹੈ। ਆਪ ੨੦ ਸਾਲ ਇਥੇ ਹੀ ਰਹੇ। ਬਾਅਦ ਆਪ ਨੇ ਸ਼ਿਸ਼ ਸੰਤ ਰਾਮ ਦਤ ਸਿੰਘ ਜੀ ਨੂੰ ਥਾਪ ਕੇ ਆਪ ਅਤੀਤ ਹੋਕੇ ਵਿਚਰਦੇ ਰਹੇ।

## ਸ੍ਰੀ ਸੰਤ ਰਾਮ ਦਤ ਸਿੰਘ ਜੀ

ਆਪ ਦਾ ਜਨਮ ਸਗ੍ਰਾਲੀ ਜ਼ਿਲਾ ਜਲੰਧਰ ਵਿਚ ਹੋਇਆ। ਆਪ ਡੇਰੇ ਰਹਿਕੇ ਬੜੀ ਸੇਵਾ ਕਰਦੇ ਰਹੇ। ਜਿਸ ਕਰਕੇ ਸੰਤਾਂ ਆਪਣੀ ਮੌਜੂਦਗੀ ਵਿਚ ਹੀ ਉਤ੍ਰਾਧਿਕ ਰ। ਨੀਯਤ ਕਰ ਦਿਤੇ। ਬਾਅਦ ਕੁਝ ਸਮਾਂ ਸੇਵਾ ਕਰਕੇ ਆਪਣੇ ਚੇਲੇ ਸੰਤ ਅਰਜਨ ਸਿੰਘ ਨੂੰ ਮਕਾਨ ਸਪੁਰਦ ਕਰ ਦਿਤਾ।

ਆਪ ਇਸ ਵੇਲੇ ਝਾਮੀ ਕੁਟੀਆ ਵਿਚ ਰਹਿੰਦੇ ਹਨ। ਅਰਜਨ ਸਿੰਘ ਨੇ ਪਿਛੋਂ ਸਿਰ ਮੁਨਾ ਦਿਤਾ ਹੈ। ਸੁਤੰਤ੍ਰ ਖਿਆਲ ਰਖਦੇ ਹਨ।

# ਡੇਰਾ ਬੂਥਗੜ੍ਹ

## ਸ੍ਰੀ ਸੰਤ ਬਿਸ਼ਨ ਸਿੰਘ ਜੀ

ਚੇਲੇ ਮਹਾਰਾਜ ਮੱਲ ਸਿੰਘ ਜੀ ਪੰਡੋਰੀ ਨਿਝਰਾਂ, ਆਪ ਦਾ ਜਨਮ ਮੈਨ ਦੁਆਬ ਦਾ ਸੀ। ਪੰਡੋਰੀ ਹੀ ਸੰਤਾਂ ਨੂੰ ਆਣ ਮਿਲੇ। ਸੇਵਾ ਕਰਦੇ ਉਚ ਕਰਨੀ ਵਾਲੇ ਪ੍ਰਸਿਧ ਹੋਏ। ਸੰਤਾਂ ਦੇ ਗੁਜ਼ਰ ਜਾਣ ਤੋਂ ਬਾਅਦ ਸੰਮਤ ੧੯੧੮ ਵਿਚ ਇਸ ਥਾਂ ਤੇ ਆਏ। ਜਿਥੇ ਲੋਗੀ ਆਮ ਸ਼ਿਵੇ ਜਲਾਉਂਦੇ ਹੁੰਦੇ ਸਨ ਮਲੋ ਮਲੀ ਡੇਰਾ ਲਾ ਦਿਤਾ। ਬੇਪ੍ਰਵਾਹ ਸਾਧੂ ਸਨ ਜਿਸ ਕਰ ਕੇ ਕੋਈ ਰੁਕਾਵਟ ਨਾ ਪਾ ਸਕਿਆ। ਕੁਝ ਚਿਰ ਬਾਅਦ ਮਕਾਨ ਬਣਾਇਆ। ਨਾਮ ਬੂਥ ਗੜ੍ਹ ਰਖਿਆ। ਸੁਤੰਤਰ ਨਿਰਭੈ ਖਿਆਲ ਵਾਲੇ ਮਹਾਤਮਾ ਸਨ। ਬੜਾ ਪ੍ਰਤਾਪ ਵਧਿਆ, ਆਪ ਦੇ ਚੇਲੇ ਸੰਤ ਸੰਪੂਰਨ ਸਿੰਘ ਜੀ, ਸੰਤ ਦਇਆ ਸਿੰਘ ਜੀ ਆਦਿ ਹੋਏ। ਸੰਤ ਸੰਪੂਰਨ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇਕੇ ਆਪ ਸੰਮਤ ੧੯੬੪ ਦੇ ਲਗਪਗ ਸਮਾ ਗਏ।

## ਸੰਤ ਸੰਪੂਰਨ ਸਿੰਘ ਜੀ

ਆਪ ਦਾ ਜਨਮ ਖਾਸ ਪੰਡੋਰੀ ਨਿਝਰਾਂ ਦਾ ਹੈ। ਢੰਗੋ

ਵਿਦਵਾਨ ਹਨ। ਸੰਮਤ ੧੯੯੪ ਦੇ ਨੇੜ ਤੇੜ ਆਪ ਨੇ ਇਹ ਮਕਾਨ ਪੱਕਾ ਤੇ ਵਸੀਹ ਕੀਤਾ ਹੈ। ਆਪ ਦੇ ਚੇਲੇ **ਸੰਤ ਗੁਰਬਖਸ਼ ਸਿੰਘ ਜੀ** ਹਨ ਜੁ ਪਾਸ ਟਿਕੇ ਹੋਏ ਸੇਵਾ ਕਰਦੇ ਹਨ। ਇਨ੍ਹਾਂ ਆਪਣੇ ਸ਼ਿਸ਼ ਸੰਤ ਤੀਰਥ ਸਿੰਘ ਜੀ ਨੂੰ ਮਹੰਤੀ ਦੇ ਦਿਤੀ ਹੈ।

## ਸੰਤ ਦਇਆ ਸਿੰਘ ਜੀ

ਚੇਲੇ ਮਹਾਰਾਜ ਬਿਸ਼ਨ ਸਿੰਘ ਜੀ ਬੂਬ ਗੜ੍ਹ, ਆਪ ਜ਼ਿਆਦਾ ਤਰ ਬਿਆਸ ਸਤਲੁਜ ਦੇ ਵਿਚਕਾਰ ਦਵਾਬੇ ਵਿਚ ਹੀ ਰਹਿੰਦੇ ਸਨ, ਨਵਿਰਤੀ ਪੱਖ ਵਿਚ ਜ਼ਿੰਦਗੀ ਬਿਤੀਤ ਕੀਤੀ ਤੇ ਨਾਮ ਦਾ ਪ੍ਰਚਾਰ ਕੀਤਾ, ਸੁੰਦਰ ਦਰਸ਼ਨੀ ਸਰੀਰ, ਜਿਹੜਾ ਦਰਸ਼ਨ ਕਰਦਾ ਪ੍ਰਸੰਨ ਹੋ ਜਾਂਦਾ ਸੀ। ਚੰਗੇ ਪ੍ਰਤਾਪ-ਸ਼ੀਲ ਮਹਾਤਮਾ ਹੋਏ ਹਨ। ਆਪ ਦੇ ਚੇਲੇ ਗਿਆਨੀ ਸੰਤ ਲਾਲ ਸਿੰਘ ਜੀ ਡਰੋਲੀ ਖੁਰਦ, ਸੰਤ ਲਹਿਣਾ ਸਿੰਘ ਜੀ ਪ੍ਰਸਿਧ ਨਾਂ ਗੁਰੋ ਜੀ, ਸੰਤ ਗੁਰਮਖ ਸਿੰਘ ਜੀ ਚਕ੍ਰਵਰਤੀ, ਸੰਤ ਹੀਰਾ ਸਿੰਘ ਜੀ ਸੀਂਗੜੀ ਵਾਲੇ ਆਦ ਕਈ ਹੋਏ ਹਨ।

# ਡੇਰਾ ਡਰੋਲੀ ਖੁਰਦ

## ਗਿਆਨੀ ਸੰਤ ਲਾਲ ਸਿੰਘ ਜੀ

ਚੇਲੇ ਮਹਾਰਾਜ ਸੰਤ ਦਇਆ ਸਿੰਘ ਜੀ, ਆਪ ਦਾ ਜਨਮ ਪੰਡੋਰੀ ਜ਼ਿ: ਜਾਲੰਧਰ ਵਿਚ ਹੋਇਆ। ਪਹਿਲਾਂ ਗ੍ਰਿਸਥ

ਆਸ਼੍ਰਮ ਵਿਚ ਕੁਝ ਸਮਾਂ ਬਿਤੀਤ ਕੀਤਾ। ਬਾਅਦ ਉਪ੍ਰਾਮ ਹੋ ਕੇ ੨੫ ਸਾਲ ਦੀ ਉਮਰ ਵਿਚ ਸੰਤ ਦਇਆ ਸਿੰਘ ਜੀ ਦੇ ਸ਼ਿਸ਼ ਬਣੇ। ਨਾਲ ਰਹਿ ਕੇ ਵਿਦਿਆ ਪੜ੍ਹਦੇ ਰਹੇ। ਦਿਲ ਦੇ ਕੇ ਵਿਦਿਆ ਪੜ੍ਹੀ ਜੋ ਇਕ ਦਿਨ ਚੰਗੇ ਮੰਡਲੇਸ਼ਵਰ ਪ੍ਰਸਿਧ ਹੋਏ। ੪੦-੪੦ ਸਾਧੂ ਨਾਲ ਟਿਕੇ ਰਹੇ। ਦੂਰ ਦੂਰ ਸਿਖੀ ਸੇਵਕੀ ਰਹੀ। ਬੜੇ ਪ੍ਰਭਾਵਸ਼ਾਲੀ ਮਹਾਤਮਾ ਹੋਏ। ਅਖੀਰ ਡਰੋਲੀ ਪਿੰਡੋਂ ਬਾਹਰ ਵਾਰ ਡੇਰਾ ਬਣਾਇਆ। ਆਇ ਗਏ ਦਾ ਸਤਿਕਾਰ ਕੀਤਾ। ਬੜਾ ਜਸੁ ਪਾਇਆ, ੧੫ ਵਰ੍ਹੇ ਨਿਵਾਸ ਕਰ ਕੇ ਅੰਤ ਸੰਮਤ ੧੯੭੭ ਨੂੰ ੭੦ ਵਰ੍ਹੇ ਦੀ ਆਯੂ ਵਿਚ ਸਰੀਰ ਤਿਆਗ ਗਏ। ਆਪ ਦੇ ਚੇਲੇ ਸੰਤ ਲਛਮਨ ਸਿੰਘ ਜੀ, ਸੰਤ ਇੰਦਰ ਸਿੰਘ ਜੀ, ਸੰਤ ਬਸੰਤ ਸਿੰਘ ਜੀ, ਸੰਤ ਜੀਵਨ ਸਿੰਘ ਜੀ ਬਾਰ ਵਾਲੇ ਆਦ ਹੋਏ। ਇਨ੍ਹਾਂ ਵਿਚੋਂ ਪਿਛੋਂ ਸੰਤ ਲਛਮਨ ਸਿੰਘ ਜੀ ਮਹੰਤ ਹੋਏ ਜਿਨ੍ਹਾਂ ਆਪ ਦੀ ਸਮਾਧ ਬਣਾਈ।

## ਸੰਤ ਲਛਮਨ ਸਿੰਘ ਜੀ

ਆਪ ਬੜੇ ਜਤੀ ਪੁਰਸ਼ ਸਨ। ਚੰਗੀ ਪ੍ਰਭਤਾ ਹਾਸਲ ਕੀਤੀ। ਆਪ ਦੀ ਮਹੱਤਤਾਈ ਦੇ ਜ਼ੋਰ ਅਸਰ ਹੋਕੇ ਤਕੀਏ ਵਾਲੀ ੫ ਘੁਮਾਂ ਜ਼ਮੀਨ ਪਿੰਡ ਵਾਲਿਆਂ ਨੇ ਇਨ੍ਹਾਂ ਦੇ ਨਾਂ ਕਰ ਦਿਤੀ ਸੀ,ਸਾਧੂ ਪੁਰਸ਼ਅਤੇ ਨਿਰਮਾਣ ਸੁਭਾਵ ਦੇ ਸਨ।ਆਇਆ ਗਿਆ ਸਾਧੂ ਬਣਿਆ ਰਹਿੰਦਾ ਸੀ,ਅੰਤ ਮਾਘ ਵਦੀ ੧੩ ਸੰਮਤ ੧੯੪੪ ਨੂੰ ਸਮਾ ਗਏ। ਆਪ ਦੇ ਸ਼ਿਸ਼ ਪੰਡਿਤ ਦਲੀਪ ਸਿੰਘ ਜੀ ਪਿਛੋਂ ਮਹੰਤ ਹੋਏ।

# ਡੇਰਾ ਧੁਧਿਆਲ ਜਾਂ ਨਰਯਾਲਾ

## ਸੰਤ ਗੁਲਾਬ ਸਿੰਘ ਜੀ

ਚੇਲੇ ਮਹੰਤ ਗੁਰਦਿਤ ਸਿੰਘ ਜੀ ਪੰਡੋਰੀ, ਆਪ ਦਾ ਜਨਮ ਸਤੌਰ ਜ਼ਿਲਾ ਹੁਸ਼ਿਆਰ ਪੁਰ ਦਾ ਸੀ। ਆਪ ਸਾਰੀ ਉਮਰ ਇਥੇ ਹੀ ਰਹੇ ਤੇ ਸਰੀਰ ਭੀ ਇਥੇ ਹੀ ਸ਼ਾਂਤ ਹੋਇਆ, ਆਪ ਦੇ ਚੇਲੇ **ਸੰਤ ਸੁਹੇਲ ਸਿੰਘ ਜੀ** ਨਰਿਆਲੀ ਜ਼ਿਲਾ ਹੁਸ਼ਿਆਰ ਪੁਰ ਵਿਚ ਜਾ ਰਹੇ। ਮਕਾਨ ਪੱਕਾ ਆਪ ਬਣਵਾਇਆ। ਅਗੇ ਇਨ੍ਹਾਂ ਦੇ ਚਾਦੇ ਗੁਰੂ ਸੰਤ ਦਿਆਲ ਸਿੰਘ ਜੀ ਮਹੰਤ ਹੋਏ, ਗੁਜ਼ਰ ਗਏ ਹਨ।

ਅਜ ਕਲ ਸੰਤ ਮੰਗਲ ਸਿੰਘ ਜੀ ਰਹਿੰਦੇ ਹਨ, ਆਪ ਦਾ ਲੋਕਾਂ ਨਾਲ ਚੰਗਾ ਪਿਆਰ ਹੈ, ਢਾਈ ਤਿੰਨ ਘੁਮਾਂ ਜ਼ਮੀਨ ਨਾਲ ਹੈ। ਸਾਧ ਆਇਆ ਗਇਆ ਬਣਿਆ ਰਹਿੰਦਾ ਹੈ, ੪੦ ਕੁ ਸਾਲ ਦੀ ਉਮਰ ਹੈ, ਸਾਦੇ ਸੁਭਾ ਦੇ ਹਨ।

# ਡੇਰਾ ਖੜਿਆਲਾ

## ਸੰਤ ਹਾਕਮ ਸਿੰਘ ਜੀ

ਚੇਲੇ ਮਹੰਤ ਗੁਰਦਿਤ ਸਿੰਘ ਜੀ ਦਾ ਜਨਮ ਗੋਹਲਨ ਜ਼ਿਲਾ ਜਾਲੰਧਰ ਦਾ ਸੀ। ਇਹ ਡੇਰਾ ਆਪ ਨੇ ਹੀ ਬੰਨ੍ਹਿਆ,



ਸ਼੍ਰੀ ਮਾਨ ਗਿਆਨੀ ਠਾਕੁਰ ਸਿੰਘ ਜੀ

ਨਿਰਮਲ ਆਸ਼ਰਮ, ਹੁਸ਼ਿਆਰ ਪੁਰ



ਮਹੰਤ ਵਿਦਿੰਦ੍ਰ ਸਿੰਘ ਜੀ

ਹੁਸ਼ਿਆਰ ਪੁਰ

ਚੰਗਾ ਪੱਕਾ ਮਕਾਨ ਬਣਵਾਇਆ । ਸਾਧੂ ਸੰਤ ਦੀ ਚੰਗੀ ਸੇਵਾ ਕਰਦੇ ਰਹੇ । ਅਖੀਰ ਅਪਣੇ ਚੇਲੇ ਪੰ: ਪਾਲ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੬੫-੬੬ ਦੇ ਲਗਪਗ ਪੰਡੋਰੀ ਨਿਝਰਾਂ ਜਾ ਸਮਾਏ ।

## ਸੰਤ ਪਾਲ ਸਿੰਘ ਜੀ

ਆਪ ਦਾ ਜਨਮ ਮੈਨ ਦੁਆਬ ਵਿਚ ਹੋਇਆ । ੧੪ ਸਾਲ ਦੀ ਉਮਰ ਵਿਚ ਸੰਤਾਂ ਪਾਸ ਆਏ । ਸੇਵਾ ਕਰਦੇ ਦਿਲ ਦੇ ਕੇ ਪੜ੍ਹਦੇ ਰਹੇ, ਇਸ ਵੇਲੇ ਆਪ ਚੰਗੇ ਪੰਡਿਤ ਸਾਧੂ ਹਨ । ਹਿਕਮਤ ਕਰਦੇ ਹਨ । ਸਾਧੂ ਸੰਤ ਨਾਲ ਚੰਗਾ ਪਿਆਰ ਹੈ । ਅੰਬਾਂ ਦੀ ਬਹਾਰ ਵਿਚ ਚੰਗੀ ਰੌਣਕ ਰਹਿੰਦੀ ਹੈ, ਸੁਭਾ ਦੇ ਮਿਠੇ ਹਨ । ਵਿਹੰਗਮੀ ਠਾਠ ਹੈ । ਅਪਨੀ ਕੁਟੀਆ ਅਲਗ ਬਣਾਈ ਹੋਈ ਹੈ । ਆਪ ਦੇ ਇਕੋ ਸ਼ਿਸ਼ ਸ੍ਰੀ ਸੰਤ ਠਾਕਰ ਸਿੰਘ ਜੀ ਹਨ ।

## ਗਿਆਨੀ ਠਾਕਰ ਸਿੰਘ ਜੀ

ਘਰ ਵਿਚ ਮਿਡਲ ਪਾਸ ਕਰਕੇ ਸੰਤਾਂ ਦੀ ਸ਼ਰਨ ਵਿਚ ਆਏ । ਪਹਿਲੇ ਕਨਖਲ ਨਿਰਮਲ ਪਾਠਸ਼ਾਲਾ ਵਿਚ ਪੜ੍ਹਦੇ ਰਹੇ । ਚੰਗੇ ਵਿਦਵਾਨ ਪ੍ਰਸਿਧ ਸਨ । ਕਈ ਵਰ੍ਹੇ ਡੇਰੇ ਦੇ ਮਹੰਤ ਰਹੇ । ਚੰਗੇ ਮਿਲਾਪ ਨਾਲ ਕੰਮ ਚਲਾਇਆ । ਗੁਜ਼ਰ ਚੁਕੇ ਹਨ ਅਜ ਕਲ ਆਪ ਦੇ ਸ਼ਿਸ਼ ਮਹੰਤ ਹਨ ।

# ਡੇਰਾ ਧਾਲੀਵਾਲ

## ਸੰਤ ਵਿਸਾਖਾ ਸਿੰਘ ਜੀ, ਸੰਤ ਅਤਰ ਸਿੰਘ ਜੀ

ਚੇਲੇ ਮਹੰਤ ਗੁਰਦਿਤ ਸਿੰਘ ਜੀ, ਦੋਹਾਂ ਦਾ ਜਨਮ ਧਾਲੀਵਾਲ, ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਸਕੇ ਭਾਈ ਤੇ ਗੁਰਭਾਈ ਸਨ। ਸੰਤ ਵਿਸਾਖਾ ਸਿੰਘ ਜੀ ਚਲਾਣਾ ਕਰ ਗਏ। ਸੰਤ ਅਤਰ ਸਿੰਘ ਜੀ ਨੇ ਇਹ ਮਕਾਨ ਖੁਦ ਜ਼ਮੀਨ ਲੈ ਕੇ ਬਣਵਾਇਆ, ਆਪ ਸ਼ਾਦੀ ਸ਼ੁਦਾ ਹਨ। ਪੰਜ ਲੜਕੇ ਹਨ, ਆਏ ਗਏ ਸਾਧੂ ਨਾਲ ਮੇਲ ਮਿਲਾਪ ਹੈ। ਢਾਈ ਤਿੰਨ ਘੁਮਾ ਜ਼ਮੀਨ, ਵਿਚ ਖੂਹ ਹੈ। ਸੁਭਾ ਦੇ ਮਿਠੇ ਹਨ।

# ਕੁਟੀਆ ਦੁਮੂਢਾ

## ਸੰਤ ਇੰਦਰ ਸਿੰਘ ਜੀ

ਚੇਲੇ ਗਿਆਨੀ ਲਾਲ ਸਿੰਘ ਜੀ ਡਰੋਲੀ ਖੁਰਦ, ਆਪ ਦਾ ਜਨਮ ਭੀ ਇਥੋਂ ਦਾ ਹੀ ਹੈ। ਅਤੀਤ ਬ੍ਰਿਤੀ ਵਿਚ ਰਹਿੰਦੇ ਸਨ। ਪਿੰਡ ਦੇ ਲੋਕੀ ਚੰਗੀ ਸੇਵਾ ਕਰਦੇ ਸਨ। ਆਪ ਵੀ ਨੇਕ ਸਾਧੂ ਸਨ। ੪੦-੪੫ ਵਰ੍ਹੇ ਦੀ ਉਮਰ ਦੇ ਪੜ੍ਹੇ ਲਿਖੇ ਸਿਆਣੇ ਸੰਤ ਸਨ। ਗੁਰਪੁਰੀ ਚੜ੍ਹਾਈ ਕਰ ਗਏ ਹਨ। ਅਜ ਕਲ ਮਹੰਤ ਕਰਮ ਸਿੰਘ ਜੀ ਇਨ੍ਹਾਂ ਦੇ ਚੇਲੇ ਹਨ। ਚੰਗੇ ਮੇਲ-ਗੇਲ ਵਾਲੇ ਮਹਾਤਮਾ ਹਨ।

# ਡੇਰਾ ਸੂਸਾਂ

## ਮਹੰਤ ਬਸੰਤ ਸਿੰਘ ਜੀ

ਚੇਲੇ ਗਿਆਨੀ ਲਾਲ ਸਿੰਘ ਜੀ ਡਰੋਲੀ ਖੁਰਦ, ਸੰਮਤ ੧੯੪੩ ਵਿਚ ਇਸੇ ਪਿੰਡ ਆਪਦਾ ਜਨਮ ਖਾਲਸਾ ਬ੍ਰਾਦਰੀ ਵਿਚ ਹੋਇਆ। ੧੯੫੫ ਵਿਚ ਸੰਤਾਂ ਦੀ ਸੰਗਤ ਵਿਚ ਡਰੋਲੀ ਖੁਰਦ ਗਏ, ਉਪਦੇਸ਼ ਲਿਤਾ। ਸੰਤਾਂ ਨਾਲ ਹੀ ਮੰਡਲੀ ਵਿਚ ਪੜ੍ਹਦੇ ਰਹੇ, ਕੁਝ ਚਿਰ ਪੰਡੋਰੀ ਭੀ ਮਹੰਤ ਗੁਰਦਿਤ ਸਿੰਘ ਜੀ ਪਾਸੋਂ ਪੜ੍ਹਦੇ ਰਹੇ। ਅਖੀਰ ਇਸੇ ਪਿੰਡ ਜੋ ਡੇਰਾ ਆਪ ਦੇ ਮਾਤਾ ਪਿਤਾ ਦਾ ਬਣਾਇਆ ਹੋਇਆ ਸੀ, ਉਥੋਂ ਦੇ ਮਹੰਤ ਨੀਅਤ ਹੋ ਗਏ। ਆਪ ਸੁਭਾ ਦੇ ਮਿਲਣ ਸਾਰ ਹਨ। ਸਾਧੂ ਸਮਾਜ ਨਾਲ ਜ਼ਿਆਦਾ ਪਿਆਰ ਹੈ। ਪਿੰਡ ਦੇ ਲਾਗੇ ਹੀ ਡੇਰਾ ਹੈ। ਬਿਹੰਗਮੀ ਸਿਲਸਿਲਾ ਰਖਿਆ ਹੋਇਆ ਹੈ।

# ਡੇਰਾ ਸੀਂਗੜੀ ਵਾਲਾ

(ਜ਼ਿਲਾ ਹੁਸ਼ਿਆਰ ਪੁਰ)

## ਸ਼੍ਰੀ ਸੰਤ ਹੀਰਾ ਸਿੰਘ ਜੀ

ਸੰਤ ਹੀਰਾ ਸਿੰਘ ਜੀ ਸੀਂਗੜੀ ਸ਼ਿਸ਼ ਸੰਤ ਦਇਆ ਸਿੰਘ ਜੀ, ਇਸੇ ਪਿੰਡ ਦਾ ਜਨਮ ਸੀ। ਨਾਮ ਦੀ ਲਗਨ ਆਪ ਨੂੰ ਮੁਢ ਤੋਂ ਹੀ ਲਗੀ ਹੋਈ ਸੀ, ਪਰ ਫਿਰ ਵੀ ਆਪ ਚੰਗੀ

ਖਾਸੀ ਉਮਰ ਤਕ ਘਰ ਦੇ ਕੰਮਾਂ ਕਾਜਾਂ ਵਿਚ ਪਰਚੇ ਰਹੇ।

ਸੰਮਤ ੧੯੩੬ ਵਿਚ ਅੰਨ ਜਲ ਦੇ ਵਸ ਜਦ ਸ੍ਰੀ ਸੰਤ ਮਹਾਰਾਜ ਦਇਆ ਸਿੰਘ ਜੀ ਆਪ ਦੇ ਪਿੰਡ ਆਏ। ਲੋਗੀ ਸਤਿ ਸੰਗ ਲਈ ਆਉਣ ਲਗ ਪਏ। ਉਨ੍ਹਾਂ ਦਿਨੀ ਆਪ ਭੀ ਪ੍ਰੇਮ ਨਾਲ ਆ ਕੇ ਸੰਤਾਂ ਦੀ ਸੇਵਾ ਕਰਦੇ ਰਹੇ। ਪ੍ਰੇਮ ਵਧ ਗਿਆ। ਇਕ ਦਿਨ ਸ਼ਿਸ਼ ਬਣ ਕੇ ਸਾਧੂ ਬ੍ਰਿਤੀ ਵਿਚ ਹੋ ਗਏ। ਜਦ ਸੰਤ ਟੁਰਨ ਲਗੇ, ਤਾਂ ਆਪ ਵੀ ਨਾਲ ਹੋ ਤੁਰੇ। ਤਿੰਨ ਚਾਰ ਵਰ੍ਹੇ ਸੰਤਾਂ ਨਾਲ ਹੀ ਬਾਹਰ ਵਿਚਰਦੇ, ਸੇਵਾ ਕਰਦੇ ਪੜ੍ਹਦੇ ਰਹੇ। ਆਪ ਦੀ ਬ੍ਰਿਤੀ ਟਿਕਵੀ ਵੇਖ ਕੇ ਸੰਤਾਂ ਨੇ ਪਿੰਡ ਵਿਚ ਹੀ ਰਹਿ ਕੇ ਭਜਨ ਪਾਠ ਕਰਨ ਦੀ ਆਗਿਆ ਦੇ ਦਿਤੀ। ਪਿੰਡ ਵਿਚ ਆਏ, ਤਾਂ ਬਾਹਰਵਾਰ ਅਪਣੀ ਨਿਜ ਜ਼ਮੀਨ ਵਿਚ ਹੀ ਸੰਮਤ ੧੯੪੦ ਨੂੰ ਇਕ ਕੁਟੀਆ ਰਹਿਣ ਲਈ ਬਣਾ ਲਿਤੀ। ਜਿਥੇ ਹਮੇਸ਼ਾਂ ਨਾਮ ਸਿਮ੍ਰਨ, ਭਗਤੀ ਕਰਦੇ ਰਹੇ। ਕਈਆਂ ਨੂੰ ਸਤਿ ਸੰਗ ਦਾ ਉਪਦੇਸ਼ ਦੇ ਕੇ ਖੋਟੇ ਕਰਮਾਂ ਵਲੋਂ ਹਟਾਇਆ।

ਇਸ ਤਰ੍ਹਾਂ ਕਈ ਵਰ੍ਹੇ ਭਜਨ ਬੰਦਗੀ ਵਿਚ ਗੁਜ਼ਰੇ, ਇਤਨਾ ਪ੍ਰਤਾਪ ਵੱਧਿਆ, ਸੰਗਤਾਂ ਦੂਰੋਂ ਦੂਰੋਂ ਨਾਮ ਉਪਦੇਸ਼ ਸੁਣਨ ਲਈ ਆਉਣ ਲਗ ਪਈਆਂ। ਡੇਰੇ ਨੂੰ ਵਸੀਹ ਦਾਇਰੇ ਵਿਚ ਕਰ ਦਿਤਾ। ਆਏ ਗਏ ਸਾਧੂ ਅਭਿਆਗਤਾਂ ਦੇ ਆਰਾਮ ਲਈ ਕਈ ਕੁਟੀਆਂ ਬਣਵਾਈਆਂ। ਹਥੀਂ ਸੇਵਾ ਕਰ ਕੇ ਲੋਗਾਂ ਨੂੰ ਸੇਵਾ ਕਰਨ ਦਾ ਢੰਗ ਸਿਖਲ਼ਾਇਆ।

ਦੇਸ਼ ਇਲਾਕੇ ਵਿਚ ਦੌਰਾ ਕਰ ਕੇ ਅਨੇਕ ਸਹਿਜ

ਧਾਰੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਝੰਡੇ ਹੇਠ ਲਿਆਂਦਾ, ਜਿਸ ਪਿੰਡ ਜਾਂਦੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਾ ਕੇ ਸਭ ਨੂੰ ਗੁਰਬਾਣੀ ਸੁਣਨ ਦਾ ਉਪਦੇਸ਼ ਦੇਂਦੇ। ਆਪ ਅਧਿਕਤਾ ਕਰ ਕੇ ਅੰਤ੍ਰ ਮੁਖ ਬ੍ਰਿਤੀ 'ਚ ਰਹਿਆ ਕਰਦੇ ਸਨ। ਕੋਈ ਕਿਸੇ ਤਰ੍ਹਾਂ ਦਾ ਸੁਵਾਲ ਜਾਂ ਪ੍ਰਸ਼ਨ ਕਰੇ, ਤਾਂ ਆਪ ਬੜੀ ਧੀਮੀ ਆਵਾਜ਼ ਨਾਲ ਤੇ ਵਿਚਾਰ ਭਰਿਆ ਉਤਰ ਦਿਤਾ ਕਰਦੇ।

ਆਪ ਦਾ ਜਿਤਨਾ ਚਿਰ ਸਰੀਰ ਸਾਵਧਾਨ ਰਿਹਾ। ਅੰਦਰ ਬਾਹਰ ਜਾ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਰਹੇ। ਆਪ ਦੇ ਕਈ ਸ਼ਿਸ਼ ਬਾਬਾ ਜਸਵੰਤ ਸਿੰਘ ਜੀ ਰਮਦਾਸ, ਸੰਤ ਰਾਮ ਸਿੰਘ ਜੀ ਦੁਮੁਛਾ, ਸੰਤ ਸੁੰਦਰ ਸਿੰਘ ਜੀ ਮਸਾਣੀਆਂ, ਸੰਤ ਗੰਗਾ ਸਿੰਘ ਜੀ ਹਜ਼ਾਰਾ, ਸੰਤ ਨਰਾਇਣ ਸਿੰਘ ਜੀ ਲਹਿਲੀ ਛੋਟੀ, ਸੰਤ ਭਾਗ ਸਿੰਘ ਜੀ ਪੰਡੋਰੀ, ਸੰਤ ਲਧਾ ਸਿੰਘ ਜੀ, ਸੰਤ ਹਾਕਮ ਸਿੰਘ ਜੀ, ਸੰਤ ਤਾਰਾ ਸਿੰਘ ਜੀ ਲਾਹੌਰ, ਸੰਤ ਵਸਾਵਾ ਸਿੰਘ ਜੀ ਵਿਰਕਤ ਜਿਨ੍ਹਾਂ ਦੇ ਚੇਲੇ ਸੰਤ ਦਰਸ਼ਨ ਸਿੰਘ ਜੀ ਵਿਰਕਤ ਹਨ। ਸੰਤ ਵਰਿਆਮ ਸਿੰਘ ਜੀ ਪਠਲਾਵਾ ਆਦ ਅਸਥਾਨਾਂ ਵਿਖੇ ਆਪ ਦੇ ਉਦੇਸ਼ ਅਨੁਸਾਰ ਅਜਕਲ ਭੀ ਪ੍ਰਚਾਰ ਕਰਦੇ ਰਹਿੰਦੇ ਹਨ। ਆਪ ਦਾ ਸਰੀਰ ਬ੍ਰਿਧਾਵਸਥਾ 'ਚ ਜਦ ਕੁਝ ਕ੍ਰਿਸ ਹੋ ਗਿਆ, ਤਾਂ ਆਪਣੇ ਯੋਗ ਸ਼ਿਸ਼ ਸ੍ਰੀ ਸੰਤ ਠਾਕਰ ਸਿੰਘ ਜੀ ਨੂੰ ਸੰਮਤ ੧੯੯੭ ਮਾਘ ਵਿਚ ਆਪਣਾ ਉਤ੍ਰਾਧਿਕਾਰੀ ਥਾਪ ਕੇ ਡੇਰੇ ਦੀ ਸਭ ਸੇਵਾ ਬਖਸ਼ ਦਿਤੀ।

ਅਖੀਰ ਸੌ ਵਰ੍ਹੇ ਦੀ ਆਯੂ ਭੋਗ ਕੇ ਸਤਿਗੁਰੂ ਜੀ ਦੀ ਪ੍ਰੇਰਨਾ ਅਨੁਸਾਰ ਸੰਮਤ ੧੯੯੫ ਹਾੜ ੧੦ ਸ਼ੁਕਰਵਾਰ ਸ਼ਾਮ ਦੇ ਛੇ ਵਜੇ ਸੇਵਕਾਂ ਨੂੰ ਆਗਿਆ ਕੀਤੀ ਕਿ ਅਖੰਡ ਪਾਠ ਰਖਾ ਦਿਓ। ਪਾਠ ਰਖ ਦਿਤਾ ਗਿਆ। ੧੧ ਹਾੜ ਦਿਨ ਦੇ ੧੧ ਵਜੇ ਕਹਿਣ ਲਗੇ ਕਿ ਸਾਨੂੰ ਉਠਾ ਕੇ ਬਿਠਾ ਦਿਓ। ਆਪ ਦਾ ਸਰੀਰ ਇਸ ਵੇਲੇ ਬਹੁਤ ਨਰਮ ਸੀ। ਕਿਉਂਕਿ ਆਪ ਨੂੰ ੪ ਸਾਲ ਗਿਆਰਾਂ ਦਿਨ ਅੰਨ ਗ੍ਰਹਿਣ ਕੀਤਿਆਂ ਹੋ ਗਏ ਸਨ, ਇਸ ਕਰਕੇ ਸਰੀਰ ਨਿਰਬਲ ਹੋ ਚੁਕਾ ਸੀ, ਬਿਠਾਇਆ ਗਿਆ। ਪਾਸ ਬੈਠੇ ਸੇਵਕਾਂ ਨੂੰ ਆਪ ਨੇ ਕਿਹਾ ਕਿ ਭਾਈ ਸਾਡਾ ਅੰਤ ਸਮਾਂ ਆ ਗਿਆ ਹੈ, ਇਸ ਲਈ ਸਾਰੇ ਈਸ਼ਵਰ ਚਿੰਤਨ ਕਰੋ। ਆਪ ਸਮਾਧੀ ਇਸਥਿਤ ਹੋ ਗਏ। ਸੇਵਕਾਂ ਨੇ ਗੁਰਬਾਣੀ ਦਾ ਪਾਠ ਕਰਨਾ ਅਰੰਭ ਕਰ ਦਿਤਾ। ਕੁਝ ਚਿਰ ਮਗਰੋਂ ਉਤਮ ਯੋਗੀਆਂ ਵਾਂਗ ਆਪ ਨੇ ਪ੍ਰਾਣ ਦੇ ਦਿਤੇ।

## ਮਹੰਤ ਠਾਕੁਰ ਸਿੰਘ ਜੀ

ਆਪ ਸੰਮਤ ੧੯੬੭ ਅਸੂ ਦੀ ੧੩ ਨੂੰ ਸੰਤਾਂ ਦੇ ਚਰਨਾਂ 'ਚ ਆਏ। ਦਾਸ ਭਾਵ ਗ੍ਰਹਿਣ ਕਰਕੇ ਅਜਿਹੀ ਪ੍ਰੇਮ ਨਾਲ ਸੇਵਾ ਕੀਤੀ ਜੋ ਸੰਤਾਂ ਦੇ ਖਾਸ ਕ੍ਰਿਪਾ ਪਾਤ੍ਰ ਬਣ ਗਏ। ਪਹਿਲਾਂ ਸੰਤ ਕੁਟੀਆ ਜਾਂ ਛੱਪਰ ਵਿਚ ਨਿਵਾਸ ਕਰਦੇ ਸਨ। ਪਰ ਆਪ ਭਾਗ ਸ਼ੀਲ ਸਾਬਤ ਹੋਏ, ਜੁ ਸੇਵਾ ਦੇ ਪ੍ਰਭਾਵ ਤੇ ਰਸੂਖ ਨਾਲ ਬੜਾ ਭਾਰੀ ਡੇਰਾ ਬਣਾ ਲਿਤਾ, ਆਪ ਦੀ ਸਾਰੇ

ਇਲਾਕੇ ਵਿਚ ਸ਼ੋਭਾ ਫੈਲੀ ਹੋਈ ਸੀ । ਸੰਮਤ ੧੯੯੭ ਮਾਘ ਵਿਚ ਸੰਤਾਂ ਨੇ ਆਪਣੀ ਹਥੀਂ ਡੇਰੇ ਦੀ ਪੱਗ ਦੇ ਦਿਤੀ। ਬਾਅਦ ਸਭ ਕੁਝ ਕਰਤਾ ਧਰਤਾ ਆਪ ਹੀ ਰਹੇ। ਸੁਭਾ ਦੇ ਮਿਲਾਪੜੇ ਤੇ ਪੁਰਸ਼ਾਰਥੀ ਸਰੀਰ ਸਨ। ਆਏ ਗਏ ਦੀ ਸੇਵਾ ਚਾਅ ਨਾਲ ਕਰਦੇ ਸਨ। ਵੈਦਿਕ ਵਿਦਿਆ ਵਿਚ ਬੜੇ ਸਿਆਣੇ ਸਨ। ਆਨੰਦ ਪੁਰ ਸਾਹਿਬ ਇਕ ਮਕਾਨ ਆਪ ਨੇ ਬਣਾਇਆ ਹੈ। ਆਪ ਦੇ ਸ਼ਿਸ਼ ਸੰਤ ਗੁਰਦੇਵ ਸਿੰਘ ਜੀ ਹਨ ਜੋ ਇਸ ਵੇਲੇ ਮਹੰਤ ਹਨ।

## ਡੇਰਾ ਦੁਮੂਢਾ

**ਸੰਤ ਰਾਮ ਸਿੰਘ ਜੀ** ਚੇਲੇ ਮਹਾਰਾਜ ਸੰਤ ਹੀਰਾ ਸਿੰਘ ਜੀ ਸਿੰਗੜੀ, ਆਪ ਨੂੰ ਇਕ ਮਾਈ ਨੇ ਡੇਰਾ ਲਿਖ ਦਿਤਾ ਹੈ, ਸੁਭਾਅ ਦੇ ਚੰਗੇ ਹਨ।

# ਡੇਰਾ ਨਿਰਮਲ ਤਖਤ ਰਾਮਦਾਸ

(ਅੰਮ੍ਰਿਤਸਰ)

## ਸ੍ਰੀ ਬਾਬਾ ਜਸਵੰਤ ਸਿੰਘ ਜੀ

ਆਪ ਦਾ ਪਿੰਡ ਨੈਣੋ ਵਾਲ ਧੁਗੇ। ਜਨਮ ਪੋਹ ਦੀ ਪੂਰਨਮਾਸ਼ੀ ਸੰਮਤ ੧੯੬੧ ਨੂੰ ਨਾਨਕੇ ਘਰ ਸ਼ੇਰ ਪੁਰ ਖਾਸ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਮਾਤਾ ਦਾ ਨਾਮ ਮੈ

ਕੌਰ, ਪਿਤਾ ਦਾ ਨਾਮ ਸਰਦਾਰ ਗੋਪਾਲ ਸਿੰਘ ਜੀ। ਦਸ ਜਮਾਤਾਂ ਘਰ ਰਹਿ ਕੇ ਪੜ੍ਹੇ। ਬਾਅਦ ਸੰਤ ਗੰਗਾ ਸਿੰਘ ਜੀ ਦੀ ਰਾਹੀਂ ਸੰਤਾਂ ਦੇ ਚਰਨਾਂ ਵਿਚ ਆਏ। ਸਿਖਿਆ ਲਿਤੀ।

ਸੰਤ ਹੀਰਾ ਸਿੰਘ ਜੀ ਆਪ ਦੀ ਪਦਮ ਰੇਖਾ ਵੇਖ ਕੇ ਖੁਸ਼ ਹੋਏ, ਤੇ ਕਿਹਾ ਕਿ ਭਾਈ ਤੂੰ ਤਾਂ ਵਡਾ ਪ੍ਰਤਾਪੀ ਹੋਵੇਂਗਾ, ਪਰ ਇਤਨਾ ਕਰੀਂ ਕਿ ਧੰਨੋ ਆਵੇ ਤਾਂ ਮਾਣੋ ਨਾ ਵੜਨ ਦੇਵੀਂ। ਅਗੋਂ ਕਿਹਾ ਕਿ ਮੈਂ ਇਨ੍ਹਾਂ ਅਖਰਾਂ ਦਾ ਮਤਲਬ ਨਹੀਂ ਸਮਝਿਆ। ਸੰਤਾਂ ਵਿਸਤਾਰ ਨਾਲ ਦਸਿਆ ਕਿ ਧੰਨ ਬਹੁਤ ਆਵੇਗਾ, ਪਰ ਮਾਣ ਨਾ ਕਰੀਂ। ਨਿਮ੍ਰਤਾ ਵਿਚ ਰਹੀਂ।

ਆਪ ਨੇ ਕੁਝ ਚਿਰ ਫੌਜ ਵਿਚ ਨੌਕਰੀ ਕੀਤੀ ਤੇ ਕੁਝ ਚਿਰ ਪੋਲੀਸ ਵਿਚ। ਅਖੀਰ ਨੌਕਰੀ ਛਡ ਕੇ ਉਦਾਸੀਨ ਅਵਸਥਾ ਵਿਚ ਹੋ ਗਏ। ਅੰਨ ਜਲ ਦੇ ਵਸ ਰਾਮਦਾਸ ਬਾਬਾ ਬੁਢਾ ਜੀ ਦੀ ਦੀ ਸਮਾਧ ਤੇ ਆਏ। ਨਾਮ ਸਿਮਰਨ ਵਿਚ ਲਗ ਗਏ। ਭਜਨ ਦਾ ਇਤਨਾ ਅਭਿਆਸ ਕੀਤਾ ਕਿ ਆਤਮ ਸ਼ਕਤੀ ਪ੍ਰਾਪਤ ਹੋ ਗਈ। ਰੋਗੀਆਂ ਦੇ ਅਸਾਧ ਰੋਗ ਦੂਰ ਕੀਤੇ। ਜਦ ਦੁਖੀ ਆਦਮੀ ਸੁਖੀ ਹੋਣ ਲਗੇ ਤਾਂ ਉਥੋਂ ਦੇ ਅਕਾਲੀਆਂ ਨੇ ਈਰਖਾ ਸ਼ੁਰੂ ਕਰ ਦਿਤੀ। ਇਸ ਵੇਲੇ ਭਾਈ ਹੀਰਾ ਸਿੰਘ ਮਾਈ ਈਸ਼ਰ ਕੌਰ ਰਾਮਗੜ੍ਹੀਆਂ ਨੇ ਬਾਬਾ ਬੁਢਾ ਜੀਦੇ ਤਾਲਾਬ ਦੇ ਨਾਲ ਲਗਦੀ ੫ ਕਨਾਲ ਜ਼ਮੀਨ ਆਪ ਨੂੰ ਦੇ ਦਿਤੀ। ਇਥੇ ਇਕ ਬੋਹੜ ਦਾ ਬ੍ਰਿਛ ਸੀ, ਜਿਥੇ ਭੂਤਾਂ ਪ੍ਰੇਤਾਂ ਦਾ ਨਿਵਾਸ ਸੀ। ਕੋਈ ਲੰਘ ਨਹੀਂ ਸੀ ਸਕਦਾ, ਪਰ ਆਪ ਦੇ ਭਜਨ ਪ੍ਰਤਾਪ ਕਰ ਕੇ ਸਭ ਨੱਸ ਗਏ। ਧੀਰੇ ਧੀਰੇ ਡੇਰਾ ਬਣ ਗਿਆ

ਵਡੇ ਵਡੇ ਸੰਤ ਸਮਾਗਮ ਹੋਣ ਲਗ ਪਏ। ਸੰਨ ੧੯੫੧ ਈਸਵੀ ਵਿਚ ਆਪ ਨੇ ਇਕ ਵਡਾ ਸਮਾਗਮ ਕੀਤਾ ਜਿਸ ਵਿਚ ਦੂਰੋਂ ਦੂਰੋਂ ਸੰਤ ਮਹਾਤਮਾ ਆਏ। ਇਸ ਅਕੱਠ ਵਿਚ ਲੇਖਕ ਵੀ ਪੁਜਾ ਹੋਇਆ ਸੀ। ਸ਼੍ਰੀ ਮਹੰਤ ਪੰਡਿਤ ਸੁਚਾ ਸਿੰਘ ਜੀ ਵੀ ਆਏ।

ਇਸ ਮੌਕੇ ਗਿਆਨੀ ਸੰਤ ਸੁੰਦਰ ਸਿੰਘ ਜੀ ਨੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਪਾਇਆ ਅਤੇ ਪੰਜ ਸੌ ਪਾਠਾਂ ਦਾ ਭੋਗ ਪਿਆ। ਵਡੀਆਂ ਸੰਗਤਾਂ ਇਕੱਠੀਆਂ ਹੋਈਆਂ।

ਓਦੋਂ ਇਸ ਡੇਰੇ ਦਾ ਨਾਮ ਨਿਰਮਲ ਤਖਤ ਰਖਿਆ ਗਿਆ। ੨੦੨੦ ਸੰਮਤ ਵਿਚ ਚੀਫ ਮਨਿਸਟਰ ਸਰਦਾਰ ਪ੍ਰਤਾਪ ਸਿੰਘ ਜੀ ਕੈਰੋਂ ਆਪ ਦੇ ਦਰਸ਼ਨ ਲਈ ਆਏ। ਹੋਮ ਮਨਿਸਟਰ ਸਰਦਾਰ ਦਰਬਾਰਾ ਸਿੰਘ ਜੀ, ਸਰਦਾਰ ਹਰਿੰਦਰ ਸਿੰਘ ਜੀ ਮਾਲ ਮੰਤ੍ਰੀ ਆਦਕ ਕਈ ਸਰਦਾਰ ਆਪ ਨੂੰ ਮਿਲਣ ਲਈ ਆਏ। ੨੦੨੧ ਸੰਮਤ ਵਿਚ ਚੀਫ ਮਨਿਸਟਰ ਰਾਮ ਕਿਸ਼ਨ ਜੀ ਆਏ ਆਪ ਭੇਖ ਵਿਚ ਇਕ ਵਡੇ ਭਾਗ ਸ਼ੀਲ ਮੰਨੇ ਗਏ ਹਨ।

ਨਿਰਮਲ ਤਖਤ ਦੀ ਇਕ ਬ੍ਰਾਂਚ ਜਲੰਧਰ ਛਾਉਣੀ ਵਿਚ ਬਣਾਈ। ਅਜ ਕਲ ਇਥੇ ਨਿਹਚਰਲ ਟੈਂਕ ੫੧ ਫੁਟ ਬਲੰਦੀ ਜਿਸ ਦੀ ਹੋਵੇਗੀ ਬਣਾ ਰਹੇ ਹਨ। ਦੂਜੀ ਬ੍ਰਾਂਚ ਕੜਾਲਾ ਕਲਾਂ ਬਣਾ ਚੁਕੇ ਹਨ, ਤੀਸਰੀ ਬਿਸ਼ਨ ਪੁਰੀ ਪ੍ਰਾਂਤ ਯੂ. ਪੀ. ਵਿਚ ਬਣਾਈ। ਚੌਥਾ ਰਸੂਲਾ ਫਾਰਮ ਪਟਿਆਲਾ, ਚੰਦੂਕਲਾ

ਹਿਸਾਰ ਵਿਚ ਕਾਇਮ ਕੀਤਾ।

ਆਪ ਵਡੇ ਪੁਰਸ਼ਾਰਥੀ ਹਨ। ਜਾਇਦਾਦ ਵਧਾਣ ਦੇ ਉਪ੍ਰਾਲੇ ਵਿਚ ਲਗੇ ਰਹਿੰਦੇ। ਸਾਧ ਸੰਗਤ ਨਾਲ ਪਿਆਰ ਹੈ। ਭੇਖ ਵਿਚ ਸਤਕਾਰ ਦ੍ਰਿਸ਼ਟੀ ਨਾਲ ਵੇਖੇ ਜਾ ਰਹੇ ਹਨ। ਅਪਣੇ ਬੇਟੇ ਬਾਬਾ ਭਗਵੰਤ ਭਜਨ ਸਿੰਘ ਜੀ ਨੂੰ ਅਪਣਾ ਉਤ੍ਰਾਧਿਕਾਰੀ ਨਿਯਤ ਕਰ ਦਿਤਾ ਹੈ।

# ਡੇਰਾ ਮਸਾਣੀਆਂ

## ਸੰਤ ਸੁੰਦਰ ਸਿੰਘ ਜੀ

ਚੇਲੇ ਸ੍ਰੀ ਸੰਤ ਹੀਰਾ ਸਿੰਘ ਜੀ। ਆਪ ਨੇ ਸੰਤਾਂ ਦੀ ਬੜੀ ਸੇਵਾ ਕੀਤੀ। ਸੰਮਤ ੧੯੭੨ ਵਿਚ ਆਪ ਨੇ ਇਹ ਡੇਰਾ ਬਣਾਇਆ। ੧੦ ਘੁਮਾਂ ਜ਼ਮੀਨ ਦੀ ਪੁਰਾਣੀ ਮਾਫੀ ਚਲੀ ਆ ਰਹੀ ਹੈ। ਡੇਰਾ ਪੱਕਾ ਹੈ। ਸਿਖ ਗੁਰਦਵਾਰਾ ਕਚਹਿਰੀ ਵਿਚੋਂ ਮੁਕਦਮਾ ਆਪ ਦੇ ਹਕ ਵਿਚ ਰਿਹਾ। ਪਿੰਡ ਵਿਚ ਚੰਗਾ ਰਸੂਖ ਹੈ।

# ਕੁਟੀਆ ਹਜ਼ਾਰਾ

## ਸ੍ਰੀ ਸੰਤ ਗੰਗਾ ਸਿੰਘ ਜੀ

ਚੇਲੇ ਸੰਤ ਹੀਰਾ ਸਿੰਘ ਜੀ, ਆਪ ਦਾ ਜਨਮ ਇਸੇ ਪਿੰਡ ਜ਼ਿ: ਜਲੰਧਰ ਵਿਚ ਸੰਮਤ ੧੯੫੭ ਵਿਚ ਹੋਇਆ।

੮੦ ਸਾਲ ਦੀ ਉਮਰ ਵਿਚ ਹਨ।

## ਕੁਟੀਆ ਪੰਡੋਰੀ ਲਧਾ ਸਿੰਘ
## ਸੰਤ ਭਾਗ ਸਿੰਘ ਜੀ ਵਿਰਕਤ

ਚੇਲੇ ਸੰਤ ਹੀਰਾ ਸਿੰਘ ਜੀ,ਜਨਮ ਸੀਂਗੜੀ ਵਾਲਾ ਦਾ ਹੈ। ਸੰਮਤ ੧੯੪੨ ਵਿਚ ਇਹ ਕੁਟੀਆ ਆਪਣੇ ਸੰਤਾਂ ਦੇ ਪ੍ਰਤਾਪ ਨਾਲ ਬਣਾਈ ਹੈ। ਭਿਛਿਆ ਮੰਗ ਕੇ ਛਕਦੇ ਹਨ।

## ਸਤੌਰ ਕੁਟੀਆ
## ਸੰਤ ਹਾਕਮ ਸਿੰਘ ਜੀ ਵਿਰਕਤ

ਚੇਲੇ ਸੰਤ ਹੀਰਾ ਸਿੰਘ ਜੀ ਜਨਮ ਮੇਘੋਵਾਲ ਜ਼ਿਲਾ ਹੁਸ਼ਿਆਰ ਪੁਰ ਦਾ ਹੈ। ਇਹ ਕੁਟੀਆ ਆਪ ਨੇ ਬਣਾਈ। ਭਿਛਿਆ ਮੰਗਦੇ ਹਨ, ਇਕ ਘਰੋਂ ਅੱਧੀ ਰੋਟੀ ਲੈਣ ਦਾ ਸੰਕੇਤ ਕੀਤਾ ਹੋਇਆ ਹੈ। ੭੦-੮੦ ਸਾਲ ਦੀ ਉਮਰ ਵਿਚ ਹਨ।

# ਡੇਰਾ ਗੜ੍ਹਦੀ

ਸੰਤ ਹਰਨਾਮ ਸਿੰਘ ਜੀ ਚੇਲੇ ਮਹੰਤ ਗੁਰਦਿਤ ਸਿੰਘ ਜੀ, ਜਨਮ ਹਥਨ ਰਿਆਸਤ ਮਲੇਰ ਕੋਟਲਾ ਵਿਚ ਹੋਇਆ। ਪੰਡੋਰੀ ਆ ਕੇ ਸੇਵਾ ਕਰਦੇ ਰਹੇ। ਪੜ੍ਹ ਲਿਖ ਕੇ ਗੜ੍ਹਦੀ ਜਾ ਰਹੇ। ਪਿੰਡੋਂ ਬਾਹਰ ਵਾਰ ਡੇਰਾ ਬਣਾਇਆ ਹਿਕਮਤ ਕਰਦੇ ਹਨ। ਚੰਗੇ ਮਿਲਣ ਸਾਰ ਸਾਧੂ ਹਨ।



ਸ੍ਰੀ ਪੰਡਤ ਰਾਮ ਸਿੰਘ ਜੀ ਵਿਰਕਤ

ਪੰਡੋਰੀ ਨਿਝਰਾਂ



ਸ੍ਰੀ ਮਾਨ ਮਹਾਰਾਜ ਬਾਬਾ ਰਘਬੀਰ ਸਿੰਘ ਜੀ

ਹਰਦੁਵਾਰ

## ਸੰਤ ਕੇਹਰ ਸਿੰਘ ਜੀ ਕਾਰਬਾਰੀ

ਚੇਲੇ ਮਹੰਤ ਗੁਰਦਿਤ ਸਿੰਘ ਜੀ ਪੰਡੋਰੀ, ਆਪ ਦਾ ਜਨਮ ਪਿੰਡ ਰਸੂਲ ਪੁਰ, ਜ਼ਿਲਾ ਹੁਸ਼ਿਆਰ ਪੁਰ ਵਿਚ ਸੰਮਤ ੧੯੨੧ ਦੇ ਲਗ ਪਗ ਹੋਇਆ। ੧੬ ਸਾਲ ਦੀ ਉਮਰ ਵਿਚ ਡੇਰੇ ਆਏ, ਸਾਧੂ ਬਣੇ। ਫਿਰ ਕਾਂਸ਼ੀ ਵਲ ਕੁਝ ਚਿਰ ਫਿਰਦੇ ਤੁਰਦੇ ਰਹੇ। ਸੰਮਤ ੧੯੪੯ ਅਖਾੜੇ ਆਏ। ਵਰ੍ਹਿਆਂ ਵਧੀ ਮਕਾਨੀ ਕਾਰਬਾਰੀ ਰਹੇ। ਕੁਝ ਅਰਸਾ ਰਮਤ ਵਿਚ ਕੁਠਾਰੀ ਟਿਕੇ ਰਹੇ। ਸਰੀਰ ਉਦਮੀ ਸੀ। ਚੜ੍ਹਾਈ ਕਰ ਗਏ ਹਨ।

## ਸ਼੍ਰੀ ਪੰਡਿਤ ਰਾਮ ਸਿੰਘ ਜੀ ਕਾਂਸ਼ੀ

ਸ਼ਿਸ਼, ਮਹੰਤ ਗੁਰਦਿਤ ਸਿੰਘ ਜੀ ਪੰਡੋਰੀ। ਪਹਿਲੇ ਪੰਡੋਰੀ ਸੰਤਾਂ ਦੀ ਸੇਵਾ ਕਰਦੇ ਰਹੇ। ਫਿਰ ਕਾਂਸ਼ੀ ਪੜ੍ਹਨ ਲਈ ਚਲੇ ਗਏ ਚੰਗੇ,ਪੰਡਿਤ ਪ੍ਰਸਿਧ ਹੋਏ। ਰਹਿਣੀ ਬਹਿਣੀ ਵਿਚ ਪਵਿਤ੍ਰ ਤੇ ਨਿਮ੍ਰਤਾ ਦੇ ਪੁੰਜ ਸਨ। ਆਪ ਦੇ ਸ਼ਿਸ਼ ਬਾਬਾ ਰਘੁਬੀਰ ਸਿੰਘ ਜੀ ਸਨ।

## ਸ਼੍ਰੀ ਬਾਬਾ ਰਘੁਬੀਰ ਸਿੰਘ ਜੀ ਹਰੀਦੁਆਰ

ਬਾਬਾ ਜੀ ਦਾ ਜਨਮ ਲੋਹਗੜ੍ਹ ਜ਼ਿਲਾ ਲੁਧਿਆਨਾ ਵਿਚ ਸੰਮਤ ੧੯੩੪ ਦੇ ਲਗ ਪਗ ਹੋਇਆ। ਪਹਿਲਾਂ ਕਈ ਵਰ੍ਹੇ ਅਪਣੇ ਸੰਤਾਂ ਨਾਲ ਰਹਿ ਕੇ ਸੇਵਾ ਕਰਦੇ ਪੜ੍ਹਦੇ ਰਹੇ।

ਕਾਫੀ ਅਰਸਾ ਜ਼ਿਲਾ ਗੁਜਰਾਤ ਵਿਖੇ ਬਿਤਾਇਆ। ਤਸੀਲ ਖਾਰੀਆਂ ਵਿਚ ਸੰਤ ਪੁਰਾ ਇਕ ਗੁਰਦੁਆਰਾ ਵਡਾ ਆਲੀਸ਼ਾਨ ਬਣਵਾਇਆ। ਇਥੇ ੧੪ ਡਾਕੂ ਆ ਪਏ ਜਿਨ੍ਹਾਂ ਦੇ ਨਾਲ ਬਾਬਾ ਜੀ ਨੇ ਬੜੇ ਹੌਂਸਲੇ ਨਾਲ ਮੁਕਾਬਲਾ ਕੀਤਾ। ਡਾਕੂਆਂ ਨੂੰ ਖਾਲੀ ਹੱਥ ਮੋੜ ਦਿਤਾ। ਅੰਤ ਉਦਾਸ ਹੋ ਕੇ ਗੁਰਦਵਾਰਾ ਪਿੰਡ ਵਾਲਿਆਂ ਦੇ ਸਪੁਰਦ ਕਰ ਕੇ ਆਪ ਹਰੀ ਦੁਆਰ ਦੇਵ ਪੁਰੇ ਆਣ ਰਹੇ। ਜਿਥੇ ਕਈ ਵਰ੍ਹੇ ਰਹਿ ਕੇ ਸਾਧ ਸੰਗਤ ਨਾਲ ਨਾਲ ਸੋਹਣਾ ਸਮਾਂ ਲੰਘਾਇਆ। ਉਤ ਸ਼ਾਹੀ ਸਰੀਰ ਸਨ, ਆਪ ਦੇ ਹੁੰਦਿਆਂ ਸ਼੍ਰੀ ਅਖੰਡ ਪਾਠ ਤੇ ਭੰਡਾਰੇ ਹੁੰਦੇ ਰਹਿੰਦੇ ਸਨ। ਕੁੰਭ ਆਦਕ ਮੇਲਿਆਂ ਉਤੇ ਅੰਨ ਛੇਤ੍ਰ ਲਗਾਇਆ ਕਰਦੇ ਸਨ। ਨਿਰਮਾਨ ਤੇ ਮੇਲ ਮਿਲਾਪ ਵਾਲੇ ਮਹਾਤਮਾ ਸਨ। ਨਿਰਮਲ ਭੇਖ ਵਿਚ ਇਕ ਉਚ ਕੋਟੀ ਦੇ ਮਹਾਤਮਾ ਤੇ ਸਤਿਕਾਰ ਦ੍ਰਿਸ਼ਟੀ ਨਾਲ ਵੇਖੇ ਜਾਂਦੇ ਸਨ।

ਅਖੀਰ ਪਿੰਡ ਜੌਹਲ ਜ਼ਿਲਾ ਜਾਲੰਧਰ ਸੰਤ ਪ੍ਰੀਤਮ ਸਿੰਘ ਜੀ ਚਾਹ ਵਾਲਿਆਂ ਦੇ ਅਸਥਾਨ ਪੁਰ ਆਪ ਦਾ ਦੇਹਾਂਤ ਹੋਇਆ, ਪਰ ਆਪ ਦੇ ਸ਼ਿਸ਼ ਸੰਤ ਮੰਨਾ ਸਿੰਘ ਜੀ ਨੇ ਅਰਥੀ ਨੂੰ ਹਰੀ ਦੁਆਰ ਲਿਜਾ ਕੇ ਗੰਗਾ ਜੀ ਵਿਚ ਪ੍ਰਵਾਹਿਤ ਕੀਤਾ। ਆਪ ਦੇ ਦੋ ਚੇਲੇ ਹੋਏ, ਇਕ ਤਾਂ ਪੰਡਿਤ ਨਰਾਇਣ ਸਿੰਘ ਜੀ ਜੋ ਚੰਗੇ ਸੁਬੋਧ ਵਿਦਵਾਨ ਸਨ। ਅਜੇ ਛੋਟੀ ਹੀ ਆਰਬਲਾ ਸੀ ਪਰ ਰੱਬ ਦੀ ਨੇਤ ਮਿਰਜ਼ਾ ਪੁਰ ਵਿਖੇ ਉਨ੍ਹਾਂ ਦਾ ਸਰੀਰ ਸ਼ਾਂਤ ਹੋ ਗਿਆ। ਦੂਜੇ ਸ਼ਿਸ਼ ਸ੍ਰੀ ਸੰਤ ਮੰਨਾ ਸਿੰਘ ਜੀ ਜੋ ਅਜਕਲ ਕਾਹਨ ਪੁਰ ਰਹਿੰਦੇ ਹਨ।



ਸ੍ਰੀ ਗਿਆਨੀ ਸੰਤ ਮਨਾ ਸਿੰਘ ਜੀ

ਕਾਹਨ ਪੁਰ

## ਸੰਤ ਗਿਆਨੀ ਮੰਨਾ ਸਿੰਘ ਜੀ

ਆਪ ਦਾ ਜਨਮ ਪਿੰਡ ਦਿਲੋਂ, ਜ਼ਿਲਾ ਗੁਜਰਾਤ ਤਹਿਸੀਲ ਖਾਰੀਆਂ ਵਿਚ ਸੰਮਤ ੧੯੫੯ ਬਿਕ੍ਰਮੀ ਨੂੰ ਹੋਇਆ ਆਪ ਸੰਮਤ ੧੯੯੯ ਭਾਦਰੋਂ ਮਹੀਨੇ ਵਿਚ ਬਾਬਾ ਜੀ ਦੇ ਪਾਸ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਬਾਬਾ ਜੀ ਦੀ ਸੰਗਤ ਵਿਚ ਆਪ ਵੀ ਸਚੇ ਅਰਥਾਂ ਵਿਚ ਨਿਰਮਲ ਹੋ ਗਏ।

ਪਾਕਸਤਾਨ ਬਣਨ ਤੋਂ ਬਾਅਦ ਸੰਮਤ ੨੦੦੯ ਵਿਚ ਕਾਹਨ ਪੁਰ ਆ ਗਏ। ੨੦੧੦ ਵਿਚ ਆਪ ਨੇ ਇਕ ਵਡਾ ਮਕਾਨ ਬਣਾਇਆ। ਜਿਥੇ ਅਜਕਲ ਨਿਵਾਸ ਕਰ ਰਹੇ ਹਨ। ਸਤਿਸੰਗ ਦਾ ਪ੍ਰਵਾਹ ਚਲਾਇਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਰੋਜ਼ ਹੁੰਦੀ ਹੈ। ਸੇਵਕ ਲੋਕ ਬੜੇ ਪਰੇਮ ਨਾਲ ਸੁਣਨ ਆਉਂਦੇ ਹਨ। ਸੰਗਤ ਦੀ ਕਾਫੀ ਆਵਾ ਜਾਈ ਹੈ। ਆਏ ਗਏ ਸਾਧੂ ਨਾਲ ਪ੍ਰੇਮ ਭਾਵ ਕਰਦੇ ਹਨ। ਸ੍ਰੀ ਬਾਬਾ ਜੀ ਦੀ ਯਾਦ ਵਿਚ ਸਾਲ ਬਾਅਦ ਹਰੀਦੁਆਰ ਜਾਕੇ ਖੁਲ੍ਹਾ ਸਮਸ਼ਟੀ ਭੰਡਾਰਾ ਕਰਦੇ ਹਨ, ਆਪ ਦਾ ਕਾਹਨ ਪੁਰ ਵਿਚ ਕਾਫੀ ਰਸੂਖ ਪਿਆਰ ਹੈ। ਇਸ ਵੇਲੇ ੬੩ ਸਾਲ ਦੀ ਉਮਰ ਵਿਚ ਹਨ। ਸੁਭਾਅ ਦੇ ਮਿਲਨ ਸਾਰ ਤੇ ਉਦਾਰ ਆਤਮਾ ਹਨ।

# ਡੇਰਾ ਖਰੜ

## ਪੰਡਿਤ ਚੜ੍ਹਤ ਸਿੰਘ ਜੀ

ਚੇਲੇ ਠਾਕਰ ਮਲ ਸਿੰਘ ਜੀ। ਆਪ ਚੰਗੇ ਵਿਦਵਾਨ

ਮਹਾਤਮਾ ਹੋਏ ਹਨ। ਪਹਿਲਾਂ ਰਮਤੇ ਰਹੇ ਬਾਅਦ ਖਰੜ ਡੇਰਾ ਬਣਾਇਆ। ਆਪ ਦੇ ਚੇਲੇ ਸੰਤ ਸੁਰਜਨ ਸਿੰਘ ਜੋ ਪ੍ਰਸਿਧ ਨਾਮ ਪੰਡਿਤ ਵਰਿਆਮ ਸਿੰਘ ਜੀ ਹੋਏ। ਜੋ ਪਹਿਲਾਂ ੩੦-੪੦ ਵਰ੍ਹੇ ਸਾਧੂ ਰਹੇ ਫਿਰ ਕਈ ਵਰ੍ਹੇ ਚੀਫ ਖਾਲਸਾ ਦੀਵਾਨ ਦੇ ਉਪਦੇਸ਼ਕ ਬਣੇ ਰਹੇ ਅਜ ਕਲ ਅਪਣੇ ਬੰਗੇ ਪਿੰਡ ਜ਼ਿਲਾ ਜਲੰਧਰ ਵਿਚ ਚਲੇ ਗਏ ਹਨ। ਅਗੇ ਇਨ੍ਹਾਂ ਦੇ ਚੇਲੇ ਸੰਤ ਅਮਰ ਸਿੰਘ ਜੀ ਹਨ। ਆਪ ਵਡੀ ਉਮਰ ਵਿਚ ਸਾਧੂ ਹੋਏ, ਜ਼ਿਆਦਾ ਵਿਚਰਦੇ ਰਹਿੰਦੇ। ੫੧੯ ਚਕ ਵਿਚ ਪਿੰਡੋਂ ਬਾਹਰ ਕੁਲੀ ਵਿਚ ਨਿਵਾਸ ਰਖਦੇ ਸਨ।

ਇਲਾਕੇ ਦੇ ਲੋਗ ਆਪ ਨੂੰ ਕੁਲੀ ਵਾਲੇ ਸਦਿਆ ਕਰਦੇ ਹਨ। ਚੰਗੀ ਧਾਰਨਾ ਵਾਲੇ ਸਾਧੂ ਹਨ। ਸਰੀਰ ਦੇ ਦਰਸ਼ਨੀ ਹਨ। ਅਜ ਕਲ ਹਿੰਦੋਸਤਾਨ ਆ ਗਏ ਹਨ।

## ਕੁਟੀਆ ਹਲੋਵਾਲ

## ਸ੍ਰੀ ਸੰਤ ਵਰਿਆਮ ਸਿੰਘ ਜੀ ਵਿਰਕਤ

ਚੇਲੇ ਸ੍ਰੀ ਸੰਤ ਹੀਰਾ ਸਿੰਘ ਜੀ। ਆਪ ਦਾ ਜਨਮ ਪੰਡੋਰੀ ਲੱਧਾ ਸਿੰਘ ਜੀ ਹੁਸ਼ਿਆਰ ਪੁਰ ਦਾ ਸੀ। ਪਹਿਲਾਂ ੧੯ ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਹੋਏ। ੩੦ ਸਾਲ ਦੀ ਉਮਰ ਵਿਚ ਸੰਤਾਂ ਪਾਸ ਆਏ। ਕੁਝ ਦਿਨ ਪਾਸ ਰਹਿਕੇ ਸੇਵਾ ਕਰਦੇ ਰਹੇ। ਉਪ੍ਰਾਮ ਬ੍ਰਿਤੀ ਮੁਢੋਂ ਹੀ ਸਨ। ਜਿਸ ਕਰਕੇ ਬਾਅਦ ਵਿਰਕਤੀ ਠਾਠ ਵਿਚ ਕਈ ਵਰ੍ਹੇ

ਫਿਰਦੇ ਰਹੇ। ਆਪ ਦੀ ਸੰਗਤ ਨਾਲ ਪਰੇਮੀ ਪਰੇਮ ਦੀ ਰੰਗਣ ਵਿਚ ਰੰਗੇ ਗਏ। ਸੰਮਤ ੧੯੬੨ ਵਿਚ ਹਲੋਵਾਲ ਆਣ ਟਿਕੇ ਪਿੰਡੋਂ ਇਕ ਮੀਲ ਬਾਹਰ ਕੁਟੀਆ ਪੁਵਾਈ। ਵਡੀ ਉਮਰ ਵਿਚ ਭੀ ਇਕੰਤ ਪਸੰਦ ਰਹੇ। ਕਿਸੇ ਨੂੰ ਪਾਸ ਨਹੀਂ ਸੀ ਆਉਣ ਦੇਂਦੇ, ਫਕੀਰੀ ਨੂੰ ਹਦ ਦਰਜੇ ਤੇ ਪੁਚਾਇਆ। ਆਖਰ ੧੦੦ ਸਾਲ ਦੀ ਉਮਰ ਵਿਚ ਸੰਮਤ ੨੦੦੧ ਚੇਤਰ ੩੧ ਨੂੰ ਆਪ ਗੁਰਪੁਰੀ ਸਿਧਾਰੇ। ਆਪ ਦੇ ਸ਼ਿਸ਼ ਸੰਤ ਘਨਈਆ ਸਿੰਘ ਜੋ ਪਠਲਾਵਾ, ਸੰਤ ਫਕੀਰ ਸਿੰਘ ਜੀ, ਸੰਤ ਤਾਰਾ ਸਿੰਘ ਜੀ ਹੋਏ ਜਿਨ੍ਹਾਂ ਵਿਚੋਂ ਸੰਤ ਫਕੀਰ ਸਿੰਘ ਜੀ ਨੂੰ ਪਿਛੋਂ ਭੇਖ ਨੇ ਮਹੰਤੀ ਦੀ ਦਸਤਾਰ ਦਿਤੀ।

ਮਹੰਤ ਫਕੀਰ ਸਿੰਘ ਜੀ ਨੇ ਵੀ ਬਹੁਤ ਹਛਾ ਕੰਮ ਨਿਭਾਇਆ।

## ਕੁਟੀਆ ਛੋਕਰਾਂ
## ਸੰਤ ਇੰਦਰ ਸਿੰਘ ਜੀ ਮੌਜੀ

ਚੇਲੇ ਸੰਤ ਹੀਰਾ ਸਿੰਘ ਜੀ ਦਾ ਜਨਮ ਕੁਕੜਾਂ ਬੀਹੜਾਂ ਜ਼ਿਲਾ ਹੁਸ਼ਿਆਰ ਪੁਰ ਦਾ ਹੈ, ਆਪ ਵਿਰਕਤ ਸਾਧੂ ਹਨ। ਸੰਮਤ ੧੯੭੦-੭੨ ਦੇ ਕਰੀਬ ਇਹ ਕੁਟੀਆ ਬਣਾਈ, ਭਿਛਿਆ ਦਾ ਅੰਨ ਛਕਦੇ ਹਨ। ਪੈਸੇ ਨੂੰ ਹਥ ਨਹੀਂ ਲਾਉਂਦੇ। ਉਮਰ ੮੦ ਸਾਲ ਦੇ ਲਗਪਗ ਹੈ। ਚੰਗੇ ਤਿਆਗੀ ਪੁਰਸ਼ ਹਨ। ਆਪ ਦੇ ਚੇਲੇ ਸੰਤ ਸ਼ੇਰ ਸਿੰਘ ਜੀ, ਸੰਤ ਈਸ਼ਰ ਸਿੰਘ ਜੀ ਹਨ ਪਾਸ ਰਹਿੰਦੇ ਸੇਵਾ ਕਰਦੇ ਹਨ।

# ਡੇਰਾ ਮਨੀ ਮਾਜਰਾ

ਇਹ ਡੇਰਾ ਮਹੰਤ ਦੇਵਾ ਸਿੰਘ ਜੀ ਚੇਲੇ ਪੰ: ਜਵਾਹਰ ਸਿੰਘ ਜੀ ਦਾ ਵਸਾਇਆ ਹੋਇਆ ਹੈ। ਆਪ ਦਾ ਸਰੀਰ ਬੜਾ ਪੁਰਸ਼ਾਰਥੀ ਸੀ। ਪੰਚਾਇਤੀ ਰਮਤ ਨਿਰਮਲ ਅਖਾੜੇ ਦੇ ਕਈ ਵਰ੍ਹੇ ਮਹੰਤ ਰਹੇ। ਬਾਅਦ ਵਰ੍ਹਿਆਂ ਬੱਧੀ ਇਸ ਡੇਰੇ ਵਿਚ ਭਜਨ ਬੰਦਗੀ ਕਰਦਿਆਂ ਬਤੀਤ ਕੀਤੇ। ਅਖੀਰ ਅਪਣੇ ਸ਼ਿਸ਼ ਮਹੰਤ ਗੰਡਾ ਸਿੰਘ ਜੀ ਨੂੰ ਥਾਪ ਕੇ ਗੁਰਪੁਰੀ ਸਿਧਾਰੇ।

ਮਹੰਤ ਗੰਡਾ ਸਿੰਘ ਜੀ ਜਿਤਨਾ ਚਿਰ ਰਹੇ, ਆਏ ਗਏ ਸਾਧੂ ਸੰਤ ਦੀ ਸੇਵਾ ਕਰਦੇ ਰਹੇ। ਇਨ੍ਹਾਂ ਦਾ ਚੇਲਾ ਕੋਈ ਨਹੀਂ ਸੀ, ਜਿਸ ਕਰ ਕੇ ਆਪ ਦੇ ਦੇਹਾਂਤ ਹੋਣ ਤੋਂ ਬਾਅਦ ਆਪ ਦੇ ਗੁਰਭਾਈ ਮਹੰਤ ਗਣੇਸ਼ਾ ਸਿੰਘ ਜੀ ਸ਼ਕਰੁਲਾ ਪੁਰ ਵਾਲੇ ਪ੍ਰਬੰਧਕ ਟਿਕੇ ਰਹੇ। ਇਨ੍ਹਾਂ ਤੋਂ ਪਿਛੋਂ ਮਹੰਤ ਰਾਮ ਸਿੰਘ ਜੀ ਪ੍ਰਬੰਧ ਕਰਦੇ ਰਹੇ। ਅਜ ਕਲ ਇਨ੍ਹਾਂ ਦੇ ਸ਼ਿਸ਼ ਸੰਤ ਗੁਰਦਿਆਲ ਸਿੰਘ ਜੀ ਰਹਿੰਦੇ ਹਨ। ਡੇਰਾ ਕੱਚਾ ਪੱਕਾ ਹੈ। ਪਿੰਡ ਦੇ ਅੰਦਰ ਹੈ ਨਾਲ ਬਾਗ ਹੈ।

# ਡੇਰਾ ਪਠਲਾਵਾ

## ਸ਼੍ਰੀ ਸੰਤ ਘਨਈਆ ਸਿੰਘ ਜੀ

ਚੇਲੇ ਸੰਤ ਵਰਿਆਮ ਸਿੰਘ ਜੀ ਪੋਤਰੇ ਚੇਲੇ ਸੰਤ ਹੀਰਾ

ਸਿੰਘ ਜੀ ਸੀਂਗੜੀ ਵਾਲਿਆਂ ਦੇ, ਜਨਮ ਇਸੇ ਪਿੰਡ ਦਾ ਹੈ। ਡੇਰਾ ਆਪ ਨੇ ਬੰਨ੍ਹਿਆ ਇਸ ਤੋਂ ਇਲਾਵਾ ਹੋਰ ਜ਼ਮੀਨ ਖਰੀਦ ਕੇ ਡੇਰੇ ਨਾਲ ਲੁਵਾਈ। ਚੰਗੇ ਪ੍ਰਤਾਪ ਸ਼ੀਲ ਸੰਤ ਸਨ। ਸੁਭਾਅ ਦੇ ਮਿਲਣ ਸਾਰ ਸਨ, ਆਪ ਦੇ ਚੇਲੇ ਸੰਤ ਗੇਂਦਾ ਸਿੰਘ ਜੀ ਕਾਂਸ਼ੀ, ਸੰਤ ਬਤਨ ਸਿੰਘ ਜੀ ਮੋਨੀ, ਸੰਤ ਕਰਤਾਰ ਸਿੰਘ ਜੀ, ਸੰਤ ਮੇਹਰ ਸਿੰਘ ਜੀ ਰਮਤਾ ਗਿ: ਖੇਮ ਸਿੰਘ ਆਦਕ ਹੋਏ। ਜਿਨ੍ਹਾਂ ਵਿਚੋਂ ਸੰਤ ਕਰਤਾਰ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਅਪਣੀ ਹਥੀਂ ਦੇ ਗਏ।

**ਮਹੰਤ ਕਰਤਾਰ ਸਿੰਘ ਜੀ** ਆਪ ਦਾ ਜਨਮ ਪਿੰਡ ਸ਼ੁਜੋ ਜ਼ਿਲਾ ਜਾਲੰਧਰ ਦਾ ਹੈ, ਛੋਟੀ ਉਮਰ ਵਿਚ ਸੰਤਾਂ ਪਾਸ ਆਏ। ਸੇਵਾ ਕਰਦੇ ਪੜ੍ਹਦੇ ਰਹੇ ਨਾਲ ਰਾਗ ਵਿਦਿਆ ਦਾ ਅਭਿਆਸ ਕਰਦੇ ਰਹੇ। ਡੇਰੇ ਦੇ ਸਭ ਕੰਮਾਂ ਵਿਚ ਸਿਆਣੇ ਮੰਨੇ ਗਏ। ਅਜ ਕਲ ਆਪ ਡੇਰੇ ਦਾ ਚੰਗਾ ਕੰਮ ਚਲਾ ਰਹੇ ਹਨ। ਅਪਣੀ ਹੱਥੀਂ ਹੁਣ ਤਕ ਸੇਵਾ ਕਰਦੇ ਹਨ। ਕਈ ਵਰ੍ਹਿਆਂ ਤੋਂ ਆਪ ਨਿਰਮਲ ਮਹਾਂ ਮੰਡਲ ਦੇ ਮੈਂਬਰ ਚਲੇ ਆ ਰਹੇ ਹਨ। ਭੇਖ ਇਲਾਕੇ ਵਿਚ ਚੰਗਾ ਆਦਰ ਸਤਕਾਰ ਹੈ। ਸੁਭਾਅ ਦੇ ਸੰਜਮੀ ਪ੍ਰਸਿਧ ਹਨ, ਆਏ ਗਏ ਦੀ ਸੇਵਾ ਵਧ ਚੜ੍ਹ ਕੇ ਕਰਦੇ ਹਨ।

ਸੰਤ ਕਰਤਾਰ ਸਿੰਘ ਜੀ ਪਠਲਾਵੇ ਵਾਲਿਆਂ ਦੇ ਚੇਲੇ ਸੰਤ ਓਅੰਕਾਰ ਸਿੰਘ ਜੀ ਨੇ ਪਿੰਡ ਮਹਿਤ ਪੁਰ ਵਿਚ ਬਲ ਚੌਰ ਦੇ ਨੇੜੇ ਡੇਰਾ ਬਣਾਇਆ ਹੈ, ਇਨ੍ਹਾਂ ਦਾ ਚੇਲਾ ਸੰਤ ਗੁਰਮੇਲ ਸਿੰਘ ਹੈ।

## ਸੰਤ ਤਾਰਾ ਸਿੰਘ ਜੀ

ਚੇਲੇ ਸੰਤ ਘਨਈਆ ਸਿੰਘ ਜੀ, ਆਪ ਨੇ ਡੇਰਾ ਬਲਾ-ਚੌਰ ਬਣਾਇਆ। ਡੇਰੇ ਦਾ ਨਾਮ ਸੰਤ ਗੜ੍ਹ ਰਖਿਆ, ਬਹੁਤ ਭਲੇ ਲੋਕ ਹਨ।

## ਸੰਤ ਮੇਹਰ ਸਿੰਘ ਜੀ ਰਮਤਾ

ਆਪ ਭੇਖ ਵਿਚ ਨਿਰਮਾਣ ਸੰਤ ਪ੍ਰਸਿੱਧ ਸਨ, ਗੁਜ਼ਰ ਗਏ ਹਨ। ਆਪ ਦੇ ਸ਼ਿਸ਼ ਸੰਤ ਹਰਿੰਦਰ ਸਿੰਘ ਜੀ ਹਨ, ਜੋ ਅਜ ਕਲ ਬੋਹਨ ਪਿੰਡ ਰਹਿੰਦੇ ਹਨ। ਪਹਿਲਾਂ ਕਨਖਲ ਪਾਠਸ਼ਾਲਾ ਵਿਚ ਪੜ੍ਹਦੇ ਰਹੇ ਹਨ। ਆਪ ਨਿਰਮਾਣ ਤੇ ਸਰੀਰ ਦੇ ਦਰਸ਼ਨੀ ਹਨ।

## ਚੇਤਾਵਨੀ

ਡੇਰਾ ਪਠਲਾਵਾ ਤੋਂ ਲੈ ਕੇ, ਆਪ ਨਿਰਮਾਣ ਤੇ ਸਰੀਰ ਦਰਸ਼ਨੀ ਹਨ। ਏਹ ਉਕਤ ਪ੍ਰਕਰਣ ੨੧੫ ਤੋਂ ੨੧੯ ਤਕ ਪਿਛੇ ਛਪ ਚੁਕਾ ਹੈ। ਕਿਸੀ ਸਰੀਰ ਨੇ ਦੋਹਾਂ ਪਾਸੇ ਲਿਖਾ ਦਿਤਾ ਹੈ, ਪਾਠਕ ਜਨ ਸੋਧ ਲੈਣ।

# ਡੇਰਾ ਭੂਰੇ

ਸ਼੍ਰੀ ਸੰਤ ਹਰਨਾਮ ਸਿੰਘ ਜੀ ਚੇਲੇ ਮਹਾਰਾਜ ਰਾਮ ਸਿੰਘ ਜੀ, ਜਨਮ ਆਪ ਦਾ ਸਿਧੂ ਜ਼ਿਮੀਦਾਰਾਂ ਦੇ ਘਰ ਦਾ ਸੀ,

੨੦ ਸਾਲ ਦੀ ਉਮਰ ਵਿਚ ਸਾਧੂ ਹੋਏ। ਕਈ ਸਾਲ ਕਾਂਸ਼ੀ ਪੜ੍ਹਦੇ ਰਹੇ। ਬਾਅਦ ੪੦ ਸਾਲ ਲਗਾਤਾਰ ਰੂਮੀ ਤਲਾਬ ਦੇ ਕਿਨਾਰੇ ਤਪਸਿਆ ਕਰਦੇ ਰਹੇ। ਕਈ ਸਾਲ ਭੁਚੋ ਬਾਹਰ ਵਾਰ ਝਿੜੀ ਢਾਬ ਤੇ ਰਹਿ ਕੇ ਭਜਨ ਬਾਣੀ ਵਿਚ ਜ਼ਿੰਦਗੀ ਬਿਤੀਤ ਕੀਤੀ। ਕਈ ਰਾਜੇ ਮਹਾਰਾਜੇ ਆਪ ਦੇ ਦਰਸ਼ਨ ਲਈ ਆਉਂਦੇ ਰਹੇ। ਜੋ ਕੁਝ ਪੂਜਾ ਭੇਟ ਕਰ ਜਾਂਦੇ। ਪਿਛੋਂ ਪੰਜ ਰੁਪਏ ਪਲਿਓ ਪਾ ਕੇ ਉਨ੍ਹਾਂ ਦੇ ਖਜ਼ਾਨੇ ਵਿਚ ਵਾਪਸ ਭੇਜਦੇ ਰਹੇ। ਪਟਿਆਲੇ ਵਾਲੀ ਰਾਣੀ ਨੇ ਆਪ ਲਈ ਕੋਠੀ ਪੁਵਾ ਦਿਤੀ। ਪਰ ਆਪ ਉਸ ਵਿਚ ਨਾ ਰਹੇ। ਬਲਕਿ ਪਹਿਲੀ ਜਗ੍ਹਾ ਹੀ ਨਿਵਾਸ ਰਖਿਆ। ਸੰਮਤ ੧੯੮੫ ਵਿਚ ਉਥੇ ਹੀ ਸਮਾਏ।

ਕਲੇਰਾਂ ਵਾਲੇ ਮਹਾਰਾਜ ਸੰਤ ਨੰਦ ਸਿੰਘ ਜੀ ਬਹੁਤ ਅਰਸਾ ਆਪ ਦੇ ਪਾਸ ਰਹਿ ਕੇ ਸੇਵਾ ਕਰਦੇ ਰਹੇ ਬਲਕਿ ਉਨ੍ਹਾਂ ਦੀ ਰਹੁ ਰੀਤ ਅਨੁਸਾਰ ਅੰਤ ਤਕ ਸ਼ਹਿਰ ਨਗਰੋਂ ਬਾਹਰ ਵਾਰ ਹੀ ਉਤਰਦੇ ਰਹੇ। ਆਪ ਦੇ ਪਿਛੇ ਸੰਤ ਈਸ਼ਰ ਸਿੰਘ ਜੀ ਨੇ ਕਲੇਰਾਂ ਮਕਾਨ ਦੀ ਬੜੀ ਤਰੱਕੀ ਕੀਤੀ। ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਸੰਤ ਸੁਜਾਨ ਸਿੰਘ ਜੀ ਵੀ ਮਹਾਰਾਜ ਸੰਤ ਨੰਦ ਸਿੰਘ ਜੀ ਦੇ ਸ਼ਿਸ਼ਾਂ ਵਿਚੋਂ ਸਦਾਉਂਦੇ ਹਨ। ਕੀਰਤਨ ਕਰਦੇ ਹਨ। ਸ਼ਾਦੀ ਸ਼ੁਦਾ ਹਨ। ਬਾਗ ਪ੍ਰਵਾਰ ਵਾਲੇ ਹਨ। ਦਿਲੀ ਕਰੋਲ ਬਾਗ ਆਪ ਨੇ ਆਲੀਸ਼ਾਨ ਇਕ ਮਕਾਨ ਬਣਾਇਆ, ਜਿਸ ਵਿਚ ਅਜ ਕਲ ਆਪ ਰਹਿੰਦੇ ਹਨ।

ਸ੍ਰੀ ਸੰਤ ਹਰਨਾਮ ਸਿੰਘ ਜੀ ਦੇ ਸ਼ਿਸ਼ ਮਹੰਤ ਨਰੈਣ ਸਿੰਘ ਜੀ ਹੋਏ ਜਿਨ੍ਹਾਂ ਪਿਛੋਂ ਭੁਚੋ ਮਕਾਨ ਦੀ ਚੰਗੀ ਸੰਭਾਲ

ਰਖੀ। ਆਪ ਦਾ ਜਨਮ ਪਿੰਡ ਮੈਹਣਾ ਜ਼ਿਲਾ ਬਠਿੰਡਾ ਸੀ। ਆਪ ਨੇ ਸੰਤਾਂ ਦੀ ਰਹੁ ਰੀਤੀ ਅਨੁਸਾਰ ਕਈ ਵਰ੍ਹੇ ਖੜਿਆਂ ਹੋਕੇ ਤਪ ਕੀਤਾ। ਭਜਨ ਪਾਠ ਵਾਲੇ ਮਹਾਤਮਾ ਸਨ। ਚੜ੍ਹਾਈ ਕਰ ਗਏ ਹਨ। ਦੂਜੇ ਸ਼ਿਸ਼ ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲੇ। ਅਗੇ ਇਨ੍ਹਾਂ ਦੇ ਸ਼ਿਸ਼ ਸੰਤ ਪੰਡਿਤ ਕਰਮ ਸਿੰਘ ਜੀ ਹਨ। ਚਕ੍ਰਵਰਤੀ ਹਨ। ਆਪ ਦੇ ਸ਼ਿਸ਼ ਮਹੰਤ ਈਸ਼ਰ ਸਿੰਘ ਜੀ ਜਿਨ੍ਹਾਂ ਦਾ ਜਨਮ ਪਿੰਡ ਰੋੜੀ ਜ਼ਿਲੇ ਸਰਸੇ ਦਾ ਹੈ। ਵਡੇ ਸੰਤਾਂ ਵੇਲੇ ਡੇਰੇ ਆਏ। ਸੇਵਾ ਕਰਦੇ ਰਹੇ, ੧੨ ਵਰ੍ਹਿਆਂ ਤੋਂ ਆਪ ਮਹੰਤ ਅਸਥਾਪਨ ਹਨ। ਆਪ ਚੰਗੇ ਉਦਾਰ ਚਿਤਵਾਲੇ ਮਹੰਤ ਹਨ। ਸੰਮਤ ੨੦੧੯ ਦੇ ਕੁੰਭ ਤੇ ਆਪ ਨੇ ਕਈ ਅਖੰਡ ਪਾਠ ਕਰਾਏ ਤੇ ਕਈ ਵੇਰਾਂ ਨਿਰਮਲ ਅਖਾੜੇ ਦੀ ਪੂਜਾ ਭੇਟ ਕਰਦੇ ਰਹੇ।

ਆਪ ਦੇ ਸ਼ਿਸ਼ ਸੰਤ ਕਪੂਰ ਸਿੰਘ ਜੀ ਹਨ, ਜੋ ਛੋਟੀ ਉਮਰ ਵਿਚ ਹੀ ਡੇਰੇ ਆਏ, ਅਪਣੇ ਸੰਤਾਂ ਦੀ ਆਗਿਆ ਨਾਲ ਅਜਕਲ ਨਿਰਮਲ ਪਾਠਸ਼ਾਲਾ ਕਨਖਲ ਵਿਚ ਪੜ੍ਹ ਰਹੇ ਹਨ। ਉਦਮੀ ਸਰੀਰ ਤੇ ਮਿਲਾਪੜੇ ਹਨ।

## ਭੂਤਾਂ ਵਾਲੇ
## ਸ੍ਰੀ ਸੰਤ ਸੋਹਣ ਸਿੰਘ ਜੀ

ਆਪ ਭੇਖ ਵਿਚ ਮੰਨੇ ਪ੍ਰਮੰਨੇ ਵਿਰਕਤ ਸਾਧੂ ਹੋਏ ਹਨ ਪਹਿਲਾਂ ਕਈ ਵਰ੍ਹੇ ਤੀਰਥ ਯਾਤਰਾ ਕਰਦੇ ਰਹੇ। ਵਡੀ ਉਮਰ ਵਿਚ ਭੂਤੀ ਆ ਨਿਵਾਸ ਕੀਤਾ। ਸਤਿਸੰਗ ਜਾਰੀ ਕੀਤਾ

ਜਿਥੋਂ ਅਨੇਕਾਂ ਸਤਿਸੰਗੀ ਲਾਭ ਉਠਾਉਂਦੇ ਰਹੇ। ਅੰਤ ਆਪਣੇ ਸ਼ਿਸ਼ ਪੰ: ਅਤਰ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਬਖਸ਼ ਕੇ ਪ੍ਰਲੋਕ ਗਮਨ ਹੋਏ।

**ਪੰਡਿਤ ਅਤਰ ਸਿੰਘ ਜੀ** ਪਹਿਲਾਂ ਆਪਣੇ ਸੰਤਾਂ ਪਾਸ ਰਹਿਕੇ ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਕਾਂਸ਼ੀ ਪੜ੍ਹਨ ਲਈ ਚਲੇ ਗਏ। ਕਈ ਵਰ੍ਹੇ ਪੜ੍ਹ ਪੜ੍ਹਾ ਕੇ ਭੂਤੀ ਪਿੰਡ ਆਏ। ਆਪ ਵਡੇ ਨਿਰਮਾਣ ਮਹਾਤਮਾ ਸਨ। ਭੇਖ ਵਿਚ ਆਪਦਾ ਪੂਰਾ ਪੂਰਾ ਸਤਿਕਾਰ ਸੀ। ਅਖੀਰ ਆਪਣੇ ਸ਼ਿਸ਼ ਸੰਤ ਵਿਸ਼ਨੂੰ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਪ੍ਰਲੋਕ ਗਮਨ ਹੋਏ।

## ਸ਼੍ਰੀ ਸੰਤ ਵਿਸ਼ਨੂੰ ਸਿੰਘ ਜੀ

ਸੰਤ ਵਿਸ਼ਨੂੰ ਸਿੰਘ ਜੀ ਸਚਮੁਚ ਦੇ ਵਿਸ਼ਨੂੰ ਰੂਪ ਸਨ। ਸੁਭਾ ਦੇ ਧੀਮੇ ਨਿਰਮਾਣ ਫਕੀਰ ਸਨ। ਮੇਲ ਮਿਲਾਪ ਵਾਲਾ ਸੁਭਾਅ ਸੀ, ਜਿਸ ਕਿਸੇ ਨਾਲ ਗੱਲ ਕਰਨੀ ਪਿਆਰ ਭਰੇ ਅਖਰਾਂ ਵਿਚ ਕਰਨੀ।

## ਸ਼੍ਰੀ ਬਾਬਾ ਮਨਸੂਰ ਸਿੰਘ ਜੀ

ਰਾਜੋ ਵਾਲ ਡਾ: ਸ਼ਾਮਚੁਰਾਸੀ ਜ਼ਿ: ਹੁਸ਼ਿਆਰ ਪੁਰ ਆਪ ਦਾ ਜਨਮ ਭਦੌੜ, ਰਿਆਸਤ ਪਟਿਆਲਾ, ਖਾਲਸਾ ਬ੍ਰਾਦਰੀ ਵਿੱਚ ਹੋਇਆ। ਸਰੀਰ ਦੇ ਦਰਸ਼ਨੀ ਸਨ। ਕਈ ਸਾਲ ਥਾਨੇਦਾਰ ਰਹੇ। ਕਿਸੇ ਗੱਲ ਵਲੋਂ ਦਿਲ ਉਚਾਟ ਹੋ ਗਿਆ। ਨੌਕਰੀ ਛਡ ਦਿਤੀ ਘਰ ਨਾ ਗਏ, ਸਿਧੇ ਪੰਡੋਰੀ

ਨਿਝਰਾਂ ਬਾਬਾ ਮੱਲ ਸਿੰਘ ਸਾਹਿਬ ਜੀ ਦਿਆਂ ਚਰਨਾਂ 'ਚ ਪੁਜੇ। ਇਕ ਪਾਸੇ ਬਹਿ ਕੇ ਸਤਿਸੰਗ ਕਥਾ ਬਾਰਤਾ ਸੁਣਦੇ ਰਹੇ। ਦਿਨ ਪਾਕੇ ਸੰਤਾਂ ਪਾਸੋਂ ਉਪਦੇਸ਼ ਲੈ ਕੇ ਸਾਧੂ ਬ੍ਰਿਤੀ ਵਿਚ ਹੋ ਗਏ, ਨਾਮ ਰੰਗਣ ਵਿਚ ਇਤਨੇ ਰੰਗੇ ਗਏ ਕਿ ਇਕ ਦਿਨ ਡੇਰੇ ਦੇ ਲਾਗੇ ਛਪਰੀ ਪਾਕੇ ਉਦਾਸੀਨ ਬ੍ਰਿਤੀ ਵਿਚ ਸਮਾਂ ਬਤੀਤ ਕਰਨ ਲਗ ਪਏ। ਡੇਰੇ ਦੀ ਬਾਹਰਲੀ ਸੇਵਾ ਸਭ ਆਪਣੀ ਹੱਥੀਂ ਕਰਦੇ ਰਹੇ।

ਸਮਾਂ ਪਾਕੇ ਇਸੇ ਪਿੰਡ ਵਿਚ ਆਏ। ਆਪ ਦੀ ਸਾਧੂ ਫਕੀਰਾਂ ਵਾਲੀ ਪੂਰੀ ਧਾਰਨਾ ਵੇਖ ਕੇ ਕਈਆਂ ਆਣ ਸਿਰ ਨਿਵਾਇਆ ਤੇ ਪ੍ਰਾਰਥਨਾ ਕੀਤੀ ਕਿ ਮਹਾਰਾਜ ਸਾਡੀ ਬਦ-ਕਿਸਮਤੀ ਨਾਲ ਕੋਈ ਅਜਿਹਾ ਭੂਤ ਪਰੇਤ ਇਥੇ ਆ ਟਿਕਿਆ ਹੈ ਜੋ ਕਿਸੇ ਨੂੰ ਵਸਣ ਰਸਣ ਨਹੀਂ ਦੇਂਦਾ। ਆਪ ਨੇ ਕਿਹਾ ਕਿ ਭਾਈ ਨਾਮ ਜਪੋ, ਗੁਰਬਾਣੀ ਦਾ ਪਾਠ ਕੀਤਾ ਕਰੋ ਆਪੇ ਜਿਹੜਾ ਹੋਏਗਾ ਨਿਕਲ ਜਾਏਗਾ।

ਚੂੰਕਿ ਸੰਤਾਂ ਦੀ ਆਤਮ ਸ਼ਕਤੀ ਤੋਂ ਡਰਦਾ ਦੋ ਤਿੰਨਾਂ ਦਿਨਾਂ ਬਾਅਦ ਓਹ ਭੂਤ ਪ੍ਰੇਤ ਨਿਕਲ ਗਿਆ। ਸੰਤਾਂ ਸਤ ਘਰ ਆਬਾਦ ਹੋਣ ਲਈ ਵਰ ਦਿਤਾ। ਲੋਗਾਂ ਕਿਹਾ, ਕਿ ਮਹਾਰਾਜ ਸਤ ਘਰ ਤਾਂ ਥੋੜੇ ਹਨ, ਆਪ ਨੇ ਕਿਹਾ, ਭਾਈ ਅਜੇ ਸਤ ਘਰ ਵਸ ਲੈਣ ਦਿਓ, ਇਥੇ ਤਾਂ ਥਾਣੇਦਾਰੀਆਂ, ਤਸੀਲਦਾਰੀਆਂ ਤੇ ਸੂਬੇਦਾਰੀਆਂ ਪਈਆਂ ਰੁਲਣਗੀਆਂ।

ਕੁਝ ਦਿਨਾਂ ਬਾਅਦ ਸ੍ਰ: ਚੁਖਾ ਸਿੰਘ, ਸ੍ਰ: ਦਲ ਸਿੰਘ ਨੇ ਆਪ ਦੇ ਨਿਵਾਸ ਲਈ ਇਕ ਮਠ ਬਣਾ ਦਿਤਾ। ਉਨ੍ਹਾਂ ਦਾ

ਪ੍ਰੇਮ ਸਿਦਕ ਵੇਖ ਕੇ ਸੰਤ ਭੀ ਟਿਕ ਗਏ। ਰੋਜ਼ ਦਾ ਸਤਿ ਸੰਗ ਜਾਰੀ ਕਰ ਦਿਤਾ। ਸੁਬ੍ਹਾ ਸ਼ਾਮ ਕਥਾ ਹੋਣ ਲਗ ਪਈ। ਦੂਰੋਂ ਦੂਰੋਂ ਲੋਗੀ ਆਪ ਦੇ ਦਰਸ਼ਨ ਲਈ ਆਉਣ ਲਗ ਪਏ। ਆਸ ਪਾਸ ਦੇ ਪਿੰਡਾਂ ਵਿਚ ਆਪ ਦਾ ਬੜਾ ਜਸ ਫੈਲਿਆ, ਕਈਆਂ ਜੀਆਂ ਦਾ ਸੁਧਾਰ ਕੀਤਾ। ਇਕ ਦਿਨ ਸਭਾ ਵਿਚ "ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖ ਕਹੀਐ ਰਾਮੁ॥ ਦੇਹੀ ਕਿਸਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮ" ਇਸ ਸ਼ਲੋਕ ਦਾ ਆਪ ਵਿਚਾਰ ਕਰ ਰਹੇ ਸਨ, ਕਿ ਭਗਤ ਕਬੀਰ ਜੀ ਦੁਆਰਾ ਗੁਰੂ ਸਾਹਿਬ ਉਚਾਰਨ ਕਰਦੇ ਹਨ, ਕਿ ਜਿਸ ਮੁਖ ਤੋਂ ਸ੍ਰੀ ਰਾਮ, ਸਤਿਨਾਮ ਉਚਾਰਨ ਹੁੰਦਾ ਹੈ, ਓਹ ਮੁਖ ਧੰਨ ਹੈ। ਨਾਮ ਕਹਿਣ ਵਾਲੇ ਦੀ ਬਪੁਰੀ ਦੇਹ ਦਾ ਤਾਂ ਕਹਿਣਾ ਕੀ ਹੈ। ਉਸ ਦਾ ਗ੍ਰਾਮ ਵੀ ਪਵਿਤ੍ਰ ਹੋ ਜਾਂਦਾ ਹੈ।

ਇਸ ਤਰ੍ਹਾਂ ਨਾਮ ਦੀ ਬੇਅੰਤ ਮਹੱਤਤਾ ਸੁਣ ਕੇ ਇਕ ਪਰੇਮੀ ਨੇ ਪ੍ਰਸ਼ਨ ਕਰ ਦਿਤਾ, ਕਿ ਮਹਾਰਾਜ ਜੇ ਨਾਮ ਵਾਲੇ ਦੀ ਦੇਹ ਪਵਿਤ੍ਰ ਹੋ ਜਾਂਦੀ ਹੈ। ਤਾਂ ਜਿਸ ਤਰ੍ਹਾਂ ਪੰਪਾ ਸਰ ਦੇ ਰਿਸ਼ੀ ਬ੍ਰਾਹਮਣ ਭੀਲਣੀ ਪਾਸੋਂ ਸੰਕੋਚ ਰਖਦੇ ਸਨ। ਓਸੇ ਤਰ੍ਹਾਂ ਲੋਕੀ ਭਜਨ ਕਰਨ ਵਾਲਿਆਂ ਪਾਸੋਂ ਇਕ ਜਾਤ ਨੂੰ ਸਾਹਮਣੇ ਰਖ ਕੇ ਕਿਉਂ ਸੰਕੋਚ ਕਰਦੇ ਰਹਿੰਦੇ ਹਨ। ਆਪ ਨੇ ਕਿਹਾ ਕਿ ਇਹ ਜੀਵਾਂ ਦੀ ਭੁਲ ਹੈ ਉਨ੍ਹਾਂ ਦੀ ਨਾਮ ਦੀ ਮਹੱਤਤਾ ਪੁਰ ਵਿਸ਼ਵਾਸ ਨਹੀਂ ਹੈ।

ਸੋ ਸੰਤਾਂ ਕਿਹਾ, ਭਾਈ ਭਜਨ ਬੰਦਗੀ ਦੇ ਪ੍ਰਤਾਪ ਨਾਲ ਅਪਵਿਤ੍ਰ ਦੇਹ ਵੀ ਪਵਿਤ੍ਰ ਹੋ ਜਾਂਦੀ ਹੈ। ਇਸ ਵਾਸਤੇ ਕਬੀਰ

ਜੀ ਨੇ ਕਿਹਾ, "ਦੇਹੀ ਕਿਸਕੀ ਬਾਪਰੀ ਪਵਿਤ੍ਰ ਹੋਇਗੋ ਗ੍ਰਾਮ"। ਸੋ ਇਸ ਤਰ੍ਹਾਂ ਆਪ ੩੬ ਵਰ੍ਹੇ ਰਹਿਕੇ ਭਜਨ ਬੰਦਗੀ ਤੇ ਪ੍ਰਚਾਰ ਕਰਦੇ ਰਹੇ, ਉਸ ਵੇਲੇ ਆਪ ਨੇ ਇਕ ਬਾਗ ਲੁਵਾਇਆ ਜੋ ਅਜ ਤਕ ਮੌਜੂਦ ਹੈ। ਪਿੰਡ ਦੇ ਜਟ ਜ਼ਿਮੀਂਦਾਰ ਸਭ ਡੇਰੇ ਤੇ ਸ਼ਰਧਾ ਰਖਦੇ ਹਨ। ਆਪ ਜਤੀ ਪੁਰਸ਼ ਸਨ। ਡੇਰਾ ਪਕਾ ਦੋ ਘੁਮਾਂ ਜ਼ਮੀਨ ਪਿੰਡ ਦੇ ਲਾਗੇ ਹੈ। ਆਪ ਦੇ ਚੇਲੇ ਸੰਤ ਗੁਲਾਬ ਸਿੰਘ ਜੀ, ਸੰਤ ਅਮਰ ਸਿੰਘ ਜੀ ਹੋਏ, ਜਿਨ੍ਹਾਂ ਵਿਚੋਂ ਸੰਤ ਅਮਰ ਸਿੰਘ ਜੀ ਨੂੰ ਅੰਤ ਵੇਲੇ ਅਸਥਾਨ ਦੀ ਸੇਵਾ ਬਖਸ਼ੀ ਤੇ ਇਨ੍ਹਾਂ ਹੀ ਆਪ ਦੀ ਸਮਾਧ ਬਣਾਈ।

**ਸੰਤ ਅਮਰ ਸਿੰਘ ਜੀ** ਆਪ ਦਾ ਜਨਮ ਪਿੰਡ ਖੁਰਦਪੁਰ ਖਾਲਸਾ ਬ੍ਰਾਦਰੀ ਵਿਚ ਹੋਇਆ। ਆਪ ਚੰਗੇ ਸਾਧੂ ਤੇ ਰਾਗੀ ਸਨ, ਗਾਤੀ ਖੰਨ੍ਹਿਆ ਕਰਦੇ ਸਨ। ਆਪ ਦੀ ਪ੍ਰੇਰਨਾ ਕਰ ਕੇ ਇਕ ਸੰਤ ਝੂਮਾ ਸਿੰਘ ਜੀ ਨੇ ਖੂਹ ਲੁਵਾਇਆ। ਡੇਰੇ ਦੀ ਚੰਗੀ ਸੰਭਾਲ ਰਖੀ। ਅੰਤ ਅਪਣੇ ਚੇਲੇ ਸੰਤ ਖਜ਼ਾਨ ਸਿੰਘ ਜੀ ਨੂੰ ਡੇਰਾ ਦੇ ਕੇ ਸੰਮਤ ੧੯੬੦ ਦੇ ਕਰੀਬ ਸਮਾ ਗਏ।

**ਸੰਤ ਖਜ਼ਾਨ ਸਿੰਘ ਜੀ** ਜਨਮ ਬੁਘਰ ਮਾਲਵੇ ਦਾ ਖਾਲਸਾ ਬ੍ਰਾਦਰੀ ਵਿਚੋਂ ਸੀ। ਸੰਤਾਂ ਪਾਸ ਆਏ, ਅਗੋਂ ਸੰਤਾਂ ਕਿਹਾ ਕਿ ਸਿਖਾ ਉਠ ਸਜ ਜਾ, ਉਠ ਤੇ ਫਿਰ ਬੈਠ, ਆਪ ਨੇ ਪੁਛਿਆ ਕਿ ਮਹਾਰਾਜ ਇਹ ਕੀ ਗਲ ਹੈ। ਸੰਤਾਂ ਕਿਹਾ ਕਿ ਭਾਈ ਚੰਗਾ ਜਵਾਨ ਦਿਸਦਾ ਹੈਂ ਜੇ ਹੁਕਮ ਮੰਨੇ ਤਾਂ ਡੇਰਾ ਸੌਂਪੀਏ, ਸੰਤਾਂ ਦੀ ਇਹ ਦਿਆਲਤਾ ਵੇਖਕੇ ਸੇਵਾ ਵਿਚ ਲਗ

ਗਏ। ਜਦ ਮਹੰਤ ਹੋਏ, ਅਸਥਾਨ ਗਹਿਣੇ ਪਾਇਆ ਹੋਇਆ ਸੀ, ਪਰ ਅਪਣੇ ਰਸੂਖ, ਉਦਮ ਪੁਰਸ਼ਾਰਥ ਨਾਲ ਹੋਰ ਜਾਇਦਾਦ ਵਧਾਈ, ਗੁਰਦਵਾਰਾ ਕਾਇਮ ਕੀਤਾ। ਪ੍ਰਾਰਬਧ ਦੇ ਸੰਜੋਗ ਕਰ ਕੇ ਬੀਬੀ ਆਤਮ ਕੌਰ ਨਾਲ ਮੇਲ ਹੋ ਗਿਆ ਜਿਸ ਦੇ ਨਾਲ ਆਪ ਨੇ ਆਨੰਦ ਪੜ੍ਹਾ ਲਿਆ। ਸਮਾ ਪਾ ਕੇ ਮੌਜੂਦਾ ਮਹੰਤ ਅਚਲ ਸਿੰਘ ਜੀ ਪੈਦਾ ਹੋਏ।

## ਮਹੰਤ ਅਚਲ ਸਿੰਘ ਜੀ

ਵਡੇ ਹੋਏ ਤਾਂ ਪਹਿਲਾਂ ਪੰਡੋਰੀ ਮਹੰਤ ਗੁਰਦਿਤ ਸਿੰਘ ਜੀ ਪਾਸੋਂ ਪੜ੍ਹਦੇ ਰਹੇ। ਜਦ ਆਪ ਦੇ ਪਿਤਾ ਸੰਤ ਖਜ਼ਾਨ ਸਿੰਘ ਜੀ ਗੁਜ਼ਰ ਗਏ ਤਾਂ ਆਪਣੇ ਅਸਥਾਨ ਦੀ ਸੰਭਾਲ ਵਿਚ ਲਗ ਗਏ, ਆਪ ਚੰਗੇ ਵਿਦਵਾਨ ਪਾਠੀ ਹਨ। ਸੁਭਾਅ ਦੇ ਮਿਲਣਸਾਰ ਹਨ। ਆਏ ਗਏ ਦੀ ਖਾਤਰ ਕਰਦੇ ਹਨ। ਲੰਗਰ ਚਲਦਾ ਹੈ। ਸੰਤਾਂ ਦੀ ਯਾਦ ਮਨਾਉਂਦੇ ਹਨ। ਆਪ ਭੀ ਸ਼ਾਦੀ ਸ਼ੁਦਾ ਹਨ, ੫-੬ ਲੜਕੇ ਲੜਕੀਆਂ ਹਨ, ਲੜਕੇ ਵਿਦਵਾਨ ਰਾਗੀ ਨੌਕਰੀਆਂ ਉਤੇ ਲਗੇ ਹੋਏ ਹਨ। ਜ਼ਿਮੀਦਾਰ ਲੋਗ ਆਪਦੇ ਪਾਸੋਂ ਪਾਠ ਤੇ ਕਥਾ ਵਾਰਤਾ ਕਰਾਉਂਦੇ ਰਹਿੰਦੇ ਹਨ।

ਵਡੇ ਸੰਤ ਬਾਬਾ ਮਨਸੂਰ ਸਿੰਘ ਜੀ ਦੇ ਕੀਤੇ ਹੋਏ ਵਾਕ ਅਨੁਸਾਰ ਇਸ ਪਿੰਡ ਨੂੰ ੨੫ ਮੁਰੱਬੇ ਜ਼ਮੀਨ ਤੇ ਥਾਣੇਦਾਰੀਆਂ, ਤਸੀਲਦਾਰੀਆਂ, ਸੂਬੇਦਾਰੀਆਂ ਸਚਮੁਚ ਮਿਲੀਆਂ ਹੋਈਆਂ ਹਨ।

# ਡੇਰਾ ਡਰੌਲੀ ਨਵੀਂ

## ਸੰਤ ਗੁਲਾਬ ਸਿੰਘ ਜੀ

ਚੇਲੇ ਸੰਤ ਮਨਸੂਰ ਸਿੰਘ ਜੀ ਰਾਜੋਵਾਲ, ਆਪ ਦਾ ਜਨਮ ਖਾਲਸਾ ਬ੍ਰਾਦਰੀ ਵਿਚੋਂ ਸੀ, ਆਪ ਚੰਗੇ ਸਾਧੂ ਸਨ। ਡੇਰਾ ਆਪ ਬੰਨ੍ਹਿਆ, ੫ ਘੁਮਾਂ ਜ਼ਮੀਨ ਪਿੰਡ ਵਾਲਿਆਂ ਅਰਦਾਸ ਕਰਾਈ, ਆਪ ਜਤੀ ਪੁਰਸ਼ ਸਨ, ਪਿਛੋਂ ਆਪ ਦੇ ਚੇਲੇ **ਸੰਤ ਰਾਮ ਸਿੰਘ ਜੀ** ਹੋਏ ਜਿਨ੍ਹਾਂ ਦਾ ਜਨਮ ਲਵਾਣ ਜ਼ਿਲਾ ਹੁਸ਼ਿਆਰ ਪੁਰ ਦਾ ਸੀ, ਸ਼ਾਦੀ ਸ਼ੁਦਾ ਹੋਏ ਹਨ। ਪਰਚਾ ਚੰਗਾ ਸੀ, ਲੋਗੀ ਮੰਨਦੇ ਸਨ। ਆਪ ਦੇ ਪਿਛੋਂ **ਮਹੰਤ ਮਹਾਂ ਸਿੰਘ ਜੀ** ਆਪ ਦੇ ਚੇਲੇ ਮਹੰਤ ਹੋਏ। ਜਨਮ ਖਾਲਸਾ ਬ੍ਰਾਦਰੀ ਵਿਚੋਂ ਸੀ। ਜਨਮ ਡਰੌਲੀ ਪਿੰਡ ਦਾ ਹੀ ਹੈ, ਚੰਗੇ ਮਿਲਣਸਾਰ ਸਾਧੂ ਹਨ। ਸ਼ਾਦੀ ਸ਼ੁਦਾ ਹਨ।

# ਡੇਰਾ ਸ਼ਕਰੂਲਾਪੁਰ

## ਸ੍ਰੀ ਵਿਰਕਤ ਸੁਧ ਸਿੰਘ ਜੀ

ਚੇਲੇ ਮਹਾਰਾਜ ਮਸਤਾਨ ਸਿੰਘ ਜੀ। ਆਪ ਬੜੇ ਉਚ ਕਰਨੀ ਵਾਲੇ ਮਹਾਂਪੁਰਸ਼ ਹੋਏ ਹਨ। ਹਮੇਸ਼ਾ ਹਰੀਦੁਆਰ,

ਰਿਖੀਕੇਸ਼ ਆਦ ਤੀਰਥਾਂ ਪੁਰ ਨਿਵਾਸ ਰਖਦੇ ਰਹੇ,ਪਿਆਰ ਦੀ ਮੂਰਤੀ ਸਨ। ਆਪ ਦੇ ਸ਼ਿਸ਼ ਮਹਾਰਾਜ ਵਿਰਕਤ ਸੰਤ ਜਵਾਹਰ ਸਿੰਘ ਜੀ ਹੋਏ ਜਿਨ੍ਹਾਂ ਸ਼ਕਰੁਲਾਪੁਰ ਡੇਰਾ ਕਾਇਮ ਕੀਤਾ।

## ਵਿਰਕਤ ਸੰਤ ਪੰਡਿਤ ਜਵਾਹਰ ਸਿੰਘ ਜੀ

ਆਪਦਾ ਜਨਮ ਮਟੌਰ ਜ਼ਿਲਾ ਅੰਬਾਲਾ ਤਹਿਸੀਲ ਖਰੜ ਵਿਚ ਹੋਇਆ। ੧੭-੧੮ ਸਾਲ ਦੀ ਉਮਰ ਵਿਚ ਹਰੀਦੁਆਰ ਇਸ਼ਨਾਨ ਕਰਨ ਗਏ। ਮਹਾਰਾਜ ਵਿਰਕਤ ਸੁਧ ਸਿੰਘ ਜੀ ਦੇ ਦਰਸ਼ਨ ਹੋਏ। ਚਿਤ ਸ਼ਾਂਤ ਹੋ ਗਿਆ। ਸਾਧੂ ਹੋ ਕੇ ਨਾਲ ਹੀ ਵਿਚਰਦੇ ਰਹੇ। ਸੇਵਾ ਕਰਦੇ ਪੜ੍ਹਨ ਦਾ ਅਭਿਆਸ ਕਰਦੇ ਰਹੇ। ਇਕ ਦਿਨ ਆਇਆ, ਜੁ ਆਪ ਮੁਖੀ ਮੰਡਲੇਸ਼ਵਰ ਪ੍ਰਸਿਧ ਹੋਏ। ਸੈਂਕੜਿਆਂ ਦੀ ਗਿਣਤੀ ਵਿਚ ਸਦ ਗ੍ਰਿਸਥ ਆਪ ਦੇ ਸੇਵਕ ਹੋਏ। ਜਦ ਕਦੀ ਬਾਹਰੋਂ ਯਾਤਰਾ ਕਰਦੇ ਹੋਏ ਰਿਖੀ ਕੇਸ਼ ਜਾਂਦੇ ਤਾਂ ਕਈ ਮਹਾਤਮਾ ਇਹ ਆਖਿਆ ਕਰਦੇ ਕਿ ਪੂੜਿਆਂ ਦੇ ਬੱਦਲ ਆ ਗਏ ਹਨ।

ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਜੀ ਦੇ ਨਾਲ ਆਪ ਦਾ ਅਤੀ ਸਨੇਹ ਸੀ। ਗੁਰਬਾਣੀ ਦੇ ਅਰਥਾਂ ਦਾ ਵਿਚਾਰ ਕਈ ਵੇਰਾਂ ਇਕੱਠੇ ਬਹਿਕੇ ਕਰਿਆ ਕਰਦੇ ਸਨ। ਆਪ ਸਣੇ ਮੰਡਲੀ ਮਾਝੇ ਮਾਲਵੇ ਆਦ ਦੇਸ਼ਾਂ 'ਚ ਕਾਫ਼ੀ ਅਰਸਾ ਵਿਚਰਦੇ ਰਹੇ ਹਨ। ਕਈ ਜਗ੍ਹਾ ਡੇਰੇ ਵਸਾਏ, ਜੁ ਅਜ ਤਕ ਮੌਜੂਦ ਹਨ। ਆਪ ਬੜੇ ਪ੍ਰਤਾਪ ਵਾਲੇ ਪ੍ਰਸਿਧ ਮਹਾਤਮਾ ਹੋਏ ਹਨ। ਸੰਮਤ ੧੯੧੮ ਵਿਚ ਇਹ ਡੇਰਾ ਆਪ ਨੇ ਕਾਇਮ ਕਰ

ਕੇ ਸਤਿਸੰਗ ਅਤੇ ਵਿਦਿਆ ਦਾ ਸੋਮਾ ਜਾਰੀ ਕੀਤਾ। ਆਪ ਦੇ ਕਈ ਸਾਧੂ ਸੰਤ ਦੇਵਾ ਸਿੰਘ ਜੀ ਜੁ ਅਖਾੜੇ ਦੇ ਕਿਤਨਾ ਚਿਰ ਮਹੰਤ ਰਹੇ ਆਪ ਦੀ ਮੌਜੂਦਗੀ ਵਿਚ ਹੀ ਗੁਜ਼ਰ ਗਏ। ਸੰਤ ਗੁਲਾਬ ਸਿੰਘ ਜੀ ਡੇਰੇ ਦੇ ਕੁਠਾਰੀ ਰਹੇ। ਸੰਤ ਬਹਾਲ ਸਿੰਘ ਜੀ, ਸੰਤ ਦਸੌਂਧਾ ਸਿੰਘ ਜੀ ਵਿਰਕਤ, ਸੰਤ ਮੋਨੀ ਅਤਰ ਸਿੰਘ ਜੀ, ਸੰਤ ਗਿਆਨ ਸਿੰਘ ਜੀ, ਸੰਤ ਠਾਕੁਰ ਸਿੰਘ ਜੀ, ਸੰਤ ਮੰਗਲ ਸਿੰਘ ਜੀ, ਸੰਤ ਕ੍ਰਿਸ਼ਨ ਸਿੰਘ ਜੀ, ਸੰਤ ਹਰੀ ਸਿੰਘ ਜੀ, ਸੰਤ ਹਰਭਜਨ ਸਿੰਘ ਜੀ, ਸੰਤ ਸਾਵਨ ਸਿੰਘ ਜੀ, ਸੰਤ ਭੰਗਾ ਸਿੰਘ ਜੀ ਅਵਧੂਤ, ਸੰਤ ਭਗਤ ਸਿੰਘ ਜੀ, ਸੰਤ ਹੁਕਮ ਸਿੰਘ ਜੀ, ਸੰਤ ਦਿਆਲ ਸਿੰਘ ਜੀ, ਸੰਤ ਆਤਮਾ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਫੌਜਾ ਸਿੰਘ ਜੀ, ਸੰਤ ਅਤਰ ਸਿੰਘ ਜੀ, ਸੰਤ ਭਾਗ ਸਿੰਘ ਜੀ ਆਦ ਅਨੇਕਾਂ ਚੇਲੇ ਹੋਏ। ਹੋਰ ਡੇਰੇ ਵਿਚ ਆਏ ਗਏ ਸਾਧੂਆਂ ਦੀ ਰੌਣਕ ਬਣੀ ਰਹਿੰਦੀ। ਉਤਸ਼ਾਹ ਹੁੰਦੇ ਰਹਿੰਦੇ ਸਨ। ਅਖੀਰ ਆਪ ਨੇ ਅਪਣੀ ਬ੍ਰਿਧ ਅਵਸਥਾ ਨੂੰ ਅਨੁਭਵ ਕਰ ਕੇ ਇਕ ਦਿਨ ਅਪਣੇ ਪੋਤਰੇ ਚੇਲੇ ਮਹੰਤ ਗਣੇਸ਼ਾ ਸਿੰਘ ਜੀ ਨੂੰ (ਚੇਲੇ ਮਹੰਤ ਦੇਵਾ ਸਿੰਘ ਜੀ) ਨੂੰ ਅਪਣੀ ਹਥੀਂ ਡੇਰੇ ਦੀ ਪੱਗ ਦਿਤੀ। "ਜੋ ਦਿਨ ਲਧੇ ਗਾਣਵੇ ਗਏ ਵਿਲਾੜ" ਵਾਕ ਅਨੁਸਾਰ ਸੰਮਤ ੧੯੬੬ ਵਿਚ ਉਜੈਨ ਦਾ ਕੁੰਭ ਕਰ ਕੇ ਕਨਖਲ ਪਟਿਆਲੇ ਦੀ ਹਵੇਲੀ ਵਿਚ ਆਏ, ਜਿਥੇ ਕੁਝ ਦਿਨ ਬਿਮਾਰ ਰਹਿ ਕੇ ਆਪ ਗੁਰਪੁਰੀ ਸਿਧਾਰ ਗਏ।

## ਮਹੰਤ ਗਣੇਸ਼ਾ ਸਿੰਘ ਜੀ

ਆਪ ਦਾ ਜਨਮ ਪੋਠੋਹਾਰ ਦਾ ਸੀ, ਆਪ ਦੇ ਗੁਰੂ ਮਹੰਤ ਦੇਵਾ ਸਿੰਘ ਜੀ ਪਹਿਲਾਂ ਹੀ ਗੁਜ਼ਰ ਗਏ ਸਨ। ਇਸ ਲਈ ਸੰਤਾਂ ਆਪ ਨੂੰ ਮਹੰਤ ਨੀਅਤ ਕਰ ਦਿਤਾ। ਪਹਿਲਾਂ ਕਿਤਨੇ ਵਰ੍ਹੇ ਆਪ ਇਥੇ ਹੀ ਰਹੇ, ਬਾਅਦ ਕਨਖਲ ਪਟਿਆਲੇ ਵਾਲੀ ਹਵੇਲੀ ਦੀ ਉਤਲੀ ਛਤ ਜੋ ਮਹਾਰਾਜਾ ਪਟਿਆਲਾ ਵਲੋਂ ਰਹਿਣ ਲਈ ਮਿਲੀ ਹੋਈ ਸੀ,ਵਿਚ ਕਾਫੀ ਅਰਸਾ ਟਿਕੇ ਰਹੇ। ਬਦ੍ਰੀ ਨਰੈਣ ਇਕ ਅਸਥਾਨ ਵਿਚ ਸਰਕਾਰ ਪਟਿਆਲਾ ਵਲੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਜਿਨ੍ਹਾਂ ਦੇ ਪੁਜਾਰੀ ਹੋਣ ਦੀ ਹੈਸੀਅਤ ਵਿਚ ਆਪ ਨੂੰ ਮਹਾਰਾਜਾ ਪਟਿਆਲਾ ਵਲੋਂ ਕੁਝ ਰੁਪਿਆ ਮਿਲਦਾ ਸੀ। ਜਦ ਉਹ ਅਸਥਾਨ ਗਿਰ ਗਿਆ ਤਾਂ ਕਨਖਲ ਪਟਿਆਲੇ ਵਾਲੀ ਹਵੇਲੀ ਦੀ ਉਪਰਲੀ ਅਗਲੀ ਛਤ ਆਪ ਨੂੰ ਰਹਿਣ ਲਈ ਦਿਤੀ ਗਈ ਤਾ ਜ਼ਿੰਦਗੀ ਉਹ ਰੁਪਿਆ ਆਪ ਨੂੰ ਮਿਲਦਾ ਰਿਹਾ।

ਆਪ ਬੜੇ ਹਛੇ ਦਰਸ਼ਨੀ ਸਰੀਰ ਸਨ, ਭੇਖ ਅਖਾੜੇ ਦੇ ਸ਼ੁਭ ਚਿੰਤਕ ਸਨ। ਆਪ ਦੇ ਚੇਲੇ ਪੰਡਿਤ ਰਾਮ ਸਿੰਘ ਜੀ ਤੇ ਸੰਤ ਗੁਰਮੁਖ ਸਿੰਘ ਜੀ ਚਕ੍ਰਵਰਤੀ, ਜਿਨ੍ਹਾਂ ਵਿਚੋਂ ਪੰਡਿਤ ਰਾਮ ਸਿੰਘ ਜੀ ਨੂੰ ਸ਼ਕਰੁਲਾਪੁਰ ਡੇਰੇ ਦੀ ਮਹੰਤੀ ਦੇਕੇ ਸੰਮਤ ੧੯੮੫ ਕੁਰੂਛੇਤ੍ਰ ਆਪ ਪ੍ਰਲੋਕ ਗਮਨ ਹੋ ਗਏ।

## ਪੰਡਿਤ ਰਾਮ ਸਿੰਘ ਜੀ

ਆਪ ਦਾ ਜਨਮ ਦੇਵੀਦਾਸ ਪੁਰਾ ਜ਼ਿਲਾ ਕਰਨਾਲ

ਵਿਚ ਹੋਇਆ। ੧੬-੧੭ ਸਾਲ ਦੀ ਉਮਰ ਵਿਚ ਡੇਰੇ ਆਏ। ਸੇਵਾ ਕਰਦੇ ਰਹੇ ਬਾਅਦ ਕਈ ਵਰ੍ਹੇ ਕਨਖਲ ਨਿਰਮਲ ਪਾਠਸ਼ਾਲਾ ਸ੍ਰੀ ਪੰਡਿਤ ਰਾਮ ਸਿੰਘ ਜੀ ਪਾਸੋਂ ਪੜ੍ਹਦੇ ਰਹੇ। ਚੰਗੇ ਵਿਦਵਾਨ ਪੰਡਿਤ ਸਨ ਜਿਤਨਾ ਚਿਰ ਮਹੰਤ ਰਹੇ ਸੋਹਣਾ ਪ੍ਰਬੰਧ ਕਰਦੇ ਰਹੇ,ਸੁਭਾ ਦੇ ਮਿਲਾਪੜੇ ਤੇ ਨਿਰਮਾਣ ਪੁਰਸ਼ ਸਨ ਪੁਰਾਤਨ ਮ੍ਰਿਯਾਦਾ ਅਨੁਸਾਰ ਜ਼ਿੰਦਗੀ ਸੋਹਣੀ ਬਸਰ ਕਰਦੇ ਰਹੇ। ਡੇਰਾ ਪੱਕਾ ਹੈ। ੨੦ ਵਿਘੇ ਜ਼ਮੀਨ ਡੇਰੇ ਦੇ ਨਾਲ ਹੈ ੧੫੦ ਵਿਘੇ ਦੇ ਕਰੀਬ ਕਰਨਾਲ ਜ਼ਿਲੇ ਵਿਚਹੈ ਜੁ ਪੰਡਿਤ ਜੀ ਨੇ ਸੰਮਤ ੧੯੯੨ ਵਿਚ ਆਪ ਖਰੀਦੀ ਸੀ। ਡੇਰੇ ਵਿਚ ਆਏ ਗਏ ਸਾਧੂ ਦਾ ਚੰਗਾ ਸਨਮਾਨ ਕਰਦੇ ਰਹੇ।

ਆਪ ਦੇ ਚੇਲੇ ਸੰਤ ਗੁਰਦਿਆਲ ਸਿੰਘ ਜੀ ਮਨੀ ਮਾਜਰਾ ਸੰਤ ਆਤਮਾ ਸਿੰਘ ਜੀ ਸੰਤ ਜੈਦੇਵ ਸਿੰਘ ਜੀ ਹਨ। ਇਨ੍ਹਾਂ ਵਿਚੋਂ ਸੰਤ ਜੈਦੇਵ ਸਿੰਘ ਜੀ ਨੂੰ ਸੰਮਤ ੨੦੦੭ ਮਘਰ ਵਿਚ ਡੇਰੇ ਦੀ ਪਗ ਦੇਕੇ ਪ੍ਰਲੋਕ ਗਮਨ ਹੋ ਗਏ ਹਨ।

## ਮਹੰਤਜੈ ਦੇਵ ਸਿੰਘ ਜੀ

ਪਹਿਲਾਂ ਸੰਤਾਂ ਨਾਲ ਹੀ ਰਹਿਕੇ ਕਨਖਲ ਨਿਰਮਲ ਪਾਠਸ਼ਾਲਾ ਵਿਚ ਪੜ੍ਹਦੇ ਰਹੇ। ਚੰਗੇ ਸੁਬੋਧ ਮਹਾਂ ਪੁਰਸ਼ ਹਨ। ਜਦ ਦੇ ਮਹੰਤ ਅਸਥਾਪਨ ਹੋਏ ਹਨ ਅਪਣੀ ਸਿਆਣਪ ਨਾਲ ਚੰਗਾ ਕੰਮ ਚਲਾਇਆ, ਆਏ ਗਏ ਸਾਧੂ ਦਾ ਰਜ ਕੇ ਆਦਰ ਸਤਿਕਾਰ ਕਰਦੇ ਹਨ। ਭੇਖ ਦੇ ਸ਼ੁਭ ਚਿੰਤਕ ਹਨ,ਮੇਲ ਮਿਲਾਪ ਵਾਲੇ ਸਾਧੂ ਹਨ।

## ਮਹੰਤ ਦੇਵਾ ਸਿੰਘ ਜੀ

ਆਪ ਸਰੀਰ ਦੇ ਬੜੇ ਪੁਰਸ਼ਾਰਥੀ ਸਨ। ਪੰਚਾਇਤੀ ਰਮਤ ਨਿਰਮਲ ਅਖਾੜੇ ਦੇ ਕਈ ਵਰ੍ਹੇ ਮਹੰਤ ਟਿਕੇ ਰਹੇ। ਮਨੀ ਮਾਜਰਾ ਡੇਰਾ ਆਪ ਨੇ ਹੀ ਬਸਾਇਆ। ਕਈ ਵਰ੍ਹੇ ਭਜਨ ਬੰਦਗੀ ਵਿਚ ਸਮਾਂ ਗੁਜਾਰ ਕੇ ਆਪਣੇ ਸੰਤਾਂ ਦੇ ਹੁੰਦਿਆਂ ਹੀ ਪ੍ਰਲੋਕ ਗਮਨ ਕਰ ਗਏ। ਆਪ ਦੇ ਦੋ ਚੇਲੇ ਸਨ। ਮਹੰਤ ਗੰਡਾ ਸਿੰਘ ਜੀ ਮਨੀ ਮਾਜਰੇ ਡੇਰੇ ਦੇ ਮਹੰਤ ਰਹੇ,ਅਤੇ ਮਹੰਤ ਗਣੇਸ਼ਾ ਸਿੰਘ ਜੀ ਸ਼ਕਰੁਲਾ ਪੁਰ ਦੇ ਮਹੰਤ ਨੀਅਤ ਕੀਤੇ ਗਏ।

## ਦਿਆਲਪੁਰਾ (ਨਾਭਾ)

## ਵਿਰਕਤ ਸੰਤ ਬਹਾਲ ਸਿੰਘ ਜੀ

ਚੇਲੇ ਮਹਾਰਾਜ ਪੰਡਿਤ ਜਵਾਹਰ ਸਿੰਘ ਜੀ, ਆਪਦਾ ਜਨਮ ਸ਼ਾਹੀ ਮਾਜਰੇ, ਜ਼ਿਲਾ ਅੰਬਾਲੇ ਦਾ ਸੀ, ਆਪ ਚੰਗੇ ਤਿਆਗੀ ਪੁਰਸ਼ ਹੋਏ ਹਨ ਅਗੇ ਆਪ ਦੇ ਚੇਲੇ **ਗਿਆਨੀ ਨਿਰੰਜਨ ਸਿੰਘ ਜੀ** ਹਨ ਜੁ ਰਹਿਣੀ ਬਹਿਣੀ ਵਿਚ ਪੂਰੇ ਤਿਆਗੀ ਵਿਰਕਤ ਸਾਧੂ ਤੇ ਮਿਲਣਸਾਰ ਹਨ, ਵਿਚਰਦੇ ਰਹਿੰਦੇ ਹਨ। ਆਪ ਦੇ ਕਈ ਸ਼ਿਸ਼ ਡੇਰੇ ਸ਼ਕਰੁਲਾ ਪੁਰ ਵਿਚ ਰਹਿੰਦੇ ਹਨ ਤੇ ਸੰਤ ਜੋਧ ਸਿੰਘ ਜੀ ਨਿਰਮਲ ਪਾਠਸ਼ਾਲਾ ਕਨਖਲ ਵਿਚ ਪੜ੍ਹਦੇ ਰਹੇ। ਸੰਤ ਕਰਤਾਰ ਸਿੰਘ ਜੀ ਅਖਾੜੇ ਵਿਚ ਸੇਵਾ ਕਰਦੇ ਹਨ।

## ਸ਼੍ਰੀ ਵਿਰਕਤ ਸਵਾਮੀ ਦਸੌਂਧਾ ਸਿੰਘ ਜੀ

ਚੇਲੇ ਮਹਾਰਾਜ ਪੰਡਿਤ ਜਵਾਹਰ ਸਿੰਘ ਜੀ, ਆਪ ਦਾ ਸਰੀਰ ਜ਼ਿਲਾ ਜਾਲੰਧਰ ਦਾ ਸੀ, ਹਮੇਸ਼ਾ ਆਪ ਸੰਤਾਂ ਦੀ ਸੇਵਾ ਵਿਚ ਰਹੇ। ਜਦ ਉਨ੍ਹਾਂ ਦਾ ਸਰੀਰ ਸੰਮਤ ੧੯੬੬ ਵਿਚ ਸ਼ਾਂਤ ਹੋ ਗਿਆ, ਫਿਰ ਹਰੀਦੁਆਰ ਰਿਸ਼ੀ ਕੇਸ਼ ਆ ਗਏ। ਜਿਥੇ ਕਾਫੀ ਅਰਸਾਂ ਸੰਤ ਸਮਾਗਮ ਵਿਚ ਬਿਤੀਤ ਕੀਤਾ। ਆਪ ਚੰਗੇ ਵਿਰਕਤ ਪੁਰਾਤਨ ਮ੍ਰਿਯਾਦਾ ਵਾਲੇ ਸਾਧੂ ਪੁਰਸ਼ ਸਨ, ਸਭ ਕੋਈ ਸਨਮਾਨ ਕਰਦਾ ਹੁੰਦਾ ਸੀ। ਅਖੀਰ ੭੦ ਸਾਲ ਦੀ ਆਯੂ ਵਿਚ ਇਸ ਅਸਾਰ ਸੰਸਾਰ ਨੂੰ ਤਿਆਗ ਗੁਰਪੁਰੀ ਸਿਧਾਰ ਗਏ। ਪਿਛੇ ਆਪ ਦੇ ਸਿਸ਼ ਭੇਖ ਪ੍ਰਸਿਧ ਪੰਡਿਤ ਕਲਿਆਨ ਸਿੰਘ ਜੀ ਹਨ।

## ਪੰਡਿਤ ਕਲਿਆਨ ਸਿੰਘ ਜੀ (ਵਿਦਿਆ ਸਾਗਰ)

ਆਪ ਦਾ ਜਨਮ ਮੁਲਾਂ ਕਾਤਿਆਰ ਜ਼ਿਲਾ ਹੈਦਰਾਬਾਦ ਸਿੰਧ ਵਿਚ ਸੰਮਤ ੧੯੪੬ ਨੂੰ ਹੋਇਆ। ਸੰਮਤ ੧੯੬੨ ਵਿਚ ਸੰਤਾਂ ਦੀ ਸ਼ਰਨ ਵਿਚ ਆਏ। ਕੁਝ ਚਿਰ ਪਹਿਲਾਂ ਪਾਸ ਰਹਿੰਦੇ ਸੇਵਾ ਕਰਦੇ ਪੜ੍ਹਦੇ ਰਹੇ, ਉਪ੍ਰੰਤ ਪੰਡਿਤ ਆਤਮਾ ਸਿੰਘ ਜੀ ਚੇਲੇ ਪੰਡਿਤ ਕਾਲਾ ਸਿੰਘ ਜੀ ਦੀ ਮੰਡਲੀ ਨਾਲ ਭਾਸ਼ਾ ਦੇ ਪੁਸਤਕ ਪੜ੍ਹਦੇ ਰਹੇ, ਫਿਰ ਸੰਤਾਂ ਦੀ ਆਗਿਆ ਨਾਲ ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਂਸ਼ੀ ਚਲੇ ਗਏ। ਜਿਥੇ ੧੪ ਸਾਲ ਟਿਕ ਕੇ ਵਿਆਕਰਨ ਨਯਾਇ ਵੇਦਾਂਤ ਆਦਕ

ਸ਼ਾਸਤ੍ਰ ਪੜ੍ਹਕੇ ਚੰਗੇ ਵਿਦਵਾਨ ਪੰਡਿਤ ਹੋ ਗਏ। ਕਈ ਵਰ੍ਹੇ ਕਨਖਲ ਕੁਟੀਆ ਵਿਚ ਨਿਵਾਸ ਰਖਦੇ ਰਹੇ।

ਆਪ ਚੰਗੇ ਪੁਰਾਤਨ ਧਾਰਨਾ ਵਾਲੇ ਵਿਰਕਤ ਸਾਧੂ ਹਨ। ਕਥਾ ਬਾਰਤਾ ਕਰਦੇ ਹਨ। ਵਿਆਖਿਆ ਹੱਛੀ ਹੈ। ਸਰੀਰ ਦੇ ਦਰਸ਼ਨੀ, ਸੁਭਾ ਦੇ ਮਿਲਾਪੜੇ ਹਨ। ਭੇਖ ਵਿਚ ਇਜ਼ਤ ਦੀ ਨਿਗਾਹ ਨਾਲ ਵੇਖੇ ਜਾਂਦੇ ਹਨ। ਅਜ ਕਲ ਅੰਮ੍ਰਿਤਸਰ ਅਪਣੇ ਡੇਰੇ ਵਿਚ ਰਹਿੰਦੇ ਹਨ। ਆਪ ਦੇ ਚੇਲੇ **ਸੰਤ ਬਲਦੇਵ ਸਿੰਘ ਜੀ** ਹਨ, ਜੋ ਪਾਸ ਰਹਿੰਦੇ ਸੇਵਾ ਕਰਦੇ ਨਾਲ ਪੜ੍ਹਦੇ ਰਹਿੰਦੇ ਹਨ।

## ਸੰਤ ਠਾਕੁਰ ਸਿੰਘ ਜੀ

ਸ਼ਿਸ਼ ਸੰਤ ਪੰਡਿਤ ਪ੍ਰਭੂ ਸਿੰਘ ਜੀ ਦੇ ਹਨ, ਜੋ ਜ਼ਿਆਦਾ ਤਰ ਕਾਂਸ਼ੀ ਵਿਚ ਨਿਵਾਸ ਰਖਦੇ ਰਹੇ। ਸਰੀਰ ਭਰੌਲੀ ਜ਼ਿਲੇ ਅੰਬਾਲੇ ਦਾ ਸੀ। ਗੁਜ਼ਰ ਗਏ ਹਨ।

# ਡੇਰਾ ਧੂਮਾ

ਇਹ ਡੇਰਾ ਵੀ ਮਹਾਰਾਜ ਜਵਾਹਰ ਸਿੰਘ ਜੀ ਦਾ ਬੰਨ੍ਹਿਆ ਹੋਇਆ ਹੈ। ੫੦ ਵਿਘੇ ਜ਼ਮੀਨ ਨਾਲ ਹੈ। ਪੰਡਿਤ ਰਾਮ ਸਿੰਘ ਜੀ ਦੇ ਪ੍ਰਬੰਧ ਹੇਠਾਂ ਕੰਮ ਚਲਦਾ ਰਿਹਾ।

## ਡੇਰਾ ਕੋਟਲਾ ਮਹੰਤ ਕ੍ਰਿਸ਼ਨ ਸਿੰਘ ਜੀ

ਜਨਮ ਇਸੇ ਪਿੰਡ ਦਾ ਹੈ, ਮਹਾਰਾਜ ਜਵਾਹਰ ਸਿੰਘ ਜੀ ਦੇ ਵੇਲੇ ਦਾ ਇਹ ਡੇਰਾ ਬਝਿਆ ਹੋਇਆ ਹੈ। ੨੫ ਵਿਘੇ ਜ਼ਮੀਨ ਨਾਲ ਹੈ। ਆਇਆ ਗਿਆ ਸਾਧੂ ਬਣਿਆ ਰਹਿੰਦਾ ਹੈ। ਮਹੰਤ ਜੀ ਵਿਤ ਮੂਜਬ ਚੰਗਾ ਕੰਮ ਚਲਾਉਂਦੇ ਰਹੇ ਸਨ। ਸੰਮਤ ੨੦੦੬ ਜੇਠ ਵਿਚ ਗੁਜ਼ਰ ਗਏ ਹਨ। ਅਜ ਕਲ ਆਪ ਦੇ ਚੇਲੇ ਸੰਤ ਕਰਤਾਰ ਸਿੰਘ ਜੀ ਹਨ, ਜਿਨ੍ਹਾਂ ਦਾ ਜਨਮ ਇਥੋਂ ਦਾ ਹੀ ਹੈ।

## ਸੰਤ ਦਿਆਲ ਸਿੰਘ ਜੀ (ਲਾਲਾ ਮੂਸਾ)

ਚੇਲੇ ਮਹਾਰਾਜ ਜਵਾਹਰ ਸਿੰਘ ਜੀ, ਆਪ ਦਾ ਜਨਮ ਲੁਲਯਾਨਾ ਜ਼ਿਲਾ ਗੁਜਰਾਤ ਵਿਚ ਹੋਇਆ। ਕਾਫੀ ਚਿਰ ਸ਼ਕਰੁਲਾ ਪੁਰ ਵਿਚ ਰਹੇ, ਅੰਤ ਨੂੰ ਤਾਊਨ ਦੀ ਬਿਮਾਰੀ ਨਾਲ ਰੇਲ ਵਿਚ ਗੁਜ਼ਰੇ। ਸਸਕਾਰ ਸ਼ਕਟੁਲਾ ਪੁਰ ਵਿਚ ਹੋਇਆ। ਆਪ ਦੇ ਚੇਲੇ ਸੰ: ਮੰਗਲ ਸਿੰਘ ਜੀ ਹੋਏ। ਜਨਮ ਦਿਲੋਂ ਜ਼ਿਲੇ ਗੁਜਰਾਤ ਦਾ ਸੀ। ਸੰਮਤ ੧੯੯੮ ਵਿਚ ਲਾਲਾ ਮੂਸੇ ਮਕਾਨ ਬਣਾਇਆ ਜੋ ਮੁਕਦਮੇ ਵਿਚ ਹਥੋਂ ਚਲਾ ਗਿਆ ਪ੍ਰਲੋਕ ਗਮਨ ਹੋ ਗਏ ਹਨ।

ਸ਼੍ਰੀ ਮਾਨ ਪੰਡਿਤ ਕਲਿਆਨ ਸਿੰਘ ਜੀ ਦੇ ਛਪੇ ਨਕਸ਼ੇ ਅਨੁਸਾਰ ਮਹਾਰਾਜ ਸੇਵਾ ਸਿੰਘ ਜੀ ਦੇ ਸ਼ਿਸ਼ ਸੰਤ ਮਿਲਾਪ ਸਿੰਘ ਜੀ,ਇਨ੍ਹਾਂ ਦੇ ਸ਼ਿਸ਼ ਸੰਤ ਦੀਵਾਨ ਸਿੰਘ ਜੀ ਅਗੇ

ਇਨ੍ਹਾਂ ਦੇ ਸ਼ਿਸ਼ ਸੰਤ ਮਸਤਾਨ ਸਿੰਘ ਜੀ ਜਿਨ੍ਹਾਂ ਦੇ ਅਗੇ ਕਈ ਚੇਲੇ ਹੋਏ। ਇਕ ਸ੍ਰੀ ਸੰਤ ਮਲ ਸਿੰਘ ਜੀ ਪੰਡੋਰੀ ਵਾਲੇ ਦੂਜੇ ਸੰਤ ਰਾਮ ਸਿੰਘ ਜੀ, ਜਿਨ੍ਹਾਂ ਦੇ ਸੇਵਕ ਮਹਾਰਾਜ ਗੁਰਦਿਆਲ ਸਿੰਘ ਜੀ, ਅਗੇ ਇਨ੍ਹਾਂ ਦੇ ਸ਼ਿਸ਼ ਸੰਤ ਸਰਬੱਗ ਸਿੰਘ ਜੀ ਕਮਾਲ ਪੁਰ ਵਾਲੇ ਹੋਏ।

# ਡੇਰਾ ਕਮਾਲ ਪੁਰ

## ਸ੍ਰੀ ਸੰਤ ਸਰਬਗ ਸਿੰਘ ਜੀ

ਜਨਮ ਪਿੰਡ ਤਲਵੰਡੀ ਤਲਪਾਲਾਂ ਜ਼ਿਲਾ ਗੁਰਦਾਸ ਪੁਰ ਵਿਚ ਹੋਇਆ। ੧੮-੧੯ ਸਾਲ ਦੀ ਉਮਰ ਤਕ ਘਰੋਗੀ ਕੰਮਾਂ ਵਿਚ ਪਰਚੇ ਰਹੇ। ਆਏ ਗਏ ਸਾਧੂ ਨੂੰ ਮਿਲਣ ਦਾ ਸੁਭਾਅ ਆਪ ਨੂੰ ਛੋਟੀ ਉਮਰ ਤੋਂ ਹੀ ਸੀ। ਜਦ ਕਦੇ ਨਗਰੋਂ ਬਾਹਰ ਸਾਧੂ ਆਇਆ ਸੁਣਦੇ ਤਾਂ ਝਟ ਦਰਸ਼ਨ ਲਈ ਪਹੁੰਚ ਜਾਂਦੇ।

ਇਕ ਵੇਰਾਂ ਸਣੇ ਸੰਤ ਮੰਡਲੀ ਦੇ ਸ੍ਰੀ ਸੰਤ ਗੁਰਦਿਆਲ ਸਿੰਘ ਜੀ ਨਗਰ ਪੁਜੇ, ਕਈ ਦਿਨ ਸਤਿਸੰਗ ਹੁੰਦਾ ਰਿਹਾ। ਨਗਰ ਵਾਲਿਆਂ ਚੰਗੀ ਸੇਵਾ ਕੀਤੀ, ਨਾਲ ਆਪ ਭੀ ਉਤਸ਼ਾਹ ਭਰੇ ਦਿਲ ਨਾਲ ਹਰ ਇਕ ਕੰਮ ਵਿਚ ਹਿਸਾ ਲੈਂਦੇ ਰਹੇ। ਉਪ੍ਰਾਮ ਬ੍ਰਿਤੀ ਪਹਿਲਾਂ ਹੀ ਸੀ, ਪਰ ਸੰਤਾਂ ਦੇ ਉਪਦੇਸ਼ ਸੁਣ ਕੇ ਸੰਸਾਰ ਵਲੋਂ ਬਿਲਕੁਲ ਮੂੰਹ ਮੋੜ ਬੈਠੇ, ਇਥੋਂ ਤਕ ਕਿ ਆਪ

ਮਾਤਾ ਪਿਤਾ ਦੀ ਆਗਿਆ ਨਾਲ ਸੰਤਾਂ ਦੇ ਨਾਲ ਹੀ ਤੁਰ ਪਏ। ਸਾਧੂ ਭਾਵ ਗ੍ਰਹਿਣ ਕਰਕੇ ਕਈ ਸਾਲ ਨਾਲ ਵਿਚਰਦੇ ਸੇਵਾ ਕਰਦੇ ਰਹੇ।

ਆਪ ਦੀ ਅਲਮਸਤ ਬ੍ਰਿਤੀ ਵਲ ਤਕ ਕੇ ਸਾਰੇ ਸਾਧੂ ਸ਼ਲਾਘਾ ਕਰਦੇ ਰਹਿੰਦੇ। ਸੇਵਾ ਭਾਵ ਤਾਂ ਆਪ ਦੇ ਸਰੀਰ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ। ਕਈ ਸਾਲ ਮੰਡਲੀ ਨਾਲ ਹੀ ਤੀਰਥਾਂ ਪੁਰ ਵਿਚਰਦੇ ਰਹੇ। ਰਹਿਣੀ ਬਹਿਣੀ ਸੁੰਦਰ ਸੀ ਜੋ ਸਭ ਦੇ ਦਿਲਾਂ ਨੂੰ ਖਿਚ ਪਾਉਣ ਵਾਲੀ ਸੀ।

ਸਮੇਂ ਬਾਅਦ ਮੰਡਲੀ ਤੋਂ ਅਲਗ ਹੋ ਕੇ ਪੂਰਵ ਦੇਸ਼ ਦੀ ਯਾਤਰਾ ਕਰਨ ਚਲੇ ਗਏ। ਕਈ ਵਰ੍ਹਿਆਂ ਤੋਂ ਬਾਅਦ ਪੰਜਾਬ ਆਏ। ਸੰਮਤ ੧੯੩੦ ਦੇ ਲਗ ਪਗ ਕਮਾਲਪੁਰ ਰਿਆਸਤ ਪਟਿਆਲਾ ਵਿਚ ਆਏ, ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਗੁਰਦਵਾਰੇ ਦੇ ਦਰਸ਼ਨ ਕੀਤੇ ਕੁਝ ਖਸਤਾ ਹਾਲਤ ਵਿਚ ਵੇਖ ਕੇ ਹੈਰਾਨ ਰਹਿ ਗਏ। ਅਗਾਂਹ ਤੁਰਨ ਨੂੰ ਜੀ ਨਾ ਕੀਤਾ।

ਸੇਵਾ ਕਰਨ ਨੂੰ ਦਿਲ ਉਮਗਿਆ, ਡੇਰਾ ਲਾ ਦਿਤਾ ਤੇ ਨਿਸ਼ਕਾਮ ਹੋ ਕੇ ਸੇਵਾ ਕਰਨੀ ਆਰੰਭ ਕਰ ਦਿਤੀ। ਕੁਝ ਦਿਨ ਗੁਜ਼ਰੇ ਤਾਂ ਕਈ ਸਤਿਸੰਗੀ ਆਪ ਦੀ ਇਸ ਨਿਰਮਾਣ ਸੇਵਾ ਵਲ ਤੱਕ ਕੇ ਬੜੇ ਪ੍ਰਸੰਨ ਹੋਏ। ਇਕ ਦਿਨ ਅਜਿਹਾ ਆਇਆ ਜੋ ਸਾਰਾ ਨਗਰ ਹੀ ਆਪ ਵਲ ਆਣ ਢੁਕਾ, ਗੁਰਦਵਾਰੇ ਦੀ ਸੇਵਾ ਲਈ ਉਪਦੇਸ਼ ਦਿਤਾ, ਸਾਰਿਆਂ ਤਨ ਮਨ ਧਨ ਅਰਪਣ ਕਰ ਦਿਤਾ। ਕੁਝ ਚਿਰ ਬਾਅਦ ਗੁਰਦਵਾਰਾ ਸੋਹਣੀ ਸ਼ਕਲ

ਵਿਚ ਤਿਆਰ ਹੋ ਗਿਆ।

ਰੋਜ਼ ਦਾ ਸਤਿਸੰਗ ਕਥਾ, ਕੀਰਤਨ ਸ਼ੁਰੂ ਹੋ ਗਿਆ। ਲੰਗਰ ਲਗਾ ਦਿਤਾ। ਬੜੀ ਮਹਿਮਾ ਵਧੀ, ਦੂਰੋਂ ਦੂਰੋਂ ਪਰੇਮੀ ਦਰਸ਼ਨ ਲਈ ਆਉਣ ਲਗ ਪਏ। ਸੇਵਾ ਹੋਣ ਤੋਂ ਬਾਅਦ ਆਪ ਨੇ ਤੁਰਨ ਦਾ ਸੰਕਲਪ ਕੀਤਾ, ਪਰ ਨਗਰ ਨਿਵਾਸੀਆਂ ਨੇ ਅਰਜੋਈਆਂ ਕਰਕੇ ਰਖ ਲਿਤਾ, ਆਪ ਨੇ ਵੀ "ਨਕਿ ਨਥ ਖਸਮ ਹਥ ਕਿਰਤੁਧਕੇ ਦੇ। ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚ ਹੇ।" ਵਾਕ ਅਨੁਸਾਰ ਪਕਾ ਡੇਰਾ ਲਾ ਦਿਤਾ,ਇਕ ਸੁੰਦਰ ਰਹਿਣੀ ਬਹਿਣੀ ਤੇ ਦੂਜੇ ਆਪ ਅਲਮਸਤ ਬ੍ਰਿਤੀ ਵਿਚ ਰਹਿੰਦੇ ਸਨ। ਜਿਸ ਕਰਕੇ ਆਪ ਦਾ ਉਪਦੇਸ਼ ਪੁਰ ਅਸਰ ਸੀ, ਦੂਰੋਂ ਦੂਰੋਂ ਸੁਣਨ ਲਈ ਆਉਂਦੇ। ਸਭਾ ਵਿਚ ਬੈਠਿਆਂ ਗੁਰਦਵਾਰੇ ਦੀ ਸੇਵਾ ਕੀਤੀ ਵਲ ਧਿਆਨ ਜਾਂਦਾ ਤਾਂ ਕਈ ਇਕ ਦੂਜੇ ਦੀ ਸ਼ਲਾਘਾ ਕਰਦੇ ਕਿ ਫਲਾਣੇ ਸਰੀਰ ਨੇ ਬੜੀ ਸੇਵਾ ਕੀਤੀ ਹੈ, ਕੋਈ ਕਹਿੰਦਾ ਨਹੀਂ, ਫਲਾਣੇ ਨੇ ਵਿਤੋਂ ਵਧ ਕੇ ਕੀਤੀ ਹੈ।

ਇਹ ਗੱਲ ਸੰਤਾਂ ਦੇ ਕੰਨੀਂ ਵੀ ਕਿਤੋਂ ਪੈ ਗਈ, ਆਪ ਹੈਰਾਨ ਹੋ ਗਏ, ਕਿ ਇਹ ਤਾਂ ਮਾੜਾ ਕੰਮ ਹੈ, ਇਹ ਠੀਕ ਹੈ, ਸੇਵਾ ਸਭ ਨੇ ਕੀਤੀ ਹੈ, ਪਰ ਇਸ ਤਰ੍ਹਾਂ ਸੇਵਾ ਦਾ ਹੰਕਾਰ ਕਰਨਾ ਹੱਛਾ ਨਹੀਂ। ਇਕ ਦਿਨ ਭਰੇ ਸਤਿਸੰਗ ਵਿਚ ਆਪ ਨੇ ਪ੍ਰਸੰਗ ਚਲਾਇਆ,ਕਿ ਭਾਈ ਗੁਰੂ ਘਰ ਵਿਚ ਤਾਂ (ਕਰ ਕੇ ਨੀਚੁ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰ ਪਾਈ) 'ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤ ਸੁਆਮੀ' ਵਾਕ

ਅਨੁਸਾਰ ਸੇਵਾ ਕਰਦਾ ਹੋਇਆ ਆਪ ਨੂੰ ਨਿਰਮਾਣ ਸਦਾਵੇ, ਤਾਂ ਗੁਰੂ ਘਰ ਵਿਚ ਪ੍ਰਵਾਣ ਹੁੰਦਾ ਹੈ, ਜੇਕਰ ਕਰਾ ਕੇ ਹੰਕਾਰ ਕਰੇ ਤਾਂ, (ਤੀਰਥ ਬਰਤ ਅਰੁਦਾਨ ਕਰਿ ਮਨ ਮੈ ਧਰੈ ਗੁਮਾਨੁ। ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸ਼ਨਾਨੁ ॥) ਵਾਕ ਅਨੁਸਾਰ ਸਭ ਉਸਦਾ ਕੀਤਾ ਕਰਾਇਆ ਨਿਸ਼ਫਲ ਚਲਾ ਜਾਂਦਾ ਹੈ। ਇਹ ਉਪਦੇਸ਼ ਸੁਣਾ ਕੇ ਸਭਨਾਂ ਦੇ ਦਿਲ ਸ਼ਾਂਤ ਕਰ ਦਿਤੇ।

ਆਪ ਵਡੀ ਉਮਰ ਵਿਚ ਅਵਧੂਤ ਅਵਸਥਾ ਵਿਚ ਰਹੇ। ਅਧੇ ਸਿਰ ਕੇਸ਼ ਤੇ ਅਧੇ ਸਿਰ ਤੇ ਜੜਾਵਾਂ ਧਾਰਣ ਕੀਤੀਆਂ ਹੋਈਆਂ ਸਨ। ਕੋਈ ਸਾਧੂ ਸ਼ਿਸ਼ ਬਣਨ ਲਈ ਆਵੇ ਤਾਂ ਪੁਛ ਲੈਂਦੇ ਕਿ ਤੂੰ ਕਿਹੜੇ ਪਾਸੇ ਦਾ ਸ਼ਿਸ਼ ਬਣਨਾ ਹੈ, ਅਰਥਾਤ ਅੰਮ੍ਰਿਤਧਾਰੀ ਨਿਰਮਲਾ ਜਾਂ ਜੜਾਵਾਂ ਵਾਲਾ ਉਦਾਸੀ। ਇਸ ਵਾਸਤੇ ਆਪ ਦੇ ਦੋ ਤਰ੍ਹਾਂ ਦੇ ਸਾਧੂ ਹੋਏ। ਸੰਤ ਖੜਗ ਸਿੰਘ ਜੀ ਰਣੀਆ, ਮਹੰਤ ਨਿਹਾਲ ਸਿੰਘ ਜੀ ਅੰਮ੍ਰਿਤਸਰ, ਪੰਡਿਤ ਵੀਰ ਸਿੰਘ ਜੀ ਮਹਲਾਂ ਹੜਾਂ ਕਾਂਸ਼ੀ, ਸੰਤ ਸਿੰਘ ਜੀ ਨਿਕੋ ਸਰਾਂ ਆਦਕ ਨਿਰਮਲੇ ਤੇ ਮਹੰਤ ਪਰਸ ਰਾਮ ਜੀ ਆਦ ਉਦਾਸੀ, ਜਿਨ੍ਹਾਂ ਅਲਗ ਅਲਗ ਪ੍ਰਚਾਰ ਲਈ ਅਸਥਾਨ ਕਾਇਮ ਕੀਤੇ। ਜਿਤਨਾ ਚਿਰ ਸਰੀਰ ਰਿਹਾ ਭਜਨ ਪਾਠ ਤੇ ਪ੍ਰਚਾਰ ਵਿਚ ਸਮਾ ਗੁਜ਼ਾਰਿਆ, ਅੰਤ ਨੂੰ ਅਪਣੇ ਸ਼ਿਸ਼ ਸੰਤ ਪਰਸ ਰਾਮ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੫੦ ਵਿਚ ਪ੍ਰਲੋਕ ਸਿਧਾਰੇ।

# ਮਹੰਤ ਪਰਸ ਰਾਮ ਜੀ

ਆਪ ਦਾ ਜਨਮ ਪਿੰਡ ਸਲਾਨਾ ਰਿਆਸਤ ਨਾਭਾ ਵਿਚ ਹੋਇਆ, ਇਹ ਸੰਤਾਂ ਦੀ ਸ਼ਰਨ ਵਿਚ ਛੋਟਿਆਂ ਹੁੰਦਿਆਂ ਹੀ ਆਏ। ਡੇਰੇ ਵਿਚ ਸੇਵਾ ਕਰਨ ਵਿਚ ਚੰਗੇ ਹੁਸ਼ਿਆਰ ਤੇ ਉਦਮੀ ਸਨ। ਸੰਮਤ ੧੯੫੦ ਵਿਚ ਸੰਤਾਂ ਦੇ ਸਮਾਉਣ ਉਤੇ ਆਪ ਨੂੰ ਗਦੀ ਮਿਲੀ, ਬਾਰਾਂ ਕੁ ਸਾਲ ਮਹੰਤੀ ਕਰ ਕੇ ਸੰਮਤ ੧੯੬੨ ਵਿਚ ਸਮਾ ਗਏ। ਆਪ ਚੰਗੇ ਦਰਸ਼ਨੀ ਮਿਲਨਸਾਰ ਸਾਧੂ ਸਨ, ਆਏ ਗਏ ਨਾਲ ਚੰਗੇ ਪਿਆਰ ਨਾਲ ਪੇਸ਼ ਆਉਂਦੇ ਸਨ। ਆਪ ਦੇ ਸ਼ਿਸ਼ ਸੰਤ ਕ੍ਰਿਪਾਲ ਦਾਸ ਜੀ ਤੇ ਸੰਤ ਸੁਖਦੇਵ ਸਿੰਘ ਜੀ ਆਦਿਕ ਕਈ ਹੋਏ ਹਨ, ਜਿਨ੍ਹਾਂ ਵਿਚੋਂ ਸੰਤ ਸੁਖਦੇਵ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਆਪ ਸਮਾ ਗਏ।

# ਮਹੰਤ ਸੁਖਦੇਵ ਸਿੰਘ ਜੀ

(ਡੇਰਾ ਕਮਾਲ ਪੁਰ ਕਾਲੇਕੇ ਰਿਆਸਤ ਪਟਿਆਲਾ)

ਆਪ ਚੰਗੀ ਰਹਿਣੀ ਬਹਿਣੀ ਵਾਲੇ ਮਹੰਤ ਹੋਏ ਹਨ, ਜਿਤਨਾ ਚਿਰ ਮਹੰਤ ਰਹੇ ਡੇਰੇ ਦੀ ਤਰੱਕੀ ਕੀਤੀ। ਸੁਭਾ ਦੇ ਮਿਲਣ ਸਾਰ ਸਨ, ਗੁਜ਼ਰ ਗਏ ਹਨ।

# ਸੰਤ ਹਰੀ ਦਾਸ ਜੀ

ਆਪ ਦੇ ਪਿਛੋਂ ਸੰਤ ਹਰੀ ਦਾਸ ਜੀ ਮਹੰਤ ਹੋਏ, ਵਡਿਆਂ ਦੀ ਰਹੁ ਰੀਤੀ ਵਿਚ ਰਹਿ ਕੇ ਕੰਮ ਚੰਗਾ ਸੰਭਾਲਿਆ।

# ਮਹੰਤ ਕ੍ਰਿਪਾਲ ਸਿੰਘ ਜੀ

ਆਪ ਮਹੰਤ ਸੁਖਦੇਵ ਸਿੰਘ ਜੀ ਦੇ ਗੁਰਭਾਈ ਸਨ, ਆਪ ਪਹਿਲਾਂ ਕ੍ਰਿਪਾਲ ਦਾਸ ਨਾਮ ਕਰ ਕੇ ਪ੍ਰਸਿਧ ਸਨ ਫਿਰ ਸੰਮਤ ੧੯੭੧ ਵਿਚ ਅੰਮ੍ਰਿਤ ਛਕ ਕੇ ਕ੍ਰਿਪਾਲ ਸਿੰਘ ਹੋ ਗਏ। ਆਪ ਅਜ ਕਲ ਡੇਰੇ ਦੇ ਮਹੰਤ ਹਨ। ਆਇਆ ਗਿਆ ਸਾਧੂ ਸੰਤ ਆਪ ਪਾਸ ਬਣਿਆ ਰਹਿੰਦਾ ਹੈ। ਡੇਰਾ ਪਿੰਡੋਂ ਬਾਹਰ ਵਾਰ ਹੈ ਸੰਗਰੂਰ ਤੋਂ ੧੪ ਕੋਹ ਤੇ ਮੌੜਾਂ ਤੋਂ ੭ ਕੋਹ ਤੇ ਹੈ।

# ਮਹੰਤ ਨਿਹਾਲ ਸਿੰਘ ਜੀ (ਲੰਮੇ)

## (ਅੰਮ੍ਰਿਤਸਰ)

ਚੇਲੇ ਮਹਾਰਾਜ ਸਰਬੱਗ ਸਿੰਘ ਜੀ ਕਮਾਲ ਪੁਰ, ਆਪ ਦਾ ਜਨਮ ਪਿੰਡ ਸੈਦਪੁਰ ਪੁਠੋਹਾਰ ਦਾ ਸੀ, ਪਹਿਲਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਰਿਸਾਲੇ ਵਿਚ ਨੌਕਰ ਸਨ। ਮਹਾਰਾਜਾ ਸਾਹਿਬ ਦੇ ਗੁਜ਼ਰਨ ਤੋਂ ਬਾਅਦ ਸੰਸਾਰ ਵਲੋਂ ਉਪ੍ਰਾਮ ਹੋ ਗਏ। ਮਹਾਰਾਜ ਸ੍ਰਬੱਗ ਸਿੰਘ ਜੀ ਫਿਰਦੇ ਤੁਰਦੇ ਪੁਠੋਹਾਰ ਆਏ, ਜਿਨ੍ਹਾਂ ਦੇ ਚੇਲੇ ਹੋ ਕੇ ਸਾਧੂ ਬਣ ਗਏ। ਸੇਵਾ ਕਰਦੇ ਰਹੇ। ਬਹੁਤ ਚਿਰ ਵਿਰਕਤੀ ਠਾਟ 'ਚ ਵਿਚਰਦੇ ਰਹੇ। ਸ੍ਰੀ ਅੰਮ੍ਰਿਤਸਰ ਜੀ ਆਏ ਦਿਲ ਸ਼ਾਂਤ ਹੋ ਗਿਆ। ਆਪ ਦੀ ਪਵਿਤ੍ਰ ਜ਼ਿੰਦਗੀ ਵਲ ਤਕ ਕੇ ਲੋਗੀ ਪ੍ਰੇਮੀ ਹੋ ਗਏ। ਸੰਮਤ ੧੯੩੨ ਵਿਚ ਕਰੋੜੀ ਦੇ ਚੌਂਕ, ਚੌਧਰੀ ਕਰਮ ਸਿੰਘ ਜੀ ਦੀ

ਗਲੀ ਵਿਚ ਅਪਣੀ ਨਿਜ਼ ਜ਼ਮੀਨ ਲੈ ਕੇ ਡੇਰਾ ਬਣਾਇਆ। ਕਥਾ ਪ੍ਰਸੰਗ ਦਾ ਪ੍ਰਵਾਹ ਜਾਰੀ ਕੀਤਾ। ਆਪ ਦਾ ਸਰੀਰ ਚੰਗਾ ਲੰਮਾ ਦਰਸ਼ਨੀ ਸੀ, ਜਿਸ ਕਰਕੇ ਆਪ ਦੀ ਸੰਗਜ਼ਾ ਲੰਮੇ ਨਿਹਾਲ ਸਿੰਘ ਜੀ ਪ੍ਰਸਿਧ ਹੋ ਗਈ। ਰਿਆਸਤ ਪਟਿਆਲਾ ਵਲੋਂ ੨੦੦) ਸਾਲਾਨਾ ਪੂਜਾ ਲਗੀ ਰਹੀ। ਅਖੀਰ ਅਪਣੇ ਸ਼ਿਸ਼ ਮਹੰਤ ਗੁਰਮੁਖ ਸਿੰਘ ਜੀ ਨੂੰ ਮਹੰਤ ਅਸਥਾਪਨ ਕਰ ਕੇ ਮਾਘ ਸੰਮਤ ੧੯੪੩ ਵਿਚ ਸਮਾ ਗਏ।

## ਮਹੰਤ ਗੁਰਮੁਖ ਸਿੰਘ ਜੀ

ਆਪ ਦਾ ਜਨਮ ਦਵਾਬਾ ਜ਼ਿਲਾ ਜਲੰਧਰ ਦਾ ਸੀ। ਘਰ ਨੰਬਰਦਾਰ ਰਹੇ। ਸੰਤਾਂ ਮਹਾਤਮਾ ਨੂੰ ਮਿਲਣ ਜੁਲਨ ਦੀ ਚੇਟਕ ਮੁਢ ਤੋਂ ਸੀ, ਖਾਸਾ ਚਿਰ ਪਹਿਲਾਂ ਉਦਾਸੀ ਮਹਾਤਮਾ ਨਾਲ ਪ੍ਰੇਮ ਰਿਹਾ। ਅੰਮ੍ਰਿਤਸਰ ਆਏ, ਸੰਤਾਂ ਦੇ ਦਰਸ਼ਨ ਕਰ ਕੇ ਪ੍ਰਸੰਨ ਹੋ ਗਏ, ਡੇਰੇ ਆਏ, ਕੁਝ ਚਿਰ ਪਰੇਮ ਨਾਲ ਸੇਵਾ ਕਰਦੇ ਰਹੇ। ਬਾਅਦ ਸ਼ਿਸ਼ ਹੋਕੇ ਭੇਖ ਧਾਰਨ ਕਰ ਲਿਤਾ ਅਪਣੇ ਸੰਤਾਂ ਦੀ ਸੇਵਾ ਹਦੋਂ ਵਧ ਕੇ ਕੀਤੀ। ਸੰਤਾਂ ਪਿਛੋਂ ਭੀ ਡੇਰੇ ਦੀ ਤਰੱਕੀ ਕੀਤੀ, ਜਾਇਦਾਦ ਵਧਾਈ। ਦੁਕਾਨਾਂ ਲੈਕੇ ਡੇਰੇ ਨਾਲ ਲੁਵਾਈਆਂ। ਸੰਤਾਂ ਵਾਂਗ ਪਟਿਆਲੇ ਪੂਜਾ ਲੈਣ ਲਈ ਸਾਲ ਬਸਾਲ ਜਾਂਦੇ ਰਹੇ। ਜਦ ਆਪ ਮਹੰਤ ਸਨ, ਓਦੋਂ ਸਣੇ ਆਪਣੇ ਸੰਤਾਂ ਦੇ ਗ੍ਰੰਥ ਕਰਤਾ ਸੰਮਤ ੧੯੬੦ ਤੋਂ ੬੨ ਤਕ ਦੋ ਅਢਾਈ ਸਾਲ ਡੇਰੇ ਰਹਿਕੇ ਅਖੀ ਵੇਖਦਾ ਰਿਹਾ ਕਿ ਆਪ ਬ੍ਰਿਧ ਅਵਸਥਾ ਵਿਚ ਭੀ ਝਾੜੂ ਆਦ ਦੀ ਸੇਵਾ ਕਰਦੇ

ਰਹਿੰਦੇ ਸਨ। ਆਏ ਗਏ ਨੂੰ ਰੋਟੀ ਹਥੀ ਖਿਲਾ ਪਿਲਾ ਕੇ ਗਦ ਗਦ ਹੁੰਦੇ ਸਨ, ਕਪੜਾ ਸਵੱਛ ਪਹਿਨਦੇ ਸਨ। ਅਖੀਰ ਆਪਣੇ ਚੇਲੇ ਮਹੰਤ ਸੰਤ ਸਿੰਘ ਜੀ ਨੂੰ ਆਪਣੀ ਹੱਥੀਂ ਪਗ ਦੇ ਕੇ ਸੰਮਤ ੧੯੬੨ ਅਮਾਵਸ ਵਾਲੇ ਦਿਨ ਗੁਰਪੁਰੀ ਸਿਧਾਰ ਗਏ।

## ਮਹੰਤ ਸੰਤ ਸਿੰਘ ਜੀ

ਆਪ ਦਾ ਜਨਮ ਚੂਹੜ ਚਕ, ਜ਼ਿਲਾ ਫਿਰੋਜ਼ਪੁਰ ਦਾ ਹੈ। ੧੨–੧੩ ਸਾਲ ਦੀ ਉਮਰ ਵਿਚ ਵਡੇ ਮਹੰਤਾਂ ਵੇਲੇ ਡੇਰੇ ਆਏ, ਸੇਵਾ ਕਰਦੇ ਮਹੰਤ ਗੁਰਮੁਖ ਸਿੰਘ ਜੀ ਦੇ ਚੇਲੇ ਹੋਏ। ਅਣਥਕ ਤੇ ਪੁਰਸ਼ਾਰਥੀ ਸਰੀਰ ਹੋਣ ਕਰਕੇ ਅਤਿਅੰਤ ਸੇਵਾ ਕਰਨ ਦਾ ਸੁਭਾਵ ਸੀ। ਮਹੰਤਾਂ ਪਿਛੋਂ ਭੀ ਆਪਣੇ ਹਥੀ ਸੇਵਾ ਕਰਕੇ ਅਸਥਾਨ ਦੀ ਤਰੱਕੀ ਕੀਤੀ, ਸਾਧ ਸੰਗਤ ਨਾਲ ਪਿਆਰ ਸੀ, ਆਏ ਗਏ ਸਾਧੂ ਅਭਿਆਗਤ ਨੂੰ ਸੰਤਾਂ ਵਾਂਗ ਆਪਣੇ ਹਥੀ ਖਿਲਾ ਪਿਲਾ ਕੇ ਪ੍ਰਸੰਨ ਹੁੰਦੇ ਸਨ। ਵਡੀ ਉਮਰ ਵਿਚ ਗੁਰਪੁਰੀ ਸਿਧਾਰ ਗਏ।

ਆਪ ਦੇ ਪਿਛੋਂ ਮਹੰਤ ਊਧਮ ਸਿੰਘ ਜੀ ਅਸਥਾਨਾ ਪਤੀ ਰਹੇ ਇਨ੍ਹਾਂ ਤੋਂ ਬਾਅਦ ਮਹੰਤ ਜਗਤ ਸਿੰਘ ਜੀ ਹੋਏ ਜਿਨ੍ਹਾਂ ਦਾ ਸ਼ਹਿਰ ਦੇ ਸੰਤਾਂ ਮਹੰਤਾਂ ਨਾਲ ਚੰਗਾ ਮੇਲ ਮਿਲਾਪ ਸੀ।

# ਡੇਰਾ ਰਣੀਆ

## ਪੰਡਿਤ ਖੜਗ ਸਿੰਘ ਜੀ

ਚੇਲੇ ਮਹਾਰਾਜ ਸੂਬਗ ਸਿੰਘ ਜੀ ਕਮਾਲਪੁਰ, ਆਪ ਦਾ ਸਰੀਰ ਮਾਲਵੇ ਦਾ ਸੀ। ਪੜ੍ਹੇ ਲਿਖੇ ਚੰਗੇ ਵਿਦਵਾਨ ਮਹਾਤਮਾ ਹੋਏ। ਫਿਰਦੇ ਤੁਰਦੇ ਇਸ ਨਗਰ ਆਣ ਰਹੇ, ਡੇਰਾ ਬੰਨ੍ਹਿਆ। ਪੜ੍ਹਨ ਪੜ੍ਹਾਉਣ ਦਾ ਸਿਲਸਿਲਾ ਜਾਰੀ ਕੀਤਾ। ਚੰਗੇ ਪ੍ਰਤਾਪ ਵਾਲੇ ਹੋਏ। ਸੰਤ ਖੁਸ਼ਹਾਲ ਸਿੰਘ ਜੀ, ਪੰਡਿਤ ਜੈਮਲ ਸਿੰਘ ਜੀ, ਪੰਡਿਤ ਨਿਹਾਲ ਸਿੰਘ ਜੀ ਆਗਰੇ ਵਾਲੇ, ਸੰਤ ਵਜੀਰ ਸਿੰਘ ਜੀ ਆਦ ਕਈ ਸਾਧੂ ਆਪ ਦੇ ਚੇਲੇ ਹੋਏ ਡੇਰਾ ਪੱਕਾ ਪਿੰਡੋਂ ਬਾਹਰਵਾਰ ਹੈ। ੧੨ ਘੁਮਾਂ ਜ਼ਮੀਨ ਨਾਲ ਹੈ ਅਖੀਰ ਆਪ ਸੰਤ ਖੁਸ਼ਹਾਲ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੪੩ ਵਿਚ ਇਥੇ ਹੀ ਸਮਾਏ।

**ਮਹੰਤ ਖੁਸ਼ਹਾਲ ਸਿੰਘ ਜੀ** ਆਪ ਥੋੜਾ ਚਿਰ ਹੀ ਮਹੰਤੀ ਕਰਕੇ ਗੁਜ਼ਰ ਗਏ। ਪਿਛੋਂ ਆਪ ਦੇ ਗੁਰਭਾਈ ਪੰਡਿਤ ਜੈਮਲ ਸਿੰਘ ਜੀ ਮਹੰਤ ਹੋਏ। ਇਹ ਮਹਾਤਮਾ ਬੜੇ ਸਿਆਣੇ ਤੇ ਮਿਲਾਪੜੇ ਸੁਭਾਵ ਦੇ ਸਨ। ਸਰੀਰ ਸੋਹਣਾ ਦਰਸ਼ਨੀ ਉਚਾ ਕਦ, ਰੰਗ ਗੋਰ ਜਿਹੜਾ ਵੇਖਦਾ ਪ੍ਰਸੰਨ ਹੋ ਜਾਂਦਾ ਸੀ। ਅਖੀਰ ਆਪਣੇ ਚੇਲੇ ਸੰਤ ਅਮਰ ਸਿੰਘ ਜੀ ਦੇ ਨਾਂ ਵਸੀਅਤ ਕਰਾਕੇ ਸੰਮਤ ੧੯੯੧ ਕਤਕ ੨੯ ਨੂੰ ਸ੍ਰੀ ਅੰਮ੍ਰਿਤਸਰ ਮਹੰਤ ਗੁਰਮੁਖ

ਸਿੰਘ ਜੀ ਦੇ ਡੇਰੇ ਗੁਜਰੇ।

ਮਹੰਤ ਅਮਰ ਸਿੰਘ ਜੀ ਕਾਫੀ ਅਰਸਾ ਡੇਰੇ ਸੇਵਾ ਕਰਦੇ ਰਹੇ।

# ਪਧਿਤ ਕਮਾਲਪੁਰ

## ਧਰਮਸਾਲ ਬਿਸ਼ਨ ਕੌਰ, ਧੰਨ ਦੇਈ, ਈਸ਼ਰ ਕੌਰ ਜੀ ਅੰਮ੍ਰਿਤਸਰ, ਕੂਚਾ ਪੜਿਆਲੀਆਂ, ਚਉਲ ਮੰਡੀ

### ਸੰਤ ਵਜ਼ੀਰ ਸਿੰਘ ਜੀ

ਚੇਲੇ ਮਹਾਰਾਜ ਖੜਗ ਸਿੰਘ ਜੀ, ਆਪ ਜ਼ਿਆਦਾਤਰ ਪਟਿਆਲੇ ਰਹਿੰਦੇ ਸਨ। ਆਪ ਦੀ ਸੇਵਕਾ ਬੀਬੀ ਬਿਸ਼ਨ ਕੌਰ ਹੋਈ। ਜਨਮ ਮਾਲਵੇ ਦਾ ਸੀ, ਪਟਿਆਲੇ ਸੰਤਾਂ ਦੀ ਸੰਗਤ ਵਿਚ ਆਣ ਰਹੇ। ਕਾਫੀ ਅਰਸਾ ਸਤਿਸੰਗ ਕਰਦੇ ਰਹੇ। ਜਦ ਸੰਤ ਵਜ਼ੀਰ ਸਿੰਘ ਜੀ ਸਮਾ ਗਏ, ਆਪ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਨ ਲਈ ਆਏ, ਸਤਿਸੰਗ ਦਾ ਸਿਲਸਿਲਾ ਜਾਰੀ ਕੀਤਾ। ਇਥੇ ਹੀ ਟਿਕ ਗਏ, ਸੰਮਤ ੧੯੭੨ ਵਿਚ ਸਮਾਏ। ਆਪ ਦੀਆਂ ਦੋ ਲੜਕੀਆਂ ਸਨ, ਦੋਨੋਂ ਚੰਗੀਆਂ ਪੜ੍ਹੀਆਂ ਲਿਖੀਆਂ ਸਨ ਕਥਾ ਵਾਰਤਾ ਸੋਹਣੀ ਕਰਦੀਆਂ ਸਨ। ਵਡੀ ਬੀਬੀ ਈਸ਼ਰ ਕੌਰ ਜਿਨ੍ਹਾਂ ਅਲਗ ਮਕਾਨ ਬਣਾ ਰਖਿਆ ਸੀ,

ਛੋਟੀ ਬੀਬੀ ਧੰਨ ਦੇਈ ਆਪ ਪਾਸ ਰਹਿਆ ਕਰਦੀ ਸੀ।

**ਬੀਬੀ ਈਸ਼ਰ ਕੌਰ ਜੀ** ਨੇ ਅਪਣੇ ਮਕਾਨ ਵਿਚ ਲੜਕੀਆਂ ਦਾ ਸਕੂਲ ਖੋਹਲ ਰਖਿਆ ਸੀ, ਬੜਾ ਚਿਰ ਸਤਿਸੰਗ ਕਰਦੇ ਰਹੇ।

**ਬੀਬੀ ਧੰਨ ਦੇਈ ਜੀ** ਸੇਵਕਾ ਸੰਤ ਵਜ਼ੀਰ ਸਿੰਘ ਜੀ, ਇਹ ਬੀਬੀ ਪੜ੍ਹੀ ਲਿਖੀ ਬੜੀ ਸਿਆਣੀ ਸੀ। ਕਈ ਵਰ੍ਹੇ ਸਤਿ ਸੰਗ ਜਾਰੀ ਰਖਿਆ। ਸੰਮਤ ੧੯੮੭ ਭਾਦਰੋਂ ਵਿਚ ਚੜ੍ਹਾਈ ਕਰ ਗਏ।

**ਬੀਬੀ ਲਛਮੀ ਜੀ** ਸੇਵਕਾ ਬੀਬੀ ਧੰਨ ਦੇਈ, ਆਪ ਦਾ ਸਰੀਰ ਜ਼ਿਲੇ ਗੁਜਰਾਤ ਦਾ ਸੀ, ਛੋਟੀ ਉਮਰ ਵਿਚ ਹੀ ਬੀਬੀ ਜੀ ਪਾਸ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਆਪ ਦੀ ਸੇਵਾ ਨੂੰ ਮੁਖ ਰਖ ਕੇ ਬੀਬੀ ਜੀ ਨੇ ੨੦ ਜੂਨ ਸੰਨ ੧੯੩੧ ਵਿਚ ਮਕਾਨ ਦੀ ਵਸੀਅਤ ਆਪ ਦੇ ਨਾਂ ਕਰਾ ਦਿਤੀ। ਪਿਛੋਂ ਆਪ ਹੀ ਅਸਥਾਨ ਵਿਚ ਰਹਿੰਦੇ ਰਹੇ, ਸਾਧੂ ਸਮਾਜ, ਨਿਰਮਲ ਭੇਖ ਨਾਲ ਪਿਆਰ ਸੀ। ਮਕਾਨ ਹੱਛਾ ਬਣਿਆ ਹੋਇਆ ਹੈ ਇਕ ਦੁਕਾਨ ਹੈ ਜਿਹੜੀ ਇਕ ਹਜ਼ਾਰ ਤੋਂ ਬੀਬੀ ਧੰਨ ਦੇਈ ਜੀ ਨੇ ਖਰੀਦੀ ਸੀ।

## ਸ਼੍ਰੀ ਸੰਤ ਮੋਹਰ ਸਿੰਘ ਜੀ

(ਅਪਰਾ ਜ਼ਿਲਾ ਜਾਲੰਧਰ)

ਸ਼ਿਸ਼ ਮਹਾਰਾਜ ਚੇਤ ਸਿੰਘ ਜੀ ਨਿਰਮਲ ਪੰਥ ਵਿਚ

ਆਪ ਉਚ ਕੋਟੀ ਦੇ ਇਕ ਮਹਾਂ ਪੁਰਸ਼ ਹੋ ਚੁਕੇ ਹਨ। ਜਨਮ ਕਸੂਰ ਦੇ ਲਾਗੇ ਕਾਲੀਆਂ ਪਿੰਡ ਵਿਚ ਸ੍ਰ: ਤਾਰਾ ਸਿੰਘ ਜੀ ਦੇ ਘਰ ਹੋਇਆ। ਆਪ ਦੇ ਪਿਤਾ ਸੂਰਬੀਰ ਤੇ ਬੜੇ ਖੜਕੇ ਦੜਕੇ ਵਾਲੇ ਨਿਹੰਗ ਸਿੰਘ ਪ੍ਰਸਿੱਧ ਸਨ। ਸਮ ਦ੍ਰਿਸ਼ਟੀ ਹੋਣ ਕਰ ਕੇ ਸਭ ਗਰੀਬ ਅਮੀਰ ਨੂੰ ਇਕੋ ਜਿਹਾ ਸਮਝਦੇ ਸਨ। ਘਰ ਦਾ ਧੰਨ ਲੁਟਾ ਪੁਟਾ ਕੇ ਗਰੀਬਾਂ ਨੂੰ ਖਿਲਾ ਪਿਲਾ ਦਿਤਾ। ਦੇਸ਼ ਛਡ ਕੇ ਦਵਾਬੇ ਵਲ ਆ ਗਏ। ਅੰਮ੍ਰਿਤਸਰ ਗਏ ਜਿਥੇ ਮਹਾਰਾਜ ਚੇਤ ਸਿੰਘ ਜੀ ਨੇ ਆਪ ਨੂੰ ਉਪਦੇਸ਼ ਦਿਤਾ। ਸਾਰੇ ਭ੍ਰਮ ਦੂਰ ਹੋ ਗਏ। ਆਪ ਮਹਾਰਾਜ ਮੰਗਲ ਸਿੰਘ ਜੀ ਤੇ ਸ਼੍ਰੀ ਸੁਚੇਤ ਸਿੰਘ ਜੀ ਨੂੰ ਇਕੋ ਰੂਪ ਕਰ ਕੇ ਮੰਨਦੇ ਸਨ। ਆਪ ਦੀ ਗਦੀ ਪੁਰ ਪਰੰਪਰਾ ਚਲੇ ਆਏ ਮਹੰਤ ਸਾਹਿਬ ਅਜ ਕਲ ਮਹੰਤ ਸੂਰਜ ਸਿੰਘ ਜੀ ਹਨ ਤੇ ਸੁਭਾ ਦੇ ਮਿਲਾਪੜੇ ਹਨ। ਉਪਰੋਂ ਸ਼੍ਰੀ ਸੰਤ ਮੋਹਰ ਸਿੰਘ ਜੀ ਤੋਂ ਬਾਅਦ ਮਹੰਤ ਹਮੀਰ ਸਿੰਘ ਜੀ ਹੋਏ।

## ਮਹੰਤ ਹਮੀਰ ਸਿੰਘ ਜੀ

ਸੁਣਿਆ ਹੈ ਆਪ ਬੜੇ ਯੋਗਜ ਪੁਰਸ਼ ਸਨ। ਅਸਥਾਨ ਦੀ ਤਰੱਕੀ ਕੀਤੀ, ਆਪ ਤੋਂ ਬਾਅਦ ਮਹੰਤ ਨਰੈਣ ਸਿੰਘ ਜੀ ਹੋਏ।

**ਮਹੰਤ ਨਰੈਣ ਸਿੰਘ ਜੀ** ਬੜੇ ਨਿਰਮਾਣ ਪੁਰਸ਼ ਸਨ। ਨਾਮ ਸਿਮਰਨ ਭਗਤੀ ਨਾਲ ਪਿਆਰ ਸੀ। ਪਿਛੋਂ ਮਹੰਤ ਸੂਰਜ ਸਿੰਘ ਜੀ ਮਹੰਤ ਹੋਏ।

**ਮਹੰਤ ਸੂਰਜ ਸਿੰਘ ਜੀ** ਆਪ ਬੜੇ ਯੋਗ ਪੁਰਸ਼ ਸਨ। ਸ਼ਾਦੀ ਸ਼ੁਦਾ ਸਨ, ਵਰਤਣ ਵਰਤਾਵ ਅਮੀਰਾਨਾ ਸੀ, ਹਾਂ ਨਿਰਮਲ ਅਖਾੜੇ ਨਾਲ ਪੂਰਾ ਪੂਰਾ ਸਵੱਤ ਸੀ।

## ਯੋਗੀ ਰਾਜ ਨਿਹਾਲ ਸਿੰਘ ਜੀ

(ਝੂਸੀ ਪ੍ਰਯਾਗ ਰਾਜ)

ਆਪ ਬੜੇ ਉਤਮ ਯੋਗੀ ਰਾਜ ਪ੍ਰਸਿੱਧ ਹੋ ਚੁਕੇ ਹਨ। ਬੜੀ ਉਮਰ 'ਚ ਸਾਧੂ ਹੋਏ। ਸੋਹਣਾ ਉਚਾ ਕਦ ਸਰੀਰ ਦਰਸ਼ਨੀ ਸੀ। ਪਹਿਲਾਂ ਸਿਖਾਂ ਦੀ ਫੌਜ ਵਿਚ ਰਸਾਲਦਾਰ ਰਹੇ। ਕਿਸੇ ਗਲੋਂ ਦਿਲ ਉਪ੍ਰਾਮ ਹੋ ਗਿਆ। ਨੌਕਰੀ ਛਡ ਦਿਤੀ, ਆਨੰਦ ਪੁਰ ਸਾਹਿਬ ਹੋਲੇ ਮਹਲੇ ਜਾ ਦਰਸ਼ਨੀ ਕੀਤੇ। ਗੁਰਦਵਾਰਿਆਂ ਦੀ ਯਾਤ੍ਰਾ ਕਰਨ ਤੋਂ ਬਾਅਦ ਸ਼੍ਰੀ ਸੰਤ ਹੰਮੀਰ ਸਿੰਘ ਜੀ ਦੀ ਪਵਿਤ੍ਰ ਜ਼ਿੰਦਗੀ ਤੇ ਉਨ੍ਹਾਂ ਦੀ ਉਦਾਰ ਦਿਲੀ ਵਲ ਤਕ ਕੇ ਮਨ ਖਿਚਿਆ ਗਿਆ, ਚਰਨਾਂ ਤੇ ਸਿਰ ਰਖ ਦਿਤਾ। ਸੰਤਾਂ ਪੁਛਿਆ, ਫੌਜੀ ਸਿਖਾ ਕੀ ਗੱਲ ਹੈ। ਆਪ ਨੇ ਕਿਹਾ, ਅਗੇ ਸਰਕਾਰੀ ਨੌਕਰੀ ਕੀਤੀ ਹੈ, ਹੁਣ ਆਪ ਦੀ ਕਰਨ ਨੂੰ ਚਿਤ ਕਰ ਆਇਆ ਹੈ!

ਸੰਤ–ਇਥੋਂ ਕੀ ਲੈਣਾ ਈ, ਜਾ ਘਰ ਅਪਣੇ ਬਾਲ ਬੱਚੇ ਦੀ ਪਾਲਨਾ ਕਰ।

ਰਸਾਲਦਾਰ–ਮਹਾਰਾਜ ਮੈਂ ਬੜਾ ਕੁਝ ਸੰਸਾਰ ਵਿਚ ਖਚਤ ਹੋ ਕੇ ਵੇਖ ਲਿਤਾ ਹੈ, ਹੁਣ ਆਪ ਕ੍ਰਿਪਾ ਕਰੋ ਸਚੇ ਮਾਰਗ ਲਾਓ।

ਆਪ ਦਾ ਇਸ ਤਰ੍ਹਾਂ ਦਿਲੋਂ ਵਿਸ਼ਵਾਸ ਵੇਖ ਕੇ ਦਰਨੀ ਲਾ ਲਿਤਾ। ਉਪਦੇਸ਼ ਦੇ ਕੇ ਸਾਧ ਸੰਗਤ ਦੀ ਸੇਵਾ ਸਪੁਰਦ ਕਰ ਦਿਤੀ। ਜਿਤਨੇ ਦਿਨ ਸਮਾਗਮ ਰਿਹਾ, ਸੇਵਾ ਕਰਦੇ ਰਹੇ। ਦਿਲ ਵਿਚ ਵਿਦਿਆ ਪੜ੍ਹਨ ਦਾ ਉਤਸ਼ਾਹ ਪੈਦਾ ਹੋਇਆ, ਤਾਂ ਸੰਤਾਂ ਦੀ ਆਗਿਆ ਨਾਲ ਕਾਂਸ਼ੀ ਪੜ੍ਹਨ ਚਲੇ ਗਏ। ੧੨ ਸਾਲ ਪੜ੍ਹਦੇ ਚੰਗੇ ਵਿਦਿਵਾਨ ਹੋ ਗਏ। ਬਾਅਦ ਤੀਰਥ ਯਾਤ੍ਰਾ ਨੂੰ ਹੋ ਤੁਰੇ। ਯਾਤਰਾ ਕਰਦੇ ਕਰਦੇ ਪ੍ਰਯਾਗ ਰਾਜ ਤ੍ਰਿਬੇਣੀ ਦੇ ਆ ਇਸ਼ਨਾਨ ਕੀਤੇ। ਸ੍ਰੀ ਗੰਗਾ ਜੀ ਤੋਂ ਪਾਰ ਝੂਸੀ ਇਕ ਨਵੇਕਲਾ ਅਸਥਾਨ ਵੇਖ ਕੇ ਦਿਲ ਬੜਾ ਪ੍ਰਸੰਨ ਹੋਇਆ। ਆਸਣ ਲਗਾ ਕੇ ਤਪ ਕਰਨਾ ਆਰੰਭ ਕਰ ਦਿਤਾ। ਪਿਛਲੀ ਰਾਤ ਉਠ ਕੇ ਸਮਾਧੀ ਵਿਚ ਲੀਨ ਹੋ ਜਾਂਦੇ। ਸਵੇਰੇ ਸਤ ਵਜੇ ਤੋਂ ਬਾਅਦ ਪੂਰੀ ਭਗਵਤ ਗੀਤਾ, ਤੇ ਸੁਖਮਨੀ ਆਦ ਗੁਰਬਾਣੀ ਦਾ ਪਾਠ ਜ਼ੁਬਾਨੀ ਕਰਦੇ। ਫਿਰ ਦਸ ਹਜ਼ਾਰ ਓਅੰਕਾਰ ਦਾ ਜਾਪ ਕਰ ਕੇ ਮਧੂਕਰੀ ਲੈਣ ਚਲੇ ਜਾਇਆ ਕਰਦੇ। ਪਿਛਲੇ ਪਹਿਰ ਫਿਰ ਸਮਾਧੀ ਵਿਚ ਲੀਨ ਹੋਕੇ ਭਜਨ ਬ੍ਰਿਤੀ ਵਿਚ ਹੀ ਵਿਸ਼ੇਸ਼ ਸਮਾਂ ਗੁਜ਼ਾਰਦੇ। ਥੋੜੇ ਦਿਨਾਂ ਵਿਚ ਹੀ ਆਪ ਦੀ ਫਕੀਰੀ ਦੀ ਪ੍ਰਭਤਾ ਸਾਰੇ ਇਲਾਕੇ ਵਿਚ ਫੈਲ ਗਈ, ਦਰਸ਼ਨ ਅਭਿਲਾਸ਼ੀ ਦੂਰੋਂ ਦੂਰੋਂ ਆਉਣ ਲਗ ਪਏ, ਸਤਿਸੰਗ ਦਾ ਪ੍ਰਵਾਹ ਚਲ ਪਿਆ। ਜਨਮ ਸਾਖੀ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਦਭੁਤ ਕਥਾ ਸੁਣ ਕੇ ਪੂਰਬੀਏ ਲੋਕ ਬੜੇ ਪ੍ਰਸੰਨ ਹੋਇਆ ਕਰਦੇ।

ਸਮਾਂ ਪਾਕੇ ਅਸਥਾਨ ਬਣ ਗਿਆ ਤੇ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦਾ ਪ੍ਰਕਾਸ਼ ਕਰ ਦਿਤਾ। ਆਏ ਗਏ ਨੂੰ ਗੁਰਬਾਣੀ ਦਾ ਮਹੱਤਵ ਦਸ ਕੇ ਕਈਆਂ ਨੂੰ ਗੁਰੂ ਘਰ ਦਾ ਸੇਵਕ ਬਣਾਇਆ।

ਸੁ ਇਸ ਤਰ੍ਹਾਂ ਦੇ ਆਪ ਮਹਾਨ ਪੁਰਸ਼ ਹੋਏ ਹਨ, ਆਪ ਦੇ ਸ਼ਿਸ਼ ਸੰਤ ਭੂਮਨ ਸਿੰਘ ਜੀ (ਅਵਧੂਤ), ਪੰਡਿਤ ਈਸ਼ਰ ਸਿੰਘ ਜੀ ਵਿਆਕਰਨੀ, ਸ੍ਰੀ ਸੰਤ ਪਰੇਮ ਸਿੰਘ ਜੀ ਵਿਰਕਤ ਆਦ ਕਈ ਸਾਧੂ ਹੋਏ। ਜਿਹੜੇ ਆਪ ਦੇ ਉਦੇਸ਼ ਅਨੁਸਾਰ ਦੇਸ਼ ਪ੍ਰਦੇਸ਼ ਵਿਚ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ। ਅਖੀਰ ਇਸ ਅਸਥਾਨ ਦੀ ਸੇਵਾ ਆਪਣੇ ਸ਼ਿਸ਼ ਸ੍ਰੀ ਸੰਤ ਸੋਹੰ ਸਿੰਘ ਜੀ ਨੂੰ ਦੇ ਕੇ ਆਪ ਕਤਕ ਸੁਦੀ ਸਪਤਮੀ ਸੰਮਤ ੧੯੭੧ ਨੂੰ ਸੌ ਸਾਲ ਤੋਂ ਉਪਰ ਆਯੂ ਭੋਗ ਕੇ ਗੁਰਪੁਰੀ ਸਿਧਾਰ ਗਏ। ਪਿਛੋ ਸ੍ਰੀ ਸੰਤ ਸੋਹੰ ਸਿੰਘ ਜੀ ੧੫–੧੬ ਵਰ੍ਹੇ ਇਥੇ ਰਹੇ। ਫਿਰ ਪ੍ਰਯਾਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦਵਾਰੇ ਕਈ ਵਰ੍ਹੇ ਸੇਵਾ ਕਰਦੇ ਰਹੇ, ਸੰਮਤ ੧੯੯੨ ਦੀ ਅਰਧ ਕੁੰਭੀ ਪੁਰ ਝੂਸੀ ਵਾਲਾ ਅਸਥਾਨ ਨਿਰਮਲ ਅਖਾੜੇ ਦੇ ਹਵਾਲੇ ਕਰ ਦਿਤਾ।

ਪਿਛੋਂ ਆਪ ਮੁਰਾਦਾਬਾਦ ਰਹਿੰਦੇ ਰਹੇ। ਛੋਟੇ ਅਸਟੇਸ਼ਨ ਦੇ ਪਾਸ ਵਡਾ ਸੁੰਦਰ ਅਸਥਾਨ ਬਣਾਇਆ। ਸਤਿਸੰਗ ਦਾ ਪਰਚਾ ਸਦਾ ਜਾਰੀ ਰਖਦੇ ਸਨ। ਆਏ ਗਏ ਸਾਧੂ ਅਭਿਆਗਤ ਦੀ ਸੇਵਾ ਚੰਗੀ ਕਰਦੇ ਸਨ। ਬੜੇ ਪੁਰਸ਼ਾਰਥੀ ਸਰੀਰ ਸਨ। ਆਪ ਗੁਜ਼ਰ ਚੁਕੇ ਹਨ।

# ਡੇਰਾ ਮੁਰਾਦਾਬਾਦ

## ਮਹੰਤ ਆਤਮਾ ਸਿੰਘ ਜੀ

ਪਿਛੋਂ ਆਪ ਕਈ ਵਰ੍ਹੇ ਅਸਥਾਨਾ ਪਤੀ ਰਹੇ ਆਏ ਗਏ ਦੀ ਸੇਵਾ ਕਰਦੇ ਰਹੇ। ਹਸਮੁਖੇ ਸਰੀਰ ਸਨ। ਗੁਰਪੁਰੀ ਸਿਧਾਰ ਗਏ ਹਨ।

# ਕੁਟੀਆ ਨਿਰਮਲ ਕੇ

## ਪੰਡਿਤ ਈਸ਼ਰ ਸਿੰਘ ਜੀ ਵਿਆਕਰਣੀ

ਆਪ ਦਾ ਜਨਮ ਜ਼ਿਲਾ ਸਿਆਲਕੋਟ ਵਿਚ ਹੋਇਆ। ੧੭-੧੮ ਸਾਲ ਦੀ ਉਮਰ ਵਿਚ ਕਿਸੇ ਨਾਲ ਪ੍ਰਯਾਗ ਰਾਜ ਯਾਤਰਾ ਕਰਨ ਲਈ ਗਏ। ਝੂਸੀ ਪ੍ਰਯਾਗ ਰਾਜ ਵਾਲੇ ਯੋਗੀ ਰਾਜ ਸ੍ਰੀ ਸੰਤ ਨਿਹਾਲ ਸਿੰਘ ਜੀ ਦਾ ਮੇਲ ਹੋ ਗਿਆ। ਆਤਮ ਸਿਖਿਆ ਲਿਤੀ। ਉਧਰ ਹੀ ਸਾਧੂ ਹੋ ਗਏ। ਪੜ੍ਹਦੇ ਨਾਲ ਸੇਵਾ ਕਰਦੇ ਰਹੇ। ਇਕ ਦਿਨ ਮਧੂਕਰੀ ਮੰਗਣ ਗਏ। ਰਸਤੇ ਵਿਚ ਕਿਸੇ ਮਾਈ ਨੇ ਆਪ ਨੂੰ ਤੱਕ ਕੇ ਕਿਹਾ ਕਿ ਸੰਤ ਜੀ ਜੇ ਤੁਸੀਂ ਚਾਹੋ ਤਾਂ ਅੱਡੀ ਮਾਰ ਕੇ ਜ਼ਮੀਨ ਵਿਚੋਂ ਪਾਣੀ ਖਿਚ ਲਿਆਓ। ਇਸ ਤਰ੍ਹਾਂ ਸਰੀਰ ਹੁੰਦਿਆਂ ਸੁੰਦਿਆਂ ਮੰਗਦੇ ਫਿਰਦੇ ਹੋ। ਦਿਲ ਵਿਚ ਚੋਟ ਲਗੀ। ਦੂਜੇ ਦਿਨ ਹੀ ਆਗਿਆ ਲੈ ਕੇ ਪੜ੍ਹਨ ਲਈ ਕਾਂਸ਼ੀ ਚਲੇ ਗਏ ੧੪-੧੫ ਸਾਲ ਪੜ੍ਹਕੇ ਪੂਰਨ ਵਿਦਵਾਨ ਹੋਏ।

ਬਾਅਦ ਕਈ ਸਾਲ ਮੰਡਲੀ ਫੇਰਦੇ ਰਹੇ, ਭੇਖ ਵਿਚ ਜਸ ਪਾਇਆ। ਚੰਗਾ ਪ੍ਰਤਾਪ ਵਧਿਆ। ਕਈ ਸਿਖ ਸੇਵਕ ਆਣ ਹੋਏ। ਲੰਡਿਆਂ ਵਾਲੇ, ਨਿਰਮਲ ਕੇ, ਜ਼ਿਲਾ ਲਾਹੌਰ ਵਿਚ ਕੁਟੀਆਂ ਬਣਾਈਆਂ। ਸਾਰੇ ਇਲਾਕੇ ਵਿਚ ਗੁਰੂ ਘਰ ਦਾ ਚੰਗਾ ਪ੍ਰਚਾਰ ਕੀਤਾ। ਆਪ ਚੰਗੇ ਦੀਦਾਰੀ ਭਜਨੀਕ ਪੁਰਸ਼ ਹੋਏ ਹਨ। ਅੰਤ ਆਪਣੇ ਚੇਲੇ ਸੰਤ ਆਤਮਾ ਸਿੰਘ ਜੀ, ਸੰਤ ਹਰੀ ਸਿੰਘ ਜੀ ਨੂੰ ਕੁਟੀਆ ਦਾ ਪ੍ਰਬੰਧ ਦੇ ਕੇ ੯੦ ਸਾਲ ਦੀ ਉਮਰ ਵਿਚ ਸੰਮਤ ੧੯੭੭ ਹਾੜ ਦੀ ੩ ਨੂੰ ਆਪ ਸਮਾਏ।

## ਸ੍ਰੀ ਸੰਤ ਹਰੀ ਸਿੰਘ ਜੀ

ਆਪ ਦਾ ਜਨਮ ਇਸੇ ਪਿੰਡ ਦਾ ਹੈ। ਸੰਤਾਂ ਪਿਛੋਂ ਆਪ ਹੀ ਕੁਟੀਆ ਵਿਚ ਨਿਵਾਸ ਰਖਦੇ ਹਨ। ਸਾਧੂ ਹਛੇ ਤਿਆਰ ਬਰ ਤਿਆਰ ਹਨ।

# ਡੇਰਾ ਚਕ ਬਜਾਜ

## ਸੰਤ ਆਤਮਾ ਸਿੰਘ ਜੀ

ਚੇਲੇ ਪੰਡਿਤ ਈਸ਼ਰ ਸਿੰਘ ਜੀ, ਜਨਮ ਪਿੰਡ, ਜਸੀ ਬਾਗ ਵਾਲੀ, ਰਿਆਸਤ ਪਟਿਆਲਾ ਵਿਚ ਹੈ। ਆਪ ਪਹਿਲਾਂ ਸ਼ਾਦੀ ਸ਼ੁਦਾ ਸਨ। ਕਿਸੇ ਖਾਸ ਕਾਰਨ ਕਰ ਕੇ ਘਰੋਂ ਨਿਕਲ ਪਿੰਡ ਲੁੰਡਿਆਂ ਵਾਲੀ ਜ਼ਿਲਾ ਲਾਹੌਰ ਵਿਚ ਅਪਣੇ ਸੰਤਾਂ ਨੂੰ

ਆ ਮਿਲੇ। ਸੇਵਾ ਸਤਿਸੰਗ ਕਰਦਿਆਂ ਸੰਸਾਰ ਵਲੋਂ ਬਿਲਕੁਲ ਉਪ੍ਰਾਮ ਹੋ ਗਏ। ਕੁਝ ਚਿਰ ਸੰਤਾਂ ਨਾਲ ਹੀ ਭ੍ਰਮਣ ਕਰਦੇ ਰਹੇ ਬਾਅਦ ਅਲਗ ਹੋ ਕੇ ਵਿਚਰਦੇ ਰਹੇ। ਫਿਰਦੇ ਤੁਰਦੇ ਪਾਕ-ਪਟਨ ਦੇ ਇਲਾਕੇ ਚਕ ਬਜਾਜ ਵਿਚ ਆਏ, ਜਿਥੇ ਸਤਿ-ਸੰਗੀਆਂ ਦੇ ਪ੍ਰੇਮ ਨਾਲ ਦਿਲ ਪਰਚ ਗਿਆ। ਰਹਿਣ ਲਗ ਪਏ। ਸੰਮਤ ੧੯੭੨ ਦੇ ਕਰੀਬ ਕਈ ਕੁਟੀਆ ਪੁਵਾਈਆਂ। ਸੰਮਤ ੧੯੮੫ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਖਾਸਾ ਰੁਪਿਆ ਲਗਾ ਕੇ ਇਕ ਵਡਾ ਕਮਰਾ ਬਣਵਾਇਆ। ਇਕ ਪੱਕੀ ਗੁਫਾ ਅਲਗ ਤਿਆਰ ਕਰਵਾਈ। ਪੱਕੀ ਡੇਓੜੀ, ਚੁਬਾਰੇ ਆਦ, ਹੋਰ ਕਈ ਚੀਜ਼ਾਂ ਬਣਾ ਕੇ ਡੇਰੇ ਨੂੰ ਸੋਹਣੀ ਸ਼ਕਲ ਵਿਚ ਲਿਆਂਦਾ। ਸਤਿ ਸੰਗ ਦਾ ਪ੍ਰਵਾਹ ਜਾਰੀ ਕੀਤਾ। ਦੋਵੇਂ ਵੇਲੇ ਲੰਗਰ ਜਾਰੀ ਕੀਤਾ। ਇਸ ਤਰ੍ਹਾਂ ਆਪ ਨੇ ਚੰਗੀ ਡੇਰੇ ਦੀ ਰਹੁ ਰੀਤੀ ਕਾਇਮ ਕੀਤੀ ੧੦-੧੫ ਸਰੀਰ ਕੋਲ ਬਣੇ ਰਹਿੰਦੇ ਸਨ। ਪ੍ਰਤਾਪ ਚੰਗਾ, ਸਿਖੀ ਸੇਵਕੀ ਮੰਨਦੀ ਸੀ। ਆਪ ਦੇ ਚੇਲੇ ਸੰਤ ਇੰਦਰ ਸਿੰਘ ਸੰਤ ਭਰਪੂਰ ਸਿੰਘ ਜੀ ਸੰਤ ਨਿਰਵੈਰ ਸਿੰਘ ਸੰਤ ਕਰਤਾਰ ਸਿੰਘ ਸੰਤ ਦੀਵਾਨ ਸਿੰਘ ਜੀ ਆਦ ਹਨ। ਪਾਸ ਰਹਿੰਦੇ ਸੇਵਾ ਕਰਦੇ ਰਹੇ।

## ਸੰਤ ਇੰਦਰ ਸਿੰਘ ਜੀ

ਆਪ ਦਾ ਜਨਮ ਕਾਦਰਾ ਵਾਦ, ਤਸੀਲ ਦਿਪਾਲ ਪੁਰ ਜ਼ਿਲਾ ਮਿੰਟਗੁਮਰੀ ਦਾ ਹੈ। ਆਪ ਸ਼ਾਦੀ ਸ਼ੁਦਾ ਸਨ। ਸੰਮਤ ੧੯੭੫ ਵਿਚ ਸੰਤਾਂ ਦੀ ਸ਼ਰਨ ਵਿਚ ਆਏ। ਆਪ ਗੁਰੂ ਘਰ

ਤੇ ਵਿਦਾਂਤ ਦੇ ਗ੍ਰੰਥਾਂ ਦੇ ਚੰਗੇ ਜਾਣੂ, ਮਿਲਣ ਸਾਰ ਤੇ ਹਰ ਤਰ੍ਹਾਂ ਕਰ ਕੇ ਸਿਆਣੇ ਸਾਧੂ ਸਨ।

ਆਪ ਦੇ ਚੇਲੇ ਸੰਤ ਅਮਰ ਸਿੰਘ ਜੀ ਚਾਕਰ ਸਿਖ ਮਿਸ਼ਨਰੀ ਤੇ ਸੰਤ ਬਲਵੰਤ ਸਿੰਘ ਜੀ ਵਿਰਕਤ, ਆਦ ਹਨ।

## ਕੁਟੀਆ ਕੁਮਾਰੀ ਵਾਲਾ
## ਸੰਤ ਮਹਿਤਾਬ ਸਿੰਘ ਜੀ

ਜਨਮ ਇਥੋਂ ਦਾ, ਬੜੇ ਸਰਲ ਸੁਭਾਵ ਵਾਲੇ ਸਾਧੂ ਹੋਏ ਹਨ। ਪਹਿਲਾਂ ਪੰਡਿਤ ਕਾਲਾ ਸਿੰਘ ਜੀ ਦੀ ਮੰਡਲੀ ਨਾਲ ਪੜ੍ਹਦੇ ਰਹੇ, ਫਿਰ ਸੰਮਤ ੧੯੬੪-੬੫ ਵਿਚ ਅਪਣੇ ਨਗਰ ਅਪਣੀ ਜ਼ਮੀਨ ਵਿਚ ਹੀ ਕੁਟੀਆ ਪਾ ਕੇ ਭਜਨ ਪਾਠ ਦਾ ਆਨੰਦ ਲੈਂਦੇ ਰਹੇ। ਚੰਗੇ ਉਦਾਰ ਮਹਾਤਮਾ ਸਾਧੂ ਸਨ। ਚੇਲਾ ਕੋਈ ਨਹੀਂ ਸੀ। ਦੋ ਸੌ ਘੁਮਾਂ ਜ਼ਮੀਨ ਵੇਚ ਕੇ ਸਾਧ ਸੰਗਤ ਦੇ ਅਰਥ ਲਗਾ ਗਏ। ਹੁਣ ੨੩ ਘੁਮਾ ਜ਼ਮੀਨ ਹੈ। ਜਿਸ ਦੀ ਵਸੀਅਤ ਬਜਾਜਾਂ ਵਾਲੇ ਸੰਤ ਆਤਮਾ ਸਿੰਘ ਜੀ ਦੇ ਨਾਂ ਕਰਾ ਕੇ ਆਪ ਸੰਮਤ ੧੯੯੨ ਜੇਠ ਵਿਚ ਸਮਾ ਗਏ ਹਨ। ਪਿਛੇ ਗ੍ਰਿਸਥੀ ਮੁਕਦਮਾ ਛੇੜੀ ਬੈਠੇ ਹਨ।

## ਸੰਤ ਬਾਬਾ ਹਮੀਰ ਸਿੰਘ ਜੀ

(ਖਾਰਾ ਬਨਾਲਾ, ਰਿ: ਪਟਿਆਲਾ)

ਆਪ ਮਹਾਰਾਜ ਸੰਤ ਸੇਵਾ ਸਿੰਘ ਜੀ ਦੇ ਉਪਦੇਸ਼ੀ ਹੋਏ ਹਨ। ਸੰਮਤ ੧੯੦੦ ਤੋਂ ੧੯੬੪ ਤਕ ਆਪ ਦੀ ਹੋਂਦ

ਮਿਲਦੀ ਹੈ। ਜਨਮ ਸੋਢੀ ਖਾਨਦਾਨ ਵਿਚ ਹੋਇਆ। ਆਪ ਬੜੇ ਉਚ ਕਰਨੀ ਵਾਲੇ ਮਹਾਂ ਪੁਰਸ਼ ਹੋਏ ਹਨ। ਮਾਲਵੇ ਦੇਸ਼ ਦੀ ਯਾਤ੍ਰਾ ਕਰਦਿਆਂ ਹੋਇਆਂ ਪਿੰਡ ਦੇ ਬਾਹਰ ਵਾਰ ਜੰਗਲ ਵਿਚ ਆ ਬਿਰਾਜੇ। ਇਹ ਪਿੰਡ ਕਈ ਵੇਰਾਂ ਪਹਿਲਾਂ ਵਸ ਕੇ ਉਜੜ ਚੁਕਾ ਸੀ। ਲੋਗਾਂ ਜਦ ਇਹ ਗੱਲ ਸੁਣਾਈ ਤਾਂ ਆਪ ਨੇ ਵਰ ਦਿਤਾ, ਕਿ ਹੁਣ ਨਹੀਂ ਉਜੜੇਗਾ। ਬਲਕਿ ਆਪ ਨੇ ਭੀ ਰਹਿਣ ਲਈ ਇਕ ਝੁਗੀ ਪਾ ਲਿਤੀ, ਜੋ ਦਿਨ ਪਾ ਕੇ ਡੇਰੇ ਦੀ ਸ਼ਕਲ ਵਿਚ ਅਸਥਾਨ ਬਣ ਗਿਆ। ਆਪ ਦੇ ਸ਼ੁਧ ਸੰਕਲਪ ਅਨੁਸਾਰ ਪਿੰਡ ਵਸ ਗਿਆ। ਪਹਿਲਾ ਨਾਮ ਬਨਾਵਾਲਾ ਸੀ, ਸਮਾ ਪਾ ਕੇ ਬਨਾਲਾ ਪ੍ਰਸਿੱਧ ਹੋ ਗਿਆ ਸਰਕਾਰੀ ਕਾਗਜ਼ਾਂ ਵਿਚ ਅਜ ਤਕ ਦਰਜ ਹੈ, ਕਿ ਇਹ ਗ੍ਰਾਮ ਬਾਬਾ ਹਮੀਰ ਸਿੰਘ ਸੋਢੀ ਜੀ ਦੇ ਉਦਮ ਨਾਲ ਆਬਾਦ ਹੋਇਆ ਸੀ।

ਆਪ ਭਜਨ ਦੇ ਪ੍ਰਤਾਪ ਨਾਲ ਇਤਨੇ ਪ੍ਰਸਿੱਧ ਹੋਏ, ਜੁ ਮਹਾਰਾਜਾ ਅਮਰ ਸਿੰਘ ਪਟਿਆਲਾ ਤੇ ਮਹਾਰਾਜਾ ਸਾਹਿਬ ਗਜਪਤ ਸਿੰਘ ਰਿਆਸਤ ਜੀਂਦ ਤਕ ਦਰਸ਼ਨ ਲਈ ਆਏ। ਸੇਵਾ ਪੁਛੀ ਤਾਂ ਆਪ ਨੇ ਬੇ-ਪ੍ਰਵਾਹੀ ਵਿਚ ਕੁਝ ਨਾ ਅੰਗੀਕਾਰ ਕੀਤਾ। ਆਪ ਨੂੰ ਅਕਸਰ ਕਰ ਕੇ ਇਹ ਖਿਆਲ ਰਹਿੰਦਾ ਹੁੰਦਾ ਸੀ ਕਿ ਸਾਨੂੰ ਲੋਗ ਮਹਾਤਮਾ ਕਰ ਕੇ ਮੰਨਦੇ ਹਨ। ਇਸ ਵਾਸਤੇ ਸਾਡੀ ਮੌਜੂਦਗੀ ਵਿਚ ਕੋਈ ਅਜਿਹਾ ਕਰਮ ਪਿੰਡ ਵਿਚ ਨਾ ਹੋਣਾ ਪਾਏ। ਜਿਸ ਕਰ ਕੇ ਪਿੰਡ ਦੀ ਬਦਨਾਮੀ ਨਾਲ ਅਪਣੇ ਫਕੀਰੀ ਲਿਬਾਸ ਉਤੇ ਕਿਸੇ ਤਰ੍ਹਾਂ ਦਾ ਕੋਈ ਧੱਬਾ ਲਗੇ

ਇਸ ਵਾਸਤੇ ਸਭ ਨੂੰ ਸਤਿਸੰਗ, ਨਾਮ, ਦਾਨ ਦਾ ਉਪਦੇਸ਼ ਦੇਂਦੇ ਰਹਿੰਦੇ ਸਨ ਤੇ ਮੰਦ ਕਰਮਾਂ ਵਲੋਂ ਹਟਾਣ ਲਈ ਭੈ ਜਨਕ ਉਪਦੇਸ਼ ਸੁਣਾਉਂਦੇ ਰਹਿੰਦੇ ਸਨ। ਲੋਗ ਭੀ ਆਪ ਦੀ ਆਗਿਆ ਅਨੁਸਾਰ ਸ਼ੁਭ ਕਰਮਾਂ ਵਿਚ ਪ੍ਰਵਿਰਤੀ ਰਖਦੇ ਹੋਏ ਆਨੰਦ ਪੂਰਵਕ ਸਮਾਂ ਬਿਤੀਤ ਕਰਦੇ ਸਨ।

ਸੰਤ ਜੀਵਾ ਸਿੰਘ ਜੀ, ਸੰਤ ਗੁਲਾਬ ਸਿੰਘ ਜੀ ਆਦ ਆਪ ਦੇ ਕਈ ਸ਼ਿਸ਼ ਸਨ। ਅੰਤ ਇਨ੍ਹਾਂ ਨੂੰ ਹੀ ਆਪਣਾ ਉਤ੍ਰਾਧਿਕਾਰੀ ਨਿਯਤ ਕਰ ਕੇ ਗੁਰਪੁਰੀ ਸਿਧਾਰੇ। ਪਿਛੋਂ ਸੰਤ ਜੀਵਾ ਸਿੰਘ ਜੀ ਨੇ ਆਪ ਦੀ ਸਮਾਧ ਬਣਾਈ, ਜੋ ਹੁਣ ਤਕ ਪੂਜੀ ਜਾ ਰਹੀ ਹੈ।

## ਮਹੰਤ ਜੀਵਾ ਸਿੰਘ ਜੀ

ਆਪ ਦਾ ਜਨਮ ਰਿ: ਪੁਣਛ ਕਸ਼ਮੀਰ ਬ੍ਰਾਹਮਣ ਖਾਨਦਾਨ ਵਿਚੋਂ ਹੋਇਆ। ਤੀਰਥ ਯਾਤ੍ਰਾ ਕਰਦੇ ਹੋਏ ਸ੍ਰੀ ਦਮਦਮੇ ਸਾਹਿਬ ਆਏ, ਸੰਤਾਂ ਦੀ ਮਹਿਮਾ ਸੁਣ ਕੇ ਦਰਸ਼ਨ ਲਈ ਇਥੇ ਪਹੁੰਚੇ, ਦਰਸ਼ਨ ਕਰ ਕੇ ਅਜਿਹੇ ਨਿਹਾਲ ਹੋਏ, ਜੋ ਕਿਤੇ ਜਾਣ ਜੋਗੇ ਨਾ ਰਹੇ। ਸੇਵਾ ਕਰਨੀ ਆਰੰਭ ਕਰ ਦਿਤੀ, ਨਾਲ ਪੜ੍ਹਦੇ ਰਹੇ। ਦਿਲੀ ਪਿਆਰ ਨਾਲ ਇਸ ਤਰ੍ਹਾਂ ਸੇਵਾ ਕੀਤੀ, ਜੋ ਸੰਤਾਂ ਪ੍ਰਸੰਨ ਹੋ ਕੇ ਆਪ ਨੂੰ ਅਪਣਾ ਉਤ੍ਰਧਿਕਾਰੀ ਨਿਯੱਤ ਕਰ ਦਿਤਾ। ਬਾਅਦ ਆਪ ਨੇ ਅਸਥਾਨ ਦੀ ਬੜੀ ਤਰੱਕੀ ਕੀਤੀ, ਖੂਹ ਲੁਵਾਇਆ, ਇਮਾਰਤਾਂ ਬਣਵਾਈਆਂ, ਮਕਾਨ ਨੂੰ ਚੰਗੀ ਸ਼ਕਲ ਵਿਚ ਲਿਆਂਦਾ। ਆਪ ਦੀ ਮੌਜੂਦਗੀ

ਵਿਚ ਬੇਅੰਤ ਸਾਧੂ ਪਠਨ ਪਾਠਨ ਵਿਚ ਲਗੇ ਰਹਿੰਦੇ ਅਤੇ ਸਿਖਾਂ ਸੇਵਕਾਂ ਦੀ ਆਵਾਜਾਈ ਰਹਿੰਦੀ। ਵਡੇ ਸੰਤਾਂ ਵਾਂਗ ਆਪ ਦਾ ਵੀ ਭਾਰੀ ਤਪੁ ਤੇਜ ਵਧਿਆ। ਜੁ ਮਹਾਰਾਜਿਆਂ ਤਕ ਆਪ ਦੇ ਦਰਸ਼ਨਾਂ ਨੂੰ ਆਉਂਦੇ ਰਹੇ। ਇਕ ਵੇਰਾਂ ਰਾਜਾ ਉਦੇ ਸਿੰਘ ਕੈਂਥਲ ਤੇ ਸਰਕਾਰ ਜੀਂਦ ਆਏ, ਬੜੀ ਭੇਟਾ ਕੀਤੀ। ਜਿਸ ਨੂੰ ਸਵੀਕਾਰ ਕਰ ਕੇ ਅਸਥਾਨ ਨੂੰ ਵਸੀਹ ਦਾਇਰੇ ਵਿਚ ਤਿਆਰ ਕੀਤਾ। ਆਪ ਦੇ ਚੇਲੇ ਸੰਤ ਬੁਲਾਕਾ ਸਿੰਘ ਜੀ, ਸੰਤ ਨਥਾ ਸਿੰਘ ਜੀ ਆਦ ਕਈ ਸਨ। ਅੰਤ ਸੰਤ ਬੁਲਾਕਾ ਸਿੰਘ ਜੀ ਨੂੰ ਮਹੰਤ ਥਾਪ ਕੇ ਆਪ ਗੁਰਪੁਰੀ ਸਿਧਾਰ ਗਏ।

## ਮਹੰਤ ਬੁਲਾਕਾ ਸਿੰਘ ਜੀ

ਆਪ ਦਾ ਜਨਮ, ਪਿੰਡ ਝੰਡਾ ਰਿ: ਪਟਿਆਲਾ ਵਿਚ ਹੋਇਆ। ਆਪ ਭੀ ਸਾਧ ਸੰਗਤ ਦੀ ਸੇਵਾ ਤੇ ਭਜਨ ਦੇ ਪ੍ਰਤਾਪ ਨਾਲ ਚੰਗੀ ਕਰਨੀ ਵਾਲੇ ਮਹਾਂ ਪੁਰਸ਼ ਪ੍ਰਸਿੱਧ ਹੋਏ ਸਨ। ਰਾਗ ਦੇ ਜਾਣੂ ਹੋਣ ਕਰ ਕੇ ਆਨੰਦ ਮਈ ਕੀਰਤਨ ਕਰਦੇ ਹੁੰਦੇ ਸਨ। ਰਾਜ ਦਰਬਾਰ ਵਿਚ ਬੁਲਾਏ ਜਾਂਦੇ ਰਹੇ ਹਨ। ਆਪ ਦੇ ਹਥਾਂ ਦਾ ਸਾਜ਼ ਇਕ ਸਿਰੰਦਾ ਮਹੰਤ ਲਾਲ ਸਿੰਘ ਜੀ ਨੇ ਆਪ ਦੀ ਯਾਦਗਾਰ ਵਜੋਂ ਇਸ ਵੇਲੇ ਤਕ ਡੇਰੇ ਸੰਭਾਲ ਕੇ ਰਖਿਆ ਹੋਇਆ ਹੈ।

ਆਪ ਨੇ ਡੇਰੇ ਤੋਂ ਇਲਾਵਾ ਹੋਰ ਭੀ ਜ਼ਮੀਨ ਪੈਦਾ ਕੀਤੀ। ਡੇਰੇ ਨੂੰ ਚੜ੍ਹਦੀਆਂ ਕਲਾਂ ਵਿਚ ਲਿਆਂਦਾ। ਆਪ ਦੇ ਵੇਲੇ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਬਜ਼ੁਰਗਾਂ ਦੀ ਸਮਾਧਾਂ

ਤੇ ਕੜਾਹ ਪ੍ਰਸ਼ਾਦ ਚੜ੍ਹਾਇਆ। ਹੋਰ ਸੇਵਾ ਪੁਛੀ ਤਾਂ ਆਪ ਨੇ ਸੰਤੋਸ਼ ਹੀ ਪ੍ਰਗਟ ਕੀਤਾ। ਆਪ ਦੇ ਚੇਲੇ ਸੰਤ ਹੀਰਾ ਸਿੰਘ ਸੰਤ ਬਦਨ ਸਿੰਘ ਜੀ ਆਦਕ ਸਨ। ਸੰਮਤ ੧੯੨੫ ਵਿਚ ਸੰਤ ਬਦਨ ਸਿੰਘ ਨੂੰ ਆਪ ਨੇ ਅਪਣੀ ਹਥੀਂ ਮਹੰਤੀ ਦਿਤੀ। ਅਖੀਰ ੧੧੭ ਸਾਲ ਦੀ ਆਯੂ ਵਿਚ ਡੇਰੇ ਨੂੰ ਹਰਿਆ ਭਰਿਆ ਛਡ ਕੇ ਸੰਮਤ ੧੯੩੨ ਵਿਚ ਆਪ ਪ੍ਰਲੋਕ ਗਮਨ ਹੋ ਗਏ।

## ਮਹੰਤ ਬਦਨ ਸਿੰਘ ਜੀ

ਆਪ ਦਾ ਜਨਮ ਇਸੇ ਪਿੰਡ ਸੰਮਤ ੧੯੮੦ ਬਿਕ੍ਰਮੀ ਵਿਚ ਹੋਇਆ। ਪੰਜ ਸਾਲ ਦੀ ਉਮਰ ਵਿਚ ਮਾਤਾ ਨਿਕਲੀ ਜਿਸ ਕਰਕੇ ਨੇਤ੍ਰ ਜਾਂਦੇ ਰਹੇ। ਦਸ ਸਾਲ ਦੀ ਉਮਰ ਵਿਚ ਮਾਤਾ ਪਿਤਾ ਡੇਰੇ ਚੜ੍ਹਾ ਗਏ। ਸੇਵਾ ਕਰਦੇ ਨਾਲ ਗੁਰਬਾਣੀ ਕੰਠ ਕਰਦੇ ਰਹੇ। ਹੋਰ ਸਿਰੰਦੇ ਨਾਲ ਕੀਰਤਨ ਕਰਨਾ ਸੰਤਾਂ ਪਾਸੋਂ ਸਿਖਦੇ ਰਹੇ। ਕਈ ਵਰ੍ਹੇ ਅਭਿਆਸ ਕਰਨ ਤੋਂ ਬਾਅਦ ਆਪ ਚੰਗੇ ਸੁਚੇਤ ਹੋ ਗਏ। ਡੇਰੇ ਦੇ ਹਰ ਕਾਰ ਵਿਹਾਰ ਵਿਚ ਭੀ ਦਖਲ ਦੇਣ ਲਗ ਪਏ। ਸੰਮਤ ੧੯੩੨ ਵਿਚ ਆਪ ਮਹੰਤ ਹੋਏ। ਆਪ ਅੰਨ ਬਸਤਰ ਕਿਸੇ ਨੂੰ ਦੇਂਦਿਆਂ ਕਦੇ ਮਥੇ ਤੇ ਵਟ ਨਹੀਂ ਪਾਇਆ ਕਰਦੇ। ਬਲਕਿ ਜ਼ਿਆਦਾ ਚੁਪ ਕੋਲੋਂ ਕੰਮ ਲੈਂਦੇ ਰਹੇ। ਜਿਸ ਕਰਕੇ ਆਪਦਾ ਨਾਮ ਭੀ ਮੋਨੀ ਬਾਵਾ ਕਰਕੇ ਪ੍ਰਸਿਧ ਰਿਹਾ। ਆਪ ਦੇ ਹੋਰ ਭੀ ਚੇਲੇ ਸਨ। ਪਰ ਸੰਮਤ ੧੯੭੭ ਸਾਵਣ ਦੇ ਦਿਨਾਂ ਵਿਚ ਆਪਣੇ ਚੇਲੇ ਮਹੰਤ ਲਾਲ ਸਿੰਘ (ਸਕੱਤ੍ਰ ਨਿਰਮਲ ਅਖਾੜਾ ਕਨਖਲ) ਜੀ ਨੂੰ ਉਚੇਰਾ

ਕਨਖਲੋਂ ਬੁਲਾਕੇ ਆਪਣੀ ਹਥੀਂ ਮਹੰਤੀ ਦਿਤੀ, ਬਾਅਦ ਦੋ ਤਿੰਨ ਮਹੀਨੇ ਸਰੀਰ ਰਿਹਾ। ਅੰਤ ਸੰਮਤ ੧੯੭੭ ਕਤਕ ਵਿਚ ਸਰੀਰ ਤਿਆਗ ਗਏ।

## ਮਹੰਤ ਲਾਲ ਸਿੰਘ ਜੀ

### (ਸਾਬਕ ਸਕੱਤ੍ਰ ਨਿਰਮਲ ਅਖਾੜਾ)

ਆਪ ਦਾ ਜਨਮ ਮਹਾਜ, ਪਤੀ ਸੰਦਲੀ, ਕੌਮ ਬੈਰਾੜ ਸਿਧੂ ਪਟਿਆਲਾ ਵਿਚ ਸੰਮਤ ੧੯੨੯ ਭਾਦਰੋਂ ਵਿਖੇ ਹੋਇਆ ੧੦–੧੨ ਸਾਲ ਦੀ ਉਮਰ ਵਿਚ ਆਪਣੇ ਤਾਇਆ ਜੀ ਨਾਲ ਮਹਾਰਾਜ ਬਾਬਾ ਹਮੀਰ ਸਿੰਘ ਜੀ ਦੀ ਸਮਾਧ ਦੇ ਦਰਸ਼ਨ ਕਰਨ ਲਈ ਆਏ। ਪੜ੍ਹਨ ਲਈ ਇਥੇ ਟਿਕ ਗਏ। ਸੇਵਾ ਕਰਦੇ ਨਾਲ ਪੜ੍ਹਦੇ ਰਹੇ। ਸੰਮਤ ੧੯੪੬ ਕਤਕ ਦੇ ਮਹੀਨੇ ਗੁਰਮੰਤ੍ਰ ਲੈਕੇ ਆਪ ਸਾਧੂ ਹੋ ਗਏ। ਬਾਅਦ ਸੰਤਾਂ ਦੀ ਆਗਿਆ ਨਾਲ ਸੰਮਤ ੧੯੫੦ ਵਿਚ ਪ੍ਰਯਾਗ ਦੇ ਕੁੰਭ ਤੇ ਗਏ। ਉਧਰ ਹੀ ਪੜ੍ਹਨ ਪੜ੍ਹਾਉਣ ਵਿਚ ਕੁਝ ਅਰਸਾ ਪਰਚੇ ਰਹੇ, ਫਿਰ ਛੇਤੀ ਹੀ ਨਿਰਮਲ ਅਖਾੜੇ ਦੇ ਕੰਮਾਂ ਕਾਜਾਂ ਵਲ ਲਗ ਗਏ, ਕੁਠਾਰੀ ਅਤੇ ਮਹੰਤੀ ਦੇ ਔਹੁਦੇ ਪੁਰ ਕੁਝ ਵਰ੍ਹੇ ਟਿਕੇ ਰਹੇ। ਸੰਮਤ ੧੯੭੪ ਵਿਚ ਮੁਕਾਮੀ ਸਕੱਤ੍ਰ ਹੋਏ। ਪਰ ਸਾਲ ਤੋਂ ਬਾਅਦ ਆਪ ਜਨਰਲ ਸਕੱਤ੍ਰ ਨਿਰਮਲ ਅਖਾੜੇ ਦੇ ਨੀਅਤ ਕੀਤੇ ਗਏ।

ਆਏ ਗਏ ਦਾ ਸਤਿਕਾਰ ਕਰਦੇ ਸਨ, ੧੫੦ ਵਿਘੇ ਜ਼ਮੀਨ ਹੈ। ੫੧॥ =) ਮਾਮਲਾ ਭਰਦੇ ਸਨ। ਹੋਰ ਆਪ ਭੇਖ ਪ੍ਰਸਿਧ ਸਨ। ਗੁਫਤ-ਗੂ ਹੱਛੀ ਸੀ। ਸੁਭਾ ਦੇ ਮਿਲਣਸਾਰ,

ਮੁਲਕੀ ਕੰਮਾਂ ਵਿਚ ਦਿਲਚਸਪੀ ਰਖਦੇ ਸਨ। ਆਪ ਦੇ ਚੇਲੇ ਪੰਡਿਤ ਕੇਹਰ ਸਿੰਘ ਜੀ ਵੈਦ, ਸੰਤ ਕਰਮ ਸਿੰਘ ਜੀ, ਸੰਤ ਗੁਰਬਚਨ ਸਿੰਘ ਜੀ ਆਦ ਕਈ ਹਨ। ਇਨ੍ਹਾਂ ਵਿਚੋਂ ਕਿਸੇ ਨੂੰ ਡੇਰਾ ਸੌਂਪ ਕੇ ਆਪ ਇਥੋਂ ਭੀ ਸੁਰਖ਼ਰੂ ਹੋਣਾ ਚਾਹੁੰਦੇ ਸਨ।

## ਪੰਡਿਤ ਕੇਹਰ ਸਿੰਘ ਜੀ

ਚੇਲੇ ਮਹੰਤ ਲਾਲ ਸਿੰਘ ਜੀ। ਜਨਮ ਪਿੰਡ ਸ਼ਾਹਪੁਰ ਰਿਆਸਤ ਪਟਿਆਲਾ ਦਾ ਹੈ। ਸੰਮਤ ੧੯੭੭ ਵਿਚ ਸਾਧੂ ਹੋਏ। ਅੰਮ੍ਰਿਤਸਰ, ਹਰਿਦੁਆਰ, ਕਾਂਸ਼ੀ ਆਦ ਅਸਥਾਨਾਂ ਪੁਰ ਰਹਿਕੇ ਸੰਸਕ੍ਰਿਤ ਦੇ ਪੰਡਿਤ ਤੇ ਗੁਰੂ ਘਰ ਦੇ ਗ੍ਰੰਥਾਂ ਦੇ ਚੰਗੇ ਸਿਆਣੇ ਗਿਆਨੀ ਹੋਏ। ਚਕਿਤਸਾ ਚੰਗੀ ਕਰਦੇ ਸਨ। ਜ਼ਿਆਦਾ ਵਿਚਰਦੇ ਰਹਿੰਦੇ ਸਨ।

## ਸੰਤ ਕਰਮ ਸਿੰਘ ਜੀ

ਪਿਛੋਂ ਮਹੰਤ ਹੋਏ ਜੋ ਆਪਣੇ ਵਲੋਂ ਚੰਗੀ ਨਿਬਾਹ ਗਏ।

# ਡੇਰਾ ਚੀਮੇ

(ਜ਼ਿਲਾ ਲੁਧਿਆਨਾ)

## ਸੰਤ ਗੁਲਾਬ ਸਿੰਘ ਜੀ

ਆਪ ਬਨਾਲੇ ਵਾਲੇ ਮਹਾਰਾਜ ਬਾਬਾ ਹਮੀਰ ਸਿੰਘ ਜੀ ਦੇ ਸ਼ਿਸ਼ ਹੋਏ ਹਨ। ਪਹਿਲੇ ਤੀਰਥ ਯਾਤਰਾ ਕਰਦੇ ਰਹੇ।

ਬਾਅਦ ਚੀਮੇ ਆਣ ਠਹਿਰੇ, ਨਗਰ ਦੇ ਲੋਗ ਪਰੇਮ ਕਰਨ ਲਗ ਪਏ। ਡੇਰਾ ਬਣਾਇਆ। ੪੦–੫੦ ਘੁਮਾ ਜ਼ਮੀਨ ਡੇਰੇ ਨਾਲ ਲੁਵਾਈ। ਅੰਤ ਆਪਣੇ ਸ਼ਿਸ਼ ਸੰਤ ਹਿੰਮਤ ਸਿੰਘ ਜੀ ਨੂੰ ਮਹੰਤੀ ਦੇ ਕੇ ਗੁਰਪੁਰੀ ਸਿਧਾਰੇ, ਪਿਛੋਂ ਮਹੰਤ ਹਿੰਮਤ ਸਿੰਘ ਜੀ ਨੇ ਆਪ ਦੀ ਸਮਾਧ ਬਣਾਈ ਜੋ ਇਸ ਵੇਲੇ ਮੌਜੂਦ ਹੈ। ਫਿਰ ਗੁਰਦਿਤ ਸਿੰਘ ਜੀ ਉਥੇ ਮਹੰਤ ਰਹੇ।

## ਮਹੰਤ ਹਿੰਮਤ ਸਿੰਘ ਜੀ

ਆਪ ਕੁਝ ਚਿਰ ਪਿਛੋਂ ਡੇਰੇ ਰਹੇ। ਬਾਅਦ ਆਪਣੇ ਸ਼ਿਸ਼ ਸੰਤ ਗੁਰਦਿਤ ਸਿੰਘ ਜੀ ਨੂੰ ਮਹੰਤੀ ਦੇ ਕੇ ਜੋਧ ਪੁਰ ਪਿੰਡ ਜਾ ਰਹੇ। ਜਿਥੇ ਆਪ ਨੇ ਇਕ ਉਚੀ ਜਗ੍ਹਾ ਪੁਰ ਡੇਰਾ ਬਣਾਇਆ।

## ਮਹੰਤ ਗੁਰਦਿਤ ਸਿੰਘ ਜੀ

ਆਪਦਾ ਜਨਮ ਜੋਧ ਪੁਰ ਚੀਮਿਆਂ ਦਾ ਸੀ। ਇਕ ਸਾਲ ਤਕ ਆਏ ਗਏ ਮਹਾਤਮਾ ਦੀ ਸੇਵਾ ਕਰਦੇ ਰਹੇ। ਅੰਤ ਆਪਣੇ ਚੇਲੇ ਸੰਤ ਭੋਲਾ ਸਿੰਘ ਜੀ ਨੂੰ ਮਹੰਤੀ ਦੇਕੇ ੬੦ ਸਾਲ ਦੀ ਉਮਰ ਵਿਚ ਗੁਰਪੁਰੀ ਸਿਧਾਰ ਗਏ।

## ਮਹੰਤ ਭੋਲਾ ਸਿੰਘ ਜੀ

ਆਪ ਦਾ ਜਨਮ ਫਤਿਆ ਬਾਦ ਜ਼ਿਲਾ ਹਿਸਾਰ ਦਾ ਹੈ। ਸੰਮਤ ੧੯੫੧ ਵਿਚ ਆਪ ਨੂੰ ਮਹੰਤੀ ਮਿਲੀ। ਕਈ ਸਾਲ ਤੋਂ ਆਈ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਅਸਬਾਨ ਦੀ

ਤਰੱਕੀ ਕੀਤੀ। ਆਪ ਦੇ ਚੇਲੇ ਮਹੰਤ ਤੋਤਾ ਸਿੰਘ ਜੀ ਹਨ ਜਿਨ੍ਹਾਂ ਦੇ ਨਾਮ ਆਪ ਨੇ ਵਸੀਅਤ ਸੰਮਤ ੧੯੯੮ ਵਿਚ ਕਰ ਦਿਤੀ ਹੈ।

## ਮਹੰਤ ਤੋਤਾ ਸਿੰਘ ਜੀ

ਆਪ ਦਾ ਜਨਮ ਦੀਪ ਗੜ੍ਹ ਰਿ: ਪਟਿਆਲਾ ਦਾ ਹੈ। ਸੰਮਤ ੧੯੬੦ ਵਿਚ ਸਾਧੂ ਹੋਏ। ਸੁਭਾ ਦੇ ਮਿਲਣ ਸਾਰ ਹਨ। ਆਪ ਦੇ ਚੇਲੇ ਸੰਤ ਤਾਰਾ ਸਿੰਘ ਜੀ ਰਮਤੇ ਹਨ। ਸੇਵਾ ਕਰਦੇ ਹਨ। ਲੰਗਰ ਚਲਦਾ ਹੈ, ਆਇਆ ਗਿਆ ਸਾਧੂ ਬਣਿਆ ਰਹਿੰਦਾ ਹੈ।

# ਡੇਰਾ ਜੋਧਪੁਰ (ਚੀਮੇ)

(ਜ਼ਿਲਾ ਲੁਧਿਆਨਾ)

## ਸ੍ਰੀ ਸੰਤ ਹਿੰਮਤ ਸਿੰਘ ਜੀ

ਆਪ ਦਾ ਜਨਮ ਪਿੰਡ ਘਲੁੜਕੀ ਰਿਆਸਤ ਨਾਭਾ ਦਾ ਸੀ। ਛੋਟੀ ਉਮਰ ਤੋਂ ਹੀ ਚੀਮਿਆਂ ਵਾਲੇ ਮਹਾਰਾਜ ਸੰਤ ਗੁਲਾਬ ਸਿੰਘ ਜੀ ਦੇ ਸ਼ਿਸ਼ ਹੋ ਗਏ। ਪੜ੍ਹਦੇ ਰਹੇ ਚੰਗੇ ਵਿਦਵਾਨ ਪ੍ਰਸਿੱਧ ਹੋਏ। ਚੀਮਿਆਂ ਡੇਰੇ ਦੀ ਮਹੰਤੀ ਆਪ ਨੂੰ ਮਿਲੀ, ਪਰ ਸੰਤਾਂ ਦੇ ਗੁਜ਼ਰ ਜਾਣ ਤੋਂ ਬਾਅਦ ਅਪਣੇ ਸ਼ਿਸ਼ ਸੰਤ ਗੁਰਦਿਤ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਆਪ

ਜੋਧ ਪੁਰ ਆ ਗਏ। ਜਿਥੇ ਆਪ ਦਾ ਖਾਸਾ ਪਰਚਾ ਹੋ ਗਿਆ। ਡੇਰਾ ਬਣਾਇਆ। ਸਤਿਸੰਗ ਦਾ ਪ੍ਰਵਾਹ ਚਲਾਇਆ। ਆਪ ਦੇ ਸ਼ਿਸ਼ ਸੰਤ ਰੰਗਾ ਸਿੰਘ ਜੀ, ਸੰਤ ਸਰਦੂਲ ਸਿੰਘ ਜੀ, ਸੰਤ ਗੁਰਦਿਤ ਸਿੰਘ ਜੀ, ਧਿਆਨ ਸਿੰਘ, ਦਲ ਸਿੰਘ ਜੀ, ਸੰਤ ਹਮੀਰ ਸਿੰਘ ਜੀ ਸਨ। ਅੰਤ ਨੂੰ ਸੰਤ ਰੰਗਾ ਸਿੰਘ ਜੀ ਨੂੰ ਮਹੰਤ ਨਿਯਤ ਕਰ ਕੇ ਸੰਮਤ ੧੯੬੧ ਵਿਚ ਚੜ੍ਹਾਈ ਕਰ ਗਏ। ਪਿਛੋਂ ਮਹੰਤ ਰੰਗਾ ਸਿੰਘ ਜੀ ਨੇ ਆਪ ਦੀ ਸਮਾਧ ਪੱਕੀ ਬਣਾਈ।

## ਮਹੰਤ ਰੰਗਾ ਸਿੰਘ ਜੀ

ਆਪ ਦਾ ਜਨਮ ਪਿੰਡ ਕੁਠਾਲਾ ਰਿਆਸਤ ਮਲੇਰ ਕੋਟਲੇ ਵਿਚ ਹੋਇਆ। ੧੫-੧੬ ਸਾਲ ਦੀ ਉਮਰ ਵਿਚ ਸਾਧੂ ਹੋਏ। ਪਹਿਲਾਂ ਸੰਤਾਂ ਪਾਸ ਰਹੇ, ਫਿਰ ਕਈ ਵਰ੍ਹੇ ਦਾਦੂ ਵਾਲਿਆਂ ਦੀ ਮੰਡਲੀ ਨਾਲ ਪੜ੍ਹਦੇ ਰਹੇ। ੧੯੬੧ ਵਿਚ ਮਹੰਤ ਬਣੇ। ਇਸ ਵੇਲੇ ਆਪ ਦੀ ਉਮਰ ਕਰੀਬਨ ੮੦ ਸਾਲ ਦੀ ਹੈ। ਸਰੀਰ ਦੇ ਪੁਰਸ਼ਾਰਥੀ ਹਨ। ਸੰਤਾਂ ਦੇ ਬਾਅਦ ਸਾਰਾ ਡੇਰਾ ਆਪ ਨੇ ਪੱਕਾ ਬਣਾਇਆ। ਇਕ ਮਕਾਨ ਖਾਸ ਬ੍ਰਨਾਲੇ ਰਿਆਸਤ ਪਟਿਆਲਾ ਵਿਚ ਬਣਾਇਆ, ਜਿਸਦਾ ਕਰਾਇਆ ਆਉਂਦਾ ਹੈ। ੧੫ ਘੁਮਾਂ ਜ਼ਮੀਨ ਡੇਰੇ ਨਾਲ ਹੈ। ਆਪ ਦੇ ਇਕ ਸ਼ਿਸ਼ ਸੰਤ ਕਰਤਾਰ ਸਿੰਘ ਜੀ ਹਨ। ਜਿਨ੍ਹਾਂ ਲਲਤੋਂ ਲੁਧਿਆਣੇ ਵਿਚ ਕੁਟੀਆ ਬਣਾਈ ਹੈ।

# ਡੇਰਾ ਲਲਤੋਂ

(ਲਲਤੋਂ, ਜ਼ਿਲਾ ਲੁਧਿਆਨਾ)

## ਸੰਤ ਕਰਤਾਰ ਸਿੰਘ ਜੀ

ਬੀਰਮੀਪੁਰ ਪਿੰਡ ਦਾ ਜਨਮ ਹੈ ਘਰ ਵਿਚ ਉਰਦੂ ਪੜ੍ਹਦੇ ਰਹੇ। ਸੰਮਤ ੧੯੬੪-੬੫ ਵਿਚ ਸੰਤਾਂ ਪਾਸ ਆਏ। ਸੇਵਾ ਕਰਦੇ ਪੜ੍ਹਦੇ ਰਹੇ। ਫਿਰ ਮੰਡਲੀਆਂ ਵਿਚ ਰਹਿਕੇ ਕੁਝ ਚਿਰ ਪਠਨ ਪਾਠਨ ਕਰਦੇ ਰਹੇ। ਸੰਮਤ ੧੯੭੮ ਵਿਚ ਲਲਤੋਂ ਡੇਰਾ ਬਣਾਇਆ। ਚਕਿਤਸਾ ਦੇ ਪੁਸਤਕ ਪੜ੍ਹੇ। ਆਪ ਹਰ ਤਰ੍ਹਾਂ ਨਾਲ ਸਿਆਣੇ ਮਹਾਤਮਾ ਹਨ। ਸੰਨ ੧੯੨੫ ਵਿਚ ਗਿਆਨੀ ਦਾ ਇਮਤਿਹਾਨ ਦਿਤਾ। ਬੜੇ ਮਿਲਣਸਾਰ ਤੇ ਸੁਯੋਗ ਪੁਰਸ਼ ਹਨ।

# ਡੇਰਾ ਗੋਲੇ ਵਾਲਾ

(ਜ਼ਿਲਾ ਬਠਿੰਡਾ)

ਇਹ ਡੇਰਾ ਪੰਡੋਰੀ ਸੰਪ੍ਰਦਾਯ ਵਿਚ ਹੈ, ਜਿਸ ਦੇ ਪਹਿਲੇ ਅਸਥਾਨ ਪਤੀ ਮਹਾਰਾਜ ਸੰਤ ਸਰੂਪ ਸਿੰਘ ਜੀ ਹੋਏ। ਜਿਨ੍ਹਾਂ ਮਾਲਵੇ ਨਿਵਾਸੀ ਸਤਸੰਗੀਆਂ ਲਈ ਪਿੰਡ ਗੋਲੇ ਵਾਲਾ ਵਿਖੇ ਧਰਮ ਪ੍ਰਚਾਰ ਦਾ ਸੋਮਾ ਕਾਇਮ ਕੀਤਾ। ਆਪ ਦਾ ਜਨਮ ਧਾਲੀਵਾਲ ਰਿਆਸਤ ਕਪੂਰਥਲਾ ਦਾ ਸੀ। ਜਦ ਦਿਲ

ਉਪ੍ਰਾਮ ਹੋਇਆ ਤਾਂ ਰਿ: ਕਪੂਰਥਲਾ, ਢਿਲਵਾਂ ਪਹੁੰਚੇ ਜਿਥੇ ਮਹਾਰਾਜ ਬਾਬਾ ਮਲ ਸਿੰਘ ਜੀ (ਪੰਡੋਰੀ) ਦੇ ਉਪਦੇਸ਼ੀ ਸੰਤ ਰਾਮ ਸਿੰਘ ਜੀ ਜਪੀ, ਤਪੀ ਤੇ ਉਤਮ ਕਰਨੀ ਵਾਲੇ ਮਹਾਂ ਪੁਰਸ਼ ਰਹਿੰਦੇ ਸਨ। ਉਨ੍ਹਾਂ ਦੀ ਸੰਗਤ ਨਾਲ ਮਨ ਅਜਿਹਾ ਨਿਰਮਲ ਹੋਇਆ ਜੋ ਹਰ ਵੇਲੇ ਧਾਰਮਿਕ ਪੁਸਤਕ ਪੜ੍ਹਦੇ ਰਹਿੰਦੇ। ਕੁਝ ਵਰ੍ਹੇ ਸੇਵਾ ਕਰ ਕੇ ਸੰਤਾਂ ਦੀ ਆਗਿਆ ਨਾਲ ਤੀਰਥ ਯਾਤ੍ਰਾ ਵਲ ਚਲੇ ਗਏ। ਉਧਰੋਂ ਮੁੜੇ ਤਾਂ ਫਿਰਦੇ ਤੁਰਦੇ ਗੋਲੇ ਵਾਲਾ ਵਿਖੇ ਆਏ। ਇਥੋਂ ਦੇ ਲੋਗ ਆਪ ਦੀ ਸੁਚੀ ਰਹਿਣੀ ਤੇ ਭਜਨ ਬੰਦਗੀ ਵਾਲੀ ਬ੍ਰਿਤੀ ਵੇਖ ਕੇ ਪ੍ਰੇਮ ਕਰਨ ਲਗ ਪਏ। ਸੰਤਾਂ ਵੀ ਸਤਿ ਸੰਗੀਆਂ ਦਾ ਪ੍ਰੇਮ ਵੇਖ ਕੇ ਡੇਰਾ ਲਾ ਕੇ ਧੂਣਾ ਲਾ ਦਿਤਾ, ਸਮੇਂ ਬਾਅਦ ਅਸਥਾਨ ਬਣਾਇਆ। ਸਤਿ ਸੰਗੀਆਂ ਦਾ ਸਿਲ ਸਿਲਾ ਜਾਰੀ ਕਰ ਦਿਤਾ। ਆਏ ਗਏ ਸਾਧੂ ਅਭਿਆਗਤ ਦਾ ਸਨਮਾਨ ਕਰਨ ਵਿਚ ਇਤਨੇ ਪ੍ਰਸਿੱਧ ਹੋਏ ਜੋ ਦੂਰੋਂ ਦੂਰੋਂ ਵਿਦਵਾਨ ਸੰਤ ਆਪ ਦੇ ਪਾਸ ਕਈ ਕਈ ਦਿਨ ਠਹਿਰੇ ਰਹਿੰਦੇ। ਹਰ ਵੇਲੇ ਈਸ਼ਵਰ ਸੰਬੰਧੀ ਪ੍ਰਕਰਣ ਚਲੇ ਰਹਿੰਦੇ।

ਕਈ ਸਰੀਰ ਪੜ੍ਹਦੇ ਪੜ੍ਹਾਉਂਦੇ ਰਹਿੰਦੇ, ਰੌਣਕ ਲਗੀ ਰਹਿੰਦੀ, ਸੁੰਦਰ ਕਖਾਇ ਬਸਤ੍ਰ ਰਖਦੇ। ਅਸਥਾਨ ਦੀ ਹਰ ਤਰ੍ਹਾਂ ਕਰ ਕੇ ਉੱਨਤੀ ਕੀਤੀ। ਕਈ ਵਿਘੇ ਜ਼ਮੀਨ ਖਰੀਦੀ। ਸੰਤ ਗੁਰਦਿਤ ਸਿੰਘ ਜੀ, ਗਿ: ਦਿਆਲ ਸਿੰਘ ਜੀ, ਪੰ: ਲਾਹੌਰ ਸਿੰਘ ਜੀ, ਸੰਤ ਰਾਮ ਸਿੰਘ ਜੀ ਵਿਰਕਤ, ਸੰਤ ਨਰੈਣ ਸਿੰਘ ਜੀ, ਸੰਤ ਕਾਲਾ ਸਿੰਘ ਜੀ ਆਦ ਕਈ ਸਾਧੂ ਆਪ ਦੇ

ਚੇਲੇ ਹੋਏ। ਅਖੀਰ ਖਾਸੀ ਉਮਰ ਮਹੰਤੀ ਕਰ ਕੇ ਅਪਣੇ ਸ਼ਿਸ਼ ਸੰਤ ਗੁਰਦਿਤ ਸਿੰਘ ਜੀ ਨੂੰ ਅਪਣਾ ਉਤ੍ਰਾਧਿਕਾਰੀ ਥਾਪ ਕੇ ਸੰਮਤ ੧੯੫੧ ਮਾਘ ਦੁਆਦਸੀ ਨੂੰ ਗੁਰਪੁਰੀ ਸਿਧਾਰ ਗਏ। ਪਿਛੋਂ ਆਪ ਦੇ ਚੇਲੇ ਮ: ਗੁਰਦਿਤ ਸਿੰਘ ਜੀ ਨੇ ਸੰਮਤ ੧੯੫੯ ਭਾਦਰੋਂ ਸੁਦੀ ਏਕਮ ਨੂੰ ਆਪ ਦੀ ਸਮਾਧ ਤਿਆਰ ਕਰਵਾਈ।

## ਮਹੰਤ ਗੁਰਦਿਤ ਸਿੰਘ ਜੀ

ਆਪ ਦਾ ਜਨਮ ਪਿੰਡ ਢਿਲਵਾਂ ਰਿਆਸਤ ਕਪੂਰਥਲੇ ਵਿਚ ਹੋਇਆ। ਵਡੀ ਉਮਰ ਵਿਚ ਸੰਤਾਂ ਪਾਸ ਇਸੇ ਨਗਰ ਆਏ। ਡੇਰੇ ਦੀ ਸੇਵਾ ਨਾਲ ਵਿਦਿਆ ਪੜ੍ਹਨ ਦਾ ਅਭਿਆਸ ਰਖਦੇ ਰਹੇ। ਵਿਚਕਾਰ ਕੁਝ ਚਿਰ ਲਈ ਸੰਤਾਂ ਦੀ ਆਗਿਆ ਨਾਲ ਤੀਰਥਾਂ ਵਲ ਚਲੇ ਗਏ। ਜਦ ਵਾਪਸ ਆਏ, ਉਸੇ ਤਰ੍ਹਾਂ ਸੇਵਾ ਵਿਚ ਜੁਟ ਗਏ। ਬਾਅਦ ਮਹੰਤ ਹੋ ਕੇ ਡੇਰੇ ਦਾ ਚੰਗਾ ਪ੍ਰਬੰਧ ਕਰਦੇ ਰਹੇ। ਆਏ ਗਏ ਸਾਧੂ ਅਭਿਆਗਤ ਦੀ ਸੇਵਾ ਕਰਦੇ ਤੇ ਸਭ ਪੁਰਾਤਨ ਮ੍ਰਿਯਾਦਾ ਨੂੰ ਕਾਇਮ ਰਖਿਆ। ਆਪ ਗੁਰੂ ਘਰ ਦੇ ਤੇ ਵੇਦਾਂਤ ਗ੍ਰੰਥਾਂ ਦੇ ਚੰਗੇ ਜਾਣੂ ਸਨ। ਪਹਿਰਾਵਾ ਸਾਦਾ, ਖੱਦਰ ਦਾ ਕੁੜਤਾ, ਸਿਧਾ ਦਾੜ੍ਹਾ ਤੇ ਸਿਧੀ ਦਸਤਾਰ ਰਖਦੇ ਹੁੰਦੇ ਸਨ। ਆਪ ਦੇ ਚੇਲੇ ਮਹੰਤ ਕੇਸਰ ਸਿੰਘ ਜੀ, ਸੰਤ ਹਰੀ ਸਿੰਘ ਜੀ, ਸੰਤ ਮੋਹਣ ਸਿੰਘ ਜੀ ਆਦ ਹੋਏ। ਅਖੀਰ ਅਪਣੀ ਆਯੂ ਸੁਖ ਆਨੰਦ ਨਾਲ ਬਿਤੀਤ ਕਰ ਕੇ ਮਹੰਤ ਕੇਸਰ ਸਿੰਘ ਜੀ ਨੂੰ ਅਪਣੀ ਹੱਥੀਂ ਮਹੰਤੀ ਦੇਕੇ ਸੰਮਤ ੧੯੬੪

ਚੇਤ੍ਰ ੨੭ ਨੂੰ ਪ੍ਰਲੋਕ ਗਮਨ ਕਰ ਗਏ। ਪਿਛੋਂ ਮਹੰਤ ਕੇਸਰ ਸਿੰਘ ਜੀ ਨੇ ਆਪ ਦੀ ਸਮਾਧ ਪਹਿਲੀ ਸਮਾਧ ਦੇ ਅੰਦਰ ਹੀ ਬਣਾਈ।

## ਮਹੰਤ ਕੇਸਰ ਸਿੰਘ ਜੀ

ਆਪ ਦਾ ਜਨਮ ਕਾਲੀਏ ਵਾਲਾ ਕਰਮੂਕਾ, ਤਾਸੀਲ ਮੋਗਾ, ਜ਼ਿ: ਫਿਰੋਜ਼ਪੁਰ ਵਿਚ ਸੰਮਤ ੧੯੪੨ ਅਸੂ ਨੂੰ ਹੋਇਆ। ੧੫ ਸਾਲ ਦੀ ਉਮਰ ਵਿਚ ਡੇਰੇ ਸੰਤਾਂ ਪਾਸ ਆਏ, ਸਾਧੂ ਹੋਏ। ਸੇਵਾ ਕਰਦੇ ਰਹੇ ਤੇ ਪੜ੍ਹਨ ਦਾ ਅਭਿਆਸ ਕਰਦੇ ਰਹੇ। ਸੰਮਤ ੧੯੬੪ ਵਿਚ ਸੰਤਾਂ ਅਪਣੀ ਹਥੀਂ ਆਪ ਨੂੰ ਮਹੰਤੀ ਦਿਤੀ। ਸੰਮਤ ੧੯੬੬ ਵਿਚ ਆਪ ਨੇ ਸੰਤਾਂ ਦਾ ਬੜਾ ਭਾਰੀ ਮਹੋਛਾ ਕੀਤਾ। ਜਿਸ ਵਿਚ ਲੇਖਕ ਦੇ ਪੂਜਯ ਗੁਰੂ ਸੰਤ ਪੰਡਿਤ ਜੀਵਨ ਸਿੰਘ ਜੀ) ਭੀ ਗਏ ਸਨ। ਜਦ ਦੇ ਮਹੰਤ ਹੋਏ, ਡੇਰੇ ਦੀ ਉੱਨਤੀ ਵਲ ਪੂਰਾ ਪੂਰਾ ਖਿਆਲ ਰਖਿਆ, ਖੂਹ ਲੁਵਾਇਆ। ੧੯੬੮ ਵਿਚ ਡੇਰਾ ਪੱਕਾ ਬਣਾਇਆ, ੧੯੭੨ ਵਿਚ ਉਤਲੇ ਚੁਬਾਰੇ ਅਤੇ ਡੇਓੜੀ ਆਦ ਮਕਾਨ ਬਣਾਏ। ਇਸ ਤੋਂ ਇਲਾਵਾ ਕਰੀਬਨ ਕਈ ਘੁਮਾਂ ਜ਼ਮੀਨ ਪੈਦਾ ਕੀਤੀ। ਇਲਾਕੇ ਵਿਚ ਚੰਗਾ ਆਦਰ ਸਤਿਕਾਰ ਬਣਿਆ ਰਿਹਾ, ਭੇਖ ਵਿਚ ਇਜ਼ਤ ਸੀ ਸਾਧੂ ਸਮਾਜ ਵਿਚ ਚੰਗਾ ਵਰਤਾਵ ਰਖਿਆ। ਸੁਭਾ ਦੇ ਸੰਜਮੀ, ਕਈ ਵਰ੍ਹਿਆਂ ਤੋਂ ਸੋਧ ਦਾ ਅੰਨ ਛਕਦੇ ਰਹੇ। ਵੇਦਾਂਤੀ ਸ੍ਰੀ ਪੰਡਿਤ ਹਰਦਿਤ ਸਿੰਘ ਜੀ ਕਈ ਕਈ ਮਹੀਨੇ ਆਪ ਦੇ ਪਾਸ ਆਣ ਕੇ ਠਹਿਰਦੇ ਰਹੇ। ਆਇਆ ਗਿਆ ਸਾਧੂ



ਸ਼੍ਰੀ ਮਾਨ ਮਹੰਤ ਸ਼ੇਰ ਸਿੰਘ ਜੀ

ਗੋਲੇ ਵਾਲਾ

ਟਿਕਿਆ ਰਹਿੰਦਾ ਸੀ। ਆਪਣੀ ਜ਼ਿੰਦਗੀ ਫਕੀਰਾਨਾ ਬਿਤੀਤ ਕਰਦੇ ਸਨ। ਡੇਰਾ ਸ਼ਾਹਾਨਾ ਬਣਿਆ ਹੋਇਆ ਹੈ।

ਆਪ ਦੇ ਚੇਲੇ ਮਹੰਤ ਚੰਨਨ ਸਿੰਘ ਜੀ ਨਥੋਕੇ, ਸੰਤ ਮੈਂਹਗਾ ਸਿੰਘ ਜੀ ਸੰਤ ਸਰਵਨ ਸਿੰਘ ਜੀ ਆਦਕ ਹੋਏ। ਸੰਤ ਮੋਹਜਰ ਸਿੰਘ ਜੀ ਇਸ ਵੇਲੇ ਕੁਠਾਰੀ ਹਨ ਤੇ ਡੇਰੇ ਦੇ ਸ਼ੁਭ ਚਿੰਤਕ ਹਨ। ਅੰਤ ਅਪਣੇ ਸ਼ਿਸ਼ ਮਹੰਤ ਸ਼ੇਰ ਸਿੰਘ ਜੀ ਨੂੰ ਜਾਨਸ਼ੀਨ ਮੁਕੱਰਰ ਕਰ ਕੇ ਪ੍ਲੋਕ ਗਮਨ ਹੋਏ।

## ਮਹੰਤ ਸ਼ੇਰ ਸਿੰਘ ਜੀ

ਆਪ ਦਾ ਜਨਮ ਪਿੰਡ ਜੰਡ ਵਾਲਾ ਰਿ: ਫਰੀਦ ਕੋਟ ਦਾ ਹੈ। ਛੋਟੀ ਉਮਰ ਵਿਚ ਹੀ ਮਹੰਤਾਂ ਦੀ ਸ਼ਰਨ ਵਿਚ ਆਏ। ਪੜ੍ਹਦੇ ਨਾਲ ਡੇਰੇ ਦੀ ਸੇਵਾ ਕਰਦੇ ਰਹੇ। ਵਡੇ ਮਹੰਤਾਂ ਸਾਹਿਬਾਂ ਕਈ ਮਕਾਨ ਬਣਾਏ। ਆਪ ਹਰ ਕੰਮ ਕਾਜ ਵਿਚ ਸਾਥ ਦੇਂਦੇ ਰਹੇ। ਜਿਸ ਕਰਕੇ ਮਹੰਤਾਂ ਸਾਹਿਬਾਂ ਦੇ ਕਿਰਪਾ ਪਾਤ੍ਰ ਬਣ ਗਏ। ਮਹੰਤਾਂ ਸਾਹਿਬਾਂ ਆਪਣੀ ਮੌਜੂਦਗੀ ਵਿਚ ਹੀ ਡੇਰੇ ਦੀ ਪੱਗ ਦੇ ਦਿਤੀ। ਮਹੰਤ ਜੀ ਸੰਮਤ ੧੯੪੬ ਵਿਚ ਗੁਜ਼ਰੇ।

ਮਹੰਤਾਂ ਦੇ ਪ੍ਲੋਕ ਗਮਨ ਤੋਂ ਬਾਅਦ ਆਪ ਨੇ ਹਰ ਤਰ੍ਹਾਂ ਨਾਲ ਡੇਰੇ ਦਾ ਕੰਮ ਚੰਗਾ ਸੰਭਾਲਿਆ। ਮਹੰਤਾਂ ਦੇ ਸਤਾਰ੍ਹੀਏ ਤੇ ਭੇਖ ਦਾ ਵਡਾ ਇਕੱਠ ਕੀਤਾ। ਸ਼ਾਨਦਾਰ ਭੰਡਾਰਾ ਕਰਕੇ ਡੇਰੇ ਦੇ ਸਭ ਕੰਮਾਂ ਨੂੰ ਅੱਖਾਂ ਦੇ ਸਾਹਮਣੇ ਲਿਆਂਦਾ। ਦਿਲੋਂ ਵਜੋਂ ਹੋਕੇ ਡੇਰੇ ਦੀ ਤਰੱਕੀ ਵਿਚ ਹਿੱਸਾ ਲਿਤਾ। ਕਈ

ਮਕਾਨ ਨਵੇਂ ਬਣਾਏ। ਮਹੰਤਾਂ ਦੇ ਪਾਏ ਪੂਰਨਿਆਂ ਉਤੇ ਚਲਦਿਆਂ ਭੇਖ ਵਿਚ ਚੰਗਾ ਜਸ ਖਟਿਆ। ਕਈ ਵੇਰਾਂ ਡੇਰੇ ਵਿਚ ਨਿਰਮਲ ਮਹਾਂ ਮੰਡਲ ਦੇ ਇਕੱਠ ਕਰਾਏ। ਮਹੰਤਾਂ ਸੰਤਾਂ ਦਾ ਆਦਰ ਸਤਿਕਾਰ ਕੀਤਾ। ਭੇਖ ਵਿਚ ਆਪ ਸਤਿਕਾਰ ਦ੍ਰਿਸ਼ਟੀ ਨਾਲ ਵੇਖੇ ਜਾਂਦੇ ਹਨ। ਕਿਰਿਆ ਸਾਦੀ ਤੇ ਨਿਮ੍ਰਤਾ ਵਾਲਾ ਸੁਭਾਅ ਹੈ।

# ਡੇਰਾ ਨਥੇ ਕੇ

(ਜ਼ਿਲਾ ਫਿਰੋਜ਼ਪੁਰ)

## ਸੰਤ ਚੰਨਨ ਸਿੰਘ ਜੀ

ਚੇਲੇ ਮਹੰਤ ਕੇਸਰ ਸਿੰਘ ਜੀ। ਆਪ ਦਾ ਜਨਮ ਪਖੀ ਸਰਦਾਰਾਂ ਦੀ ਰਿਆਸਤ ਫਰੀਦਕੋਟ ਦਾ ਹੈ। ਇਹ ਡੇਰਾ ਸੰਤ ਨਰੈਨ ਸਿੰਘ ਜੀ ਚੇਲੇ ਮਹੰਤ ਸਰੂਪ ਸਿੰਘ ਜੀ ਨੇ ਆਬਾਦ ਕੀਤਾ ਸੀ। ਜਦ ਉਹ ਗੁਜ਼ਰ ਗਏ। ਸਭ ਸੰਪ੍ਰਦਾਈਆਂ ਮਹੰਤ ਕੇਸਰ ਸਿੰਘ ਜੀ ਨੂੰ ਡੇਰਾ ਆਬਾਦ ਰਖਣ ਲਈ ਪ੍ਰਾਰਥਨਾ ਕੀਤੀ। ਉਪ੍ਰੰਤ ਇਨ੍ਹਾਂ ਆਪਣੇ ਸ਼ਿਸ਼ ਸੰਤ ਚੰਨਨ ਸਿੰਘ ਜੀ ਨੂੰ ਟਿਕਾ ਦਿਤਾ। ਸੰਤ ਚੰਨਨ ਸਿੰਘ ਚੰਗਾ ਸਾਧੂ ਸੀ। ਭੇਖ ਨਾਲ ਪਿਆਰ ਸੀ। ਸੋਹਣੀ ਮ੍ਰਿਯਾਦਾ ਨਾਲ ਕੰਮ ਚਲਾ ਰਹੇ ਸਨ।

# ਡੇਰਾ ਕੌਲਸਰ

## (ਸ੍ਰੀ ਅੰਮ੍ਰਿਤਸਰ)

## ਬਾਬਾ ਗੁਰਮੁਖ ਸਿੰਘ ਜੀ

ਇਹ ਬਾਬਾ ਜੀ ਮਹਾਰਾਜ ਸੰਤ ਦੀਵਾਨ ਸਿੰਘ ਜੀ ਦੇ ਸ਼ਿਸ਼ ਹੋਏ ਹਨ। ਬਹੁਤਾ ਚਿਰ ਸ੍ਰੀ ਅੰਮ੍ਰਿਤਸਰ ਕੌਲਸਰ ਦੇ ਕਿਨਾਰੇ ਆਪਣੇ ਅਸਥਾਨ ਵਿਚ ਰਹਿਕੇ ਗੁਰੂ ਘਰ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਰਹੇ। ਚੰਗੀ ਰਹਿਣੀ ਬਹਿਣੀ ਵਿਚ ਪ੍ਰਸਿਧ ਸਨ। ਅੰਮ੍ਰਿਤਸਰ ਵਿਚ ਬੜਾ ਮਾਨ ਪ੍ਰਾਪਤ ਕੀਤਾ। ਅੰਤ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੀ ਪ੍ਰਲੋਕ ਗਮਨ ਹੋਏ। ਸਮਾਧ ਬਣਾਈ ਗਈ। ਸਮਾਂ ਪਾਕੇ ਸਮਾਧਾਂ ਵਾਲੇ ਮਹਾਂਪੁਰਸ਼ ਪ੍ਰਸਿਧ ਹੋਏ। ਬਲਕਿ ਆਪ ਦੀ ਪਧਿਤ ਵੀ ਇਸੇ ਨਾਮ ਤੇ ਸਦੀ ਜਾਂਦੀ ਹੈ। ਲਾਹੌਰ ਵਾਲੇ ਮਹੰਤ ਜਵਾਹਰ ਸਿੰਘ ਜੀ ਕਿਹਾ ਕਰਦੇ ਸਨ ਕਿ ਅਸਾਨੂੰ ਕਈ ਕੌਲਸਰੀਏ ਵੀ ਕਹਿੰਦੇ ਹਨ।

ਆਪਦੇ ਚੇਲੇ ਮਹੰਤ ਰਣਜੀਤ ਸਿੰਘਜੀ ਠਾਕੁਰ ਇਛਰਾ ਸਿੰਘ ਜੀ ਲਾਹੌਰ ਵਾਲੇ, ਸੰਤ ਨੰਦ ਸਿੰਘ ਜੀ ਸੰਤ ਰਾਮ ਸਿੰਘ ਜੀ, ਸੰਤ ਮਸਤਾਨ ਸਿੰਘ ਜੀ ਆਦ ਕਈ ਹੋਏ, ਪਰ ਆਪ ਦੇ ਪਿਛੋਂ ਪਹਿਲਾਂ ਮਾਈ ਗੰਗਾ ਜੀ ਨੇ ਅਸਥਾਨ ਦੀ ਸੇਵਾ ਕੀਤੀ ਤੇ ਆਪ ਦੀ ਸਮਾਧ ਬਣਾਈ। ਜਦ ਉਹ ਗੁਜ਼ਰ ਗਏ ਤਾਂ ਪਿਛੋਂ ਮਹੰਤ ਰਣਜੀਤ ਸਿੰਘ ਜੀ ਨੇ ਅਸਥਾਨ ਦੀ ਸੇਵਾ

ਸੰਭਾਲੀ। ਆਪ ਖਾਸਾ ਚਿਰ ਮਹੰਤ ਰਹੇ ਆਖਰ ਕਾਰ ਆਪਣੇ ਚੇਲੇ ਮਹੰਤ ਬਿਸ਼ਨ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੨੪ ਵਿਚ ਆਪ ਸਮਾ ਗਏ। ਮਹੰਤ ਬਿਸ਼ਨ ਸਿੰਘ ਜੀ ਭੀ ਕਈ ਵਰ੍ਹੇ ਸੇਵਾ ਕਰਦੇ ਰਹੇ। ਓੜਕ ਆਪਣੇ ਗੁਰਭਾਈ ਮਹੰਤ ਕਿਸ਼ਨ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਬਹੋਨੇ ਪਿੰਡ ਜ਼ਿਲਾ ਫਿਰੋਜ ਪੁਰ ਚਲੇ ਗਏ। ਜਿਥੇ ਕਈ ਵਰ੍ਹੇ ਰਹਿ ਕੇ ਸੰਮਤ ੧੯੫੭-੫੮ ਦੇ ਲਾਗੇ ਚਾਗੇ ਸਮਾ ਗਏ। ਸੁਰਗ ਬਾਸ ਹੋਣ ਤੋਂ ਪਹਿਲਾਂ ਆਪਣੇ ਚੇਲੇ ਮਹੰਤ ਜਵਾਹਰ ਸਿੰਘ ਜੀ ਨੂੰ ਮਹੰਤੀ ਦੇਣ ਲਈ ਆਪਣੇ ਗੁਰਭਾਈ ਮਹੰਤ ਕਿਸ਼ਨ ਸਿੰਘ ਜੀ ਨੂੰ ਖਾਸ ਤਾਕੀਦ ਕਰ ਗਏ। ਜਦ ਮਹੰਤ ਬਿਸ਼ਨ ਸਿੰਘ ਜੀ ਚੜ੍ਹਾਈ ਕਰ ਗਏ। ਫਿਰ ਮਹੰਤ ਜਵਾਹਰ ਸਿੰਘ ਜੀ ਅੰਮ੍ਰਿਤਸਰ ਡੇਰੇ ਆਣ ਰਹੇ। ਪੰਜ ਛੇ ਵਰ੍ਹੇ ਤਨ ਦੇ ਕੇ ਸੇਵਾ ਕੀਤੀ। ਮਹੰਤ ਕਿਸ਼ਨ ਸਿੰਘ ਜੀ ਬੜੇ ਪ੍ਰਸੰਨ ਹੋਏ। ਆਖਰ ਸੰਮਤ ੧੯੬੪ ਨੂੰ ਮਹੰਤ ਜਵਾਹਰ ਸਿੰਘ ਜੀ ਦੇ ਨਾਮ ਵਸੀਅਤ ਕਰਾ ਕੇ ਆਪ ਪ੍ਰਲੋਕ ਗਮਨ ਹੋ ਗਏ। ਪਿਛੋਂ ਮਹੰਤ ਜਵਾਹਰ ਸਿੰਘ ਜੀ ਲਗਾਤਾਰ ਅਠ ਵਰ੍ਹੇ ਆਏ ਗਏ ਸਾਧ ਸੰਤ ਦੀ ਸੇਵਾ ਪ੍ਰੇਮ ਨਾਲ ਕਰਦੇ ਰਹੇ। ਫਿਰ ਲਾਹੌਰ ਜਾ ਕੇ ਮਹੰਤ ਬਣੇ, ਭਾਵੇਂ ਆਪਦਾ ਰਹਿਣ ਬਹਿਣ ਹੁਣ ਲਾਹੌਰ ਹੀ ਜ਼ਿਆਦਾ ਹੋ ਗਿਆ ਸੀ, ਪਰ ਇਸ ਡੇਰੇ ਦਾ ਪ੍ਰਬੰਧ ਭੀ ਆਪ ਆਪਣੀ ਜ਼ੇਰ ਨਿਗਰਾਨੀ ਕਰਦੇ ਰਹੇ। ਜਦ ਆਪ ਨੇ ੩ ਜਨਵਰੀ ੧੯੧੯ ਵਿਚ ਆਪਣੇ ਚੇਲੇ ਮਹੰਤ ਸੁਚਾ ਸਿੰਘ ਜੀ ਦੇ ਨਾਂ ਲਾਹੌਰ ਡੇਰੇ ਦੀ ਵਸੀਅਤ ਕਰ ਦਿਤੀ ਤਾਂ ੩-੧੦-੧੯੨੪ ਨੂੰ ਇਸ ਡੇਰੇ ਦੇ ਭੀ ਉਨ੍ਹਾਂ ਦੇ ਨਾਂ

ਕਰ ਦਿਤੀ। ਤਦ ਤੋਂ ਇਸ ਡੇਰੇ ਦਾ ਪ੍ਰਬੰਧ ਮਹੰਤ ਸੁਚਾ ਸਿੰਘ ਜੀ ਦੇ ਹਥ ਸੀ। ਆਪ ਵਲੋਂ ਕੋਈ ਨ ਕੋਈ ਸਾਧ ਬੈਠਾ ਰਹਿੰਦਾ ਸੀ। ਅਜ ਕਲ ਕੋਈ ਪਤਾ ਨਹੀਂ ਕੌਣ ਪ੍ਰਬੰਧਕ ਹੈ।

# ਡੇਰਾ ਲਾਹੌਰ ਸ਼ਹਾਲਮੀ

## ਠਾਕੁਰ ਇਛਰਾ ਸਿੰਘ ਜੀ

ਚੇਲੇ ਬਾਬਾ ਗੁਰਮੁਖ ਸਿੰਘ ਜੀ ਕੌਲਸਰ ਵਾਲਿਆਂ ਦੇ ਆਪ ਬੜੇ ਉਚ ਕਰਨੀ ਵਾਲੇ ਇਕ ਮਹਾਂਪੁਰਸ਼ ਹੋਏ ਹਨ ਪਹਿਲਾਂ ਬਹੁਤ ਚਿਰ ਵਿਚਰਦੇ ਰਹੇ। ਸੰਮਤ ੧੯੯੬ ਵਿਚ ਕੁਰੂਖੇਤ੍ਰ ਜਾਣਾ ਆਪ ਦਾ ਲਿਖਿਆ ਹੋਇਆ ਹੈ।

ਬਾਦ ਵਡੀ ਅਵਸਥਾ ਵਿਚ ਸ਼ਹਿਰ ਲਾਹੌਰ ਸ਼ਹਾਲਮੀਓ ਅੰਦਰ ਢਲ ਮਹਲੇ ਇਕ ਗਲੀ ਜਿਹੜੀ ਆਪ ਦੇ ਨਾਂ ਤੇ ਹੀ ਠਾਕਰਾਂ ਦੀ ਗਲੀ ਪ੍ਰਸਿਧ ਹੋਈ ਵਿਚ ਆਣ ਰਹੇ। ਕਈ ਵਰ੍ਹੇ ਸਤਿਸੰਗ ਦਾ ਪ੍ਰਵਾਹ ਚਲਾਇਆ, ਡੇਰਾ ਬਣਾਇਆ। ਸ਼ਹਿਰ ਦੇ ਸਿਖਾਂ ਸੇਵਕਾਂ ਤੋਂ ਇਲਾਵਾ ਆਪ ਦੇ ਕਈ ਸਾਧੂ ਚੇਲੇ ਸੰਤ ਰਾਮ ਸਿੰਘ ਜੀ ਵਿਰਕਤ, ਮਹੰਤ ਗਿਆਨ ਸਿੰਘ ਜੀ (ਦੂਜਾ ਡੇਰਾ ਇਸੇ ਗਲੀ ਵਿਚ), ਸੰਤ ਮਨਸਾ ਸਿੰਘ ਜੀ, ਮਹੰਤ ਸੰਤ ਸਿੰਘ ਜੀ ਆਦ ਹੋਏ। ਜਿਨ੍ਹਾਂ ਵਿਚੋਂ ਮਹੰਤ ਸੰਤ ਸਿੰਘ ਜੀ ਨੂੰ ਅਸਥਾਨ ਦਾ ਉਤ੍ਰਾਧਿਕਾਰੀ ਥਾਪ ਕੇ ਆਪ ਗੁਰਪੁਰੀ ਸਿਧਾਰ ਗਏ।

# ਮਹੰਤ ਸੰਤ ਸਿੰਘ ਜੀ

ਆਪ ਦਾ ਜਨਮ ਪਿੰਡ ਅਹੀਆ ਜ਼ਿਲਾ ਸ਼ੇਖੂਪੁਰਾ। ਕਾਫੀ ਅਰਸਾ ਠਾਕੁਰ ਇਛਰਾ ਸਿੰਘ ਜੀ ਦੀ ਸੇਵਾ ਕਰਦੇ ਰਹੇ ਪਿਛੋਂ ਠਾਕਰਾਂ ਵਾਂਗ ਆਪ ਨੇ ਭੀ ਪਿਛਲੀ ਰਹੁ ਰੀਤੀ ਕਾਇਮ ਰਖੀ। ਜਾਇਦਾਦ ਵਧਾਈ। ਇਸ ਡੇਰੇ ਤੋਂ ਪਹਿਲਾਂ ਭਗਤ ਛਜੂ ਰਾਮ ਜੀ ਦੇ ਚੁਬਾਰੇ ਪਾਸ ਆਪ ਦਾ ਅਸਥਾਨ ਸੀ ਜੁ ਵਡੇ ਹਸਪਤਾਲ ਦੇ ਅੰਦਰ ਆ ਗਿਆ, ਜਦ ਗੌਰਮਿੰਟ ਨੇ ਹਸਪਤਾਲ ਨੂੰ ਵਡਾ ਕਰਨਾ ਚਾਹਿਆ ਤਾਂ ਆਪ ਨੂੰ ਉਸ ਦੇ ਬਦਲੇ ਕਈ ਹਜ਼ਾਰ ਰੁਪਿਆ ਸਰਕਾਰ ਦੇ ਰਹੀ, ਪਰ ਆਪ ਨੇ ਆਪਣੇ ਨਿਧੜਕ ਸੁਭਾਅ ਨਾਲ ਇਹ ਕਿਹਾ ਕਿ ਜੇ ਰੁਪਿਆ ਹਥ ਫੜਾ ਕੇ ਚੋਰਾਂ ਡਾਕੂਆਂ ਪਾਸੋਂ ਮੈਨੂੰ ਮਰਵਾ ਦੇਣ ਦੀ ਸਲਾਹ ਹੈ ਤਾਂ ਸਰਕਾਰ ਹੀ ਗੋਲੀ ਨਾਲ ਕਿਉਂ ਨਹੀਂ ਮਾਰ ਦੇਂਦੀ। ਫਿਰ ਆਪ ਨੂੰ ਬਾਰ ਵਿਚ ਪੰਜ ਮੁਰੱਬੇ ਜ਼ਮੀਨ ਦੇਣੀ ਚਾਹੀ ਤਾਂ ਆਪ ਨੇ ਕਿਹਾ ਕਿ ਜੇ ਲਾਹੌਰ ਤੋਂ ਜ਼ਿਲਾ ਵਤਨ ਕਰਨ ਦੀ ਸਲਾਹ ਹੈ ਤਾਂ ਮੈਨੂੰ ਕਾਲੇ ਪਾਣੀ ਹੀ ਭੇਜ ਦਿਓ। ਸਰਕਾਰੀ ਅਫਸਰਾਂ ਆਪ ਦੀਆਂ ਇਹ ਖੁਲ੍ਹ ਦਿਲੀ ਦੀਆਂ ਗੱਲਾਂ ਸੁਣ ਕੇ ਪ੍ਰਸੰਨਤਾ ਨਾਲ ਪੁਛਿਆ ਕਿ ਆਪ ਕੀ ਚਾਹੁੰਦੇ ਹੋ। ਅਗੋਂ ਆਪ ਨੇ ਕਿਹਾ ਕਿ ਜੇ ਸਰਕਾਰ ਨੇ ਸਾਡਾ ਮਕਾਨ ਜ਼ਰੂਰ ਹੀ ਲੈਣਾ ਹੈ ਤਾਂ ਬੇਸ਼ਕ ਲੈ ਲਏ, ਪਰ ਹਾਂ ਇਸ ਦੇ ਬਦਲੇ ਲੁਹਾਰੀ ਸ਼ਹਾਲਮੀ ਦੇ ਅੰਦਰ ਬਾਹਰਲੀ ਸੜਕ ਦੇ ਕਿਨਾਰੇ ਪੁਰ ਕੋਈ ਮਕਾਨ ਬਣਾ ਦੇਵੇ। ਸੁ ਇਸੇ ਤਰ੍ਹਾਂ ਹੋਇਆ

ਆਪ ਦਾ ਉਹ ਅਸਥਾਨ ਸਰਕਾਰ ਨੇ ਹਸਪਤਾਲ ਵਿਚ ਪਾ ਲਿਆ ਤੇ ਉਸ ਦੇ ਬਦਲੇ ਇਹ ਮੌਜੂਦਾ ਅਸਥਾਨ ਸਿਰਖੁਦ ਬਣਾ ਦਿਤਾ। ਬਾਅਦ ਆਪ ਨੇ ਆਪਣੇ ਸੰਤਾਂ ਦੇ ਨਾਂ (ਡੇਰਾ ਠਾਕੁਰ ਇਛਰਾ ਸਿੰਘ ਜੀ) ਪ੍ਰਸਿਧ ਕੀਤਾ। ਬਾਅਦ ਜਿਤਨਾ ਚਿਰ ਸਰੀਰ ਰਿਹਾ। ਅੰਦਰਲੇ ਡੇਰੇ ਆਪਣੇ ਚੇਲੇ ਬਾਬਾ ਕਾਹਨ ਸਿੰਘ ਜੀ ਨੂੰ ਨੀਅਤ ਕਰਕੇ ਆਪ ਇਸੇ ਡੇਰੇ ਰਹੇ। ਸ਼ਹਿਰ ਵਿਚ ਆਪ ਦੇ ਕਈ ਸਿਖ ਸੇਵਕ ਸਨ ਜੁ ਆਪ ਨੂੰ ਸਭ ਸਨਮਾਨ ਦੀ ਨਜ਼ਰ ਨਾਲ ਵੇਖਦੇ ਸਨ। ਆਖਰ ਮਕਾਨ ਦੀ ਵਸੀਅਤ ਆਪਣੇ ਦੂਜੇ ਚੇਲੇ ਮਹੰਤ ਨਰੈਣ ਸਿੰਘ ਜੀ ਦੇ ਨਾਂ ਸੰਮਤ ੧੯੬੧ ਸਾਵਣ ੪ ਨੂੰ ਕਰਾ ਕੇ ਕਰੀਬਨ ੭੫ ਵਰ੍ਹੇ ਦੀ ਆਯੂ ਵਿਚ ਸਮਾ ਗਏ।

## ਮਹੰਤ ਨਰੈਣ ਸਿੰਘ ਜੀ

ਆਪ ਦਾ ਜਨਮ ਰਿਆਸਤ ਪੁਣਛ ਬ੍ਰਾਹਮਣ ਖਾਨਦਾਨ ਵਿਚੋਂ ਸੀ। ੨੦-੨੨ ਵਰ੍ਹੇ ਦੀ ਉਮਰ ਵਿਚ ਡੇਰੇ ਆਏ। ਦਿਲ ਦੇ ਕੇ ਸੇਵਾ ਕਰਦੇ ਰਹੇ। ੨੯ ਸਾਲ ਦੀ ਉਮਰ ਸੀ ਜਦ ਮਹੰਤਾਂ ਸਾਹਿਬਾਂ ਆਪ ਦੇ ਨਾਂ ਵਸੀਅਤ ਕੀਤੀ। ਪਿਛੋਂ ਆਪ ਨੇ ਚੰਗਾ ਕੰਮ ਚਲਾਇਆ। ਸੁਭਾਵ ਨਿਰਮਾਣ ਤੇ ਮਿਲਣਸਾਰ ਸੀ, ਪਰ ਰਬ ਦੀ ਨੇਤ ਉਮਰ ਥੋੜੀ ਸੀ। ਸਰੀਰ ਬਿਮਾਰ ਹੋ ਗਿਆ। ਆਪ ਦਾ ਚੇਲਾ ਕੋਈ ਨਹੀਂ ਸੀ। ਇਸ ਲਈ ਆਪਣੇ ਗੁਰਭਾਈ ਬਾਬਾ ਬੇਲਾ ਸਿੰਘ ਜੀ ਚੇਲੇ ਮਹਾਰਾਜ ਰਾਮ ਸਿੰਘ ਜੀ ਨੂੰ ਉਮਰ 'ਚੋਂ ਵਡੇ ਤੇ ਸਿਆਣੇ ਸਮਝ ਕੇ ਸਾਰੀ ਜਾਇਦਾਦ

ਦੀ ਸਰਪ੍ਰਸਤੀ ਸੰਮਤ ੧੯੬੩ ਕਤਕ ਨੂੰ ਉਨ੍ਹਾਂ ਦੇ ਨਾਮ ਲਿਖਾ ਕੇ ਸੁਰਗਵਾਸ ਹੋ ਗਏ।

## ਬਾਬਾ ਬੇਲਾ ਸਿੰਘ ਜੀ

ਆਪ ਦਾ ਜਨਮ ਮਾਝੇ ਦਾ ਸੀ, ਮਹਾਰਾਜਾ ਰਣਜੀਤ ਸਿੰਘ ਵੇਲੇ ਕਿਸੀ ਮੈਹਕਮੇ ਨੌਕਰ ਸਨ। ਮਹਾਰਾਜਾ ਸਾਹਿਬ ਦੇ ਗੁਜ਼ਰਨ ਪਿਛੋਂ ਉਦਾਸ ਹੋ ਕੇ ਫਕੀਰ ਹੋ ਗਏ। ਫਕੀਰ ਭੀ ਅਜਿਹੇ ਹੋਏ ਜੋ ਖਾਸ ਵਿਰਕਤਾਂ ਵਿਚ ਆਪ ਦੀ ਪ੍ਰਸਿਧੀ ਹੋਈ। ਕਨਖਲ ਨਿਰਮਲ ਕੁਟੀਆ ਦੇ ਬਣਨ ਵਿਚ ਭੀ ਆਪ ਦੀ ਖਾਸ ਸਤਾ ਰਹੀ ਹੈ ਆਪ ਬੜੇ ਹੌਂਸਲੇ ਵਾਲੇ ਤੇ ਦਲੇਰ ਦਿਲ ਸਨ। ਕਿਸੇ ਅਜਿਹੇ ਵਹੇ ਹੰਕਾਰੀ ਆਦਮੀਆਂ ਤੋਂ ਘਬਰਾਣ ਵਾਲੇ ਨਹੀਂ ਸਨ, ਮਹੰਤ ਨਰੈਣ ਸਿੰਘ ਜੀ ਤੋਂ ਬਾਅਦ ਜਦ ਆਪ ਡੇਰੇ ਰਹਿਣ ਲਗ ਪਏ, ਤਾਂ ਬਾਬਾ ਕਾਹਨ ਸਿੰਘ ਜੀ ਨੇ ਭੀ ਅੰਦਰਲੇ ਡੇਰੇ ਦੀ ਸੁਪਰੱਸਤੀ ੯ ਜਨਵਰੀ ਸੰਨ ੧੯੦੯ ਮੁਤਬਿਕ ਸੰਮਤ ੧੯੬੫ ਵਿਚ ਆਪ ਦੇ ਨਾਂ ਲਿਖਾ ਦਿਤੀ। ਬਾਅਦ ਦੋਹਾਂ ਡੇਰਿਆਂ ਦਾ ਇੰਤਜ਼ਾਮ ਆਪ ਦੀ ਸਰਪ੍ਰਸਤੀ ਹੇਠਾਂ ਹੋ ਗਿਆ। ਆਪ ਜ਼ਿਆਦਾ ਤਰ ਵਿਰਕਤ ਮੰਡਲੀਆਂ ਵਿਚ ਰਹਿਣ ਹਿਲੇ ਹੋਏ ਸਨ, ਡੇਰੇ ਵਿਚ ਘਟ ਦਿਲ ਲਗਦਾ ਵੇਖ ਕੇ ਮਹੰਤ ਸਾਹਿਬ ਸਿੰਘ ਜੀ, ਜੁ ਇਨ੍ਹਾਂ ਦਿਨਾਂ ਚ ਡੇਰੇ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਦੇ ਨਾਂ ਵਸੀਅਤ ਕਰਾ ਦਿਤੀ। ਮਹੰਤ ਸਾਹਿਬ ਸਿੰਘ ਜੀ ਤਿੰਨ ਚਾਰ ਵਰ੍ਹੇ ਰਹੇ, ਪਰ ਉਨ੍ਹਾਂ ਦੇ ਚਾਲ ਚਾਲਨ ਵਿਚ ਬਾਬਾ ਜੀ ਨੂੰ ਜਦ ਕੁਝ ਸ਼ਕ ਪਿਆ ਤਾਂ

ਇਨ੍ਹਾਂ ਦੀ ਵਸੀਅਤ ਤੁੜਵਾ ਦਿਤੀ। ਬਾਅਦ ਮਹੰਤ ਜਵਾਹਰ ਸਿੰਘ ਜੀ ਜੋ ਇਨ੍ਹਾਂ ਦਿਨਾਂ 'ਚ ਸ੍ਰੀ ਅੰਮ੍ਰਿਤਸਰ ਕੌਲ ਸਰ ਵਾਲੀ ਧਰਮ ਸਾਲਾ ਦੇ ਮਹੰਤ ਸਨ, ਨੂੰ ਚੰਗਾ ਸੁਪਾਤ੍ਰ ਸਮਝ ਕੇ ਅਪਣਾ ਚੇਲਾ ਨਿਯੱਤ ਕੀਤਾ ਤੇ ਚੇਤ੍ਰ ੯ ਸੰਮਤ ੧੯੭੨ ਨੂੰ ਦੋਹਾਂ ਡੇਰਿਆਂ ਦੀ ਵਸੀਅਤ ਉਨ੍ਹਾਂ ਦੇ ਨਾਂ ਕਰਾ ਦਿਤੀ। ਇਸ ਤਰ੍ਹਾਂ ਡੇਰਿਆਂ ਦਾ ਪ੍ਰਬੰਧ ਇਕ ਚੰਗੇ ਸੁਪਾਤ੍ਰ ਮਹੰਤ ਨੂੰ ਦੇ ਕੇ ਆਪ ੧੧੫ ਵਰ੍ਹੇ ਦੀ ਉਮਰ ਵਿਚ ਗੁਰਪੁਰੀ ਸਿਧਾਰ ਗਏ।

## ਮਹੰਤ ਜਵਾਹਰ ਸਿੰਘ ਜੀ

ਆਪ ਦਾ ਜਨਮ ਪਕੇ ਸ਼ਹੀਦਾਂ ਜ਼ਿਲਾ ਹਿਸਾਰ, ਭਾਈ ਸਰਮੁਖ ਸਿੰਘ ਜੀ ਦੇ ਗ੍ਰਹਿ ਵਿਖੇ ਸੰਮਤ ੧੯੨੫ ਨੂੰ ਹੋਇਆ। ਅੱਠ ਸਾਲ ਦੀ ਉਮਰ ਵਿਚ ਡੇਰੇ ਘੁਮਨ ਕਲਾਂ ਮਹੰਤ ਗੁਰਮੁਖ ਸਿੰਘ ਜੀ ਦੇ ਪਾਸ ਆਏ। ਪੰਜ ਵਰ੍ਹੇ ਰਹਿ ਕੇ ਫਿਰ ਬਹੂਨੇ ਜ਼ਿਲਾ ਫਿਰੋਜ਼ਪੁਰ, ਮਹੰਤ ਬਿਸ਼ਨ ਸਿੰਘ ਜੀ ਜੋ ਪਹਿਲਾਂ ਕੌਲ ਸਰ ਵਾਲੇ ਡੇਰੇ ਦੇ ਮਹੰਤ ਰਹਿ ਚੁਕੇ ਸਨ, ਦੇ ਪਾਸ ਆਏ। ਖਾਸਾ ਚਿਰ ਸੇਵਾ ਕਰਦੇ ਤੇ ਪੜ੍ਹਦੇ ਰਹੇ। ਆਪ ਦੀ ਸੇਵਾ ਪੁਰ ਖੁਸ਼ ਹੁੰਦੇ ਹੋਏ ਅੰਤ ਨੂੰ ਮਹੰਤ ਬਿਸ਼ਨ ਸਿੰਘ ਜੀ ਨੇ ਆਪ ਨੂੰ ਅੰਮ੍ਰਿਤਸਰ ਡੇਰੇ ਦੀ ਮਹੰਤੀ ਦੇਣ ਲਈ ਅਪਣੇ ਗੁਰਭਾਈ ਮਹੰਤ ਕਿਸ਼ਨ ਸਿੰਘ ਜੀ ਨੂੰ ਤਾਕੀਦ ਕਰ ਗਏ। ਸੰਮਤ ੧੯੫੬ ਦੇ ਲਾਗੇ ਚਾਗੇ ਜਦ ਓਹ ਗੁਜ਼ਰ ਗਏ ਤਾਂ ਆਪ ਅੰਮ੍ਰਿਤਸਰ ਆ ਗਏ। ਪੰਜ ਛੇ ਵਰ੍ਹੇ ਸੇਵਾ ਕਰਦੇ ਰਹੇ।

ਆਖਰ ਮਹੰਤ ਕਿਸ਼ਨ ਸਿੰਘ ਜੀ ੧੭-੭-੩੭ ਮੁਤਾਬਕ

ਸੰਮਤ ੧੯੬੪ ਵਿਚ ਨੂੰ ਆਪ ਦੇ ਨਾਂ ਵਸੀਅਤ ਕਰ ਕੇ ਸਮਾ ਗਏ। ਸਤ ਅਠ ਵਰ੍ਹੇ ਇਥੇ ਸੇਵਾ ਕੀਤੀ। ਬਾਅਦ ਬਾਬਾ ਬੇਲਾ ਸਿੰਘ ਜੀ ਨੇ ਉਚੇਚਾ ਲਾਹੌਰ ਬੁਲਾ ਕੇ ਸੰਮਤ ੧੯੭੨ ਵਿਚ ਆਪ ਦੇ ਨਾਂ ਦੋਹਾਂ ਮਕਾਨਾਂ ਦੀ ਵਸੀਅਤ ਕਰ ਦਿਤੀ। ਅੰਮ੍ਰਿਤਸਰ ਦੇ ਮਕਾਨ ਦਾ ਪ੍ਰਬੰਧ ਭੀ ਭਾਵੇਂ ਆਪ ਦੇ ਹਥ ਸੀ, ਪਰ ਅਜ ਤੋਂ ਅਧਿਕ ਨਿਵਾਸ ਲਾਹੌਰ ਹੀ ਕਰਨ ਲਗ ਪਏ। ਡੇਰੇ ਨੂੰ ਚੰਗੇ ਤਰੀਕੇ ਨਾਲ ਚਲਾਇਆ। ਸਾਧ ਸੰਗਤ ਨਾਲ ਪਿਆਰ ਵਧਾਇਆ। ਪਿਛਲੀ ਸਭ ਰਹੁ ਰੀਤੀ ਨੂੰ ਕਾਇਮ ਰਖਿਆ। ਆਪ ਦਾ ਸਰੀਰ ਚੰਗਾ ਪੁਸ਼ਟ ਤੇ ਦਰਸ਼ਨੀ ਸੀ, ਪਰ ਦਿਲ ਦੇ ਅਤੀ ਨਿਰਮਾਣ ਤੇ ਮਿਠ ਬੋਲੜੇ ਸੁਭਾਵ ਵਾਲੇ ਸਨ। ਭਜਨ ਪਾਠ ਨਿਤ ਨੇਮ ਨਾਲ ਪਿਆਰ ਸੀ। ਸਵੇਰੇ ਪ੍ਰਭਾਤ ਵੇਲੇ ਸੁਖਮਨੀ ਸਾਹਿਬ ਜੀ ਦਾ ਪਾਠ ਸਾਧ ਸੰਗਤ ਨੂੰ ਸੁਣਾਉਂਦੇ। ਆਸਾ ਜੀ ਦੀ ਵਾਰ ਪਿਛੋਂ ਆਪ ਕਥਾ ਬਾਰਤਾ ਕਰਦੇ। ਸਤਿ ਸੰਗ ਨੂੰ ਵਧਾ ਕੇ ਡੇਰਾ ਚੜ੍ਹਦੀਆਂ ਕਲਾਂ 'ਚ ਲਿਆਂਦਾ। ਸੰਮਤ ੧੯੯੨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਨ ਲਈ ਇਕ ਵਡੇ ਭਾਰੀ ਕਮਰੇ ਦਾ ਉਦਮ ਕੀਤਾ, ਛਤ ਪੈ ਚੁਕੀ ਸੀ, ਅਜੇ ਮੁਕੰਮਲ ਤਿਆਰ ਨਹੀਂ ਸੀ ਹੋਇਆ। ਜੋ ਇਸੇ ਦੌਰਾਨ ਵਿਚ ਲਾਹੌਰੋਂ ਬਾਹਰ ਸੁਰਸੋਂ ਆਦਕ ਪਿੰਡਾਂ ਵਿਚ ਆਪ ਕਿਸੇ ਕੰਮ ਗਏ। ਜਦ ਪਤੇਕੇ ਆਏ, ਰਾਤ ਗੁਰਦਵਾਰੇ ਸੁਤੇ, ਸੇਵਾਦਾਰ ਦੁਧ ਲਿਆਇਆ ਤਾਂ ਅਗੇ ਕੀ ਵੇਖਿਆ ਆਪ ਚੜ੍ਹਾਈ ਕਰ ਗਏ ਹਨ। ਇਹ ਆਚਰਜ ਕੌਤਕ ਜਿਸ ਨੇ ਸੁਣਿਆ ਹੈਰਾਨ ਰਹਿ ਗਿਆ। ਦੂਜੇ ਦਿਨ ਆਪ ਦੇ

ਚੇਲੇ ਮਹੰਤ ਸੁਚਾ ਸਿੰਘ ਜੀ ਅਰਥੀ ਲਾਹੌਰ ਲੈ ਗਏ। ਸਸਕਾਰ ਕੀਤਾ, ਸਤਾਰਵੇਂ ਵਾਲੇ ਦਿਨ ਆਪ ਦੇ ਨਮਿਤ ਭੋਗ ਪਾਇਆ ਤੇ ਮਹੌਛਾ ਕੀਤਾ ਗਿਆ। ਸਚਮੁਚ ਆਪ ਦੇ ਸੁਚੇ ਜੀਵਨ ਨੂੰ ਲੋਗੀ ਬੜੀ ਇਜ਼ਤ ਨਾਲ ਯਾਦ ਕਰ ਰਹੇ ਹਨ।

## ਮਹੰਤ ਸੁਚਾ ਸਿੰਘ ਜੀ

ਆਪ ਦਾ ਜਨਮ ਬਹੋਨਾ, ਜ਼ਿਲਾ ਫਿਰੋਜ਼ਪੁਰ ਦੇ ਭੋਲਾ ਸਿੰਘ ਜ਼ਿਮੀਦਾਰ ਦੇ ਘਰ ਵਿਚ ਹੋਇਆ। ਜਦ ਮਹੰਤ ਜਵਾਹਰ ਸਿੰਘ ਜੀ ਬਹੋਨੇ ਰਹਿੰਦੇ ਸਨ। ਆਪ ਭੀ ਉਨ੍ਹੀਂ ਦਿਨੀਂ ਡੇਰੇ ਵਿਚ ਆਇਆ ਜਾਇਆ ਕਰਦੇ ਸਨ। ਇਨ੍ਹਾਂ ਨਾਲ ਪ੍ਰੇਮ ਹੋ ਗਿਆ। ਮਹੰਤ ਬਿਸ਼ਨ ਸਿੰਘ ਜੀ ਦੇ ਗੁਜ਼ਰ ਜਾਣ ਤੋਂ ਬਾਅਦ ਭਾਵੇਂ ਮਹੰਤ ਜਵਾਹਰ ਸਿੰਘ ਜੀ ਅੰਮ੍ਰਿਤਸਰ ਆ ਗਏ ਸਨ, ਪਰ ਫਿਰ ਵੀ ਕਦੇ ਨਾ ਕਦੇ ਜਦ ਬਹੋਨੇ ਜਾਂਦੇ ਤਾਂ ਆਪ ਇਨ੍ਹਾਂ ਨੂੰ ਬੜੀ ਸ਼੍ਰਧਾ ਨਾਲ ਮਿਲਦੇ। ਬਲ ਕਿ ਓਹ ਦਿਨ ਆਇਆ, ਜਦ ਚੇਲੇ ਹੋ ਕੇ ਸਾਧੂ ਹੋ ਗਏ, ਆਪ ਦੇ ਮਹੰਤ ਲਾਹੌਰ ਡੇਰੇ ਦੇ ਅਸਥਾਨ ਪਤੀ ਹੋ ਗਏ, ਤਾਂ ਆਪ ਵੀ ਇਥੇ ਆ ਗਏ, ਹਰ ਤਰ੍ਹਾਂ ਦੀ ਸੇਵਾ ਕਰਦੇ ਰਹੇ। ਡੇਰਾ ਪਾਕਿਸਤਾਨ ਵਿਚ ਆ ਗਿਆ ਹੈ।

ਸ਼ਹਾਲਮੀਓ ਬਾਹਰਲਾ ਤੇ ਅੰਦਰਲਾ ਡੇਰਾ ਬਾਸਰਕੇ ਅਤੇ ਅੰਮ੍ਰਿਤਸਰ, ਇਨ੍ਹਾਂ ਚਾਰਾਂ ਡੇਰਿਆਂ ਦਾ ਪ੍ਰਬੰਧ ਆਪ ਦੇ ਹਥ ਰਿਹਾ। ਸੰਤ ਬਖਤਾਵਰ ਸਿੰਘ ਵੈਰੋਵਾਲ ਵਾਲੇ ਆਦ ਆਪ ਦੇ ਕਈ ਗੁਰਭਾਈ ਹਨ।

# ਕੁਟੀਆ ਵੈਰੋਵਾਲ

## ਸੰਤ ਬਖਤਾਵਰ ਸਿੰਘ ਜੀ ਬਲਾ ਚੌਰ

ਆਪ ਦਾ ਜਨਮ ਵੈਰੋਵਾਲ, ਜ਼ਿਲਾ ਜਾਲੰਧਰ ਸੰਮਤ ੧੯੬੪ ਸਾਵਣ ਮਹੀਨੇ ਵਿਚ ਹੋਇਆ। ਪਹਿਲਾਂ ਜਾੜਲੇ ਪਿੰਡ ਦਸਵੀਂ ਜਮਾਤ ਤਕ ਪੜ੍ਹਦੇ ਰਹੇ। ੨੦ ਸਾਲ ਦੀ ਉਮਰ ਵਿਚ ਲਾਹੌਰ ਡੇਰੇ ਆਏ, ਸਾਧੂ ਹੋ ਗਏ। ਦੋ ਤਿੰਨ ਸਾਲ ਇਥੇ ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਸ੍ਰੀ ਅੰਮ੍ਰਿਤਸਰ ੫-੬ ਸਾਲ ਪੜ੍ਹਦੇ ਰਹੇ। ਕਈ ਕੁਟੀਆ ਬਣਾਈਆਂ,ਸਤਿਸੰਗ ਜਾਰੀ ਕੀਤਾ। ਲੰਗਰ ਚਲਾਇਆ। ਆਪ ਚੰਗੇ ਭਜਨੀਕ ਨਿਤ ਨੇਮੀ ਉਦਾਰ ਸੰਤ ਹਨ। ੧੯੯੪ ਸੰਮਤ ਵਿਚ ਲਗਾਤਾਰ ੧੦੮ ਅਖੰਡ ਪਾਠਾਂ ਦੇ ਭੋਗ ਪੁਵਾਏ। ਇਲਾਕੇ ਵਿਚ ਚੰਗਾ ਸਨਮਾਨ ਬਣਿਆ ਹੋਇਆ ਹੈ। ਕਈ ਸਰੀਰ ਪਾਸ ਪੜ੍ਹਦੇ ਰਹਿੰਦੇ ਹਨ ਇਸ ਵੇਲੇ ੪੦ ਸਾਲ ਦੀ ਉਮਰ ਹੈ, ਦਰਸ਼ਨੀ ਸਰੀਰ ਹਨ। ਪਾਕਸਤਾਨ ਦੇ ਘਲੂ ਘਾਰੇ ਵਿਚ ਆਪ ਨੇ ਵਡੀ ਸੇਵਾ ਕੀਤੀ ਹੈ। ਅਖਾੜੇ ਦੇ ਮੁਖੀਏ ਮਹੰਤ ਰਹਿ ਚੁਕੇ ਹਨ।

## ਬਾਬਾ ਕਾਹਨ ਸਿੰਘ ਜੀ

ਚੇਲੇ ਮਹਾਰਾਜ ਮਹੰਤ ਸੰਤ ਸਿੰਘ ਜੀ। ਇਹ ਡੇਰਾ ਠਾਕੁਰ ਇਛਰਾ ਸਿੰਘ ਜੀ ਦਾ ਕਾਇਮ ਕੀਤਾ ਹੋਇਆ ਹੈ। ਜਦ ਮਹੰਤ ਸੰਤ ਸਿੰਘ ਜੀ ਬਾਹਰਲੇ ਡੇਰੇ ਰਹਿਣ ਲਗ ਪਏ। ਤਾਂ ਆਪਣੇ ਚੇਲੇ ਬਾਬਾ ਕਾਹਨ ਸਿੰਘ ਜੀ ਨੂੰ ਇਥੋਂ ਦਾ ਮਹੰਤ

ਬਣਾ ਦਿਤਾ।

ਇਹ ਗ੍ਰਿਸਥ ਛਡ ਕੇ ਵਡੀ ਉਮਰ ਵਿਚ ਸਾਧੂ ਹੋਏ। ਪਹਿਲਾਂ ਵਿਰਕਤ ਮੰਡਲੀ ਨਾਲ ਆਪ ਦਾ ਮਿਲਾਪ ਰਿਹਾ। ਕਨਖਲ ਨਿਰਮਲ ਕੁਟੀਆ ਆਪ ਦੀ ਜ਼ੇਰ ਨਿਗਰਾਣੀ ਬਣੀਆਂ। ਸਭ ਤੋਂ ਪਹਿਲੀ ਕੁਟੀਆ ਆਪ ਨੇ ਪੁਵਾਈ। ਜਦ ਇਥੇ ਆਣ ਟਿਕੇ ਤਾਂ ਕਈ ਵਰ੍ਹੇ ਆਪ ਨੇ ਸਤਿਸੰਗ ਜਾਰੀ ਰਖਿਆ। ਆਈ ਗਈ ਸਾਧ ਸੰਗਤ ਨਾਲ ਪਿਆਰ ਕੀਤਾ। ਕਥਾ ਵਾਰਤਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਆਪਦਾ ਚੇਲਾ ਕੋਈ ਨਹੀਂ ਸੀ। ਇਸ ਲਈ ੯ ਜਨਵਰੀ ਸੰਨ ੧੯੦੯ ਨੂੰ ਬਾਬਾ ਬੇਲਾ ਸਿੰਘ ਜੀ ਦੇ ਨਾਂ ਡੇਰੇ ਦੀ ਸਰਪ੍ਰਸਤੀ ਲਿਖ ਦਿਤੀ, ਆਪ ਕਰੀਬਨ ੯੦ ਸਾਲ ਦੇ ਹੋ ਕੇ ਗੁਜ਼ਰੇ ਹਨ।

## ਸ੍ਰੀ ਸੰਤ ਗਿਆਨ ਸਿੰਘ ਜੀ

ਇਹ ਮਕਾਨ ਠਾਕੁਰ ਇਛਰਾ ਸਿੰਘ ਜੀ ਦਾ, ਡੇਰੇ ਤੋਂ ਅਲਗ ਸੀ। ਜਿਸ ਵਿਚ ਆਪ ਦੀ ਅਨਿੰਨ ਸੇਵਕਾ ਸੰਸਾਰ ਤੋਂ ਉਪ੍ਰਾਮ ਬ੍ਰਿਤੀ, ਈਸ਼ਵਰ ਦੀ ਪਿਆਰੀ ਬੇਬੇ ਭਗਵਾਨ ਦੇਈ ਜੋ ਅੰਨ ਪਾਣੀ ਤੇ ਝਾੜੂ ਆਦ ਦੀ ਸੇਵਾ ਵਿਚ ਤਤ ਪਰ ਰਹਿਆ ਕਰਦੀ ਸੀ, ਜਦ ਠਾਕੁਰ ਜੀ ਸਮਾਏ ਤਾਂ ਕੁਝ ਸਮਾਂ ਪਹਿਲੇ ਉਸ ਨੂੰ ਇਹ ਮਕਾਨ ਰਹਿਣ ਲਈ ਦੇ ਦਿਤਾ ਸੀ, ਜਿਸ ਵਿਚ ਕਈ ਵਰ੍ਹੇ ਓਹ ਭਜਨ ਕਰਦੀ ਦਿਨ ਬਿਤੀਤ ਕਰਦੀ ਰਹੀ। ਅਖੀਰ ਸਮੇਂ ਅਪਣੇ ਗੁਰਭਾਈ ਸੰਤ ਗਿਆਨ ਸਿੰਘ ਜੀ ਦੇ ਨਾ ਵਸੀਅਤ ਕਰਾ ਗਈ।

## ਸੰਤ ਗਿਆਨ ਸਿੰਘ ਜੀ

ਆਪ ਦਾ ਜਨਮ ਕੁਤਬਾ ਤਾਹਸੀਲ ਕਸੂਰ ਦਾ ਸੀ। ੨੦ ਸਾਲ ਦੀ ਉਮਰ ਵਿਚ ਠਾਕਰ ਇਛਰਾ ਸਿੰਘ ਜੀ ਦੇ ਚੇਲੇ ਹੋਏ ਪਾਸ ਰਹਿਕੇ ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਕਈ ਵਰ੍ਹੇ ਵਿਰਕਤੀ ਠਾਟ ਵਿਚ ਫਿਰਦੇ ਰਹੇ। ੪੦ ਸਾਲ ਦੀ ਉਮਰ ਵਿਚ ਮਹੰਤ ਨਿਯਤ ਕੀਤੇ ਗਏ। ਆਪ ਕਥਾ ਚੰਗੀ ਕਰਦੇ ਸਨ, ਭਜਨ ਪਾਠ ਵਿਚ ਪਿਆਰ ਸੀ। ਸ਼ਹਿਰ ਵਿਚ ਆਪ ਦਾ ਬੜਾ ਸਤਿਕਾਰ ਸੀ ੬੦-੬੫ ਸਾਲ ਦੀ ਉਮਰ ਵਿਚ ਆਪ ਨੂੰ ਜਾਗੂ ਵਾਲ ਦੀ ਸੰਗਤ ਲੈ ਗਈ। ਜਿਥੇ ਕੁਝ ਚਿਰ ਰਹਿ ਕੇ ਮੰਡੀ ਪਤੋਕੀ ਵਿਚ ਚਾਰ ਦੁਕਾਨਾਂ ਬਣਾਈਆਂ, ਇਕ ਏਕੜ ਜ਼ਮੀਨ ਜੋ ਗੌਰਮਿੰਟ ਨੇ ਦਿਤੀ ਸੀ ਉਸ ਵਿਚ ਬਾਗ ਲੁਵਾਇਆ ਅਤੇ ਆਏ ਗਏ ਸਾਧੂਆਂ ਦੇ ਆਰਾਮ ਲਈ ਅਸਥਾਨ ਬਣਾਇਆ, ਬੜੀ ਤਰੱਕੀ ਕੀਤੀ। ਸਤਿਸੰਗ ਜਾਰੀ ਕਰ ਦਿਤਾ ਆਪ ਦੇ ਚੇਲੇ ਸੰਤ ਕੇਸਰ ਸਿੰਘ ਜੀ ਵਿਰਕਤ ਨੰਦ ਸਿੰਘ ਜੀ ਗੁਜ਼ਰ ਗਏ ਹਨ। ਆਪਦੇ ਤੀਸਰੇ ਚੇਲੇ ਸੰਤ ਸੁੰਦਰ ਸਿੰਘ ਜੀ ਦੇ ਨਾਮ ਅਪਣੀ ਸਾਰੀ ਜਾਇਦਾਦ ਦੀ ਵਸੀਅਤ ਕਰਕੇ ਆਖਰ ੯੦ ਸਾਲ ਦੀ ਉਮਰ ਵਿਚ ਜਾਗੂਵਾਲ ਹੀ ਗੁਜ਼ਰ ਗਏ।

## ਮਹੰਤ ਸੁੰਦਰ ਸਿੰਘ ਜੀ

(ਸਾਬਕ ਸਕਤ੍ਰ ਨਿਰਮਲ ਅਖਾੜਾ)

ਆਪ ਦਾ ਜਨਮ ਜਾਗੂਵਾਲ ਜ਼ਿਲਾ ਲਾਹੌਰ ਦੇ ਸ: ਸਵਾਯਾ ਸਿੰਘ ਸਫੈਦ ਪੋਸ਼ ਦੇ ਘਰ ਵਿਖੇ ਹੋਇਆ। ਛੋਟੀ

ਸਾਬਿਕ ਸਕੱਤਰ ਨਿਰਮਲ ਅਖਾੜਾ

ਕਨਖਲ



ਸ੍ਰੀ ਮਾਨ ਮਹੰਤ ਸੁੰਦਰ ਸਿੰਘ ਜੀ

ਮਾਇਆ ਪੁਰ, ਹਰਦੁਵਾਰ

ਉਮਰ ਵਿਚ ਸੰਤਾਂ ਦੇ ਚਰਨਾਂ 'ਚ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਕਈ ਵੇਰਾਂ ਲਾਹੌਰ ਜਾ ਕੇ ਵਰ੍ਹਾ ਵਰ੍ਹਾ ਭਰ ਟਿਕੇ ਰਹੇ। ਸੰਤਾਂ ਪਿਛੋਂ ਭੇਖ ਨੇ ਆਪ ਨੂੰ ਪੱਗ ਦਿਤੀ, ਸਾਰੀ ਜਾਇਦਾਦ ਸੰਭਾਲਣ ਵਿਚ ਦਿਲ ਦਿਤਾ। ਸੰਤਾਂ ਦੀ ਯਾਦਗਾਰ ਵਿਚ ਸੰਮਤ ੧੯੯੦ ਨੂੰ ਇਕ ਨਵਾਂ ਅਸਥਾਨ ਬਣਾਇਆ ਬਾਹਰ ਚਾਰ ਕੁਟੀਆਂ ਬਣਾਈਆਂ। ਇਸ ਮੌਕੇ ਭੇਖ ਦਾ ਇਕੱਠ ਕਰਕੇ ਵਡਾ ਭੰਡਾਰਾ ਕੀਤਾ। ਮੰਡੀ ਪਠੋਕੀ ਵਿਚ ਪਹਿਲੇ ਬਣੀਆਂ ਦੁਕਾਨਾਂ ਉਤੇ ੯ ਚੁਬਾਰੇ ਬਣਾਏ ਪੁਰਾਣੀ ਮੰਡੀ ਵਿਚ ਦੋ ਦੁਕਾਨਾਂ ਅਤੇ ਇਕ ਮਕਾਨ ਬਣਾਇਆ। ਅਸਥਾਨ ਦੀ ਬੜੀ ਤਰੱਕੀ ਕੀਤੀ। ੧੫੦) ਰੁਪਿਆ ਕਰਾਇਆ ਮਹੀਨਾ ਆਉਂਦਾ ਸੀ।

ਪਾਕਸਤਾਨ ਬਣਨ ਤੋਂ ਬਾਅਦ ਹਰੀ ਦੁਆਰ ਆਏ। ਅਖਾੜੇ ਦੇ ਕਈ ਵਰ੍ਹੇ ਸਕੱਤ੍ਰ ਰਹਿ ਕੇ ਕੰਮ ਚੰਗਾ ਚਲਾਇਆ। ਨਿਰਮਲ ਕੁਟੀਆ ਕਮੇਟੀ ਕਨਖਲ ਦੇ ਮੈਂਬਰ ਰਹਿ ਚੁਕੇ ਹਨ ਆਪ ਉਦਮੀ ਸਰੀਰ ਹਨ। ਮੇਲ ਮਿਲਾਪ ਵਾਲਾ ਸੁਭਾਵ ਹੈ। ਅਜਕਲ ਮਾਇਆ ਪੁਰੀ ਇਕ ਡੇਰੇ ਦੇ ਮਹੰਤ ਹਨ। ਆਪਦੇ ਦੋ ਸ਼ਿਸ਼ ਹਨ, ਇਕ ਸੰਤ ਸੁਲੱਖਣ ਸਿੰਘ ਜੋ ਪਾਸ ਰਹਿੰਦਾ ਸੇਵਾ ਕਰਦਾ ਹੈ। ਦੂਜੇ ਗਿਆਨੀ ਸੰਤ ਗੁਰਦਾਸ ਸਿੰਘ ਜੀ ਜੋ ਚੰਗੇ ਲਿਖੇ ਪੜ੍ਹੇ ਮਹਾਤਮਾ ਹਨ। ਚੰਗੀ ਕਥਾ ਬਾਰਤਾ ਕਰਦੇ ਹਨ।

## ਸ਼੍ਰੀ ਸੰਤ ਆਨੰਦ ਸਿੰਘ ਜੀ ਗੁਜਰਾਂ ਵਾਲਾ

ਚੇਲੇ ਬਾਬਾ ਗੁਰਮੁਖ ਸਿੰਘ ਜੀ ਅੰਮ੍ਰਿਤਸਰ। ਛੋਟੀ

ਉਮਰ ਵਿਚ ਸ੍ਰੀ ਅੰਮ੍ਰਿਤਸਰ ਸੰਤਾਂ ਪਾਸ ਆਏ। ਸੇਵਾ ਕਰਦੇ ਪੜ੍ਹਦੇ ਰਹੇ। ਸੰਤ ਗੁਜ਼ਰ ਗਏ ਤਾਂ ਆਪ ਉਦਾਸੀਨ ਅਵਸਥਾ ਵਿਚ ਰਿਸ਼ੀਕੇਸ਼ ਆਦਕ ਤੀਰਥਾਂ ਪੁਰ ਚਲੇ ਗਏ। ਕਈ ਵਰ੍ਹੇ ਦੇਸ਼ਾ ਰਟਨ ਤੋਂ ਬਾਅਦ ਵਿਚਰਦੇ ੨ ਗੁਜਰਾਂ ਵਾਲੇ ਆਏ। ਵਿਰਕਤੀ ਠਾਠ ਵਿਚ ਸ਼ਹਿਰੋਂ ਬਾਹਰ ਇਕੰਤ ਜਗ੍ਹਾ ਨਿਵਾਸ ਕਰਦੇ ਰਹੇ। ਫਿਰ ਕਈ ਵਰ੍ਹੇ ਆਪਣੇ ਸ਼ਿਸ਼ ਮਹਾਰਾਜ ਸੰਤ ਪਰੇਮ ਸਿੰਘ ਜੀ ਪਾਸ ਰਹੇ। ਇਥੋਂ ਧਰਮਸਾਲਾ ਗੰਭੀਰਾਂ ਦੀ ਵਿਖੇ ਚਲੇ ਗਏ। ਜਿਥੇ ਉਮਰ ਦਾ ਬਾਕੀ ਹਿਸਾ ਬਿਤਾ ਕੇ ੯੦-੯੫ ਸਾਲ ਦੀ ਆਯੂ ਵਿਚ ਚੜ੍ਹਾਈ ਕਰ ਗਏ। ਆਪ ਦੇ ਦੋ ਚੇਲੇ ਚੰਗੇ ਪ੍ਰਤਾਪ ਵਾਲੇ ਮਹਾਤਮਾ ਪ੍ਰਸਿਧ ਹੋਏ। ਇਕ ਤਾਂ ਸ੍ਰੀ ਮਹਾਰਾਜ ਪਰੇਮ ਸਿੰਘ ਜੀ ਗੁਜਰਾਂ ਵਾਲਾ ਦੂਜੇ ਸੰਤ ਫਤੇਹ ਸਿੰਘ ਜੀ।

## ਸ੍ਰੀ ਸੰਤ ਪਰੇਮ ਸਿੰਘ ਜੀ

ਆਪ ਪੁਰਾਤਨ ਮ੍ਰਿਯਾਦਾ ਵਾਲੇ ਇਕ ਦੀਦਾਰੀ ਮਹਾਂ ਪੁਰਸ਼ ਹੋਏ ਹਨ। ਸੰਮਤ ੧੯੭੯ ਦੇ ਲਗਪਗ ਗੁਜਰਾਂ ਵਾਲੇ ਜਨਮ ਹੋਇਆ। ਵਡੀ ਉਮਰ ਵਿਚ ਸਾਧੂ ਹੋਏ। ਮਾਤਾ ਪਿਤਾ ਨੇ ਸ਼ਾਦੀ ਕਰ ਦਿਤੀ ਪਰ ਆਪ ਦੀ ਬ੍ਰਿਤੀ ਸੰਸਾਰ ਵਲੋਂ ਉਪ੍ਰਾਮ ਹੀ ਰਹੀ, ਆਏ ਗਏ ਸਾਧ ਸੰਤ ਨਾਲ ਬੜਾ ਪਰੇਮ ਰਖਦੇ ਰਹੇ। ਬਲਕਿ ਭੋਜਨ ਪਾਣੀ ਦੀ ਸੇਵਾ ਕਰਕੇ ਬੜੇ ਪ੍ਰਸੰਨ ਹੁੰਦੇ। ਆਪ ਦੀ ਸੇਵਾ ਨੂੰ ਮੁਖ ਰਖਕੇ ਜੇ ਕੋਈ ਸਾਧੂ ਆਪ ਨੂੰ ਸ਼ਿਸ਼ ਬਣਨ ਲਈ ਕਹਿੰਦਾ ਤਾਂ ਆਪ ਸਾਫ ਕਹਿ

ਦਿਤਾ ਕਰਦੇ ਕਿ ਸੰਤ ਜੀ ਸਚੀ ਗੱਲ ਹੈ। ਮੈਂ ਉਨ੍ਹਾਂ ਦਾ ਦਾਸ ਸ਼ਿਸ਼ ਬਣਾਂਗਾ ਜਿਹੜਾ ਪਹਿਲਾਂ ਮੈਨੂੰ ਗਿਆਨ ਕਰਾ ਦੇਵੇ। ਫਿਰਦੇ ਤੁਰਦੇ ਇਕ ਵੇਰਾਂ ਮਹਾਰਾਜ ਸੰਤ ਆਨੰਦ ਸਿੰਘ ਜੀ ਇਥੇ ਆ ਗਏ, ਆਪ ਭੀ ਦਰਸ਼ਨ ਲਈ ਬਾਹਰ ਗਏ, ਸੰਤਾਂ ਦੀਆਂ ਗਿਆਨ ਧਿਆਨ ਦੀਆਂ ਸੁੰਦਰ ਗੱਲਾਂ ਸੁਣ ਕੇ ਇਤਨੇ ਪ੍ਰਸੰਨ ਹੋਏ ਜੋ ਸਦਾ ਲਈ ਦਾਸ ਬਣ ਗਏ, ਉਪ੍ਰਾਮ ਅਗੇ ਹੀ ਸਨ, ਪਰ ਹੁਣ ਪਾਸ ਰਹਿਕੇ ਸਾਧੂ ਭਾਵ ਵਿਚ ਦਿਨ ਬਿਤੀਤ ਕਰਨ ਲਗ ਪਏ। ਸੇਵਾ ਕਰਦੇ ਪੜ੍ਹਦੇ ਰਹੇ, ਥੋੜੇ ਚਿਰ ਵਿਚ ਹੀ ਰਹਿਣੀ ਬਹਿਣੀ ਵਿਚ ਸੁੰਦਰ ਹੋ ਗਏ। ਨਾਲ ਹੀ ਕਦੇ ਕਦਾਈਂ ਆਪਣੇ ਜਨਮ ਦੇ ਭਾਈ ਸੰਤ ਬਿਸ਼ਨ ਦਾਸ ਜੀ ਉਦਾਸੀ, ਚੇਲੇ ਮਹੰਤ ਠਾਕੁਰ ਸੰਤ ਦਾਸ ਜੀ ਦੇ ਪਾਸ ਬਗੀਚੀ ਠਾਕੁਰਾਂ ਦੀ ਵਿਚ ਜਾਇਆ ਕਰਦੇ।

ਜਦ ਦੇਵ ਨੇਤ ਸੰਤ ਬਿਸ਼ਨ ਦਾਸ ਜੀ ਗੁਜਰ ਗਏ ਤਾਂ ਫਿਰ ਠਾਕਰ ਸੰਤ ਦਾਸ ਜੀ ਪਾਸ ਟਿਕ ਗਏ। ਆਪ ਦੀ ਸੇਵਾ ਤੇ ਸਾਧੂ ਬ੍ਰਿਤੀ ਪੁਰ ਪ੍ਰਸੰਨ ਹੋ ਕੇ ਠਾਕੁਰ ਜੀ ਨੇ ਡੇਰੇ ਦੀ ਵਸੀਅਤ ਆਪ ਦੇ ਨਾਮ ਕਰਾ ਦਿਤੀ। ਕੁਝ ਸਮੇਂ ਬਾਅਦ ਜਦ ਠਾਕੁਰ ਸੰਤ ਦਾਸ ਜੀ ਨੇ ਸੰਤ ਨਰੈਣ ਦਾਸ ਜੀ ਨੂੰ ਆਪਣਾ ਚੇਲਾ ਬਣਾ ਲਿਤਾ ਤਾਂ ਅਪਣੇ ਸ਼ਿਸ਼ ਦੀ ਮੌਜੂਦਗੀ ਵਿਚ ਆਪ ਨੂੰ ਗੁਲਾਬੀ ਪੱਗ ਜੁ ਉਦਾਸੀ ਮਹਾਤਮਾ ਦਾ ਇਕ ਚਿੰਨ੍ਹ ਹੈ ਬੰਨ੍ਹਣ ਲਈ ਆਖਿਆ। ਆਪ ਸਾਰਾ ਮਤਲਬ ਸਮਝ ਗਏ ਉਸੇ ਵੇਲ ਵਸੀਅਤ ਮੋੜ ਦਿਤੀ ਤੇ ਆਖਿਆ ਕਿ ਮੈਂ ਇਕ ਜਾਇਦਾਦ ਦੇ ਪਿਛੇ ਸ੍ਰੀ ਗੁਰੂ ਦਸਮੇਸ਼ ਜੀ ਦੇ ਝੰਡੇ ਹੇਠੋਂ

ਨਿਕਲਣ ਲਈ ਤਿਆਰ ਨਹੀਂ। ਇਸ ਗਲ ਦੀ ਸ਼ਹਿਰ ਵਿਚ ਭੀ ਚਰਚਾ ਛਿੜ ਪਈ ਤੇ ਆਪ ਦੇ ਤਿਆਗ ਨੂੰ ਹਰ ਇਕ ਨੇ ਇਜ਼ਤ ਦੀ ਨਿਗਾਹ ਨਾਲ ਵੇਖਿਆ।

ਰਾਏ ਮੂਲ ਸਿੰਘ ਜੀ ਜੁ ਆਪ ਦੇ ਖਾਸ ਪਰੇਮੀਆਂ ਵਿਚੋਂ ਸਨ, ਨੇ ਜਦ ਸੁਣਿਆ ਤਾਂ ਠਾਕਰ ਮੰਤ ਦਾਸ ਜੀ ਦੀ ਉਸ ਗਲ ਪੁਰ ਅਫਸੋਸ ਪ੍ਰਗਟ ਕੀਤਾ ਤੇ ਆਪ ਨੂੰ ਇਕ ਹੋਰ ਨਵਾਂ ਡੇਰਾ ਬਣਾ ਦੇਣ ਦਾ ਖਿਆਲ ਹਿਰਦੇ ਵਿਚ ਰਖ ਕੇ ਪਾਸ ਆ ਕੇ ਕਿਹਾ ਕਿ ਮਹਾਰਾਜ ਮੈਂ ਇਕ ਦਾਨ ਆਪ ਪਾਸੋਂ ਮੰਗਦਾ ਹਾਂ, ਜੇ ਆਪ ਮੰਨੋ ਤਾਂ। ਆਪ ਨੇ ਆਖਿਆ ਉਹ ਕੀ ਚੀਜ਼। ਰਾਏ ਸਾਹਿਬ ਨੇ ਆਖਿਆ, ਜਿਤਨਾ ਚਿਰ ਆਪ ਹਾਂ, ਨਾਂ ਕਰੋਗੇ, ਉਤਨਾ ਚਿਰ ਮੈਂ ਨਹੀਂ ਕੁਝ ਮੰਗਣਾ, ਆਪ ਨੇ ਸਮਝਿਆ ਕਿ ਕੁਝ ਮਾਮੂਲੀ ਜਿਹੀ ਗੱਲ ਹੋਣੀ ਹੈ। ਇਸ ਲਈ ਕਹਿ ਦਿਤਾ ਕਿ ਹਛਾ ਜੋ ਕਹੋਗੇ ਮੰਨਾਂਗੇ। ਅਗੋਂ ਰਾਏ ਸਾਹਿਬ ਨੇ ਆਖਿਆ ਕਿ ਇਕ ਨਵਾਂ ਮਕਾਨ ਬਣਾਨ ਲਈ ਮੇਰਾ ਖਿਆਲ ਹੋ ਚੁਕਾ ਹੈ। ਆਪ ਉਸ ਵਿਚ ਅਧਿਸ਼ਠਾਤਾ ਬਣਕੇ ਰਹਿਣਾ ਪ੍ਰਵਾਨ ਕਰੋ। ਆਪ ਸੁਣ ਕੇ ਹੈਰਾਨ ਰਹਿ ਗਏ, ਪਰ ਕੀਤੇ ਵਾਕ ਦੀ ਮਜਬੂਰੀ 'ਚ ਆ ਕੇ ਹਾਂ ਕਰਨੀ ਪੈ ਗਈ। ਬਾਅਦ ਰਾਏ ਸਾਹਿਬ ਨੇ ਕਈ ਮਰਲੇ ਜ਼ਮੀਨ ਮੁਲ ਲੈਕੇ ਨੀਂਹ ਰਖ ਦਿਤੀ। ਸੰਮਤ ੧੯੩੫ ਵਿਚ ਧਰਮਸਾਲਾ ਤਿਆਰ ਕਰਾ ਦਿਤੀ। ਵਡਾ ਭਾਰੀ ਦੋ ਮੰਜ਼ਲਾ ਮਕਾਨ ਬਣਾਇਆ ਜੁ ਇਸ ਵੇਲੇ ਰੇਲਵੇ ਬਾਜ਼ਾਰ ਵਿਚ ਪ੍ਰਸਿਧ ਹੈ। ਜਦ ਧਰਮਸਾਲਾ ਤਿਆਰ ਹੋ ਗਈ ਬੜੇ ਭਾਰੀ ਜਲੂਸ ਨਾਲ ਸ੍ਰੀ ਗੁਰੂ ਗਰੰਥ

ਸਾਹਿਬ ਜੀ ਦੀ ਸਵਾਰੀ ਚੜ੍ਹਾਕੇ ਬੜੀ ਧੂਮਧਾਮ ਨਾਲ ਆਪ ਨੂੰ ਲਿਆਂਦਾ। ਬੜੇ ਭਾਰੀ ਦੀਵਾਨ ਵਿਚ ਰਾਏ ਸਾਹਿਬ ਨੇ ਪਰੇਮ ਭਰੀ ਪ੍ਰਾਰਥਨਾ ਕਰਕੇ ਆਪ ਨੂੰ ਮਹੰਤ ਅਸਥਾਪਨ ਕੀਤਾ।

ਇਸ ਵੇਲੇ ਬਗ਼ਚੀ ਵਾਲੇ ਠਾਕਰ ਸੰਤ ਦਾਸ ਜੀ ਆਪ ਦੀ ਪ੍ਰਭੁਤਾ ਨੂੰ ਵੇਖ ਕੇ ਹੈਰਾਨ ਰਹਿ ਗਏ ਤੇ ਆਪਣੀ ਕਹੀ ਹੋਈ ਗੱਲ ਨੂੰ ਯਾਦ ਕਰਕੇ ਅਫ਼ਸੋਸ ਪ੍ਰਗਟ ਕਰਨ ਲਗ ਪਏ। ਵਡਾ ਉਤਸ਼ਾਹ ਹੋਇਆ, ਯੱਗ ਕੀਤਾ, ਬਾਅਦ ਆਪ ਨੇ ਸਤਿ-ਸੰਗ ਦਾ ਪ੍ਰਵਾਹ ਜਾਰੀ ਕਰ ਦਿਤਾ। ਆਏ ਗਏ ਲਈ ਲੰਗਰ ਚਲਾਇਆ, ਬੜਾ ਜਸ ਖਟਿਆ।

ਰਬ ਦੀ ਨੇਤ ਕਈ ਵਰ੍ਹੇ ਰਹਿਕੇ ਆਪ ਉਦਾਸ ਹੋ ਗਏ, ਤੀਰਥਾਂ ਪੁਰ ਰਟਨ ਲਈ ਸੰਕਲਪ ਦ੍ਰਿੜ੍ਹ ਕਰ ਲਿਤਾ, ਰਾਏ ਸਾਹਿਬ ਨੂੰ ਪਤਾ ਲਗਾ ਤਾਂ ਆਣ ਹਥ ਜੋੜੇ। ਅਗੋਂ ਆਪ ਨੇ ਕਿਹਾ ਕਿ ਹੁਣ ਜਿਹੜਾ ਸਾਨੂੰ ਰੋਕੇਗਾ, ਉਸ ਨੂੰ ਗਊ ਹਤਿਆ ਦਾ ਪਾਪ ਲਗੇਗਾ। ਰਾਏ ਸਾਹਿਬ ਨੇ ਆਖਿਆ ਕਿ ਮਹਾਰਾਜ ਭਾਵੇਂ ਹਜ਼ਾਰ ਗਊ ਦੀ ਹਤਿਆ ਦਾ ਪਾਪ ਲਗੇ ਪਰ ਆਪ ਇਥੇ ਹੀ ਦਰਸ਼ਨ ਦਿਓ। ਰਾਏ ਸਾਹਿਬ ਦੇ ਨੇਤ੍ਰਾਂ ਵਿਚ ਆਂਸੂ ਆ ਗਏ। ਆਪ ਦੇ ਇਤਨੇ ਪ੍ਰੇਮੀ ਸਨ ਕਿ ਇਕ ਵੇਰਾਂ ਆਪ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਜੋ ਮਹਾਰਾਜਾ ਰਣਜੀਤ ਸਿੰਘ ਸਾਹਿਬ ਨੇ ਉਚੇਚਾ ਰੇਸ਼ਮ ਦੇ ਕਾਗਜ਼ ਤਿਆਰ ਕਰਵਾ ਕੇ ਲਿਖਾਏ ਸਨ, ਧਰਮਸਾਲਾ ਵਿਚ ਅਸਥਾਪਨ ਕਰਨ ਲਈ ਲਿਆਉਣ ਵਾਸਤੇ ਆਖਿਆ। ਉਹ ਝਟ ਪਟ ਸਤ ਬਚਨ ਕਰ ਕੇ ਸ਼ੇਖ਼ੂਪੁਰੇ ਰਾਜਾ ਹਰਬੰਸ ਸਿੰਘ ਪਾਸ ਚਲੇ ਗਏ ਜਿਥੇ ਛੋ

ਮਹੀਨੇ ਰਹਿਕੇ ਰਾਜਾ ਸਾਹਿਬ ਪਾਸੋਂ ਮੰਗ ਕੇ ਲਿਆਂਦੇ। ਧੂਮ-ਧਾਮ ਨਾਲ ਧਰਮਸਾਲਾ 'ਚ ਅਸਥਾਪਨ ਕੀਤੇ। ਉਹ ਜਿਲਦ ਧਰਮਸਾਲਾ ਵਿਚ ਮੌਜੂਦ ਰਹੀ ਕਦੇ ਕਦੇ ਪ੍ਰਕਾਸ਼ ਹੁੰਦਾ ਸੀ।

ਜਿਤਨਾ ਚਿਰ ਸਰੀਰ ਰਿਹਾ ਆਪ ਨੇ ਸ਼ਹਿਰ ਵਿਚ ਬੜਾ ਸਤਿਕਾਰ ਪਾਇਆ। ਆਇ ਗਏ ਸਾਧੂ ਸੰਤ ਦੀ ਸੇਵਾ ਕਰਦੇ ਰਹੇ। ਸਰੀਰ ਦਰਸ਼ਨੀ ਸੀ। ਸਰਦਾਰ ਬ: ਕਾਹਨ ਸਿੰਘ ਜੀ ਨੇ ਅਪਣੇ ਮਹਾਨੁ ਕੋਸ਼ ਵਿਚ ਆਪ ਦੀ ਤਸਵੀਰ ਦਿਤੀ ਹੈ, ਆਖਰ ੯੦ ਸਾਲ ਦੀ ਆਯੂ ਵਿਚ ਅਪਣੇ ਸ਼ਿਸ਼ ਸ੍ਰੀ ਮਹਾਰਾਜ ਸੰਤ ਸਿੰਘ ਜੀ (ਗੋਬਿੰਦ ਜੀ) ਨੂੰ ਅਸਥਾਨ ਦੀ ਸੇਵਾ ਬਖਸ਼ ਕ ਸੰਮਤ ੧੯੫੬ ਵਿਚ ਆਪ ਗੁਰਪੁਰੀ ਸਿਧਾਰ ਗਏ।

## ਮਹਾਰਾਜ ਸੰਤ ਸਿੰਘ ਜੀ

### (ਪ੍ਰਸਿੱਧ ਨਾਮ ਗੋਬਿੰਦ ਜੀ)

ਆਪ ਦਾ ਜਨਮ ਜ਼ਿਲੇ ਰਾਵਲ ਪਿੰਡੀ ਦਾ ਸੀ। ਵਡੀ ਉਮਰ ਵਿਚ ਸੰਤਾਂ ਪਾਸ ਆਏ। ਸਚੇ ਪਿਆਰ ਨਾਲ ੪੦ ਵਰ੍ਹੇ ਸੇਵਾ ਕੀਤੀ। ਜਿਤਨਾ ਚਿਰ ਸੰਤਾਂ ਪਾਸ ਰਹੇ, ਮੰਜੇ ਪੁਰ ਨਹੀਂ ਸੁਤੇ। ਅਧਿਕਤਾ ਕਰ ਕੇ ਗੋਬਿੰਦ ਗੋਬਿੰਦ ਸ਼ਬਦ ਮੂੰਹੋਂ ਆਖਿਆ ਕਰਦੇ ਸਨ। ਜਿਸ ਲਈ ਆਪ ਦਾ ਨਾਮ ਭੀ ਗੋਬਿੰਦ ਪ੍ਰਸਿੱਧ ਹੋ ਗਿਆ। ਸੰਤਾਂ ਮਗਰੋਂ ਡੇਢ ਵਰ੍ਹਾ ਸੇਵਾ ਕੀਤੀ। ਸੰਮਤ ੧੯੫੭ ਦੇ ਅਖੀਰ 'ਚ ਅਪਣੇ ਚੇਲੇ ਸ੍ਰੀ ਸੰਤ ਗੰਗਾ ਸਿੰਘ ਜੀ (ਦਿਆਲ ਜੀ) ਨੂੰ ਸੇਵਾ ਬਖਸ਼ ਕੇ ਗੁਰਪੁਰੀ ਸਿਧਾਰੇ।

# ਮਹਾਰਾਜ ਗੰਗਾ ਸਿੰਘ ਜੀ

(ਪ੍ਰਸਿੱਧ ਨਾਮ ਦਿਆਲ ਜੀ)

ਆਪ ਦਾ ਜਨਮ ਗਾਖੜਾ ਜ਼ਿਲਾ ਗੁਜਰਾਤ ਵਿਚ ਹੋਇਆ। ਛੋਟੀ ਉਮਰ ਵਿਚ ਵਡੇ ਸੰਤਾਂ ਵੇਲੇ ਡੇਰੇ ਆਏ। ਦੋਹਾਂ ਮਹਾ ਪੁਰਸ਼ਾਂ ਦੀ ਸੇਵਾ ਕਰਦੇ ਰਹੇ। ਮਹਾਰਾਜ ਗੋਬਿੰਦ ਜੀ ਦੇ ਸ਼ਿਸ਼ ਹੋਏ, ਕੁਝ ਸਮਾਂ ਪਾਸ ਰਹੇ। ਬਾਅਦ ਸ੍ਰੀ ਪੰਡਿਤ ਆਨੰਦ ਸਿੰਘ ਜੀ ਚੇਲੇ ਮਹਾਰਾਜ ਮਿਸ਼ਰਾ ਸਿੰਘ ਜੀ ਅੰਮ੍ਰਿਤ-ਸਰ ਵਾਲਿਆਂ ਦੀ ਮੰਡਲੀ ਵਿਚ ਖਾਸਾ ਚਿਰ ਪੜ੍ਹਦੇ ਰਹੇ। ਮਹਾਰਾਜ ਗੋਬਿੰਦ ਜੀ ਦੇ ਪਿਛੋਂ ਅਸਥਾਨ ਦੀ ਸੇਵਾ ਆਪ ਨੇ ਸੰਭਾਲੀ। ਜਿਸਨੂੰ ਕਈ ਵਰ੍ਹੇ ਦਿਲੋਂ ਪਰੇਮ ਭਾਵ ਨਾਲ ਨਿਬਾਹਿਆ। ਅਸਥਾਨ ਦੀ ਤਰੱਕੀ ਕੀਤੀ। ਉਪਰ ਸ੍ਰੀ ਰਾਮ ਚੰਦਰ, ਸੀਤਾ ਲਛਮਣ ਜੀ ਦੀਆਂ ਤਿੰਨੇ ਸੰਗ ਮਰਮਰ ਦੀਆਂ ਮੂਰਤਾਂ ਜੋ ਨਾਲ ਬਿਰਾਜ ਮਾਨ ਸਨ। ਇਹ ਆਪ ਨੇ ਹੀ ਅਸਥਾਪਨ ਕੀਤੀਆਂ। ਲੰਗਰ ਚਲਾਇਆ, ਕਥਾ ਕੀਰਤਨ ਦੀ ਹਮੇਸ਼ਾ ਰੌਣਕ ਰਖੀ।

ਆਪ ਚੰਗੇ ਸੁਬੋਧ ਪੁਰਸ਼ ਸਨ ਬ੍ਰਿਤੀ ਪ੍ਰਭਾਕਰ ਆਦਕ ਕਈ ਵੇਦਾਂਤ ਦੇ ਗ੍ਰੰਥ ਕੰਠਾਗ੍ਰ ਤੇ ਗੁਰਬਾਣੀ ਦੇ ਅਰਥਾਂ ਦੇ ਪੂਰੇ ਗਿਆਤਾ ਸਨ। ਆਪਦਾ ਸੁਭਾਵ ਹਰ ਇਕ ਨਾਲ ਪਿਆਰ ਕਰਨ ਵਾਲਾ ਸੀ। ਸਭ ਨੂੰ ਪ੍ਰਮੇਸ਼ਰੋ ਦਿਆਲੂਓ ਕਹਿ ਕੇ ਬੁਲਾਇਆ ਕਰਦੇ ਸਨ। ਕੋਈ ਅਮੀਰ ਜਾਂ ਗਰੀਬ ਆਵੇ, ਕਿਸੇ ਨੂੰ ਖੁਲ੍ਹਾ ਪ੍ਰਸ਼ਾਦ ਦਏ ਬਿਨਾਂ ਜਾਣ ਨਹੀਂ ਸੀ ਦਿੰਦੇ।

ਅਧਿਕ ਸਮਾਂ ਗੁਰਬਾਣੀ ਤੇ ਗੁਰਇਤਿਹਾਸ ਦੇ ਸੁਣਨ ਸੁਣਾਉਂਣ ਵਿਚ ਖਰਚ ਕਰਦੇ। ਸੁਬ੍ਹਾ ਸ਼ਾਮ ਸੈਰ ਕਰਨ ਲਈ ਬਾਹਰ ਜਾਂਦੇ, ਤਾਂ ਭੀ ਕਿਧਰੇ ਇਕੰਤ ਜਗ੍ਹਾ ਬੈਠ ਕੇ ਕਿਸੇ ਪਾਸੋਂ ਪੁਸਤਕ ਸੁਣਦੇ ਰਹਿੰਦੇ, ਉਦਾਰ ਇਤਨੇ ਸਨ ਜਿਸ ਕਿਸੇ ਪਾਸੋਂ ਜਦ ਕੁਝ ਸੁਣਦੇ,ਉਸੇ ਵੇਲੇ ਯੋਗਯਤਾ ਅਨੁਸਾਰ ਉਸਦੀ ਪੂਜਾ ਕਰ ਦਿੰਦੇ। ਸਚਮੁਚ ਆਪ ਸਹਿਨਸ਼ੀਲਤਾ ਤੇ ਖਿਮਾ ਦੀ ਮੂਰਤੀ ਸਨ।

ਆਪ ਇਹ ਅਕਸਰ ਕਿਹਾ ਕਰਦੇ ਸਨ ਕਿ ਮਹਾਰਾਜ ਇਹ ਕ੍ਰਿਪਾ ਕਰੇ। ਅਸਾਡੇ ਪਿਛੋਂ ਕੋਈ ਪੈਸਾ ਧੇਲਾ ਸਾਡਾ ਜਮਾਂ ਨਾ ਨਿਕਲੇ। ਇਸ ਲਈ ਜਿਤਨੀ ਪੂਜਾ ਜਾਂ ਆਮਦਨ ਹੁੰਦੀ ਸੀ ਸਭ ਸਾਧ ਸੰਗਤ ਨੂੰ ਖਿਲਾ ਦਿੰਦੇ, ਸਰੀਰ ਸੋਹਣਾ ਗੌਰ ਦਰਸ਼ਨੀ ਤੇ ਮਿਠ ਬੋਲੜਾ ਸੁਭਾਵ ਸੀ, ਸ਼ਹਿਰੀ ਸਿਖਾਂ ਸੇਵਕਾਂ ਤੋਂ ਇਲਾਵਾ ਸੰਤ ਆਤਮਾ ਸਿੰਘ ਜੀ, ਸੰਤ ਹਰਭਜਨ ਸਿੰਘ ਜੀ ਵਿਰਕਤ ਜੁ ਸੰਮਤ ੧੯੮੧ ਵਿਚ ਰਿਸ਼ੀ-ਕੇਸ਼ ਗੰਗਾ ਜੀ ਦੇ ਹੜ ਵਿਚ ਬਹਿ ਗਏ ਹਨ। ਸੰਤ ਮੁਕੰਦ ਸਿੰਘ ਜੀ, ਸੰਤ ਜੈਮਲ ਸਿੰਘ ਜੀ ਰਮਤ ਅਖਾੜੇ ਦੇ ਮਹੰਤ, ਸੰਤ ਈਸ਼ਰ ਸਿੰਘ ਜੀ ਵਿਰਕਤ, ਪੰਡਿਤ ਹਰਨਾਮ ਸਿੰਘ ਜੀ ਆਦਕ ਕਈ ਸ਼ਿਸ਼ ਸਨ, ਪਰ ਜਦ ਸੰਮਤ ੧੯੭੬ ਵਿਚ ਮਾਰਸ਼ਲਾ ਦੇ ਦਿਨੀਂ ਕੁਝ ਬੀਮਾਰ ਹੋਏ ਤਾਂ ਪੰਡਿਤ ਹਰਨਾਮ ਸਿੰਘ ਜੀ ਨੂੰ ਆਪਣਾ ਉਤ੍ਰਾਧਿਕਾਰੀ ਅਸਥਾਪਨ ਕਰ ਦਿਤਾ। ਬਾਅਦ ਕੁਝ ਦਿਨ ਸਰੀਰ ਰਿਹਾ। ੬ ਵਿਸਾਖ ਨੂੰ ਗੁਰਪੁਰੀ ਸਿਧਾਰ ਗਏ।

# ਪੰਡਿਤ ਹਰਨਾਮ ਸਿੰਘ ਜੀ

ਆਪ ਦਾ ਜਨਮ ਪਿੰਡ ਬਬਰ ਜ਼ਿਲਾ ਗੁਜਰਾਂ ਵਾਲਾ ਸ੍ਰ: ਗੰਡਾ ਸਿੰਘ ਜੀ ਦੇ ਗ੍ਰਿਹਿ ਵਿਖੇ ਮਾਘ ਸੰਮਤ ੧੯੪੫ ਨੂੰ ਹੋਇਆ। ਛੋਟੀ ਉਮਰ ਵਿਚ ਮਹਾਰਾਜ ਸੰਤ ਭਾਗ ਸਿੰਘ ਜੀ ਪਾਸੋਂ ਗੁਰਮੁਖੀ ਪੜ੍ਹਦੇ ਰਹੇ। ਬਾਅਦ ਤਿੰਨ ਚਾਰ ਵਰ੍ਹੇ ਆਪਣੇ ਵਡੇ ਭਰਾਵਾਂ ਨਾਲ ਕੁਝ ਕਾਰ ਵਿਹਾਰ ਵਿਚ ਲਗੇ ਰਹੇ। ੧੯ ਸਾਲ ਦੀ ਉਮਰ ਵਿਚ ਮਹਾਰਾਜ ਦਿਆਲ ਜੀ ਦੇ ਚਰਨਾਂ 'ਚ ਆਏ। ਆਪ ਨੂੰ ਇਕ ਚੰਗਾ ਹੋਣਹਾਰ ਸਮਝ ਕੇ ਮਹਾਰਾਜ ਦਿਆਲ ਜੀ ਨੇ ਸੰਸਕ੍ਰਿਤ ਪੜ੍ਹਾਨ ਲਈ ਰਾਏ ਮੂਲ ਸਿੰਘ ਜੀ ਦੀ ਪਾਠਸ਼ਾਲਾ ਵਿਚ ਦਾਖਲ ਕਰਾ ਦਿਤਾ। ਇਕ ਸਾਲ ਪੜ੍ਹਦੇ ਰਹੇ। ਫਿਰ ਸੰਤਾਂ ਦੀ ਆਗਿਆ ਨਾਲ ਹਰਦੁਆਰ ਰਿਸ਼ੀਕੇਸ਼ ਪੜ੍ਹਨ ਲਈ ਚਲੇ ਗਏ। ੧੨-੧੩ ਸਾਲ ਰਿਖੀਕੇਸ਼ ਕਨਖਲ, ਸ੍ਰੀ ਅੰਮ੍ਰਿਤਸਰ ਆਦ ਅਸਥਾਨਾਂ ਪੁਰ ਪੜ੍ਹਕੇ ਚੰਗੇ ਵਿਦਵਾਨ ਪੰਡਿਤ ਹੋ ਗਏ। ਸੰਮਤ ੧੯੭੫ ਵਿਚ ਗੁਜਰਾਂ ਵਾਲੇ ਵਾਪਸ ਆਏ, ਆਪ ਨੂੰ ਚੰਗਾ ਸੁਬੋਧ ਵੇਖ ਕੇ ਦਿਆਲ ਜੀ ਬੜੇ ਪ੍ਰਸੰਨ ਹੋਏ, ਇਸੇ ਸਾਲ ਆਪ ਨੂੰ ਹਰ ਤਰ੍ਹਾਂ ਕਰਕੇ ਯੋਗ ਸਮਝਕੇ ਅਸਥਾਨ ਦਾ ਉਤ੍ਰਾਧਿਕਾਰੀ ਨੀਅਤ ਕਰ ਦਿਤਾ। ਸੰਮਤ ੧੯੭੬ ਵਿਸਾਖ ੬ ਨੂੰ ਜਦ ਸੰਤ ਸਮਾ ਗਏ, ਤਾਂ ਪਿਛੋਂ ਆਪ ਨੇ ਅਸਥਾਨ ਦੀ ਸੇਵਾ ਵਲ ਪੂਰਾ ਪੂਰਾ ਧਿਆਨ ਦਿਤਾ। ਆਏ ਸਾਧੂ ਅਭਿਆਗਤ ਨਾਲ ਪਿਆਰ ਕੀਤਾ।

ਆਪ ਦਾ ਰਾਗ ਵਿਦਿਆ ਨਾਲ ਭੀ ਬੜਾ ਪਰੇਮ ਸੀ।

ਹਾਰਮੋਨੀਮ ਬਾਜਾ ਚੰਗੀ ਤਰ੍ਹਾਂ ਵਜਾ ਸਕਦੇ ਸਨ। ਰਾਗ ਦੀ ਚੰਗੀਖਬਰ ਸੀ। ਸੰਮਤ ੧੯੮੬ ਵਿਚ ਸਿਆਲਕੋਟ ਇਮਾਮ-ਦੀਨ, ਸ਼ਾਗਿਰਦ ਮੀਆਂ ਨਿਸਾਰ ਅਲੀ ਖਾਨ ਪਾਸੋਂ ਕਿਤਨਾ ਹੀ ਚਿਰ ਸਿਤਾਰ ਸਿਖਦੇ ਰਹੇ। ਇਤਨਾ ਅਭਿਆਸ ਕੀਤਾ ਜੁ ਇਕ ਉਚ ਕੋਟੀ ਦੇ ਬਜੰਤਰੀਆਂ ਵਿਚ ਮੰਨੇ ਗਏ। ਭਜਨ ਪਾਠ ਨਾਲ ਇਤਨਾ ਪਿਆਰ ਸੀ ਕਿ ਸਵੇਰੇ ਪੂਜਾ ਕਰਨ ਲਈ ਇਕ ਲਕੜੀ ਦਾ ਛੋਟਾ ਮੰਦਰ ਕਰੀਬਨ ਪੰਜ ਛੇ ਸੌ ਰੁਪਏ ਦੀ ਕੀਮਤ ਦਾ ਬਣਵਾ ਕੇ, ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਮਰਮਰ ਦੀ ਬੜੀ ਸੁੰਦਰ ਮੂਰਤੀ ਆਪ ਨੇ ਅੰਦਰ ਹੀ ਅਸਥਾਪਨ ਕੀਤੀ। ਜਿਸ ਦੇ ਦਰਸ਼ਨ ਕਰਦਿਆਂ ਹੀ ਦਿਲ ਮੋਹਿਆ ਜਾਂਦਾ ਸੀ।

ਆਪ ਚਕਿਤਸਾ ਵੀ ਕਰਦੇ ਸਨ। ਇਸ ਤੋਂ ਇਲਾਵਾ ਸੰਸਕ੍ਰਿਤ ਦੇ ਚੰਗੇ ਵਿਦਵਾਨ ਤੇ ਅਨੁਭਵੀ ਪੰਡਿਤ ਸਨ, ਯੂਨੀਵਰਸਿਟੀ ਦੇ ਗਿਆਨੀ ਪਾਸ ਸਨ। ਹਰ ਵੇਲੇ ਵੇਦਾਂਤ ਤੇ ਗੁਰੂ ਘਰ ਦੇ ਗ੍ਰੰਥ ਪੜ੍ਹਦੇ ਤੇ ਪੜ੍ਹਾਉਂਦੇ ਰਹਿੰਦੇ ਸਨ। ਸੁਭਾਵ ਹਸਮੁਖਾ ਤੇ ਮਿਲਣਸਾਰ ਸੀ। ਦਿਲ ਦੇ ਬੜੇ ਉਦਾਰ, ਆਏ ਗਏ ਸਾਧੂ ਅਭਿਆਗਤ ਦਾ ਬੜੇ ਉਮਾਹਾ ਨਾਲ ਸਵਾਗਤ ਕਰਦੇ ਸਨ। ਸੇਵਾ ਕਰਕੇ ਖੁਸ਼ ਪ੍ਰਸੰਨ ਹੁੰਦੇ ਸਨ। ਲੇਖਕ ਦੇ ਨਿਜ ਸਨੇਹੀ ਸਨ। ਕਈ ਵੇਰਾਂ ਕਸ਼ਮੀਰ ਇਕੱਠੇ ਜਾਂਦੇ ਰਹੇ। ਆਪ ਦੇ ਚੇਲੇ ਸੰਤ ਹਰਭਜਨ ਸਿੰਘ, ਸੰਤ ਹਰਕਿਸ਼ਨ ਸਿੰਘ ਤੇ ਸੰਤ ਤੇਜਾ ਸਿੰਘ ਜੀ ਆਦ ਕਈ ਸਨ ਜੁ ਆਪ ਦੇ ਪਾਸ ਰਹਿੰਦੇ ਸੇਵਾ ਕਰਦੇ ਸਨ।

ਸ੍ਰੀ ਮਾਨ ਮਹੰਤ ਪੰਡਿਤ ਹਰਨਾਮ ਸਿੰਘ ਜੀ

ਗੁਜਰਾਂ ਵਾਲਿਆਂ ਦੇ ਚੇਲੇ



ਸ੍ਰੀ ਮਾਨ ਮਹੰਤ ਤੇਜਾ ਸਿੰਘ ਜੀ

ਮੁਖੀਆ ਮਹੰਤ ਨਿਰਮਲ ਅਖਾੜਾ, ਕਨਖਲ

ਨਿਰਮਲ ਭਵਨ, ਖਾਲੜਾ ਮੰਡੀ

# ਡੇਰਾ ਖਾਲੜਾ

## ਮਹੰਤ ਤੇਜਾ ਸਿੰਘ ਜੀ

ਆਪ ਦਾ ਜਨਮ ਨਾਰਲੀ ਜ਼ਿਲਾ ਅੰਮ੍ਰਿਤਸਰ ਸ੍ਰ: ਸੌਦਾਗਰ ਸਿੰਘ ਜੀ ਦੇ ਗ੍ਰੈਹਿ ਵਿਖੇ ਹੋਇਆ। ੧੫-੨੦ ਸਾਲ ਦੀ ਉਮਰ ਤਕ ਸੇਵਾ ਕਰਦੇ ਪੜ੍ਹਦੇ ਰਹੇ। ਪਹਿਲੇ ਡੇਰੇ ਗੁਜਰਾਂ ਵਾਲੇ ਰਹੇ। ਪਾਕਿਸਤਾਨ ਬਣਨ ਤੋਂ ਬਾਅਦ ਅੰਮ੍ਰਿਤਸਰ ਕਈ ਵਰ੍ਹੇ ਰਹੇ। ਫਿਰ ਖਾਲੜੇ ਮੰਡੀ 'ਚ ਪੰਜ ਕਨਾਲ ਜ਼ਮੀਨ ਮੁਲ ਲੈ ਕੇ ਡੇਰਾ ਬਣਾਇਆ, ਜਿਸਦਾ ਨਿਰਮਲ ਭਵਨ ਨਾਮ ਰਖਿਆ ਨਾਲ ਦੁਕਾਨਾਂ ਬਣਾਈਆਂ ਜਿਨ੍ਹਾਂ ਦਾ ਕਰਾਇਆ ਕਰੀਬਨ ਦੋ ਸੌ ਰੁਪਿਆ ਮਾਹਵਾਰ ਆਉਂਦਾ ਹੈ। ਡੇਰੇ ਵਿਚ ਅਪਣੇ ਸੰਤ ਮਹੰਤ ਹਰਨਾਮ ਸਿੰਘ ਜੀ ਦੀ ਸਮਾਧ ਬਣਾਈ। ਰੋਜ਼ ਸਤਿਸੰਗ ਦਾ ਕੀਰਤਨ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ। ਆਪ ਦੇ ਚੇਲੇ ਸੰਤ ਰਾਮ ਸਿੰਘ, ਸੰਤ ਬਿਸ਼ਨ ਸਿੰਘ ਰੋਜ਼ ਕਥਾ ਕੀਰਤਨ ਕਰਦੇ ਹਨ। ਆਪ ਕਈ ਵਰ੍ਹਿਆਂ ਤੋਂ ਰਮਤ ਨਿਰਮਲ ਅਖਾੜੇ ਦੇ ਮੁਖੀਏ ਮਹੰਤ ਬਣੇ ਚਲੇ ਆ ਰਹੇ ਹਨ, ਸਰੀਰ ਦੇ ਪੁਰਸ਼ਾਰਥੀ ਹਨ। ਡੇਰੇ ਵਿਚ ਰੌਣਕ ਬਣਾਈ ਹੋਈ ਹੈ। ਆਏ ਗਏ ਸਾਧੂ ਅਭਿਆਗਤ ਦਾ ਸਤਿਕਾਰ ਕਰਦੇ ਹਨ। ਆਪ ਦੇ ਗੁਰਭਾਈ ਗਿਆਨੀ ਸੰਤ ਹਰਭਜਨ ਸਿੰਘ ਜੀ ਅੰਮ੍ਰਿਤਸਰ ਰਹਿੰਦੇ ਹਨ, ਪੜ੍ਹੇ ਲਿਖੇ ਸਰੀਰ ਹਨ। ਨਿਰਮਾਨ ਸੰਤ ਮਹਾਤਮਾ ਹਨ। ਨਿਰਮਲ ਭਵਨ ਖਾਲੜਾ ਮੰਡੀ ਵਿਖੇ ਰਹਿੰਦੇ ਹਨ। ਦੋਹਾਂ

ਗੁਰਭਾਈਆਂ ਦਾ ਆਪੋ ਵਿਚ ਅਤੀ ਸਨੇਹ ਹੈ ਇਕੱਠੇ ਰਹਿੰਦੇ ਹਨ। ਆਪ ਦੇ ਗੁਰਭਾਈ ਸੰਤ ਹਰ ਕਿਸ਼ਨ ਸਿੰਘ ਜੀ ਸਨ, ਜੋ ਗੁਜ਼ਰ ਗਏ ਹਨ।

## ਸ਼੍ਰੀ ਸੰਤ ਫਤੇਹ ਸਿੰਘ ਜੀ

ਚੇਲੇ ਸ੍ਰੀ ਸੰਤ ਆਨੰਦ ਸਿੰਘ ਜੀ ਗੁਜਰਾਂ ਵਾਲਾ ਆਪ ਬੜੇ ਯੋਗ ਪੁਰਸ਼ ਹੋਏ। ਭਜਨ ਪਾਠ ਵਿਚ ਸਮਾਂ ਬਿਤਾ ਕੇ ਪ੍ਰਲੋਕ ਗਮਨ ਹੋਏ।

## ਸ਼੍ਰੀ ਸੰਤ ਖੜਗ ਸਿੰਘ ਜੀ 'ਵਿਰਕਤ'

ਆਪ ਦਾ ਸਰੀਰ ਪਿੰਡ ਬੇਲਾ ਇਲਾਕੇ ਰੋਪੜ ਦਾ ਸੀ। ਪਹਿਲਾਂ ਨਿਹੰਗ ਸਿੰਘਾਂ ਦੇ ਬਾਣੇ ਵਿਚ ਫਿਰਦੇ ਰਹੇ। ਜਦ ਸ੍ਰੀ ਸੰਤ ਫਤੇਹ ਸਿੰਘ ਜੀ ਦੀ ਸੰਗਤ ਵਿਚ ਆਏ। ਬਾਅਦ ਗਾੜ੍ਹੇ ਵਿਰਕਤ ਬਣ ਕੇ ਦੇਸ਼ ਦੇਸ਼ਾਤਰਾਂ ਵਿਚ ਵਿਚਰ ਕੇ ਧਰਮ ਪ੍ਰਚਾਰ ਕਰਦੇ ਰਹੇ। ਬਹੁਤ ਚਿਰ ਪੂਰਬ ਦੇ ਤੀਰਥਾਂ ਦੀ ਯਾਤ੍ਰਾ ਕਰਨ ਤੋਂ ਪਿਛੋਂ ਪੋਠੋਹਾਰ ਦੁਰਤਾਲਾ ਜ਼ਿਲਾ ਰਾਵਲ ਪਿੰਡੀ ਵਿਚ ਕਈ ਸਾਲ ਰਹੇ। ਸਤਿ ਸੰਗ ਦਾ ਸਿਲਸਿਲਾ ਜਾਰੀ ਕੀਤਾ। ਕੁਟੀਆਂ ਬਣਵਾਈਆਂ। ਆਪ ਭਾਸ਼ਾ ਦੇ ਸਾਰੇ ਪੁਸਤਕਾਂ ਦੇ ਜਾਣੂ ਸਨ। ਜੀਵ ਬ੍ਰਹਮ ਦੀ ਏਕਤਾ ਪੁਰ ਵਿਸ਼ਵਾਸ਼ ਸੀ। ਆਖਰ ਸੰਮਤ ੧੯੫੪ ਵਿਚ ਸੁਰਗਵਾਸ ਹੋਏ ਆਪ ਦੇ ਸ਼ਿਸ਼ ਵੈਦ ਸੰਤ ਗੋਪਾਲ ਸਿੰਘ ਜੀ ਸਨ।

## ਸੰਤ ਗੋਪਾਲ ਸਿੰਘ ਜੀ (ਵੈਦ)

ਆਪ ਦਾ ਜਨਮ ਪਿੰਡ ਗੰਬੋਵਾਲ ਜ਼ਿਲਾ ਹੁਸ਼ਿਆਰਪੁਰ ਵਿਚ ਭਾਈ ਲਾਲ ਜੀ ਦੇ ਘਰ ਸੰਮਤ ੧੯੨੬ ਨੂੰ ਹੋਇਆ। ਰਲਣ ਪਿੰਡ ਦੇ ਸ: ਗੁਰਦਿਤ ਸਿੰਘ ਜੀ ਦੇ ਖੇਤ ਵਿਚ ਵਿਰਕਤ ਸ੍ਰੀ ਸੰਤ ਖੜਗ ਸਿੰਘ ਜੀ ਉਤਰੇ ਹੋਏ ਸਨ। ਜਿਥੇ ਆਪ ਦਾ ਸੰਤਾਂ ਨਾਲ ਮੇਲ ਮਿਲਾਪ ਹੋਇਆ, ਉਸ ਵੇਲੇ ਆਪ ਦੀ ਉਮਰ ੧੯ ਸਾਲ ਦੀ ਸੀ, ਸਿਖਿਆ ਲੈ ਕੇ ਸਾਧੂ ਹੋ ਗਏ। ਕੁਝ ਚਿਰ ਉਨ੍ਹਾਂ ਪਾਸ ਰਹਿ ਕੇ ਸੇਵਾ ਕਰਦੇ ਪੜ੍ਹਦੇ ਰਹੇ। ਬਾਅਦ ਕੁਝ ਚਿਰ ਖੁਡੇ ਨਿਵਾਸ ਕਰ ਕੇ ਸੰਤ ਕਰਨ ਦਾਸ ਜੀ ਦੀ ਮੰਡਲੀ ਵਿਚ ਵਿਚਾਰ ਸਾਗਰ ਆਦਕ ਭਾਸ਼ਾ ਦੇ ਪੁਸਤਕ ਪੜ੍ਹਦੇ ਰਹੇ। ਵਿਚਲਾ ਸਮਾਂ ਕੁਝਚਿਰ ਤੀਰਥ ਯਾਤ੍ਰਾ ਵਿਚ ਬਿਤਾਕੇ ਵਰਪਾਲ ਕਈ ਸਾਲ ਰਹੇ। ਚਕਿਤਸਾ ਦੇ ਪੁਸਤਕ ਪੜ੍ਹ ਕੇ ਚੰਗੇ ਵੈਦ ਪ੍ਰਸਿੱਧ ਹੋਏ।

ਸਮੇਂ ਬਾਅਦ ਕਟੜਾ ਰਾਮਗੜ੍ਹੀਆਂ ਸ੍ਰੀ ਅੰਮ੍ਰਿਤਸਰ ਵਿਚ ਇਕ ਮਕਾਨ ਬਣਾਇਆ ਜਿਸ ਵਿਚ ਆਪ ਨੇ ਔਸ਼ਧਾਲਿਯਾ ਖੋਲ੍ਹਿਆ। ਕਈ ਸਾਧੂ ਬ੍ਰਾਹਮਣ ਪੜ੍ਹਾਏ, ਵੈਦਕ ਵਿਦਿਆ ਵਿਚ ਇਤਨੇ ਸਿਆਣੇ ਮੰਨੇ ਗਏ। ਜੋ ਚੰਗੇ ਚੰਗੇ ਵੈਦ ਆਪ ਦਾ ਸਤਿਕਾਰ ਕਰਦੇ ਸਨ। ਕਈ ਸਾਲ ਵੈਦ ਮੰਡਲ ਦੇ ਪ੍ਰਧਾਨ ਟਿਕੇ ਰਹੇ। ਆਪਣੇ ਸ਼ਿਸ਼ ਸੰਤ ਪ੍ਰੀਤਮ ਸਿੰਘ ਜੀ ਨੂੰ ਅਪਣੀ ਹੱਥੀਂ ਡੇਰੇ ਦੀ ਪੱਗ ਦੇਕੇ ਗੁਰਪੁਰੀ ਸਿਧਾਰ ਗਏ।

## ਮਹੰਤ ਪ੍ਰੀਤਮ ਸਿੰਘ ਜੀ

ਆਪ ਸਰੀਰ ਦੇ ਉਦਮੀ ਹਨ, ਪਾਠ ਚੰਗਾ ਕਰਦੇ ਹਨ।

# ਡੇਰਾ ਅਲਾਦੀਨ ਪੁਰ

## ਸੰਤ ਬਾਬਾ ਰਾਮ ਸਿੰਘ ਜੀ

ਆਪ ਬੜੇ ਕਰਨੀ ਵਾਲੇ ਪ੍ਰਤਾਪੀ ਮਹਾਂ ਪੁਰਸ਼ ਹੋਏ ਹਨ। ਇਹ ਆਪਣੇ ਗੁਰਦੇਵ ਸੰਤ ਬਾਬਾ ਗੁਰਮੁਖ ਸਿੰਘ ਜੀ, ਪ੍ਰਸਿੱਧ ਸਮਾਧੀ ਵਾਲਿਆਂ ਪਾਸ ਕਦੇ ਕਦਾਂਈ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੇ ਦਰਸ਼ਨ ਮੇਲੇ ਕਰਨ ਆਉਂਦੇ ਸਨ। ਜ਼ਿਆਦਾ ਤਰ ਜੰਗਲ ਬੇਲਿਆਂ ਵਿਚ ਰਹਿਕੇ ਤਪਸਿਆ ਕਰਦੇ ਸਨ, ਭਜਨ ਪਾਠ ਦੇ ਪ੍ਰਤਾਪ ਕਰਕੇ ਆਪ ਦੇ ਕਈ ਪ੍ਰਤਿਸ਼ਠਤ ਸਿਖ ਸੇਵਕ ਹੋਏ। ਆਪ ਕਦੇ ਕਦੇ ਤਰਨ ਤਾਰਨ ਸਾਹਿਬ ਬੂੰਗਾ ਮਜੀਠਿਆਂ ਵਿਚ ਉਤਰਦੇ ਸਨ।

ਕਹਿੰਦੇ ਹਨ ਉਥੇ ਹੀ ਆਪ ਦੀ ਸ਼ਰਨ ਵਿਚ ਸੰਤ ਦਲ ਸਿੰਘ ਜੀ ਆਏ, ਬਾਬਾ ਜੀ ਚੰਗੇ ਦਰਸ਼ਨੀ ਸੁੰਦਰ ਸਡੌਲ ਦਰਸ਼ਨੀ ਸਨ। ਆਪਦਾ ਦੇਹਾਂਤ ਤੀਰਥ ਯਾਤਰਾ ਕਰਨ ਗਿਆਂ ਕਿਸੇ ਤੀਰਥ ਤੇ ਹੀ ਹੋ ਗਿਆ ਸੀ।

## ਮਹਾਰਾਜ ਮਹੰਤ ਦਲ ਸਿੰਘ ਜੀ

ਆਪ ਦਾ ਜਨਮ, ਪਿੰਡ ਜੌਹਲ ਜ਼ਿਲਾ ਅੰਮ੍ਰਿਤਸਰ ਵਿਚ ਸੰਮਤ ੧੯੫੫ ਦੇ ਲਗ ਪਗ ਹੋਇਆ। ਪਹਿਲੀ ਵਾਰ ਆਪ ਨੂੰ ਸ੍ਰੀ ਬਾਬਾ ਰਾਮ ਸਿੰਘ ਜੀ ਤਰਨ ਤਾਰਨ ਸਾਹਿਬ

ਬੰਗਾ ਮਜੀਠੀਆਂ ਵਿਚ ਮਿਲੇ ਤੇ ਓਦੋਂ ਹੀ ਨਿਰਮਲ ਮਰਯਾਦਾ ਅਨੁਸਾਰ ਸਤਿ ਮਾਰਗ ਦਾ ਉਪਦੇਸ਼ ਦੇ ਕੇ ਸਾਧੂ ਮਤ ਵਿਚ ਪ੍ਰਵਿਰਤ ਕਰ ਦਿਤੇ। ਸੰਤ ਦਲ ਸਿੰਘ ਜੀ ਨੇ ਤੀਖਨ ਤਪ ਕਰ ਕੇ ਫਕੀਰੀ ਨੂੰ ਚੰਗਾ ਚਮਕਾਇਆ। ਟਿਕੀ ਹੋਈ ਸ਼ਾਂਤ ਬ੍ਰਿਤੀ ਵੇਖ ਕੇ ਸਤ ਸੰਗੀਆਂ ਨੇ ਅਰਜ਼ ਕੀਤੀ, ਕਿ ਆਪ ਹੁਣ ਫਿਰ ਫਿਰਾ ਕੇ ਪ੍ਰਚਾਰ ਕਰਨ ਨਾਲੋਂ ਇਕ ਥਾਂ ਬੈਠ ਕੇ ਸੰਗਤਾਂ ਨੂੰ ਨਿਹਾਲ ਕਰੋ। ਇਹ ਗੱਲ ਮੰਨ ਕੇ ਆਪ ਨੇ ਅਲਾਦੀਨ ਪੁਰ ਵਿਚ ਪਿੰਡੋਂ ਬਾਹਰ ਵਾਰ ਡੇਰਾ ਬੰਨ੍ਹ ਲਿਆ, ਉਥੇ ਹੀ ਕਈ ਸਾਲ ਭਜਨ ਬੰਦਗੀ ਕਰਦੇ ਰਹੇ।

ਆਪ ਦੀਆਂ ਕਈ ਕਰਾਮਾਤਾਂ ਪ੍ਰੇਮੀਆਂ ਨੇ ਪ੍ਰਤਾਈਆਂ। ਖਾਸ ਕਰਕੇ ਕਹਿੰਦੇ ਹਨ, ਇਕ ਵਾਰ ਬੜੀ ਗੜੇ ਮਾਰ ਹੋਈ। ਲੋਕਾਂ ਭੈ ਭੀਤ ਹੋ ਕੇ ਅਰਜ਼ ਕੀਤੀ ਮਹਾਰਾਜ ! ਗੜੇ ਮਾਰ ਨੇ ਕਹਿਰ ਕਰ ਦਿਤਾ ਹੈ। ਸੰਤਾਂ ਸੁਭਾਵਕ ਹੀ ਕਹਿ ਦਿਤਾ ਗੜੇ ਤਾਂ ਪੈਣਗੇ ਪਰ ਹੁਣ ਮਾਰ ਨਹੀਂ ਕਰਨਗੇ। ਸੋ ਉਸੇ ਤਰ੍ਹਾਂ ਹੋਇਆ, ੯੦ ਸਾਲ ਤੋਂ ਗੜੇ ਸਾਲ ਦੇ ਸਾਲ ਪੈਂਦੇ ਹਨ ਪਰ ਮਾਰ ਨਹੀਂ ਕਰਦੇ।

ਆਪ ਦੇ ਸ਼ਿਸ਼ ਸੰਤ ਬੂੜ ਸਿੰਘ ਜੀ ਸੰਤ ਮਾਹਣਾ ਸਿੰਘ ਜੀ, ਸੰਤ ਬੂੜ ਸਿੰਘ ਜੀ, ਸੰਤ ਹੀਰਾ ਸਿੰਘ ਜੀ ਤੇ ਸੰਤ ਸ਼ਾਮ ਸਿੰਘ ਜੀ ਆਦਿ ਕਈ ਹੋਏ ਹਨ ਜਿਨ੍ਹਾਂ ਵਿਚੋਂ ਸੰਤ ਸ਼ਾਮ ਸਿੰਘ ਜੀ ਮਹੰਤ ਨੀਅਤ ਕੀਤੇ ਗਏ। ਆਪ ਇਥੇ ਹੀ ਸਮਾਏ ਹਨ। ਸਮਾਧ ਬਣੀ ਹੋਈ ਹੈ।

## ਮਹੰਤ ਸ਼ਾਮ ਸਿੰਘ ਜੀ

ਆਪ ਦਾ ਜਨਮ ਪਿੰਡ ਭੂਰੇ ਜ਼ਿਲਾ ਲਾਹੌਰ ਵਿਚ ਹੋਇਆ। ਸੰਮਤ ਦਾ ਪਤਾ ਨ ਹੀਂ ਲਗ ਸਕਿਆ ਪਰ ਸੰਤ ਦਲ ਸਿੰਘ ਜੀ ਦੀ ਆਖਰੀ ਕਰਾਮਾਤ ਜੋ ੯੦ ਸਾਲਾਂ ਤੋਂ ਮਸ਼ਹੂਰ ਹੈ ਉਸ ਸਮੇਂ ਆਪ ਸਾਧ ਬਣ ਚੁਕੇ ਸਨ ਤੇ ਸੰਤ ਦਲ ਸਿੰਘ ਜੀ ਨਾਲ ਹੀ ਆਪਣੇ ਪਿੰਡੋਂ ਆਏ ਸਨ। ਉਨ੍ਹਾਂ ਪਿਛੋਂ ੩੦ ਸਾਲ ਇਸ ਡੇਰੇ ਦੇ ਮਹੰਤ ਰਹੇ। ਆਪ ਵੀ ਚੰਗੇ ਪ੍ਰਤਾਪ ਵਾਲੇ ਸਾਧੂ ਹੋਏ ਹਨ। ਇਨ੍ਹਾਂ ਦੇ ਚੇਲੇ ਸੰਤ ਚੇਤ ਸਿੰਘ ਜੀ ਸਨ ਆਪ ਦੀ ਸਮਾਧ ਵੀ ਵਡਿਆਂ ਦੀ ਸਮਾਧ ਦੇ ਨਾਲ ਹੈ।

## ਮਹੰਤ ਚੇਤ ਸਿੰਘ ਜੀ

ਆਪ ਦਾ ਜਨਮ ਪਿੰਡ ਢੋਲਨ ਜ਼ਿਲਾ ਲਾਹੌਰ ਸੰਮਤ ੧੯੯੨ ਵਿਚ ਹੋਇਆ। ਸੰਤ ਸ਼ਾਮ ਸਿੰਘ ਜੀ ਦੇ ਨਾਲ ਪ੍ਰੇਮ ਹੋ ਗਿਆ। ਸੰਤਾਂ ਦੇ ਉਪਦੇਸ਼ੀ ਹੋਕੇ ਮਕਾਨ ਵਿਚ ਸੇਵਾ ਕਰਦੇ ਰਹੇ ਚੰਗੀ ਪ੍ਰਭਤਾ ਵਿਚ ਵਡੀ ਆਯੂ ਬਿਤੀਤ ਕਰਕੇ ਸੰਮਤ ੧੯੭੭ ਵਿਚ ਸਮਾਏ। ਆਪਦੇ ਦੋ ਸ਼ਿਸ਼ ਸੰਤ ਨਰੈਨ ਸਿੰਘ ਜੀ ਗਿਆਨੀ ਤੇ ਸੰਤ ਹੁਕਮ ਸਿੰਘ ਜੀ ਹੋਏ ਹਨ।

## ਮਹੰਤ ਨਰੈਣ ਸਿੰਘ ਜੀ ਗਿਆਨੀ

ਆਪ ਦਾ ਜਨਮ ਪਿੰਡ ਚਾਹੜਕੇ ਲੁਹਾਰ ਜ਼ਿਲਾ ਜਲੰਧਰ ਸੰਮਤ ੧੯੧੨ ਵਿਚ ਹੋਇਆ। ਬਾਰਾਂ ਸਾਲ ਦੀ ਉਮਰ ਵਿਚ ਡੇਰਾ ਅਲਾਦੀਨ ਪੁਰ ਸੰਤ ਚੇਤ ਸਿੰਘ ਜੀ ਦੀ

ਸ਼ਰਨ ਵਿਰ ਆ ਗਏ। ਅਜਿਹੀ ਰੰਗਣ ਹੋਈ ਜੋ ਫਿਰ ਨਹੀਂ ਉਤਰੀ। ਗੁਰੂ ਘਰ ਦੇ ਪੂਰਨ ਗਿਆਨੀ, ਵੇਦਾਂਤ ਭਾਸ਼ਾ ਦੇ ਪੰਡਿਤ ਤੇ ਧਾਰਨਾ ਵਾਲੇ ਸਾਧੂ ਹੋਏ ਹਨ। ਆਪ ਨੇ ਆਪਣੇ ਸਰੀਰ ਦੁਆਲੇ ਕਦੇ ਕੋਈ ਸੀਤਾ ਹੋਇਆ ਬਸਤ੍ਰ ਨਹੀਂ ਪਾਇਆ ਸੀ ਕੇਵਲ ਇਕ ਧੋਤੀਨੁਮਾ ਗਾਤੀ ਰਖਦੇ ਸਨ। ਅਤੀਤ ਬ੍ਰਿਤੀ ਵਿਚ ਰਹਿਕੇ ਆਨੰਦ ਮਾਨਣਾ ਚੰਗਾ ਸਮਝਦੇ ਸਨ। ਬਹੁਤਾ ਚਿਰ ਮੰਡਲੀ ਫੇਰਦੇ ਰਹੇ ਹਨ। ਆਪ ਦੀ ਵਾਕ ਸਿਧੀ ਸੀ ਜੋ ਬਚਨ ਕਹਿਣਾ ਉਹ ਪੂਰਾ ਹੋ ਜਾਣਾ, ਇਕ ਵਾਰ ਦਾ ਜ਼ਿਕਰ ਹੈ ਆਪ ਦੇ ਖੇਤ ਵਿਚ ਕਿਸੇ ਜਟ ਨੇ ਘੋੜੀ ਖੁਲ੍ਹੀ ਛਡ ਦਿਤੀ। ਆਪ ਦੇ ਸ਼ਿਸ਼ ਸੰਤ ਭਗਤ ਸਿੰਘ ਜੀ ਨੇ ਘੋੜੀ ਖੇਤ ਚੋਂ ਕਢਣੀ ਚਾਹੀ। ਗਿਆਨੀ ਜੀ ਨੇ ਇਹ ਆਖ ਕੇ ਵਰਜ ਦਿਤਾ ਕਿ ਸਾਡਾ ਕੰਮ ਨਹੀਂ ਲੋਕਾਂ ਦੀਆਂ ਘੋੜੀਆਂ ਮੋੜਦੇ ਰਹਿਣਾ, ਸਾਨੂੰ ਕੀ? ਜੇ ਜਟ ਘੋੜੀ ਨ ਮੋੜੇਗਾ ਤਾਂ ਆਪੇ ਕੋਈ ਕਢ ਖੜੇਗਾ, ਰੋਂਦਾ ਫਿਰੇਗਾ। ਬਸ ਰਾਤ ਇਹ ਗਲ ਹੋਈ ਜੋ ਸਵੇਰੇ ਘੋੜੀ ਕਿਸੇ ਕਢ ਖੜੀ ਜਟ ਰੋਂਦਾ ਰਿਹਾ। ਇਸ ਤਰ੍ਹਾਂ ਦੀਆਂ ਕਈ ਕਥਾਵਾਂ ਹਨ।

ਆਪ ਜੀ ਨੇ ਡੇਰੇ ਦਾ ਸੁਵੱਤ ਛਡ ਕੇ ਤੀਰਥ ਯਾਤਰਾ ਆਦਿ ਦਾ ਵਧੇਰੇ ਆਨੰਦ ਲਿਆ। ਅੰਤ ਸੰਮਤ ੧੯੯੨ ਮਾਘ ਦੀ ੯ ਨੂੰ ਹਵੇਲੀ ਸ਼ਹਿਰ ਜ਼ਿਲਾ ਮਿੰਟਗੁਮਰੀ ਵਿਚ ਆਪਣੇ ਉਸ ਪ੍ਰਣ ਅਨੁਸਾਰ ਜੋ ਆਪ ਤੋਂ ਸੰਗਤਾਂ ਨੇ ਲੈ ਰਖਿਆ ਸੀ ਕਿ ਆਪ ਹਵੇਲੀ ਦੀ ਸੰਗਤ ਨੂੰ ਤਾਰੋ। ਆਪ ਨੇ ਕਿਹਾ ਸੀ 'ਸਰੀਰ ਉਥੇ ਹੀ ਆਕੇ ਤਿਆਗਾਂਗੇ। ਸੋ ਹਜ਼ੂਰ ਸਾਹਿਬ ਪ੍ਰਾਗ-

ਰਾਜ ਆਦਿਕ ਸਾਰੇ ਤੀਰਥ ਕਰਕੇ ਉਥੇ ਜਾਕੇ ਸਮਾਏ।

ਆਪ ਦੇ ਸ਼ਿਸ਼ ਸੰਤ ਭਗਤ ਸਿੰਘ ਜੀ, ਸੰਤ ਓਅੰਕਾਰ ਸਿੰਘ ਜੀ ਤੇ ਸੰਤ ਭਗਵਾਨ ਸਿੰਘ ਜੀ ਸਨ। ਇਨ੍ਹਾਂ ਵਿਚੋਂ ਸੰਤ ਭਗਤ ਸਿੰਘ ਜੀ ਮਹੰਤ ਨੀਅਤ ਹੋਏ।

## ਮਹੰਤ ਭਗਤ ਸਿੰਘ ਜੀ

ਆਪ ਦਾ ਜਨਮ ਪਿੰਡ ਨੂਰਪੁਰ ਰਿਆਸਤ ਕਪੂਰਥਲਾ ਸੰਮਤ ੧੯੨੭ ਵਿਚ ਹੋਇਆ। ਇਕ ਵਾਰ ਸੰਤ ਨਰੈਣ ਸਿੰਘ ਜੀ ਗਿਆਨੀ ਮੰਡਲੀ ਲੈ ਕੇ ਇਹਨਾਂ ਦੇ ਪਿੰਡ ਚਲੇ ਗਏ। ਕਥਾ ਵਾਰਤਾ ਸੁਣ ਕੇ ਆਪ ਦੇ ਦਿਲ ਨੂੰ ਭੀ ਚੇਟਕ ਲਗ ਗਈ ਆਪ ਵੀ ਸਾਧੂ ਹੋ ਗਏ। ਗਿਆਨੀ ਜੀ ਦੇ ਨਾਲ ਹੀ ਪਹਿਲੀ ਵਾਰ ਅਲਾਦੀਨ ਪੁਰ ਡੇਰੇ ਵਿਚ ਆਏ। ਆਉਂਦਿਆਂ ਹੀ ਗਿਆਨੀ ਜੀ ਨੇ ਡੇਰਾ ਇਹਨਾਂ ਦੇ ਸਪੁਰਦ ਕਰ ਦਿਤਾ। ਉਸੇ ਦਿਨ ਤੋਂ ਮਹੰਤ ਭਗਤ ਸਿੰਘ ਜੀ ਨੇ ਪੂਰਨ ਸ਼ਰਧਾਲੂ ਗੁਰਮੁਖਾਂ ਵਾਂਗ ਸੇਵਕ ਭਾਵ ਵਿਚ ਰਹਿਕੇ ਮਹੰਤੀ ਪਦ ਨੂੰ ਸੁਫਲਾ ਕਰਕੇ ਦਸਿਆ। ਆਪ ਨੂੰ ਮਹੰਤੀ ਦੀ ਪੱਗ ਗਿਆਨੀ ਨਰੈਣ ਸਿੰਘ ਜੀ ਦੇ ਸੁਰਗਵਾਸ ਹੋਣ ਪਰ ਸਤ੍ਹਾਰੀਏ ਦੇ ਇਕਠ ਉਤੇ ਫਿਰ ਦੁਬਾਰਾ ਸਾਰੇ ਭੇਖ ਨੇ ਸੰਮਤ ੧੯੯੨ ਫਗਣ ਮਿਤੀ ੨੭ ਨੂੰ ਦਿਤੀ।

ਆਪ ਉਦਮੀ ਸਰੀਰ ਹਨ। ਭੇਖ ਨਾਲ ਹਿਤ ਰਖਣ ਵਾਲੇ ਤੇ ਖੜਕੇ ਦੜਕੇ ਵਾਲੇ ਸਾਧੂ ਹਨ ਡੇਰਾ ਪੱਕਾ ਹੈ ਜ਼ਮੀਨ ਵਿਚ ਬਾਗ ਅੰਬਾਂ ਦਾ ਤੇ ਲੰਬੀ ਚੌੜੀ ਥਾਂ ਵਿਚ ਸਮਾਧ ਹੈ। ਇਨ੍ਹਾਂ



ਸ੍ਰੀ ਮਾਨ ਮਹੰਤ ਭਗਤ ਸਿੰਘ ਜੀ
ਸ੍ਰੀ ਮਾਨ ਸੰਤ ਉਤਮ ਸਿੰਘ ਜੀ ਸਕੱਤ੍ਰ
ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ
ਸ੍ਰੀ ਮਾਨ ਮਹੰਤ ਭਾਨ ਸਿੰਘ ਜੀ
ਸ੍ਰੀ ਸੰਤ ਕੇਹਰ ਸਿੰਘ ਜੀ
ਅਲਾਦੀਨ ਪੁਰ



ਸ੍ਰੀ ਸੰਤ ਤ੍ਰਿਲੋਕ ਸਿੰਘ ਜੀ
ਅਲਾਦੀਨ ਪੁਰ
ਜ਼ਿਲਾ ਅੰਮ੍ਰਿਤਸਰ

ਮਹੰਤ ਕਲਿਆਨ ਸਿੰਘ ਜੀ
ਅਲਾਦੀਨ ਪੁਰ
ਜ਼ਿਲਾ ਅੰਮ੍ਰਿਤਸਰ

ਦੇ ਚੇਲੇ ਸੰਤ ਵਰਿਆਮ ਸਿੰਘ ਜੀ, ਸੰਤ ਭਾਨ ਸਿੰਘ ਜੀ, ਸੰਤ ਅਮਰ ਸਿੰਘ ਜੀ ਤੇ ਸੰਤ ਗੁਰਦਿਆਲ ਸਿੰਘ ਜੀ ਅਤੇ ਸੰਤ ਕੇਹਰ ਸਿੰਘ ਜੀ ਹਨ। ਆਪ ਦੇ ਹੁੰਦਿਆਂ ਹੀ ਮਹੰਤ ਭਾਨ ਸਿੰਘ ਜੀ ਹੋਏ। ਅਜ ਕਲ ਉਨ੍ਹਾਂ ਦੇ ਸ਼ਿਸ਼ ਸੰਤ ਕਲਿਆਨ ਸਿੰਘ ਜੀ ਮਹੰਤ ਹਨ ਚੰਗਾ ਕੰਮ ਚਲਾ ਰਹੇ ਹਨ।

## ਮਹੰਤ ਭਾਨ ਸਿੰਘ ਜੀ

ਆਪ ਦਾ ਜਨਮ ਮਾਲਵੇ ਦਾ ਹੈ। ਛੋਟੇ ਹੁੰਦੇ ਹੀ ਆਪ ਸਾਧੂ ਮੰਡਲੀ ਨਾਲ ਸੰਤ ਭਗਤ ਸਿੰਘ ਜੀ ਅਲਾਦੀਨ ਪੁਰ ਵਾਲਿਆਂ ਪਾਸ ਆਏ ਕੁਝ ਚਿਰ ਡੇਰੇ ਵਿਚ ਰਹਿਕੇ ਫਿਰ ਕੁਰਮਿਤੀ ਪਿੰਡ ਜ਼ਿਲਾ ਫਿਰੋਜ਼ਪੁਰ ਵਿਚ ਜਾ ਬੈਠੇ ਇਨ੍ਹਾਂ ਦੇ ਸ਼ਿਸ਼ ਸੰਤ ਆਸਾ ਸਿੰਘ ਜੀ ਹਨ।

# ਡੇਰਾ ਬਸ਼ੀਰ ਪੁਰ

## ਬਾਬਾ ਹੁਕਮ ਸਿੰਘ ਜੀ

ਸ਼ਿਸ਼–ਸੰਤ ਚੇਤ ਸਿੰਘ ਜੀ ਆਪ ਦਾ ਜਨਮ, ਮਾਝੇ ਦੇ ਇਲਾਕੇ ਦਾ ਸੀ, ਆਪ ਚੰਗੇ ਪ੍ਰਤਾਪ ਵਾਲੇ ਸਾਧੂ ਸਨ। ਆਪ ਨੂੰ ਆਪ ਦੇ ਸੇਵਕ ਭਾਈ ਸੁੰਦਰ ਦਾਸ ਤੇ ਗੁਰੀਆ ਰਾਮ ਕੁਕੜ ਨੇ ਸੰਮਤ ੧੯੮੨ ਵਿਚ ਇਸ ਮਕਾਨ ਦੀ ਤੇ ਹੋਰ ਜਾਇਦਾਦ ਸਣੇ ਜ਼ਮੀਨ ਦੇ ਹਿਬਾ ਕਰ ਦਿਤੀ ਸੀ। ਸੰਮਤ ੧੯੯੧ ਵਿਚ

ਸੰਤ ਚਲ ਵਸੇ ਸਨ। ਉਕਤ ਸਜਨਾਂ ਨੇ ਸਾਰੀ ਜਾਇਦਾਦ ਸਣੇ ਡੇਰੇ ਦੇ ਆਪਣੇ ਕਬਜ਼ੇ ਵਿਚ ਰਖਣ ਲਈ ਮਹੰਤ ਭਗਤ ਸਿੰਘ ਤੇ ਪੰਡਿਤ ਓਅੰਕਾਰ ਸਿੰਘ ਜੀ ਕਬੂਲਾ ਵਾਲਿਆਂ ਨਾਲ ਮੁਕਦਮਾ ਬਾਜ਼ੀ ਰਖੀ। ਪੰਡਿਤ ਓਅੰਕਾਰ ਸਿੰਘ ਜੀ ਅਤੇ ਮਹੰਤ ਭਗਤ ਸਿੰਘ ਜੀ ਅਲਾਦੀਨ ਪੁਰ ਨੇ ਸੰਤ ਹੁਕਮ ਸਿੰਘ ਜੀ ਦਾ ਸੰਤ ਮਨਸਾ ਸਿੰਘ ਚੇਲਾ ਖੜਾ ਕਰ ਕੇ ਮੁਕਦਮਾ ਸ਼ੁਰੂ ਕੀਤਾ। ਸਮੇਂ ਦੇ ਫੇਰ ਨੇ ਸੰਤ ਮਨਸਾ ਸਿੰਘ ਜੀ ਭੀ ਉਨ੍ਹਾਂ ਗ੍ਰਿਸਥਾਂ ਵਲ ਕਰ ਦਿਤੇ ਸਨ। ਸਾਧੂ ਹਾਲਾ ਪੈਰ ਵੀ ਕਰਦੇ ਹਨ। ਬਸ਼ੀਰ ਪੁਰ ਵਿਚ ਹਿੰਦੂ ਸਿਖ ਸਵਾਲ ਕਰ ਕੇ ਇਹ ਹਾਲਤ ਹੋਈ ਹੈ। ਇਸ ਮਕਾਨ ਨਾਲ ੧੪ ਘੁਮਾਂ ਜ਼ਮੀਨ ਹੈ, ਜੋ ਸਾਢੇ ੧੧ ਸੌ ਵਿਚ ਰਹਿਨ ਪਈ ਹੋਈ ਹੈ ਮਕਾਨਾਂ ਦਾ ਕਰਾਇਆ ਪੰਚਾਇਤ ਆਪਣੇ ਕਬਜ਼ੇ ਕਰਨ ਵਾਲੀ ਹੈ। ਭੇਖ ਨੂੰ ਧਿਆਨ ਦੇਣਾ ਚਾਹੀਦਾ ਹੈ।

## ਡੇਰਾ ਕਬੂਲਾ

## ਪੰਡਿਤ ਓਅੰਕਾਰ ਸਿੰਘ ਜੀ

ਸ਼ਿਸ਼ ਗਿ: ਨਰੈਣ ਸਿੰਘ ਜੀ ਆਪ ਦਾ ਜਨਮ, ਪਿੰਡ ਚੂਹੜ ਚਕ ਤਸੀਲ ਮੋਗਾ ਜ਼ਿਲਾ ਫੀਰੋਜ਼ ਪੁਰ ਸੰਮਤ ੧੯੪੦ ਵੀਰਵਾਰ ਅਸੂ ਮਹੀਨੇ ਵਿਚ ਹੋਇਆ। ਸੰਤਾਂ ਦੀ ਸੰਗਤ ਵਿਚ ਸੰਮਤ ੧੯੫੬ ਉਰਾੜਾ ਜ਼ਿਲਾ ਲਾਹੌਰ ਵਿਚ ਆਏ। (ਉਰਾੜੇ ਕੁਟੀਆ ਹੁਣ ਭੀ ਹੈ ੧੦-੧੨ ਘੁਮਾਂ ਜ਼ਮੀਨ ਹੈ ਨਹਿਰ

ਲਗਦੀ ਹੈ, ਪਰ ਉਦੇ ਸਾਧ ਕੋਈ ਨਹੀਂ) ਸੰਤਾਂ ਪਾਸੋਂ ਪੜ੍ਹਨਾ ਅਰੰਭਿਆ ਕੁਝ ਚਿਰ ਪੜ੍ਹ ਕੇ ਫਿਰ ਸੰਸਕ੍ਰਿਤ ਪੜ੍ਹਨ ਲਈ ਉਤ੍ਰ ਕਾਂਸ਼ੀ ੧੯੬੦ ਵਿਚ ਗਏ। ਬਾਰਾਂ ਸਾਲ ਉਥੇ ਰਹਿ ਕੇ ਵੇਦਾਂਤ, ਵਿਆਕਰਨ, ਨਯਾਇ ਤੇ ਭਾਸ਼ਾ ਦੇ ਹੋਰ ਗ੍ਰੰਥ ਪੜ੍ਹੇ ਆਪ ਗੁਰੂ ਘਰ ਦੇ ਵਿਦਵਾਨ ਤੇ ਦਰਸ਼ਨੀ ਸਰੀਰ ਸਨ। ਕਬੂਲਾ ਸ਼ਹਿਰ ਤੋਂ ਬਾਹਰ ਵਾਰ ਆਪ ਦਾ ਅਸਥਾਨ ਹੈ। ਚੰਗੀ ਰੌਣਕ ਲਗੀ ਰਹਿੰਦੀ ਹੈ ਮਕਾਨ ਪੱਕਾ ਸੁੰਦਰ ਹੈ ਖੂਹੀ ਵਿਚ ਲਗੀ ਹੋਈ ਹੈ ਇਹ ਮਕਾਨ ਸੰਮਤ ੧੯੭੬ ਵਿਚ ਆਪ ਨੇ ਆਬਾਦ ਕੀਤਾ ਇਲਾਕੇ ਵਿਚ ਆਪ ਦਾ ਚੰਗਾ ਸਤਕਾਰ ਸੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਅਲਗ ਜਗ੍ਹਾ ਹੈ ਆਪਦੇ ਰਹਿਣ ਲਈ ਅਲਗ ਕੁਟੀਆ ਹੈ।

ਇਕ ਵਾਰ ਸ੍ਰੀ ਗਿ: ਨਰੈਣ ਸਿੰਘ ਜੀ ਨੇ ਇਸ ਕੁਟੀਆ ਵਿਚ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਸੰਮਤ ਵਾਲੇ ਦਿਨ ਪਾਇਆ ਸੀ ਉਸੇ ਸਾਲ ਤੋਂ ਆਪ ਦੀ ਸਾਲ ਦੇ ਸਾਲ ਉਸ ਯਾਦ ਨੂੰ ਤਾਜ਼ਾ ਕਰਨ ਲਈ ਤਿੰਨ ਦਿਨ ਵਡਾ ਭਾਰੀ ਜੋੜ ਮੇਲਾ ਕਰਦੇ ਸਨ। ਜਿਸ ਵਿਚ ਚੰਗੇ ਚੰਗੇ ਚੋਣਵੇ ਗੁਣੀ ਗਿਆਨੀ ਤੇ ਰਾਗੀ ਬੁਲਾਉਂਦੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਜੁੜਦੀਆਂ ਸਨ। ਆਪ ਦਾ ਪ੍ਰਭਾਵ ਚੰਗਾ ਸਤੇ ਗੁਣ ਪ੍ਰਧਾਨ ਰਿਹਾ ਪ੍ਰਲੋਕ ਗਮਨ ਕਰ ਗਏ ਹਨ।

## ਡੇਰਾ ਸੈਦੋ

## ਸੰਤ ਬਾਬਾ ਬੂੜ੍ਹ ਸਿੰਘ ਜੀ ਤਿਆਗੀ

ਚੇਲੇ ਬਾਬਾ ਦਲ ਸਿੰਘ ਜੀ ਅਲਾਦੀਨ ਪੁਰ, ਸੈਦੋ

ਪਿੰਡ ਵਿਚ ਰਹਿੰਦੇ ਰਹੇ। ਆਪ ਚੰਗੇ ਤਿਆਗੀ ਸਤ ਪੁਰਸ਼ ਸਨ।

## ਬੂਹਣ ਪਟੀ

## ਸੰਤ ਹੀਰਾ ਸਿੰਘ ਜੀ

ਆਪ ਬਾਬਾ ਦਲ ਸਿੰਘ ਜੀ ਦੇ ਤੀਜੇ ਚੇਲੇ ਸਨ। ਆਪ ਬੂਹਣ ਪਟੀ ਵਿਚ ਰਹਿੰਦੇ ਰਹੇ ਹਨ, ਆਪ ਜੀ ਵੀ ਚੰਗੇ ਪ੍ਰਤਾਪ ਵਾਲੇ ਸਨ ਆਪ ਜੀ ਦੀ ਵਾਕ ਸਿਧੀ ਦਾ ਵੀ ਪਤਾ ਮਿਲਦਾ ਹੈ। ਕਿਸੇ ਜਟ ਦੇ ਖੇਤ ਵਿਚ ਤੰਬਾਕੂ ਬੀਜਿਆ ਦੇਖ ਕੇ ਉਸਨੂੰ ਕਿਹਾ ਭਾਈ ਇਹ ਗੜੇ ਮਾਰ ਕਿਉਂ ਬੀਜਿਆ ਈ। ਬਸ ਥੋੜੇ ਜਿਹੇ ਸਮੇਂ ਵਿਚ ਹੀ ਇੰਨੇ ਗੜੇ ਪਏ ਕਿ ਸਾਰੇ ਖੇਤ ਨੂੰ ਮਿਟੀ ਵਿਚ ਮਿਲਾ ਦਿਤਾ, ਇਸ ਗੱਲ ਤੋਂ ਆਪ ਨੂੰ ਲੋਕੀ ਸਿਧ ਆਖਣ ਲਗ ਪਏ।

# ਡੇਰਾ ਕੈਲੇ

## ਮਹੰਤ ਭਗਵਾਨ ਸਿੰਘ ਜੀ

ਸ਼ਿਸ਼ ਸੰਤ ਗਿਆਨੀ ਨਰੈਣ ਸਿੰਘ ਜੀ ਆਪਦਾ ਜਨਮ ਦਵਾਬੇ ਦਾ ਸੀ। ਸਾਧੂ ਭਾਵ ਗ੍ਰਿਹਣ ਕਰ ਕੇ ਸੇਵਾ ਕਰਦੇ ਪੜ੍ਹਦੇ ਰਹੇ। ਕੈਲੇ ਵਿਚ ੪੦ ਵਰ੍ਹੇ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਦਰਸ਼ਨੀ ਸਨ, ਆਏ ਗਏ ਸਾਧੂ ਸੰਤ ਦੀ ਸੇਵਾ

ਕਰਨ ਦਾ ਸੁਭਾਵ ਸੀ। ਭੇਖ ਨਾਲ ਪਿਆਰ ਸੀ। ਰਮਤ ਅਖਾੜੇ ਦੀ ਤਨ ਦੇ ਕੇ ਸੇਵਾ ਕਰਦੇ ਸਨ।

ਆਪ ਦੇ ਸ਼ਿਸ਼ ਸੰਤ ਉਤਮ ਸਿੰਘ ਜੀ ਕੁਠਾਰੀ ਜੋ ਅਜ ਕਲ ਨਿਰਮਲ ਅਖਾੜੇ ਦੇ ਸਕਤ੍ਰ ਹਨ।

ਜਨਮ ਪਿੰਡ ਲੁਹਾਰਾ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ ਜਦ ਆਪ ਦੇ ਸੰਤ ਸੰਗਤ ਪੁਰੇ ਰਹਿੰਦੇ ਸਨ। ਓਦੋਂ ਹੀ ਆਪ ਸਾਧੂ ਹੋਏ। ਅਜ ੪੦-੫੦ ਸਾਲ ਤੋਂ ਸਾਧ ਸੰਗਤ ਤੇ ਭੇਖ ਦੀ ਸੇਵਾ ਕਰ ਰਹੇ ਹਨ। ਸੰਮਤ ੧੯੯੭ ਵਿਚ ਕੁਠਾਰੀ ਹੋਏ। ਕਨਖਲ ਵਾਸੀ ਸਜਨਾਂ ਨਾਲ ਆਪ ਨੇ ਵਡਾ ਮਿਲ ਵਰਤਨ ਰਖਿਆ। ਵਿਚਕਾਰ ਕਈ ਵਰ੍ਹੇ ਵਿਰਕਤੀ ਠਾਟ ਵਿਚ ਰਹੇ। ਰਮਤ ਅਖਾੜੇ ਵਿਚ ਕਈ ਵਰ੍ਹੇ ਮੁਖੀਏ ਮਹੰਤ ਟਿਕੇ ਰਹੇ। ਅਜ ਕਲ ਅਖਾੜੇ ਦੇ ਸੈਕਟਰੀ ਹਨ। ਭੇਖ ਦੇ ਸ਼ੁਭ ਚਿੰਤਕ ਹਨ ਸਰੀਰ ਵਡਾ ਪੁਰਸ਼ਾਰਥੀ ਹੈ। ਮੇਲ ਮਿਲਾਪ ਵਾਲਾ ਸੁਭਾਵ ਹੈ, ਹਰ ਕੰਮ ਵਿਚ ਅਗਾਂਹ ਵਧ ਕੇ ਹਿੱਸਾ ਲੈਂਦੇ ਹਨ।

ਆਪ ਦੇ ਚੇਲੇ ਸੰਤ ਕਰਤਾਰ ਸਿੰਘ ਜੀ ਵੇਰਕੇ ਰਹਿੰਦੇ ਹਨ, ਦੂਜੇ ਸੰਤ ਸ਼ੀਤਲ ਸਿੰਘ ਜੀ ਜੋ ਕਨਖਲ ਪਾਠਸ਼ਾਲਾ ਵਿਚ ਕਈ ਸਾਲ ਤੋਂ ਪੜ੍ਹ ਰਹੇ ਹਨ। ਉਦਮੀ ਸਰੀਰ ਹਨ। ਗੁਰੂ ਘਰ ਦੇ ਨਾਲ ਪਿਆਰ ਹੈ। ਤੀਸਰੇ ਚੇਲੇ ਤਿਲਕ ਧਾਰੀ ਰਾਮ ਸਿੰਘ ਜੀ ਹਨ। ਸੰਤ ਸੁਚਾ ਸਿੰਘ ਜੀ ਚਕ੍ਰਵਰਤੀ ਹਨ।

# ਡੇਰਾ ਢਿਲਵਾਂ

## ਸ੍ਰੀ ਸੰਤ ਰਾਮ ਸਿੰਘ ਜੀ

ਚੇਲੇ ਮਹਾਰਾਜ ਮਲ ਸਿੰਘ ਜੀ ਪੰਡੋਰੀ। ਆਪ ਦਾ ਜਨਮ ਮੂਸਾਂ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਪਹਿਲਾਂ ਕਈ ਵਰ੍ਹੇ ਪੰਡੋਰੀ ਆਪਣੇ ਸੰਤਾਂ ਦੀ ਸੇਵਾ ਕਰਦੇ ਰਹੇ, ਫਿਰਦੇ ਤੁਰਦੇ ਢਿਲਵਾਂ ਆਏ। ਡੇਰਾ ਬੰਨ੍ਹਿਆ, ਭਜਨ ਬਾਣੀ ਦੇ ਪ੍ਰਤਾਪ ਨਾਲ ਬੜੇ ਕਰਨੀ ਵਾਲੇ ਪ੍ਰਸਿਧ ਹੋਏ। ੧੮ ਘੁਮਾ ਜ਼ਮੀਨ ਦੀ ਮਾਫ਼ੀ ਹੈ। ਆਪ ਦੇ ਸ਼ਿਸ਼ ਸੰਤ ਨਰੈਣ ਸਿੰਘ ਜੀ, ਸੰਤ ਦਿਆਲ ਸਿੰਘ ਜੀ ਆਦ ਹੋਏ। ਅੰਤ ਸੰਤ ਨਰੈਣ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਗੁਰਪੁਰੀ ਸਿਧਾਰੇ। ਪਿਛੋਂ ਆਪ ਦੇ ਸ਼ਿਸ਼ ਸੰਤ ਸਰੂਪ ਸਿੰਘ ਜੀ ਗੋਲੇਵਾਲ ਵਾਲਿਆਂ ਨੇ ਆਪ ਦੀ ਸਮਾਧ ਬਣਾਈ।

## ਮਹੰਤ ਨਰੈਣ ਸਿੰਘ ਜੀ (ਬਾਂਕੇ ਬਿਹਾਰੀ)

ਆਪ ਸੁਭਾ ਦੇ ਅਜਿਹੇ ਹਸਮੁਖੇ ਸਰੀਰ ਸਨ ਜੁ ਕਈ ਸ਼ਹਿਰਾਂ ਬਲਕਿ ਖਾਸ ਪਟਿਆਲੇ ਵਿਚ ਆਪ ਦਾ ਨਾਂ ਬਾਂਕੇ ਬਿਹਾਰੀ ਕਰਕੇ ਪ੍ਰਸਿਧ ਹੋਇਆ। ੧੫੦) ਰੁਪਿਆ ਸਾਲਾਨਾ ਪੂਜਾ ਬਧੀ ਹੋਈ ਸੀ। ਆਪਣੀ ਜ਼ਿੰਦਗੀ ਵਿਚ ਚੰਗਾ ਪ੍ਰਬੰਧ ਰਖਿਆ। ਬਾਅਦ ਆਪ ਦੇ ਚੇਲੇ ਸੰਤ ਨੌਰੰਗ ਸਿੰਘ ਜੀ ਮਹੰਤ ਹੋਏ। ਜੋ ਸਿਆਣਪ ਨਾਲ ਚੰਗਾ ਕੰਮ ਚਲਾਉਂਦੇ ਰਹੇ, ਪਰ

ਸੰਮਤ ੧੯੯੨ ਤੋਂ ਇਹ ਮਕਾਨ ਪਿੰਡ ਦੀ ਪੰਚਾਇਤ ਨੇ ਆਪਣੇ ਪ੍ਰਬੰਧ ਵਿਚ ਕਰ ਲਿਤਾ ਹੈ।

## ਦੂਜਾ ਡੇਰਾ

## ਸੰਤ ਦਿਆਲ ਸਿੰਘ ਜੀ

ਚੇਲੇ ਮਹਾਰਾਜ ਸੰਤ ਰਾਮ ਸਿੰਘ ਜੀ। ਆਪ ਵੀ ਚੰਗੀ ਧਾਰਨਾ ਵਾਲੇ ਸਾਧੂ ਹੋਏ ਹਨ। ਪਿਛੋਂ ਆਪ ਦੇ ਚੇਲੇ ਸੰਤ ਠਾਕੁਰ ਸਿੰਘ ਜੀ ਮਹੰਤ ਹੋਏ। ਉਹ ਵੀ ਗੁਜ਼ਰ ਗਏ। ਡੇਰਾ ਸਿਖਾਂ ਦੇ ਕਬਜ਼ੇ ਵਿਚ ਚਲਾ ਗਿਆ।

# ਡੇਰਾ ਹੰਡਿਆਏ

(ਬਾਗ ਵਾਲਾ)

## ਸ਼੍ਰੀ ਸੰਤ ਸੁੰਦਰ ਸਿੰਘ ਜੀ

ਆਪ ਮਹੰਤ ਨਰੈਣ ਸਿੰਘ ਜੀ (ਬਾਂਕੇ ਬਿਹਾਰੀ) ਢਿਲਵਾਂ ਵਾਲਿਆਂ ਦੇ ਚੇਲੇ ਹੋਏ ਹਨ। ਜਨਮ ਇਸੇ ਨਗਰ ਭਾਈ ਕਰਮ ਸਿੰਘ ਜੀ ਦੇ ਗ੍ਰਹਿ ਵਿਖੇ ਸੰਮਤ ੧੯੯੫ ਕਤਕ ਪੂਰਨਮਾਸ਼ੀ ਨੂੰ ਹੋਇਆ। ਸੰਮਤ ੧੯੦੩ ਵਿਚ ਆਪ ਪਟਿਆਲੇ ਪਲਟਨ ਨੰ: ੧ ਵਿਚ ਭਰਤੀ ਹੋਏ। ੬ ਸਾਲ ਨੌਕਰੀ ਕੀਤੀ, ਸੰਸਾਰ ਵਲੋਂ ਉਪ੍ਰਾਮ ਚਿਤ ਹੋ ਗਏ। ਉਨ੍ਹੀਂ ਦਿਨੀਂ ਮਹਾਰਾਜ ਸੰਤ ਨਰੈਣ ਸਿੰਘ ਜੀ ਬਾਂਕੇ ਬਿਹਾਰੀ

ਪਟਿਆਲੇ ਪੂਜਾ ਲੈਣ ਲਈ ਆਏ ਹੋਏ ਸਨ ਜਿਨ੍ਹਾਂ ਨਾਲ ਆਪ ਦਾ ਪਰੇਮ ਹੋ ਗਿਆ। ਜਦ ਸੰਤ ਆਪਣੇ ਢਿਲਵਾਂ ਨਗਰ ਗਏ ਤਾਂ ਆਪ ਵੀ ਨਾਲ ਚਲੇ ਗਏ, ਜਿਥੇ ਸੇਵਾ ਕਰਦੇ ਪੜ੍ਹਦੇ ਰਹੇ। ਉਪਦੇਸ਼ ਲੀਤਾ ਸਾਧੂ ਹੋਏ। ਤਿੰਨ ਵਰ੍ਹੇ ਪਾਸ ਰਹਿਕੇ ਬਾਅਦ ਫਿਰਦੇ ਤੁਰਦੇ ਆਪਣੇ ਨਗਰ ਤੋਂ ਬਾਹਰਵਾਰ ਜੰਗਲ ਵਿਚ ਆਣ ਠਹਿਰੇ। ਸਤਿਸੰਗੀਆਂ ਨਗਰ ਵਿਚ ਲੈ ਜਾਣ ਲਈ ਪ੍ਰਾਰਥਨਾ ਕੀਤੀ। ਆਪ ਨਾਲ ਹੋ ਤੁਰੇ ਪਰ ਰਸਤੇ ਵਿਚ ਢਾਬ ਦੇ ਕਿਨਾਰੇ ਕਲਰੀ ਜਗ੍ਹਾ ਵਿਚ ਡੇਰਾ ਲਾ ਦਿਤਾ। ਪਰੇਮੀਆਂ ਕਿਹਾ ਕਿ ਮਹਾਰਾਜ ਇਹ ਤਾਂ ਕਲਰੀ ਜਗ੍ਹਾ ਹੈ ਆਪ ਨੇ ਕਿਹਾ ਕਿ ਭਾਈ ਇਥੇ ਤਾਂ ਖਾਸ ਇਕ ਬਗੀਚਾ ਲਗੇਗਾ। ਕੋਠੀ ਬਣੇਗੀ ਕਈ ਸਾਧੂ ਸੰਤ ਆਣ ਰਿਹਾ ਕਰਨਗੇ ਬਲਕਿ ਪਸ਼ੂ ਬੁਧੀ ਵੀ ਇਥੋਂ ਪੰਡਿਤ ਹੋਕੇ ਜਾਇਆ ਕਰਨਗੇ। ਉਪਰੰਤ ਆਪ ਦੇ ਪਰੇਮੀ ਭਾਈ ਪੰਜਾਬ ਸਿੰਘ ਜੀ ਨੇ ਆਪ ਦੇ ਸੰਕਲਪ ਅਨੁਸਾਰ ਇਥੇ ਇਕ ਕੁਟੀਆ ਬਣਾ ਦੇਣ ਲਈ ਖਿਆਲ ਪ੍ਰਗਟ ਕੀਤਾ। ਉਸੇ ਵੇਲੇ ਸੰਤਾਂ ਮਸਾਲਾ ਮੰਗਵਾਉਣ ਲਈ ਆਗਿਆ ਦੇ ਦਿਤੀ। ਦੂਏ ਤੀਏ ਦਿਨ ਇਟਾਂ ਦੇ ਗਡੇ ਆਉਣੇ ਸ਼ੁਰੂ ਹੋ ਗਏ। ਕਹਿੰਦੇ ਹਨ ਜਿਹੜਾ ਸਭ ਤੋਂ ਅਗੇ ਗਡਾ ਆ ਰਿਹਾ ਸੀ। ਉਸ ਗਡੇ ਦੇ ਬਲਦਾਂ ਵਿਚੋਂ ਇਕ ਬਲਦ ਅਗੇ ਚਲਣੋਂ ਰੁਕ ਗਿਆ। ਬੜਾ ਜਤਨ ਕੀਤਾ ਪਰ ਬੈਲ ਨ ਚਲਿਆ ਜਦ ਇਸ ਗਲ ਦਾ ਸੰਤਾਂਨੂੰ ਪਤਾ ਲਗਾ ਤਾਂ ਆਪ ਨੇ ਇਹ ਕਹਿ ਕੇ ਇਟਾਂ ਉਤਰਵਾ ਦਿਤੀਆਂ ਕਿ ਭਾਈ ਸ਼ਕਤੀ ਵਾਲੀ ਤਾਂ ਇਹੋ ਹੀ ਜਗ੍ਹਾ ਹੈ ਇਸੀ ਜਗ੍ਹਾ ਕੁਟੀਆ ਬਣਨੀ ਚਾਹੀਦੀ ਹੈ ਬਾਅਦ

੧੯੩੦ ਸੰਮਤ ਵਿਚ ਕੁਟੀਆ ਤਿਆਰ ਹੋ ਗਈ ਜਿਥੇ ਆਪ ਨੇ ਟਿਕ ਕੇ ਭਜਨ ਬਾਣੀ ਦਾ ਪਾਠ ਕਰਨਾ ਆਰੰਭ ਕਰ ਦਿਤਾ।

ਇਕ ਵੇਰਾਂ ਨਗਰ ਨਾਲ ਲਗਦਾ ਰਜੂਵਾਹ ਲਿਆਉਣ ਵੇਲੇ ਮੌਜੂਦਾ ਅੰਗ੍ਰੇਜ਼ ਅਫਸਰ ਨੇ ਜਦ ਇਸ ਨੂੰ ਸਿਧਾ ਰਖਣ ਲਈ ਆਪ ਦੀ ਕੁਟੀਆ ਨੂੰ ਗਿਰਾ ਦੇਣਾ ਯੋਗ ਸਮਝਿਆ ਪਰ ਜਦ ਉਸ ਨੇ ਆਪ ਦੇ ਆਣ ਕੇ ਦਰਸ਼ਨ ਕੀਤੇ ਤਾਂ ਢਾਹੁਣ ਨੂੰ ਹੀਆ ਨਾ ਪਿਆ। ਬਲਕਿ ਉਪਰੋਂ ਇਕ ਫੁਟ ਖਮ ਦੇ ਕੇ ਰਜਵਾਹ ਲਿਆਂਦਾ ਜੁ ਇਸ ਵੇਲੇ ਤਕ ਪ੍ਰਤੀਤ ਹੋ ਰਿਹਾ ਹੈ। ਇਸ ਤੋਂ ਇਲਾਵਾ ਬਗੀਚੇ ਵਾਸਤੇ ਹਮੇਸ਼ਾ ਜਲ ਦੇਣ ਲਈ ਹੁਕਮ ਦੇ ਦਿਤਾ।

ਇਕ ਵਾਕ ਸਿਧੀ ਆਪ ਦੀ ਇਸ ਤਰ੍ਹਾਂ ਪ੍ਰਸਿਧ ਹੈ। ਇਕ ਵੇਰਾਂ ਅੰਮ੍ਰਿਤਸਰ ਜਾਣ ਲਈ ਤਿਆਰ ਸਨ ਜੁ ਉਸੇ ਵੇਲੇ ਇਕ ਬਣੀਆ ਜਿਸਦੇ ਪਾਸੋਂ ਆਪ ਅਫੀਮ ਲਿਤਾ ਕਰਦੇ ਸਨ, ਆਣ ਕੇ ਪੈਸੇ ਮੰਗਣ ਲਗ ਪਿਆ। ਆਪ ਨੇ ਕਿਹਾ ਕਿ ਹੁਣ ਆਕੇ ਹੀ ਦਿਆਂਗੇ। ਬਨੀਏ ਨੇ ਕੁਝ ਅਜਿਹੇ ਵਹੇ ਸ਼ਬਦ ਕਹੇ ਤਾਂ ਆਪ ਨੇ ਕਿਹਾ ਕਿ ਭਾਈ ਅਸੀ ਤਾਂ ਅਫੀਮ ਖਾਣੀ ਛਡ ਦਿਤੀ ਹੈ ਪਰ ਤੇਰੇ ਘਰ ਪਾਣੀ ਦੇਣ ਜੋਗਾ ਕੋਈ ਨਹੀ ਰਹੇਗਾ। ਬਸ ਆਪ ਦਾ ਇਹ ਵਾਕ ਅਜਿਹਾ ਅਮੋਘ ਬਾਣ ਸਾਬਤ ਹੋਇਆ, ਥੋੜੇ ਦਿਨਾਂ ਵਿਚ ਸਾਰਾ ਘਰ ਸਾਫ ਸੁਥਰਾ ਹੋ ਗਿਆ। ਇਸ ਤਰ੍ਹਾਂ ਆਪ ਬੜੇ ਸਿਧ ਮਹਾਤਮਾ ਪ੍ਰਸਿਧ ਹੋਏ ਹਨ। ਕਈ ਹਛੇ ਹਛੇ ਬੀਤ ਰਾਗ ਸੰਤ ਆਪ ਦੇ ਦਰਸ਼ਨ

ਲਈ ਆਉਂਦੇ ਰਹੇ।

ਆਪ ਸਾਰਾ ਦਿਨ ਭਜਨ ਪਾਠ ਕਥਾ ਵਾਰਤਾ ਸਤਿਸੰਗ ਵਿਚ ਬਤੀਤ ਕਰਦੇ ਹੁੰਦੇ ਸਨ। ਗੁਰਮੁਖੀ ਪੜ੍ਹਾਉਣ ਦਾ ਅਜਿਹਾ ਸਿਲਸਿਲਾ ਆਪ ਨੇ ਜਾਰੀ ਕੀਤਾ ਜੋ ਸੈਂਕੜਿਆਂ ਦੀ ਗਿਣਤੀ ਵਿਚ ਆਪ ਨੇ ਪੜ੍ਹਾਏ। ਆਪ ਬੜੀ ਉਚ ਕਰਨੀ ਵਾਲੇ ਮਹਾਤਮਾ ਹੋਏ ਹਨ। ਕਹਿੰਦੇ ਹਨ ਕਿ ਸੰਮਤ ੧੯੬੦ ਦੇ ਕੁੰਭ ਪੁਰ ਹਰਦੁਆਰ ਜਾਣ ਲਗਿਆਂ ਆਪ ਨੇ ਸਭ ਨੂੰ ਇਹ ਕਹਿ ਦਿਤਾ ਕਿ ਭਾਈ ਹੁਣ ਅਸਾਂ ਇਥੇ ਨਹੀਂ ਆਉਣਾ। ਹਰਦੁਆਰ ਗੰਗਾ ਜੀ ਹੀ ਟਿਕਾਂਗੇ। ਈਸ਼ਵਰ ਦੀ ਲੀਲ੍ਹਾ ਇਸ ਤਰ੍ਹਾਂ ਬਣੀ। ਸਾਰਾ ਚੇਤ੍ਰ ਦਾ ਮਹੀਨਾ ਇਸ਼ਨਾਨ ਕਰਦੇ ਰਹੇ। ਵਿਸਾਖੀ ਦੇ ਦੂਜੇ ਦਿਨ ਜਦ ਆਪ ਨੂੰ ਬੁਖਾਰ ਚੜ੍ਹਿਆ ਤਾਂ ਆਪ ਨੇ ਆਪਣੇ ਚੇਲੇ ਮਹੰਤ ਨਰੈਣ ਸਿੰਘ ਜੀ ਜੋ ਉਸ ਵੇਲੇ ਅਖਾੜੇ ਦੇ ਕਾਰਬਾਰੀ ਮੁਕੱਰਰ ਸਨ ਨੂੰ ਡੇਰੇ ਦੀ ਪੱਗ ਦੇਕੇ ਆਪ ਸੰਮਤ ੧੯੬੦ ਵਿਸਾਖ ੩ ਨੂੰ ਸ੍ਰੀ ਗੰਗਾ ਜੀ ਹੀ ਸਮਾ ਗਏ। ਬਾਅਦ ਸੰਤ ਨਰੈਣ ਸਿੰਘ ਜੀ ਡੇਰੇ ਦੇ ਮਹੰਤ ਹੋਏ

## ਮਹੰਤ ਨਰੈਣ ਸਿੰਘ ਜੀ

ਆਪ ਦਾ ਜਨਮ ਧੌਲਾ ਰਿਆਸਤ ਨਾਭਾ ਵਿਚ ਸੰਮਤ ੧੯੩੩ ਨੂੰ ਹੋਇਆ। ਛੋਟੀ ਉਮਰ ਵਿਚ ਡੇਰੇ ਆਏ ਸੇਵਾ ਕਰਦੇ ਰਹੇ ਬਾਅਦ ਕੁਝ ਚਿਰ ਮੰਡਲੀਆਂ ਵਿਚ ਰਹਿਕੇ ਪੜ੍ਹਦੇ ਰਹੇ। ਸੰਮਤ ੧੯੫੪–੫੫ ਤੋਂ ੫–੬ ਵਰ੍ਹੇ ਪੰਚਾਇਤੀ ਨਿਰਮਲੇ ਅਖਾੜੇ ਕਨਖਲ ਵਿਚ ਕਾਰੀ ਬਾਰੀ ਰਹਿਕੇ ਸੇਵਾ

ਕਰਦੇ ਰਹੇ ਹਨ। ਸੰਮਤ ੧੯੬੦ ਵਿਚ ਡੇਰੇ ਦੇ ਮਹੰਤ ਹੋਏ। ਜਦ ਤੋਂ ਆਪ ਮਹੰਤ ਹੋਏ ਹਨ, ਡੇਰੇ ਦੀ ਬੜੀ ਤਰੱਕੀ ਕੀਤੀ। ਸੰਮਤ ੧੯੬੮ ਵਿਚ ਸਾਰਾ ਡੇਰਾ ਪੱਕਾ ਕੋਠੀ ਦੀ ਸ਼ਕਲ ਵਿਚ ਬਣਾਇਆ, ਬਾਗ ਨੂੰ ਮੁਕੰਮਲ ਕੀਤਾ। ਖੂਹ ਲੁਵਾ ਕੇ ਚਲਦਾ ਕੀਤਾ। ਨਗਰ ਦੇ ਅਨੇਕਾਂ ਆਦਮੀਆਂ ਨੂੰ ਪੜ੍ਹਾ ਕੇ ਚੰਗੇ ਪਾਸੇ ਲਗਾਇਆ। ਇਲਾਕੇ ਵਿਚ ਚੰਗਾ ਰਸੂਖ ਤੇ ਆਦਰ ਸਤਿਕਾਰ ਪ੍ਰਾਪਤ ਕੀਤਾ। ਸਰੀਰ ਦਰਸ਼ਨੀ, ਸੁਭਾ ਹੱਛਾ ਮਿਲਨਸਾਰ ਹੈ। ਆਪ ਦੇ ਚੇਲੇ ਮਹੰਤ ਸੰਤੋਖ ਸਿੰਘ ਜੀ, ਸੰਤ ਖਜ਼ਾਨ ਸਿੰਘ ਜੀ ਆਦਕ ਸਨ। ਸੰਤ ਕਰਮ ਸਿੰਘ ਭਾਦਰੋਂ ੧੮ ਸੰਮਤ ੧੯੯੭ ਵਿਚ ਗੁਜ਼ਰ ਗਏ ਹਨ।

## ਮਹੰਤ ਸੰਤੋਖ ਸਿੰਘ ਜੀ

ਜਨਮ ਖੇੜੀ ਰਿਆਸਤ ਪਟਿਆਲਾ ਦਾ ਹੈ। ਸੰਮਤ ੧੯੬੨ ਵਿਚ ਸਾਧੂ ਹੋਏ। ਪਹਿਲਾਂ ਡੇਰੇ ਵਿਚ ਬਾਅਦ ਸ੍ਰੀ ਅੰਮ੍ਰਿਤਸਰ ਜੀ ਜਾ ਕੇ ਆਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਨਾਨਕ ਪ੍ਰਕਾਸ਼ ਆਦ ਪੜ੍ਹਦੇ ਰਹੇ ਹਨ। ਇਤਿਹਾਸ ਦੇ ਚੰਗੇ ਜਾਣੂ ਸਨ। ਸੰਮਤ ੧੯੭੨ ਵਿਚ ਰਮਤ ਨਿਰਮਲ ਅਖਾੜੇ ਦੇ ਮੁਖੀਏ ਮਹੰਤ ਬਣੇ। ਸੰਮਤ ੧੯੭੯ ਵਿਚ ਧਰਮ ਧਜਾ ਪਟਿਆਲੇ ਦੇ ਮੁਕਾਮੀ ਮਹੰਤ ਨਿਯਤ ਕੀਤੇ ਗਏ। ਜਿਥੇ ਕਈ ਵਰ੍ਹੇ ਚੰਗੀ ਸੇਵਾ ਕਰਦੇ ਰਹੇ। ਅਜ ਕਲ ਡੇਰੇ ਵਿਚ ਰਹਿੰਦੇ ਹਨ। ਆਏ ਗਏ ਨਾਲ ਪਿਆਰ ਕਰਦੇ ਸਨ। ਸੁਭਾ ਦੇ ਹਸ-ਮੁਖੇ, ਚੰਗੇ ਦਰਸ਼ਨੀ ਸਰੀਰ ਸਨ। ਭੇਖ ਹਿਤੈਸ਼ੀ ਸਿਆਣੇ

ਸਜਣ ਪੁਰਸ਼ ਸਨ। ਇਲਾਕੇ ਵਿਚ ਚੰਗਾ ਆਦਰ ਸਤਿਕਾਰ ਸੀ।

# ਡੇਰਾ ਬਾਜਵੇ

## ਮਹੰਤ ਖਜ਼ਾਨ ਸਿੰਘ ਜੀ

ਚੇਲੇ ਮਹੰਤ ਨਰੈਣ ਸਿੰਘ ਜੀ ਹੰਡਿਆਏ, ਆਪ ਦਾ ਜਨਮ ਹੰਡਿਆਏ ਰਿਆਸਤ ਪਟਿਆਲਾ ਵਿਚ ਸੰਮਤ ੧੯੩੩ ਨੂੰ ਹੋਇਆ। ਕੁਝ ਸਮਾਂ ਡੇਰੇ ਰਹਿ ਕੇ ਬਾਅਦ ਮਹੰਤ ਕੇਹਰ ਸਿੰਘ ਜੀ ਗੁਰਦਵਾਰਾ ਨੌਮੀ ਪਾਤਸ਼ਾਹੀ, ਪਾਸੋਂ ਪੜ੍ਹਦੇ ਰਹੇ ਹਨ। ਆਪ ਨੂੰ ਅਨੁਸ਼ਠਾਨ ਕਰਨ ਦਾ ਬੜਾ ਸ਼ੌਕ ਸੀ। ੨੫ ਪਾਠ ਸ੍ਰੀ ਜਪੁ ਜੀ ਸਾਹਿਬ ਦੇ ਰੋਜ਼ਾਨਾ ਕਰਦੇ ਸਨ। ਸੰਮਤ ੧੯੬੫ ਵਿਚ ਆਪ ਨੇ ਵੈਦਰਾਜ ਪਾਸ ਕੀਤਾ ਸੀ। ੧੯੭੧ ਵਿਚ ਇਹ ਡੇਰਾ ਬਣਿਆ। ਡੇਰਾ ਪੱਕਾ ਬਾਹਰ ਵਾਰ ਹੈ। ਆਇਆ ਗਇਆ ਸਾਧੂ ਬਣਿਆ ਰਹਿੰਦਾ ਹੈ।

ਹੇਠ ਲਿਖਿਆ ਲੇਖ ਉਸ ਵੇਲੇ ਦੇ ਵਰਤਮਾਨ
ਮਹੰਤ ਜੀ ਨੇ ਲਿਖਾਇਆ ਹੈ।

# ਸੰਪ੍ਰਦਾਯ ਬ੍ਰਿੰਦਾਬਨੀ

## ਸ਼੍ਰੀ ਸਵਾਮੀ ਬ੍ਰਿੰਦਾਬਨ ਜੀ

ਚੇਲੇ ਸੰਤ ਮੀਹਾਂ ਸਿੰਘ ਜੀ ਨਿਰਮਲੇ, ਆਗਰਾ। ਆਪ ਦਾ ਜਨਮ ਆਗਰਾ ਮਹਲਾ ਪਨੀ ਗਲੀ, ਆਪਦੇ ਵਡੇ ਭਾਈ ਸ਼ਿਵ ਦਿਆਲ ਸਿੰਘ ਜੀ ਤੇ ਪ੍ਰਤਾਪ ਸਿੰਘ ਜੀ ਸਨ। ਸਵਾਮੀ ਬ੍ਰਿੰਦਾਬਨ ਜੀ ਬੇਦੀ ਖਾਨਦਾਨ ਵਿਚੋਂ ਨਿਰਮਲੇ ਮਹਾਂ ਪੁਰਸ਼ ਹੋਏ ਹਨ। ਪਹਿਲਾਂ ਆਪ ਕਈ ਜ਼ਿਲਿਆਂ ਵਿਚ ਪੋਸਟ ਮਾਸਟਰ ਰਹੇ। ਮਗਰੋਂ ਅਲੀਗੜ੍ਹ ਵਿਚ ਆ ਗਏ। ਆਪ ਭਜਨ ਮੂਰਤੀ ਬ੍ਰਹਮ ਗਿਆਨੀ ਸਨ। ਫੈਜ਼ਾ ਬਾਦ ਘੋਸੀ ਟੋਲੇ ਵਿਚ ਬੜਾ ਭਾਰੀ ਮਕਾਨ ਬਣਾ ਕੇ ਰਹਿੰਦੇ ਰਹੇ ਹਨ ਤੇ ਉਥੇ ਹੀ ਸਮਾਏ ਹਨ। ਉਹ ਮਕਾਨ ਹੁਣ ਵਿਕ ਗਿਆ ਹੈ। ਸੰਤ ਬ੍ਰਿੰਦਾਬਨ ਜੀ ਨੇ ਗੁਰਮੁਖੀ ਵਿਚ ਵਿਹਾਰ ਬ੍ਰਿਦਾਬਨ ਨਾਮ ਦਾ ਪੁਸਤਕ ਪੰਜ ਭਾਗਾਂ ਵਿਚ ਲਿਖਿਆ ਹੈ—ਇਕ ਉਰਦੂ ਹਰੂਫਾ ਵਿਚ ਸਮਰ ਬਿਹਾਰ ਬਿੰਦਾਬਨ ਛਪਿਆ ਹੋਇਆ ਹੈ ਇਸ ਵੇਲੇ ਡੇਰੇ ਵਿਚ ਨਾਗਰੀ ਤੇ ਗੁਰਮੁਖੀ ਦਾ ਮੌਜੂਦ ਹੈ। ਆਪ ਨੇ ਇਹ ਅਖਾੜਾ ਸੰਮਤ ੧੯੩੧ ਫਗਨ ਸੁਦੀ ੧੫ ਮੁਤਾਬਕ ਸੰਨ ੧੮੭੪ ਵਿਚ ਬੰਨ੍ਹਿਆ ਤੇ ਨਿਰਮਲਾ ਛੋਟਾ ਅਖਾੜਾ ਬ੍ਰਿੰਦਾਬਨੀ ਇਸਦਾ ਨਾਮ ਰਖਿਆ ਜਿਸਦੀ ਜ਼ਮੀਨ ਤ੍ਰਿਬੇਨੀ ਕਿਨਾਰੇ ਮਾਘ ਮੇਲੇ ਸਮੇਂ ਨਿਰਮਲ ਅਖਾੜੇ ਨੂੰ ਮਿਲਦੀ ਹੈ।

## ਸ਼ਿਲਾ ਲੇਖ ਇਸ ਪ੍ਰਕਾਰ ਹੈ

"੧ਓ ਸਤਿਗੁਰੂ ਰਾਮ" ਇਸੇ ਤਰ੍ਹਾਂ ਹਿੰਦੀ ਤੇ ਉਰਦੂ ਵਿਚ ਵੀ ਹੈ। ਸ਼੍ਰੀ ਬ੍ਰਿੰਦਾਬਨ ਜੀ ਨੇ ਪਾਠਸ਼ਾਲਾ ਤੇ ਛੇਤ੍ਰ ਲਈ ਮਕਾਨ ਸੰਮਤ ੧੯੩੧ ਫਗਣ ਸ਼ੁਦੀ ੧੫ ਨੂੰ ਸਥਾਪਤ ਕੀਤਾ। ਇਸ ਡੇਰੇ ਦੀ ਜ਼ਮੀਨ ਤੇ ਬਾਗ ੪੦ ਵਿਘੇ ਵਿਚ ਡੇਰੇ ਦੁਵਾਲੇ ਹੈ ਡੇਰਾ ਚੰਗੇ ਮੌਕੇ ਉਤੇ ਹੈ ੬ ਰੁਪਏ ਸਾਲਾਨਾ ਜ਼ਮੀਨ ਦੇ ਸਰਕਾਰੇ ਦੇਣੇ ਪੈਂਦੇ ਹਨ। ਡੇਰਾ ਪੱਕਾ ਸੁੰਦਰ ਬਣਿਆ ਹੋਇਆ ਹੈ ਵਿਚ ਖੂਹ ਲਗਾ ਹੋਇਆ ਹੈ। ਆਪ ਦੇ ਕਈ ਚੇਲੇ ਸਨ ਜਿਨ੍ਹਾਂ ਦੇ ਅਸਲ ਨਾਮ ਦਾ ਪਤਾ ਨਹੀਂ ਲਗਦਾ, ਪਰੰਤੂ ਸੰਤ ਅਤਰ ਸਿੰਘ ਜੀ (ਅਤਰ ਸਰੂਪ) ਪ੍ਰਸਿੱਧ ਹੋਏ ਹਨ ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ਫੈਜ਼ਾਬਾਦ ਵਿਚ ਜਾ ਕੇ ਸਮਾ ਗਏ।

## ਮਹੰਤ ਅਤਰ ਸਿੰਘ ਜੀ [ਅਤਰ ਸਰੂਪ]

ਚੇਲੇ ਸੰਤ ਬ੍ਰਿਦਾਬਨ ਜੀ ਦਾ ਜਨਮ ਰਾਇ ਪੁਰ ਗੁਜਰ ਵਾਲ ਜ਼ਿਲਾ ਲੁਧਿਆਨਾ ਵਿਚ ਹੋਇਆ। ਇਹ ਸੰਨ ੧੯੬੬ ਵਿਚ ਸੰਤ ਬ੍ਰਿੰਦਾਬਨੀ ਜੀ ਪਾਸ ਆਏ ਤੇ ਪਿਛੋਂ ਮਹੰਤ ਬਣੇ ਇਨ੍ਹਾਂ ਦੇ ਨਾਮ ਫੈਜ਼ਾਬਾਦ ਦੇ ਮਕਾਨ ਦੀ ਵਸੀਅਤ ਸੰਨ੧੯੭੦ ਵਿਚ ਹੋਈ, ਜਿਥੇ ਯਤੀਮ ਖਾਨਾ ਬਣਾਇਆ ਹੋਇਆ ਸੀ। ਸ਼੍ਰੀ ਮਹੰਤ ਸਾਹਿਬ ਬਾਬਾ ਮਹਿਤਾਬ ਸਿੰਘ ਜੀ ਦਾ ਬ੍ਰਿੰਦਾਬਨੀ ਜੀ ਨਾਲ ਚੰਗਾ ਮੇਲ ਜੋਲ ਸੀ, ਮਗਰੋਂ ਸੰਤ ਅਤਰ ਸਿੰਘ ਜੀ ਨਾਲ

ਬੜੀ ਪ੍ਰੀਤੀ ਰਹੀ। ਸ੍ਰੀ ਮਹੰਤ ਸਾਹਿਬ ਬਾਬਾ ਮਹਿਤਾਬ ਸਿੰਘ ਜੀ ਨੇ ਪ੍ਰਾਗ ਰਾਜ ਦੇ ਕੁੰਭ ਸਮੇਂ ਆਪਨੂੰ ਖਤ ਲਿਖੇ ਹਨ। ਜਿਨ੍ਹਾਂ ਉਤੇ ਸੰਮਤ ਨਹੀਂ ਤੇ ਇਹ ਖਤ ਬਿਹਾਰ ਬ੍ਰਿੰਦਾਬਨ ਦੇ ੪੧੭ ਪੁਰ ਹੈਨ।

ਸੰਤ ਅਤਰ ਸਿੰਘ ਜੀ ਦੇ ਚੇਲੇ ਸੰਤ ਮੋਹਰ ਸਿੰਘ ਜੀ, ਸੰਤ ਰਾਮ ਸਰਨ ਦਾਸ, ਪ੍ਰੇਮ ਦਾਸ, ਪ੍ਰੇਮ ਸਿੰਘ ਜੀ ਆਦਿ ਪੰਜ ਸਨ। ਜਿਨ੍ਹਾਂ ਵਿਚੋਂ ਸੰਤ ਗੁਰਸਰਨ ਦਾਸ ਜੀ ਨੂੰ ਮਹੰਤੀ ਦੇ ਕੇ ਆਪ ਸਵਰੱਗਵਾਸ ਹੋ ਗਏ।

**ਮਹੰਤ ਗੁਰਸਰਨ ਦਾਸ ਜੀ** ਆਪ ਦਾ ਜਨਮ ਇਕ ਉਦਾਸੀ ਸਾਧ ਦੇ ਘਰ ਹੋਇਆ ਇਹ ਸੰਤ ਅਤਰ ਸਿੰਘ ਜੀ ਦੇ ਸ਼ਿਸ਼ ਬਣ ਗਏ ਸਨ। ਸੰਨ ੧੯੮੨ ਵਿਚ ਪ੍ਰਾਗਰਾਜ ਛਾਉਨੀ ਵਿਖੇ ਸਮਾਏ।

**ਸੰਤ ਸਤਗੁਰ ਸਰਨ ਦਾਸ ਜੀ** ਚੇਲੇ ਬ੍ਰਿੰਦਾਬਨ ਜੀ, ਆਪ ਦੇ ਜਨਮ ਦਾ ਨਹੀਂ ਪਤਾ ਲਗਾ, ਪਰ ਇਹ ਖਾਸਾ ਚਿਰ ਮਹੰਤ ਰਹੇ ਹਨ। ਸੰਨ ੧੯੨੫ ਵਿਚ ਵਸਾਖ ਮਹੀਨੇ ਅਜੁਧਿਆ ਜੀ ਹੀ ਸਮਾਏ ਹਨ।

**ਮਹੰਤ ਸਤਗੁਰ ਰਾਮ ਸਰਨ ਦਾਸ** ( ਉਰਫ ਰਾਮ ਸਿੰਘ) ਜੀ ਚੇਲੇ ਬ੍ਰਿੰਦਾਬਨੀ ਆਪ ਜੀ ਦਾ ਜਨਮ ਜ਼ਿਲਾ ਬਸਤੀ ਕੁਦਤਾਹ ਵਿਚ ਹੋਇਆ ਇਹ ਸੰਨ ੧੯੧੫ ਵਿਚ ਮਹੰਤ ਹੋਏ

ਹਨ। ਆਪ ਦੀ ਉਮਰ ਇਸ ਵੇਲੇ ੧੦੩ ਸਾਲ ਦੀ ਹੈ ਆਪ ਭੇਖ ਦੇ ਹਰ ਇਕ ਕੰਮ ਕਾਜ ਤੋਂ ਵਾਕਫ ਹਨ। ਡੇਰੇ ਵਿਚ ਆਪ ਦੀ ਸੰਤਨੀ ਜੋ ਬੜੀ ਬ੍ਰਿਧ ਹੈ ਤੇ ਆਪ ਹੀ ਰਹਿੰਦੇ ਹਨ। ਇਨ੍ਹਾਂ ਪਾਸ ਸਾਰਿਆਂ ਮਹੰਤਾਂ ਸੰਤਾਂ ਦੇ ਪੁਰਾਨੇ ਵਸੀਅਤ ਨਾਮੇ ਪਏ ਹਨ। ੩੩ ਹਜ਼ਾਰ ਰੁਪਿਆ ਇਨ੍ਹਾਂ ਦਾ ਮੇਰਠ ਬੈਂਕ ਵਿਚ ਮਾਰਿਆ ਗਿਆ ਹੈ। ਕੇਵਲ ੧੧੦੦) ਸੌ ਰਾਧਾ-ਸਵਾਮੀਆਂ ਦੀ ਮਾਰਫਤ ਬੈਂਕ ਵਿਚ ਹੈ। ਆਪ ਦੇ ਚੇਲੇ ਅਗੇ ਸੰਤ ਨਿਧਾਨ ਹਰੀ ਜੀ ਹਨ। ਜਿਨ੍ਹਾਂ ਦਾ ਜਨਮ ਅਯੁਧਿਆ ਜ਼ਿ: ਫੈਜ਼ਾਬਾਦ ਦਾ ਹੈ। ਆਪ ਬ੍ਰਹਮਨ ਖਾਨਦਾਨ ਵਿਚੋਂ ਹਨ। ਇਹ ਪਹਿਲਾਂ ਕਾਂਸ਼ੀ ਮਹੰਤ ਨਿਹਾਲ ਸਿੰਘ ਜੀ ਵਾਲੇ ਮਕਾਨ ਵਿਚ ਰਹਿੰਦੇ ਸਨ। ਇਨ੍ਹਾਂ ਦੇ ਗੁਰਭਾਈ ਸੰਤ ਹਰੀ ਸਿੰਘ ਜੀ (ਹਰਚਰਨ ਦਾਸ) ਜੀ ਹਨ। ਡੇਰੇ ਵਿਚ ਸਮਾਧਾਂ ਬਣੀਆਂ ਹੋਈਆਂ ਹਨ। ਮਕਾਨ ਚੰਗਾ ਸੁੰਦਰ ਹੈ।

## ਬ੍ਰਿੰਦਾਬਨ ਸੰਪ੍ਰਦਾਇ ਦੇ ਪੁਸਤਕ ਦੇ ਪਹਿਲੇ ਭਾਗ ਵਿਚੋਂ

ਕੁਝ ਵਿਚਾਰ ਯੋਗ ਗਲਾਂ, ੧ਓ ਸਤਿਗੁਰ ਪ੍ਰਸਾਦਿ, ਸ੍ਰੀ ਵਾਹਿਗੁਰੂ, ਸਤਿ ਗੁਰੂ, ਰਾਮ ਅਨਾਦ ਸਤਿਨਾਮੁ ਸਤਿਗੁਰੂ, ਸਮਰਥ ਦੀਨ ਦਿਆਲ ॥ ਆਦਿ ਗੁਰਏ ਨਮ: ਜੁਗਾਦਿ ਗੁਰਏ ਨਮ: ਸਤਿਗੁਰ ਏ ਨਮ: ਸ੍ਰੀ ਗੁਰੂਦੇਵਏ ਨਮ:।

ਇਹ ਸੰਪ੍ਰਦਾਯ ਆਨੰਦਪੁਰੀਆਂ ਪ੍ਰਧਿਤ ਅਯੁਧਿਆ ਵਾਸੀ ਨਾਮ ਤੇ ਪ੍ਰਸਿਧ ਹੈ। ਸ੍ਰੀ ਦਸਮੇਸ਼ ਗੁਰੂ ਜੀ ਤੋਂ ਭਾਈ ਦਇਆ ਸਿੰਘ ਜੀ ਨੇ ਅੰਮ੍ਰਿਤ ਛਕਿਆ, ਫਿਰ ਸਿਲਸਿਲੇ ਵਾਰ ਮੋਢੀ ਸੋਭਾ ਸਿੰਘ ਜੀ, ਸ੍ਰੀ ਮਾਨ ਬਾਬਾ ਸਾਹਿਬ ਸਿੰਘ ਜੀ, ਸ੍ਰੀ ਖਜ਼ਾਨ ਸਿੰਘ ਜੀ, ਸ੍ਰੀ ਸੰਤ ਬੁਧ ਸਿੰਘ ਜੀ ਅਗੇ ਪੰਡਿਤ ਕਾਹਨ ਸਿੰਘ ਜੀ ਹੋਏ ਜਿਨ੍ਹਾਂ ਤੋਂ ਪਧਿਤ ਅਯੁਧਿਆਵਾਸੀ ਨਾਮ ਤੇ ਪ੍ਰਸਿਧ ਹੋਈ।

# ਸ੍ਰੀ ਪੰਡਿਤ ਕਾਹਨ ਸਿੰਘ ਜੀ

(ਅਯੁਧਿਆ ਵਾਸੀ)

# ਹਵੇਲੀ ਸਿੰਘ ਪੁਰੀਆ ਕੁਰੂਛੇਤ੍ਰ

ਆਪ ਦਾ ਜਨਮ ਇਕ ਬ੍ਰਾਹਮਣ ਖਾਨਦਾਨ ਵਿਚੋਂ ਸੀ, ਮਾਤਾ ਪਿਤਾ ਸ੍ਰੀ ਰਾਮ ਜੀ ਦੇ ਉਪਾਸ਼ਕ ਸਨ। ਜਿਸ ਕਰਕੇ ਆਪ ਵੀ ਸ੍ਰੀ ਰਾਮ ਚੰਦਰ ਜੀ ਦੇ ਪੂਰਨ ਭਗਤ ਹੋਏ। ਉਚੇਚਾ ਯਾਤਰਾ ਕਰਨ ਲਈ ਅਯੁਧਿਆ ਪੁਰੀ ਗਏ। ਮੰਦਰਾਂ ਦੇ ਦਰਸ਼ਨ ਕਰਨ ਤੋਂ ਉਪਰੰਤ ਇਕ ਬੀਤ ਰਾਗ ਸੰਤ ਰੂਪ ਬਾਬਾ ਬੁਧ ਸਿੰਘ ਜੀ ਜੋ ਗੁਰੂ ਘਰ ਦੇ ਪੂਰਨ ਉਪਾਸ਼ਕ ਸਨ, ਦੇ ਦਰਸ਼ਨ ਕੀਤੇ, ਜਿਨ੍ਹਾਂ ਦਾ ਸੁੰਦਰ ਉਪਦੇਸ਼ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਪਿਆਰ ਹੋ ਗਿਆ। ਉਥੇ ਹੀ ਸੇਵਾ ਕਰਦੇ ਇਕ ਦਿਨ ਅੰਮ੍ਰਿਤ ਛਕ ਕੇ ਸਤਿਨਾਮ ਦੇ ਉਪਦੇਸ਼ੀ ਹੋ ਗਏ। ਫਿਰ ਕੁਝ ਚਿਰ ਪਿਛੋਂ ਬਾਬਾ ਜੀ ਦੀ

ਆਗਿਆ ਮੰਨਦੇ ਹੋਏ ਉਧਰ ਹੀ ਕਾਂਸ਼ੀ ਪੜ੍ਹਨ ਚਲੇ ਗਏ। ਕਈ ਵਰ੍ਹੇ ਪੜ੍ਹਨ ਤੋਂ ਬਾਅਦ ਸੰਸਕ੍ਰਿਤ ਦੇ ਹਛੇ ਪੰਡਿਤ ਪ੍ਰਸਿਧ ਹੋਏ, ਮੁੜਦਿਆਂ ਅਜੁਧਿਆ ਵਿਚ ਕਈ ਵਰ੍ਹੇ ਰਹਿਕੇ ਗੁਰੂ ਘਰ ਦੇ ਸਿਧਾਂਤ ਪੁਰ ਉਪਦੇਸ਼ ਕਰਦੇ ਰਹੇ। ਜ਼ਿਆਦਾ ਚਿਰ ਅਜੁਧਿਆ ਵਿਚ ਰਹਿਣ ਨਾਲ ਆਪ ਦਾ ਨਾਂ ਹੀ ਅਜੁਧਿਆ ਵਾਸੀ ਪ੍ਰਸਿਧ ਹੋ ਗਿਆ। ਇਕ ਵੇਰਾਂ ਪੰਜਾਬ ਦੀ ਯਾਤਰਾ ਕਰਨ ਲਈ ਆਏ। ਪਹਿਲਾਂ ਕੁਰੂਛੇਤ੍ਰ ਪੁਜੇ। ਆਏ ਗਏ ਯਾਤਰੂਆਂ ਨੂੰ ਗੁਰੂ ਸਾਹਿਬ ਦੇ ਮਿਸ਼ਨ ਦੀ ਮਹੱਤਤਾ ਦਾ ਉਪਦੇਸ਼ ਦੇਂਦੇ ਰਹੇ। ਇਸੇ ਮੌਕੇ ਆਪ ਦੇ ਸੁੰਦਰ ਉਪਦੇਸ਼ ਤੇ ਸੋਹਣੀ ਫਕੀਰਾਨਾ ਜ਼ਿੰਦਗੀ ਪੁਰ ਪ੍ਰਸੰਨ ਹੋ ਕੇ ਸਿੰਘਪੁਰੀ ਸਰਦਾਰਾਂ ਨੇ ਆਪਣੀ ਹਵੇਲੀ ਅਰਪਣ ਕਰ ਦਿਤੀ ਜਿਥੇ ਕਈ ਵਰ੍ਹੇ ਰਹਿ ਕੇ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ।

ਕਈ ਸਾਧੂ ਪੜ੍ਹਾਏ, ਆਪ ਦੇ ਕਈ ਚੇਲੇ ਸੰਤ ਜੈ ਰਾਮ ਸਿੰਘ ਜੀ, ਸੰਤ ਅਮਰ ਸਿੰਘ ਜੀ, ਸੰਤ ਫਤੇਹ ਸਿੰਘ ਜੀ ਆਦ ਚੰਗੇ ਚੰਗੇ ਪ੍ਰਤਿਸ਼ਠਤ ਸਾਧੂ ਹੋਏ। ਸੰਤ ਜੈ ਰਾਮ ਸਿੰਘ ਜੀ ਨੂੰ ਆਪਣਾ ਉਤ੍ਰਾਧਿਕਾਰੀ ਨੀਯਤ ਕੀਤਾ। ਅੰਤ ਨੂੰ ਸੰਮਤ ੧੯੩੮ ਦੇ ਪ੍ਰਯਾਗ ਕੁੰਭ ਤੇ ਜਾ ਕੇ ਸਮਾ ਗਏ।

## ਸ੍ਰੀ ਸੰਤ ਜੈ ਰਾਮ ਸਿੰਘ ਜੀ

ਆਪ ਦਾ ਜਨਮ ਭੀ ਬ੍ਰਾਹਮਣ ਘਰ ਦਾ ਸੀ, ਸੰਤਾਂ ਪਿਛੋਂ ਕੁਝ ਚਿਰ ਹਵੇਲੀ ਵਿਚ ਟਿਕੇ ਰਹੇ। ਪਰ ਖੁਲ੍ਹਾ ਖਰਚਣ ਵਾਲਾ ਸੁਭਾਵ ਹੋਣ ਕਰਕੇ ਹਵੇਲੀ ਨੂੰ ਪੰਡਿਤ ਦੇਵੀ ਦਿਆਲ

ਪਾਸ ਗਹਿਣੇ ਰਖ ਕੇ ਅੰਮ੍ਰਿਤਸਰ ਚਲੇ ਗਏ। ਦਲ ਸਿੰਘ ਦੇ ਕਟੜੇ ਇਕ ਮਕਾਨ ਲੈ ਕੇ ਰਹਿਣ ਲਗ ਪਏ, ਪਰ ਅਖੀਰ ਉਹ ਭੀ ਕਿਸੇ ਬ੍ਰਾਹਮਣ ਨੂੰ ਸੌਂਪ ਗਏ ਜਿਸ ਦੇ ਨਾਲ ਆਪਣੇ ਸਾਧੂਆਂ ਦਾ ਕੋਈ ਤਅੱਲਕ ਨਹੀਂ ਰਿਹਾ। ਆਪ ਦੇ ਗੁਜ਼ਰ ਜਾਣ ਪਿਛੋਂ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਪੰਡਿਤ ਊਧਵ ਸਿੰਘ ਜੀ ਨੇ ਚੰਗਾ ਉਦਮ ਕੀਤਾ ਜੋ ਪੰਡਿਤ ਦੇਵੀ ਦਿਆਲ ਨੂੰ ਇਨ੍ਹਾਂ ਦਾ ਕਰਜ਼ਾ ਸੰਮਤ ੧੯੫੯ ਅਸੂ ੧੩ ਨੂੰ ਅਦਾ ਕਰਕੇ ਸਿੰਘ ਪੁਰੀਆਂ ਦੀ ਹਵੇਲੀ ਅਖਾੜੇ ਦੇ ਪ੍ਰਬੰਧ ਵਿਚ ਲੈ ਆਂਦੀ। ਅਜਕਲ ਗ੍ਰਹਿਣ ਦੇ ਮੇਲੇ ਵਿਚ ਅਖਾੜਾ ਉਥੇ ਹੀ ਉਤਰਦਾ ਹੁੰਦਾ ਹੈ।

# ਡੇਰਾ ਲਿਦੜਾਂ

## ਸ੍ਰੀ ਸੰਤ ਅਮਰ ਸਿੰਘ ਜੀ

ਚੇਲੇ ਮਹਾਰਾਜ ਪੰਡਿਤ ਕਾਹਨ ਸਿੰਘ ਜੀ, ਆਪ ਪੂਰਨ ਯੋਗਾਭਿਆਸੀ ਮਹਾਤਮਾ ਹੋਏ ਹਨ। ਤਰਨ ਤਾਰਨ ਗਊ ਘਾਟ ਖਾਸਾ ਚਿਰ ਸਮਾਂ ਬਿਤੀਤ ਕੀਤਾ। ਯੋਗਾ ਅਭਆਸ ਵਿਚ ਬੜੀ ਰੁਚੀ ਸੀ। ਧਾਰਨਾ ਸੋਹਣੀ ਸੀ। ਅੰਤ ਨੂੰ ਆਪ ਕਾਂਸ਼ੀ ਮਨੀਕਰਨ ਦੇ ਘਾਟ ਪੁਰ ਦਸਮੇ ਦੁਆਰ ਰਾਹੀਂ ਪ੍ਰਾਣ ਚੜ੍ਹਾ ਕੇ ਸਰੀਰ ਤਿਆਗ ਗਏ। ਆਪ ਦੇ ਦੋ ਚੇਲੇ ਸੰਤ ਪੰ: ਗੰਡਾ ਸਿੰਘ ਜੀ ਉਰ੍ਫ ਕਾਂਸ਼ੀ ਵਾਲੇ ਤੇ ਸੰਤ ਪੁਰਸ਼ੋਤਮ ਸਿੰਘ ਜੀ ਹੋਏ। ਇਹ ਦੋਵੇਂ ਮਹਾਤਮਾ ਜਨਮ ਦੇ ਭੀ ਸਕੇ ਭਾਈ ਸਨ।

# ਸੰਤ ਪ੍ਰਸ਼ੋਤਮ ਸਿੰਘ ਜੀ

ਆਪ ਦਾ ਜਨਮ ਇਸੇ ਪਿੰਡ ਦਾ ਸੀ, ਕਈ ਵਰ੍ਹੇ ਪਹਿਲਾਂ ਇਕ ਆਪ ਦੇ ਹੋਰ ਭਾਈ, ਸਾਧੂ ਹੋ ਚੁਕੇ ਸਨ। ਜੋ ਪੰਡਿਤ ਗੰਡਾ ਸਿੰਘ ਜੀ ਉਤ੍ਰਾ ਕਾਸੀ ਵਾਲੇ ਦੇ ਨਾਂ ਤੇ ਪ੍ਰਸਿਧ ਹੋਏ। ਆਪ ਭੀ ਅਪਣੇ ਭਾਈ ਦੀ ਸੰਤੁਸ਼ਟ ਬ੍ਰਿਤੀ ਵਲ ਤਕ ਕੇ ਸ੍ਰੀ ਸੰਤ ਅਮਰ ਸਿੰਘ ਜੀ ਯੋਗੀਰਾਜ ਜੀ ਦਿਆਂ ਚਰਨਾਂ 'ਚ ਤਰਨ ਤਾਰਨ ਸਾਹਿਬ ਜਾ ਪਹੁੰਚੇ। ਕਈ ਦਿਨ ਉਡੀਕ ਕਰ ਕੇ ਆਪ ਦੇ ਪਿਤਾ ਸ: ਲਾਲ ਸਿੰਘ ਜੀ (ਪਾਤਸ਼ਾਹ) ਲੈਣ ਵਾਸਤੇ ਚਲੇ ਗਏ। ਆਪ ਆਉਣਾ ਨਹੀਂ ਚਾਹੁੰਦੇ ਸਨ, ਪਰ ਜਦ ਪਿਤਾ ਜੀ ਨੇ ਇਹ ਕਿਹਾ, ਕਿ ਮੈਂ ਦੋ ਪੁਤਰਾਂ ਦੇ ਹੁੰਦਿਆਂ ਔਤਰ ਨਹੀਂ ਸਦਾਉਣਾ ਚਾਹੁੰਦਾ, ਜੇ ਸਚ ਮੁਚ ਸਾਧੂ ਹੋਣਾ ਹੈ ਤਾਂ ਘਰ ਚਲੋ ਅਲੇਪ ਰਹਿ ਕੇ ਭਜਨ ਬੰਦਗੀ ਕਰੋ। ਅਪਣੀ ਜ਼ਮੀਨ ਆਬਾਦ ਕਰ ਕੇ ਲੰਗਰ ਚਲਾਓ ਤੇ ਵੰਡ ਕੇ ਛਕੋ ਛਕਾਉ। ਮੈਨੂੰ ਕੋਈ ਇਤਰਾਜ਼ ਨਹੀਂ। ਇਹ ਦਿਲ ਖੁਭਵੀਂ ਗੱਲ ਸੁਣ ਕੇ ਪਿੰਡ ਆ ਗਏ। ਘਰ ਨੂੰ ਡੇਰਾ ਬਣਾ ਦਿਤਾ। ਸਤਿਸੰਗ ਦਾ ਪ੍ਰਵਾਹ ਜਾਰੀ ਕਰ ਦਿਤਾ, ਲੰਗਰ ਖੋਲ੍ਹ ਦਿਤਾ।

ਅਪਣੀ ਇਸ ਸੁੰਦਰ ਰਹਿਣੀ ਬੈਹਣੀ ਦੇ ਪ੍ਰਤਾਪ ਕਰਕੇ ਅਨੇਕਾਂ ਜੀਆਂ ਨੂੰ ਸਚੇ ਪਾਸੇ ਲਗਾਇਆ। ਬੜੀ ਪ੍ਰਭਤਾ ਫੈਲੀ, ਅੰਤ ਤਕ ਸਾਧ ਸੰਗਤ ਤੇ ਭੇਖ ਦੀ ਸੇਵਾ ਚੰਗੀ ਤਰ੍ਹਾਂ ਨਿਬਾਹੀ ਅਖੀਰ ਅਪਣੇ ਸ਼ਿਸ਼ ਮਹੰਤ ਜਵਾਲਾ ਸਿੰਘ ਜੀ ਨੂੰ ਅਸਥਾਨ ਦੀ ਸੰਭਾਲਣਾ ਕਰ ਕੇ ਸੰਮਤ ੧੯੭੦ ਵਿਚ ਸਮਾਏ, ੧੯੭੨

ਵਿਚ ਸਮਾਧ ਬਣੀ ।

## ਮਹੰਤ ਜਵਾਲਾ ਸਿੰਘ ਜੀ

ਆਪ ਦਾ ਜਨਮ ਸ਼ੰਕਰਪੁਰ ਰਿਆਸਤ ਕਪੂਰਥਲੇ ਦਾ ਸੀ । ਆਪ ਚੰਗੇ ਪ੍ਰਤਾਪ ਵਾਲੇ ਭੇਖ ਪ੍ਰਸਿਧ ਮਹੰਤ ਹੋਏ ਹਨ । ਪੰਚਾਇਤੀ ਨਿਰਮਲ ਅਖਾੜੇ ਦੇ ਕਈ ਸਾਲ ਲਗਾਤਾਰ ਮੁਖੀਏ ਮਹੰਤ ਰਹੇ । ਸ੍ਰੀ ਹਜ਼ੂਰ ਸਾਹਿਬ ਦੀ ਲੜਾਈ ਵਿਚ ਆਪ ਮੌਜੂਦ ਸਨ । ਪ੍ਰਸਪਰ ਖਹਿਬੜ ਵਿਚ ਜ਼ਖਮੀ ਹੋ ਗਏ । ਖਬੇ ਮੋਢੇ ਤੇ ਆਪ ਨੂੰ ਕਿਸੇ ਨਿਹੰਗ ਸਿੰਘ ਨੇ ਤਲਵਾਰ ਮਾਰੀ ਸੀ । ਪਰ ਦਿਲ ਦੇ ਫਿਰ ਵੀ ਦਲੇਰ ਰਹੇ ਹੌਸਲਾ ਨਾ ਹਾਰਿਆ ।

ਆਪ ਰਣ ਸਿੰਘੇ ਦੇ ਪੂਰੇ ਬਜੰਤਰੀ ਸਨ । ਅਖਾੜੇ ਦੇ ਸ਼ੁਭ ਚਿੰਤਕਾਂ ਵਿਚੋਂ ਮੁਖੀ ਪੁਰਸ਼ ਹੋਏ ਹਨ । ਅਖਾੜੇ ਨੂੰ ਆਪਣੀ ਜ਼ਿੰਦ ਜਾਨ ਹਮੇਸ਼ਾ ਸਮਝਦੇ ਰਹੇ ਹਨ । ਉਮਰ ਦਾ ਅਖੀਰਲਾ ਹਿਸਾ ਆਪ ਨੇ ਵਿਸ਼ੇਸ਼ ਕਰਕੇ ਲਿਦੜਾਂ ਹੀ ਗੁਜ਼ਾਰਿਆ । ਆਪ ਪੂਰੇ ਰੋਬ੍ਹ ਦਾਬ ਵਾਲੇ ਤੇ ਭੇਖ ਵਿਚ ਅਤੀ ਮਾਨਨੀਯ ਮਹੰਤ ਪ੍ਰਸਿਧ ਹੋਏ ਹਨ । ਆਪ ਦੇ ਚੇਲੇ ਮਹੰਤ ਮੋਹਨ ਸਿੰਘ ਜੀ ਸ਼ੰਕਰਪੁਰ, ਪੰ: ਰਾਮ ਸਿੰਘ ਜੀ ਵਿਰਕਤ, ਮਤੇ ਵਾਲੇ, ਸੰਤ ਮਨੋਹਰ ਸਿੰਘ ਜੀ, ਸੰਤ ਮਨੀ ਸਿੰਘ ਜੀ ਆਦ ਸਨ । ਅਖੀਰ ਆਪਣੇ ਗੁਰਭਾਈ ਸੰਤ ਮਾਨ ਸਿੰਘ ਜੀ ਨੂੰ ਡੇਰਾ ਸੌਂਪ ਕੇ ਸੰਮਤ ੧੯੯੦ ਵਿਚ ਲਿਦੜਾਂ ਹੀ ਸਰੀਰ ਤਿਆਗ ਗਏ ।

## ਮਹੰਤ ਮਾਨ ਸਿੰਘ ਜੀ

ਚਿਰ ਤੋਂ ਆਪ ਡੇਰੇ ਦੀ ਸੇਵਾ ਕਰਦੇ ਚਲੇ ਆ ਰਹੇ

ਸਨ। ਸਾਦੀ ਜ਼ਿੰਦਗੀ ਬਸਰ ਕਰਦੇ ਸਨ। ਆਏ ਗਏ ਦੀ ਸੇਵਾ ਕਰਦੇ ਸਨ। ਬਜ਼ੁਰਗਾਂ ਦੀ ਜਾਇਦਾਦ ਨੂੰ ਚੰਗੀ ਸੰਭਾਲ ਵਿਚ ਰਖਿਆ। ਡੇਰੇ ਨਾਲ ਤਿੰਨ ਸੌ ਵਿਘਾ ਜ਼ਮੀਨ ਹੈ। ਡੇਰਾ ਨਗਰ ਵਿਚ ਸੀ। ਸਮਾਧ ਬਾਹਰ ਖੇਤ ਵਿਚ ਹੈ, ਖੂਹ ਲਗਿਆ ਹੋਇਆ ਹੈ। ਆਪ ਸਾਰਾ ਪ੍ਰਬੰਧ ਚੰਗਾ ਕਰ ਰਹੇ ਸਨ। ਪਾਕਸਤਾਨ ਬਣਨ ਤੋਂ ਬਾਅਦ ਪਤਾ ਨਹੀਂ।

# ਡੇਰਾ ਮਤਾ

## ਪੰਡਿਤ ਰਾਮ ਸਿੰਘ ਜੀ

ਸ਼ਿਸ਼ ਮਹੰਤ ਜਵਾਲਾ ਸਿੰਘ ਜੀ, ਆਪ ਦਾ ਜਨਮ ਸਲੀਨਾ ਜ਼ਿਲਾ ਫਿਰੋਜ਼ ਪੁਰ ਵਿਚ ਸੰਮਤ ੧੯੦੦ ਦੇ ਲਗਪਗ ਹੋਇਆ। ਆਪ ਚੰਗੀ ਖਾਸੀ ਉਮਰ ਵਿਚ ਸਾਧੂ ਹੋਏ। ਪੜ੍ਹਨ ਦਾ ਆਪ ਨੂੰ ਸ਼ੌਂਕ ਸੀ। ਪਹਿਲਾਂ ਦਾਦਾਂ ਵਾਲਿਆਂ ਦੀ ਮੰਡਲੀ 'ਚ ਬਾਅਦ ਸ੍ਰੀ ਮਾਨ ਪੰਡਿਤ ਆਨੰਦ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੀ ਮੰਡਲੀ ਵਿਚ ਪੜ੍ਹਦੇ ਰਹੇ। ਚੰਗੇ ਵਿਦਵਾਨ ਹੋਏ, ਚੰਗੀ ਧਾਰਨਾ ਵਾਲੇ ਵਿਰਕਤ ਸਾਧੂਆਂ ਨਾਲ ਆਪ ਦਾ ਸਦਾ ਸ਼ਿਸ਼ਟਾਚਾਰ ਰਹਿਆ। ਕਿਤਨਾ ਚਿਰ ਰਿਸ਼ੀਕੇਸ਼, ਹਰਦੁਆਰ ਆਦ ਤੀਰਥਾਂ ਪੁਰ ਵਿਚ ਵਿਚਰਦੇ ਰਹੇ।

ਸੰਮਤ ੧੯੫੦ ਵਿਚ ਫਿਰਦੇ ਤੁਰਦੇ ਇਸ ਨਗਰ ਆਏ। ਪਿੰਡੋਂ ਬਾਹਰਵਾਰ ਦਰਖਤਾਂ ਹੇਠ ਆ ਕੇ ਪਹਿਲਾਂ ਨਿਵਾਸ ਕੀਤਾ। ਆਪ ਦੀ ਸੁੰਦਰ ਰਹਿਣੀ ਬਹਿਣੀ ਵੇਖ ਕੇ ਲੋਗੀ ਪ੍ਰੇਮ

ਕਰਨ ਲਗ ਪਏ। ਦਿਨ ਪਾ ਕੇ ਇਸੇ ਜਗ੍ਹਾ ਕੁਟੀਆ ਬਣਾ ਲਿਤੀ। ਜਿਥੇ ਨਿਵਾਸ ਕਰ ਕੇ ਆਪ ਨੇ ਬਾਕੀ ਉਮਰ ਬਿਤੀਤ ਕੀਤੀ। ਆਪ ਬੜੇ ਬੇਪ੍ਰਵਾਹ ਮਹਾ ਪੁਰਸ਼ ਸਨ। ਕਿਸੇ ਦੀ ਕਾਨ ਕਨੌਡ ਜ਼ਰਾ ਨਹੀਂ ਮੰਨਦੇ ਸਨ। ਸੁਭਾ ਦੇ ਹਸਮੁਖੇ ਤੇ ਮਿਲ਼ਾਪੜੇ ਸਰੀਰ ਸਨ। ਸਾਧੂ ਸਮਾਜ ਤੇ ਸਦ ਗ੍ਰਿਸਥਾਂ ਵਿਚ ਚੰਗਾ ਆਦਰ ਸਤਿਕਾਰ ਬਣਿਆ ਹੋਇਆ ਸੀ। ਆਪ ਦੇ ਸ਼ਿਸ਼ ਸੰਤ ਲਾਲ ਸਿੰਘ ਜੀ ਅਵਧੂਤ ਕਈ ਵਰ੍ਹੇ ਨਾਲ ਰਹਿੰਦੇ, ਆਪ ਦੀ ਸੇਵਾ ਕਰਦੇ ਰਹੇ। ਅੰਤ ਇਨ੍ਹਾਂ ਨੂੰ ਅਸਥਾਨ ਦੀ ਸੇਵਾ ਬਖਸ਼ ਕੇ ਆਪ ਸੰਮਤ ੧੯੭੭ ਵਿਚ ਸਦਾ ਲਈ ਸਰੀਰ ਤਿਆਗ ਗਏ।

## ਅਵਧੂਤ ਮਹੰਤ ਲਾਲ ਸਿੰਘ ਜੀ

ਆਪ ਦਾ ਜਨਮ ਬ੍ਰਾਹਮਣ ਖਾਨਦਾਨ, ਕੁਰੂਛੇਤ੍ਰ ਜ਼ਿਲਾ ਅੰਬਾਲਾ ਵਿਖੇ ਹੋਇਆ। ੧੨ ਸਾਲ ਦੀ ਉਮਰ ਤਕ ਘਰ ਹੀ ਹਿੰਦੀ ਭਾਸ਼ਾ ਆਦ ਪੜ੍ਹਦੇ ਰਹੇ। ਸੰਮਤ ੧੯੬੪ ਵਿਚ ਪੰਡਿਤ ਜੀ ਦੇ ਚਰਨਾਂ 'ਚ ਆ ਕੇ ਬ੍ਰਿਤੀ ਪ੍ਰਭਾਕਰ ਆਦ ਪੁਸਤਕ ਪੜ੍ਹਨੇ ਸ਼ੁਰੂ ਕੀਤੇ। ਦਿਨ ਪਾ ਕੇ ਪੰਡਿਤ ਜੀ ਦੇ ਸ਼ਿਸ਼ ਹੋ ਗਏ। ਸਾਧੂ ਬ੍ਰਿਤੀ ਵਿਚ ਸੇਵਾ ਕਰਦੇ ਨਾਲ ਪੜ੍ਹਦੇ ਰਹੇ। ਜਿਥੇ ਕਿਥੇ ਪੰਡਿਤ ਜੀ ਗਏ ਆਪ ਨਾਲ ਹੀ ਰਹੇ। ਸੰਤਾਂ ਦੇ ਦੇਹਾਂਤ ਤੋਂ ਬਾਅਦ ਕੁਟੀਆ ਨੂੰ ਇਕ ਨਵੀਂ ਸ਼ਕਲ ਵਿਚ ਲਿਆਂਦਾ। ੧੯੭੮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਦੋ ਚੁਬਾਰੇ ਪੁਵਾਏ, ਲੰਗਰ ਪੱਕਾ ਬਣਾਇਆ। ਖੂਹ ਲੁਵਾ ਕੇ ਨਾਲ ਬੜਾ

ਸੁੰਦਰ ਬਾਗੀਚਾ ਲਗਾਇਆ। ਅਸਥਾਨ ਨੂੰ ਤਰੱਕੀ ਵਿਚ ਲਿਆਂਦਾ। ਪੁਰਾਤਨ ਮ੍ਰਿਯਾਦਾ ਅਨੁਸਾਰ ਸਭ ਕੰਮ ਚਲਾ ਰਹੇ ਸਨ, ਧਾਰਨਾ ਚੰਗੀ ਸੀ। ਹਸਮੁਖਾ ਤੇ ਘਟ ਬੋਲਣ ਦਾ ਸੁਭਾਵ ਪ੍ਰਸਿੱਧ ਸੀ। ਆਏ ਗਏ ਨਾਲ ਪਿਆਰ ਕਰਦੇ ਸਨ। ਸਾਧ ਸੰਤ ਡੇਰੇ ਆਏ ਜਾਏ ਰਹਿੰਦੇ ਸਨ। ਦਵਾਈ ਬੂਟੀ ਹਛੀ ਕਰਦੇ ਸਨ। ਨਗਰ ਇਲਾਕੇ ਵਿਚ ਆਦਰ ਸਤਿਕਾਰ ਬਣਿਆ ਹੋਇਆ ਸੀ। ਭੇਖ ਇਜ਼ਤ ਦੀ ਨਿਗਾਹ ਨਾਲ ਵੇਖਦਾ ਸੀ। ਅਪਣੇ ਚੇਲੇ ਸੰਤ ਕਪੂਰ ਸਿੰਘ ਜੀ ਨੂੰ ਸੰਮਤ ੧੯੯੧ ਵਿਚ ਆਪ ਨੇ ਅਪਣਾ ਉਤ੍ਰਾਧਿਕਾਰੀ ਨਿਯੱਤ ਕਰ ਦਿਤਾ ਸੀ।

# ਡੇਰਾ ਚੂੰਘਾਂ

## ਗਿਆਨੀ ਸੰਤ ਬਿਸ਼ਨ ਸਿੰਘ ਜੀ

ਚੇਲੇ ਮਹਾਰਾਜ ਪੁਰਸ਼ੋਤਮ ਸਿੰਘ ਜੀ, ਜਨਮ ਭਾਈ ਦਾ ਕੋਟ ਜ਼ਿ: ਲਾਹੌਰ ਵਿਚ ਹੋਇਆ। ਮਾਤਾ ਪਿਤਾ ਗੁਜ਼ਰ ਗਏ। ੧੧ ਸਾਲ ਦੀ ਉਮਰ ਵਿਚ ਡੇਰੇ ਸਾਧੂ ਹੋ ਗਏ। ਵਿਦਾਂਤ ਤੇ ਗੁਰੂ ਘਰ ਦੇ ਪੁਸਤਕ ਪੜ੍ਹ ਕੇ ਚੰਗੇ ਗਿਆਨੀ ਪ੍ਰਸਿੱਧ ਹੋਏ। ਪ੍ਰਚਾਰ ਦਾ ਕੰਮ ਆਰੰਭ ਕੀਤਾ। ਪਹਿਲਾਂ ਠਟੇ ਪਿੰਡ ਜਾ ਕੇ ਰਹੇ। ਗੁਰਦੁਆਰੇ ਦੀ ਸੇਵਾ ਕਰਾਈ, ਇਸ ਤੋਂ ਇਲਾਵਾ ਚੂੰਘਾਂ ਕੁਹਾੜ੍ਹਾ, ਹੇਹਰਾਂ, ਕਾਨਾਕਾਛ੍ਹਾ ਆਦ ਨਗਰਾਂ ਵਿਚ ਧਰਮਸਾਲਾ ਬਣਾ ਕੇ ਧਰਮ ਪ੍ਰਚਾਰ ਕੀਤਾ। ਅਪਣੇ ਸੰਤ ਪੰ: ਪੁਰਸ਼ੋਤਮ ਸਿੰਘ ਜੀ ਦੀ ਸਮਾਧ ਬਣਨ ਵੇਲੇ ਅਪਣੀ ਹਥੀ ਸੇਵਾ ਕੀਤੀ।

ਸਮੇਂ ਦੇ ਗੇੜ ਨਾਲ ਕਈ ਸਜਣਾਂ ਦੇ ਕਹਿਣ ਤੇ ਵੱਢਕਮੇਲਾਂ ਦੇ ਕਿਸੇ ਗੁਰਮੁਖ ਘਰਾਣੇ ਵਿਚ ਆਪ ਨੇ ਸ਼ਾਦੀ ਕਰਾ ਲਿਤੀ, ਪਰ ਫਿਰ ਵੀ ਆਪ ਵਿਰਕਤੀ ਠਾਟ ਵਿਚ ਰਹੇ। ਅਪਣੇ ਜਾਂ ਪ੍ਰਵਾਰ ਲਈ ਕੋਈ ਥਾਂ ਮਕਾਨ ਨਹੀਂ ਬਣਵਾਇਆ ਅੰਤ ਸੰਮਤ ੧੯੮੧ ਨੂੰ ਚੂੰਘ ਪਿੰਡ ਜ਼ਿਲਾ ਲਾਹੌਰ ਵਿਚ ਸਰੀਰ ਤਿਆਗ ਗਏ। ਆਪ ਖਾਸੇ ਮੰਨੇ ਪ੍ਰਮੰਨੇ ਸੰਤ ਸਨ। ਆਪ ਦੇ ਚੇਲੇ ਕਈ ਸਨ, ਜਿਨ੍ਹਾਂ ਵਿਚੋਂ ਸੰਤ ਹਜ਼ਾਰਾ ਸਿੰਘ ਜੀ ਜਾਮਾ ਰਾਏ ਤੇ ਸੰਤ ਸਾਧੂ ਸਿੰਘ ਜੀ (ਨਿਜਪੁਤ੍ਰ )ਚੱਕ ਸਿਕੰਦਰ ਜ਼ਿਲਾ ਅੰਮ੍ਰਿਤਸਰ ਵਿਚ ਰਹਿੰਦੇ ਹਨ।

## ਸੰਤ ਸਾਧੂ ਸਿੰਘ ਜੀ

ਆਪ ਦਾ ਜਨਮ ਪਿੰਡ ਚੂੰਘਾਂ ਜ਼ਿਲਾ ਲਾਹੌਰ ਗਿਆਨੀ ਬਿਸ਼ਨ ਸਿੰਘ ਜੀ ਦੇ ਘਰ ਸੰਮਤ ੧੯੭੬ ਮਾਘ ਦੇ ਮਹੀਨੇ ਵਿਚ ਹੋਇਆ। ਛੋਟੀ ਉਮਰ ਵਿਚ ਸੰਤਾਂ ਪਾਸੋਂ ਪੜ੍ਹਦੇ ਰਹੇ। ਸਾਧ ਸੰਗਤ ਦੀ ਸੇਵਾ ਕਰਦੇ ਰਹੇ ਹਨ। ਆਪ ਨੇ ਭੀ ਸ਼ਾਦੀ ਕੀਤੀ ਹੋਈ ਹੈ। ਚੰਗੇ ਮਿਲਣਸਾਰ ਹਨ। ਅਪਣੇ ਆਪ ਨੂੰ ਨਿਰਮਲ ਸੰਪ੍ਰਦਾਇ ਵਿਚੋਂ ਮੰਨਦੇ ਹਨ ਇਸ ਵੇਲੇ ਚੱਕਸਿਕੰਦਰ ਜ਼ਿਲਾ ਅੰਮ੍ਰਿਤਸਰ ਵਿਚ ਰਹਿੰਦੇ ਹਨ।

# ਡੇਰਾ ਸ਼ੰਕਰ ਪੁਰ

## ਮਹੰਤ ਮੋਹਨ ਸਿੰਘ ਜੀ

ਚੇਲੇ ਮਹੰਤ ਜਵਾਲਾ ਸਿੰਘ ਜੀ, ਆਪ ਦਾ ਜਨਮ ਖਾਸ

ਸ੍ਰੀ ਅੰਮ੍ਰਿਤਸਰ ਸੰਮਤ ੧੯੨੦ ਅਸੂ ਮਹੀਨੇ ਵਿਚ ਹੋਇਆ। ਸੰਮਤ ੧੯੩੭ ਵਿਚ ਸਾਧੂ ਹੋਏ। ਨਾਲ ਲਗਦਿਆਂ ਹੀ ਰਮਤ ਅਖਾੜੇ ਵਿਚ ਚਲੇ ਗਏ। ਪੰਜ ਛੇ ਵਰ੍ਹੇ ਪੁਜਾਰੀ ਰਹੇ। ਸੰਮਤ ੧੯੪੩ ਵਿਚ ਸ਼ੰਕਰਪੁਰ ਆ ਨਿਵਾਸ ਕੀਤਾ। ਫਿਰ ਇਥੋਂ ਮਹੰਤ ਬਣ ਕੇ ਕਈ ਮਕਾਨਾਂ ਵਿਚ ਤੇ ਰਮਤ ਦੇ ਮੁਖੀਏ ਮਹੰਤ ਰਹੇ। ਅਖਾੜੇ ਵਿਚ ਕਈ ਵਰ੍ਹੇ ਸੇਵਾ ਕਰਕੇ ਚੰਗੀ ਇਜ਼ਤ ਪ੍ਰਾਈ। ਅਖੀਰ ਇਹ ਡੇਰਾ ਆਣ ਕੇ ਚੰਗੀ ਸ਼ਾਨ ਸ਼ੌਕਤ ਨਾਲ ਵਸਾਇਆ। ਕਈ ਘੁਮਾ ਜ਼ਮੀਨ ਡੇਰੇ ਨਾਲ ਲੁਵਾਈ। ਆਪ ਇਸ ਵੇਲੇ ੭੫ ਸਾਲ ਦੀ ਉਮਰ ਵਿਚ ਸਨ। ਆਪਣੀ ਉਮਰ ਸਾਧੂ ਜ਼ਿੰਦਗੀ ਵਿਚ ਚੰਗੀ ਬਿਤੀਤ ਕੀਤੀ। ਸਾਧੂ ਸਮਾਜ ਤੇ ਇਲਾਕੇ ਵਿਚ ਚੰਗੀ ਇਜ਼ਤ ਸੀ ਆਏ ਗਏ ਦੀ ਚੰਗੀ ਸੇਵਾ ਕਰਦੇ ਰਹੇ। ਸਾਧੂ ਆਇਆ ਗਇਆ ਬਣਿਆ ਰਹਿੰਦਾ ਸੀ। ਆਪ ਦੇ ਚੇਲੇ ਸੰਤ ਸੌਦਾਗਰ ਸਿੰਘ ਜੀ, ਸੰਤ ਈਸ਼ਰ ਸਿੰਘ ਜੀ ਆਦ ਹਨ, ਜੁ ਅਜਕਲ ਆਪ ਦੇ ਪਾਸ ਰਹਿੰਦੇ ਸੇਵਾ ਕਰ ਰਹੇ ਹਨ। ਸੰਤ ਸੌਦਾਗਰ ਸਿੰਘ ਜੀ ਨੂੰ ਆਪ ਨੇ ਉਤ੍ਰਾਧਿਕਾਰੀ ਥਾਪ ਦਿਤਾ ਸੀ।

## ਮਹੰਤ ਸੌਦਾਗਰ ਸਿੰਘ ਜੀ

ਆਪ ਦਾ ਜਨਮ ਲਿਦੜ ਜ਼ਿਲਾ ਲਾਹੌਰ ਵਿਚ ਹੋਇਆ ਸੰਮਤ ੧੯੭੪ ਵਿਚ ਸੰਤਾਂ ਦੇ ਸ਼ਿਸ਼ ਬਣੇ ਤਦ ਤੋਂ ਆਪ ਚੰਗੀ ਤਨ ਦੇਕੇ ਡੇਰੇ ਦੀ ਸੇਵਾ ਕਰ ਰਹੇ ਹਨ ਇਸ ਵੇਲੇ ਡੇਰੇ ਦਾ ਸਾਰਾ ਕੰਮ ਆਪ ਹੀ ਚਲਾ ਰਹੇ ਹਨ।

## ਡੇਰਾ ਕੋਟ ਕਰਮ ਚੰਦ
## ਸੰਤ ਸੇਵਾ ਸਿੰਘ ਜੀ

ਚੇਲੇ ਮਹੰਤ ਮੋਹਨ ਸਿੰਘ ਜੀ ਸ਼ੰਕਰਪੁਰ। ਇਹ ਡੇਰਾ ਪਹਿਲਾਂ ਭਾਰੋਵਾਲੀਏ ਸੰਤ ਭਾਈ ਲਾਲ ਸਿੰਘ ਜੀ ਜੋ ਚੰਗੇ ਮਹਾਂਪੁਰਸ਼ ਹੋ ਗੁਜ਼ਰੇ ਹਨ, ਉਨ੍ਹਾਂ ਦਾ ਸੀ, ਜਿਨ੍ਹਾਂ ਪਿਛੋਂ ਉਨ੍ਹਾਂ ਦੇ ਵਿਦਿਆਰਥੀ ਸੰਤ ਮਨੋਹਰ ਸਿੰਘ ਜੀ ਚੇਲੇ ਮਹੰਤ ਜਵਾਲਾ ਸਿੰਘ ਜੀ ਕਾਫੀ ਚਿਰ ਟਿਕੇ ਰਹੇ। ਬਾਅਦ ਇਨ੍ਹਾਂ ਨੇ ਆਪਣੀ ਜਗ੍ਹਾ ਸੰਤ ਸੇਵਾ ਸਿੰਘ ਜੀ ਨੂੰ ਬਿਠਾਲ ਦਿਤਾ ਹੈ। ਆਪ ਅਜ ਕਲ ਡੇਰੇ ਨੂੰ ਪੱਕਾ ਬਣਾਨ ਦਾ ਖਿਆਲ ਕਰ ਰਹੇ ਹਨ। ਨਾਲ ਛੇ ਘੁਮਾਂ ਜ਼ਮੀਨ ਹੈ ਖੂਹ ਵਿਚ ਹੈ, ਸਾਧੂ ਕਦੀਮੀ ਚਲੇ ਆਉਂਦੇ ਹਨ।

## ਡੇਰਾ ਮਹੰਤ ਮਨੋਹਰ ਸਿੰਘ ਜੀ
### ( ਅੰਮ੍ਰਿਤਸਰ )

ਚੇਲੇ ਮਹਾਰਾਜ ਮਹੰਤ ਜਵਾਲਾ ਸਿੰਘ ਜੀ ਲਿਦੜਾਂ ਵਾਲੇ ਆਪ ਦਾ ਜਨਮ ਖਾਸ ਅੰਮ੍ਰਿਤਸਰ ਸ਼ਹੀਦ ਬੁੰਗੇ ਵਾਲੀ ਗਲੀ ਵਿਚ ਸੰਮਤ ੧੯੩੨ ਸਾਵਣ ਦੀ ੨੯ ਨੂੰ ਹੋਇਆ। ਛੋਟੀ ਉਮਰ ਵਿਚ ਅਪਣੇ ਭਾਈ ਮਹੰਤ ਮੋਹਨ ਸਿੰਘ ਜੀ ਸ਼ੰਕਰ ਪੁਰ ਵਾਲਿਆਂ ਦੇ ਨਾਲ ਸਾਧੂ ਹੋ ਗਏ। ਕੁਝ ਚਿਰ ਡੇਰੇ ਕੋਟ ਕਰਮ ਚੰਦ ਦੇ ਮਹੰਤ ਰਹੇ। ਪਿਛੋਂ ਆਪਣੇ ਜਦੀ ਮਕਾਨ ਵਿਚ ਰਹਿੰਦੇ ਰਹੇ। ਇਸ ਮਕਾਨ ਦੀ ਅਸਲ ਬੁਨਿਆਦ ਸੰਮਤ

੧੯੫੫ ਵਿਚ ਬੱਝੀ, ਜਿਸ ਵਿਚ ਆਪਦੇ ਬਜ਼ੁਰਗ ਰਹਿੰਦੇ ਚਲੇ ਆਏ। ਆਪ ਦੀ ਮਾਤਾ ਦੀ ਮੌਜੂਦਗੀ ਵਿਚ ਦਾਸ ਕਈ ਵੇਰਾਂ ਜਲ ਪਾਣੀ ਛਕਣ ਲਈ ਜਾਂਦਾ ਰਿਹਾ ਹੈ। ਜਦ ਮਾਤਾ ਜੀ ਗੁਜ਼ਰ ਗਏ ਤਾਂ ਪਿਛੋਂ ਆਪ ਨੇ ਸੰਮਤ ੧੯੭੦ ਵਿਚ ਹੋਰ ਰੁਪਿਆ ਲਗਾ ਕੇ ਮਕਾਨ ਨੂੰ ਹੱਛੀ ਸ਼ਕਲ ਵਿਚ ਬਣਾਇਆ। ਆਪ ਗੁਰੂ ਘਰ ਤੇ ਭਾਸ਼ਾ ਪੁਸਤਕਾਂ ਦੇ ਚੰਗੇ ਜਾਣੂ ਸਨ। ਚਕਿਤਸਾ ਹੱਛੀ ਕਰਦੇ, ਸੁਭਾ ਦੇ ਮਿਲਣ ਸਾਰ ਸਨ। ਆਪ ਦੇ ਚੇਲੇ ਸੰਤ ਹੀਰਾ ਸਿੰਘ ਜੀ ਮੇਵਾ ਸਿੰਘ ਜੀ ਆਦ ਹਨ।

## ਸੰਤ ਫਤੇਹ ਸਿੰਘ ਜੀ

ਚੇਲੇ ਪੰਡਿਤ ਕਾਹਨ ਸਿੰਘ ਜੀ ਅਜੁਧਿਆ ਵਾਸੀ। ਆਪ ਚੰਗੇ ਕਰਨੀ ਵਾਲੇ ਮਹਾਤਮਾ ਹੋਏ ਹਨ। ਇਹ ਡੇਰਾ ਆਪ ਨੇ ਸਫੈਦ ਜ਼ਮੀਨ ਮੁਲ ਲੈ ਕੇ ਬਣਾਇਆ। ਕਟੜਾ ਰਾਮਗੜ੍ਹੀਆਂ ਫਟ ਵਾਲੀ ਗਲੀ ਵਿਚ ਪ੍ਰਸਿਧ ਹੈ। ਅੰਦਰ ਸਮਾਧ ਹੈ। ਆਪ ਦੇ ਪਿਛੋਂ ਆਪ ਦੇ ਚੇਲੇ ਮਹੰਤ ਠਾਕੁਰ ਸਿੰਘ ਜੀ ਹੋਏ। ਜਿਨ੍ਹਾਂ ਆਪ ਦੀ ਪੁਰਾਣੀ ਰਹੁ ਰੀਤੀ ਨੂੰ ਹਰ ਤਰ੍ਹਾਂ ਕਰਕੇ ਕਾਇਮ ਰਖਿਆ। ਆਪ ਚੰਗੇ ਦਰਸ਼ਨੀ ਹਸਮੁਖੇ ਸਾਧੂ ਸਨ। ਅਖੀਰ ਆਪਣੇ ਚੇਲੇ ਸੰਤ ਮੇਹਰ ਸਿੰਘ ਜੀ ਨੂੰ ਡੇਰਾ ਸੌਂਪ ਗਏ।

**ਮਹੰਤ ਮੇਹਰ ਸਿੰਘ ਜੀ** ਆਪ ਦਾ ਜਨਮ ਲਹਿੰਦੇ ਦਾ ਸੀ। ਜਿਤਨਾ ਚਿਰ ਰਹੇ ਆਏ ਗਏ ਦੀ ਸੇਵਾ ਕਰਦੇ ਰਹੇ। ਸਰੀਰ ਦਰਸ਼ਨੀ, ਕਪੜਾ ਸਵੱਛ ਪਹਿਰਦੇ ਸਨ। ਸੁਭਾ ਦੇ

ਹਸਮੁਖੇ ਮਿਲਾਪੜੇ ਸਰੀਰ ਸਨ । ਆਪ ਦੇ ਪਿਛੋਂ ਸੰਤ ਨਿਧਾਨ ਸਿੰਘ ਜੀ ਮਹੰਤ ਹੋਏ ।

**ਮਹੰਤ ਨਿਧਾਨ ਸਿੰਘ ਜੀ** ਚੇਲੇ ਮਹੰਤ ਮੋਹਰ ਸਿੰਘ ਜੀ ਆਪ ਦਾ ਜਨਮ ਦੁਆਬੇ ਦਾ ਸੀ । ਛੋਟੀ ਉਮਰ ਵਿਚ ਸਾਧੂ ਬਣੇ । ਪੜ੍ਹਦੇ ਸੇਵਾ ਕਰਦੇ ਰਹੇ । ਸਮਾਂ ਪਾਕੇ ਚੰਗੇ ਪਠਿਤ ਬਣ ਗਏ, ਮਹੰਤ ਹੋਣ ਤੋਂ ਬਾਅਦ ਅਸਥਾਨ ਦੀ ਉਨਤੀ ਕੀਤੀ ਸੰਮਤ ੧੯੭੭ ਵਿਚ ਡੇਰਾ ਪੱਕਾ ਕੀਤਾ ਤੇ ਨਾਲ ਦੁਕਾਨਾਂ ਚੜ੍ਹਾਈਆਂ । ਕੁਝ ਚਿਰ ਰਮਤ ਅਖਾੜੇ ਦੇ ਮੁਖੀਏ ਮਹੰਤ ਬਣੇ ਰਹੇ । ਸੁਭਾ ਦੇ ਮਿਲਾਪੜੇ ਤੇ ਸਿਆਣੇ ਸਰੀਰ ਸਨ । ਚਕਿਤਸਾ ਕਰਦੇ ਸਨ । ਅਖੀਰ ਸੰਮਤ ੧੯੯੭ ਮਾਘ ੩ ਨੂੰ ਚੜ੍ਹਾਈ ਕਰ ਗਏ । ਪਿਛੋਂ ਆਪ ਦੇ ਚੇਲੇ ਮਹੰਤ ਸੋਹਣ ਸਿੰਘ ਜੀ ਨੂੰ ਮਹੰਤੀ ਮਿਲੀ ।

**ਮਹੰਤ ਸੋਹਨ ਸਿੰਘ ਜੀ** ਜਨਮ ਕਾਲਮ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ । ਆਪ ਨੂੰ ਸਾਧੂ ਹੋਇਆਂ ੩੦-੩੨ ਸਾਲ ਹੋ ਗਏ ਹਨ । ਸੇਵਾ ਪਹਿਲੇ ਵੀ ਡੇਰੇ ਦੀ ਕਰਦੇ ਰਹੇ । ਬਾਅਦ ਵੀ ਪਰੇਮ ਨਾਲ ਸਾਧ ਸੰਗਤ ਦੀ ਟਹਿਲ ਕਰਦੇ ਰਹੇ ।

# ਸੰਪ੍ਰਦਾਯ ਦਮਦਮੀਆਂ

## ਸ੍ਰੀ ਬਾਬਾ ਦੀਪ ਸਿੰਘ ਜੀ ਸ਼ਹੀਦ

ਆਪ ਦਾ ਜਨਮ ਪੋਹੂਵਿੰਡ, ਪਰਗਣਾ ਲਾਹੌਰ ਮਾਝੇ ਦੇਸ ਵਿਚ ਭਾਈ ਭਗਤਾ ਸੰਧੂ ਜ਼ਿਮੀਦਾਰ ਦੇ ਘਰ ਮਾਤਾ ਜੀਉਣੀ ਦੀ ਕੁਖੋਂ ਸੰਮਤ ੧੭੩੯ ਮਾਘ ਦੀ ੧੪ ਸੋਮਵਾਰ ਵਾਲੇ ਦਿਨ ਹੋਇਆ। ਵਡੇ ਹੋਏ, ਮਾਤਾ ਪਿਤਾ ਜੀ ਦੇ ਨਾਲ ਆਨੰਦਪੁਰ ਸਾਹਿਬ ਸ੍ਰੀ ਦਸ਼ਮੇਸ਼ ਗੁਰੂ ਜੀ ਦੇ ਦਰਸ਼ਨ ਕਰਨ ਲਈ ਗਏ। ਤਿੰਨ ਮਹੀਨੇ ੧੧ ਦਿਨ ਆਨੰਦ ਪੁਰ ਸਾਹਿਬ ਵਿਖੇ ਰਹੇ। ਅੰਮ੍ਰਿਤ ਛਕਿਆ, ਚੰਗੇ ਡੀਲ ਡੌਲ ਵਾਲਾ ਆਪ ਦਾ ਸਰੀਰ ਵੇਖ ਕੇ ਗੁਰੂ ਜੀ ਨੇ ਪਾਸ ਰਖ ਲਿਤਾ। ਮਾਤਾ ਪਿਤਾ ਨਗਰ ਚਲੇ ਗਏ।

ਬਾਅਦ ਆਪ ਨੂੰ ਪੜ੍ਹਾਨ ਲਈ ਭਾਈ ਮਨੀ ਸਿੰਘ ਜੀ ਦੇ ਸਪੁਰਦ ਕਰ ਦਿਤਾ। ਕੁਝ ਚਿਰ ਪੜ੍ਹਦੇ ਰਹੇ। ਆਗਿਆ ਲੈ ਕੇ ਮਾਤਾ ਜੀ ਨੂੰ ਮਿਲਣ ਲਈ ਨਗਰ 'ਚ ਆਏ। ਪਿਛੋਂ ਅੰਨ ਜਲ ਦੇ ਵਸ ਸ੍ਰੀ ਗੁਰੂ ੧੦ ਜੀ ਆਨੰਦ ਪੁਰ ਸਾਹਿਬ ਛਡ ਕੇ ਤਲਵੰਡੀ (ਸ੍ਰੀ ਦਮਦਮਾ ਸਾਹਿਬ) ਜੀ ਚਲੇ ਗਏ। ਇਥੇ ਪੁਜ ਕੇ ਗੁਰੂ ਜੀ ਨੇ ਨਾਂਦੇੜ ਤੁਰਨ ਵੇਲੇ ਆਪ ਨੂੰ ਇਥੇ ਰਹਿਣ ਲਈ ਆਗਿਆ ਦਿਤੀ। ਆਪ ਨੇ ਆਗਿਆਂ ਨੂੰ ਪ੍ਰਵਾਨ ਕਰਕੇ ਤਿੰਨ ਸਾਲ ੭ ਮਹੀਨੇ ੧੩ ਦਿਨ ਇਥੇ ਨਿਵਾਸ ਕੀਤਾ।

ਸ੍ਰੀ ਗੁਰੂ ੧੦ ਜੀ ਸੰਮਤ ੧੭੬੨ ਸਾਵਣ ਦੇ ਪਿਛਲੇ ਪਖ ਵਿਚ ਇਥੇ ਆ ਕੇ ਬਿਰਾਜੇ। ਗੁਰੂ ਜੀ ਨੇ ਇਸ ਅਸਥਾਨ ਪੁਰ ਬਹਿ ਕੇ ਉਹ ਉਹ ਕੰਮ ਕੀਤੇ, ਜਿਨ੍ਹਾਂ ਦੇ ਕਰਨ ਲਈ

ਆਪ ਜੀ ਦਾ ਅਵਤਾਰ ਹੋਇਆ।

ਇਥੇ ਰਹਿ ਕੇ ਦਸ ਗੁਰੂ ਸਾਹਿਬਾਂ ਦੇ ਪ੍ਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਚਾਰਨ ਕੀਤਾ ਤੇ ਨਾਲ ਹੀ ਨੌਵੇਂ ਪਾਤਸ਼ਾਹ ਜੀ ਦੀ ਪਵਿਤ੍ਰ ਬਾਣੀ ਚੜ੍ਹਾ ਕੇ ਅਰਥਾਂ ਦੀ ਸੰਪ੍ਰਦਾ ਚਲਾਈ, ਜੋ ਦਮਦਮੇ ਵਾਲੀ ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਨਾਮ ਉਤੇ ਅਤੇ ਅੰਮ੍ਰਿਤਸਰ ਜੀ ਵਿਚ ਸ੍ਰੀ ਬਾਬਾ ਮਨੀ ਸਿੰਘ ਜੀ ਦੇ ਨਾਮ ਉਤੇ ਪ੍ਰਸਿੱਧ ਹੈ। ਇਤਹਾਸ ਵਿਚ ਲਿਖਿਆ ਹੋਇਆ ਹੈ, ਕਿ ਇਹ ਰਚਨਾ ਆਪ ਨੇ ੯ ਮਹੀਨੇ ਨੌ ਦਿਨ ਤੇ ਨੌ ਘੜੀਆਂ ਇਥੇ ਰਹਿ ਕੇ ਕੀਤੀ ਸੀ। ਸਾਬੋਕੀ ਮੰਡੀ ਸ੍ਰੀ ਦਮਦਮੇ ਸਾਹਿਬ ਵਿਚ ਰਹਿ ਕੇ ਹੋਰ ਕਈ ਕਾਰਨਾਮੇ ਕੀਤੇ। ਜਿਹਾ ਕਿ ਭਾਈ ਡਲਾ ਸਿੰਘ ਜੀ ਨੂੰ ਸਿਖੀ ਸਿਦਕ ਬਖਸ਼ ਕੇ ਦਸਤਾਰ ਆਦ ਸਾਰਾ ਜਾਮਾ ਤੇ ਕਟਾਰ ਦਿਤੀ। ਢਾਲ ਦੀ ਪ੍ਰੀਖਿਆ ਕੀਤੀ।

ਗੁਰੂ ਦੀ ਕਾਂਸ਼ੀ ਦਾ ਵਰ ਦਿਤਾ, ਲਿਖਾਰੀ, ਕਵੀ ਤੇ ਪਾਠੀ, ਗਿਆਨੀ ਹੋਣ ਦੀ ਬਖਸ਼ਸ਼ ਕੀਤੀ। ਉਪ੍ਰੰਤ ਬਾਬਾ ਦੀਪ ਸਿੰਘ ਜੀ ਭਾਈ ਫਤੇਹ ਸਿੰਘ ਜੀ, ਭਾਈ ਬੁਢਾ ਸਿੰਘ ਜੀ ਤੇ ਭਾਈ ਸੁਧਾ ਸਿੰਘ ਜੀ ਆਦਕਾਂ ਨੂੰ ਤਖਤ ਸਾਹਿਬ ਦੀ ਸੇਵਾ ਕਰਨ ਲਈ ਆਗਿਆ ਕੀਤੀ ਤੇ ਸਭ ਦਾ ਜਥੇਦਾਰ ਸ੍ਰੀ ਬਾਬਾ ਦੀਪ ਸਿੰਘ ਜੀ ਨੂੰ ਥ ਪਿਆ। ਗੁਰੂ ਸਾਹਿਬ ਦੇ ਦਖਣ ਨਾਂਦੇੜ ਜਾਣ ਪਿਛੋਂ ਸ੍ਰੀ ਬਾਬਾ ਦੀਪ ਸਿੰਘ ਜੀ ਨੇ ਸੇਵਾ ਦਾ ਆਰੰਭ ਕੀਤਾ। ਤਖਤ ਸਾਹਿਬ ਦਾ ਪੱਕਾ ਬੁਰਜ ਬਣਾਇਆ ਤੇ ੧੯ ਵਿੜਾਂ ਦਾ ਇਕ ਬੜਾ ਭਾਰੀ ਖੂਹ ਲੁਵਾਇਆ। ਇਸ

ਤਰ੍ਹਾਂ ਹੋਰ ਕਈ ਲੋੜੀਂਦੇ ਕੰਮਾਂ ਨੂੰ ਸਿਰੇ ਚੜ੍ਹਾਇਆ। ਆਪ ਜਿਥੇ ਬਲਵਾਨ ਪੂਰੇ ਸੂਰਬੀਰ ਸਨ। ਉਥੇ ਬੀਤ ਰਾਗ ਸਾਧੂ ਤੇ ਵਿਦਵਾਨ ਗਿਆਨੀ ਵੀ ਸਨ। ਆਪ ਜੀ ਨੇ ਲਿਖਾਰੀ ਤੇ ਗਿਆਨੀਆਂ ਦੀ ਸੰਪ੍ਰਦਾ ਚਲਾਈ। ਸੰਮਤ ੧੭੯੩ ਵਿਚ ਆਦ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ੪ ਜਿਲਦਾਂ ਲਿਖਾਕੇ *ਕਰਤਾਰ ਪੁਰ ਸਾਹਿਬ ਵਾਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੁਧਾਈ ਕਰਾਈ ਅਤੇ ਸ਼੍ਰੀ ਦਸਮ ਗ੍ਰੰਥ ਸਾਹਿਬ ਆਪ ਲਿਖ ਕੇ ਸਦਾ ਅਪਣੇ ਪਾਸ ਰਖੇ। ਓਹ ਗੁਰੂ ਗਰੰਥ ਸਾਹਿਬ ਇਸ ਵੇਲੇ ਤੋਸ਼ੇਖਾਨੇ ਦੇ ਵਿਚ ਹੈ। ਬਾਬਾ ਜੀ ਨੇ ਦਮਦਮੇ ਸਾਹਿਬ ਦੀ ਬੜੀ ਆਬਾਦੀ ਕੀਤੀ ਤੇ ਸਿੰਘਾਂ ਦੇ ਕਈ ਦਲ ਅਬਾਦ ਕਰ ਦਿਤੇ।

ਸੰਮਤ ੧੮੧੮ ਬਿਕ੍ਰਮੀ ਵਿਚ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਸੁਣ ਕੇ ਨਾ ਸਹਾਰ ਸਕੇ। ਉਸੇ ਵੇਲੇ ਤਖਤ ਸਾਹਿਬ ਦੀ ਜਥੇਦਾਰੀ ਬਾਬਾ ਸੁਧਾ ਸਿੰਘ ਜੀ ਨੂੰ ਦੇ ਕੇ ਸਣੇ ੫੦੦ ਸਿੰਘਾਂ ਦੇ ਤਰਨਤਾਰਨ ਸਾਹਿਬ ਦੇ ਰਸਤੇ ਆਪ ਸ੍ਰੀ ਅੰਮ੍ਰਿਤਸਰ ਵਲ ਗਏ। ਜਿਥੇ ਤੁਰਕਾਂ ਨਾਲ ਲੜਦੇ ਹੋਏ ਰਾਹ ਵਿਚ ਹੀ ਗੋਹਲਵਾੜ ਜਾ ਸ਼ਹੀਦ ਹੋਏ। ਇਸ ਵੇਲੇ ਸ੍ਰੀ ਅੰਮ੍ਰਿਤਸਰ ਇਕ ਬੁੰਗਾ ਬਾਬਾ ਦੀਪ ਸਿੰਘ ਜੀ ਦੇ ਨਾਮ ਤੇ ਪ੍ਰਸਿਧ ਹੈ।

---

*ਗਿਆਨੀ ਠਾਕਰ ਸਿੰਘ ਜੀ ਨੇ ਗੁਰਦਵਾਰਾ ਦਰਸ਼ਨ ਵਿਚ ਲਿਖਿਆ ਹੈ ਕਿ ਆਪ ਨੇ ਸ੍ਰੀ ਦਮਦਮੇ ਸਾਹਿਬ ਵਾਲੀ ਬੀੜ ਤੋਂ ੪ ਉਤਾਰੇ ਕਰਵਾਏ।

## ਸ੍ਰੀ ਬਾਬਾ ਸੁਧਾ ਸਿੰਘ ਜੀ

(ਜਥੇਦਾਰ ਦੋਹਕੇ ਪਿੰਡ ਵਾਲੇ)

ਆਪ ਸ੍ਰੀ ਬਾਬਾ ਦੀਪ ਸਿੰਘ ਜੀ ਦੀ ਥਾਂ ਤਖਤ ਸਾਹਿਬ ਦੇ ਜਥੇਦਾਰ ਨੀਅਤ ਹੋਕੇ ਸੰਗਤਾਂ ਦੀ ਅਤੇ ਤਖਤ ਸਾਹਿਬ ਜੀ ਦੀ ਸੇਵਾ ਵਿਚ ਪ੍ਰਸਿਧ ਮਹਾਂ ਪੁਰਸ਼ ਹੋਏ ਹਨ। ਆਪ ਦੇ ਕਈ ਸਤਿਸੰਗੀ ਗੁਰੂ ਸਾਹਿਬਾਂ ਦੇ ਅਸਥਾਨ ਤੇ ਟਿਕ ਕੇ ਸੇਵਾ ਕਰਦੇ ਰਹੇ ਹਨ। ਆਪ ਚੰਗੇ ਜਤੀ ਸਤੀ ਹਠੀ ਤੇ ਤਪੀ ਹੋਏ ਹਨ। ਆਪ ਆਪਣੀ ਹਥੀ ਬਾਬਾ ਕਰਮ ਸਿੰਘ ਜੀ ਨੂੰ ਤਖਤ ਦੀ ਸੇਵਾ ਸੌਂਪ ਕੇ ਮੌਜੂਦਾ ਜੁਧ ਵਿਚ ਜਾ ਸ਼ਹੀਦ ਹੋਏ।

## ਸ੍ਰੀ ਬਾਬਾ ਕਰਮ ਸਿੰਘ ਜੀ

ਆਪ ਚੰਗੇ ਦਰਸ਼ਨੀ ਜਥੇਦਾਰ ਹੋਏ ਹਨ। ਤਖਤ ਦੇ ਜਥੇਦਾਰਾਂ ਵਿਚੋਂ ਪਹਿਲਾਂ ਆਪ ਨੇ ਸ਼ਾਦੀ ਕਰਾਈ ਤੇ ਸੇਵਾ ਛਡ ਕੇ ਸ਼ਜ਼ਾਦਪੁਰ ਜ਼ਿਲਾ ਅੰਬਾਲਾ ਵਿਚ ਚਲੇ ਗਏ। ਬਾਅਦ ਆਪ ਦੇ ਸੇਵਕ ਬਾਬਾ ਨਥਾ ਸਿੰਘ ਜੀ ਨੂੰ ਜਥੇਦਾਰੀ ਦੀ ਸੇਵਾ ਮਿਲੀ।

## ਬਾਬਾ ਨਥਾ ਸਿੰਘ ਜੀ

ਆਪ ਨੇ ਕੁਝ ਚਿਰ ਰਹਿ ਕੇ ਚੰਗਾ ਡੰਕਾ ਬਜਾਇਆ। ਕਈ ਚੇਲੇ ਚਾਟੜੇ ਬਣਾਏ। ਪੰਥਕ ਕੰਮਾਂ ਵਿਚ ਖਾਸ ਚਿਰ ਹਿਸਾ ਲਿਤਾ। ਪਰ ਪਿਛੋਂ ਆਪ ਵੀ ਸ਼ਾਦੀ ਕਰਾਕੇ ਸਿਮਲੀ

ਜ਼ਿਲਾ ਅੰਬਾਲਾ ਵਿਚ ਚਲੇ ਗਏ। ਜਿਥੇ ਆਪ ਦੇ ਪੁਤਰ ਪੋਤਰੇ ਹਨ। ਬਾਬਾ ਨਥਾ ਸਿੰਘ ਜੀ ਦੀ ਜਗ੍ਹਾ ਉਨ੍ਹਾਂ ਦੇ ਚੇਲੇ ਬਾਬਾ ਰਣ ਸਿੰਘ ਜੀ ਨੂੰ ਜਥੇਦਾਰੀ ਦੀ ਸੇਵਾ ਦਿਤੀ ਗਈ।

## ਬਾਬਾ ਰਣ ਸਿੰਘ ਜੀ

ਆਪ ਦਾ ਸਰੀਰ ਮਾਝੇ ਦਾ ਸੀ। ਬੜੇ ਪ੍ਰਤਾਪ ਵਾਲੇ ਮਹਾਂ ਪੁਰਸ਼ ਹੋਏ ਹਨ। ਆਪ ਦੀਆਂ ਕਈ ਕਰਾਮਾਤਾਂ ਦਸੀ ਦੀਆਂ ਹਨ। ਦਮਦਮੇ ਸਾਹਿਬ ਦੀ ਜਗੀਰ ਜ਼ਮੀਨ ਭਾਵੇਂ ਗ੍ਰਿਸਥੀ ਮਹੰਤਾਂ ਨਾਲ ਚਲੀ ਗਈ, ਪਰ ਫਿਰ ਵੀ ਮਰਦ ਦੀ ਮਾਇਆ ਤੇ ਬ੍ਰਿਛ ਦੀ ਛਾਇਆ ਨਾਲ ਰਹਿਣ ਵਾਲੀ ਗਲ ਹੋਈ। ਆਪ ਨੇ ਚੰਗਾ ਪ੍ਰਬੰਧ ਕਰ ਕੇ ਰੋਜ਼ ਸਤਿਸੰਗ ਦਾ ਸਿਲਸਿਲਾ ਬੰਨ੍ਹ ਦਿਤਾ। ਆਪ ਦੇ ਚੇਲਿਆਂ ਨੇ ਅਲਗ ਅਲਗ ਬੁੰਗੇ ਕਾਇਮ ਕਰ ਲਿਤੇ। ਆਪ ਦੇ ਚੇਲੇ ਬਾਬਾ ਜੀਤ ਸਿੰਘ ਜੀ ਨੇ ਉਪਲ੍ਹਾ ਬੁੰਗਾ ਕਾਇਮ ਕੀਤਾ। ਗਰੰਥੀ ਭਗਵਾਨ ਸਿੰਘ ਜੀ, ਬਾਬਾ ਸੁਖਾ ਸਿੰਘ ਜੀ, ਬਾਬਾ ਗੁਲਾਬ ਸਿੰਘ ਜੀ ਆਦਕ ਹੋਰ ਕਈ ਚੇਲੇ ਆਪ ਦੇ ਹੋਏ। ਜਿਨ੍ਹਾਂ ਵਿਚੋਂ ਸੰਤ ਭਗਵਾਨ ਸਿੰਘ ਜੀ ਨੂੰ ਸ੍ਰੀ ਤਖਤ ਸਾਹਿਬ ਦੀ ਸੇਵਾ ਦੇ ਕੇ ਚੜ੍ਹਾਈ ਕਰ ਗਏ। ਆਪ ਚੰਗੇ ਸਾਧੂ ਮਤੇ ਦੇ ਸਿੰਘ ਸਨ। ਆਪ ਸੰਪ੍ਰਦਾਯ ਵਿਚ ਮੁਖ ਮੰਨੇ ਜਾਂਦੇ ਸਨ।

## ਗ੍ਰੰਥੀ ਭਗਵਾਨ ਸਿੰਘ ਜੀ

ਆਪ ਦਾ ਜਨਮ ਪੂਰਬ ਦੇ ਪਾਸੇ ਦਾ ਸੀ। ਚੰਗੇ ਪ੍ਰਤਾਪ ਵਾਲੇ ਮਹਾਤਮਾ ਹੋਏ ਹਨ। ਰਾਜੇ ਅਤੇ ਕਈ ਸਿਖ ਸਰਦਾਰਾਂ ਨੇ

ਆਪ ਪਾਸੋਂ ਅੰਮ੍ਰਿਤ ਪਾਨ ਕੀਤਾ । ਦਮਦਮੇ ਸਾਹਿਬ ਅਪਣੇ ਪੁਰਸ਼ਾਰਥ ਨਾਲ ਬੜਾ ਲੰਗਰ ਚਲਾਇਆ । ਮੇਲਾ ਲਗਾਉਣਾ ਆਰੰਭਿਆ । ਅੰਤ ਅਪਣੇ ਸ਼ਿਸ਼ ਬਾ: ਬਘੇਲ ਸਿੰਘ ਜੀ ਨੂੰ ਸੇਵਾ ਬਖਸ਼ ਕੇ ਸਰੀਰ ਤਿਆਗ ਗਏ ।

**ਬਾਬਾ ਬਘੇਲ ਸਿੰਘ ਜੀ** ਆਪ ਦਾ ਜਨਮ ਤਲਵੰਡੀ ਦਾ ਸੀ । ਚੰਗੇ ਪ੍ਰਤਾਪ ਵਾਲੇ ਤੇ ਬਲੀ ਸਰੀਰ ਹੋਏ ਹਨ । ਆਪ ਨੇ ਗੁਰੂ ਘਰ ਦਾ ਚੰਗਾ ਪ੍ਰਚਾਰ ਕੀਤਾ । ਸ਼੍ਰੀ ਤਖਤ ਸਾਹਿਬ ਤੇ ਹੋਰ ਨਾਲ ਲਗਦੇ ਅਸਥਾਨ ਆਬਾਦ ਕਰਵਾਏ । ਬਿਹੰਗਮਾ ਲਈ ਝਾੜੀਆਂ ਤੇ ਜੂਹਾਂ ਦੀ ਹਦ ਬੰਦੀ ਕਰਵਾਈ । ਆਪ ਦੇ ਚੇਲੇ ਬਾਬਾ ਦੀਵਾਨ ਸਿੰਘ ਜੀ ਨੂੰ ਗ੍ਰੰਥੀ ਦੀ ਸੇਵਾ ਦੇ ਕੇ ਪ੍ਰਲੋਕ ਗਮਨ ਹੋਏ ।

**ਭਾਈ ਦੀਵਾਨ ਸਿੰਘ ਜੀ** (ਗ੍ਰੰਥੀ) ਆਪ ਸਰੀਰ ਦੇ ਬੜੇ ਸੁੰਦਰ ਦਰਸ਼ਨੀ ਹੋਏ ਹਨ । ਆਪ ਦੇ ਕਈ ਸਤਿਸੰਗੀ ਗ੍ਰਿਸਥੀ ਤੇ ਸਾਧੂ ਹੋਏ ਹਨ । ਜਿਹਾ ਕਿ ਸੰਤ ਵਧਾਵਾ ਸਿੰਘ ਜੀ, ਸੰਤ ਭਾਈ ਅਤਰ ਸਿੰਘ ਜੀ, ਅਤਲੇ ਵਾਲੇ ਤੇ ਗ੍ਰੰਥੀ ਰਾਮ ਸਿੰਘ ਜੀ ਜਿਨ੍ਹਾਂ ਵਿਚੋਂ ਗ੍ਰੰਥੀ ਰਾਮ ਸਿੰਘ ਜੀ ਨੂੰ ਮਹੰਤੀ ਦੀ ਸੇਵਾ ਬਖਸ਼ ਕੇ ਸਮਾਏ ।

## ਗ੍ਰੰਥੀ ਰਾਮ ਸਿੰਘ ਜੀ

ਆਪ ਕੁਝ ਚਿਰ ਤਖਤ ਸਾਹਿਬ ਦੀ ਸੇਵਾ ਕਰ ਕੇ ਛੇਤੀ ਸਮਾ ਗਏ । ਮਗਰੋਂ ਸ਼ਜ਼ਾਦ ਪੁਰ ਦੇ ਸਿਖਾਂ ਨੇ ਮੁਕਦਮੇ

ਬਾਜ਼ੀ ਵਿਚ ਅਪਣਾ ਵਿਰਸਾ ਦਸ ਕੇ ਤਖਤ ਸਾਹਿਬ ਦੀ ਜਾਇਦਾਦ ਪ੍ਰਾਪਤ ਕਰ ਲਈ। ਇਸ ਲਈ ਹੁਣ ਸ਼ਜ਼ਾਦ ਪੁਰ ਵਲੋਂ ਹੀ ਗਰੰਥੀ ਕੇਸਰ ਸਿੰਘ ਜੀ ਹਨ, ਜੋ ਤਨਖਾਹ ਲੈ ਰਹੇ ਹਨ।

## ਮਹੰਤ ਗਿਆਨੀ ਵਧਾਵਾ ਸਿੰਘ ਜੀ

ਚੇਲੇ ਸ਼੍ਰੀ ਗੰਥੀ ਭਾਈ ਦੀਵਾਨ ਸਿੰਘ ਜੀ, ਆਪ ਦਾ ਜਨਮ ਜਖੇਪਾਲ ਰਿ: ਪਟਿਆਲਾ ਵਿਚ ਹੋਇਆ। ੧੪-੧੫ ਸਾਲ ਦੀ ਆਯੂ ਵਿਚ ਹੀ ਸ੍ਰੀ ਭਾਈ ਦੀਵਾਨ ਸਿੰਘ ਜੀ ਦੀ ਸੰਗਤ ਵਿਚ ਆ ਗਏ। ਅੰਮ੍ਰਿਤ ਛਕ ਕੇ ਤਖਤ ਦੀ ਸੇਵਾ ਤੇ ਵਿਦਿਆ ਵਿਚ ਪ੍ਰਵਿਰਤ ਹੋਏ। ਆਪ ਦਾ ਸਰੀਰ ਪੁਰਸ਼ਾਰਥੀ ਸੀ ਜਿਸ ਕਰ ਕੇ ਥੋੜੇ ਚਿਰ ਵਿਚ ਹੀ ਲਿਖਾਰੀ, ਪਾਠੀ ਅਤੇ ਗਿਆਨੀਆਂ ਵਿਚੋਂ ਉਘੇ ਹੋ ਗਏ।

ਦਮਦਮੇ ਸਾਹਿਬ ਦੀ ਸੇਵਾ ਤੋਂ ਬਾਅਦ ਆਪ ਲਹਿਰਾ-ਖਾਨਾ ਚਲੇ ਗਏ। ਜਿਥੇ ਜਾ ਕੇ ਡੇਰਾ ਆਬਾਦ ਕੀਤਾ। ਸਿਖ ਸੇਵਕ ਬਣ ਗਏ। ਚੰਗੀ ਧਾਰਨਾ ਵਾਲੇ ਹੋਣ ਕਰ ਕੇ ਇਲਾਕੇ ਵਿਚ ਬੜੇ ਪ੍ਰਸਿੱਧ ਹੋ ਗਏ। ਸੰਤ ਭਗਵਾਨ ਸਿੰਘ ਜੀ, ਸੰਤ ਨੰਦ ਸਿੰਘ ਜੀ ਰਿਖੀ ਕਲੇਰਾਂ ਵਾਲੇ, ਸੰਤ ਕਿਸ਼ਨ ਸਿੰਘ ਜੀ ਵੈਦ ਗਿਲਾਂ ਵਾਲੇ, ਸੰਤ ਨਰੈਣ ਸਿੰਘ ਜੀ ਮਾਲਾ ਵਾਲੇ ਆਦਕ ਕਈ ਸਾਧੂ ਸ਼ਿਸ਼ ਹੋਏ, ਜਿਨ੍ਹਾਂ ਵਿਚੋਂ ਸੰਤ ਭਗਵਾਨ ਸਿੰਘ ਜੀ ਨੂੰ ਹਥੀਂ ਮਹੰਤੀ ਦੇ ਦਿਤੀ। ਡੇਰੇ ਨੂੰ ਚੜ੍ਹਦੀਆਂ ਕਲਾਂ ਵਿਚ ਲਿਆਂਦਾ। ਚੰਗੀ ਜਾਇਦਾਦ ਪੈਦਾ ਕੀਤੀ। ਆਪ ਕਰਨੀ ਵਾਲੇ

ਪੁਰਸ਼ ਸਨ । ਮ੍ਰਯਾਦਾ ਵਿਚ ਆਪ ਦੀ ਅਦੁਤੀ ਵਿਅਕਤੀ ਸੀ ।

**ਸੰਤ ਭਗਵਾਨ ਸਿੰਘ ਜੀ** ਆਪ ਬਾਲ ਅਵਸਥਾ ਵਿਚ ਹੀ ਸੰਤਾਂ ਪਾਸ ਆਏ । ਚੰਗੇ ਆਗਿਆਕਾਰੀ ਹੋਣ ਕਰ ਕੇ ਡੇਰੇ ਦੇ ਮਹੰਤ ਨਿਯਤ ਕਰ ਦਿਤੇ। ਆਪ ਅਖੰਡ ਪਾਠ ਕਰਨ ਵਿਚ ਬੜੀ ਮੁਹਾਰਤ ਰਖਦੇ ਹਨ । ਸੁਭਾ ਦੇ ਮਿਠ ਬੋਲੜੇ ਹਨ । ਆਏ ਗਏ ਸਾਧੂ ਸੰਤ ਨਾਲ ਬੜਾ ਪਿਆਰ ਕਰਦੇ ਹਨ।

## ਡੇਰਾ ਗਿਲ

(ਰਿਆਸਤ ਪਟਿਆਲਾ)

## ਪੰਡਿਤ ਕਿਸ਼ਨ ਸਿੰਘ ਜੀ

ਚੇਲੇ ਮ: ਵਧਾਵਾ ਸਿੰਘ ਜੀ, ਆਪ ਦਾ ਜਨਮ ਲਹਿਰਾ ਰਿ: ਪਟਿਆਲਾ ਵਿਖੇ ਹੋਇਆ, ਛੋਟੀ ਉਮਰ ਵਿਚ ਹੀ ਮਹੰਤ ਵਧਾਵਾ ਸਿੰਘ ਜੀ ਦੇ ਪਾਸ ਆਏ । ਸੇਵਾ ਕਰਦੇ ਪੜ੍ਹਦੇ ਰਹੇ । ਆਪ ਚੰਗੇ ਵੇਦਾਂਤੀ ਸਨ ਤੇ ਹਿਕਮਤ ਦੇ ਕੰਮ ਵਿਚ ਸਿਆਣੇ ਸਨ। ਪਿੰਡ ਵਿਚ ਚੰਗਾ ਰਸੂਖ ਪਿਆਰ ਸੀ । ਨਿਰਮਲ ਭੇਖ ਵਿਚ ਪ੍ਰਸਿੱਧ ਸਨ । ਆਏ ਗਏ ਸਾਧੂ ਸੰਤ ਦਾ ਆਦਰ ਭਾਵ ਰਖਦੇ ਸਨ । ਮਘਰ ਸੰਮਤ ੨੦੧੩ ਵਿਚ ਗੁਰਪੁਰੀ ਸਿਧਾਰ ਗਏ ਹਨ ।

## ਡੇਰਾ ਅਤਲਾ

## ਸ੍ਰੀ ਸੰਤ ਅਤਰ ਸਿੰਘ ਜੀ

ਆਪ ਦਾ ਜਨਮ ਮੀਰ ਪੁਰ ਰਿਆਸਤ ਜੰਮੂ ਭਾਟੀਆ

ਖਾਨਦਾਨ ਵਿਚ ਹੋਇਆ ਛੋਟੀ ਉਮਰ ਤੋਂ ਹੀ ਆਪਦਾ ਸਾਧੂ ਸੰਗਤ ਨਾਲ ਪਿਆਰ ਸੀ। ਜਦ ਕਦੇ ਕਿਸੇ ਬੀਤ ਰਾਗ ਸਾਧੂ ਦੇ ਦਰਸ਼ਨ ਕਰਦੇ ਬੜੇ ਪ੍ਰਸੰਨ ਹੁੰਦੇ। ਆਪ ਦੀ ਬ੍ਰਿਤੀ ਸੰਸਾਰ ਵਲੋਂ ਉਪ੍ਰਾਮ ਹੁੰਦੀ ਵੇਖ ਕੇ ਮਾਪਿਆਂ ਸ਼ਾਦੀ ਦਾ ਪ੍ਰਬੰਧ ਕਰ ਦਿਤਾ ਪਰ ਜਦ ਆਪ ਦੀ ਕੰਨੀ ਇਹ ਭਿਣਕ ਪੁਜੀ, ਬਸ ਓਦੋਂ ਹੀ ਰਾਤੋ ਰਾਤ ਨਿਕਲਕੇ ਹੌਲੀ ਹੌਲੀ ਮਾਲਵੇ ਦੇਸ਼ ਸ੍ਰੀ ਦਮਦਮੇ ਸਾਹਿਬ ਪੁਜ ਗਏ। ਵਿਸਾਖੀ ਦਾ ਮੇਲਾ ਸੀ। ਸਾਧ ਸੰਗਤ ਦੇ ਦਰਸ਼ਨ ਪਰਸ਼ਨ ਕਰਕੇ ਬੜੇ ਖੁਸ਼ ਹੋਏ। ਅੰਮ੍ਰਿਤ ਛਕਿਆ, ਸ੍ਰੀ ਭਾਈ ਦੀਵਾਨ ਸਿੰਘ ਜੀ ਗਰੰਥੀ ਸਾਹਿਬ ਜੀ ਦੀ ਸੰਗਤ ਵਿਚ ਰਹਿ ਕੇ ਪੜ੍ਹਨ ਲਿਖਣ ਲਗ ਪਏ। ਸੇਵਾ ਕਰਦਿਆਂ ਅਜਿਹਾ ਦਿਲ ਨਿਰਮਾਣ ਹੋਇਆ ਜੁ ਪੂਰਨ ਵੈਰਾਗੀ ਹੋ ਕੇ ਸਾਧੂ ਬ੍ਰਿਤੀ 'ਚ ਹੋ ਗਏ। ਕੁਝ ਵਰ੍ਹੇ ਇਥੇ ਸੇਵਾ ਕਰਕੇ ਮਾਲਵੇ ਵਿਚਰਨ ਨੂੰ ਜੀਅ ਕਰ ਆਇਆ। ਜਿਥੇ ਜਾਂਦੇ ਆਪ ਦੀ ਸੁੰਦਰ ਧਾਰਨਾ ਵੇਖ ਕੇ ਲੋਗੀ ਪ੍ਰਸੰਨ ਹੁੰਦੇ ਤੇ ਆਪ ਵੀ ਗੁਰੂ ਘਰ ਦੀਆਂ ਕਥਾ ਸੁਣਾ ਕੇ ਸਭ ਦੇ ਦਿਲ ਸ਼ਾਂਤ ਕਰਦੇ।

ਫਿਰਦੇ ਫਿਰਾਂਦੇ ਅਤਲੇ ਪਿੰਡ ਆਏ ਜਿਥੇ ਕਈ ਦਿਨ ਆਪ ਪ੍ਰਚਾਰ ਕਰਦੇ ਰਹੇ। ਪਰੇਮੀ ਆਪ ਨੂੰ ਛਡ ਨਾ ਸਕੇ। ਧੀਰੇ ਧੀਰੇ ਅਸਥਾਨ ਬਣ ਗਿਆ। ਟਿਕ ਗਏ, ਦੋਵੇਂ ਵੇਲੇ ਦਾ ਸਤਿਸੰਗ ਜਾਰੀ ਕਰ ਦਿਤਾ। ਆਏ ਗਏ ਸਾਧ ਸੰਤ ਦੀ ਹਥੀ ਸੇਵਾ ਕਰਨ ਲਗ ਪਏ। ਬੜਾ ਜਸ ਹੋਇਆ। ਕਈ ਸਾਧੂ ਅਤੇ ਗ੍ਰਿਸਥੀ ਆਪ ਪਾਸੋਂ ਪੜ੍ਹਨ ਲਗ ਪਏ। ਇਲਾਕੇ ਵਿਚ ਬੜਾ ਪ੍ਰਚਾਰ ਕੀਤਾ। ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ

ਡੇਰਾ ਪੱਕਾ ਬਣਾਇਆ। ਖੂਹ ਲੁਵਾਏ। ਅਸਥਾਨ ਦੀ ਤਰੱਕੀ ਕੀਤੀ।

ਜੋਟੀਆਂ ਦੇ ਸ਼ਬਦ ਪੜ੍ਹਨ ਦਾ ਆਪ ਦਾ ਚੰਗਾ ਮੁਹਾਵਰਾ ਸੀ। ਸ਼ਬਦ ਬੋਲਦਿਆਂ ਸਭ ਨੂੰ ਮਸਤੀ ਦੇ ਰੰਗ ਵਿਚ ਲਿਆ ਦੇਂਦੇ। ਨਿਤ ਨੇਮ ਵਿਚ ਪੱਕੇ ਸਨ ਤੇ ਹਰ ਇਕ ਸਿਖ ਨੂੰ ਨਿਤ ਨੇਮ ਕਰਨ ਲਈ ਸਿਖਿਆ ਦੇਂਦੇ ਰਹਿੰਦੇ ਸਨ।

੩੨ ਸਾਲਾਂ ਮਗਰੋਂ ਬਾਰ ਵਲ ਪ੍ਰਚਾਰ ਕਰਨ ਲਈ ਗਏ। ਜਿਥੇ ਆਪ ਦੇ ਤਾਇਆ ਸਾਹਿਬ ਸ: ਮੂਲ ਸਿੰਘ ਜੀ ਨੇ ਆਪ ਨੂੰ ਪਛਾਂਣ ਲਿਤਾ। ਘਰ ਵਿਚ ਫੇਰਾ ਪਾਣ ਲਈ ਉਨ੍ਹਾਂ ਬਹੁਤ ਕੁਝ ਕਿਹਾ ਪਰ ਘਰ ਵਲ ਮੂੰਹ ਨਾ ਕੀਤਾ।

ਆਪ ਦਾ ਸਾਦਾ ਲਿਬਾਸ ਹਰ ਇਕ ਦੇ ਦਿਲ ਉਤੇ ਅਸਰ ਕਰਦਾ ਸੀ। ਬ੍ਰਿਧ ਅਵਸਥਾ ਵਿਚ ਭੀ ਆਪਣੀ ਹਥੀ ਲੰਗਰ ਵਰਤਾ ਕੇ ਪ੍ਰਸੰਨ ਹੁੰਦੇ ਸਨ। ਅਖੀਰ ਅਨੇਕਾਂ ਪ੍ਰਾਣੀਆਂ ਨੂੰ ਗੁਰਮਤ ਵਿਚ ਲਿਆ ਕੇ ੭੬ ਸਾਲ ਦੀ ਆਯੂ ਵਿਚ ਸੰਮਤ ੧੯੯੪ ਹਾੜ ੭ ਨੂੰ ਗੁਰਪੁਰੀ ਸਿਧਾਰ ਗਏ। ਆਪ ਦੇ ਸ਼ਿਸ਼ ਪੰਡਿਤ ਮਾਨ ਸਿੰਘ ਜੀ, ਸੰਤ ਜੋਧ ਸਿੰਘ ਜੀ ਆਦਕ ਹੋਏ।

## ਪੰਡਿਤ ਮਾਨ ਸਿੰਘ ਜੀ ਮੌੜ

ਆਪ ਦਾ ਜਨਮ ਅਤਲਾ ਰਿ: ਪਟਿਆਲਾ ਵਿਚ ਸ: ਘਨਈਆ ਸਿੰਘ ਜੀ ਦੇ ਘਰ ਮਾਤਾ ਕਰਮ ਕੌਰ ਜੀ ਦੀ ਕੁਖੋਂ ਸੰਮਤ ੧੯੪੨ ਨੂੰ ਹੋਇਆ। ਆਪ ਭਾਈ ਮਤੀ ਦਾਸ ਜੀ ਦੇ

ਖਾਨਦਾਨ ਵਿਚੋਂ ਸਨ। ਆਪ ਦੇ ਬਜ਼ੁਰਗ ਪਹਿਲਾਂ ਬਮੀਏ ਵਸੇ ਸਨ। ਫਿਰ ਸਾਬੋਕੀ ਤਲਵੰਡੀ ਆਣ ਰਹੇ। ਉਥੋਂ ਮਹਾਰਾਜ ਹੀਰਾ ਸਿੰਘ ਜੀ ਸਰਦਾਰ ਘਨਈਆ ਸਿੰਘ ਜੀ ਨੂੰ ਨਾਭੇ ਲੈ ਆਏ। ਬੜੇ ਪਰੇਮ ਪਿਆਰ ਨਾਲ ਕੁਝ ਸਮਾਂ ਬਿਤੀਤ ਕੀਤਾ। ਬਾਅਦ ਕਿਸੇ ਗਲੋਂ ਤੰਗ ਹੋ ਕੇ ਰਿਆਸਤ ਪਟਿਆਲਾ ਅਤਲੇ ਪਿੰਡ ਆ ਰਹੇ। ਵਡੇ ਹੋਏ ਤਾਂ ਨਾਭੇ ਪਲਟਨ ਵਿਚ ਕੁਝ ਚਿਰ ਰਹੇ।

ਬਾਅਦ ਅਤਲੇ ਆਪਣੇ ਪਿੰਡ ਆ ਕੇ ਸ੍ਰੀ ਸੰਤ ਅਤਰ ਸਿੰਘ ਜੀ ਪਾਸੋਂ ਅੰਮ੍ਰਿਤ ਛਕ ਕੇ ਸਾਧੂ ਬ੍ਰਿਤੀ ਵਿਚ ਹੋ ਗਏ। ਫਿਰ ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਪਾਸ ਪੜ੍ਹਨ ਲਈ ਕਨਖਲ ਚਲੇ ਗਏ। ਆਪ ਨੇ ਕੁਝ ਸੰਸਕ੍ਰਿਤ ਦੇ ਪੁਸਤਕ ਵੇਖੇ ਸਨ ਪਰ ਗੁਰੂ ਘਰ ਦੇ ਪੁਸਤਕਾਂ ਵਿਚੋਂ ਚੰਗੇ ਵਿਦਵਾਨ ਸਨ। ਨਿਰਮਲ ਭੇਖ ਵਿਚ ਵੰਗੇ ਰਸੂਖ ਪਿਆਰ ਵਾਲੇ ਮੰਨੇ ਪ੍ਰਮੰਨੇ ਸੰਤ ਸਨ। ਨਿਰਮਲ ਮਹਾਂ ਮੰਡਲ ਦੇ ਮੀਤ ਪ੍ਰਧਾਨ ਰਹੇ। ਕੁਝ ਚਿਰ ਮੰਡਲੀ ਫੇਰਦੇ ਰਹੇ। ਸੁਭਾ ਦੇ ਨਿਰਮਾਣ ਤੇ ਹਸਮੁਖੇ ਸਾਧੂ ਸਨ। ਆਪ ਪਲੋਕ ਗਮਨ ਕਰ ਗਏ ਹਨ। ਆਪ ਦੇ ਸ਼ਿਸ਼ ਵਿਰਕਤ ਸੰਤ ਦਿਆਲੂ ਜੀ ਹਨ ਜੋ ਕਈ ਵਰ੍ਹੇ ਕਾਂਸ਼ੀ ਰਹਿ ਕੇ ਸੰਸਕ੍ਰਿਤ ਪੜ੍ਹਦੇ ਰਹੇ ਹਨ। ਆਪ ਦੀ ਰਹਿਣੀ ਬਹਿਣੀ ਪੂਰੇ ਮਹਾਤਮਾ ਵਾਲੀ ਹੈ। ਸਾਦੀ ਜ਼ਿੰਦਗੀ ਬਿਤੀਤ ਕਰ ਰਹੇ ਹਨ।

## ਬਾਬਾ ਸੰਤ ਹੀਰਾ ਸਿੰਘ ਜੀ ਬੁੰਗਾ ਲਿਖਾਰੀਆਂ

ਚੇਲੇ ਬਾਬਾ ਬਘੇਲ ਸਿੰਘ ਜੀ, ਆਪ ਦਾ ਜਨਮ

ਤਲਵੰਡੀ ਸਾਬੋਕੀ ਰਿ: ਪਟਿਆਲਾ ਵਿਚ ਹੋਇਆ। ਆਪ ਬਚਪਨ ਤੋਂ ਹੀ ਤਖਤ ਸਾਹਿਬ ਬਾਬਾ ਜੀ ਦੀ ਸੰਗਤ ਵਿਚ ਆਏ ਸਨ। ਲਿਖਾਈ ਦਾ ਕੰਮ ਸ਼ੁਰੂ ਕੀਤਾ ਜੋ ਪੜ੍ਹਦਿਆਂ ਲਿਖਦਆਂ ਇਕ ਦਿਨ ਪ੍ਰਸਿੱਧ ਲਿਖਾਰੀਆਂ ਵਿਚੋਂ ਮੰਨੇ ਗਏ। ਆਪ ਦੇ ਲਿਖੇ ਹੋਏ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੇ ਹੋਰ ਕਈ ਪੁਸਤਕ ਮਿਲਦੇ ਹਨ। ਕਹਿੰਦੇ ਹਨ ਆਪ ਦੀ ਲਿਖਤ ਨਾਲ ਮਿਲਾ ਕੇ ਪਹਿਲਾਂ ਟਾਇਪ ਬਣਾਇਆ ਗਿਆ ਸੀ। ਜਿਸਦੇ ਬਦਲੇ ਆਪ ਨੂੰ ੫੦੦) ਨਕਦ ਤੇ ਇਕ ਖਿਲਤ ਵਲਾਇਤ ਦੀ ਸੁਸਾਇਟੀ ਵਲੋਂ ਅਤੇ ਕੁਰਸੀ ਨਸ਼ੀਨੀ ਸਰਕਾਰ ਅੰਗ੍ਰੇਜ਼ੀ ਵਲੋਂ ਮਿਲੀ ਸੀ। ਇਹ ਲਿਖਾਰੀਆਂ ਦਾ ਡੇਰਾ ਆਪ ਨੇ ਬੰਨ੍ਹਿਆ ਸੀ। ਆਪ ਦੇ ਚੇਲੇ ਸੰਤ ਗੁਰਬਖਸ਼ ਸਿੰਘ ਜੀ ਗਿਆਨੀ ਹੋਏ ਜਿਨ੍ਹਾਂ ਨੂੰ ਡੇਰਾ ਸੌਂਪ ਕੇ ਆਪ ਸਰੀਰ ਤਿਆਗ ਗਏ।

## ਗਿਆਨੀ ਗੁਰਬਖਸ਼ ਸਿੰਘ ਜੀ (ਮੁਖੀਏ ਮਹੰਤ)

ਆਪ ਦਾ ਜਨਮ ਲਾਹੌਰ ਜ਼ਿਲੇ ਦਾ ਹੈ। ਛੋਟੀ ਉਮਰ ਵਿਚ ਹੀ ਸੰਤਾਂ ਪਾਸ ਆਏ, ਸੇਵਾ ਕਰਦੇ ਪੜ੍ਹਦੇ ਰਹੇ। ਆਪ ਵੀ ਲਿਖਤ ਦੇ ਕੰਮ ਵਿਚ ਸਿਆਣੇ ਸਨ। ਕਈ ਪੁਸਤਕ ਲਿਖੇ ਸਨ। ਸ੍ਰੀ ਦਮਦਮੇ ਸਾਹਿਬ ਪਹਿਲੇ ਸੇਵਾ ਕਰਦੇ ਰਹੇ, ਫਿਰ ਸ੍ਰੀ ਅੰਮ੍ਰਿਤਸਰ ਜਾ ਕੇ ਪੜ੍ਹਦੇ ਰਹੇ। ਨਿਰਮਲ ਅਖਾੜੇ ਦੇ ਮੁਖੀਏ ਮਹੰਤ ਰਹਿ ਚੁਕੇ ਹਨ। ਸਾਧੂ ਸਮਾਜ ਨਾਲ ਚੰਗਾ ਪਿਆਰ ਸੀ। ਸਰੀਰ ਉਚਾ ਤੇ ਦਰਸ਼ਨੀ ਸੀ। ਗੁਰੂ ਘਰ ਦੇ

ਉਘੇ ਗਿਆਨੀ ਸਨ। ਜ਼ਿਆਦਾ ਤੀਰਥ ਯਾਤ੍ਰਾ ਵਿਚ ਸਮਾਂ ਬਿਤੀਤ ਕਰਦੇ ਸਨ।

## ਬੁੰਗਾ ਚੇਤ ਸਿੰਘ ਜੀ

**ਭਾਈ ਕਾਹਨ ਸਿੰਘ ਜੀ** ਚੇਲੇ ਮਹੰਤ ਜੀਤ ਸਿੰਘ ਜੀ, ਉਚੇ ਬੁੰਗੇ ਵਾਲਿਆਂ ਦੇ। ਇਹ ਬੁੰਗਾ ਆਪ ਨੇ ਬਣਾਇਆ। ਲੰਗਰ ਚਲਾਇਆ। ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ। ਅੰਤ ਨੂੰ ਅਪਣੇ ਚੇਲੇ ਸੰਤ ਚੇਤ ਸਿੰਘ ਜੀ ਨੂੰ ਮਕਾਨ ਸੰਭਾਲ ਕੇ ਚੜ੍ਹਾਈ ਕਰ ਗਏ।

**ਬਾਬਾ ਚੇਤ ਸਿੰਘ ਜੀ** ਆਪ ਨੇ ਮਕਾਨ ਦੀ ਚੰਗੀ ਤਰੱਕੀ ਕੀਤੀ। ਕਈਆਂ ਪ੍ਰਾਣੀਆਂ ਨੂੰ ਗੁਰੂ ਘਰ ਵਿਚ ਲਿਆਂਦਾ। ਸੰਤ ਖੰਡਾ ਸਿੰਘ ਜੀ, ਸੰਤ ਤੋਲਾ ਸਿੰਘ ਜੀ ਆਦਕ ਆਪ ਦੇ ਸ਼ਿਸ਼ ਹੋਏ। ਸੰਤ ਖੰਡਾ ਸਿੰਘ ਜੀ ਨੂੰ ਬੁੰਗਾ ਦੇ ਕੇ ਅਕਾਲ ਚਲਾਣਾ ਕਰ ਗਏ।

## ਮਹੰਤ ਠੋਲ੍ਹਾ ਸਿੰਘ ਜੀ

(ਕੋਟ ਕਪੂਰਾ ਗੁਰਦਵਾਰਾ)

ਪਹਿਲੇ ਆਪਣੇ ਸੰਤਾਂ ਪਾਸ ਬੁੰਗੇ ਟਿਕੇ ਰਹੇ। ਫਿਰ ਕੋਟ ਕਪੂਰੇ ਵਿਚ ਗੁਰਦਵਾਰਾ ਆਬਾਦ ਕੀਤਾ। ਆਪ ਨੂੰ ਇਲਾਕੇ ਵਾਲੇ ਚੰਗਾ ਮੰਨਦੇ ਹਨ। ਸਾਧੂ ਸਮਾਜ ਨਾਲ ਚੰਗਾ ਪਿਆਰ ਰਖਦੇ ਹਨ। ਆਇਆ ਗਿਆ ਸਾਧੂ ਬਣਿਆ

ਰਹਿੰਦਾ ਹੈ।

**ਸੰਤ ਬਾਬਾ ਸਿਆਮ ਸਿੰਘ ਜੀ** (ਗੁ: ਅਕੋਈ ਰਿ: ਸੰਗਰੂਰ) ਚੇਲੇ ਬਾਬਾ ਦੂਨਾ ਸਿੰਘ ਜੀ (ਉਚੇ ਬੁੰਗੇ ਵਾਲੇ) ਇਹ ਗੁਰਦੁਆਰਾ ਆਪ ਨੇ ਆਬਾਦ ਕੀਤਾ। ਚੰਗੇ ਪ੍ਰਤਾਪ ਵਾਲੇ ਹੋਏ। ਆਪ ਦੇ ਚੇਲੇ ਸੰਤ ਹਰਦਿਤ ਸਿੰਘ ਜੀ ਤੇ ਸੰਤ ਮਹਿਤਾਬ ਸਿੰਘ ਜੀ ਹੋਏ ਜਿਨ੍ਹਾਂ ਨੂੰ ਮਕਾਨ ਦੇਕੇ ਆਪ ਚਲਾਣਾ ਕਰ ਗਏ।

**ਸੰਤ ਮਹਿਤਾਬ ਸਿੰਘ ਜੀ** ਆਪ ਨੇ ਅਸਥਾਨ ਦੀ ਤ੍ਰੱਕੀ ਕੀਤੀ। ਅਜ ਕਲ ਆਪ ਦੀ ਥਾਂ ਸੰਤ ਫੂਲਾ ਸਿੰਘ ਜੀ ਹਨ। ਆਪ ਵੀ ਚੰਗੇ ਉਘੇ ਗੁਰਮੁਖ ਹਨ।

**ਸੰਤ ਹਰਦਿਤ ਸਿੰਘ ਜੀ** (ਡੇਰਾ ਧਨੌਲਾ ਰਿ:ਪਟਿਆਲਾ) ਚੇਲੇ ਮਹੰਤ ਸਿਆਮ ਸਿੰਘ ਜੀ (ਗੁ: ਅਕੋਈ ਰਿ: ਸੰਗਰੂਰ) ਇਹ ਡੇਰਾ ਨਗਰ ਵਿਚ ਆਪ ਨੇ ਹੀ ਆਬਾਦ ਕੀਤਾ। ਸਤਿ-ਸੰਗ ਪ੍ਰਵਾਹ ਜਾਰੀ ਕੀਤਾ। ਆਪ ਅਪਨੇ ਚੇਲੇ ਸੰਤ ਨੰਦ ਸਿੰਘ ਜੀ ਨੂੰ ਡੇਰਾ ਸੌਂਪ ਕੇ ਪ੍ਰਲੋਕ ਪਧਾਰੇ।

## ਸੰਤ ਨੰਦ ਸਿੰਘ ਜੀ

ਆਪ ਵੀ ਚੰਗੇ ਮਿਲਣਸਾਰ ਪੁਰਸ਼ ਹਨ। ਇਲਾਕੇ ਵਿਚ ਚੰਗਾ ਸਨਮਾਨ ਪ੍ਰਾਪਤ ਕੀਤਾ। ਇਸ ਵੇਲੇ ਆਪ ਦੇ ਚੇਲੇ ਸੰਤ ਗੁਰਮੁਖ ਸਿੰਘ ਜੀ ਹਨ ਜ਼ਿਆਦਾ ਪਟਿਆਲੇ ਆਦਿਕ ਨਗਰਾਂ ਵਿਚ ਰਹਿੰਦੇ ਹਨ।

## ਬਾਬਾ ਰਾਮ ਸਿੰਘ ਜੀ

(ਹੇਠਲਾ ਬੁੰਗਾ)

ਚੇਲੇ ਬਾਬਾ ਦੁਨਾ ਸਿੰਘ ਜੀ (ਉਚੇ ਬੁੰਗੇ ਵਾਲੇ) ਆਪ ਨੇ ਇਹ ਬੁੰਗਾ ਤਿਆਰ ਕਰਵਾਇਆ। ਆਪਣੇ ਚੇਲੇ ਸੰਤ ਹੀਰਾ ਸਿੰਘ ਜੀ ਨੂੰ ਇਹ ਬੁੰਗਾ ਦੇ ਕੇ ਸਮਾਏ।

**ਸੰਤ ਹੀਰਾ ਸਿੰਘ ਜੀ** ਆਪ ਨੇ ਡੇਰੇ ਦੀ ਸੇਵਾ ਖਾਸਾ ਚਿਰ ਕੀਤੀ। ਉਪਰੰਤ ਆਪਣੇ ਚੇਲੇ ਸੰਤ ਜੈ ਸਿੰਘ ਜੀ ਨੂੰ ਸੇਵਾ ਦੇਕੇ ਨਿਸ਼ਚਿੰਤ ਹੋ ਗਏ। ਇਨ੍ਹਾਂ ਆਪਣੇ ਚੇਲੇ ਸੰਤ ਹਰੀ ਸਿੰਘ ਜੀ ਨੂੰ ਨੀਅਤ ਕੀਤਾ।

## ਸੰਤ ਚੰਦਾ ਸਿੰਘ ਜੀ

(ਗੁਰਦਵਾਰਾ ਲਿਖਨਸਰ)

ਚੇਲੇ ਮਹੰਤ ਨਿਹਾਲ ਸਿੰਘ ਜੀ (ਉਚੇ ਬੁੰਗੇ ਵਾਲੇ) ਇਸ ਗੁਰਦਵਾਰੇ ਦੀ ਸੇਵਾ ਆਪ ਨੇ ਆਰੰਭੀ ਸੀ। ਆਪ ਚੰਗੇ ਉਦਾਰ ਪ੍ਰਤਾਪੀ ਪੁਰਸ਼ ਹੋਏ ਹਨ। ਆਪਦੇ ਚੇਲੇ ਸੰਤ ਗੁਰਮੁਖ ਸਿੰਘ ਜੀ ਸੰਤ ਫਤੇਹ ਸਿੰਘ ਜੀ ਹੋਏ ਜਿਨ੍ਹਾਂ ਵਿਚੋਂ ਸੰਤ ਗੁਰਮੁਖ ਸਿੰਘ ਜੀ ਨੂੰ ਗੁਰਦਵਾਰਾ ਦੇ ਕੇ ਸਮਾ ਗਏ।

**ਸੰਤ ਗੁਰਮੁਖ ਸਿੰਘ ਜੀ** ਆਪ ਚੰਗੇ ਲਿਖਾਰੀ ਤੇ ਗਿਆਨੀ ਪੁਰਸ਼ ਹੋਏ ਹਨ। ਆਪ ਦੇ ਚੇਲੇ ਇਕ ਸੰਤ ਜਵਾਹਰ ਸਿੰਘ ਜੀ ਹੋਏ। ਦੂਜੇ ਚੇਲੇ ਸੰਤ ਹਰੀ ਸਿੰਘ ਜੀ ਨੂੰ ਸੇਵਾ ਦੇ ਕੇ ਸਮਾ ਗਏ। ਸੰਤ ਹਰੀ ਸਿੰਘ ਜੀ ਨੇ ਥੋੜਾ ਚਿਰ ਸੇਵਾ ਕੀਤੀ

ਫਿਰ ਆਪ ਦੇ ਗੁਰਭਾਈ ਸੰਤ ਭਾਈ ਜਵਾਹਰ ਸਿੰਘ ਜੀ ਮਹੰਤ ਹੋਏ। ਇਹ ਭੀ ਥੋੜਾ ਚਿਰ ਰਹਿ ਕੇ ਸਰੀਰ ਤਿਆਗ ਗਏ। ਮਗਰੋਂ ਇਨ੍ਹਾਂ ਦੇ ਸੇਵਕ ਗਿਆਨੀ ਬਿਏਕਾ ਸਿੰਘ ਜੀ ਹੋਏ ਜਿਨ੍ਹਾਂ ਦੇ ਵੇਲੇ ਗੁਰਦਵਾਰਾ ਕਮੇਟੀ ਦੇ ਮਤਹਿਤ ਹੋ ਗਿਆ।

## ਸੰਤ ਫਤੇਹ ਸਿੰਘ ਜੀ

(ਗੁਰਦਵਾਰਾ ਜੰਡਸਰ)

ਚੇਲੇ ਮਹੰਤ ਚੰਦਾ ਸਿੰਘ ਜੀ। ਇਹ ਗੁਰਦਵਾਰਾ ਆਪ ਨੇ ਆਬਾਦ ਕੀਤਾ। ਚੰਗੀ ਰੌਣਕ ਬਣਾਈ ਰਖੀ ਅੰਤ ਨੂੰ ਆਪਣੇ ਚੇਲੇ ਸੰਤ ਨਰੈਣ ਸਿੰਘ ਜੀ ਨੂੰ ਅਸਥਾਨ ਦੇ ਕੇ ਪ੍ਰਲੋਕ ਗਮਨ ਹੋਏ। ਇਨ੍ਹਾਂ ਵੀ ਚੰਗੀ ਸੇਵਾ ਸਾਧ ਸੰਗਤ ਦੀ ਕੀਤੀ ਤਰੱਕੀ ਕੀਤੀ। ਆਪ ਦੇ ਸ਼ਿਸ਼ ਸੰਤ ਸਜਨ ਸਿੰਘ ਜੀ ਦੇ ਵੇਲੇ ਮਕਾਨ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ।

## ਗੁਰਦਵਾਰਾ ਰਾਮਿਯਾਨੇ

## ਗਿਆਨੀ ਪੰਜਾਬ ਸਿੰਘ ਜੀ

ਚੇਲੇ ਮ: ਬੂਟਾ ਸਿੰਘ ਜੀ (ਉਚੇ ਬੁੰਗੇ ਵਾਲੇ) ਆਪ ਦਾ ਜਨਮ ਬੀੜ, ਪਟਿਆਲਾ ਵਿਚ ਹੋਇਆ। ਆਪ ਚੰਗੇ ਵਿਦ੍ਵਾਨ ਸਾਧੂ ਹੋਏ ਹਨ। ਆਪ ਅਪਣੇ ਚੇਲੇ ਸੰਤ ਸੁੰਦਰ ਸਿੰਘ ਜੀ ਗਿਆਨੀ ਨੂੰ ਸੇਵਾ ਦੇ ਕੇ ਸੰਮਤ ੧੯੬੨ ਵਿਚ ਸਮਾ ਗਏ ਹਨ

**ਸੰਤ ਸੁੰਦਰ ਸਿੰਘ ਜੀ** ਆਪ ਨੇ ਰਾਮਯਾਨੇ ਡੇਰਾ ਗੁਰਦ੍ਵਾਰਾ ਦਸਮ ਪਾਤਸ਼ਾਹੀ ਤਿਆਰ ਕਰਵਾਇਆ ਸੀ। ਗੁਰਦਵਾਰਾ

ਇਤਹਾਸਕ ਹੋਣ ਕਰ ਕੇ ਸਿਖ ਕਮੇਟੀ ਬਣ ਗਈ ਹੈ।

## ਡੇਰਾ ਚਕ ਬੋਹੜ ਵਾਲਾ

**ਸੰਤ ਹੀਰਾ ਸਿੰਘ ਜੀ** ਚੇਲੇ ਮਹੰਤ ਬੂਟਾ ਸਿੰਘ ਜੀ, ਆਪ ਦਾ ਜਨਮ ਰਿਆਸਤ ਫਰੀਦ ਕੋਟ ਵਿਚ ਹੋਇਆ। ਇਹ ਡੇਰਾ ਆਪ ਨੇ ਆਬਾਦ ਕੀਤਾ। ਆਪ ਦੇ ਸਮਾਉਣ ਤੋਂ ਬਾਅਦ ਆਪ ਦੇ ਗੁਰਭਾਈ **ਸੰਤ ਐਚਲ ਸਿੰਘ ਜੀ** ਮਹੰਤ ਹੋਏ। ਆਪ ਦਾ ਜਨਮ ਚਕ ਬੋਹੜ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ, ਇਸ ਵੇਲੇ ਆਪ ਖਾਸੀ ਉਮਰ ਵਿਚ ਹਨ। ਪ੍ਰਸਿੱਧ ਗਿਆਨੀ ਹਨ, ਹਰ ਰੋਜ਼ ਕਥਾ ਵਿਖਆਨ ਕਰਦੇ ਹਨ। ਕਈ ਗੁਰਮੁਖ ਪਿਆਰੇ ਆਪ ਜੀ ਤੋਂ ਆਤਮ ਸਿਖਿਆ ਤੇ ਵਿਦਿਆ ਪ੍ਰਾਪਤ ਕਰ ਰਹੇ ਹਨ। ਡੇਰੇ ਨੂੰ ਪੱਕਾ ਬਣਾਇਆ। ਆਪ ਦੇ ਕਈ ਸੰਤ ਸ਼ਿਸ਼ ਹਨ। ਜਿਹਾ ਕਿ ਸ੍ਰੀ **ਪੰਡਿਤ ਹਰੀ ਸਿੰਘ ਜੀ** ਵਿਆਕਰਨੀ ਕਈ ਵਰ੍ਹੇ ਕਾਂਸ਼ੀ ਪੜ੍ਹਦੇ ਰਹੇ ਹਨ। ਦੂਜੇ ਸੰਤ ਸੋਹਨ ਸਿੰਘ ਜੀ ਹਨ। ਜਿਨ੍ਹਾਂ ਨੂੰ ਆਪ ਨੇ ਮਹੰਤੀ ਦੇ ਦਿਤੀ।

**ਭਾਈ ਖਜ਼ਾਨ ਸਿੰਘ ਜੀ** (ਬੋਲੂ ਮਾਜਰਾ ਰਿ:ਪਟਿਆਲਾ) ਚੇਲਾ ਮਹੰਤ ਬੂਟਾ ਸਿੰਘ ਜੀ ਆਪ ਨੇ ਇਹ ਅਸਥਾਨ ਆਬਾਦ ਕੀਤਾ ਵਿਰਕਤੀ ਠਾਟ ਵਿਚ ਰਹਿੰਦੇ ਹਨ।

**ਸੰਤ ਨਥਾ ਸਿੰਘ ਜੀ** (ਗੁਰਦਵਰਾ ਦਰਜ) ਚੇਲੇ ਮਹੰਤ ਬੂਟਾ ਸਿੰਘ ਜੀ ਇਹ ਅਸਥਾਨ ਆਪ ਨੇ ਹੀ ਆਬਾਦ ਕੀਤਾ।

ਆਪ ਦੀ ਸੰਗਤ ਕਰ ਕੇ ਕਈ ਸਿਖਾਂ ਸੇਵਕਾਂ ਲਾਭ ਉਠਾਇਆ ਹੈ। ਆਪ ਨੇ ਅਪਣੇ ਸ਼ਿਸ਼ **ਸੰਤ ਅਨੂਪ ਸਿੰਘ ਜੀ ਨੂੰ** ਡੇਰਾ ਸੌਂਪ ਦਿਤਾ ਹੋਇਆ ਹੈ। ਇਹ ਵੀ ਚੰਗੇ ਮਿਲਣਸਾਰ ਸਾਧੂ ਮਹਾਤਮਾ ਹਨ।

# ਡੇਰਾ ਉਚਾ ਬੂੰਗਾ

## ਮਹੰਤ ਜੀਤ ਸਿੰਘ ਜੀ

ਚੇਲੇ ਬਾਬਾ ਰਣ ਸਿੰਘ ਜੀ। ਆਪ ਦਾ ਜਨਮ ਮਾਝੇ ਦਾ ਸੀ ਆਪ ਵੀ ਕੁਝ ਚਿਰ ਜਥੇਦਾਰ ਰਹੇ। ਪ੍ਰਚਾਰ ਦਵਾਰਾ ਕਈਆਂ ਪ੍ਰਾਣੀਆਂ ਦਾ ਉਧਾਰ ਕੀਤਾ। ਪਹਿਲੀ ਉਮਰ ਵਿਚ ਕੁਝ ਚਿਰ ਕਾਂਸ਼ੀ ਪੜ੍ਹਦੇ ਰਹੇ। ਜਿਸ ਕਰਕੇ ਪੰਡਿਤ ਤੇ ਗਿਆਨੀ ਕਰਕੇ ਸਾਰੇ ਸਦਦੇ ਸਨ। ਆਪ ਦੇ ਚੇਲੇ ਸੰਤ ਕਾਹਨ ਸਿੰਘ ਜੀ ਕੋਟ ਕਪੂਰੇ ਵਾਲੇ ਤੇ ਬਾਬਾ ਦੂਨਾ ਸਿੰਘ ਜੀ ਹੋਏ। ਜਿਨ੍ਹਾਂ ਵਿਚੋਂ ਬਾਬਾ ਦੂਨਾ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਤੇ ਇਲਾਕੇ ਵਿਚ ਪ੍ਰਚਾਰ ਕਰਨਾ ਸੌਂਪ ਕੇ ਗੁਰਪੁਰੀ ਚੜ੍ਹਾਈ ਕਰ ਗਏ।

## ਮਹੰਤ ਦੂਨਾ ਸਿੰਘ ਜੀ

ਆਪ ਨੇ ਤਖਤ ਸਾਹਿਬ ਜੀ ਦੀ ਤੇ ਬੂੰਗੇ ਦੀ ਚੰਗੀ ਸੇਵਾ ਕੀਤੀ। ਆਪ ਗੁਰੂ ਘਰ ਦੇ ਪੁਸਤਕਾਂ ਵਿਚ ਚੰਗੇ ਸਿਆਣੇ ਸਨ। ਆਪ ਦੇ ਬਹੁਤ ਸਿਖ ਸੇਵਕ ਹੋਏ। ਜਿਨ੍ਹਾਂ

ਅਲਗ ਥਾਵਾਂ ਤੇ ਮਕਾਨ ਬਣਾਏ ਹਨ। ਸੰਤ ਨਾਹਰ ਸਿੰਘ ਜੀ ਸੰਤ ਸ਼ਿਆਮ ਸਿੰਘ ਜੀ ਅਤੇ ਸੰਤ ਨਿਹਾਲ ਸਿੰਘ ਜੀ ਆਦਕ ਕਈ ਸਾਧੂ ਆਪ ਦੇ ਸ਼ਿਸ਼ ਹੋਏ। ਅੰਤ ਨੂੰ ਸੰਤ ਨਿਹਾਲ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਸਮਾਏ।

## ਬਾਬਾ ਨਿਹਾਲ ਸਿੰਘ ਜੀ

ਆਪ ਦਾ ਜਨਮ ਮੀਮਸਾਂ ਰਿਆਸਤ ਪਟਿਆਲਾ ਵਿਚ ਹੋਇਆ। ਆਪ ਨੇ ਕਈ ਅਲੌਕਿਕ ਕੰਮ ਕੀਤੇ। ਜਿਹਾ ਕਿ ਸੰਮਤ ੧੯੧੭ ਵਿਚ ਡੇਹਰਾਦੂਨ ਤੋਂ ਲੱਕੜ ਲਿਆ ਕੇ ਬੜਾ ਭਾਰੀ ਝੰਡਾ ਸਾਹਿਬ ਝੁਲਾਇਆ। ੧੨ ਮਨ ਪੱਕਾ ਅੰਨ ਪਕਾ ਕੇ ਹਥੀ ਵਰਤਾਉਂਦੇ ਰਹੇ। ਸੰਮਤ ੧੯੧੨ ਵਿਚ ਨਿਰਮਲ ਅਖਾੜੇ ਦੇ ਮੁਖੀਏ ਮਹੰਤ ਨੀਅਤ ਹੋਏ। ਦੂਜੇ ਮੁਖੀਏ ਮਹੰਤ ਚਕਾਂ ਵਾਲੇ ਗਿਆਨੀ ਟਹਿਲ ਸਿੰਘ ਜੀ ਸਨ।

ਆਪ ਦੇ ਚੇਲੇ ਸੰਤ ਰੂੜ ਸਿੰਘ ਜੀ ਘੁਮਨ ਕੇ, ਸੰਤ ਗਿਆਨੀ ਪੰਜਾਬ ਸਿੰਘ ਜੀ ਰੁਪਾਨੇ ਮੁਕਤਸਰ, ਸੰਤ ਚੰਦਾ ਸਿੰਘ ਜੀ ਲਿਖਨਸਰ, ਸੰਤ ਹੀਰਾ ਸਿੰਘ ਜੀ ਮੁਕਤਸਰ, ਸੰਤ ਮਸਾ ਸਿੰਘ ਜੀ, ਸੰਤ ਰਾਜਾ ਸਿੰਘ ਜੀ ਜੰਡਿਆਲਾ, ਸੰਤ ਬੂਟਾ ਸਿੰਘ ਜੀ ਆਦਕ ਹੋਏ। ਜਿਨ੍ਹਾਂ ਵਿਚੋਂ ਸੰਤ ਬੂਟਾ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਪ੍ਰਲੋਕ ਗਮਨ ਕਰ ਗਏ।

## ਮਹੰਤ ਬੂਟਾ ਸਿੰਘ ਜੀ

ਆਪ ਦਾ ਜਨਮ ਪਿੰਡ ਢਲਵ ਮੌੜ ਦਾ ਸੀ। ਸੰਤਾਂ ਪਿਛੋਂ ਆਪ ਨੇ ਵੀ ਬਾਬਾ ਨਿਹਾਲ ਸਿੰਘ ਜੀ ਦੀ ਮ੍ਰਿਯਾਦਾ

ਕਾਇਮ ਰਖੀ। ਬੁੰਗਾ ਪੱਕਾ ਕਰਵਾਇਆ ਤੇ ਹੋਰ ਲੋੜੀਦੇ ਸਾਮਾਨ ਤਿਆਰ ਕਰਵਾਏ। ਆਪ ਦੇ ਚੇਲੇ ਸੰਤ ਹੀਰਾ ਸਿੰਘ ਜੀ ਚਕ ਬੋਹੜ ਵਾਲੇ, ਸੰਤ ਚੰਚਲ ਸਿੰਘ ਜੀ ਗਿਆਨੀ, ਸੰਤ ਖਜ਼ਾਨ ਸਿੰਘ ਜੀ ਵਿਰਕਤ ਬੇਲੂ ਮਾਜਰਾ, ਸੰਤ ਨਥਾ ਸਿੰਘ ਜੀ ਦਰਜ, ਸੰਤ ਸੁੰਦਰ ਸਿੰਘ ਜੀ ਆਦਕ ਹੋਏ, ਪਰ ਸੰਤ ਸੁੰਦਰ ਸਿੰਘ ਜੀ ਨੂੰ ਉਤ੍ਰਾਧਿਕਾਰੀ ਥਾਪ ਕੇ ਆਪ ਚੜ੍ਹਾਈ ਕਰ ਗਏ।

**ਮਹੰਤ ਸੁੰਦਰ ਸਿੰਘ ਜੀ** ਆਪਦਾ ਜਨਮ ਗੁਰਦਿਆਲਪੁਰ ਰਿਆਸਤ ਸੰਗਰੂਰ ਵਿਚ ਹੋਇਆ। ਆਪ ਨੇ ਕਈ ਕੰਮ ਚੰਗੇ ਚੰਗੇ ਕੀਤੇ ਹਨ। ਸ਼੍ਰੀ ਗੁਰੂ ਸਾਹਿਬ ਜੀ ਦੀ ਕਥਾ ਚਾਰ ਵੇਰਾਂ ਕਰਾਈ। ਸਰੋਵਰ ਕਮੇਟੀ ਨਾਲ ਮਿਲ ਕੇ ਤਾਲਾਬ ਦੀ ਸੇਵਾ ਕਰਵਾਈ। ਲੰਗਰ ਲਗਾਏ। ਬਾਰਾਂ ਸੌ ਰੁਪਿਆ ਸਾਲ ਦਾ ਧਰਮ ਅਰਥ ਲਵਾਇਆ। ਅੰਤ ਨੂੰ ਅਪਣੇ ਚੇਲੇ ਸੰਤ ਮੋਹਰ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਬਖਸ਼ ਕੇ ਗੁਰਪੁਰੀ ਸਿਧਾਰੇ।

**ਮਹੰਤ ਮੋਹਰ ਸਿੰਘ ਜੀ** ਆਪ ਦਾ ਜਨਮ ਪਿੰਡ ਲੋਪੋ ਜ਼ਿਲਾ ਫਿਰੋਜ਼ ਪੁਰ ਦਾ ਸੀ। ਆਪ ਨੇ ੩੫ ਸਾਲ ਲਗਾਤਾਰ ਸੇਵਾ ਕੀਤੀ। ਆਪ ਦੀ ਮਹੰਤੀ ਆਦਰਸ਼ਕ ਮਹੰਤੀ ਸੀ। ਹਸ਼ੀਂ ਸੇਵਾ ਕਰਨੀ, ਮੇਲੇ ਦੇ ਦਿਨਾਂ ਵਿਚ ਸਾਰੀ ਸਾਰੀ ਰਾਤ ਖੜਿਆਂ ਹੋ ਕੇ ਪੈਹਰਾ ਦੇਣਾ ਤਾਂ ਕੇ ਕਿਸੇ ਤਰ੍ਹਾਂ ਦੀ ਚੋਰੀ ਆਦਕ ਕੋਈ ਵਾਰਦਾਤ ਨਾ ਹੋ ਜਾਏ। ਅੰਤ ਨੂੰ ਅਪਣੇ ਸ਼ਿਸ਼ ਸੰਤ ਨੰਦ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸੰਮਤ ੧੯੯੨ ਵਿਚ ਸਰੀਰ ਤਿਆਗ ਗਏ।

**ਮਹੰਤ ਨੰਦ ਸਿੰਘ ਜੀ** ਆਪ ਦਾ ਜਨਮ ਪਿੰਡ ਦਯੋਨ ਰਿਆਸਤ ਫਰੀਦ ਕੋਟ ਵਿਚ ਹੋਇਆ। ਛੋਟੀ ਉਮਰ ਵਿਚ ਸਾਧੂ ਹੋਏ। ਆਪ ਦਾ ਸੁਭਾ ਨੇਕ ਤੇ ਬੜਾ ਮਿਲਣਸਾਰ ਹੋਣ ਕਰ ਕੇ ਆਪ ਨੂੰ ਡੇਰੇ ਦੀ ਸੌਂਪਨਾ ਕੀਤੀ ਗਈ। ਜਦ ਤੋਂ ਮਹੰਤ ਹੋਏ ਹਨ ਆਪ ਅਪਣਾ ਫਰਜ਼ ਚੰਗੀ ਤਰ੍ਹਾਂ ਅਦਾ ਕਰ ਰਹੇ ਹਨ। ਆਏ ਗਏ ਨਾਲ ਪਿਆਰ ਹੈ, ਜਿਸ ਕਰ ਕੇ ਹਰ ਇਕ ਆਦਮੀ ਆਪ ਦੇ ਨਾਲ ਪਿਆਰ ਕਰ ਰਿਹਾ ਹੈ। ਕਈ ਵਿਦਿਆਰਥੀ ਆਪ ਦੇ ਪਾਸ ਰਹਿ ਕੇ ਵਿਦਿਆ ਪੜ੍ਹ ਰਹੇ ਹਨ, ਦੇਸ਼ ਕੌਮ ਨਾਲ ਪਿਆਰ ਹੈ। ਕਈਆਂ ਨੂੰ ਪੱਲਿਓਂ ਖਰਚ ਦੇ ਕੇ ਅੰਗ੍ਰੇਜ਼ੀ ਪੜ੍ਹਾ ਰਹੇ ਹਨ। ਡੇਰੇ ਦੀ ਚੰਗੀ ਤਰੱਕੀ ਕੀਤੀ ਹੈ। ਲੰਗਰ ਚਲਦਾ ਹੈ।

# ਡੇਰਾ ਚਕ

(ਅਟਾਰੀ ਵਾਲਾ ਜ਼ਿਲਾ ਫਿਰੋਜ਼ਪੁਰ)

## ਗਿਆਨੀ ਟਹਿਲ ਸਿੰਘ ਜੀ

ਆਪ ਦਸਵੀਂ ਪਾਤਸ਼ਾਹੀ ਦੀ ਯਾਦ ਵਿਚ ਬਣੇ ਹੋਏ ਗੁਰਦਵਾਰੇ ਚਕ ਅਟਾਰੀ ਵਿਚ ਰਹਿੰਦੇ ਸਨ। ਆਪ ਨਿਰਮਲ ਅਖਾੜੇ ਦੇ ਮੁਖੀਏ ਮਹੰਤ ਭੀ ਟਿਕੇ ਰਹੇ। ਆਪ ਨੂੰ ਕੁਝ ਜਾਗੀਰ ਭੁਸੌੜ ਤੇ ਕੁਝ ਪਟਿਆਲੇ ਵਲੋਂ ਮਿਲੀ ਸੀ। ੫੦ ਘੁਮਾਂ ਜ਼ਮੀਨ ਚਕ ਭਗਤ ਵਾਲੇ ਵਿਚ ਹੈ ਜੋ ਬੀਕਾਨੇਰ ਵਿਚ ਹੈ

ਆਪ ਗੁਰੂ ਘਰ ਦੇ ਪੂਰੇ ਗਿਆਨੀ ਸਨ। ਆਪਦੇ ਚੇਲੇ ਸੰਤ ਮਸਤਾਨ ਸਿੰਘ ਜੀ ਤੇ ਸੰਤ ਸੁਚਾ ਸਿੰਘ ਜੀ ਹੋਏ ਹਨ। ਸੰਤ ਸੁਚਾ ਸਿੰਘ ਜੀ ਤਾਂ ਬੰਗਲਾ ਡਾਕਖਾਨਾ ਗਿਦੜਵਾਹ ਜ਼ਿਲਾ ਫਿਰੋਜ਼ਪੁਰ ਵਿਚ ਮਹੰਤ ਸਨ ਉਥੇ ਹੀ ਸਮਾਏ ਹਨ ਤੇ ਸੰਤ ਮਸਤਾਨ ਸਿੰਘ ਜੀ ਨੂੰ ਚਕਾਂ ਦੀ ਮਹੰਤੀ ਮਿਲੀ।

## ਸੰਤ ਮਸਤਾਨ ਸਿੰਘ ਜੀ

ਆਪ ਨੇ ਕਈ ਸਾਲ ਮਹੰਤੀ ਕੀਤੀ। ਚੰਗੇ ਮਿਲਣਸਾਰ ਸਾਧੂ ਰਹੇ ਹਨ। ਹੁਣ ਤਕ ਆਪਦੀ ਕੀਰਤ ਨਗਰ ਦੇ ਲੋਗ ਕਰਦੇ ਹਨ। ਆਪਣੇ ਚੇਲੇ ਸੰਤ ਵਰਿਆਮ ਸਿੰਘ ਜੀ ਨੂੰ ਡੇਰਾ ਸਪੁਰਦ ਕਰਕੇ ਗੁਰਪੁਰੀ ਚੜ੍ਹਾਈ ਕਰ ਗਏ ਹਨ। ਅਜ ਕਲ ਡੇਰੇ ਦੇ ਮਹੰਤ ਸੰਤ ਵਰਿਆਮ ਸਿੰਘ ਜੀ ਹਨ ਸੁਭਾ ਦੇ ਮਿਠੇ ਤੇ ਮਿਲਨਸਾਰ ਹਨ। ਡੇਰੇ ਵਿਚ ਕਈ ਅਤਿਥੀ ਸਾਧੂ ਆਏ ਗਏ ਰਹਿੰਦੇ ਹਨ। ਗੁਰੂ ਘਰ ਦਾ ਪ੍ਰਚਾਰ ਬਣਾਈ ਰਖਦੇ ਹਨ।

# ਡੇਰਾ ਘੁਮਨ

## ਸ਼੍ਰੀ ਰਾਮ ਸਿੰਘ ਜੀ

ਚੇਲੇ ਬਾਬਾ ਨਿਹਾਲ ਸਿੰਘ ਜੀ (ਦਮਦਮਾ ਸਾਹਿਬ) ਇਹ ਮਕਾਨ ਆਪ ਨੇ ਆਬਾਦ ਕੀਤਾ। ਚੰਗੇ ਪ੍ਰਤਾਪ ਵਾਲੇ ਗੁਰਮੁਖ ਸਰੀਰ ਹੋਏ ਹਨ। ਆਪ ਦੇ ਚੇਲੇ ਸੰਤ ਗੁਰਮੁਖ ਸਿੰਘ

ਜੀ ਹੋਏ। ਜਿਨ੍ਹਾਂ ਨੂੰ ਡੇਰਾ ਦੇ ਕੇ ਗੁਜ਼ਰ ਗਏ। ਸੰਤ ਗੁਰਮੁਖ ਸਿੰਘ ਜੀ ਸ਼ਾਦੀ ਸ਼ੁਦਾ ਸਨ। ਸਾਧ ਸੰਗਤ ਨਾਲ ਚੰਗਾ ਪਿਆਰ ਰਖਿਆ। ਆਪ ਦੇ ਭੁਜੰਗੀ ਭਾਈ ਕੁੰਡਾ ਸਿੰਘ ਜੀ ਹੋਏ। ਜਿਨ੍ਹਾਂ ਦਾ ਜਨਮ ਘੁਮਨ ਵਿਚ ਹੋਇਆ। ਇਹ ਭੀ ਚੰਗੇ ਮਿਲਨਸਾਰ ਸਜਨ ਹਨ। ਆਪ ਦੇ ਗ੍ਰਹਿ ਭੀ ਸੰਤ ਭਾਈ ਗੁਰਚਰਨ ਸਿੰਘ ਜੀ ਹਨ ਜਿਨ੍ਹਾਂ ਦਾ ਸੁਭਾਵ ਬੜਾ ਮਿਲਨਸਾਰ ਤੇ ਸਾਧੂਆਂ ਨਾਲ ਪਿਆਰ ਕਰਨ ਵਾਲਾ ਹੈ।

## ਡੇਰਾ ਰਾਈਆਣਾ

## ਸੰਤ ਰਾਜਾ ਸਿੰਘ ਜੀ

ਚੇਲੇ ਬਾਬਾ ਨਿਹਾਲ ਸਿੰਘ ਜੀ (ਦਮਦਮਾ ਸਾਹਿਬ) ਆਪ ਦਮਦਮਾ ਸਾਹਿਬ ਤੋਂ ਉਠ ਕੇ ਜੰਡਿਆਲਾ ਜ਼ਿਲਾ ਜਲੰਧਰ ਬਾਹਰਵਾਰ ਜੰਗਲ ਵਿਚ ਬੈਠੇ ਕੁਲੀ ਪਾਈ ਸੋਹਣਾ ਸਮਾਂ ਵਿਰਕਤੀ ਠਾਠ ਵਿਚ ਬਿਤੀਤ ਕੀਤਾ ਆਪਣੇ ਚੇਲੇ ਸੰਤ ਗੁਲਾਬ ਸਿੰਘ ਜੀ ਨੂੰ ਅਸਥਾਨ ਦੀ ਸੰਭਾਲਣਾ ਕਰਕੇ ਆਪ ਇਥੇ ਹੀ ਸਮਾਏ ਹਨ। ਸਮਾਧ ਬਣੀ ਹੋਈ ਹੈ। ਸੰਤ ਗੁਲਾਬ ਸਿੰਘ ਜੀ ਦਾ ਜਨਮ ਟਾਹਲੀ ਜ਼ਿਲਾ ਜਲੰਧਰ ਵਿਚ ਹੋਇਆ। ਚੰਗੇ ਪੜ੍ਹੇ ਲਿਖੇ ਸਰੀਰ ਹੋਏ ਹਨ। ਆਪ ਦੇ ਚੇਲੇ ਸੰਤ ਬੂਟੀ ਸਿੰਘ ਜੀ ਹੋਏ। ਜਿਨ੍ਹਾਂ ਨੂੰ ਅਸਥਾਨ ਸੌਂਪ ਕੇ ਪ੍ਲੋਕ ਚੜ੍ਹਾਈ ਕਰ ਗਏ ਹਨ। ਆਪਦੀ ਵੀ ਸਮਾਧ ਵਡੀ ਸਮਾਧ ਵਿਚ ਬਣੀ ਹੋਈ ਹੈ।

# ਸੰਤ ਬੂਟਾ ਸਿੰਘ ਜੀ

ਆਪ ਦਾ ਜਨਮ ਜੰਡਿਆਲੇ ਦਾ ਹੈ। ਚੰਗੇ ਵਿਦਵਾਨ ਸਨ। ਸਾਧੂ ਸੁਭਾਵ ਦੇ ਮਿਲਣਸਾਰ ਪੁਰਸ਼ ਸਨ। ਆਪ ਨੇ ਵੀ ਕਚਾ ਕੋਠਾ ਹੀ ਰਖਿਆ। ਸਮਾਧਾਂ ਦੀ ਪੂਜਾ ਪਾਠ ਕਰਦੇ ਰਹੇ ਹਨ। ਆਪ ਆਪਣੇ ਚੇਲੇ ਸੰਤ ਨਿਹਾਲ ਸਿੰਘ ਜੀ ਨੂੰ ਸੇਵਾ ਦੇ ਕੇ ਸੰਮਤ ੧੯੫੪ ਵਿਚ ਸਮਾ ਗਏ ਹਨ। ਵਡੀ ਸਮਾਧਾਂ ਵਿਚ ਆਪ ਦੀ ਵੀ ਸਮਾਧ ਹੈ। ਸ੍ਰੀ ਭਾਈ ਨਿਹਾਲ ਸਿੰਘ ਜੀ ਦਾ ਵੀ ਜਨਮ ਜੰਡਿਆਲੇ ਦਾ ਹੈ।

ਆਪ ਨੇ ਡੇਰੇ ਦੀ ਬੜੀ ਤਰੱਕੀ ਕੀਤੀ। ਡੇਰਾ ਪੱਕਾ ਕੀਤਾ ਵਡੇ ਵਡੇ ਗਾਡਰ ਲਿਆਕੇ ਚੜ੍ਹਾਏ। ਸਮਾਧਾਂ ਪੱਕੀਆਂ ਕੀਤੀਆਂ ਡੇਰਾ ਦੋ ਮੰਜ਼ਲਾ ਕੀਤਾ। ਵਡੀਆਂ ਡਾਟਾਂ ਲਾਕੇ ਮਕਾਨ ਉਸਾਰਿਆ ਜਿਸ ਉਤੇ ਹਜ਼ਾਰਾਂ ਰੁਪਏ ਖਰਚ ਕੀਤੇ। ਨਿਰਮਲ ਅਖਾੜੇ ਦੀ ਤਨੋ ਮਨੋ ਸੇਵਾ ਕਰਦੇ ਰਹੇ। ਇਕ ਡੇਰਾ ਆਪ ਨੇ ਜਾਜਰ ਪੁਰ ਰਿਆਸਤ ਕਪੂਰਥਲਾ ਵਿਚ ਆਬਾਦ ਕੀਤਾ। ਤਿਨ ਮੁਰਬੇ ਜ਼ਮੀਨ ਖਰੀਦ ਕੇ ਡੇਰੇ ਨਾਲ ਲੁਵਾਈ। ਇਥੇ ਹੀ ਸਮਾਏ ਹਨ। ਰਬ ਦੀ ਲੀਲ੍ਹਾ ਇਸ ਡੇਰੇ ਦੀ ਜ਼ਮੀਨ ਉਤੇ ਉਨ੍ਹਾਂ ਦੇ ਭਤੀਜੇ ਨੇ ਮੁਕਦਮਾ ਛੇੜਿਆ ਹੋਇਆ ਹੈ। ਜਿਸ ਦੇ ਮੁਕਾਬਲੇ ਵਿਚ ਸੰਤ ਸੁੰਦਰ ਸਿੰਘ ਜੀ ਚੇਲੇ ਸੰਤ ਨਿਹਾਲ ਸਿੰਘ ਜੀ ਲੜ ਰਹੇ ਹਨ। ਸਰਕਾਰ ਕਪੂਰਥਲਾ ਨੇ ਕੋਟ ਆਫ ਵਾਰਡ ਕਰ ਰਖਿਆ ਹੈ। ਇਹ ਮਕਾਨ ੩੪ ਸਾਲ ਤੋਂ ਆਬਾਦ ਹੈ। ਡੇਰਾ ਜੰਡਿਆਲੇ ਦੀ ਸ਼ਾਖ ਹੈ।

ਸ੍ਰੀ ਸੰਤ ਨਿਹਾਲ ਸਿੰਘ ਜੀ ਦੇ ਸ਼ਿਸ਼ ਸੰਤ ਸੁੰਦਰ ਸਿੰਘ ਜੀ, ਸੰਤ ਤਾਰਾ ਸਿੰਘ ਜੀ, ਸੰਤ ਦੇਵਾ ਸਿੰਘ ਜੀ ਆਦਕ ਹੋਏ। ਜਿਨ੍ਹਾਂ ਵਿਚੋਂ ਸੰਤ ਤਾਰਾ ਸਿੰਘ ਜੀ ਨੂੰ ਵਡੇ ਡੇਰੇ ਦੀ ਮਹੰਤੀ ਦੇ ਕੇ ਸੰਮਤ ੧੯੫੩ ਵਿਚ ਸਮਾ ਗਏ।

## ਸ੍ਰੀ ਸੰਤ ਤਾਰਾ ਸਿੰਘ ਜੀ

ਆਪ ਦਾ ਜਨਮ ਬਾਠ ਜ਼ਿਲਾ ਜਲੰਧਰ ਵਿਚ ਹੋਇਆ ਇਸ ਵੇਲੇ ਕਰੀਬਨ ੮੦ ਸਾਲ ਦੇ ਹਨ। ੫੦ ਸਾਲ ਤੋਂ ਲਗਾਤਾਰ ਸੇਵਾ ਕਰ ਰਹੇ ਹਨ। ਸੰਤ ਨਿਹਾਲ ਸਿੰਘ ਜੀ ਇਹ ਡੇਰਾ ਮੁਕੰਮਲ ਕਰਕੇ ਜਾਜਰ ਪੁਰ ਜਾਣ ਲਗਿਆਂ ਆਪ ਨੂੰ ਮਹੰਤ ਨੀਅਤ ਕਰ ਗਏ ਸਨ। ਸੰਤ ਨਿਹਾਲ ਸਿੰਘ ਜੀ ਨਾਨਕ ਵਾੜਾ ਜਾਜਰਪੁਰ ਕਪੂਰਥਲੇ ਰਹੇ ਤੇ ਉਥੇ ਹੀ ਸਮਾਏ। ਸੰਤ ਤਾਰਾ ਸਿੰਘ ਜੀ ਓਦੋਂ ਤੋਂ ਹੁਣ ਤਕ ਇਸ ਡੇਰੇ ਦੀ ਸੇਵਾ ਕਰ ਰਹੇ ਹਨ। ਜਾਇਦਾਦ ਦਾ ਮੁਕਦਮਾ ਚਲਣ ਕਰਕੇ ਡੇਰਾ ਬਿਹੰਗਮੀ ਹੋ ਗਿਆ ਹੈ। ਬਿਲਡਿੰਗ ਪੱਕੀ ਵੇਖਣੇ ਲਾਇਕ ਹੈ, ਆਪ ਦੇ ਗੁਰਭਾਈ ਸੰਤ ਦੇਵਾ ਸਿੰਘ ਜੀ ਭੀ ਇਥੇ ਰਹਿੰਦੇ ਹਨ ਮਹੰਤ ਤਾਰਾ ਸਿੰਘ ਜੀ ਦੇ ਚੇਲੇ ਸੰਤ ਕਿਸ਼ਨ ਸਿੰਘ ਜੀ ਹਨ। ਆਇ ਗਏ ਨਾਲ ਪਿਆਰ ਹੈ।

## ਬੂੰਗਾ ਕਟੂਵਾਲ

## ਮਹੰਤ ਮਾਨ ਸਿੰਘ ਜੀ

ਚੇਲੇ ਸੰਤ ਬਾਬਾ ਸੈਹਜ ਸਿੰਘ ਜੀ, ਆਪਦਾ ਜਨਮ ਕਟੂ ਵਾਲਾ ਰਿ: ਨਾਭੇ ਵਿਚ ਹੋਇਆ। ਆਪ ਸੰਤ ਧਿਆਨ ਸਿੰਘ ਜੀ

ਦੇ ਸਕੇ ਭਾਈ ਸਨ। ਸੰਤ ਸੈਹਜ ਸਿੰਘ ਜੀ ਪਾਸ ਆ ਕੇ ਦਮਦਮੇ ਸਾਹਿਬ ਲਿਖਦੇ ਪੜ੍ਹਦੇ ਰਹੇ। ਬਾਅਦ ਪ੍ਰਚਾਰ ਕਰਦੇ ਰਹੇ। ਉਪ੍ਰੰਤ ਇਹ ਅਸਥਾਨ ਤਿਆਰ ਕੀਤਾ। ਜਿਸਦਾ ਨਾਮ ਕਟੂਵਾਲਾ ਪੈ ਗਿਆ। ਆਪ ਉਚੀ ਕੋਟੀ ਦੇ ਵਿਦਵਾਨ ਤੇ ਨਿਰਮਾਣ ਪੁਰਸ਼ ਹੋਏ ਹਨ। ਆਪ ਦੇ ਚੇਲੇ ਇਕ ਸੰਤ ਦੇਵਾ ਸਿੰਘ ਜੀ ਸਨ, ਪਰ ਦੂਜੇ ਚੇਲੇ ਸੰਤ ਕਿਸ਼ਨ ਸਿੰਘ ਜੀ ਨੂੰ ਸੇਵਾ ਦੇ ਕੇ ਆਪ ਪ੍ਰਲੋਕ ਸਿਧਾਰ ਗਏ।

**ਸੰਤ ਕਿਸ਼ਨ ਸਿੰਘ ਜੀ** ਆਪ ਦਾ ਜਨਮ ਕਟੂਵਾਲੇ ਦਾ ਹੀ ਸੀ। ਆਪ ਚੰਗੇ ਪ੍ਰਤਾਪ ਵਾਲੇ ਰਿਖੀ ਲੋਗ ਹੋਏ ਹਨ। ਆਪ ਨੇ ਇਕ ਮਕਾਨ ਲੱਲੇ ਵਾਲੇ ਰਿ: ਪਟਿਆਲੇ ਵਿਖੇ ਬਣਵਾਇਆ। ਜੋ ਬੁੰਗਾ ਕਟੂ ਵਾਲੇ ਦੇ ਮਾਤਹਿਤ ਹੈ। ਆਪ ਅਪਣੇ ਸੰਪ੍ਰਦਾਇ ਸੰਤ ਗਿਆਨੀ ਚੰਦਾ ਸਿੰਘ ਜੀ ਨੂੰ ਅਪਣਾ ਡੇਰਾ ਬੁੰਗਾ ਸੌਂਪ ਕੇ ਚੜ੍ਹਾਈ ਕਰ ਗਏ।

## ਗਿਆਨੀ ਸੰਤ ਚੰਦਾ ਸਿੰਘ ਜੀ

ਚੇਲੇ ਮਹੰਤ ਵਰਿਆਮ ਸਿੰਘ ਜੀ, ਜਨਮ ਕਟੂਵਾਲਾ ਰਿਆਸਤ ਨਾਭਾ ਵਿਚ ਹੋਇਆ। ਛੋਟੇ ਹੁੰਦੇ ਹੀ ਸੰਤ ਵਰਿਆਮ ਸਿੰਘ ਜੀ ਦੇ ਪਾਸ ਆ ਕੇ ਪੜ੍ਹਦੇ ਰਹੇ, ਆਪ ਚੰਗੇ ਵਿਦਵਾਨ ਸਨ। ਮਹੰਤ ਕਿਸ਼ਨ ਸਿੰਘ ਜੀ ਦੇ ਗੁਜ਼ਰਨ ਤੋਂ ਬਾਅਦ ਇਸ ਬੁੰਗੇ ਦੇ ਆਪ ਮਹੰਤ ਹਨ। ਇਕ ਹੋਰ ਗੁਰਦਵਾਰਾ ਲੱਲੇ ਵਾਲੇ ਦਾ ਵੀ ਆਪ ਦੇ ਮਾਤਹਿਤ ਹੈ। ਅਸਥਾਨ ਦੀ ਚੰਗੀ ਤਰੱਕੀ ਕੀਤੀ ਹੈ। ਆਪ ਦੇ ਸ਼ਿਸ਼ ਸੰਤ ਬਿਸ਼ਨ ਸਿੰਘ ਜੀ ਹਨ ਜਿਨ੍ਹਾਂ

ਨੂੰ ਡੇਰਾ ਸੌਂਪ ਕੇ ਆਪ ਅਜ਼ਾਦ ਰਹਿੰਦੇ ਹਨ। **ਸੰਤ ਬਿਸ਼ਨ ਸਿੰਘ ਜੀ** ਆਪ ਦਾ ਜਨਮ ਮਾਦ ਪੁਰ ਜ਼ਿਲਾ ਲੁਧਿਆਨੇ ਦਾ ਹੈ। ਆਪ ਨੂੰ ਮਹੰਤੀ ਸੰਨ ੧੯੨੪ ਈਸਵੀ ਵਿਸਾਖੀ ਨੂੰ ਮਿਲੀ ਸੀ। ਆਪ ਸੁਭਾ ਦੇ ਮਿਲਣਸਾਰ ਸਾਧੂ ਹਨ। ਡੇਰੇ ਨੂੰ ਤਰੱਕੀ ਵਿਚ ਲਈ ਜਾ ਰਹੇ ਹਨ। ਡੇਰਾ ਪੱਕਾ ਤਖਤ ਸਾਹਿਬ ਜੀ ਦੇ ਨਜ਼ਦੀਕ ਹੈ। ਲੰਗਰ ਦੋਵੇਂ ਵੇਲੇ ਚਲਦਾ ਹੈ। ਕਈ ਡੇਰੇ ਵਿਚ ਵਿਦਿਆਰਥੀ ਰਹਿੰਦੇ ਹਨ, ਇਕ ਡੇਰਾ ਜੰਡਸਰ ਤਲਾ ਉਤੇ ਹੈ। ਦੂਜਾ ਅਕਾਲਸਰ ਦੇ ਕਿਨਾਰੇ ਪੁਰ ਮਕਾਨ ਪੱਕਾ ਖੁਲ੍ਹਾ ਲੰਮਾ ਚੌੜਾ ਹੈ। ਡੇਰਾ ਲੇਲੇ ਵਾਲੇ ਵਿਚ ਸ਼੍ਰੀ ਭਾਈ ਕਾਹਨ ਸਿੰਘ ਜੀ ਚੇਲੇ ਗਿਆਨੀ ਚੰਦਾ ਸਿੰਘ ਜੀ, ਰਹਿੰਦੇ ਹਨ। ਡੇਰਾ ਨਤੇ ਬੰਘੇਰ ਵਿਚ ਭਾਈ ਸੁਚਾ ਸਿੰਘ ਜੀ ਡੇਰਾ ਮੌੜ ਛੋਟੇ ਵਿਚ ਭਾਈ ਭਗਵਾਨ ਸਿੰਘ ਜੀ ਰਹਿੰਦੇ ਹਨ। ਉਪਰ ਲਿਖੇ ਸਾਰੇ ਅਸਥਾਨਾਂ ਦਾ ਪ੍ਰਬੰਧ ਗਿਆਨੀ ਚੰਦਾ ਸਿੰਘ ਜੀ ਖੁਦ ਕਰ ਰਹੇ ਹਨ। ਡੇਰੇ ਸਾਰੇ ਆਬਾਦ ਹਨ। ਆਪ ਦੇ ਚੇਲੇ ਬੈਠੇ ਹੋਏ ਹਨ।

## ਡੇਰਾ ਉਪਲੀ ਤੇ ਭਠਲ
## ਸੰਤ ਦੇਵਾ ਸਿੰਘ ਜੀ

ਚੇਲੇ ਮਹੰਤ ਮਾਨ ਸਿੰਘ ਜੀ ਕਟੂਵਾਲੇ, ਆਪ ਦਾ ਜਨਮ ਕਟੂਵਾਲੇ ਦਾ ਸੀ। ਆਪ ਨੇ ਉਪਲੀ ਜਾਕੇ ਡੇਰਾ ਆਬਾਦ ਕੀਤਾ। ਕਦੇ ਕਦਾਈ ਭਠਲ ਆਦ ਨਗਰਾਂ ਵਿਚ ਜਾ ਕੇ ਪ੍ਰਚਾਰ ਕਰਦੇ ਹੁੰਦੇ ਸਨ। ਆਪ ਦੇ ਚੇਲੇ ਸੰਤ ਭਗਵਾਨ ਸਿੰਘ

ਜੀ ਹੋਏ ਜਿਨ੍ਹਾਂ ਨੂੰ ਡੇਰਾ ਦੇ ਕੇ ਚਲ ਵਸੇ।

## ਸੰਤ ਭਗਵਾਨ ਸਿੰਘ ਜੀ

ਆਪ ਚੰਗੇ ਜਥੇ ਵਾਲੇ ਮਹਾਂ ਪੁਰਸ਼ ਹੋਏ ਹਨ। ਉਘੇ ਗਿਆਨੀ ਸਨ। ਭਠਲ ਵਿਚ ਕਈ ਸਾਲ ਪ੍ਰਚਾਰ ਕਰਦੇ ਰਹੇ ਹਨ। ਆਪ ਦੇ ਕਈ ਚੇਲੇ ਚਾਟੜੇ ਹੋਏ। ਜਿਹਾ ਕਿ ਸੰਤ ਹੀਰਾ ਸਿੰਘ ਜੀ, ਸੰਤ ਗਿਆਨੀ ਨਰੈਣ ਸਿੰਘ ਜੀ ਨੂੰ ਉਪਲੀ ਡੇਰੇ ਦੀ ਸੇਵਾ ਸੌਂਪ ਕੇ ਆਪ ਚੜ੍ਹਾਏ ਕਰ ਗਏ।

**ਸੰਤ ਗਿਆਨੀ ਨਰੈਣ ਸਿੰਘ ਜੀ** ਨੇ ਅਪਣੀ ਥਾਂ ਉਪਲੀ ਵਿਚ ਅਪਣਾ ਪੋਤਾ ਚੇਲਾ ਸੰਤ ਮਹਾਂ ਸਿੰਘ ਜੀ ਬੈਠਾਇਆ ਤੇ ਆਪ ਭਠਲ ਡੇਰੇ ਵਿਚ ਆ ਗਏ। ਆਪ ਦੇ ਕਈ ਸਿਖ ਸੇਵਕ ਹੋਏ ਜਿਹਾ ਕਿ ਸੰਤ ਸੰਤ ਸਿੰਘ ਜੀ। ਇਨ੍ਹਾਂ ਨੂੰ ਡੇਰਾ ਭਠਲ ਦੀ ਮਹੰਤੀ ਦੇ ਕੇ ਆਪ ਇਥੇ ਹੀ ਸਮਾ ਗਏ।

## ਸੰਤ ਸੰਤ ਸਿੰਘ ਜੀ

ਆਪ ਵੀ ਚੰਗੀ ਕਰਨੀ ਵਾਲੇ ਮਹਾਂ ਪੁਰਸ਼ ਹੋਏ ਹਨ। ਬੜੀ ਆਨੰਦ ਪੂਰਵਕ ਆਪ ਨੇ ਜ਼ਿੰਦਗੀ ਗੁਜ਼ਾਰੀ। ਆਪ ਦੇ ਸ਼ਿਸ਼ ਸੰਤ ਮਹਾਂ ਸਿੰਘ ਜੀ ਜਿਨ੍ਹਾਂ ਨੂੰ ਉਪਲੀ ਤੇ ਡੇਰਾ ਭਠਲ ਦੀ ਮਹੰਤੀ ਦੇ ਕੇ ਆਪ ਚਲ ਬਸੇ ਹਨ। ਸੰਤ ਮਹਾਂ ਸਿੰਘ ਜੀ ਆਪ ਉਪਲੀ ਤੇ ਭਠਲ ਦੇ ਮਹੰਤ ਹਨ। ਆਪ ਨੂੰ ਅਪਣੇ ਦਾਦਾ ਗੁਰੂ ਜੀ ਉਪਲੀ ਦਾ ਮਹੰਤ ਨੀਯੱਤ ਕਰ ਗਏ ਸਨ। ਪਿਛੋਂ ਭਠਲ ਦਾ ਮਕਾਨ ਵੀ ਆਪ ਦੇ ਸਪੁਰਦ ਹੋ ਗਿਆ।

## ਡੇਰਾ ਭੂਰੇ ਨਾਭਾ

**ਸੰਤ ਹੀਰਾ ਸਿੰਘ ਜੀ** ਚੇਲੇ ਮਹੰਤ ਭਗਵਾਨ ਸਿੰਘ ਜੀ। ਇਹ ਅਸਥਾਨ ਆਪ ਨੇ ਹੀ ਆਬਾਦ ਕੀਤਾ। ਪਹਿਲੇ ਕਿਤਨਾ ਚਿਰ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ। ਕਈ ਸਤਿਸੰਗੀ ਹੋਏ ਜਿਨ੍ਹਾਂ ਵਿਚੋਂ ਸੰਤ ਗੁਰਬਖਸ਼ ਸਿੰਘ ਜੀ ਹਨ ਜਿਨ੍ਹਾਂ ਨੂੰ ਡੇਰਾ ਸੌਂਪ ਕੇ ਆਪ ਚੜ੍ਹਾਈ ਕਰ ਗਏ ਹਨ।

**ਭਾਈ ਗੁਰਬਖਸ਼ ਸਿੰਘ ਜੀ** ਆਪ ਪਹਿਲੇ ਡੇਰੇ ਵਿਚ ਹੀ ਰਹਿੰਦੇ ਹਨ ਤੇ ਨਵਾਂ ਡੇਰਾ ਵੀ ਆਬਾਦ ਕਰ ਲਿਤਾ ਹੈ।

## ਦੂਜਾ ਡੇਰਾ ਭਲਾਈ ਆਣਾ
## ਸੰਤ ਗੁਲਾਬ ਸਿੰਘ ਜੀ

ਆਪ ਨੇ ਇਹ ਡੇਰਾ ਬੰਨ੍ਹਿਆ, ਕੁਝ ਚਿਰ ਚੰਗਾ ਚਲਦਾ ਰਿਹਾ। ਪਿਛੋਂ ਸੰਤ ਮਸਾ ਸਿੰਘ ਜੀ ਨੂੰ ਡੇਰੇ ਦਾ ਮਹੰਤ ਨਿਯਤ ਕਰ ਕੇ ਆਪ ਕਿਤੇ ਚਲੇ ਗਏ। ਸੰਤ ਮਸਾ ਸਿੰਘ ਜੀ ਪਹਿਲਾਂ ਮੁਸਲਮਾਨ ਖਾਨਦਾਨ ਵਿਚੋਂ ਸਨ। ਫਿਰ ਮਹੰਤ ਨਿਹਾਲ ਸਿੰਘ ਜੀ ਦਮਦਮੀਆਂ ਪਾਸੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਬਹੁਤ ਵੈਰਾਗੀ ਪੁਰਸ਼ ਸਨ। ਸੰਤਾਂ ਦੇ ਹੁਕਮ ਨਾਲ ਇਸ ਡੇਰੇ ਵਿਚ ਆ ਗਏ।

**ਸੰਤ ਮਸਾ ਸਿੰਘ ਜੀ**, ਚੇਲੇ ਮਹੰਤ ਨਿਹਾਲ ਸਿੰਘ ਜੀ ਦਮਦਮੀਏ। ਆਪਦਾ ਜਨਮ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ

ਬੂੰਗਾ ਮੁਕਤਸਰ ਵਿਚ ਆਏ, ਸਾਧੂ ਹੋਏ। ਕੁਝ ਚਿਰ ਮੁਕਤਸਰ ਰਹਿ ਕੇ ਫਿਰ ਭਲਾਈ ਆਣਾ ਡੇਰੇ ਵਿਚ ਸੰਤ ਗੁਲਾਬ ਸਿੰਘ ਜੀ ਪਾਸ ਰਹੇ। ਆਪ ਨੇ ਡੇਰਾ ਚੰਗਾ ਚਲਾਇਆ। ਬਹੁਤ ਸਾਰੀ ਜ਼ਮੀਨ ਡੇਰੇ ਨਾਲ ਲੁਵਾਈ। ਡੇਰਾ ਕੱਚਾ ਪਿੰਡੋਂ ਬਾਹਰ ਵਾਰ ਹੈ। ਸੰਤ ਮਸਾ ਸਿੰਘ ਜੀ ਸਮਾ ਗਏ ਹਨ।

ਅਜ ਕਲ ਮਹੰਤ ਅਰੂੜ ਸਿੰਘ ਜੀ ਹਨ। ਇਨ੍ਹਾਂ ਨਾਲ ਮਹੰਤ ਧਰਮ ਸਿੰਘ ਜੀ ਮੁਕਤਸਰੀਆਂ ਮੁਕਦਮਾ ਚਲਾਇਆ ਹੋਇਆ ਹੈ ਜਾਇਦਾਦ ਬਾਰੇ, ਮਹਾਰਾਜ ਸੁਖ ਰਖੇ।

**ਗਿਆਨੀ ਨਰੈਣ ਸਿੰਘ ਜੀ** ( ਚਕ ਨੰਬਰ ੩੦ ਜਨੂਬੀ ਸੂਗੋਧਾ) ਚੇਲਾ ਮਹੰਤ ਲਾਲ ਸਿੰਘ ਜੀ ( ਜਿਨ੍ਹਾਂ ਦੇ ਬਾਬਾ ਗੁਰੂ ਮਹੰਤ ਨਿਹਾਲ ਸਿੰਘ ਜੀ ਉਚੇ ਬੂੰਗੇ ਵਾਲੇ ਸਨ) ਜਨਮ ਪਿੰਡ ਥਰਾਜ ਜ਼ਿਲਾ ਫਿਰੋਜ਼ਪੁਰ ਵਿਚ ਸੰਮਤ ੧੯੩੭ ਨੂੰ ਹੋਇਆ। ਆਪ ਛੋਟੀ ਉਮਰ ਵਿਚ ਹੀ ਸਾਧੂ ਹੋਏ। ਪਹਿਲਾਂ ਪੰਡਿਤ ਚੰਨਣ ਸਿੰਘ ਜੀ ਸੰਗਤ ਪੁਰੇ ਵਾਲਿਆਂ ਪਾਸੋਂ ਤੇ ਫਿਰ ਸ੍ਰੀ ਪੰਡਿਤ ਜੀਵਨ ਸਿੰਘ ਜੀ ਲਾਹੌਰ ਵਾਲਿਆਂ ਪਾਸੋਂ ਸੰਸਕ੍ਰਿਤ ਤੇ ਹੋਰ ਭਾਸ਼ਾ ਦੇ ਪੁਸਤਕ ਪੜ੍ਹਦੇ ਰਹੇ ਹਨ। ੩੦-੩੫ ਸਾਲ ਚਕ ਨੰ: ੩੦ ਜਨੂਬੀ ਸੂਗੋਧਾ ਵਿਚ ਰਹੇ। ਆਪ ਦਾ ਇਲਾਕੇ ਵਿਚ ਚੰਗਾ ਸਤਕਾਰ ਰਿਹਾ ਹੈ। ਉਚ ਕੋਟੀ ਦੇ ਹਕੀਮ ਵੈਦ ਹੋਣ ਕਰ ਕੇ ਕਰੀਬਨ ਇਕ ਲਖ ਰੁਪਿਆ ਕਮਾਇਆ। ਖਰਚ ਕਰਨ ਵਿਚ ਸੰਕੋਚੀ ਸਨ। ਚੇਲਾ ਕੋਈ ਨਹੀਂ ਬਣਾਇਆ। ਸੁਭਾ ਦੇ ਮਿਲਣਸਾਰ ਤੇ ਨਿਰਮਲ ਸਨ। ਲਾਹੌਰ ਲੇਖਕ ਦੇ

ਡੇਰੇ ਉਤਰਦੇ ਸਨ। ਪਾਕਸਤਾਨ ਬਣਨ ਤੋਂ ਬਾਅਦ ਉਨ੍ਹਾਂ ਦਾ ਕੋਈ ਪਤਾ ਨਿਵਾਂ ਨਹੀਂ ਲਗ ਸਕਿਆ।

## ਮਲਵਈ ਬੁੰਗਾ

## ਮਹੰਤ ਸੁਖਾ ਸਿੰਘ ਜੀ

ਚੇਲੇ ਮਹੰਤ ਰਣ ਸਿੰਘ ਜੀ, ਆਪ ਚੰਗੇ ਗੁਰਮੁਖ ਹੋਏ ਹਨ। ਇਹ ਬੁੰਗਾ ਆਪ ਨੇ ਹੀ ਤਿਆਰ ਕਰਵਾਇਆ ਹੈ। ਆਪ ਪੂਰੇ ਜਤੀ ਸਤੀ ਸਨ, ਕਹਿੰਦੇ ਹਨ ਆਪ ਦੇ ਵਰ ਨਾਲ ਮਹਾਰਾਜਾ ਨਰਿੰਦਰ ਸਿੰਘ ਜੀ ਹੋਏ। ਇਸ ਸ਼ਰਧਾ ਵਿਚ ਹੀ ਦੋਹਲ ਦੀ ਜ਼ਮੀਨ ਤੇ ੧੨੫) ਰੁਪਏ ਸਾਲਾਨਾ ਰਿਆਸਤ ਪਟਿਆਲਾ ਵਲੋਂ ਮਿਲਦੇ ਹਨ। ਬੜਾ ਪ੍ਰਤਾਪ ਹੋਇਆ। ਅੰਤ ਨੂੰ ਅਪਣੇ ਸੰਤ ਨੰਦ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਪ੍ਰਲੋਕ ਗਮਨ ਕਰ ਗਏ।

**ਸੰਤ ਨੰਦ ਸਿੰਘ ਜੀ** ਆਪ ਦਾ ਜਨਮ ਮਾਲਵੇ ਦਾ ਸੀ। ਮਹੰਤੀ ਮਿਲਣ ਤੋਂ ਬਾਅਦ ਆਪ ਨੇ ਆਈ ਗਈ ਸਾਧ ਸੰਗਤ ਦੀ ਬੜੀ ਸੇਵਾ ਕੀਤੀ। ਕਹਿੰਦੇ ਹਨ ਕਿ ਬੁੰਗੇ ਦੀ ਜਾਇਦਾਦ ਬਹੁਤੀ ਆਪ ਨੇ ਹੀ ਵਧਾਈ। ਅਪਣੇ ਚੇਲੇ ਸੰਤ ਹਜ਼ਾਰਾ ਸਿੰਘ ਜੀ ਨੂੰ ਸੇਵਾ ਦੇ ਕੇ ਗੁਰਪੁਰੀ ਚੜ੍ਹਾਈ ਕਰ ਗਏ।

**ਸੰਤ ਹਜ਼ਾਰਾ ਸਿੰਘ ਜੀ** ਨੇ ਡੇਰੇ ਵਿਚ ਆਏ ਗਏ ਸਾਧੂ ਸੰਤ ਦੀ ਆਗਤ ਭਾਗਤ ਚੰਗੀ ਕੀਤੀ। ਇਨ੍ਹਾਂ ਅਪਣੇ ਚੇਲੇ ਸੰਤ ਉਤਮ ਸਿੰਘ ਜੀ ਨੂੰ ਉਤ੍ਰਾਧਿਕਾਰੀ ਥਾਪ ਕੇ ਚੜ੍ਹਾਈ ਕੀਤੀ

**ਸੰਤ ਉਤਮ ਸਿੰਘ ਜੀ** ਆਪ ਦੇ ਚੇਲੇ ਮਹੰਤ ਬੀਰ ਸਿੰਘ ਜੀ ਹਨ। ਇਨ੍ਹਾਂ ਦਾ ਜਨਮ ਬੂੰਗੇ ਵਿਚ ਹੀ ਹੋਇਆ। ਸ਼ਾਦੀ ਦਾ ਸਿਲਸਿਲਾ ਸ਼ੁਰੂ ਹੋਣ ਕਰ ਕੇ ਪੁਤ੍ਰ ਚੇਲੇ ਦਾ ਹੋ ਗਿਆ ਹੈ। ਡੇਰਾ ਪੱਕਾ ਹੈ। ਹੋਰ ਸਭ 'ਮ੍ਰਿਯਾਦਾ ਪੁਰਾਤਨ ਹੀ ਹੈ। ਅਗੇ ਮਹੰਤੀ ਪੁਤ੍ਰ ਚੇਲੇ ਸੰਤ ਜੰਗ ਸਿੰਘ ਜੀ ਦੇ ਹਿੱਸੇ ਆਈ ਹੈ'। ਅਜ ਕਲ ਮਹੰਤ ਜੰਗ ਸਿੰਘ ਜੀ ਹਨ।

## ਡੇਰਾ ਗੋਬਿੰਦ ਪੂਰਾ

ਸਮਾਧ ਭਾ: ਜੰਗੀਰ ਸਿੰਘ ਜੀ

## ਸ਼੍ਰੀ ਸੰਤ ਗੁਲਾਬ ਸਿੰਘ ਜੀ

ਚੇਲੇ ਬਾਬਾ ਰਣ ਸਿੰਘ ਜੀ, ਆਪ ਨੂੰ' ਅਰਨੌਲੀ ਵਾਲਿਆਂ ਨੇ ਇਹ ਡੇਰਾ ਤੇ ਜ਼ਮੀਨ ਅਰਦਾਸ ਕਰਵਾਈ। ਇਸ ਵਿਚ ਆਪ ਨੇ ਚਰਨ ਪਾਏ ਤੇ ਅਪਣੇ ਸੇਵਕ ਸੰਤ ਜੰਗੀਰ ਸਿੰਘ ਜੀ ਨੂੰ ਘਲ ਦਿਤਾ। ਇਹ ਥਾਂ ਬੂੰਗਾ ਮਦਰਸੇ ਦੇ ਮਾਤਹਿਤ ਰਹਾ ਹੈ।

**ਸੰਤ ਜਗੀਰ ਸਿੰਘ ਜੀ** ਆਪ ਕਈ ਸਾਲ ਇਥੇ ਰਹੇ ਤੇ ਅੰਤ ਨੂੰ ਇਥੇ ਹੀ ਸਮਾਏ ਹਨ। ਇਨ੍ਹਾਂ ਦੇ ਪਿਛੋਂ ਇਨ੍ਹਾਂ ਦੇ ਸੇਵਕ ਸੰਤ ਹਰੀ ਸਿੰਘ ਜੀ ਰਹੇ। ਸੰਤ ਜੰਗੀਰ ਸਿੰਘ ਜੀ ਦੀ ਸਮਾਧ ਡੇਰੇ ਵਿਚ ਮੌਜੂਦ ਹੈ। ਸੰਤ ਹਰੀ ਸਿੰਘ ਜੀ ਵੀ ਇਥੇ ਕਈ ਸਾਲ ਰਹਿ ਕੇ ਸੇਵਾ ਕਰਦੇ ਰਹੇ। ਆਪ ਦਾ ਾਂ

ਇਥੇ ਹੀ ਹੋਇਆ ਹੈ। ਇਨ੍ਹਾਂ ਦੀ ਜਗ੍ਹਾ **ਸੰਤ ਭਗਤ ਸਿੰਘ ਜੀ** ਚੇਲੇ ਸੰਤ ਸਰਨ ਸਿੰਘ ਜੀ ਮਹੰਤ, ਹੋਏ ਹਨ, ਉਨ੍ਹਾਂ ਨਾਲ ਹੀ ਸੰਤ ਧੂਮ ਸਿੰਘ ਜੀ ਚੇਲੇ ਮਹੰਤ ਪ੍ਰੇਮ ਸਿੰਘ ਜੀ ਰਹੇ ਹਨ। ਭਾਵ ਦੋਵੇਂ ਇਕੱਠੇ ਮਹੰਤ ਰਹੇ ਹਨ। ਹੁਣ ਵੀ ਸੰਤ ਪ੍ਰੇਮ ਸਿੰਘ ਜੀ ਤੇ ਸ਼ਾਮ ਸਿੰਘ ਜੀ ਤੇ ਭਗਤ ਸਿੰਘ ਜੀ ਹਨ। ਮਹੰਤ ਨੀਯਤ ਕੀਤਾ ਹੋਇਆ ਹੈ, ਪਰ ਖਾਸ ਕਰ ਕੇ ਮਹੰਤ ਨਰੈਣ ਸਿੰਘ ਜੀ, ਚੇਲੇ ਮਹੰਤ ਭਗਤ ਸਿੰਘ ਜੀ ਹਨ। ਹੁਣ ਸੌ ਵਿਘਾ ਜ਼ਮੀਨ ਹੈ, ਡੇਰਾ ਪੱਕਾ ਮਹੰਤ ਪ੍ਰੇਮ ਸਿੰਘ ਜੀ ਨੇ ਕੀਤਾ ਹੈ।

## ਡੇਰਾ ਫੂਲ ਕਪੂਰਥੱਲਾ

## ਸੰਤ ਬੂਟਾ ਸਿੰਘ ਜੀ

ਚੇਲੇ ਮਹੰਤ ਸ਼ੇਰ ਸਿੰਘ ਜੀ ਆਪ ਨੇ ਕਪੂਰਥਲਾ ਵਿਚ ਡੇਰਾ ਆਬਾਦ ਕੀਤਾ। ਆਪ ਵੀ ਚੰਗੇ ਮਹਾਤਮਾ ਪ੍ਰਤਾਪ ਵਾਲੇ ਹੋਏ ਹਨ। ਆਪ ਦੇ ਚੇਲੇ **ਸੰਤ ਅਤਰ ਸਿੰਘ ਜੀ** ਹੋਏ, ਜਿਨ੍ਹਾਂ ਨੂੰ ਅਸਥਾਨ ਸੰਭਾਲ ਕੇ ਪ੍ਰਲੋਕ ਚੜ੍ਹਾਈ ਕਰ ਗਏ। ਇਹ ਵੀ ਚੰਗੇ ਕਰਨੀ ਵਾਲੇ ਸਾਧੂ ਸਨ। ਮਕਾਨ ਦੀ ਤਰੱਕੀ ਕੀਤੀ। ਕਥਾ ਵਾਰਤਾ ਤੇ ਸਤਿਸੰਗ ਦਾ ਸਿਲਸਿਲਾ ਚਲਾਈ ਰਖਦੇ ਸਨ ਇਲਾਕੇ ਵਿਚ ਸਤਿਕਾਰ ਬਣਿਆ ਹੋਇਆ ਸੀ।

## ਡੇਰਾ ਝੰਡੂਕੇ

## ਸੰਤ ਗੁਰਦਿਆਲ ਸਿੰਘ ਜੀ

ਚੇਲੇ ਮ: ਸ਼ੇਰ ਸਿੰਘ ਜੀ, ਆਪ ,ਨੇ ਇਹ ਅਸਥਾਨ

ਆਬਾਦ ਕੀਤਾ। ਆਪ ਦੇ ਕਈ ਚੇਲੇ ਹਨ। ਸੰਤ ਮੋਹਰ ਸਿੰਘ ਜੀ ਨੂੰ ਡੇਰਾ ਸੌਂਪ ਕੇ ਗੁਜ਼ਰੇ ਹਨ। ਆਪ ਦੇ ਭੀ ਕਈ ਸਤਿ-ਸੰਗੀ ਹਨ ਜਿਨ੍ਹਾਂ ਵਿਚੋਂ ਸੰਤ ਰਾਮ ਸਿੰਘ ਜੀ ਨੇ ਘੁਰਕਨੀ ਵਿਚ ਡੇਰਾ ਆਬਾਦ ਕੀਤਾ ਤੇ ਸੰਤ ਅਮਰ ਸਿੰਘ ਜੀ ਪਾਸ ਰਹਿੰਦੇ ਹਨ।

## ਬੁੰਗਾ ਮੁਕਤਸਰ
## ਮਹੰਤ ਨਿਹਾਲ ਸਿੰਘ ਜੀ

ਚੇਲੇ ਬਾਬਾ ਦੂਨਾ ਸਿੰਘ ਜੀ (ਉਚੇ ਬੁੰਗੇ ਵਾਲੇ) ਆਪ ਦਮ ਦਮੇ ਸਾਹਿਬ ਮਹੰਤ ਰਹੇ ਹਨ। ਇਹ ਬੁੰਗਾ ਆਪ ਨੇ ਹੀ ਬਣਵਾਇਆ ਸੀ। ਬਾਅਦ ਆਪ ਦੇ ਸ਼ਿਸ਼ ਬਹੁਤ ਹੋਏ। ਜਿਨ੍ਹਾਂ ਵਿਚੋਂ ਸੰਤ ਹੀਰਾ ਸਿੰਘ ਜੀ ਨੂੰ ਇਸ ਡੇਰੇ ਦੀ ਮਹੰਤੀ ਦਿਤੀ। ਇਨ੍ਹਾਂ ਦਾ ਜਨਮ ਮੋਹੀ ਜ਼ਿਲ੍ਹਾ ਲੁਧਿਆਨਾ ਵਿਚ ਹੋਇਆ। ਮਹੰਤੀ ਮਿਲਣ ਤੋਂ ਬਾਅਦ ਮਕਾਨ ਨੂੰ ਬਹੁਤ ਵਧਾਇਆ। ਆਪ ਦੇ ਚੇਲੇ ਸੰਤ ਲਾਲ ਸਿੰਘ ਜੀ ਸੰਤ ਆਤਮਾ ਸਿੰਘ ਜੀ, ਸੰਤ ਬਾਗ ਸਿੰਘ ਜੀ ਆਦਕ ਕਈ ਹੋਏ। ਜਿਨ੍ਹਾਂ ਵਿਚੋਂ ਸੰਤ ਲਾਲ ਸਿੰਘ ਜੀ ਨੂੰ ਬੁੰਗਾ ਦੇ ਕੇ ਆਪ ਸਮਾ ਗਏ।

## ਸੰਤ ਲਾਲ ਸਿੰਘ ਜੀ

ਆਪ ਦਾ ਜਨਮ ਜੋਧ ਮਸੂਰ ਜ਼ਿਲਾ ਲੁਧਿਆਨਾ ਵਿਚ ਹੋਇਆ। ਆਪ ਨੇ ਇਥੇ ਕਈ ਵਰ੍ਹੇ ਰਹਿ ਕੇ ਸਾਧ ਸੰਗਤ ਦੀ ਸੇਵਾ ਕਰਦਿਆਂ ਸਮਾਂ ਬਿਤਾਇਆ। ਜਾਇਦਾਦ ਵਧਾਈ।

ਆਪ ਤੋਂ ਬਾਅਦ ਆਪ ਦੇ ਗੁਰਭਾਈ ਸੰਤ ਆਤਮਾ ਸਿੰਘ ਜੀ ਮਹੰਤ ਹੋਏ। ਜਿਨ੍ਹਾਂ ਦਾ ਜਨਮ ਦਾਨ ਸਿੰਘ ਵਾਲਾ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ। ਇਥੇ ਹੀ ਸਮਾਏ ਹਨ ਸਮਾਧ ਨਹੀਂ ਬਣੀ। ਸੇਵਕਾਂ ਆਪ ਦਾ ਅੰਗੀਠਾ ਦਰੀਆ ਬੁਰਦ ਕੀਤਾ। **ਸੰਤ ਬਾਗ ਸਿੰਘ ਜੀ** ਗੁਰਭਾਈ ਸ੍ਰੀ ਸੰਤ ਆਤਮਾ ਸਿੰਘ ਜੀ। ਆਪ ਦ ਜਨਮ ਜ਼ਿਲੇ ਅੰਬਾਲੇ ਦਾ ਸੀ। ਸ੍ਰੀ ਸੰਤ ਆਤਮਾ ਸਿੰਘ ਜੀ ਦੇ ਗੁਜ਼ਰਨ ਤੋਂ ਬਾਅਦ ਆਪ ਨੇ ਡੇਰਾ ਸਾਂਭਿਆ ਕੋਈ ਚੇਲਾ ਬਣਾਉਣ ਤੋਂ ਪਹਿਲਾਂ ਹੀ ਸਮਾ ਗਏ। ਪਿਛੋਂ ਆਪ ਦੇ ਗੁਰਭਾਈ ਸੰਤ ਧਰਮ ਸਿੰਘ ਜੀ ਨੂੰ ਸਾਧ ਸੰਗਤ ਨੇ ਡੇਰੇ ਦੀ ਮਹੰਤੀ ਦਿਤੀ। ਆਪ ਦਾ ਜਨਮ ਅਯੁਧਿਆ ਦਾ ਹੈ। ਆਪ ਦੀ ਉਮਰ ਇਸ ਵੇਲੇ ਤਕਰੀਬਨ ੮੦ ਸਾਲ ਤੋਂ ਉਪਰ ਹੈ। ਇਨ੍ਹਾਂ ਨੇ ਆਪਣੇ ਚੇਲੇ ਸੰਤ ਪੌੜਾ ਸਿੰਘ ਜੀ ਨੂੰ ਮਹੰਤੀ ਦੇ ਦਿਤੀ ਹੈ।

## ਸੰਤ ਪੌੜਾ ਸਿੰਘ ਜੀ

ਆਪ ਦਾ ਜਨਮ ਬੁਟਰ ਬਖੂਹਾ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ। ਆਪ ਸਾਧ ਸੰਗਤ ਦੀ ਸੇਵਾ ਦਿਲ ਦੇ ਕੇ ਕਰ ਰਹੇ ਹਨ ਡੇਰਾ ਪੱਕਾ ਤੇ ਚੰਗੇ ਵਲਗਨ ਵਿਚ ਵਲਿਆ ਹੋਇਆ। ਹਰ ਤਰ੍ਹਾਂ ਤਰ੍ਹਾਂ ਆਨੰਦ ਮੇਲਾ ਬਣਾਈ ਰਖਦੇ ਹਨ ਡੇਰੇ ਨਾਲ ੧੬੦ ਘੁਮਾ ਜ਼ਮੀਨ ਹੈ। ਨਿਰਮਲ ਅਖਾੜੇ ਦੀ ਖੂਬ ਪੂਜਾ ਕਰਦੇ ਹਨ। ਸਾਧੂ ਸਮਾਜ ਨਾਲ ਪਿਆਰ ਹੈ। ਰਹਿਣੀ ਬਹਿਣੀ ਖਾਲਸੇਈ ਰਖਦੇ ਹਨ।

## ਡੇਰਾ ਕਟੂਵਾਲਾ ਡਾ: ਧਨੌਲਾ

## ਬਾਬਾ ਗੁਲਾਬ ਸਿੰਘ ਜੀ

ਚੇਲੇ ਬਾਬਾ ਰਣ ਸਿੰਘ ਜੀ। ਆਪ ਚੰਗੇ ਪ੍ਰਤਾਪੀ ਮਹਾਤਮਾ ਹੋਏ ਹਨ ਆਪ ਦੇ ਸੇਵਕ ਸੰਤ ਸ਼ੇਰ ਸਿੰਘ ਜੀ, ਸੰਤ ਸਹਿਜ ਸਿੰਘ ਜੀ, ਸੰਤ ਜੰਗੀਰ ਸਿੰਘ ਸੀ ਆਦ ਕਈ ਪ੍ਰਤਾਪੀ ਸੰਤ ਹੋਏ। ਜਿਨ੍ਹਾਂ ਨੇ ਆਪਣੇ ਅਲਗ ਅਲਗ ਮਕਾਨ ਬਣਾਏ ਹਨ।

## ਬਾਬਾ ਸਹਿਜ ਸਿੰਘ ਜੀ

ਆਪ ਦਾ ਜਨਮ ਕਟੂ ਵਾਲਾ ਰਿਆਸਤ ਨਾਭਾ ਵਿਚ ਹੋਇਆ। ਬਾਲ ਅਵਸਥਾ ਵਿਚ ਹੀ ਸ੍ਰੀ ਤਖਤ ਦਮਦਮਾ ਸਾਹਿਬ ਆਏ। ਜਿਥੇ ਪੜ੍ਹ ਲਿਖ ਕੇ ਚੰਗੇ ਵਿਦਵਾਨ ਹੋ ਗਏ। ਸਾਰੀ ਉਮਰ ਤਖਤ ਸਾਹਿਬ ਦੀ ਸੇਵਾ ਕਰਦੇ ਰਹੇ ਹਨ। ਆਪ ਦੇ ਚੇਲੇ ਸੰਤ ਮਾਨ ਸਿੰਘ ਜੀ,ਸੰਤ ਧਿਆਨ ਸਿੰਘਜੀ ਇਹ ਦੋਵੇਂ ਸਕੇ ਭਾਈ ਹਨ। ਸੰਤ ਧਿਆਨ ਸਿੰਘ ਜੀ ਨੇ ਡੇਰਾ ਕਟੂ ਵਾਲਾ ਬੰਨ੍ਹਿਆ ਤੇ ਸੰਤ ਮਾਨ ਸਿੰਘ ਜੀ ਨੇ ਡੇਰਾ ਕਟੂ ਵਾਲਾ ਬੁੰਗਾ ਤਿਆਰ ਕਰਵਾਇਆ। ਸੰਤ ਸਹਿਜ ਸਿੰਘ ਜੀ ਦਾ ਸਰੀਰ ਦਮਦਮੇ ਸਾਹਿਬ ਹੀ ਸ਼ਾਂਤ ਹੋਇਆ।

## ਸੰਤ ਧਿਆਨ ਸਿੰਘ ਜੀ

ਆਪ ਦਾ ਜਨਮ ਭੀ ਕਟੂ ਵਾਲਾ ਵਿਖੇ ਹੋਇਆ। ਆਪ ਚੰਗੇ ਸਤੋ ਗੁਣੀ ਮਹਾਤਮਾ ਹੋਏ ਹਨ। ਸਤਿਸੰਗ ਤੇ ਪ੍ਰਚਾਰ ਦਾ

ਸਿਲਸਿਲਾ ਕਾਇਮ ਕੀਤਾ। ਆਪ ਚੰਗੇ ਲਿਖਾਰੀ, ਕਵੀ ਤੇ ਗਿਆਨੀ ਸਨ। ਇਕ ਖੂਹ ਲੁਵਾਇਆ। ਨੌਵੇਂ ਪਾਤਸ਼ਾਹ ਦਾ ਗੁਰਦਵਾਰਾ ਤਿਆਰ ਕਰਵਾਇਆ,ਆਦ ਕਈ ਕੰਮ ਕੀਤੇ। ਆਪ ਦੇ ਚੇਲੇ ਸੰਤ ਵਰਿਆਮ ਸਿੰਘ ਜੀ, ਸੰਤ ਨਿਧਾਨ ਸਿੰਘ ਹੋਏ। ਸੰਤ ਵਰਿਆਮ ਸਿੰਘ ਜੀ ਨੂੰ ਡੇਰਾ ਸੌਂਪ ਕੇ ਪ੍ਰਲੋਕ ਗਮਨ ਹੋਏ।

## ਸੰਤ ਵਰਿਆਮ ਸਿੰਘ ਜੀ

ਆਪ ਦਾ ਜਨਮ ਕਟੂਵਾਲ ਦਾ ਹੀ ਹੈ। ਚੰਗੇ ਪੜ੍ਹੇ ਲਿਖੇ ਸਾਧੂ ਸਨ। ਆਪ ਦੇ ਚੇਲੇ ਸੰਤ ਗਿਆਨੀ ਚੰਦਾ ਸਿੰਘ ਜੀ ਤੇ ਸੰਤ ਕੇਹਰ ਸਿੰਘ ਜੀ ਹਨ। ਸੰਤ ਕੇਹਰ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸਰੀਰ ਤਿਆਗ ਗਏ ਹਨ। ਸੰਤ ਕੇਹਰ ਸਿੰਘ ਜੀ ਦਾ ਸਰੀਰ ਵੀ ਕਟੂਵਾਲ ਦਾ ਹੀ ਹੈ। ਆਪ ਨਿਕੇ ਹੁੰਦੇ ਹੀ ਸਤੋ ਗੁਣੀ ਸੁਭਾ ਵਿਚ ਸਨ। ਡੇਰੇ ਵਿਚ ਕਾਫੀ ਚਿਰ ਰਹਿਕੇ ਸੇਵਾ ਟਹਿਲ ਕਰਦੇ ਰਹੇ। ਅਜਕਲ ਆਪ ਦੇ ਚੇਲੇ ਸੰਤ ਜੈ ਸਿੰਘ ਜੀ ਹਨ। ਇਹ ਬਾਲ ਅਵਸਥਾ ਵਿਚ ਹੀ ਡੇਰੇ ਆਇ ਤੇ ਸੇਵਾ ਟਹਿਲ ਕਰਦੇ ਪੜ੍ਹਦੇ ਰਹੇ। ਉਦਮੀ ਵੇਖ ਕੇ ਸੰਤਾਂ ਆਪ ਨੂੰ ਡੇਰਾ ਸਪੁਰਦ ਕਰ ਦਿਤਾ। ਪਹਿਲੇ ਬਜ਼ੁਰਗਾਂ ਵਾਂਗ ਉਦਾਰ ਚਿਤ ਹਨ।

## ਗਿਆਨੀ ਆਲਾ ਸਿੰਘ ਜੀ

ਆਪ ਦਾ ਸਰੀਰ ਰਿਆਸਤ ਸੰਗਰੂਰ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨੀ ਹਨ। ਫਕੀਰਾਨਾ ਜ਼ਿੰਦਗੀ

ਬਿਤੀਤ ਕਰ ਰਹੇ ਹਨ । ਸੁਭਾ ਦੇ ਮਿਲਾਪੜੇ ਸਰੀਰ ਹਨ। ਕਈ ਪਰੇਮੀ ਆਪ ਨੂੰ ਕਥਾ ਕਰਾਉਣ ਲਈ ਆਦੱਰ ਸਤਕਾਰ ਨਾਲ ਆਪਣੇ ਨਗਰ ਲੈ ਜਾਇਆ ਕਰਦੇ ਹਨ। ਆਪ ਦੇ ਸ਼ਿਸ਼ ਸੰਤ ਸਤਪਾਲ ਸਿੰਘ ਜੀ, ਸੰਤ ਹਰਪਾਲ ਸਿੰਘ ਜੀ ਵੈਦ ਆਦ ਹਨ।

## ਸੰਤ ਸਤਪਾਲ ਸਿੰਘ ਜੀ

ਆਪ ਦਾ ਜਨਮ ਪਿੰਡ ਚੀਮੇ ਰਿਆਸਤ ਮਾਲੇਰ ਕੋਟਲੇ ਦਾ ਹੈ। ੧੭-੧੮ ਵਾਲ ਦੀ ਆਯੂ ਵਿਚ ਸਾਧੂ ਹੋਏ। ਸੇਵਾ ਕਰਦੇ ਪੜ੍ਹਦੇ ਰਹੇ। ਗੁਰੂ ਘਰ ਦੇ ਗ੍ਰੰਥ ਪੜ੍ਹ ਪੜ੍ਹਾ ਕੇ ਚੰਗੇ ਪਠਿਤ ਹੋਏ। ਗੁਰੂ ਘਰ ਦਾ ਪ੍ਰਚਾਰ ਚੰਗਾ ਕਰਦੇ ਹਨ। ਇਸ ਵੇਲੇ ਭੀ ਵੇਦਾਂਤ ਦਰਸ਼ਨ ਅਤੇ ਉਪਨਿਸ਼ਦਾਂ ਸੁਣਦੇ ਸੁਣਾਉਂਦੇ ਰਹਿੰਦੇ ਹਨ। ਦੂਜੇ ਸੰਤ ਹਰਪਾਲ ਸਿੰਘ ਜੀ ਆਪ ਦੇ ਗੁਰਭਾਈ ਹਨ ਤੇ ਮੁਢ ਦੇ ਸਾਥੀ ਚਲੇ ਆ ਰਹੇ ਹਨ। ਦੋਹਾਂ ਦਾ ਆਪੋ ਵਿਚ ਅਤੀ ਪ੍ਰੇਮ ਪਿਆਰ ਹੈ। ਇਹ ਵੈਦਕ ਵਿਦਿਆ ਵਿਚ ਸਿਆਣੇ ਹਨ। ਚਕਿਤਸਾ ਚੰਗੀ ਕਰਦੇ ਹਨ। ਸੁਭਾਅ ਦੇ ਨਿਰਮਾਣ ਸਰੀਰ ਹਨ। ਸੁਣਿਆ ਹੈ ਹੁਣ ਸ਼ਾਦੀ ਕਰ ਲਿਤੀ ਹੈ।

## ਡੇਰਾ ਬੁੰਗਾ ਮਦਰਸਾ

## ਸੰਤ ਗੁਲਾਬ ਸਿੰਘ ਜੀ

ਚੇਲੇ ਬਾਬਾ ਰਣ ਸਿੰਘ ਜੀ, ਆਪ ਨੂੰ ਅੰਮ੍ਰਿਤ ਛਕਾਉਣ

ਦਾ ਹੁਕਮ ਸੀ। ਆਪ ਦੇ ਬੁੰਗੇ ਵਿਚ ਇਤਹਾਸਕ ਸਾਰੀਆਂ ਯਾਦਗਾਰਾਂ ਰਹਿੰਦੀਆਂ ਸਨ। ਭਲਾ ਸਿੰਘ ਦੀ ਸਮਾਧ ਵੀ ਇਸੇ ਬੁੰਗੇ ਵਿਚ ਹੈ ਤੇ ਮਾਤਾ ਸਾਹਿਬ ਦੇਵਾਂ ਤੇ ਸੁੰਦਰੀ ਜੀ ਭੀ ਇਥੇ ਹੀ ਪੁਜੀਆਂ ਸਨ। ਇਸ ਲਈ ਮਹਾਰਾਜਾ ਰਣਜੀਤ ਸਿੰਘ ਜੀ, ਮਹਾਰਾਜਾ ਪਟਿਆਲਾ,ਨਾਭਾ ਤੇ ਜੀਂਦ ਵਲੋਂ ਰੁਜ਼ੀਨੇ ਸਾਲਾਨੇ ਦੇ ਤੌਰ ਉਤੇ ਲਗੇ ਹੋਏ ਸਨ ਤੇ ਕਿਲਾ ਅਰਨੌਲੀ ਵਲੋਂ ਸੌ ਵਿਘਾ ਜ਼ਮੀਨ ਲਗੀ ਹੋਈ ਸੀ, ਜੋ ਹੁਣ ਵੀ ਹੈ ਆਪ ਨੇ ਅਪਣੇ ਚੇਲੇ ਸੰਤ ਸ਼ੇਰ ਸਿੰਘ ਜੀ ਨੂੰ ਇਸ ਦੀ ਸੇਵਾ ਸੌਂਪ ਦਿਤੀ ਸੀ।

**ਮਹੰਤ ਸ਼ੇਰ ਸਿੰਘ ਜੀ** ਆਪ ਵੀ ਪੂਰਨ ਕਰਨੀ ਵਾਲੇ ਗੁਰਮੁਖ ਹੋਏ ਹਨ। ਆਪ ਦੇ ਸਤਸੰਗੀ ਹਰ ਇਕ ਨੂੰ ਪੰਜ ਗਰੰਥੀ ਜ਼ਬਾਨੀ ਯਾਦ ਹੁੰਦੀ ਸੀ। ਤੀਜੇ ਪਹਿਰ ਉਠ ਕੇ ਪਾਠ ਕਰਦੇ ਸਨ। ਆਪ ਦੇ ਚੇਲੇ ਸੰਤ ਗੁਰਦਿਆਲ ਸਿੰਘ ਜੀ ਸੰਤ ਬੂਟਾ ਸਿੰਘ ਜੀ, ਸੰਤ ਪ੍ਰੇਮ ਸਿੰਘ ਜੀ, ਹੋਏ ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ੧੯੨੨ ਚੇਤ ਸੁਦੀ ਏਕਮ ਨੂੰ ਸਮਾ ਗਏ। ਆਪਦਾ ਦੁਸਹਿਰਾ ਹੋਇਆ ਫੁਲ ਨਹੀਂ ਚੁਗੇ ਗਏ।

**ਮਹੰਤ ਪ੍ਰੇਮ ਸਿੰਘ ਜੀ** ਆਪਦਾ ਜਨਮ ਨਿਕੇ ਸਰਾਂ ਜ਼ਿਲਾ ਗੁਰਦਾਸਪੁਰ ਵਿਚ ਹੋਇਆ। ਆਪ ਵੀ ਚੰਗੇ ਕਰਨੀ ਵਾਲੇ ਮਹਾਤਮਾ ਹੋਏ ਹਨ। ਆਪ ਨੂੰ ਇਲਾਕੇ ਵਿਚ ਸਤਕਾਰ ਨਾਲ ਵੇਖਿਆ ਜਾਂਦਾ ਸੀ, ਆਪ ਦੀਆਂ ਕਈ ਕਰਾਮਾਤਾਂ ਮਸ਼ਹੂਰ ਹਨ ਕਈ ਸ਼ਹੀਦੀ ਨਜ਼ਾਰੇ ਵੇਖੇ ਜਾਂਦੇ ਰਹੇ ਹਨ। ਕਿਸੇ ਦਾ

ਉਨ ਗਵਾਚਿਆ ਹੋਇਆ ਸੀ । ਮੈਂ ਤਾਂ ਨੇ ਉਸ ਜਟ ਨੂੰ ਸਟੇਹ ਘਲਿਆ ਕਿ ਤੇਰਾ ਉਨ ਫਲਾਨੇ ਘਰ ਬੰਨਿਆ ਹੋਇਆ ਹੈ, ਜੇ ਰਾਤੋ ਰਾਤ ਕਢਾ ਲੈ ਤਾਂ ਲਭ ਪਊ ਸਵੇਰੇ ਨਹੀਂ ਮਿਲਣਾ, ਉਸੇ ਤਰ੍ਹਾਂ ਹੋਇਆ, ਪੁਲੀਸ ਦੀ ਰਾਹੀਂ ਕਢਾਇਆ ਗਿਆ । ਆਪ ਦੇ ਚੇਲੇ ਸੰਤ ਅਮਰ ਸਿੰਘ ਜੀ, ਸੰਤ ਭਗਤ ਸਿੰਘ ਜੀ ਹੋਏ ਹਨ ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ਸੰਮਤ ੧੯੬੫ ਦੇ ਕਰੀਬ ਸਮਾ ਗਏ ਹਨ ।

## ਮਹੰਤ ਭਗਤ ਸਿੰਘ ਜੀ

ਆਪ ਦਾ ਜਨਮ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ ਤਹਿਸੀਲ ਅਜਨਾਲਾ ਵਿਚ ਹੋਇਆ । ਆਪ ਸੰਤ ਪ੍ਰੇਮ ਸਿੰਘ ਜੀ ਦੀ ਸੰਗਤ ਵਿਚ ਸੰਮਤ ੧੯੪੫ ਤੋਂ ਆਉਂਦੇ ਜਾਂਦੇ ਸਨ ਪਰ ਸੰਮਤ ੧੯੬੪ ਸਾਵਨ ਮਹੀਨੇ ਦੀ ੧੪ ਨੂੰ ਇਸ ਅਸਥਾਨ ਦੇ ਮਹੰਤ ਨੀਅਤ ਹੋਏ । ਆਪ ਚੰਗੇ ਪੜ੍ਹੇ ਲਿਖੇ ਸਾਧੂ ਹਨ । ੧੯ ਸਾਲ ਦੇ ਕਰੀਬ ਆਪ ਦੀ ਉਮਰ ਹੈ । ਆਪ ਨੇ ਬੜੀ ਜਾਇਦਾਦ ਪ੍ਰਾਪਤ ਕੀਤੀ ਸਾਰੇ ਬੂੰਗੇਈ ਆਪ ਨੇ ਮਗਰ ਲਾਏ ਹਨ ਇਸੇ ਬੁੰਗੇ ਵਿਚ ਮਾਤਾ ਸਾਹਿਬ ਦੇਵਾਂ ਤੇ ਸੁੰਦਰੀ ਦੇ ਸਾਹਿਬਜ਼ਾਦੇ ਪੁਛਣ ਵਾਲੇ ਸੁਆਲ ਦੇ ਉਤਰ ਵਿਚ ਜੋ ਦਸਮੇਸ਼ ਜੀ ਨੇ "ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ । ਚਾਰ ਗਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ ॥" ਦਾ ਵਰ ਦਿਤਾ ਸੀ । ਇਸ ਬੁੰਗੇ ਦੀ ਤਾਬਿਆ ਹੋਰ ਵੀ ਮਕਾਨ ਹਨ ।

# ਡੇਰਾ ਘੁਨਸ

## ਸੰਤ ਅਤਰ ਸਿੰਘ ਜੀ

ਆਪ ਦਾ ਜਨਮ ਪਿੰਡ ਸੇਮਾ ਜ਼ਿਲਾ ਫਿਰੋਜ਼ਪੁਰ ਵਿਚ ਹੋਇਆ। ਵਡੀ ਉਮਰ ਵਿਚ ਸਾਧ ਸੰਗਤ ਵਿਚ ਆਏ। ਆਨੰਦ ਪੁਰ ਸਾਹਿਬ, ਅੰਮ੍ਰਿਤ ਛਕਿਆ, ਬਾਅਦ ਦਿਆਲ ਪੁਰੇ ਮਿਰਜ਼ੇ ਵਾਲਾ ਰਿ: ਸੰਗਰੂਰ ਵਿਖੇ ਆਏ। ਸੇਵਾ ਕਰਦੇ ਰਹੇ। ਉਥੋਂ ਘੁਨਸ ਆਏ। ਗੁਰਦਵਾਰਾ ਆਬਾਦ ਕੀਤਾ। ਦਸ ਘੁਮਾਂ ਜ਼ਮੀਨ ਲੁਵਾਈ। ਚੰਗੀ ਤਰੱਕੀ ਕੀਤੀ, ਭਜਨ ਪਾਠ ਨਾਲ ਪਿਆਰ ਰਖਿਆ। ਅਖੀਰ ੮੦-੮੫ ਸਾਲ ਦੀ ਉਮਰ ਭੋਗ ਕੇ ਸੰਮਤ ੧੯੮੫ ਅਸੂ ਪਹਿਲੇ ਨੁਰਾਤੇ ਚੜ੍ਹਾਈ ਕਰ ਗਏ। ਆਪ ਦੇ ਚੇਲੇ ਸੰਤ ਈਸ਼ਰ ਸਿੰਘ ਜੀ, ਸੰਤ ਗੁਰਦਿਆਲ ਸਿੰਘ ਜੀ, ਸੰਤ ਮਸਤਾਨ ਸਿੰਘ ਜੀ, ਹੀਰਾ ਸਿੰਘ ਜੀ, ਬਿਸ਼ਨ ਸਿੰਘ ਜੀ ਆਦ ਕਈ ਸਨ, ਪਰ ਆਪ ਸੰਤ ਈਸ਼ਰ ਸਿੰਘ ਜੀ ਨੂੰ ਆਪਣਾ ਉਤ੍ਰਾਧਿਕਾਰੀ ਆਪਣੇ ਹੁੰਦਿਆਂ ਹੀ ਨੀਅਤ ਕਰ ਗਏ।

**ਸੰਤ ਈਸ਼ਰ ਸਿੰਘ ਜੀ** ਆਪ ਦਾ ਜਨਮ ਜ਼ਿਲਾ ਫਿਰੋਜ਼ ਪੁਰ ਦਾ ਹੈ। ੨੦ ਸਾਲ ਦੀ ਉਮਰ ਵਿਚ ਗੁਰਦਵਾਰੇ ਘੁਨਸਾਂ ਆਏ। ਸੰਤਾਂ ਪਿਛੋਂ ਭੀ ਆਪਣੀ ਸਭ ਪੁਰ ਣੀ ਰਹੁ ਰੀਤ ਅਨੁਸਾਰ ਕੰਮ ਚਲਾ ਰਹੇ ਹਨ। ਪਿੰਡ ਵਿਚ ਚੰਗਾ ਰਸੂਖ ਹੈ, ਲੰਗਰ ਚਲਦਾ ਹੈ। ਕਥਾ ਕੀਰਤਨ ਦਾ ਪ੍ਰਵਾਹ ਜਾਰੀ ਹੈ। ੧੫-੨੦ ਸਰੀਰ ਗੁਰਦਵਾਰੇ ਬਣੇ ਰਹਿੰਦੇ ਹਨ। ਕਈ ਸੇਵਕ ਹਨ ਜੋ ਪਾਸ ਰਹਿੰਦੇ ਸੇਵਾ ਕਰਦੇ ਹਨ।

ਸ਼ਿਖਿਆ ਪ੍ਰਾਪਤ ਕੀਤੀ ਤੇ ਬਲਾਨੀ ਪਿੰਡ ਜ਼ਿਲਾ ਅੰਬਾਲਾ ਵਿਚ ਨਿਵਾਸ ਰਖਿਆ। ਆਪ ਚੰਗੇ ਕਰਨੀ ਵਾਲੇ ਮਹਾਂ ਪੁਰਸ਼ ਹੋਏ ਹਨ। ਆਪ ਦੀਆਂ ਕਈ ਸਿਧੀਆਂ ਹੁਣ ਤਕ ਲੋਕੀ ਮੰਨ ਰਹੇ ਹਨ। ਆਪ ਨੇ ਆਪਣੇ ਚੇਲੇ ਸੰਤ ਜਸਾ ਸਿੰਘ ਜੀ ਨੂੰ ਇਕ ਕਰਾਮਾਤ ਵਿਖਾਣ ਕਰਕੇ ਹੁਕਮ ਦਿਤਾ ਸੀ ਕਿ ਮੈਥੋਂ ੧੦੦ ਮੀਲ ਦੂਰ ਜਾ ਕੇ ਰਹੋ। ਅੰਤ ਆਪ ਦਾ ਦੇਹਾਂਤ ਇਸੇ ਬਲਾਨੀ ਪਿੰਡ ਵਿਚ ਹੋਇਆ। ਆਪ ਦੀ ਸਮਾਧ ਮੌਜੂਦ ਹੈ। ਆਪ ਦੀ ਆਗਿਆ ਮੰਨ ਕੇ ਸੰਤ ਜਸਾ ਸਿੰਘ ਜੀ ਕਾਦੀਆਂ ਜ਼ਿਲਾ ਗੁਰਦਾਸ ਪੁਰ ਵਿਚ ਜਾ ਰਹੇ।

ਆਪ ਦੇ ਚੇਲੇ ਸੰਤ ਮਜਾ ਸਿੰਘ ਜੀ, ਸੰਤ ਗਾਂਧਾ ਸਿੰਘ ਜੀ, ਸੰਤ ਜੈ ਸਿੰਘ ਜੀ, ਸੰਤ ਹੁਕਮ ਸਿੰਘ ਜੀ, ਸੰਤ ਪ੍ਰਧਾਨ ਸਿੰਘ ਜੀ, ਸੰਤ ਮੋਹਰ ਸਿੰਘ ਜੀ, ਸੰਤ ਗੁਲਾਬ ਸਿੰਘ ਜੀ, ਸੰਤ ਦੀਪ ਸਿੰਘ ਜੀ ਆਦਿ ਕਈ ਹੋਏ ਜਿਨ੍ਹਾਂ ਵਿਚੋਂ ਸੰਤ ਗਾਂਧਾ ਸਿੰਘ ਜੀ ਨੂੰ ਮਹੰਤੀ ਸੌਂਪ ਕੇ ਆਪ ਪ੍ਰਲੋਕ ਗਮਨ ਕਰ ਗਏ।

**ਮਹੰਤ ਗਾਂਧਾ ਸਿੰਘ ਜੀ** ਆਪ ਦਾ ਜਨਮ ਨਾਥਪੁਰ ਵਿਚ ਹੋਇਆ। ਸੰਤਾਂ ਦੇ ਅਨੰਨ ਸੇਵਕ ਹੋਏ। ਆਪ ਨੇ ਬੜਾ ਚਿਰ ਡੇਰੇ ਤੇ ਸੰਤਾਂ ਦੀ ਸੇਵਾ ਕੀਤੀ, ਪਰ ਸੰਤ ਜਸਾ ਸਿੰਘ ਜੀ ਦੇ ਨਾਲ ਹੀ ਆਪ ਪ੍ਰਲੋਕ ਸਿਧਾਰ ਗਏ, ਆਪ ਦੇ ਚੇਲੇ ਸੰਤ ਕੌਲਾ ਸਿੰਘ ਜੀ ਡੇਰੇ ਦੇ ਮਹੰਤ ਬਣੇ।

**ਮਹੰਤ ਕੌਲਾ ਸਿੰਘ ਜੀ** ਚੇਲੇ ਮਹੰਤ ਗਾਂਧਾ ਸਿੰਘ ਜੀ, ਆਪ ਦਾ ਜਨਮ ਪਿੰਡ ਨਾਥ ਪੁਰ ਜ਼ਿਲਾ ਗੁਰਦਾਸ ਪੁਰ ਵਿਚ

ਹੋਇਆ। ਆਪ ਸੰਤ ਜਸਾ ਸਿੰਘ ਜੀ ਤੇ ਗਾਂਧਾ ਸਿੰਘ ਜੀ ਦੇ ਥਾਂ ਮਹੰਤ ਹੋਏ। ਸਭ ਤੋਂ ਪਹਿਲਾਂ ਠਾਕਰ ਜਸਾ ਸਿੰਘ ਜੀ ਤੇ ਗਾਂਧਾ ਸਿੰਘ ਜੀ ਦੀਆਂ ਪੱਕੀਆਂ ਸਮਾਧਾਂ ਬਨਾਈਆਂ। ਸਾਧੂ ਸਮਾਜ ਨਾਲ ਚੰਗਾ ਪਿਆਰ ਰਖਿਆ ੨੦ ਸਾਲਾਂ ਪਿਛੋਂ ਪਿੰਡ ਦੀ ਇਕ ਸਾਧਨੀ ਰਖ ਲਈ ਇਸ ਰੰਜਗੀ ਕਰ ਕੇ ਪਿੰਡ ਨੇ ਹਿੱਸਿਆਂ ਪ੍ਰਤੀ ਜ਼ਮੀਨ ਵੰਡ ਲਈ, ਜਿਸ ਕਰ ਕੇ ਡੇਰਾ ਉਜੜ ਗਿਆ ਸੰਤ ਕੈਲਾ ਸਿੰਘ ਦੀ ਲੜਕੀ ਅਜੇ ਜੀਊਂਦੀ ਹੈ। ਸੰਤ ਜਸਾ ਸਿੰਘ ਜੀ ਨੇ ਜਿਸ ਟਿਕਾਣੇ ਤੇ ਬੈਠ ਕੇ ਡੇਰਾ ਬੰਨ੍ਹਿਆ ਸੀ ਉਹ ਥਾਂ ਕਾਦੀਆਂ ਦੇ ਕਬਰ ਸਥਾਨ ਵਿਚ ਆ ਗਿਆਸੀ ਤੇ ਕੁਝ ਛਪੜ ਵਿਚ ਰਲ ਗਿਆ। ਮੁਸਲਮਾਨਾਂ ਦੀਆਂ ਦੋ ਪਾਰਟੀਆਂ ਹੋ ਜਾਣ ਤੇ ਝਗੜਾ ਪੈ ਗਿਆ, ਜਿਸ ਕਰ ਕੇ ਸਿਖਾਂ ਨੂੰ ਸੰਤਾਂ ਦੀ ਯਾਦਗਾਰ ਵਜੋਂ ਕੇਵਲ ਇਕ ਪੁਰਾਣਾ ਅੰਬ ਤੇ ਕੁਝ ਥੋੜ੍ਹੀ ਜੇਹੀ ਜ਼ਮੀਨ ਹਦ ਬੰਦੀ ਕਰ ਕੇ ਪਟਵਾਰੀ ਨੇ ਨਿਸ਼ਾਨ ਦਿਤੇ ਹਨ। ਸੰਗਤਾਂ ਵਲੋਂ ਕੋਈ ਪ੍ਰਬੰਧ ਨਹੀਂ। ਸੰਤ ਜਸਾ ਸਿੰਘ ਜੀ ਤੇ ਸੰਤ ਗਾਂਧਾ ਸਿੰਘ ਜੀ ਦੀਆਂ ਸਮਾਧਾਂ ਪੱਕੀਆਂ ਹਨ। ਭਾਈ ਪਾਲਾ ਸਿੰਘ ਜੀ ਨੇ ਸਮਾਧਾਂ ਵਾਲੀ ਜ਼ਮੀਨ ਵਿਚ ਬਾਗ ਲਾਇਆ ਹੋਇਆ ਹੈ।

# ਡੇਰਾ ਕਾਦੀਆਂ

ਬਾਬਾ ਜਸਾ ਸਿੰਘ ਜੀ ਬਾਹਰੋਂ ਉਠ ਕੇ ਇਥੇ ਆ ਕੇ ਬੈਠਿਆ ਕਰਦੇ ਸਨ। ਜਦ ਕਦੀ ਕਿਸੇ ਸਿਖ ਸੇਵਕ ਨਾਲ

ਸ੍ਰੀ ਮਾਨ ਪੰਡਿਤ ਹਰਨਾਮ ਸਿੰਘ ਜੀ



ਡੇਰਾ ਸ੍ਰੀ ਬਾਬਾ ਮੋਹਰ ਸਿੰਘ ਜੀ ਕੱਟਈ
ਮੁਤਸਿਲ ਬਬੇਕਸਰ, ਅੰਮ੍ਰਿਤਸਰ

ਬਚਨ ਕਰਨਾ ਹੋਵੇ ਇਥੇ ਆ ਕੇ ਹੀ ਕਰਦੇ ਸਨ। ਕਈ ਵਾਰ ਤਪ ਵੀ ਇਥੇ ਰਹਿ ਕੇ ਕਰਦੇ ਸਨ। ਇਸ ਅਸਥਾਨ ਉਤੇ ਸੰਤ ਮੋਹਰ ਸਿੰਘ ਜੀ ਪਿਛੋਂ ਮਹੰਤ ਲਹਿਣਾ ਸਿੰਘ ਜੀ ਆ ਕੇ ਰਹੇ ਉਹ ਵੀ ਅਪਣੇ ਚੇਲੇ ਸੰਤ ਸੰਤਾ ਸਿੰਘ ਜੀ ਨੂੰ ਛਡ ਕੇ ਟੁਰ ਗਏ **ਮਹੰਤ ਸੰਤਾ ਸਿੰਘ ਜੀ** ਸੰਮਤ ੧੯੯੪ ਵਿਚ ਚਲ ਬਸੇ। ਪਿਛੋਂ ਡੇਰਾ ਸੁਞਾਂ ਹੋ ਗਿਆ। ਗੁਰਦੁਆਰਾ ਪੱਕਾ ਹੈ, ਜੋ ਸੰਮਤ ੧੯੯੯ ਵਿਚ ਸੰਗਤ ਨੇ ਬਨਾਇਆ। ਸੰਤ ਹਰਨਾਮ ਸਿੰਘ ਜੀ ਨਾਮਧਾਰੀ ਵਿਚ ਰਹਿੰਦੇ ਹਨ। ਦਿਨ ਭਰ ਕ੍ਰਿਤ ਕਰ ਕੇ ਸੁਬ੍ਹਾ ਸ਼ਾਮ ਸੰਤਸੰਗ ਕਰਦੇ ਤੇ ਹੋਰ ਸੇਵਾ ਵੀ ਆਪ ਹੀ ਕਰਦੇ ਹਨ। ਸੰਗਤ ਜੁੜਦੀ ਹੈ, ਮੁਸਾਫਰ ਖਾਨਾ ਬਣਿਆ ਹੋਇਆ ਹੈ। ਭਾਈ ਗੁਰਦਿਤ ਸਿੰਘ ਜੀ ਸਣੇ ਪ੍ਰਵਾਰ ਦੇ ਤੇ ਸ੍ਰ: ਲਾਲ ਸਿੰਘ ਜੀ, ਸੰਤ ਲਾਭ ਸਿੰਘ ਜੀ ਆਦ ਗੁਰਮੁਖ ਪਿਆਰੇ ਨਾਲ ਸੇਵਾ ਕਰ ਕੇ ਮਹਾਂ ਪੁਰਸ਼ਾਂ ਦੀ ਯਾਦ ਨੂੰ ਤਾਜ਼ਾ ਕਰ ਰਹੇ ਹਨ। ਆਏ ਗਏ ਮੁਸਾਫਰ ਦੀ ਕਮਰ ਖੁਲ੍ਹਦੀ ਹੈ। ਸੰਪ੍ਰਦਾਈਆਂ ਨੂੰ ਪੁਰਾਣੀਆਂ ਯਾਦਗਾਰਾਂ ਕਾਇਮ ਰਖਣੀਆਂ ਚਾਹੀਦੀਆਂ ਹਨ।

## ਮਹੰਤ ਬਾਬਾ ਹਰਦਿਤ ਸਿੰਘ ਜੀ

ਚੇਲੇ ਸੰਤ ਹੁਕਮ ਸਿੰਘ ਜੀ, ਆਪ ਦਾ ਜਨਮ ਮਲ੍ਹੂ ਨੰਗਲ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਬਾਬਾ ਹੁਕਮ ਸਿੰਘ ਜੀ ਤੋਂ ਮਗਰੋਂ ਆਪ ਤਰਨ ਤਾਰਨ ਦੇ ਮਹੰਤ ਹੋਏ। ਡੇਰਾ ਆਪਦੀ ਕ੍ਰਿਪਾ ਨਾਲ ਨਾਸ਼ ਹੋ ਗਿਆ। ਸਾਰਾ ਸਾਮਾਨ ਸੂਲ

ਨੰਗਲ ਦੇ ਗ੍ਰਹਿ ਸਤੀਆਂ ਪਾਸ ਪਹੁੰਚਾਵਦੇ ਰਹੇ। ਜ਼ਮੀਨ ਵੇਚ ਦਿਤੀ,ਸਾਧ ਪਾਸ ਕੋਈ ਰਹਿਨ ਨਾ ਦਿਤਾ।ਅੰਤ ਸੰਪ੍ਰਦਾਈ ਮਹੰਤ ਈਸ਼ਰ ਸਿੰਘ ਜੀ ਮਲੂ ਨੰਗਲ ਸੰਤ ਮੰਗਲ ਸਿੰਘ ਜੀ ਜੋਤਸ਼ੀ ਤੇ ਪੰਡਿਤ ਝੰਡਾ ਸਿੰਘ ਜੀ ਆਦਿ ਨੇ ਮਿਲ ਕੇ ਸੰਮਤ ੧੯੪੯ ਵਿਚ ਮਹੰਤ ਅਤਰ ਸਿੰਘ ਜੀ ਨੂੰ ਤਰਨ ਤਾਰਨ ਬੁੰਗੇ ਰਹਿਣ ਲਈ ਘਲਿਆ, ਇਨ੍ਹਾਂ ਦੀ ਸੇਵਾ ਤੇ ਖੁਸ਼ ਹੋ ਕੇ ਮ: ਹਰਦਿਤ ਸਿੰਘ ਜੀ ਨੇ ਸੰਪ੍ਰਦਾਈ ਸਾਧੂ ਸਦ ਕੇ ਸੰਮਤ ੧੯੫੨ ਵਿਚ ਆਪ ਨੂੰ ਪੱਗ ਦੇ ਦਿਤੀ ਤੇ ਕਈ ਸੋਚਾਂ ਪਿਛੋਂ ੧੯੫੩ ਵਿਚ ਰਜਿਸਟ੍ਰੀ ਕਰਾਈ, ਉਪ੍ਰੰਤ ਮਹੰਤ ਹਰਦਿਤ ਸਿੰਘ ਜੀ ਮਲੀਏਂ ਜਾ ਕੇ ਸੰਮਤ ੧੯੫੫ ਵਿਚ ਸਮਾ ਗਏ।

**ਮਹੰਤ ਅਤਰ ਸਿੰਘ ਜੀ** ਚੇਲੇ ਮਹੰਤ ਈਸ਼ਰ ਸਿੰਘ ਜੀ ਮੂਲ ਨੰਗਲ, ਆਪ ਨੇ ਚੇਲੇ ਸੰਤ ਸੁਧਾ ਸਿੰਘ ਜੀ ਨੂੰ ਸੰਮਤ ੧੯੬੫ ਵਿਚ ਵਸੀਅਤ ਕਰ ਕੇ ਮਹੰਤ ਬਣਾ ਦਿਤਾ। ਉਹ ੨੦ ਸਾਲ ਮਹੰਤ ਰਹਿ ਕੇ ਪਿਛੋਂ ਪੂਲੇ ਪਿੰਡ ਦੇ ਜਟਾਂ ਦੀ ਧਮਕੀ ਪੁਰ ਇਹ ਮਕਾਨ ਛਡ ਕੇ ਕੁਹਾਲੇ ਵਾਲੇ ਬੁੰਗੇ ਵਿਚ ਜਾ ਰਹੇ। ਮਹੰਤ ਅਤਰ ਸਿੰਘ ਜੀ ਨੇ ਪੁਲਸ ਦੀ ਮਾਰਫਤ ਜਟਾਂ ਨੂੰ ਕਢ ਦਿਤਾ, ਲੇਕਨ ਅਕਾਲੀਆਂ ਦੀ ਸ਼ਹਿ ਨਾਲ ਉਨ੍ਹਾਂ ਫਿਰ ਜਬਰਦਸਤੀ ਕਬਜ਼ਾ ਕਰ ਲੀਤਾ।

## ਮਹੰਤ ਰੂਪਾ ਸਿੰਘ ਜੀ

ਚੇਲੇ ਮਹੰਤ ਹੁਕਮ ਸਿੰਘ ਜੀ, ਆਪ ਦਾ ਜਨਮ ਅੰਮ੍ਰਿਤਸਰ ਦੇ ਜ਼ਿਲੇ ਵਿਚ ਹੋਇਆ। ਇਹ ਸੰਤਾਂ ਵੇਲੇ ਬੁੰਗੇ

ਦੇ ਕਾਰਕੁਨ ਸਨ । ਆਪ ਦਰਸ਼ਨੀ ਸਰੀਰ ਸਨ । ਆਪ ਮਹੰਤ ਹੁਕਮ ਸਿੰਘ ਜੀ ਦੀ ਹਯਾਤੀ ਵਿਚ ਹੀ ਸਮਾ ਗਏ।ਆਪਦੇ ਚੇਲੇ ਪੰਡਿਤ ਚੰਦਾ ਸਿੰਘ ਜੀ ਵਿਰਕਤ ਰਿਖੀਕੇਸ਼ ਵਾਲੇ (੧) ਸੰਤ ਬੂਟਾ ਸਿੰਘ ਜੀ ਵਿਰਕਤ ਰਿਖੀਕੇਸ਼ ਵਾਲੇ (੨) ਸੰਤ ਮੰਗਲ ਸਿੰਘ ਜੀ ਜੋਤਸ਼ੀ ਪਟਿਆਲੇ ਵਾਲੇ ਜਿਨ੍ਹਾਂ ਦੇ ਕਈ ਪੁਸਤਕ ਰਚਿਤ ਹਨ, ਆਦਿ ਕਈ ਸਨ ।

## ਪੰਡਿਤ ਚੰਦਾ ਸਿੰਘ ਜੀ ਵਿਰਕਤ

ਆਪ ਵਡੇ ਮੰਨੇ ਪਰਮੰਨੇ ਮੰਡਲੇਸ਼੍ਵਰ ਪ੍ਰਸਿੱਧ ਹੋ ਚੁਕੇ ਹਨ । ਸਣੇ ਮੰਡਲੀ ਯਾਤ੍ਰਾ ਕਰਦੇ ਆਨੰਦ ਪੁਰ ਸਾਹਿਬ ਆ ਕੇ ਸ਼ਹੀਦੀ ਬਾਗ਼ ਵਿਚ ਉਤਰੇ । ਥਾਂ ਪਸੰਦ ਆਈ । ਇਥੇ ਹੀ ਰਹਿਣ ਦਾ ਇਰਾਦਾ ਕਰ ਲਿਤਾ, ਕਹਿੰਦੇ ਹਨ ਇਕ ਦਿਨ ਪੰਡਿਤ ਜੀ ਨੇ ਛੋਟੇ ਜਿਹੇ ਦੋ ਅੰਬ ਜ਼ਮੀਨ ਵਿਚ ਲਗਾਏ, ਮੂੰਹੋਂ ਆਖਿਆ ਇਨ੍ਹਾਂ ਦੇ ਅੰਬ ਖਾ ਕੇ ਹੀ ਸਰੀਰ ਤਿਆਗਾਂਗੇ । ਇਸੇ ਤਰ੍ਹਾਂ ਹੋਇਆ, ਅੰਬ ਵਡੇ ਹੋਏ ਫਲੇ ਫੁਲੇ ਤੇ ਪੰਡਿਤ ਜੀ ਨੇ ਉਨ੍ਹਾਂ ਦੇ ਅੰਬ ਖਾਧੇ, ਪਿਛੋਂ ਸਰੀਰ ਤਿਆਗਿਆ ।

ਆਪਦੇ ਸ਼ਿਸ਼ ਸ੍ਰੀ ਪੰਡਿਤ ਨਰੈਣ ਸਿੰਘ ਜੀ ਹੁਸ਼ਿਆਰ ਪੁਰ ਪੰਡਿਤ ਝੰਡਾ ਸਿੰਘ ਜੀ ਮੌੜਾਂ ਵਾਲੇ ਅਤੇ ਸ੍ਰੀ ਸੰਤ ਸੰਪੂਰਨ ਸਿੰਘ ਜੀ ਵੈਦਰਾਜ ਪ੍ਰਸਿੱਧ ਹੋਏ ਹਨ ।

## ਸ੍ਰੀ ਸੰਤ ਸੰਪੂਰਨ ਸਿੰਘ ਜੀ ਵੈਦਰਾਜ

(ਆਨੰਦਪੁਰ ਸਾਹਿਬ)

ਆਪ ਕਾਦੀਆਂ ਵਾਲੇ ਸ੍ਰੀ ਮਾਨ ਸੰਤ ਜਸਾ ਸਿੰਘ ਜੀ

ਦੀ ਸ਼ਿਸ਼ ਸੰਪ੍ਰਦਾ ਵਿਚੋਂ ਉਤਮ ਮਹਾਂ ਪੁਰਸ਼ ਹੋਏ ਹਨ। ਜਨਮ ਆਨੰਦ ਪੁਰ ਸਾਹਿਬ, ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਦੇ ਵਡੇ ਸ਼ਾਹ ਪੁਰ ਤੋਂ ਆਨੰਦ ਪੁਰ ਆਕੇ ਬਸੇ ਸਨ। ਜਿਸ ਤਰ੍ਹਾਂ ਕਈ ਹੋਰ ਸਿਖ ਦੂਰੋਂ ਦੂਰੋਂ ਆ ਕੇ ਬਸੇ ਹੋਏ ਹਨ ਨਿਕੇ ਹੁੰਦੇ ਆਪ ਉਰਦੂ ਪੜ੍ਹਦੇ ਰਹੇ। ਬਾਅਦ ਸੰਸਕ੍ਰਿਤ ਵੈਦਕ ਦੀ ਤਾਲੀਮ ਹਾਸਲ ਕਰਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਈ ਵਰ੍ਹੇ ਪੁਜਾਰੀ ਬਣ ਕੇ ਸੇਵਾ ਕਰਦੇ ਰਹੇ।

ਇਕ ਵਾਰ ਪੰਡਿਤ ਚੰਦਾ ਸਿੰਘ ਜੀ ਵਿਰਕਤ ਸਣੇ ਮੰਡਲੀ ਕੇਸਗੜ੍ਹ ਸਾਹਿਬ ਆਏ ਜਿਨ੍ਹਾਂ ਦੀ ਰਹਿਣੀ ਬਹਿਣੀ ਸੁੰਦਰ ਫਕੀਰਾਂ ਵਾਲੀ ਵੇਖ ਕੇ ਗਦ ਗਦ ਹੋ ਗਏ। ਜਦ ਉਹ ਸ਼ਹੀਦੀ ਬਾਗ ਵਿਚ ਜਿਥੇ ਉਤਰੇ ਹੋਏ ਸਨ, ਵਾਪਸ ਗਏ ਤਾਂ ਆਪ ਭੀ ਪਿਛੋਂ ਪੁਜ ਗਏ। ਪੰਡਿਤ ਚੰਦਾ ਸਿੰਘ ਜੀ ਨੂੰ ਇਹ ਅਸਥਾਨ ਪਸੰਦ ਆਇਆ ਬਲਕਿ ਜਿਸ ਵੇਲੇ ਇਹ ਪਹੁੰਚੇ ਉਸ ਵੇਲੇ ਦੋ ਅੰਬਾਂ ਦੇ ਬੂਟੇ ਜ਼ਮੀਨ ਵਿਚ ਗਡ ਕੇ ਇਹ ਸੁਣਾ ਰਹੇ ਸਨ ਕਿ ਇਨ੍ਹਾਂ ਦੇ ਫਲ ਖਾਕੇ ਹੀ ਅਸੀ ਸਰੀਰ ਤਿਆਗਾਂਗੇ ਕਹਿੰਦੇ ਹਨ ਕਿ ਸਚਮੁਚ ਕਈ ਸਾਲਾਂ ਪਿਛੋਂ ਉਨ੍ਹਾਂ ਦਰਖਤਾਂ ਦੇ ਅੰਬ ਖਾਕੇ ਉਥੇ ਹੀ ਆਪ ਨੇ ਸਰੀਰ ਤਿਆਗਿਆ। ਉਹ ਦੋ ਬੂਟੇ ਅੰਬਾਂ ਦੇ ਅਜੇ ਭੀ ਖੜੇ ਹਨ।

ਮਹਾਰਾਜ ਸੰਤ ਸੰਪੂਰਨ ਸਿੰਘ ਜੀ ਸ਼ਹੀਦੀ ਬਾਗ ਪੁਜੇ ਸੰਤਾਂ ਦੀ ਬ੍ਰਿਤੀ ਪੂਰਨ ਸਾਧੂਆਂ ਵਾਲੀ ਵੇਖ ਕੇ ਮੋਹਤਕਿਦ ਹੋ ਗਏ। ਸ਼ਿਸ਼ ਭਾਵ ਗ੍ਰਹਿਣ ਕਰਕੇ ਸਾਧੂ ਹੋ ਗਏ ਨਾਲ ਪੜ੍ਹਦੇ ਪੜ੍ਹਾਉਂਦੇ ਸੇਵਾ ਕਰਦੇ ਰਹੇ। ਜਦ ਸੰਤ ਤੁਰੇ ਤਾਂ ਆਪ ਵੀ

ਨਾਲ ਹੋ ਤੁਰੇ। ਰਿਸ਼ੀ ਕੇਸ਼ ਕਈ ਵਰ੍ਹੇ ਸੰਤ ਸੇਵਾ ਤੇ ਪੜ੍ਹਨ ਪੜ੍ਹਾਉਨ ਵਿਚ ਗੁਜ਼ਾਰੇ।

ਇਕ ਵੇਰਾਂ ਆਪ ਦੇ ਪਿਤਾ ਲੈਣ ਗਏ ਤਾਂ ਛਿਪ ਗਏ। ਸੰਤਾਂ ਦੀ ਆਗਿਆ ਨਾਲ ਪਿਤਾ ਨੂੰ ਆ ਮਿਲੇ। ਪਿਤਾ ਨੇ ਕਿਹਾ ਕਿ ਗੁਰੂ ਸਾਹਿਬ ਦੇ ਬਚਨ "ਰੇ ਮਨੁ ਐਸੋ ਕਰ ਸੰਨਿਆਸਾ। ਬਨ ਸੇ ਸਦਨ ਸਦਾ ਕਰ ਸਮਝੋ ਘਰ ਹੀ ਮਾਹਿ ਉਦਾਸਾ॥" ਅਨੁਸਾਰ ਆਪ ਨੂੰ ਘਰ ਹੀ ਰਹਿਣਾ ਚਾਹੀਦਾ ਹੈ ਨਹੀਂ ਤਾਂ ਆਨੰਦਪੁਰ ਸਾਹਿਬ ਦੇ ਬਾਹਰਵਾਰ ਕਿਸੇ ਅਸਥਾਨ ਪੁਰ ਨਿਵਾਸ ਰਖੋ ਜਿਸ ਕਰਕੇ ਮੈਂ ਵੀ ਦਰਸ਼ਨ ਕਰਦਾ ਰਹਵਾਂ ਪਿਤਾ ਦੀ ਤੀਬਰ ਇਛਾ ਵੇਖ ਕੇ ਸੰਤਾਂ ਜਾਣ ਲਈ ਆਗਿਆ ਦੇ ਦਿਤੀ। ਆਂਨੰਦ ਪੁਰ ਸਾਹਿਬ ਆਏ। ਬਾਗ ਵਿਚ ਡੇਰਾ ਕੀਤਾ। ਭਜਨ ਪਾਠ ਤੇ ਆਏ ਗਏ ਦੀ ਸੇਵਾ ਕਰਦਿਆਂ ਇਤਨੀ ਘਾਲਣਾ ਘਾਲੀ ਜੋ ਇਲਾਕੇ ਵਿਚ ਹੀ ਨਹੀਂ ਬਲਕਿ ਖਟ ਭੇਖਾਂ ਵਿਚ ਉਘੇ ਹੋ ਗਏ। ਹਿਕਮਤ, ਰਾਗ, ਇਤਿਹਾਸਕ ਖੋਜ ਵਿਦਿਆ ਦਾਨ ਅਤੇ ਤਿਆਗ ਵਿਚ ਪ੍ਰਸਿਧ ਮਹਾਂ ਪੁਰਸ਼ ਮੰਨੇ ਜਾਣ ਲਗ ਪਏ। ਅਨੇਕ ਮਤਾਂ ਦੇ ਸਾਧੂ, ਉਦਾਸੀ, ਨਿਹੰਗ, ਵੈਰਾਗੀ, ਸੰਨਿਆਸੀ ਬ੍ਰਾਹਮਣ ਅਤੇ ਕਈ ਗ੍ਰਿਸਥੀ ਆਪ ਤੋਂ ਪੜ੍ਹਕੇ ਹਕੀਮ, ਜੋਤਸ਼ੀ, ਪੰਡਿਤ ਤੇ ਵੈਦ ਬਣ ਗਏ।

ਆਨੰਦ ਪੁਰ ਸਾਹਿਬ, ਇਰਦ ਗਿਰਦ ਦੇ ਪਹਾੜੀ ਲੋਗ ਜਦ ਆਪ ਤੋਂ ਦਵਾਈ, ਬੂਟੀ ਲੈਣ ਲਈ ਆਇਆ ਕਰਦੇ ਤਾਂ ਸ੍ਰੀ ਦਸਮੇਸ਼ ਗੁਰੂ ਜੀ ਦਾ ਪਵਿਤ੍ਰ ਇਤਿਹਾਸ ਸੁਣਾ ਕੇ ਉਨ੍ਹਾਂ ਨੂੰ ਗੁਰੂ ਘਰ ਦਾ ਪ੍ਰੇਮੀ ਬਨਾਨ ਦਾ ਜਤਨ ਕਰਦੇ। ਆਪ

ਨੇ ਗੁਰੂ ਘਰ ਤੋਂ ਆਪਣੇ ਆਪ ਨੂੰ ਕੁਰਬਾਨ ਕੀਤਾ ਹੋਇਆ ਸੀ ਇਕ ਵੇਰਾਂ ਮਹਾਰਾਜਾ ਪਟਿਆਲਾ ਨੇ ਪਟਿਆਲੇ ਦਰਸ਼ਨ ਦੇਣ ਲਈ ਹਾਥੀ ਦੀ ਸਵਾਰੀ ਦੇ ਭੇਜੀ, ਪਰ ਆਪ ਨੇ ਇਹ ਕਹਿ ਕੇ ਸਵਾਰੀ ਮੋੜ ਦਿਤੀ ਕਿ ਸ੍ਰੀ ਕਲਗੀਧਰ ਦਾ ਦਰ ਛਡ ਕੇ ਹੋਰ ਕਿਸੀ ਦੇ ਦਰ ਤੇ ਕਿਸ ਲਈ ਜਾਣਾ ਹੈ। ਆਪ ਦੀ ਇਹ ਨਰਿਛਤਾ ਵੇਖ ਕੇ ਬਾਅਦ ਮਹਾਰਾਜਾ ਰਾਜਿੰਦਰ ਸਿੰਘ ਸਾਹਿਬ ਆਪ ਦਰਸ਼ਨ ਕਰਨ ਲਈ ਆਏ।

ਦਿਲ ਦੇ ਉਦਾਰ ਪ੍ਰਸਿਧ ਸਨ। ਇਕ ਵੇਰਾਂ ਕਿਸੇ ਚਮਾਰੀ ਨੇ ਬਿਸਤਰੇ ਦੀ ਮੰਗ ਕੀਤੀ ਤਾਂ ਆਪਣਾ ਸਾਰਾ ਬਿਸਤਰਾ ਦੇਕੇ ਭੁਏ ਬੈਠ ਗਏ। ਸਾਧਾਂ ਨੇ ਕਿਹਾ ਕਿ ਮਹਾਰਾਜ ਇਕ ਤਾਂ ਹੇਠਾਂ ਬਿਛਾਉਣ ਲਈ ਖੇਸ ਖਾਸ ਰਖਣਾ ਸੀ। ਆਪ ਨੇ ਕਿਹਾ ਕਿ ਭਾਈ ਚਿੰਤਾ ਕਾਹਨੂੰ ਕਰਦੇ ਹੋ। ਸਾਡਾ ਬਿਸਤ੍ਰਾ ਨਵਾਂ ਕਿਤੋਂ ਆ ਰਿਹਾ ਹੈ। ਸਭ ਦੇ ਵੇਖਦਿਆਂ ੨ ਭਰਥਗੜ੍ਹੋਂ ਕੋਈ ਸਰੀਰ ਬਿਸਤਰਾ ਲੈਕੇ ਪੁਜ ਗਿਆ। ਕੇਸਗੜ੍ਹ ਦੇ ਪੁਜਾ-ਰੀਆਂ ਵਿਚ ਮੁਕਦਮੇ ਬਾਜ਼ੀ ਵੇਖ ਕੇ ਆਪ ਕਈ ਵੇਰਾਂ ਕਿਹਾ ਕਰਦੇ ਕਿ ਹਛਾ ਗੁਰੂ ਇਨ੍ਹ ਦਾ ਕਤਈ ਝਗੜਾ ਮੁਕਾ ਛਡੇਗਾ। ਸੋ ਇਸ ਵੇਲੇ ਤਖਤ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਜ਼ੇਰ ਹੋ ਚੁਕਾ ਹੈ।

ਇਕ ਵੇਰਾਂ ਕਿਸੇ ਪਹਾੜੀਏ ਮਰੀਜ਼ ਨੂੰ ਕਾਗਜ਼ ਉਤੇ ਦੁਸ਼ਾਂਦਾ ਲਿਖ ਦਿਤਾ। ਭੋਲੇ ਭਾਵ ਵਿਚ ਹੀ ਉਸ ਨੇ ਉਹ ਕਾਗਜ਼ ਧੋ ਕੇ ਪੀ ਲਿਤਾ। ਸੰਤਾਂ ਦੀ ਮੇਹਰ ਨਾਲ ਉਹ ਭੀ ਰਾਜ਼ੀ ਹੋ ਗਿਆ। ਜਦ ਕੋਈ ਮਰੀਜ਼ ਰਾਜ਼ੀ ਹੋ ਕੇ ਕੁਝ ਭੇਟਾ

ਕਰਨਾ ਚਾਹੁੰਦਾ ਤਾਂ ਆਪ ਕਹਿ ਦੇਂਦੇ ਸਨ ਕਿ ਜਾਓ ਭਾਈ ਕਿਤੇ ਖੂਹ ਲੁਵਾ ਦਿਓ ਜਾਂ ਕਿਸੇ ਗਰੀਬ ਦਾ ਪੜਦਾ ਢਕੋ। ਆਪ ਦੇ ਚੇਲੇ ਫੂਲਾਂ ਵਾਲੇ ਸੰਤ ਭਗਵਾਨ ਸਿੰਘ ਜੀ, ਸੰਤ ਹਰੀ ਸਿੰਘ ਜੀ, ਸੰਤ ਸਾਧੂ ਸਿੰਗ ਜੀ, ਸੰਤ ਚੰਦਾ ਸਿੰਘ ਜੀ, ਹਿਰਦਾ ਪੁਰ, ਸੰਤ ਰਣ ਸਿੰਘ ਜੀ, ਸੰਤ ਵਜ਼ੀਰ ਸਿੰਘ ਜੀ ਆਦ ਕਈ ਹੋਏ। ਇਸ ਤਰ੍ਹਾਂ ਆਪ ਨੇ ਸਾਰੀ ਜ਼ਿੰਦਗੀ ਭਜਨ ਪਾਠ ਤੇ ਪਰੋਪਕਾਰ ਵਿਚ ਬਤੀਤ ਕੀਤੀ। ਅੰਤ ਸੰਮਤ ੧੯੭੨ ਭਾਦਰੋਂ ਦੀ ਪੂਰਨਮਾਸ਼ੀ ਵਾਲੇ ਦਿਨ ਗੁਰਪੁਰੀ ਸਿਧਾਰ ਗਏ। ਸਮਾਧ ਬਾਗ ਵਿਚ ਬਣੀ ਹੋਈ ਹੈ। ਕਈ ਸਾਧੂ ਆਪ ਦੇ ਸ਼ਿਸ਼ ਮੌਜੂਦ ਹਨ। ਜੋ ਤੀਰਥ ਯਾਤਰਾ ਕਰਦੇ ਪ੍ਰਚਾਰ ਕਰਦੇ ਰਹਿੰਦੇ ਹਨ।

## ਸੰਤ ਭਗਵਾਨ ਸਿੰਘ ਜੀ ਫੂਲਾਂ ਵਾਲੇ

(ਅੰਮ੍ਰਿਤਸਰ)

ਆਪ ਦਾ ਜਨਮ ਪੋਠੋਹਾਰ ਜ਼ਿਲਾ ਰਾਵਲ ਪਿੰਡੀ ਸੰਮਤ ੧੯੩੭ ਵਿਚ ਹੋਇਆ। ਇਨ੍ਹਾਂ ਨੂੰ ਜ਼ਿਲਾ ਲੁਧਿਆਨੇ ਦੇ ਇਕ ਸ੍ਰ: ਦੇ ਘਰ ਔਲਾਦ ਨ ਹੋਣ ਕਰਕੇ ਉਹ ਪੁਤ੍ਰ ਬਣਾ ਕੇ ਲੈ ਗਏ ਕੁਝ ਸਮੇਂ ਪਰ ਉਨ੍ਹਾਂ ਦੇ ਘਰ ਔਲਾਦ ਹੋ ਗਈ। ਇਹ ਆਪਣੀ ਨਿਰਾਦਰੀ ਸਮਝਕੇ ਸ੍ਰੀ ਬਾਬਾ ਮਹਿਤਾਬ ਸਿੰਘ ਜੀ ਸ਼ਾਹਦਰੇ ਵਾਲਿਆਂ ਪਾਸ ਆ ਰਹੇ। ਉਨ੍ਹਾਂ ਦੀ ਆਸ਼ੀਰਵਾਦ ਪ੍ਰਾਪਤ ਕੀਤੀ। ਪਿਛੋਂ ਸ੍ਰਦਾਰ ਤੇ ਉਸਦਾ ਲੜਕਾ ਗੁਜ਼ਰ ਗਏ। ਮਾਈ ਜਾ ਕੇ ਆਪ ਨੂੰ ਸ਼ਾਹਦਰੇ ਤੋਂ ਲੈ ਆਈ। ਥੋੜੇ

ਮੋਂ ਬਾਅਦ ਮਾਈ ਭੀ ਮਰ ਗਈ। ਆਪ ਉਦਾਸ ਹੋ ਕੇ ਸ੍ਰੀ ਆਨੰਦ ਪੁਰ ਸਾਹਿਬ ਸੰਤ ਸੰਪੂਰਨ ਸਿੰਘ ਜੀ ਦੀ ਸੰਗਤ ਵਿਚ ਪਹੁੰਚੇ ਤਾਂ ਪੜ੍ਹ ਲਿਖ ਕੇ ਚੰਗੇ ਜੋਤਸ਼ੀ ਹੋ ਗਏ। ਉਨ੍ਹਾਂ ਦੀ ਸੇਵਾ ਵਿਚ ਰਹਿ ਕੇ ਸੇਵਾ ਟਹਿਲ ਕਰਦੇ ਰਹੇ। ਅਜ ਕਲ ਆਪ ਉਘੇ ਗੁਰਮਤ ਦੇ ਪ੍ਰਚਾਰਕ ਹਨ। ਬ੍ਰਾਹਮਣ ਤੇ ਖਤ੍ਰੀ ਆਰੀਆ ਸਮਾਜੀ ਆਪ ਦੇ ਜ਼ਿਆਦਾ ਸ਼ਰਧਾਲੂ ਹਨ ਕਿਉਂਕਿ ਆਪ ਜੋਤਸ਼ ਦਾ ਕੰਮ ਬਹੁਤ ਸੁੰਦਰ ਜਾਣਦੇ ਹਨ। ਇਸ ਲਈ ਲੋਕੀ ਆਪ ਤੋਂ ਗੁਰੂ ਨਾਨਕ ਜੀ ਦਾ ਸਿਧਾਂਤ ਸਮਝ ਕੇ ਝੁਕ ਜਾਂਦੇ ਹਨ। ਆਪ ਗਿਆਨੀ ਤੇ ਕਵੀ ਵੀ ਹਨ। ਖਾਸ ਕਰਕੇ ਰਮਲ ਵਿਚ ਮਹਾਰਤ ਰਖਦੇ ਹਨ। ਫੂਲ ਕੇਵੜਾ, ਫੂਲ ਚੰਬੇਲੀ ਆਦਿ ਆਪ ਦੀਆਂ ਰਚਨਾ ਮੌਜੂਦ ਹਨ। ਆਪ ਦੇ ਚੇਲੇ ਸੰਤ ਸੰਤ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੀ, ਸੰਤ ਸੁਦਾਰਾ ਸਿੰਘ ਜੀ, ਸੰਤ ਦੀਦਾਰ ਸਿੰਘ ਜੀ ਆਦਿ ਕਈ ਹਨ। ਸੰਤ ਭਗਵਾਨ ਸਿੰਘ ਜੀ ਭੇਖ ਪ੍ਰਸਿਧ ਮਿਲਨ ਸਾਰ ਸਾਧੂ ਹਨ ਇਨ੍ਹਾਂ ਨੇ ਕਈਆਂ ਨੂੰ ਗੁਰੂ ਘਰ ਦੇ ਪ੍ਰੇਮੀ ਬਣਾਇਆ। ਆਪਦੀ ਸਿਖੀ ਸੇਵਕੀ ਲਾਹੌਰ ਬਟਾਲਾ ਹੁਸ਼ਿਆਰ ਪੁਰ ਤੇ ਖਾਸ ਕਰਕੇ ਹਜ਼ਰੋ ਆਦ ਵਿਚ ਹੈ।

## ਡੇਰਾ ਮਲੂ ਨੰਗਲ
## ਮਹੰਤ ਮਈਆ ਸਿੰਘ ਜੀ

ਚੇਲੇ ਬਾਬਾ ਹੁਕਮ ਸਿੰਘ ਜੀ, ਆਪ ਦਾ ਜਨਮ ਮਾਝੇ ਦਾ ਸੀ ਤੇ ਸੰਤ ਹੁਕਮ ਸਿੰਘ ਜੀ ਦੀ ਸੰਗਤ ਮਸਿਆ ਤੇ ਆਏ

ਤਰਨ ਤਾਰਨ ਸਾਹਿਬ ਹੀ ਹੋ ਗਈ ਫਿਰ ਸਤ ਸੰਗਤ ਦੇ ਆਨੰਦ ਵਿਚ ਹੀ ਸਮਾਂ ਬਤੀਤ ਕਰਦੇ ਰਹੇ। ਬਾਬਾ ਹੁਕਮ ਸਿੰਘ ਜੀ ਦੇ ਮਲੂ ਨੰਗਲ ਨਿਵਾਸੀ ਸਿਖ ਸੇਵਕਾਂ ਨੇ ਆਪ ਨੂੰ ਸੰਤਾਂ ਪਾਸੋਂ ਮੰਗ ਲਿਆਂਦਾ ਸੰਤਾਂ ਨੇ ਇਥੇ ਆ ਕੇ ਗੁਰਦੁਆਰਾ ਬਣਾ ਕੇ ਧਰਮ ਪ੍ਰਚਾਰ ਕੀਤਾ। ਆਪ ਦੀ ਸਿਖੀ ਸੇਵਕੀ ਦੂਰ ਦੂਰ ਤਕ ਸੀ। ਆਪ ਦੇ ਚੇਲੇ ਸੰਤ ਵਸਾਵਾ ਸਿੰਘ ਜੀ ਹੋਏ। ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ਸੰਮਤ ੧੯੨੪ ਦੇ ਕੁੰਭ ਉਤੇ ਸਤ ਸਰੋਵਰ ਜਾ ਕੇ ਸਮਾ ਗਏ।

## ਮਹੰਤ ਵਸਾਵਾ ਸਿੰਘ ਜੀ

ਆਪਦਾ ਜਨਮ ਪਿੰਡ ਸਾਂਕਣਾ ਵਿਚ ਹੋਇਆ ਆਪ ਚੰਗੇ ਭਜਨੀਕ ਸਾਧੂ ਸਨ। ਸੰਤ ਮਯਾ ਸਿੰਘ ਜੀ ਦੇ ਸਮਾਉਣ ਉਤੇ ਆਪ ਨੂੰ ਸੰਤ ਹੁਕਮ ਸਿੰਘ ਜੀ ਨੇ ਸੰਮਤ ੧੯੨੪ ਜੇਠ ਵਿਚ ਇਥੇ ਰਖ ਲਿਤਾ, ਆ ਕੇ ਆਪ ਨੇ ਡੇਰਾ ਸਾਂਭ ਲਿਆ। ਆਪ ਦੇ ਚੇਲੇ ਸੰਤ ਈਸ਼ਰ ਸਿੰਘ ਜੀ ਹੋਏ ਹਨ। ਜਿਨ੍ਹਾਂ ਨੂੰ ਮਹੰਤੀ ਸੌਂਪ ਕੇ ਆਪ ਸੰਮਤ ੧੯੪੯ ਵਿਚ ਸਾਵਨ ਮਹੀਨੇ ਮਲੂ ਨੰਗਲ ਹੀ ਸਮਾਏ ਹਨ।

## ਮਹੰਤ ਈਸ਼ਰ ਸਿੰਘ ਜੀ

ਆਪ ਦਾ ਜਨਮ ਪਿੰਡ ਬੈਕਾਂ ਜ਼ਿਲਾ ਲਾਹੌਰ ਵਿਚ ਹੋਇਆ। ਆਪ ਗਦੀ ਉਤੇ ਨਹੀਂ ਬੈਠੇ ਨਿਰਮਲ ਅਖਾੜਾ ਪੰਚਾਇਤੀ ਦੇ ਕੁਝ ਚਿਰ ਮਹੰਤ ਰਹਿ ਕੇ ਫਿਰ ਵਿਰਕਤੀ ਠਾਠ ਵਿਚ ਹੀ ਵਿਚਰਦੇ ਰਹੇ ਹਨ। ਆਪ ਭੇਖ ਪ੍ਰਸਿੱਧ ਉਘੇ

ਦਰਸ਼ਨੀ ਫਕੀਰ ਸਨ ਆਪ ਦੇ ਅਨੇਕ ਸਰਧਾਲੂ ਸਿਖ ਸੇਵਕ ਹੋਏ ਹਨ। ਜਿਹਾ ਕਿ ਸੰਤ ਪੰ: ਸਾਧੂ ਸਿੰਘ ਜੀ, ਸੰਤ ਮਈਆ ਸਿੰਘ ਜੀ, ਸੰਤ ਅਤਰ ਸਿੰਘ ਜੀ, ਸੰਤ ਪੰਜਾਬ ਸਿੰਘ ਜੀ, ਸੰਤ ਜਸਾ ਸਿੰਘ ਜੀ, ਸੰਤ ਗੰਗਦੇਵ ਸਿੰਘ ਜੀ ਆਦਿ ਕਈ ਹੋਏ ਹਨ ਜਿਨ੍ਹਾਂ ਵਿਚੋਂ ਸੰਤ ਅਤਰ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਮਲ੍ਹੂ ਨੰਗਲ ਵਿਚ ਹੀ ਸਮਾ ਗਏ।

## ਮਹੰਤ ਅਤਰ ਸਿੰਘ ਜੀ

ਆਪ ਕੁਝ ਚਿਰ ਮਹੰਤੀ ਕਰਦੇ ਰਹੇ। ਮਹੰਤ ਈਸ਼ਰ ਸਿੰਘ ਜੀ ਦੀ ਮੌਜੂਦਗੀ ਵਿਚ ਹੀ ਆਪ ਨੇ ਆਪਣੇ ਗੁਰਭਾਈ ਸੰਤ ਮਈਆ ਸਿੰਘ ਜੀ ਨੂੰ ਬਾਰ ਵਾਲੇ ਡੇਰੇ ਵਿਚੋਂ ਸਦ ਕੇ ਮਹੰਤੀ ਸੌਂਪ ਦਿਤੀ ਤੇ ਆਪ ਅਖਾੜੇ ਵਿਚ ਚਲੇ ਗਏ।

ਮਹੰਤ ਈਸ਼ਰ ਸਿੰਘ ਜੀ ਦੇ ਕਈ ਚੇਲੇ ਸਨ ਮਹੰਤ ਸਾਧੂ ਸਿੰਘ ਜੀ ਸੰਤ ਗੰਗ ਦੇਵ ਸਿੰਘ ਮਹੰਤ ਬੁਧ ਸਿੰਘ, ਸੰਤ ਪੰਜਾਬ ਸਿੰਘ ਜੀ ਮਹੰਤ ਨਥਾ ਸਿੰਘ ਜੀ ਮ: ਪਾਲਾ ਸਿੰਘ ਜੀ, ਮਹੰਤ ਮਘਰ ਸਿੰਘ ਜੀ ਅੰਮ੍ਰਿਤਸਰ।

## ਬਾਬਾ ਪ੍ਰਧਾਨ ਸਿੰਘ ਜੀ

(ਫਤੇ ਜੰਗ ਜਿ: ਕੈਮਲਪੁਰ)

ਆਪ ਕਾਦੀਆਂ ਵਾਲੇ ਬਾਬਾ ਜਸਾ ਸਿੰਘ ਜੀ ਤੋਂ ਸਿਧ ਅਵਸਥਾ ਪ੍ਰਾਪਤ ਕਰ ਕੇ ਸ੍ਰੀ ਅੰਮ੍ਰਿਤਸਰੋਂ ਬਾਬਾ ਖੁਦਾ ਸਿੰਘ ਜੀ ਨਾਲ ਲਾਹੌਰ ਭਾਈ ਵਸਤੀ ਰਾਮ ਜੀ ਦੇ ਦਰਸ਼ਨ ਮੇਲੇ

ਕਰਦੇ ਲਹਿੰਦੇ ਦੀ ਯਾਤਰਾ ਕਰਨ ਚਲੇ ਗਏ। ਰਾਵਲ ਪਿੰਡੀ, ਸ੍ਰੀ ਪੰਜਾ ਸਾਹਿਬ ਆਦਿ ਅਸਥਾਨਾ ਦਾ ਦਰਸ਼ਨ ਕਰ ਕੇ ਬਾਬਾ ਖੁਦਾ ਸਿੰਘ ਜੀ ਤਾਂ ਪਿਸ਼ਾਵਰ ਵਲ ਟੁਰ ਗਏ ਤੇ ਸਿਖਾਂ ਦੀ ਬੇਨਤੀ ਮੰਨ ਕੇ ਆਪ ਫਤੇ ਜੰਗ ਟਿਕ ਗਏ। ਬਾਬਾ ਖੁਦਾ ਸਿੰਘ ਜੀ ਤੇ ਆਪ ਦੋਵੇਂ ਨੰਗੇ ਰਿਹਾ ਕਰਦੇ ਸਨ। ਰਹਿਣੀ ਇਨੀ ਉਚੀ ਸੀ ਕਿ ਕੋਈ ਕਪੜਾ ਲਾਹ ਖੜੇ ਜਾਂ ਪਾ ਜਾਏ ਆਪ ਨੂੰ ਕਦੇਈ ਖਿਆਲ ਨਹੀਂ ਸੀ ਫੁਰਦਾ। ਗੁਰੂ ਮੰਤ੍ਰ ਨਾਲ ਇਤਨਾ ਪਿਆਰ ਸੀ ਜਦ ਕੋਈ ਸਿਖ ਸੇਵਕ ਦਰਸ਼ਨ ਲਈ ਆਉਂਦਾ ਅ ਪ ਏਹੀ ਕਹਿੰਦੇ, ਬੋਲ ਵਾਹਿਗੁਰੂ, ਅਗਲਾ ਭੀ ਮਿਠੀ ਰੀਤ ਨਾਲ ਕਹਿ ਦੇਂਦਾ, ਸ੍ਰੀ ਵਾਹਿਗੁਰੂ ੜ ਜਦ ਨਗਰ ਵਿਚ ਆਉਂਦੇ ਤਾਂ ਏਹੀ ਅਵਾਜ਼ਾਂ ਦੇਂਦੇ ਚਲੇ ਆਉਂਦੇ, ਬੋਲੋ ਵਾਹਿਗੁਰੂ ਲੋਗ ਭੀ ਆਪ ਨੂੰ ਦੂਰੋਂ ਵੇਖ ਕੇ ਉਚੀ ਸੁਰ ਨਾਲ ਵਾਹਿਗੁਰੂ ਸ੍ਰੀ ਵਾਹਿਗੁਰੂ ਕੈਹਣ ਲਗ ਪੈਂਦੇ। ਮਧੂਕਰੀ ਮੰਗਣ ਜਾਂਦੇ ਤਾਂ ਘਰਾਂ ਵਿਚ ਤੇਜ਼ੀ ਨਾਲ ਆਖਦੇ ਬੋਲੋ ਵਾਹਿਗੁਰੂ, ਸੋ ਜਦ ਆਪ ਨਗਰ ਵਿਚ ਆਉਂਦੇ ਤਾਂ ਸਾਰੇ ਸਤਿ ਨਾਮ, ਵਾਹਿ-ਗੁਰੂ ਦੀ ਧੁਨੀ ਲਗ ਜਾਂਦੀ।

ਇਸ ਤਰ੍ਹਾਂ ਕੋਈ ਦੁਖੀ ਆਪ ਪਾਸ ਆਉਂਦਾ ਤਾਂ ਪਿਠ ਉਤੇ ਥਾਪੀ ਮਾਰ ਕੇ ਕਹਿੰਦੇ ਬੋਲ ਵਾਹਿਗੁਰੂ, ਅਗਲਾ ਜਦ ਸ੍ਰਧਾ ਨਾਲ ਆਖਦਾ, ਸ੍ਰੀ ਵਾਹਿਗੁਰੂ ੜ ਤਾਂ ਉਸਦਾ ਦੁਖ ਦੂਰ ਹੋ ਜਾਂਦਾ। ਇਸ ਤਰ੍ਹਾਂ ਆਪ ਸਿਧ ਅਵਸਥਾ ਵਿਚ ਪੁਜੇ ਹੋਏ ਸਨ।

ਕਹਿੰਦੇ ਹਨ ਇਕ ਵਾਰ ਬਾਬਾ ਸਾਹਿਬ ਸਿੰਘ ਜੀ

ਬੇਦੀ ਊਨੇ ਤੋਂ ਫਤੇ ਜੰਗ ਆਏ ਤੇ ਸਿਖਾਂ ਤੋਂ ਪੁਛਿਆ ਕਿ ਇਥੇ ਬ੍ਰਹਮ ਗਿਆਨੀ ਸਿਧ ਪੁਰਸ਼ ਬਾਬਾ ਪ੍ਰਧਾਨ ਸਿੰਘ ਜੀ ਭੀ ਰਹਿੰਦੇ ਹਨ ? ਸਿਖਾਂ ਦੇ ਹਾਂ ਕਹਿਨ ਪਰ ਆਪ ਨੇ ਸੇਵਾਦਾਰ ਭੇਜਿਆ ਅਗੋਂ ਸਿਧ ਜੀ ਭੀ ਦਰਸ਼ਨ ਕਰਨ ਆ ਰਹੇ ਸਨ ਸੇਵਾਦਾਰ ਨੇ ਮਥਾ ਟੇਕਿਆ ਤੇ ਬਾਬਾ ਜੀ ਦਾ ਸੁਨੇਹਾ ਦਿਤਾ। ਆਪ ਹਸ ਕੇ ਕਹਿਣ ਲਗੇ ਅਸੀਂ ਪਹਿਲਾਂ ਹੀ ਆ ਰਹੇ ਸਾਂ। ਅਗੇ ਬਾਬਾ ਸਾਹਿਬ ਸਿੰਘ ਜੀ ਦਰਬਾਰ ਤੋਂ ਉਠ ਕੇ ਮੰਜੇ ਤੇ ਬੈਠੇ ਹੋਏ ਸਨ। ਇਹ ਭੀ ਆ ਗਏ ਬਾਬਾ ਜੀ ਨੇ ਇਨ੍ਹਾਂ ਨੂੰ ਭੀ ਮੰਜੇ ਤੇ ਬੈਠਾ ਲਿਆ।

ਆਪ ਦੇ ਚੇਲੇ ਸੰਤ ਗਾੜ੍ਹਾ ਸਿੰਘ ਜੀ ਹੋਏ ਜਿਨ੍ਹਾਂ ਨੂੰ ਡੇਰਾ ਦੇ ਕੇ ਆਪ ਸ੍ਰੀ ਅੰਮ੍ਰਿਤਸਰ ਚਲੇ ਗਏ ਆਪ ਦਾ ਅੰਤ ਸਮਾਂ ਸਿਖ ਰਾਜ ਦਾ ਅਖੀਰ ਅਤੇ ਅੰਗ੍ਰੇਜ਼ ਰਾਜ ਦਾ ਆਰੰਭ ਹੈ।

## ਮਹੰਤ ਗਾੜ੍ਹਾ ਸਿੰਘ ਜੀ

ਆਪ ਦਾ ਜਨਮ ਅਧਵਾਲ ਜ਼ਿਲਾ ਰਾਵਲ ਪਿੰਡੀ ਦੇ ਖਤ੍ਰੀ ਖਾਨਦਾਨ ਵਿਚ ਹੋਇਆ। ਆਪ ਵੀ ਬੜੇ ਪ੍ਰਤਾਪ ਵਾਲੇ ਮਹਾਂ ਪੁਰਸ਼ ਹੋਏ ਹਨ। ਅੰਗ੍ਰੇਜ਼ ਰਾਜ ਦੇ ਸ਼ੁਰੂ ਵਿਚ ਇਸ ਡੇਰੇ ਦੀ ਜ਼ਮੀਨ ਜਾਇਦਾਦ ਦਾ ਜੋ ਇੰਤਕਾਲ ਹੋਇਆ ਹੈ। ਉਹ ਸਭ ਤੋਂ ਪਹਿਲਾਂ ਆਪ ਦੇ ਨਾਮ ਹੀ ਹੋਇਆ ਹੈ। ਸਾਹਿਬ ਲਿੰਗ ਦੇ ਦਸਤਖਤਾਂ ਹੇਠ ਆਪਦੇ ਨਾਮ ਮਾਫੀ ਹੋਈ ਹੈ, ਜੋ ਹੁਣ ਤਕ ਹੈ। ਆਪ ਸਾਹਿਬੇ ਇਕ ਬਾਲ ਹੋਏ ਹਨ। ਆਪ ਦੇ ਚੇਲੇ

ਸੰਤ ਗੌਹਰ ਸਿੰਘ ਜੀ ਤੇ ਸੰਤ ਨਿਹਾਲ ਸਿੰਘ ਜੀ ਹੋਏ। ਜਿਨ੍ਹਾਂ ਵਿਚੋਂ ਸੰਤ ਗੌਹਰ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸੌ ਸਾਲ ਦੀ ਉਮਰ ਵਿਚ ਬੈਕੁੰਠ ਗਮਨ ਕਰ ਗਏ।

**ਮਹੰਤ ਗੌਹਰ ਸਿੰਘ ਜੀ** ਆਪਦਾ ਜਨਮ ਪਿੰਡ ਫਤਹ ਜੰਗ ਜ਼ਿਲਾ ਕੈਮਲ ਪੁਰ ਵਿਚ ਹੋਇਆ। ਆਪ ਤੇ ਸੰਤ ਨਿਹਾਲ ਸਿੰਘ ਜੀ ਇਕੱਠੇ ਹੀ ਮਹੰਤੀ ਦਾ ਕੰਮ ਚਲਾਉਂਦੇ ਰਹੇ ਹਨ। ਗੁਰਭਾਈਆਂ ਦਾ ਪਰਸ ਪਰ ਪਿਆਰ ਸੀ। ਸੰਤ ਗੌਹਰ ਸਿੰਘ ਜੀ ੭੦ ਸਾਲ ਦੀ ਅਵਸਥਾ ਭੋਗ ਕੇ ਸੰਮਤ ੧੯੩੬ ਵਿਚ ਫਤਹ ਜੰਗ ਵਿਚ ਹੀ ਸਮਾਏ ਹਨ।

**ਸੰਤ ਨਿਹਾਲ ਸਿੰਘ ਜੀ** ਚੇਲੇ ਮਹੰਤ ਗਾੜ੍ਹਾ ਸਿੰਘ ਜੀ, ਆਪ ਦਾ ਜਨਮ ਚਕਵਾਲ ਜ਼ਿਲਾ ਜੇਹਲਮ ਵਿਚ ਹੋਇਆ। ਛੋਟੇ ਹੁੰਦੇ ਹੀ ਸੰਤਾਂ ਦੀ ਸੰਗਤ ਵਿਚ ਆਏ ਤੇ ਗੁਰਭਾਈ ਸੰਤ ਗੌਹਰ ਸਿੰਘ ਜੀ ਦੇ ਗੁਜ਼ਰਨ ਪਰ ਆਪ ਮਹੰਤ ਹੋ ਕੇ ਡੇਰਾ ਚਲਾਉਣ ਲਗੇ ਆਪ ਦੇ ਚੇਲੇ ਸੰਤ ਅਤਰ ਸਿੰਘ ਜੀ ਹੋਏ ਜਿਨ੍ਹਾਂ ਨੂੰ ਡੇਰਾ ਸੌਂਪ ਕੇ ਆਪ ਸੰਮਤ ੧੯੩੬ ਵਿਚ ਪ੍ਰਲੋਕ ਗਮਨ ਕਰ ਗਏ। ਪਿਛੋਂ ਸੰਤ ਅਤਰ ਸਿੰਘ ਜੀ ਮਹੰਤ ਈਸ਼ਰ ਸਿੰਘ ਜੀ ਦੀ ਸੰਗਤ ਵਿਚ ਰਹਿ ਕੇ ਫਿਰਦੇ ਫਰਾਉਂਦੇ ਰਹੇ ਤੇ ਡੇਰੇ ਦਾ ਪ੍ਰਬੰਧ ਵੀ ਕਰਦੇ ਰਹੇ ਹਨ।

## ਮਹੰਤ ਅਤਰ ਸਿੰਘ ਜੀ

ਚੇਲੇ ਮਹੰਤ ਨਿਹਾਲ ਸਿੰਘ ਜੀ। ਆਪਦਾ ਜਨਮ ਪਿੰਡ ਚਕਵਾਲ ਜ਼ਿਲਾ ਜੇਹਲਮ ਸੰਮਤ ੧੯੧੦ ਵਿਚ ਹੋਇਆ।

ਆਪ ਨੂੰ ਮਾਪਿਆਂ ਨੇ ੨੨ ਸਾਲ ਦੀ ਉਮਰ ਵਿਚ ਸੰਤ ਨਿਹਾਲ ਸਿੰਘ ਜੀ ਦੇ ਸਪੁਰਦ ਕਰ ਦਿਤਾ ਕਿਉਂਕਿ ਆਪ ਕਦੇ ਰਾਤ ਕਸਾਂ ਵਿਚ ਕਦੇ ਬੂਟਿਆਂ ਉਤੇ ਗੁਜ਼ਾਰ ਆਉਂਦੇ ਸਨ ਪਰ ਘਰ ਨਹੀਂ ਸਨ ਰਹਿੰਦੇ। ਸੰਤ ਨਿਹਾਲ ਸਿੰਘ ਜੀ ਦੇ ਗੁਜਰਨ ਤੇ ਸਾਰੀ ਜਾਇਦਾਦ ਆਪ ਦੇ ਨਾਮ ਦਾਖਲ ਖਾਰਜ ਹੋ ਗਈ। ਆਪ ਨੇ ਸਧਾਰ, ਮਾਲਬ ਤੇ ਲਾਹੌਰ ਆਦਿ ਵਿਚ ਕਈ ਕੁਟੀਏ ਬਨਵਾਏ। ਸੰਮਤ ੧੯੩੯ ਵਿਚ ਨਿਰਮਲ ਅਖਾੜਾ ਪੰਚਾਇਤੀ ਵਿਚ ਕੰਮ ਕਰਨ ਲਗ ਪਏ। ਜਿਥੇ ਕਈ ਵਰ੍ਹੇ ਸੇਵਾ ਕਰਦਿਆਂ ਲੰਘਾਏ। ਆਪ ਲਾਹੌਰ ਪੰ: ਕਲਿਆਣ ਸਿੰਘ ਜੀ ਦੇ ਡੇਰੇ ਕਈ ਵਰ੍ਹੇ ਮਹੰਤ ਰਹੇ ਸਨ।

ਮਹੰਤ ਈਸ਼ਰ ਸਿੰਘ ਜੀ ਦੇ ਨਿਕਟ ਵਰਤੀ ਹੋਣ ਕਰਕੇ ਉਨ੍ਹਾਂ ਦੇ ਚੇਲੇ ਪ੍ਰਸਿਧ ਹੋਏ ਸਨ। ਆਪ ਦੇ ਕਈ ਚੇਲੇ ਹਨ, ਜੋ ਅਲਗ ੨ ਥਾਵਾਂ ਦੇ ਮਹੰਤ ਹਨ।

## ਮਹੰਤ ਸੁਖਾ ਸਿੰਘ ਜੀ

ਆਪਦਾ ਜਨਮ ਇਲਾਕਾ ਸੂਆਂ ਵਿਚ ਹੋਇਆ। ੯-੧੦ ਸਾਲ ਦੀ ਉਮਰ ਵਿਚ ਸਾਧੂ ਹੋਏ। ਸੰਮਤ ੧੯੫੪ ਵਿਚ ਸੰਤ ਅਤਰ ਸਿੰਘ ਜੀ ਨੇ ਇਨ੍ਹਾਂ ਨੂੰ ਡੇਰਾ ਵਾਂਈ ਫਤਹ ਜੰਗ ਦੀ ਵਸੀਅਤ ਕਰਕੇ ਮਹੰਤੀ ਦੇ ਦਿਤੀ ਆਪ ਚੰਗੇ ਉਦਮੀ ਤੇ ਆਗਿਆ ਕਾਰ ਸਾਧੂ ਸਨ। ਸੰਮਤ ੧੯੭੮ ਵਿਚ ਅਕਾਲੀਆਂ ਨੇ ਆਪ ਦੇ ਖਿਲਾਫ ਗੁਰਦਵਾਰਾ ਟਿਰਬਿਊਨਲ ਵਿਚ ਮੁਕਦਮਾ ਕੀਤਾ। ਉਲਟਾ ਉਨ੍ਹਾਂ ਦੇ ਸਿਰ ੨੦੦) ਦਾ ਖਰਚ

ਪਇਆ ਫਿਰ ਉਨ੍ਹਾਂ ਨੇ ਹਾਈਕੋਰਟ ਵਿਚ ਅਪੀਲ ਕੀਤੀ। ਹਾਈ ਕੋਰਟ ਨੇ ਪਿਛਲਾ ਫੈਸਲਾ ਰਖ ਕੇ ੨੦੦) ਉਹ ਤੇ ੧੦੦) ਹੋਰ ਤਿੰਨ ਸੌ ਦੀ ਡਿਗਰੀ ਦੇ ਦਿਤੀ, ਸੰਤ ਸੁਖਾ ਸਿੰਘ ਨੇ ਤਿੰਨ ਸੌ ਰੁਪਿਆ ਵਸੂਲ ਕਰਕੇ ਇਹੋ ਜਿਹੀ ਉਨ੍ਹਾਂ ਦੀ ਪਿਠ ਲਾਈ ਕਿ ਮੁੜ ਉਠਨ ਜੋਗੇ ਨਹੀਂ ਰਹਿਣ ਦਿਤੇ। ਸੰਮਤ ੧੯੯੧ ਵਿਚ ਇਸ ਕਾਮਯਾਬੀ ਉਤੇ ਆਪ ਨੇ ਕਈ ਅਖੰਡ ਪਾਠ ਕਰਾ ਕੇ ਉਸੇ ਦਿਨ ਆਪਣੇ ਚੇਲੇ ਸੰਤ ਪ੍ਰਤਾਪ ਸਿੰਘ ਜੀ ਨੂੰ ਗੱਦੀ ਦੇ ਦਿਤੀ ਤੇ ਆਪ ਹੁਣ ਆਪਣੇ ਗੁਰਭਾਈ ਸੰਤ ਹਮੀਰ ਸਿੰਘ ਦੇ ਥਾਂ ਤਖਤ ਮਲ ਪੰਡੋਰੀ ਜ਼ਿਲਾ ਅੰਮ੍ਰਿਤਸਰ ਦੇ ਮਹੰਤ ਹੋਕੇ ਰਹਿੰਦੇ ਹਨ।

## ਮਹੰਤ ਪ੍ਰਤਾਪ ਸਿੰਘ ਜੀ

ਕਈ ਵਰ੍ਹਿਆਂ ਤੋਂ ਆਪ ਮਹੰਤ ਹਨ।

## ਡੇਰਾ ਤਖਤ ਮਲ
## ਸੰਤ ਹਮੀਰ ਸਿੰਘ ਜੀ

ਚੇਲੇ ਸੰਤ ਅਤਰ ਸਿੰਘ ਜੀ। ਆਪ ਇਸ ਡੇਰੇ ਦੇ ਮਹੰਤ ਰਹੇ ਹਨ ਕਹਿੰਦੇ ਹਨ ਇਸ ਮਕਾਨ ਨੂੰ ਸੰਤ ਭਾਨ ਸਿੰਘ ਜੀ ਨੇ ਅਪਣੀ ਜ਼ਮੀਨ ਵਿਚ ਪਾਇਆ ਸੀ ਤੇ ੧੦ ਵਿਘੇ ਜ਼ਮੀਨ ਤੇ ਇਕ ਖੂਹ ਲਵਾਕੇ ਸਾਧ ਸੰਗਤ ਲਈ ਅਸਥਾਨ ਬਣਾਇਆ। ਆਪ ਜ਼ਿਆਦਾ ਤਰ ਤਰਨ ਤਾਰਨ ਵਿਚ ਰਹਿੰਦੇ ਸਨ। ਇਸੇ ਮਕਾਨ ਦੇ ਮਹੰਤ ਸੰਤ ਹਮੀਰ ਸਿੰਘ ਜੀ ਰਹੇ, ਤੇ

ਸੰਮਤ ੧੯੯੦ ਚੇਤ੍ਰ ਦੀ ਤਿੰਨ ਨੂੰ ਸਮਾ ਗਏ ਤੇ ਮਹੰਤੀ ਆਪਣੇ ਗੁਰਭਾਈ ਸੰਤ ਸੁਖਾ ਸਿੰਘ ਜੀ ਨੂੰ ਸੌਂਪ ਗਏ । ਮਹੰਤ ਸੁਖਾ ਸਿੰਘ ਜੀ ਅਜਕਲ ਆਪ ਇਸ ਡੇਰੇ ਦੇ ਮਹੰਤ ਹਨ। ੧੦ ਵਿਘੇ ਜ਼ਮੀਨ ਹੈ ਮਕਾਨ ਪੱਕਾ ਵਿਚ ਖੂਹ ਲਗਾ ਹੋਇਆ ਹੈ। ਸੰਤ ਹਮੀਰ ਸਿੰਘ ਜੀ ਦੀ ਸਮਾਧ ਵਿਚ ਮੌਜੂਦ ਹੈ।

## ਡੇਰਾ ਸ੍ਰੀ ਹਰਗੋਬਿੰਦ ਪੁਰ
## ਸੰਤ ਗੁਲਾਬ ਸਿੰਘ ਜੀ

ਚੇਲੇ ਬਾਬਾ ਜਸਾ ਸਿੰਘ ਜੀ; ਆਪ ਨੇ ਹੀ ਆਕੇ ਇਹ ਡੇਰਾ ਆਬਾਦ ਕੀਤਾ ਸੀ, ਕਹਿੰਦੇ ਹਨ ਪਹਿਲਾਂ ਬਾਬਾ ਜਸਾ ਸਿੰਘ ਜੀ ਇਥੇ ਹੀ ਆਕੇ ਬੈਠੇ ਸਨ ਤੇ ਉਨ੍ਹਾਂ ਦੀ ਯਾਦਗਾਰ ਸਮਝਕੇ ਆਪ ਇਥੇ ਆ ਕੇ ਟਿਕ ਗਏ ਸਨ। ਪਹਿਲੋਂ ਆਪ ਸਾਧੂ ਹੋ ਕੇ ਬਨਾਰਸ ਸੰਸਕ੍ਰਿਤ ਪੜ੍ਹਨ ਚਲੇ ਗਏ । ਬਹੁਤ ਚਿਰ ਪੜ੍ਹ ਲਿਖ ਕੇ ਮੰਡਲੀ ਸਣੇ ਇਥੇ ਆਏ । ਆਪ ਦੇ ਕਈ ਚੇਲੇ ਹੋਏ । ਜਿਨ੍ਹਾਂ ਵਿਚੋਂ ਸੰਤ ਹਮੀਰ ਸਿੰਘ ਜੀ ਪ੍ਰਸਿਧ ਪੰਡਿਤ ਸਨ । ਸੰਤ ਗੁਲਾਬ ਸਿੰਘ ਜੀ ਇਨ੍ਹਾਂ ਨੂੰ ਡੇਰਾ ਸੌਂਪ ਕੇ ਚਿਰ ਮਗਰੋਂ ਇਥੇ ਸਮਾ ਗਏ। ਸਮਾਧ ਮੌਜੂਦ ਹੈ।

**ਸੰਤ ਹਮੀਰ ਸਿੰਘ ਜੀ ਪੰਡਿਤ** ਚੇਲੇ ਮਹੰਤ ਗੁਲਾਬ ਸਿੰਘ ਜੀ ਆਪ ਕਾਂਸ਼ੀ ਦੇ ਪ੍ਰਸਿਧ ਪੰਡਿਤ ਸਨ। ਆਪ ਵੀ ਡੇਰੇ ਵਿਚ ਸਾਧੂ ਤੇ ਬ੍ਰਾਹਮਣਾਂ ਨੂੰ ਪੜ੍ਹਾਉਂਦੇ ਰਹੇ ਹਨ। ਆਪਦੇ ਕਈ ਚੇਲੇ ਸਨ।

**ਮਹੰਤ ਗੁਰਦਿਤ ਸਿੰਘ ਜੀ** ਚੇਲੇ ਮਹੰਤ ਗੁਲਾਬ ਸਿੰਘ ਜੀ। ਆਪ ਵੀ ਚੰਗੇ ਪ੍ਰਤਾਪ ਵਾਲੇ ਹੋਏ ਹਨ। ਡੇਰੇ ਦੇ ਮਹੰਤ ਰਹੇ, ਚੰਗੇ ਪ੍ਰਤਾਪ ਵਾਲੇ ਸਾਧੂ ਸਨ।

**ਮਹੰਤ ਵੀਰ ਸਿੰਘ ਜੀ** ਚੇਲੇ ਪੰਡਿਤ ਹਮੀਰ ਸਿੰਘ ਜੀ, ਆਪ ਦਾ ਜਨਮ ਬ੍ਰਾਹਮਨ ਖਾਨਦਾਨ ਵਿਚੋਂ ਸੀ ਆਪ ਵੀ ਕਾਸ਼ੀ ਤੋਂ ਪੜ੍ਹ ਕੇ ਆਏ ਸਨ। ਆਪ ਦੇ ਚੇਲੇ ਸੰਤ ਕਿਸ਼ਨ ਸਿੰਘ ਜੀ ਤੇ ਸੰਤ ਜੈਮਲ ਸਿੰਘ ਜੀ ਹੋਏ ਹਨ, ਜਿਨ੍ਹਾਂ ਵਿਚੋਂ ਸੰਤ ਕਿਸ਼ਨ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸਮਾ ਗਏ ਸਨ। ਆਪ ਦੀ ਸਮਾਧ ਡਿਉਢੀ ਲਾਗੇ ਡੇਰੇ ਅੰਦਰ ਬਣੀ ਹੋਈ ਹੈ।

**ਮਹੰਤ ਕਿਸ਼ਨ ਸਿੰਘ ਜੀ** ਆਪਦਾ ਜਨਮ ਮਠੋਲਾ ਜ਼ਿਲਾ ਗੁਰਦਾਸ ਪੁਰ ਵਿਚ ਬ੍ਰਾਹਮਨ ਖਾਨਦਾਨ ਵਿਖੇ ਹੋਇਆ। ਸੰਤਾਂ ਦੀ ਸੰਗਤ ਵਿਚ ਰਹਿ ਕੇ ਪੜ੍ਹੇ ਫਿਰ ਕਾਂਸ਼ੀ ਚਲੇ ਗਏ ਉਥੋਂ ਪੜ੍ਹ ਲਿਖ ਕੇ ਪੰਡਿਤ ਹੋ ਕੇ ਸ੍ਰੀ ਹਰਗੋਬਿੰਦ ਪੁਰ ਪੁਜੇ ਤੇ ਇਥੇ ਹੀ ਪੜ੍ਹਾਉਂਦੇ ਰਹੇ। ਪਿਛੋਂ ਮਹੰਤ ਹੋ ਕੇ ਸੇਵਾ ਕਰਦੇ ਰਹੇ। ਇਨ੍ਹਾਂ ਦੇ ਸਮਾਉਨ ਉਤੇ ਇਨ੍ਹਾਂ ਦੇ ਗੁਰ ਭਾਈ ਸੰਤ ਜੈਮਲ ਸਿੰਘ ਜੀ ਮਹੰਤ ਹੋਏ।

**ਮਹੰਤ ਜੈਮਲ ਸਿੰਘ ਜੀ** ਆਪਦਾ ਜਨਮ ਮੂਨਕਕਲਾਂ ਜ਼ਿ: ਹੁਸ਼ਿਆਰ ਪੁਰ ਵਿਚ ਹੋਇਆ। ਇਹ ਭੀ ਨਾਮ ਅਭਿਆਸੀ ਤੇ ਪੰਡਿਤ ਸਨ। ਇਨ੍ਹਾਂ ਦੇ ਚੇਲੇ ਸੰਤ ਮੇਹਰ ਸਿੰਘ ਜੀ ਹੋਏ ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ਚਲ ਬਸੇ।

**ਮਹੰਤ ਮੇਹਰ ਸਿੰਘ ਜੀ** ਆਪ ਮਹੰਤ ਬਣ ਕੇ ਘਰ ਚਲੇ ਗਏ ਹਨ, ਵਾਹੀ ਕਰ ਕੇ ਨਿਰਬਾਹ ਕਰਦੇ ਹਨ, ਡੇਰੇ ਦੇ ਸਾਰੇ ਕਾਗਜ ਪੱਤ੍ਰ ਉਨ੍ਹਾਂ ਕੋਲ ਹਨ। ਸੰਗਤ ਨੇ ਹਿੰਮਤ ਕਰ ਕੇ ਚਾਰ ਘੁਮਾਂ ਜ਼ਮੀਨ ਜੋ ਡੇਰੇ ਨਾਲ ਹੈ। ਠੇਕੇ ਤੇ ਦੇਕੇ ਇਕ ਰਵਦਾਸੀਏ ਸਿੰਘ ਦੇ ਹਵਾਲੇ ਕੀਤੀ ਹੈ ੩੦) ਸਾਲਾਨਾ ਲੈ ਕੇ ਮਕਾਨ ਦੀ ਦੀਵਾ ਬਤੀ ਕਰ ਕੇ ਸੇਵਾ ਹੁੰਦੀ ਹੈ ਇਕ ਸੰਤ ਸੇਵਾ ਸਿੰਘ ਜੀ ਨਾਮ ਕਰ ਕੇ ਡੇਰੇ ਵਿਚ ਰਹਿੰਦਾ ਹੈ ਤੇ ਉਹ ਕਹਿੰਦਾ ਹੈ ਮੈਂ ਮਹੰਤ ਜੈਮਲ ਸਿੰਘ ਜੀ ਦਾ ਚੇਲ਼ਾ ਹਾਂ ਸੰਗਤ ਤੋਂ ਉਸਦੇ ਖਿਆਲ ਅੱਤਰੇ ਹਨ, ਸੰਗਤ ਡੇਰੇ ਦੀ ਤਰੱਕੀ ਦੀ ਚਾਹਵਾਨ ਹੈ। ਡੇਰੇ ਦਾ ਸੰਪ੍ਰਦਾਈਆਂ ਨੂੰ ਪੱਕੇ ਤੌਰ ਪਰ ਅਬਾਦ ਰਖਨ ਲਈ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ। ਸੰਗਤ ਵਲੋਂ ਸੰਤ ਪਾਲਾ ਸਿੰਘ ਜੀ ਗਿਰਵੜੀ ਵਾਲਿਆਂ ਵਿਚੋਂ ਗਰੰਥੀ ਰਖੇ ਹੋਏ ਹਨ ਜੋ ਸੁਬ੍ਹਾ ਸ਼ਾਮ ਸਤ ਸੰਗ ਕਰਦੇ ਹਨ ਸੰਗਤ ਵਲੋਂ ਕਥਾ ਕੀਰਤਨ ਹੁੰਦਾ ਹੈ।

# ਡੇਰਾ ਖੁਜਾਲਾ

## ਸੰਤ ਦੀਪ ਸਿੰਘ ਜੀ

ਚੇਲੇ ਸੰਤ ਜਸਾ ਸਿੰਘ ਜੀ ਆਪ ਦਾ ਜਨਮ ਜ਼ਿਲਾ ਗੁਰਦਾਸ ਪੁਰ ਦਾ ਸੀ ਛੋਟੀ ਉਮਰ ਵਿਚ ਹੀ ਕਾਦੀਆਂ ਵਿਚ ਸੰਤਾਂ ਪਾਸ ਆਏ ਤੇ ਉਥੇ ਸਾਧੂ ਹੋ ਕੇ ਖੁਜਾਲਾ ਪਿੰਡ ਦੇ ਬਾਹਰ

ਵਾਰ ਛਪੜ ਲਾਗੇ ਜਾ ਬੈਠੇ। ਇਥੇ ਹੀ ਸੰਤ ਥਮਨਦਾਸ ਗੁਰੂ ਨਾਨਕ ਜੀ ਦਾ ਮਸੇਰਾ ਭਾਈ ਰਿਹਾ ਹੈ। ਦਿਨ ਭਰ ਤਪ ਕਰਦੇ ਸਨ ਤੇ ਰਾਤ ਖੜੋਤੇ ਬਾਣੀ ਪੜ੍ਹਦੇ ਸਨ ਚੰਗੇ ਤਪੀਸਰ ਹੋਣ ਦਾ ਲੋਕਾਂ ਵਿਚ ਚਰਚਾ ਹੋ ਗਿਆ ਕਈ ਸਿਖ ਸੇਵਕ ਹੋ ਗਏ। ਆਪ ਦੇ ਚੇਲੇ ਸੰਤ ਹੁਕਮਾ ਸਿੰਘ ਜੀ, ਸੰਤ ਬੁਢਾ ਸਿੰਘ ਜੀ, ਸੰਤ ਚੰਦਾ ਸਿੰਘ ਜੀ ਰਾਗੀ ਮਜੀਠੇ ਵਾਲੇ ਆਦ ਕਈ ਸਨ ਜਿਨ੍ਹਾਂ ਵਿਚੋਂ ਸੰਤ ਹੁਕਮਾ ਸਿੰਘ ਜੀ ਨੂੰ ਅਸਥਾਨ ਸੌਂਪ ਕੇ ਆਪ ਸੰਮਤ ੧੯੬੯ ਵਿਚ ਸਮਾ ਗਏ। ਆਪ ਦੀ ਸਮਾਧ ਪੱਕੀ ਬਣੀ ਹੋਈ ਹੈ, ਉਪਰ ਲਿਖੇ ਸਾਰੇ ਸੰਤਾਂ ਦੀਆਂ ਤਸਵੀਰਾਂ ਹਨ।

## ਮਹੰਤ ਹੁਕਮਾ ਸਿੰਘ ਜੀ

ਆਪ ਦਾ ਜਨਮ ਪਿੰਡ ਮਨੇਸ ਖਜਾਲਾ ਵਿਚ ਹੋਇਆ, ਬਾਲਕ ਅਵਸਥਾ ਵਿਚ ਹੀ ਸਾਧੂ ਹੋਏ। ਆਪ ਪਹਿਲਾਂ ਸਿਖ ਰਾਜ ਵਿਚ ਸਾਰਜੰਟ ਰਹੇ ਹਨ, ਕਹਿੰਦੇ ਹਨ ਰਾਸ਼ਨ ਤੇ ਬਰਦੀ ਵੰਡਦੇ ਰਹੇ ਹਨ। ਇਨ੍ਹਾਂ ਦਾ ਸੰਤਾਂ ਨਾਲ ਮੇਲ ਅਪਣੇ ਪਿੰਡ ਵਿਚ ਹੀ ਹੋਇਆ ਸੀ। ਆਪ ਵੀ ਚੰਗੇ ਸਾਧੂ ਸਨ। ਆਪਦੇ ਚੇਲੇ ਸੰਤ ਮੋਹਰ ਸਿੰਘ ਜੀ, ਸੰਤ ਦਲ ਸਿੰਘ ਜੀ ਵਿਰਕਤ, ਸੰਤ ਨਿਹਾਲ ਸਿੰਘ ਜੀ ਕੁਠਾਰੀ ਪਟਿਆਲੇ ਵਾਲੇ ਜੋ ਸ੍ਰੀ ਮਹੰਤ ਕੁਬੇਰੀਆਂ ਵੇਲੇ ਪ੍ਰਾਗ ਰਾਜ ਸਮਾਏ ਸਨ ਆਦਿਕ ਕਈ ਹੋਏ ਜਿਨ੍ਹਾਂ ਵਿਚੋਂ ਸੰਤ ਮੋਹਰ ਸਿੰਘ ਜੀ ਨੂੰ ਮਹੰਤੀ ਸੌਂਪ ਕੇ ਆਪ ਸੰਮਤ ੧੯੨੫ ਨੂੰ ਸਚਖੰਡ ਚਲੇ ਗਏ।

**ਮਹੰਤ ਪੰਡਿਤ ਮੋਹਰ ਸਿੰਘ ਜੀ** ਆਪ ਦਾ ਜਨਮ ਇਲਾਕਾ ਪੋਠੋਹਾਰ ਦੇ ਗਹਿਆ ਪਿੰਡ ਵਿਚ ਹੋਇਆ। ਇਹ ਵੀ ਪਸ਼ਾਵਰ ਤੋਂ ਸੰਤ ਹੁਕਮ ਸਿੰਘ ਜੀ ਨਾਲ ਹੀ ਨੌਕਰੀ ਛਡ ਕੇ ਸਾਧ ਬਣ ਗਏ ਸਨ। ਸੰਤ ਮੋਹਰ ਸਿੰਘ ਜੀ ਬੜੀ ਕਰਨੀ ਵਾਲੇ ਸਾਧੂ ਹੋਏ ਹਨ। ਆਪ ਦੇ ਚੇਲੇ ਸੰਤ ਲਹਿਣਾ ਸਿੰਘ ਜੀ ਸੰਤ ਜੀਵਨ ਸਿੰਘ ਜੀ ਵਿਰਕਤ, ਸੰਤ ਜਵਾਲਾ ਸਿੰਘ ਜੀ ਵਿਰਕਤ, ਸੰਤ ਆਤਮਾ ਸਿੰਘ ਜੀ ਵਿਰਕਤ ਆਦਿ ਕਈ ਹੋਏ ਜਿਨ੍ਹਾਂ ਵਿਚੋਂ ਸੰਤ ਲਹਿਣਾ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਸੰਮਤ ੧੯੫੦ ਵਿਚ ਪ੍ਰਲੋਕ ਗਮਨ ਕਰ ਗਏ ਹਨ।

**ਮਹੰਤ ਲਹਿਣਾ ਸਿੰਘ ਜੀ** ਆਪ ਦਾ ਜਨਮ ਪਿੰਡ ਦਧਾਹੂਰ ਰਿਆਸਤ ਨਾਭਾ ੧੯੧੭ ਨੂੰ ਹੋਇਆ ਸੰਮਤ ੧੯੩੪ ਵਿਚ ਸਾਧੂ ਹੋਏ ਤੇ ਇਥੇ ਹੀ ਸੰਤ ਮੋਹਰ ਸਿੰਘ ਜੀ ਤੋਂ ਪੜ੍ਹੇ ਆਪ ਦੇ ਚੇਲੇ ਸੰਤ ਹਰਭਜਨ ਸਿੰਘ ਜੀ, ਜੋ ਰਾਮ ਥਮਨ ਗੁਰੂ ਨਾਨਕ ਜੀ ਦੇ ਮਸੇਰੇ ਭਾਈ ਦੇ ਸਥਾਨ ਪੁਰ ਰਹਿੰਦੇ ਸਨ। ਕਹਿੰਦੇ ਹਨ ਰਾਮ ਥਮਨ ਜੀ ਇਸੇ ਖਜਾਲਾ ਪਿੰਡ ਵਿਚ ਜੰਮੇ ਹਨ, ਉਨ੍ਹਾਂ ਦੀ ਭਾਰੀ ਸਮਾਧ ਮੌਜੂਦ ਹੈ। ਜਿਸਨੂੰ ਦਰਬਾਰ ਕਰ ਕੇ ਕਹਿੰਦੇ ਹਨ ਤੇ ਦੂਜੀ ਯਾਦਗਾਰ ਕਸੂਰ ਵਿਚ ਹੈ ਸੰਤ ਬਿਸ਼ਨ ਸਿੰਘ ਜੀ ਅ ਦਿ ਕਈ ਚੇਲੇ ਹਨ। ਜਿਨ੍ਹਾਂ ਵਿਚੋਂ ਸੰਤ ਬਿਸ਼ਨ ਸਿੰਘ ਉਤੇ ਖੁਸ਼ ਹਨ ਸਵੇਰੇ ਪਿੰਡ ਦੀ ਸੰਗਤ ਚੰਗੀ ਜੁੜਦੀ ਹੈ। ਕਥਾ ਵਾਰਤਾ ਦਾ ਪ੍ਰਵਾਹ ਜਾਰੀ ਹੈ। ਆਪ ਦੇ

ਗੁਰਭਾਈ **ਸੰਤ ਲਾਭ ਸਿੰਘ ਜੀ** ਭੀ ਆਪ ਦੇ ਪਾਸ ਰਹਿੰਦੇ ਹਨ। ਇਹ ਭੀ ਆਪ ਵਾਂਗੂ ਬ੍ਰਿਧ ਅਵਸਥਾ ਦੇ ਹਨ। ਡੇਰਾ ਪੁਰਾਣਾ ਹੈ ਸਮਾਧਾਂ ਪੱਕੀਆਂ ਹਨ, ਖੂਹ ਵਿਚ ਲਗਾ ਹੋਇਆ ਹੈ ੯ ਰੁਪੈ ਸਾਲਾਨਾ ਡੇਰੇ ਨਾਲ ਮਾਫੀ ਹੈ, ਸਿਰਫ ਮਹਾਂ ਪੁਰਸ਼ਾਂ ਦੀ ਸਤਾ ਨਾਲ ਚਲਦਾ ਹੈ। ਜ਼ਮੀਨ ਕੇਵਲ ਪੰਜ ਘੁਮਾਂ ਹੈ।

## ਮਹੰਤ ਜਵਾਲਾ ਸਿੰਘ ਜੀ

(ਡੇਰਾ ਪਧਿਆਨਾ)

ਚੇਲੇ ਬਾਬਾ ਮੋਹਰ ਸਿੰਘ ਜੀ, ਆਪ ਦਾ ਜਨਮ ਜ਼ਿਲਾ ਗੁਰਦਾਸ ਪੁਰ ਵਿਚ ਹੋਇਆ।ਆਪ ਛੋਟੀ ਉਮਰ ਵਿਚ ਹੀ ਸਾਧੂ ਹੋਏ, ਪਧਿਆਣੇ ਵਿਚ ਆਪ ਨੇ ਹੀ ਡੇਰਾ ਬੰਨ੍ਹਿਆ ਤੇ ਇਥੇ ਹੀ ਆਪ ਦਾ ਦੇਹਾਂਤ ਹੋਇਆ ਆਪ ਦੇ ਚੇਲੇ ਸੰਤ ਮੋਹਰ ਸਿੰਘ ਜੀ ਸਨ, ਜੋ ਸਮਾ ਗਏ ਹਨ ਡੇਰਾ ਸਾਧਾਰਨ ਤੌਰ ਤੇ ਚਲਦਾ ਹੈ।

# ਡੇਰਾ ਮਜੀਠਾ

## ਸੰਤ ਚੰਦਾ ਸਿੰਘ ਜੀ

ਚੇਲੇ ਸੰਤ ਦੀਪ ਸਿੰਘ ਜੀ। ਆਪ ਖੁਜਾਲੇ ਹੀ ਸੰਤਾਂ ਦੀ ਸੰਗਤ ਵਿਚ ਆਕੇ ਟਿਕੇ। ਆਪ ਜਨਮ ਤੋਂ ਨੇਤ੍ਰ ਹੀਨ ਸਨ। ਰਾਗ ਵਿਦਿਆ ਵਿਚ ਬੜੇ ਬਚਿਤ੍ਰ ਤਿਆਗੀ ਸਾਧੂ ਹੋਏ

ਹਨ। ਇਨ੍ਹਾਂ ਨੇ ਮਜੀਠਾ ਪਿੰਡੋਂ ਬਾਹਰਵਾਰ ਸੂਦਾਂ ਦੇ ਬਾਗ ਵਿਚ ਡੇਰਾ ਕਾਇਮ ਕੀਤਾ। ਆਪ ਦੇ ਚੇਲੇ ਸੰਤ ਗੰਡਾ ਸਿੰਘ ਜੀ, ਸੰਤ ਦਸੌਂਧਾ ਸਿੰਘ ਜੀ, ਸੰਤ ਮੂਲ ਸਿੰਘ ਜੀ, ਸੰਤ ਤਾਰਾ ਸਿੰਘ ਜੀ, ਸੰਤ ਮੋਹਰ ਸਿੰਘ ਜੀ ਆਦ ਹੋਏ ਹਨ ਜਿਨ੍ਹਾਂ ਵਿਚੋਂ ਸੰਤ ਗੰਡਾ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਬਾਗ ਵਿਚ ਹੀ ਸਮਾ ਗਏ। ਆਪ ਦੀ ਸਮਾਧ ਪੱਕੀ ਉਥੇ ਮੌਜੂਦ ਹੈ। ਆਪ ਦੀ ਵਾਕ ਸਿਧੀ ਵਡੀ ਮੰਨੀ ਜਾਂਦੀ ਸੀ।

**ਸੰਤ ਗੰਡਾ ਸਿੰਘ ਜੀ** ਆਪ ਦਾ ਜਨਮ ਦਰਗਾਵਾ ਜ਼ਿਲਾ ਗੁਰਦਾਸ ਪੁਰ ਵਿਚ ਹੋਇਆ ਆਪ ਛੋਟੀ ਉਮਰ ਵਿਚ ਹੀ ਸਾਧੂ ਹੋਕੇ ਸੰਤਾਂ ਦੀ ਸੇਵਾ ਵਿਚ ਰਹਿਣ ਲਗ ਪਏ। ਰਾਗ ਵਿਦਿਆ ਵਿਚ ਆਪ ਪ੍ਰਬੀਨ ਸਨ। ਆਪ ਵੀ ਬਾਹਰਲੀ ਸਮਾਧ ਉਪਰ ਹੀ ਗੁਜਰੇ ਹਨ।

**ਮਹੰਤ ਮੂਲ ਸਿੰਘ ਜੀ** ਆਪ ਦਾ ਪਿੰਡ ਸਪਾਰੀ ਵਿੰਡ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ, ਇਹ ਚੰਗੇ ਪ੍ਰਤਾਪ ਵਾਲੇ ਸੰਤ ਹੋਏ ਹਨ। ਇਨ੍ਹਾਂ ਨੇ ਇਕ ਸੇਵਕ ਦੀ ਅਰਜ਼ ਮੰਨ ਕੇ ਸ਼ਹਿਰ ਅੰਦਰ ਡੇਰਾ ਆ ਬੰਨ੍ਹਿਆ ਉਹ ਆਪ ਦੇ ਨਾਮ ਉਪਰ ਹੀ ਹੁਣ ਮਸ਼ਹੂਰ ਹੈ। ਆਪ ਦੇ ਚੇਲੇ ਸੰਤ ਸਾਧੂ ਸਿੰਘ ਜੀ, ਸੰਤ ਵਰਿਆਮ ਸਿੰਘ ਜੀ, ਸੰਤ ਤ੍ਰਿਲੋਕ ਸਿੰਘ ਜੀ, ਸੰਤ ਨਰੈਣ ਸਿੰਘ ਜੀ ਆਦ ਕਈ ਹੋਏ ਹਨ ਜਿਨ੍ਹਾਂ ਵਿਚੋਂ ਮਹੰਤ ਸਾਧੂ ਸਿੰਘ ਜੀ ਨੂੰ ਡੇਰਾ ਸੌਂਪ ਕੇ ਸਮਾ ਗਏ। ਆਪ ਦੀ ਸਮਾਧ

ਬਣੀ ਹੋਈ ਹੈ।

**ਮਹੰਤ ਸਾਧੂ ਸਿੰਘ ਜੀ** ਆਪ ਦਾ ਜਨਮ ਪਿੰਡ ਜੰਜੀਲਾ ਜ਼ਿਲਾ ਜੇਹਲਮ ਵਿਚ ਹੋਇਆ। ਇਹ ਸੰਤਾਂ ਦੀ ਸੰਗਤ ਵਿਚ ਛੋਟੇ ਹੁੰਦੇ ਹੀ ਆਏ। ਸੰਤਾਂ ਨੇ ਆਪਣੀ ਜਗ੍ਹਾ ਮਹੰਤੀ ਦੇ ਕੇ ਸੰਤ ਸੇਵਾ ਦਾ ਪਾਤਰ ਬਣਾਇਆ। ਸੰਤਾਂ ਪਿਛੋਂ ਤਿੰਨਾਂ ਸਾਲਾਂ ਬਾਅਦ ਸੰਤ ਸਾਧੂ ਸਿੰਘ ਜੀ ਨੇ ਸ਼ਾਦੀ ਕਰ ਲਈ ਜਿਸ ਵਿਚੋਂ ਦੋ ਲੜਕੇ ਤੇ ੪ ਲੜਕੀਆਂ ਹਨ। ਸੰਤ ਸਾਧੂ ਸਿੰਘ ਜੀ ਚੰਗੇ ਮਿਲਣਸਾਰ ਸਾਧੂ ਸੇਵੀ ਮਹਾ ਪੁਰਸ਼ ਹਨ। ਨਿਰਮਲ ਅਖਾੜੇ ਨਾਲ ਮੇਲ ਮਿਲਾਪ ਰਖਦੇ ਹਨ। ਆਪ ਨੇ ਡੇਰੇ ਦੀ ਤਰੱਕੀ ਕੀਤੀ ਹੈ। ਦੋ ਤਿੰਨ ਕਨਾਲ ਜ਼ਮੀਨ ਭੀ ਹੈ। ਆਪ ਦੀ ਉਮਰ ਇਸ ਵੇਲੇ ੫੫ ਸਾਲ ਦੇ ਲਗ ਪਗ ਹੈ।

## ਡੇਰਾ ਬਟਾਲਾ

**ਸੰਤ ਨਰੈਣ ਸਿੰਘ ਜੀ** ਚੇਲੇ ਮਹੰਤ ਮੂਲ ਸਿੰਘ ਜੀ। ਆਪ ਦਾ ਜਨਮ ਪਿੰਡ ਸਪਾਰੀ ਜ਼ਿਲਾ ਅੰਮ੍ਰਿਤਸਰ ਸੰਮਤ ੧੯੩੭ ਵਿਚ ਹੋਇਆ। ਆਪ ਨੇ ਆਪਣੀ ਹਿੰਮਤ ਤੇ ਰਸੂਖ ਨਾਲ ਸੰਮਤ ੧੯੯੧ ਸਾਵਨ ਵਿਚ ਜ਼ਮੀਨ ਖਰੀਦ ਕੇ ਰਜਿਸਟ੍ਰੀ ਕਰਵਾਈ ਅਤੇ ਸੰਮਤ ੧੯੯੧ ਕਤਕ ਪਹਿਲੀ ਨੂੰ ਉਸਾਰੀ ਕਰਕੇ ਮਕਾਨ ਬਣਾਇਆ ਹੈ। ਆਪ ਵੀ ਸ਼ਾਦੀ ਸ਼ੁਦਾ ਹਨ। ਸੰਤਨੀ ਵੀ ਬ੍ਰਿਧ ਅਵਸਥਾ ਦੀ ਹੈ ਅਗੇ ਚੇਲਾ ਕੋਈ ਨਹੀਂ ਅਖਾੜੇ ਨਾਲ ਦਿਲੀ ਪਿਆਰ ਰਖਦੇ ਹਨ। ਸਾਧ ਸੰਗਤ

ਦੀ ਤਨ ਮਨ ਕਰਕੇ ਸੇਵਾ ਕਰਦੇ ਹਨ। ਸੰਤ ਨਰੈਣ ਸਿੰਘ ਜੀ ਮਿਲਣਸਾਰ ਸਾਧੂ ਹਨ।

## ਡੇਰਾ ਦਾਬਾ

**ਸੰਤ ਤਾਰਾ ਸਿੰਘ ਜੀ** ਚੇਲੇ ਮਹੰਤ ਚੰਦਾ ਸਿੰਘ ਜੀ। ਆਪ ਦਾ ਜਨਮ ਪਿੰਡ ਦਾਦੂ ਪੁਰਾ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਬ੍ਰਾਹਮਣ ਖਾਨਦਾਨ ਵਿਚੋਂ ਸਨ ਇਹ ਡੇਰਾ ਆਪ ਨੇ ਹੀ ਬੰਨ੍ਹਿਆ ਸੀ। ਸ਼ਾਦੀ ਸ਼ੁਦਾ ਹੋਣ ਕਰਕੇ ਆਪ ਦੇ ਦੋ ਲੜਕੇ ਸਨ। ਉਹ ਗੁਜ਼ਰ ਗਏ ਹਨ। ਸੰਪ੍ਰਦਾਈ ਸਾਧੂ ਕੋਈ ਨ ਹੋਣ ਕਰਕੇ ਸੰਤਨੀ ਨੇ ਇਕ ਜਟ ਨਾਲ ਆਨੰਦ ਕਰ ਲਿਆ। ਜਟਾਂ ਨੇ ਡੇਰਾ ਸਾਂਭ ਕੇ ਉਸ ਵਿਚ ਗੁੰਬੀ ਬਿਠਾਇਆ ਹੋਇਆ ਹੈ।

**ਸੰਤ ਮਸਦਾ ਸਿੰਘ ਜੀ** ਚੇਲੇ ਸੰਤ ਚੰਦਾ ਸਿੰਘ ਜੀ। ਆਪ ਚੰਗੇ ਕਰਨੀ ਵਾਲੇ ਸਾਧੂ ਹੋਏ ਹਨ ਆਪ ਦੇ ਸ਼ਿਸ਼ ਸੰਤ ਅਰਜਨ ਸਿੰਘ ਜੀ ਵੈਦ ਹਨ ਜਿਨ੍ਹਾਂ ਦਾ ਜਨਮ ਮਜੀਠਾ ਜ਼ਿਲਾ ਅੰਮ੍ਰਿਤਸਰ ਦਾ ਹੈ। ਆਪ ਹਿਕਮਤ ਦਾ ਚੰਗਾ ਕੰਮ ਕਰਦੇ ਹਨ ਅਸਥਾਨ ਕੋਈ ਨਹੀਂ ਬਣਾਇਆ।

## ਸੰਤ ਮਜਾ ਸਿੰਘ ਜੀ

ਚੇਲੇ ਬਾਬਾ ਜਸਾ ਸਿੰਘ ਜੀ, ਆਪ ਦਾ ਜਨਮ ਪੋਠੋਹਾਰ ਦੇ ਇਲਾਕੇ ਵਿਚ ਹੋਇਆ। ਸੰਤ ਪ੍ਰਤਾਪ ਸੁਣ ਕੇ ਠਾਕਰ ਜਸਾ ਸਿੰਘ ਜੀ ਦੀ ਸੰਗਤ ਵਿਚ ਕਾਦੀਆਂ ਪੁਜੇ। ਕੁਝ ਚਿਰ ਸੇਵਾ

ਟਹਿਲ ਕਰ ਕੇ ਸ੍ਰੀ ਗੋਂਦਵਾਲ ਸਾਹਿਬ ਦਰਸ਼ਨ ਕਰਨ ਆਏ। ਫਤਿਆ ਬਾਦ ਤੋਂ ਬਾਹਰ ਵਾਰ ਮਠ ਵਿਚ ਆ ਕੇ ਤਪ ਕਰਨ ਲਗੇ। ਹੌਲੀ ਹੌਲੀ ਪ੍ਰੇਮੀਆਂ ਦੇ ਪਿਆਰ ਕਰ ਕੇ ਸ਼ਹਿਰ ਦੇ ਲਾਗੇ ਇਕ ਚੁਬਾਰੇ ਵਿਚ ਠਹਿਰੇ ਰਹੇ, ਫਿਰ ਇਹ ਡੇਰਾ ਸੰਮਤ ੧੯੦੧ ਵਿਚ ਬੰਨ ਕੇ ਧਰਮ ਪ੍ਰਚਾਰ ਕਰਨ ਲਗ ਪਏ। ਆਪ ਦਾ ਪ੍ਰਤਾਪ ਚੰਗਾ ਵਧ ਗਿਆ, ਜਿਸ ਕਰ ਕੇ ਕਈ ਚੇਲੇ ਬਾਲਿ ਹੋ ਗਏ। ਆਪ ਉਮਰ ਦੇ ਰਸੀਦਾ ਸਨ ਤੇ ਬਚਨ ਦੇ ਸਿਧ ਸਨ। ਆਪ ਦੇ ਚੇਲੇ ਸੰਤ ਬੂਟਾ ਸਿੰਘ ਜੀ ਰਾਹੀਆਂ ਲਈ ਅਨ ਪਾਨੀ, ਹਫੀਮ, ਬਸਤ੍ਰ ਤੇ ਕੇਸੀ ਸ਼ਨਾਨ ਲਈ ਦਹੀ ਲੈ ਕੇ ਬੈਠੇ ਰਹਿੰਦੇ ਸਨ। ਸੰਤ ਮਾਹਣਾ ਸਿੰਘ ਜੀ, ਸੰਤ ਅਤਰ ਸਿੰਘ ਜੀ, ਸੰਤ ਦਇਆ ਸਿੰਘ ਜੀ, ਸੰਤ ਹੀਰਾ ਸਿੰਘ ਜੀ ਆਦ ਕਈ ਸ਼ਿਸ਼ ਸਨ। ਜਿਨ੍ਹਾਂ ਵਿਚੋਂ ਸੰਤ ਮਾਹਣਾ ਸਿੰਘ ਜੀ ਨੂੰ ਗੱਦੀ ਦੇਕੇ ਆਪ ਸੰਮਤ ੧੯੧੭ ਵਿਚ ਫਤਿਆਵਾਦ ਹੀ ਸਮਾਏ ਹਨ। ਆਪ ਦੀ ਸਮਾਧ ਪੱਕੀ ਡੇਰੇ ਵਿਚ ਹੈ।

## ਮਹੰਤ ਮਾਹਣਾ ਸਿੰਘ ਜੀ

ਆਪ ਦਾ ਜਨਮ, ਨਗਰ ਵੈਈਪੂਈ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ੨੫ ਸਾਲ ਦੀ ਉਮਰ ਵਿਚ ਸਾਧੂ ਹੋਏ, ਬੜਾ ਚਿਰ ਸੰਤ ਮਜਾ ਸਿੰਘ ਜੀ ਦੀ ਸੇਵਾ ਕੀਤੀ, ਉਪ੍ਰੰਤ ਗੁਰਮਤ ਦਾ ਪ੍ਰਚਾਰ ਕਰਦੇ ਰਹੇ, ਕਥਾ ਵਾਰਤਾ ਆਪਦੇ ਹਿੱਸੇ ਆਈ ਹੋਈ ਸੀ, ਯੋਗਾਭਿਆਸੀ ਸਨ। ਆਪਣੇ ਸਿੱਖ ਸੇਵਕਾਂ ਨੂੰ ਦਸ ਦਿਤਾ ਸੀ ਕਿ ਮੈਂ ਸ੍ਰੀ ਪ੍ਰਾਗਰਾਜ ਦੇ ਕੁੰਭ ਉਤੇ

ਤਿਆਗਾਂਗਾ, ਓਸੇ ਤਰ੍ਹਾਂ, ਆਪ ਦੇ ਚੇਲੇ ਸੰਤ ਗੰਗਾ ਸਿੰਘ ਜੀ ਸੰਤ ਗਿਆਨੀ ਮਈਆ ਸਿੰਘ ਜੀ, ਸੰਤ ਆਸਾ ਸਿੰਘ ਜੀ ਆਦਿ ਕਈ ਸਨ। ਸੰਤ ਗੰਗਾ ਸਿੰਘ ਜੀ ਵਿਰਕਤ ਆਪਦਾ ਜਨਮ ਹਰਿਆਨਾ ਜ਼ਿਲਾ ਹੁਸ਼ਿਆਰਪੁਰ ਵਿਚ ਸੰਮਤ ੧੯੧੭ ਨੂੰ ਹੋਇਆ। ਛੋਟੇ ਹੁੰਦੇ ਹੀ ਸੰਤਾਂ ਪਾਸ ਆਏ, ਪੜ੍ਹੇ ਲਿਖੇ ਤੀਰਥ ਯਾਤਰਾ ਕਰਦੇ ਰਹੇ ਹਨ। ਆਪ ਦਸਦੇ ਹਨ ਕਿ ਸੰਤ ਮਾਣਾ ਸਿੰਘ ਜੀ, ਗਿਆਨੀ ਮਈਆ ਸਿੰਘ ਜੀ ਦੀ ਤੇ ਮੇਰੀ ਮੌਜੂਦਗੀ ਵਿਚ ਸਮਾਧ ਸਥਿਤ ਹੋਏ ਤੇ ਬੈਠੇ ਬੈਠੇ ਹੀ ਪ੍ਰਾਗਰਾਜ ਚੇਤ ਦੇ ਸਤਵੇਂ ਨੁਰਾਤੇ ੧੯੩੯ ਨੂੰ ਰਾਤ ਦੇ ਇਕ ਵਜੇ ਸਰੀਰ ਤਿਆਗ ਗਏ। ਆਪ ਸਤ ਸੰਕਲਪ ਸਾਧੂ ਸਨ। ਡੇਰਾ ਪੱਕਾ ਆਪ ਨੇ ਕੀਤਾ ਹੈ।

## ਮਹੰਤ ਅਤਰ ਸਿੰਘ ਜੀ

ਚੇਲੇ ਸੰਤ ਮਜਾ ਸਿੰਘ ਜੀ, ਆਪਦਾ ਜਨਮ ਪਿੰਡ ਫਤਿਆਵਾਦ ਵਿਚ ਹੋਇਆ। ਛੋਟੇ ਹੁੰਦੇ ਹੀ ਡੇਰੇ ਵਿਚ ਸਾਧੂ ਹੋ ਕੇ ਰਹਿੰਦੇ ਰਹੇ। ਆਪ ਮਹੰਤ ਮਾਣਾ ਸਿੰਘ ਜੀ ਦੇ ਗੁਰਭਾਈ ਸਨ, ਭਾਵੇਂ ਉਨ੍ਹਾਂ ਦੇ ਚੇਲੇ ਕਈ ਸਨ, ਪਰ ਮਹੰਤੀ ਆਪ ਨੂੰ ਹੀ ਮਿਲੀ। ਆਪ ਨਿਰਮਲ ਅਖਾੜੇ ਦੇ ਮੁਖੀਏ ਮਹੰਤ ਰਹੇ ਹਨ। ਦਖਨ ਦਾ ਚੁਮਾਸਾ ਆਪ ਵੇਲੇ ਹੋਇਆ। ਹਜ਼ੂਰ ਸਾਹਿਬ ਦੀ ਲੜਾਈ ਵਿਚ ਵੀ ਆਪ ਮੌਜੂਦ ਸਨ। ਆਪ ਨੇ ਅਪਣੀ ਹਡਬੀਤੀ ਅਪਣੇ ਭਤੀਜੇ ਚੇਲੇ ਸੰਤ ਗੰਗਾ ਸਿੰਘ ਜੀ ਨੂੰ ਕਹਿ ਸੁਣਾਈ ਸੀ ਕਿ ਨਿਹੰਗਾਂ ਹਥੋਂ ਸਾਡੇ ਦੋ ਮਹੰਤ ਤੇ ਇਕ

ਨਿਸ਼ਾਨਚੀ ਮਾਰਾ ਗਿਆ ਸੀ। ਸਾਡੇ ਹਥੋਂ ਵੀ ਕਈ ਮਰੇ ਸਨ। ਆਪ ਚੰਗੇ ਦਲੇਰ ਤੇ ਰਾਜ ਦਰਬਾਰਾਂ ਵਿਚ ਜਾਨ ਵਾਲੇ ਸਾਧੂ ਹੋਏ ਹਨ। ਆਪ ਦੇ ਚੇਲੇ ਸੰਤ ਚਤਰ ਸਿੰਘ ਜੀ ਸੰਤ ਭਗਤ ਸਿੰਘ ਜੀ ਵਿਰਕਤ, ਸੰਤ ਹਰਦਿਆਲ ਸਿੰਘ ਜੀ, ਸੰਤ ਜਵੰਦ ਸਿੰਘ ਜੀ, ਤੇ ਸੰਤ ਗੁਰਬਖਸ਼ ਸਿੰਘ ਜੀ ਪ੍ਰਸਿੱਧ ਪ੍ਰਚਾਰਕ ਪਟਿਆਲੇ ਵਾਲੇ ਆਦਿ ਕਈ ਸਨ। ਜਿਨ੍ਹਾਂ ਵਿਚੋਂ ਸੰਤ ਭਗਤ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸੰਮਤ ੧੯੬੧ ਵਿਚ ਸਮਾ ਗਏ, ਆਪਦੀ ਸਮਾਧ ਵੀ ਵੱਡੀ ਸਮਾਧ ਦੇ ਵਿਚ ਹੀ ਹੈ।

## ਮਹੰਤ ਪੰਡਿਤ ਭਗਤ ਸਿੰਘ ਜੀ ਵਿਰਕਤ

ਆਪ ਦਾ ਜਨਮ ਫਤਿਆਵਾਦ ਜ਼ਿਲਾ ਅੰਮ੍ਰਿਤਸਰ ਸੰਮਤ ੧੯੨੪ ਵਿਚ ਹੋਇਆ ੨੨ ਸਾਲ ਦੀ ਉਮਰ ਵਿਚ ਸਾਧੂ ਹੋਏ। ੬-੭ ਸਾਲ ਡੇਰੇ ਵਿਚ ਰਹਿ ਕੇ ਵਿਦਿਆ ਪ੍ਰਾਪਤ ਕੀਤੀ। ਉਪ੍ਰੰਤ ਮੰਡਲੀ ਵਿਚ ਪੜ੍ਹਦੇ ਰਹੇ, ਫਿਰ ਸ੍ਰੀ ਅੰਮ੍ਰਿਤਸਰ ਜੀ ਵਿਚ ਰਹਿ ਕੇ ਵੇਦਾਂਤ ਭਾਸ਼ਾ ਦੇ ਸਾਰੇ ਪੁਸਤਕ ਪੜ੍ਹੇ ਤੇ ਪੜ੍ਹਾਉਂਦੇ ਰਹੇ। ਆਪ ਭੇਖ ਪ੍ਰਸਿਧ ਮਹਾਂ ਪੁਰਸ਼ ਸਨ। ਪਹਿਲਾਂ ਆਪ ਉਰਦੂ ਫਾਰਸੀ ਪੜ੍ਹੇ ਹੋਏ ਸਨ। ਇਸ ਕਰ ਕੇ ਆਪਦੀ ਕਥਨੀ ਸੁੰਦਰ ਤੇ ਰਸੀਲੀ ਸੀ। ਆਪਦੇ ਚੇਲੇ ਸੰਤ ਹਰੀ ਸਿੰਘ ਜੀ ਭੀ ਹੋਨਹਾਰ ਵਿਦਵਾਨ ਸਾਧੂ ਹਨ। ਸੰਤ ਭਗਤ ਸਿੰਘ ਜੀ ਦੀ ਸੇਵਾ ਵਿਚ ਆਏ ਤੇ ਇਥੇ ਹੀ ਵਿਦਿਆ ਪ੍ਰਾਪਤ ਕੀਤੀ, ਅਜੇ ਹੋਰ ਵੀ ਪੜ੍ਹ ਰਹੇ ਹਨ। ਸੰਤ ਹਰੀ ਸਿੰਘ ਜੀ

ਦੇ ਵੀ ਅਗੇ ਚੇਲੇ ਸੰਤ ਰਤਨ ਸਿੰਘ ਜੀ ਹਨ, ਜੋ ਪੜ੍ਹਦੇ ਹਨ। ਡੇਰਾ ਪੱਕਾ ਸ਼ਹਿਰ ਵਿਚ ਹੈ। ਆਏ ਗਏ ਸਾਧੂ ਸੰਤ ਦੀ ਇਥੇ ਕਮਰ ਖੁਲ੍ਹਦੀ ਹੈ। ਸਮਾਧ ਪੁਰਾਣੀ ਮੰਦਰ ਪੱਕੀ ਭੌਰੇ ਵਾਂਗ ਬਣੀ ਹੋਈ ਹੈ। ਸ਼ਹਿਰ ਵਿਚ ਸੰਤਾਂ ਦੀ ਚੰਗੀ ਇਜ਼ਤ ਹੈ। ਡੇਰੇ ਨਾਲ ਜਾਇਦਾਦ ਕੋਈ ਨਹੀਂ ਸੰਤਾਂ ਦੇ ਪ੍ਰਤਾਪ ਨਾਲ ਹੀ ਚਲ ਰਿਹਾ ਹੈ।

## ਸੰਤ ਦਇਆ ਸਿੰਘ ਜੀ

(ਡੇਰਾ ਬਾਹਰਲਾ ਫਤਿਆਵਾਦ)

ਚੇਲੇ ਸੰਤ ਮਹੰਤ ਮਜਾ ਸਿੰਘ ਜੀ, ਆਪ ਬਾਹਰਲੇ ਡੇਰੇ ਦੇ ਮਹੰਤ ਸਨ। ਕਈ ਸਾਲ ਵਿਦਿਆ ਪੜ੍ਹਾਂਦੇ ਰਹੇ, ਬੜਾ ਭਾਰੀ ਮਸ਼ਹੂਰ ਡੇਰਾ ਸੀ, ਜੋ ਸਿਖਾਂ ਦੀ ਗਲਤੀ ਨਾਲ ਮੁਕਦਮੇ ਕਰ ਕੇ ਨਿਰਮਲਿਆਂ ਪਾਸੋਂ ਖੁਸ ਗਿਆ ਤੇ ਹੁਣ ਉਦਾਸੀ ਸਾਧ ਦੇ ਕਬਜ਼ੇ ਵਿਚ ਹੈ।

# ਡੇਰਾ ਫਗਵਾੜਾ

## ਮਹੰਤ ਹਰਦਿਆਲ ਸਿੰਘ ਜੀ

ਚੇਲੇ ਮਹੰਤ ਅਤਰ ਸਿੰਘ ਜੀ, ਆਪ ਦਾ ਜਨਮ ਇਲਾਕਾ ਗ਼ਜਨੀ ਦਾ ਸੀ, ਇਹ ਗੋਇੰਦਵਾਲ ਸਾਹਿਬ ਦਰਸ਼ਨ ਕਰਨ ਆਬੇ ਸੰਤਾਂ ਪਾਸ ਹੀ ਰਹਿ ਗਏ। ਸਾਧੂ ਹੋਕੇ ਭਜਨ ਬੰਦਗੀ ਤੇ ਸੇਵਾ ਟਹਿਲ ਕਰਦੇ ਰਹੇ। ਸ੍ਰ: ਕ੍ਰਿਪਾਲ ਸਿੰਘ ਜੀ

ਦੀ ਬੇਨਤੀ ਕਰਨ ਪੁਰ ਸੰਤਾਂ ਨੇ ਸੰਤ ਹਰਦਿਆਲ ਸਿੰਘ ਜੀ ਨੂੰ ਫਗਵਾੜੇ ਭਾਈ ਤੇਗੇ ਦੀ ਧਰਮਸਾਲਾ ਦਾ ਮਹੰਤ ਨੀਅਤ ਕਰ ਕੇ ਘਲ ਦਿਤਾ। ਆਪ ਜਾ ਕੇ ਮਹੰਤ ਬਣ ਗਏ ਧਰਮ ਪ੍ਰਚਾਰ ਕਰਦੇ ਰਹੇ ਆਪ ਦੇ ਕਈ ਪ੍ਰੇਮੀ ਹੋ ਗਏ ਜਿਨ੍ਹਾਂ ਵਿਚੋਂ ਸੰਤ ਪ੍ਰਸ਼ੋਤਮ ਸਿੰਘ ਜੀ ਨੂੰ ਮਹੰਤੀ ਦੇ ਕੇ ੫੦ ਸਾਲ ਦੀ ਉਮਰ ਵਿਚ ਉਥੇ ਹੀ ਸਰੀਰ ਤਿਆਗ ਗਏ।

**ਮਹੰਤ ਪ੍ਰਸ਼ੋਤਮ ਸਿੰਘ ਜੀ** ਆਪ ਦਾ ਜਨਮ ਸ਼ਹਿਰ ਫਤਿਆਬਾਦ ਜ਼ਿਲਾ ਅੰਮ੍ਰਿਤਸਰ ਵਿਚ ਕਾਂਸ਼ੀ ਰਾਮ ਬ੍ਰਾਹਮਣ ਦੇ ਘਰ ਹੋਇਆ। ਛੋਟੀ ਉਮਰ ਵਿਚ ਹੀ ਪਿਤਾ ਜੀ ਨੇ ਸੰਤਾਂ ਦੇ ਸਪੁਰਦ ਕਰ ਦਿਤੇ। ਸੰਤ ਨਾਲ ਹੀ ਫਗਵਾੜੇ ਲੈ ਗਏ। ਉਥੇ ਜਾਕੇ ਆਪਣੇ ਡੇਰੇ ਦੀ ਮਹੰਤੀ ਦੇ ਦਿਤੀ। ਆਪ ਅਜ ਕਲ ਡੇਰਾ ਧਰਮ ਸਾਲ ਭਾਈ ਤੇਗਾ ਜੀ ਦੇ ਮਹੰਤ ਹਨ, ਡੇਰਾ ਫਗਵਾੜਾ ਸ਼ਹਿਰ ਵਿਚ ਦਰਵਾਜ਼ਾ ਖਲਵਾੜਾ ਵਿਖੇ ਵਾਕਿਆ ਹੈ। ਡੇਰੇ ਨਾਲ ੧੫-੧੬ ਵਿਘੇ ਜ਼ਮੀਨ ਹੈ।

## ਡੇਰਾ ਖਵਾਸ ਪੁਰ

## ਮਹੰਤ ਜਵੰਦ ਸਿੰਘ ਜੀ

ਚੇਲੇ ਮਹੰਤ ਅਤਰ ਸਿੰਘ ਜੀ। ਆਪਦਾ ਜਨਮ ਪਿੰਡ ਖਵਾਸ ਪੁਰ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਇਸ ਵਕਤ ੮੦ ਸਾਲ ਦੇ ਕਰੀਬ ਉਮਰ ਦੇ ਹਨ। ਆਪ ਨੇ ਆਪਣੀ ਜ਼ਮੀਨ ਵਿਚ ਮਕਾਨ ਪਾਇਆ ਹੈ। ਆਪ ਦੇ ਚੇਲੇ ਸੰਤ ਨਿਰੰਜਨ ਸਿੰਘ ਜੀ ਆਪ ਦੇ ਭਾਈ ਦੇ ਪੋਤੇ ਹਨ ਜੋ ਪੜ੍ਹ ਰਹੇ

ਰਹੇ ਹਨ। ਸੰਤ ਜਵੰਦ ਸਿੰਘ ਜੀ ਉਚੇ ਲੰਮੇ ਸੁੰਦਰ ਦਰਸ਼ਨੀ ਸਾਧੂ ਹਨ ਸੁਭਾ ਦੇ ਮਿਲਣਸਾਰ ਹਨ। ਹਿਕਮਤ ਦਾ ਕੰਮ ਚੰਗੀ ਤਰ੍ਹਾਂ ਕਰਦੇ ਹਨ ਆਪ ਦਾ ਸਾਧੂ ਸਮਾਜ ਨਾਲ ਪਿਆਰ ਹੈ। ੨੫ ਸਾਲ ਤੋਂ ਡੇਰਾ ਪਾਕੇ ਬੈਠੇ ਹਨ।

**ਸੰਤ ਨਿਰੰਜਨ ਸਿੰਘ ਜੀ** ਆਪ ਦਾ ਜਨਮ ਖਵਾਸ ਪੁਰ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਸੰਤਾਂ ਦੀ ਸੰਗਤ ਵਿਚ ਬਚਪਨ ਤੋਂ ਹੀ ਆ ਗਏ, ਸੰਤ ਇਨ੍ਹਾਂ ਨੂੰ ਤਾਲੀਮ ਦੇ ਰਹੇ ਹਨ। ਇਹ ਭੀ ਸੁਭਾਵ ਦੇ ਚੰਗੇ ਮਿਲਣਸਾਰ ਸਾਧੂ ਹਨ। ਕਈ ਵਰ੍ਹੇ ਅਖਾੜੇ ਵਿਚ ਮਕਾਨੀ ਕੁਠਾਰੀ ਰਹੇ।

## ਸੰਤ ਗੰਗਾ ਸਿੰਘ ਜੀ ਕਾਨੂੰਨੀ

ਚੇਲੇ ਮ: ਮਾਹਣਾ ਸਿੰਘ ਜੀ। ਆਪ ਬੜੇ ਭੇਖ ਪ੍ਰਸਿਧ ਮਹਾਤਮਾ ਹੋਏ ਹਨ। ਰਹਿਣੀ ਬਹਿਣੀ ਦੇ ਪ੍ਰਤਾਪ ਨਾਲ ਵਡੇ ਵਡੇ ਸੇਠ ਅਮੀਰ ਆਪ ਦੇ ਸੇਵਕ ਸਨ। ਲਾਹੌਰ ਮਾਡਲ ਟੌਨ ਜਾਕੇ ਕਈ ਵੇਰਾਂ ਸਿਖਾਂ ਸੇਵਕਾਂ ਪਾਸੋਂ ਅਖੰਡ ਪਾਠ ਕਰਵਾਉਂਦੇ ਰਹਿੰਦੇ ਸਨ। ਕੁੰਭ ਆਦਕ ਮੇਲਿਆਂ ਪੁਰ ਬੜੇ ਉਤਸ਼ਾਹ ਨਾਲ ਭੰਡਾਰੇ ਕਰਦੇ ਸਨ। ਸੁਭਾ ਦੇ ਮਿਲਣਸਾਰ ਤੇ ਨਿਰਮਾਣ ਮਹਾਤਮਾ ਸਨ। ਚੜ੍ਹਾਈ ਕਰ ਗਏ ਹਨ।

## ਡੇਰਾ ਕੋਠਾ ਛਪਰਾ

## ਸੰਤ ਦੇਵਾ ਸਿੰਘ ਜੀ

ਚੇਲੇ ਸੰਤ ਮਜਾ ਸਿੰਘ ਜੀ। ਮਕਾਨ ਪ੍ਰਾਗ ਰਾਜ ਕੋਠਾ

ਛਪਰਾ ਮਹਲੇ ਵਿਚ ਹੈ। ਆਪ ਨੇ ਉਸ ਮਕਾਨ ਉਤੇ ਉਸ ਦੇ ਪਾਸ ਰਹਿਣ ਵਾਲੇ ਗ੍ਰਿਸਥੀਆਂ ਦੀ ਕਮੇਟੀ ਬਣਾਈ ਹੋਈ ਹੈ। ਕਹਿੰਦੇ ਹਨ ਪੰਡਿਤ ਦੇਵਾ ਸਿੰਘ ਜੀ ਵੇਲੇ ਉਸ ਕਮੇਟੀ ਵਾਲੇ ਗ੍ਰਿਸਥੀ, ਸੰਤ ਮਾਨ੍ਹਾ ਸਿੰਘ ਜੀ ਦੀ ਯਾਦ ਵਿਚ ਤ੍ਰਿਬੇਣੀ ਉਤੇ ੯ ਸਰੀਰਾਂ ਦਾ ਰੋਜ਼ਾਨਾ ਭੰਡਾਰਾ ਕਰਦੇ ਸਨ। ਅਜਕਲ ਡੇਰਾ ਤਾਂ ਆਬਾਦ ਹੈ ਪਰ ਲੋਕਾਂ ਦੇ ਦਿਲ ਉਦਾਸ ਹਨ। ਮਕਾਨ ਪੱਕਾ ਬਣਿਆ ਹੋਇਆ ਹੈ। ਸੰਤ ਆਸਾ ਸਿੰਘ ਜੀ ਨਿਰਮਲੇ ਮਹਿਮਾ ਸ਼ਾਹੀ ਸੰਪ੍ਰਦਾਯ ਵਿਚੋਂ ਹਨ।

## ਕੁਟੀਆ ਢੰਢਕਲੇਸ
## ਸੰਤ ਨਥਾ ਸਿੰਘ ਜੀ ਵਿਰਕਤ

ਆਪ ਦਾ ਜਨਮ ਪਿੰਡ ਭਿਖੀਵਿੰਡ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਸੰਸਕ੍ਰਿਤ ਦੇ ਪੰਡਿਤ ਤੇ ਗੁਰੂ ਘਰ ਦੇ ਗਿਆਨੀ ਸਨ ਹਮੇਸ਼ਾ ਸਫਰ ਵਿਚ ਰਹਿਕੇ ਪ੍ਰਚਾਰ ਕਰਦੇ ਸਨ। ਆਪ ਨੇ ਅਲੀਪੁਰ ਸਬਰਾਵੀ ਤੇ ਢੰਢਕਲੇਸ ਆਦਿ ਵਿਚ ਕੁਟੀਏ ਪਏ ਤੇ ਸਤਸੰਗ ਕਰਦੇ ਰਹੇ ਹਨ ਆਪ ਦੇ ਸ਼ਿਸ਼ ਸੰਤ ਸ਼ੇਰ ਸਿੰਘ ਜੀ ਵਿਰਕਤ ਹਨ। ਸੰਤ ਨਥਾ ਸਿੰਘ ਜੀ ਦਾ ਦੇਹਾਂਤ ਸਬਰਾਵੀਂ ਜ਼ਿਲਾ ਲਾਹੌਰ ਵਿਚ ਹੋਇਆ।

## ਮਹੰਤ ਸ਼ੇਰ ਸਿੰਘ ਜੀ ਵਿਰਕਤ

ਆਪ ਦਾ ਜਨਮ ਪਿੰਡ ਸਭਰਾਵਾਂ ਜ਼ਿਲਾ ਲਾਹੌਰ ਵਿਚ ਭਾਈ ਮਘਰ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਉਥੇ ਹੀ

੨੫ ਸਾਲ ਦੀ ਉਮਰ ਵਿਚ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਆਏ ਤੇ ਸਾਧੂ ਹੋ ਕੇ ਪੜ੍ਹਦੇ ਸੁਣਦੇ ਰਹੇ। ਕੁਝ ਚਿਰ ਪਿਛੋਂ ਕੁਟੀਆਂ ਨਿਰਮਲਿਆਂ ਕਨਖਲ ਵਿਚ ਚਲੇ ਗਏ। ਕਈ ਵਰ੍ਹੇ ਆਪ ਕੁਟੀਆ ਵਿਰਕਤਾਂ ਦੇ ਮਹੰਤ ਰਹੇ। ਆਪ ਸੁੰਦਰ ਦਰਸ਼ਨੀ ਸਰੀਰ ਤੇ ਸਰਲ ਚਿਤ ਸਾਧੂ ਹਨ। ਕਿਸੇ ਦੀ ਨਿੰਦਾ ਉਸਤਤ ਵਿਚ ਹਿੱਸਾ ਨਾ ਲੈਂਦੇ। ਆਪ ਦੇ ਸਤਸੰਗੀਆਂ ਦਾ ਚੰਗਾ ਖੁਲ੍ਹਾ ਹਲਕਾ ਹੈ। ੪੦ ਸਾਲ ਸਾਧੂ ਹੋਇਆਂ ਹੋ ਗਏ ਹਨ।

## ਸੰਤ ਬਹਾਲ ਸਿੰਘ ਜੀ

ਚੇਲੇ ਸੰਤ ਜਸਾ ਸਿੰਘ ਜੀ ਕਾਦੀਆਂ, ਆਪ ਦੇ ਸ਼ਿਸ਼ ਸੰਤ ਜੈ ਸਿੰਘ ਜੀ ਕੌਂਕਪੁਰ, ਸੰਤ ਦੇਸਾ ਸਿੰਘ ਜੀ, ਸੰਤ ਗੋਪਾਲ ਸਿੰਘ ਜੀ, ਸੰਤ ਸੁਖਾ ਸਿੰਘ ਜੀ ਆਦ ਹੋਏ।

* * *

੧ ਓ ਸਤਿਗੁਰ ਪ੍ਰਸਾਦਿ ॥

# ਸੰਪ੍ਰਦਾਇ ਕਟੱਈ

ਉਕਤ ਸੰਪ੍ਰਦਾਇ ਕਟੱਈ ਨਾਮ ਤੇ ਪ੍ਰਸਿੱਧ ਹੈ। ਇਸ ਸੰਪ੍ਰਦਾਇ ਦੇ ਵਡੇ ਮਹਾਂ ਪੁਰਸ਼ ਹਮੇਸ਼ਾਂ ਲਕ ਨਾਲ ਇਕ ਪਰਨਾ ਬੰਨਦੇ ਹੁੰਦੇ ਸਨ ਜਿਸ ਕਰ ਕੇ ਇਨ੍ਹਾਂ ਤੋਂ ਅਗੇ ਸੰਪ੍ਰਦਾਇ ਦਾ ਨਾਮ ਵੀ ਕਟਈ ਕਰ ਕੇ ਪ੍ਰਸਿੱਧ ਹੋਇਆ।

ਸਭ ਤੋਂ ਪਹਿਲਾਂ ਬਾਬਾ ਧਰਮ ਸਿੰਘ ਜੀ ਨੇ ਸ਼੍ਰੀ ਦਸ਼ਮੇਸ਼ ਗੁਰੂ ਜੀ ਤੋਂ ਅੰਮ੍ਰਿਤ ਛਕਿਆ। ਇਨ੍ਹਾਂ ਤੋਂ ਮਹਾਰਾਜ ਨਥਾ ਸਿੰਘ ਜੀ ਨੇ। ਅਗੇ ਇਨ੍ਹਾਂ ਦੇ ਸ਼ਿਸ਼ ਸੰਤ ਸੰਪੂਰਨ ਸਿੰਘ ਜੀ ਹੋਏ। ਫਿਰ ਸ਼੍ਰੀ ਬਾਬਾ ਮੋਹਰ ਸਿੰਘ ਜੀ, ਜਿਨ੍ਹਾਂ ਤੋਂ ਸਾਰੀ ਸੰਪ੍ਰਦਾਇ ਦਾ ਵਿਸਤਾਰ ਹੋਇਆ।

## ਸ਼੍ਰੀ ਬਾਬਾ ਮੋਹਰ ਸਿੰਘ ਜੀ

ਆਪ ਵਡੇ ਸਿਧ ਪੁਰਸ਼ ਹੋਏ ਹਨ। ੧੪੦ ਵਰ੍ਹੇ ਦਾ ਆਯੂ ਭੋਗ ਕੇ ਸੰਮਤ ੧੯੧੧ ਵਿਚ ਗੁਰਦੁਆਰਾ ਬਾਸਰ ਕੇ (ਸੰਨ੍ਹ ਸਾਹਿਬ) ਵਿਚ ਗੁਰਪੁਰੀ ਸਿਧਾਰੇ ਹਨ। ਜਨਮ ਗੁਰੂ ਦੀ ਕੋਠਾ, ਜ਼ਿਲਾ ਫਿਰੋਜ਼ਪੁਰ ਦਾ ਸੀ। ੧੭-੧੯ ਸਾਲ ਦੀ ਆਯੂ ਵਿਚ ਸ੍ਰੀ ਅੰਮ੍ਰਿਤਸਰ ਦਰਸ਼ਨ ਪਰਸ਼ਨ ਕਰਨ ਆਏ। ਜਿਥੇ ਬੀਤ ਰਾਗ ਸੰਤ ਸੰਪੂਰਨ ਸਿੰਘ ਜੀ (ਏਹ ਸੰਤ ਸੋਢੀ ਖਾਨਦਾਨ ਵਿਚੋਂ ਸਨ) ਦੇ ਉਪਦੇਸ਼ੀ ਹੋ ਗਏ। ਕੁਝ ਦਿਨ ਰਹਿ ਕੇ ਸੰਤਾਂ ਨਾਲ ਕੁਰੁਖੇਤ੍ਰ ਚਲੇ ਗਏ। ਨਾਮ ਦੀ ਰੰਗਣ ਵਿਚ ਅਜਿਹੇ ਰੰਗੇ

ਗਏ, ਜੋ ਬਿਨਾਂ ਅਭਿਆਸ ਤੋਂ ਕਿਸੇ ਨਾਲ ਗਲ ਤਕ ਨਾ ਕਰਦੇ। ਕਈ ਸਾਲਾਂ ਤੋਂ ਬਾਅਦ ਸ਼੍ਰੀ ਅੰਮ੍ਰਿਤਸਰ ਬਬੇਕ ਸਾਰ ਦੇ ਨੇੜੇ ਜਿਥੋਂ ਦੇ ਮਹੰਤ ਅਜ ਕਲ ਪੰਡਿਤ ਹਰਨਾਮ ਸਿੰਘ ਜੀ ਹਨ ਵਿਖੇ ਆਣ ਰਹੇ। ਆਪ ਭਜਨੀਕ ਮਹਾਂ ਪੁਰਸ਼ ਸਨ।

ਆਪ ਕਈ ਸ਼ਿਸ਼ਾਂ ਸਮੇਤ ਸਵੇਰੇ ਪਹਿਰ ਰਾਤ ਰਹਿੰਦੀ ਸ੍ਰੀ ਦਰਬਾਰ ਸਾਹਿਬ ਇਸ਼ਨਾਨ ਕਰਨ ਜਾਂਦੇ ਤੇ ਸਮਾਧੀ ਇਸਥਿਤ ਹੋ ਜਾਂਦੇ। ਮਧੂਕਰੀ ਦਾ ਅੰਨ ਛਕ ਕੇ ਬੜੇ ਪ੍ਰਸੰਨ ਹੁੰਦੇ ਆਪ ਦੀ ਸੁੰਦਰ ਰਹਿਣੀ ਬਹਿਣੀ ਵੇਖਕੇ ਅਨੇਕਾਂ ਸ਼੍ਰਧਾਲੂ ਲਾਭ ਉਠਾਉਣ ਲਗ ਪਏ। ਡੇਰਾ ਕਾਇਮ ਕਰ ਕੇ ਅਪਨੇ ਸ਼ਿਸ਼ ਸੰਤ ਠਾਕੁਰ ਸਿੰਘ ਜੀ ਨੂੰ ਨਾਮ ਧੰਨ ਵੰਡਣ ਲਈ ਇਥੇ ਬਿਠਾਲ ਦਿਤਾ। ਆਪ ਕਈ ਸਾਧੂਆਂ ਸਮੇਤ ਗੁਰਦਵਾਰੇ ਸੰਨ ਸਾਹਿਬ ਚਲੇ ਗਏ। ਅਪਣੀ ਹੱਥੀਂ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਮਹਾਰਾਜ ਬਾਬਾ ਮੋਹਣ ਸਿੰਘ ਜੀ ਦੇ ਪਿਛੋਂ ਗੁਰਦ੍ਵਾਰੇ ਬਾਸਰਕੇ ਵਿਚ ਸੰਤ ਪੂਰਨ ਸਿੰਘ ਜੀ, ਸੰਤ ਸੁਧਾ ਸਿੰਘ ਜੀ, ਸੰਤ ਸਨੇਤ ਸਿੰਘ ਜੀ, ਮਹੰਤ ਈਸ਼ਰ ਸਿੰਘ ਜੀ ਸੇਵਾ ਕਰਦੇ ਰਹੇ।

# ਡੇਰਾ ਬਬੇਕ ਸਰ

## ਮਹੰਤ ਠਾਕਰ ਸਿੰਘ ਜੀ

ਆਪ ਵੀ ਚੰਗੇ ਕਰਨੀ ਵਾਲੇ ਭਜਨ ਮੂਰਤੀ ਸਾਧੂ ਹੋਏ ਹਨ। ਆਪ ਅਪਣੇ ਸੇਵਕ ਸੰਤ ਵਿਸਾਖਾ ਸਿੰਘ ਜੀ ਨੂੰ ਉਤ੍ਰਾ-ਧਿਕਾਰੀ ਥਾਪ ਕੇ ਬਬੇਕ ਸਰ ਦੇ ਡੇਰੇ ਵਿਚ ਹੀ ਸਮਾਏ ਹਨ।

ਸਮਾਧ ਨਹੀਂ ।

**ਮਹੰਤ ਵਿਸਾਖਾ ਸਿੰਘ ਜੀ** ਆਪ ਬੜੇ ਉਦਾਰ ਆਤਮਾ ਭਜਨ ਪ੍ਰਤਾਪ ਵਾਲੇ ਮਹਾਂ ਪੁਰਸ਼ ਹੋਏ ਹਨ। ਆਪ ਦੇ ਸ਼ਿਸ਼ ਸੰਤ ਸੁੰਦਰ ਸਿੰਘ ਜੀ ਹੋਏ, ਜਿਨ੍ਹਾਂ ਨੂੰ ਮਹੰਤੀ ਸੌਂਪ ਕੇ ਆਪ ਸੰਮਤ ੧੯੪੪ ਦੇ ਕਰੀਬ ਸਮਾਏ ।

**ਮਹੰਤ ਸੁੰਦਰ ਸਿੰਘ ਜੀ** ਆਪ ਦਾ ਜਨਮ ਫਤਹ ਚਕ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ । ਆਪ ਸਤ ਸਾਲ ਦੀ ਉਮਰ ਵਿਚ ਸੰਤਾਂ ਦੀ ਸੰਗਤ ਵਿਚ ਆਏ । ੧੫ ਸਾਲ ਦੀ ਉਮਰ ਵਿਚ ਮਹੰਤੀ ਮਿਲੀ ਤੇ ੪੨ ਸਾਲ ਰਜ ਕੇ ਮਹੰਤੀ ਕੀਤੀ । ਆਪ ਨੇ ਨਿਜ ਦੀ ੨੫ ਵਿਘੇ ਜ਼ਮੀਨ ਡੇਰੇ ਦੇ ਨਾਮ ਲਵਾਈ ਚੇਲਾ ਕੋਈ ਨਾ ਹੋਣ ਪਰ ਡੇਰਾ ਮਹੰਤ ਈਸ਼ਰ ਸਿੰਘ ਜੀ ਸਨ ਸਾਹਿਬ ਵਾਲਿਆਂ ਦੇ ਸਪੁਰਦ ਕਰ ਦਿਤਾ ਸੀ ।

ਸੰਮਤ ੧੯੮੨-੮੩ ਵਿਚ ਗੁਰਦਵਾਰਾ ਬਾਸਰ ਕੇ ਜਦ ਅਕਾਲੀਆਂ ਦਾ ਕਬਜ਼ਾ ਹੋ ਗਿਆ ਤਾਂ ਓਦੋਂ ਮਹੰਤ ਈਸ਼ਰ ਸਿੰਘ ਜੀ ਅੰਮ੍ਰਿਤਸਰ ਡੇਰੇ ਵਿਚ ਆਣ ਰਹੇ । ਇਥੇ ਕਈ ਵਰ੍ਹੇ ਸਾਧ ਸੰਗਤ ਨਾਲ ਮੇਲ ਜੋਲ ਨਾਲ ਸਮਾ ਗੁਜ਼ਾਰਿਆ । ਅੰਤ ਅਪਣੇ ਸ਼ਿਸ਼ ਮਹੰਤ ਸੁਰੈਣ ਸਿੰਘ ਜੀ ਨੂੰ ਪੱਗ ਦੇ ਕੇ ਸੰਮਤ ੧੯੯੨ ਮਘਰ ੧੫ ਨੂੰ ਇਥੇ ਹੀ ਸਮਾਏ ।

## ਮਹੰਤ ਸੁਰੈਣ ਸਿੰਘ ਜੀ

ਆਪਦਾ ਜਨਮ ਸਾਰਾਣਾ ਪਿੰਡ, ਜ਼ਿਲਾ ਅੰਮ੍ਰਿਤਸਰ

ਵਿਚ ਹੋਇਆ। ਛੋਟੇ ਹੁੰਦੇ ਹੀ ਸ਼ਰਨ ਵਿਚ ਆਏ। ਸਾਰੀ ਉਮਰ ਸੰਤਾਂ ਦੀ ਸੇਵਾ ਤੇ ਸੰਗਤ ਵਿਚ ਬਤੀਤ ਕੀਤੀ। ਆਪਨੂੰ ਸੰਮਤ ੧੯੭੫ ਵਿਚ ਮਹੰਤ ਈਸ਼ਰ ਸਿੰਘ ਜੀ ਨੇ ਮਹੰਤੀ ਦਿਤੀ ਮਹੰਤ ਹੋ ਕੇ ਵੀ ਆਪ ਅਨਿੰਨ ਸੇਵਕ ਰਹੇ ਹਨ। ਆਪ ਉਦਾਰ ਚਿਤ ਦਲੇਰ ਸਨ। ਸਚਾਈ ਆਪਦੇ ਜਿਸਮ ਵਿਚ ਕੁਟ ੨ ਕੇ ਭਰੀ ਹੋਈ ਸੀ। ਖਾਸ ਕਰਕੇ ਆਪਦੀ ਗੁਰੂ ਭਗਤੀ ਭੇਖ ਵਿਚ ਉਘੀ ਹੈ ਆਪ ਨੇ ਆਪਣੇ ਗੁਰੂ ਮਹੰਤ ਈਸ਼ਰ ਸਿੰਘ ਜੀ ਨਮਿਤ ਸਾਰੇ ਤੀਰਥਾਂ ਉਪਰ ਪੱਕੇ ਭੰਡਾਰੇ ਕੀਤੇ ਅਤੇ ਬ੍ਰਾਹਮਨ ਵਿਦਿਆਰਥੀਆਂ ਨੂੰ ਬਸਤ੍ਰ ਦਾਨ ਕੀਤੇ। ਕਈ ਅਖੰਡ ਪਾਠ ਕਰਾਏ। ਆਪ ਭੇਖ ਪ੍ਰਸਿੱਧ ਮਿਲਨਸਾਰ ਸਾਧੂ ਸਨ। ਆਏ ਗਏ ਸਾਧ ਸੰਤ ਦੀ ਚੰਗੀ ਸੇਵਾ ਟਹਿਲ ਕਰਦੇ ਸਨ। ਡੇਰਾ ਪੱਕਾ ਬਬੇਕਸਰ ਦੇ ਲਾਗੇ ਹੈ। ਆਪ ਦੇ ਦੋ ਚੇਲੇ ਹਨ। ਆਪ ਮਕਾਨ ਦੀ ਤਰੱਕੀ ਕਰ ਰਹੇ।

## ਪੰਡਿਤ ਹਰਨਾਮ ਸਿੰਘ ਜੀ

ਸ਼ਿਸ਼ ਮਹੰਤ ਈਸ਼ਰ ਸਿੰਘ ਜੀ। ਅਜ ਕਲ ਆਪ ਡੇਰੇ ਦੇ ਮਹੰਤ ਹਨ। ਪਹਿਲਾਂ ਕਾਂਸ਼ੀ ਕਈ ਵਰ੍ਹੇ ਵਿਦਿਆ ਪੜ੍ਹਦੇ ਰਹੇ। ਚੰਗੇ ਵਿਦਵਾਨ ਹੋ ਕੇ ਵਾਪਸ ਆਏ। ਦਿਲ ਦੇ ਬੜੇ ਤਕੜੇ ਹਨ। ਹੌਂਸਲੇ ਵਾਲੇ ਸਰੀਰ ਹਨ। ਹਰ ਇਕ ਕੰਮ ਵਿਚ ਧਿਆਨ ਦੇਣ ਵਾਲੇ ਹਨ। ਡੇਰੇ ਦੀ ਸੰਭਾਲ ਚੰਗੀ ਤਰ੍ਹਾਂ ਕਰ ਰਹੇ ਹਨ। ਆਏ ਗਏ ਸਾਧੂ ਸੰਤ ਦੀ ਸੇਵਾ ਕਰਦੇ ਹਨ। ਸੰਮਤ ੨੦੦੯ ਤੋਂ ਸਰਵ ਹਿੰਦ ਨਿਰਮਲ ਮਹਾਂ ਮੰਡਲ ਦੇ ਮੀਤ ਸਕਤ੍ਰ ਬਣੇ ਚਲੇ ਆ ਰਹੇ ਹਨ।

# ਡੇਰਾ ਅੰਤ੍ਰਯਾਮੀਆਂ

(ਅੰਮ੍ਰਿਤਸਰ)

## ਮਹਾਰਾਜ ਮਹੰਤ ਬਸੰਤ ਸਿੰਘ ਜੀ

ਚੇਲੇ ਬਾਬਾ ਮੋਹਰ ਸਿੰਘ ਜੀ ਕਟੱਈ। ਆਪਦਾ ਜਨਮ ਟਾਂਡਾ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਬਾਲ ਉਮਰ ਵਿਚ ਹੀ ਸੰਤ ਹੋਏ ਤੇ ਸਨੱਧਬਧ ਰਹਿੰਦੇ ਰਹੇ। ਸੰਤਾਂ ਦੀ ਹਾਜਰੀ ਵਿਚ ਕੁਝ ਚਿਰ ਸੇਵਾ ਟਹਿਲ ਕਰਕੇ ਡੇਰਾ ਭਾਈ ਚਾਨਣਾ ਸਿੰਘ ਜੀ ਕਟੜਾ ਖਜ਼ਾਨੇ ਵਾਲਾ ਵਿਚ ਚਲੇ ਗਏ। ਕਿਸੇ ਮਤ ਭੇਦ ਕਰਕੇ ਡੇਰਾ ਛਡ ਕੇ ਵਿਚਰਨ ਲਗ ਪਏ, ਚੂਹਣੀਆਂ ਲਾਗੇ ਭੂਤ ਪਿੰਡ ਵਿਚ ਮਾਫੀ ਪ੍ਰਾਪਤ ਕੀਤੀ, ਜੋ ਚਾਰ ਖੂਹ ਦੀ ਸੀ। ਮਹੰਤ ਬਿਸ਼ਨ ਸਿੰਘ ਜੀ ਦੇ ਸਮੇਂ ਸਿਰ ਨਾ ਪੁਜਣ ਕਰਕੇ ਹੀਨ ਹਯਾਤ ਹੋਣ ਦੇ ਕਾਰਨ ਜ਼ਬਤ ਹੋ ਗਈ।

ਸ਼੍ਰੀ ਹਰ ਗੋਬਿੰਦ ਪੁਰ ਜ਼ਿਲਾ ਗੁਰਦਾਸ ਪੁਰ, ਅਹੀਆ ਪੁਰ ਜ਼ਿਲਾ ਹੁਸ਼ਿਆਰ ਪੁਰ ਆਦਿ ਨਗਰਾਂ ਦੀ ਵੀ ਇਹੋ ਦਸ਼ਾ ਹੋਈ, ਗੁਰੂ ਚੱਕ ਤਿਬੜ ਜ਼ਿਲਾ ਗੁਰਦਾਸ ਪੁਰ ਤੇ ਸੁਲਤਾਨ ਵਿੰਡ ਵਿਚ ਹੁਣ ਤਕ ਬਹਾਲ ਹੈ। ਇਸ ਤਰ੍ਹਾਂ ਫਿਰ ਫਿਰਾ ਕੇ ਸ੍ਰੀ ਅੰਮ੍ਰਿਤਸਰ ਆ ਬਿਰਾਜੇ। ਸੰਮਤ ੧੯੫੮ ਵਿਚ ਨਿਜ ਜ਼ਮੀਨ ਮੁਲ ਲੈ ਕੇ ਬੜਾ ਭਾਰੀ ਅਸਥਾਨ ਬਣਾਇਆ ਜੋ ਅਜਕਲ ਡੇਰਾ ਅੰਤ੍ਰਯਾਮੀਆਂ ਦੇ ਨਾਮ ਉਤੇ ਪ੍ਰਸਿਧ ਹੈ। ਆਪ ਦੇ ਅਨੇਕ ਚੇਲੇ ਤੇ ਸੇਵਕ ਹੋਏ ਇਨ੍ਹਾਂ ਵਿਚੋਂ ਪ੍ਰਸਿਧ ਸੰਤ

ਦਸੌਂਧਾ ਸਿੰਘ ਜੀ ਅੰਤ੍ਰਯਾਮੀ, ਸੰਤ ਜੋਧ ਸਿੰਘ ਜੀ, ਸੰਤ ਦੇਵਾ ਸਿੰਘ ਜੀ ਗੋਦੜੀਆ ਆਦਕ ਹੋਏ ਹਨ। ਸੰਤ ਦਸੌਂਧਾ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ੧੯੦੧ ਵਿਚ ਜ਼ਿਲਾ ਹੁਸ਼ਿਆਰ ਪੁਰ ਜਾ ਸਮਾਏ। ਉਥੇ ਹੀ ਆਪ ਦੀ ਸਮਾਧ ਹੈ। ਆਪ ਬੜੇ ਉਦਾਰ ਚਿਤ ਮਹਾਪੁਰਸ਼ ਹੋਏ ਹਨ।

## ਮਹੰਤ ਦਸੌਂਧਾ ਸਿੰਘ ਜੀ ਪ੍ਰਸਿਧ ਅੰਤ੍ਰਯਾਮੀ

ਆਪਦਾ ਜਨਮ ਜ਼ਿਲਾ ਅੰਮ੍ਰਿਤਸਰ ਜੀ ਵਿਚ ਹੋਇਆ ਬਾਲ ਉਮਰ ਵਿਚ ਹੀ ਸੰਤਾਂ ਦੀ ਸ਼ਰਨ ਵਿਚ ਆਏ। ਅਧਿਕ ਸਮਾਂ ਆਪ ਨੇ ਨਾਮਭਿਆਸ ਵਿਚ ਹੀ ਬਤੀਤ ਕੀਤਾ। ਸ਼ਹਿਰ ਵਿਚ ਬੜਾ ਸਨਮਾਨ ਪਾਇਆ। ਆਪ ਦੀ ਜੀਵਨੀ ਸਤਕਾਰ-ਮਈ ਜੀਵਨੀ ਹੈ। ਜੋ ਰਹਿੰਦੀ ਦੁਨੀਆਂ ਤਕ ਅੰਤ੍ਰਯਾਮੀ ਨਾਮ ਨਾਲ ਜੀਊਂਦੀ ਰਹੇਗੀ। ਡੇਰੇ ਦਾ ਕੁਝ ਹਿੱਸਾ ਆਪ ਨੇ ਮੁਲ ਲੈਕੇ ਬਣਾਇਆ। ਇਸ ਵੇਲੇ ਆਪ ਦੇ ਨਾਮ ਉਤੇ ਹੀ ਡੇਰਾ ਪ੍ਰਸਿਧ ਹੈ। ਆਪ ਦੀਆਂ ਕਈ ਕਰਾਮਾਤਾਂ ਦਸੀ ਦੀਆਂ ਹਨ। ਆਪਦੇ ਚੇਲੇ ਸੰਤ ਗੁਰਦਿਤ ਸਿੰਘ ਜੀ, ਤਰਨਤਾਰਨ ਵਾਲੇ, ਸੰਤ ਬਿਸ਼ਨ ਸਿੰਘ ਜੀ ਤੇ ਸੰਤ ਮਹਿਤਾਬ ਸਿੰਘ ਜੀ ਸ਼ਾਹਦਰੇ ਵਾਲੇ ਆਦਿਕ ਕਈ ਹੋਏ ਹਨ ਜਿਨ੍ਹਾਂ ਵਿਚੋਂ ਸੰਤ ਬਿਸ਼ਨ ਸਿੰਘ ਜੀ ਨੂੰ ਉਤ੍ਰਾਧਿਕਾਰੀ ਨੀਅਤ ਕਰਕੇ ਆਪ ਸੰਮਤ ੧੯੩੧ ਵਿਚ ਪ੍ਰਲੋਕ ਸਿਧਾਰ ਗਏ। ਪਹਿਲਾਂ ੨੫ ਸਿਤੰਬਰ ਸੰਨ ੧੯੬੧ ਵਿਚ ਪੰਡਿਤ ਹਜ਼ੂਰਾ ਸਿੰਘ ਜੀ ਦੇ ਨਾਮ ਆਪ ਨੇ ਵਸੀਅਤ ਕੀਤੀ ਸੀ। ਬਾਅਦ ਸੰਨ ੧੯੬੭ ਜਨਵਰੀ ੨੯ ਨੂੰ

ਆਪ ਵੀ ਚੰਗੇ ਉਘੇ ਪ੍ਰਤਾਪੀ ਸਾਧੂ ਹੋਏ ਹਨ, ਕਹਿੰਦੇ ਹਨ ਕਿ ਆਪ ਤਿੰਨ ਵਜੇ ਰੋਜ ਡੇਰੇ ਇਸਨਾਨ ਕਰ ਕੇ ਫਿਰ ਦਰਬਾਰ ਸਾਹਿਬ ਸਨਾਨ ਕਰਨ ਜਾਂਦੇ ਸਨ ਤੇ ਨਿਯਮ ਨਾਲ ਡੇਰੇ ੯ ਵਜੇ ਕਥਾ ਕਰਦੇ ਸਨ। ਸਾਰੀ ਜ਼ਿੰਦਗੀ ਵਿਚ ਆਪ ਮੰਜੇ ਉਤੇ ਨਹੀਂ ਸੁਤੇ। ਅਠੇ ਪਹਿਰ ਨਾਮ ਸਿਮਰਨ ਦੀ ਚਰਚਾ ਰਖਦੇ ਸਨ। ਸਾਰੀ ਆਯੂ ਸੰਜਮ ਵਿਚ ਗੁਜ਼ਾਰੀ। ਅੰਤ ਅਪਣੇ ਸ਼ਿਸ਼ ਨੂੰ ਗਦੀ ਦੇ ਕੇ ਆਪ ਸਚਖੰਡ ਜਾ ਬਸੇ, ਆਪ ਦੀ ਸਮਾਧ ਬਹਾਰਲੀ ਜ਼ਮੀਨ ਵਿਚ ਖੂਹ ਅੰਤ੍ਰਯਾਮੀਆਂ ਪੁਰ ਹੈ। ਮਹਾਰਾਜ ਬਿਸ਼ਨ ਸਿੰਘ ਜੀ ਦੇ ਨਾਮ ਕੀਤੀ। ਆਪ ਦੀ ਸਮਾਧ ਡੇਰਾ ਅੰਤ੍ਰਯਾਮੀਆਂ ਅੰਦਰ ਹੈ।

## ਮਹੰਤ ਬਿਸ਼ਨ ਸਿੰਘ ਜੀ

ਆਪ ਦਾ ਜਨਮ ਰਾਜਾ ਜੰਗ ਜ਼ਿਲਾ ਲਾਹੌਰ ਵਿਚ ਹੋਇਆ ਤੇ ਸੰਤਾਂ ਦੀ ਸੰਗਤ ਪਿੰਡ ਵਿਚ ਹੀ ਕਰਦੇ ਰਹੇ। ਫਿਰ ਸੰਤਾਂ ਪਾਸ ਅੰਮ੍ਰਿਤਸਰ ਜੀ ਵਿਚ ਆ ਰਹੇ। ਸੰਨ ੧੯੬੭ ਵਿਚ ਆਪ ਦੇ ਨਾਮ ਵਸੀਅਤ ਹੋਈ।

## ਮਹੰਤ ਸਾਧੂ ਸਿੰਘ ਜੀ

ਆਪ ਦਾ ਜਨਮ ਦੇਹਰੀਵਾਲ, ਜ਼ਿਲਾ ਗੁਰਦਾਸ ਪੁਰ ਵਿਚ ਹੋਇਆ। ਸ੍ਰੀ ਅੰਮ੍ਰਿਤਸਰ ਦਰਸ਼ਨ ਮੇਲਾ ਕਰਨ ਆਏ, ਸੰਤਾਂ ਦੀ ਸ਼ਰਨ ਵਿਚ ਚਿਤ ਲਗ ਗਿਆ। ਕਈ ਸਾਲ ਸੇਵਾ ਕਰਦੇ ਰਹੇ। ਉਦਮੀ ਸੂਰ ਹੋਣ ਕਰ ਕੇ ਹਰ ਇਕ ਦੇ ਪਿਆਰ

ਵਿਚ ਟੁਰਦੇ ਵੇਖ ਕੇ ਸੰਤਾਂ ਡੇਰਾ ਆਪਦੇ ਹਵਾਲੇ ਕਰ ਦਿਤਾ। ਇਨ੍ਹਾਂ ਨੇ ਮਹੰਤ ਹੋ ਕੇ ਅਪਣੀ ਸੰਪ੍ਰਦਾ ਦੇ ਸਾਂਰਿਆਂ ਮਹਾਂਪੁਰਸ਼ਾਂ ਦੇ ਅਸਥਾਨ ਪਰਸੇ ਤੇ ਸਾਰਿਆਂ ਨੂੰ ਅਪਣੇ ਡੇਰੇ ਵਿਚ ਸਦਿਆ ਆਪ ਸੁਭਾਅ ਦੇ ਹਸਮੁਖੇ ਤੇ ਨਿਰਮਾਣ ਸਰੀਰ ਸਨ। ਅ ਪਦੀ ਖੁਸ਼ਦਿਲੀ ਮਸ਼ਹੂਰ ਹੈ। ਆਪ ਦੇ ਸ਼ਿਸ਼ ਸੰਤ ਠਾਕੁਰ ਸਿੰਘ ਜੀ ਹੋਏ। ਜਿਨ੍ਹਾਂ ਨੂੰ ਸਰਬਰਾਂਵਾਂ ਰਾਹੀਂ ਮਹੰਤੀ ਦੇ ਕੇ ਆਪ ਸੰਮਤ ੧੯੭੨ ਵਿਚ ਪ੍ਰਲੋਕ ਪਧਾਰ ਗਏ।

## ਮਹੰਤ ਠਾਕਰ ਸਿੰਘ ਜੀ

ਆਪ ਦਾ ਜਨਮ ਸ੍ਰੀ ਹਰਗੋਬਿੰਦ ਪੁਰ ਸਾਹਿਬ, ਜ਼ਿਲਾ ਗੁਰਦਾਸ ਪੁਰ ਵਿਚ ਹੋਇਆ। ਇਨ੍ਹਾਂ ਨੇ ਬੜਾ ਚਿਰ ਸਾਧ ਸੰਗਤ ਤੇ ਡੇਰੇ ਦੀ ਸੇਵਾ ਕੀਤੀ। ਮਹੰਤ ਹੋਣ ਤੋਂ ਬਾਅਦ ਵੀ ਆਪ ਮੰਦੂਕੜੀ ਲਿਆਉਂਦੇ ਰਹੇ, ਸ਼ਰੀਰ ਦੇ ਦਰਸ਼ਨੀ ਸਨ। ਆਪ ਦੇ ਚੇਲੇ ਸੰਤ ਰਾਮ ਸਿੰਘ ਜੀ, ਗਿਆਨੀ ਗੁਰਮੁਖ ਸਿੰਘ ਜੀ ਹੋਏ, ਪਰ ਕਿਸੇ ਨੂੰ ਮਹੰਤੀ ਦਿਤੇ ਬਿਨਾਂ ਆਪ ਦਾ ਦੇਹਾਂਤ ਸੰਮਤ ੧੯੯੪ ਵਿਚ ਹੋ ਗਿਆ।

## ਮਹੰਤ ਗਣੇਸ਼ਾ ਸਿੰਘ ਜੀ

(ਸਾਬਕ ਸਕੱਤ੍ਰ ਨਿਰਮਲ ਅਖਾੜਾ)

ਸ਼ਿਸ਼ ਖੁਡਾ ਨਿਵਾਸੀ ਸ੍ਰੀ ਮਹਾਰਾਜ ਹੀਰਾ ਸਿੰਘ ਜੀ, ਆਪ ਦਾ ਜਨਮ ਪਿੰਡ ਰਲਣ ਜ਼ਿਲਾ ਹੁਸ਼ਿਆਰ ਪੁਰ ਸਰਦਾਰ ਹੀਰਾ ਸਿੰਘ ਜੀ ਦੇ ਗ੍ਰੈਹ ਵਿਖੇ ਸੰਮਤ ੧੯੧੭ ਵਿਸਾਖੀ ਵਾਲੇ

ਦਿਨ ਹੋਇਆ। ਸਤ ਸਾਲ ਦੀ ਉਮਰ ਵਿਚ ਖੁਡੇ, ਡੇਰੇ ਆਏ। ਸੇਵਾ ਕਰਦੇ, ਸ੍ਰੀ ਸੰਤ ਬੂਟਾ ਸਿੰਘ ਜੀ ਪਾਸੋਂ ਵਿਦਿਆ ਪੜ੍ਹਦੇ ਰਹੇ। ਸੰਮਤ ੧੯੩੫ ਵਿਚ ਜਦ ਮਹੰਤ ਬੂਟਾ ਸਿੰਘ ਜੀ ਚੜ੍ਹਾਈ ਕਰ ਗਏ। ਫਿਰ ਮਹੰਤ ਹੀਰਾ ਸਿੰਘ ਜੀ ਦੇ ਸ਼ਿਸ਼ ਹੋ ਕੇ ਸੰਤ ਮਾਰਗ ਵਿਚ ਆ ਗਏ। ਕਈ ਵਰ੍ਹੇ ਗੁਰੂ ਘਰ ਦੇ ਅਤੇ ਵੇਦਾਂਤ ਭਾਸ਼ਾ ਦੇ ਪੁਸਤਕ ਪੜ੍ਹਦੇ ਰਹੇ। ਮਹੰਤ ਜੀ ਦੀ ਆਗਿਆ ਨਾਲ ਫਿਰ ਤਰਨ ਤਾਰਨ ਸਾਹਿਬ ਜਾ ਕੇ ਪੰਡਿਤ ਹਜ਼ੂਰਾ ਸਿੰਘ ਜੀ ਦੇ ਪਾਸ ਰਹਿ ਕੇ ਗੌਰਮਿੰਟ ਸਕੂਲ ਵਿਚ ਅੰਗ੍ਰੇਜ਼ੀ ਉਰਦੂ ਪੜ੍ਹਦੇ ਰਹੇ। ੧੦-੧੨ ਸਾਲ ਇਥੇ ਰਹਿ ਕੇ ਫਿਰ ਆਪ ਸ੍ਰੀ ਅੰਮ੍ਰਿਤਸਰ ਡੇਰੇ ਅੰਤ੍ਰਯਾਮੀਆਂ ਦੇ ਮਹੰਤ ਸਾਧੂ ਸਿੰਘ ਜੀ ਦਿਆਂ ਚਰਣਾਂ 'ਚ ਜਾ ਰਹੇ। ਜਿਥੇ ਪੜ੍ਹਦਿਆਂ ਪੜ੍ਹਦਿਆਂ ਵੈਦਿਕ ਵਿਦਿਆ ਵਿਚ ਬੜੇ ਨਿਪੁਣ ਹੋ ਗਏ ਤੇ ਸੰਮਤ ੧੯੬੧ ਵਿਚ ਜਤੀ ਨਿਦਾਨ ਦਾ ਟੀਕਾ ਕਰ ਕੇ ਛਪਵਾਇਆ। ਸੰਮਤ ੧੯੬੩ ਵਿਚ ਏਕੜ ਦੇ ਮਹੰਤ ਰਹੇ। ਬਾਅਦ ਸ੍ਰੀ ਪੰਚਾਇਤੀ ਨਿਰਮਲ ਅਖਾੜੇ ਦੇ ਸਕੱਤ੍ਰ ਬਣਾਏ ਗਏ। ਸੰਮਤ ੧੯੭੦ ਮੁਤਾਬਿਕ ਸੰਨ ੧੯੧੪ ਵਿਚ ਆਪਣੇ ਅਖਾੜੇ ਦੇ ਨਿਯਮ ਕੁਝ ਤ੍ਰਮੀਮ ਕਰ ਕੇ ਰਜਿਸਟਰ ਕਰਾਏ। ਜਿਨ੍ਹਾਂ ਦੇ ਆਧਾਰ ਪੁਰ ਅਖਾੜੇ ਦਾ ਕੰਮ ਅਜ ਤਕ ਚਲਿਆ ਆ ਰਿਹਾ ਹੈ।

ਸੰਮਤ ੧੯੮੪ ਵਿਚ ਅੰਤ੍ਰਯਾਮੀ ਡੇਰੇ ਦੇ ਮਹੰਤ ਠਾਕਰ ਸਿੰਘ ਜੀ ਜਦ ਕੋਈ ਵਸੀਅਤ ਕੀਤੇ ਬਿਨਾਂ ਪ੍ਰਲੋਕ ਗਮਨ ਹੋ ਗਏ, ਤਾਂ ਓਦੋਂ ਭੇਖ ਨੇ ਆਪ ਨੂੰ ਯੋਗ ਸਮਝ ਕੇ ਡੇਰੇ

ਦਾ ਮਹੰਤ ਬਣਾਇਆ। ਆਪ ਨੇ ਸਾਧ ਸੰਗਤ ਨਾਲ ਮਿਲ ਗਿਲ ਕੇ ਡੇਰੇ ਦੇ ਹਰ ਇਕ ਕੰਮ ਨੂੰ ਚੰਗਾ ਚਲਾਇਆ। ਆਪ ਲਿਖਣ ਪੜ੍ਹਨ ਦੇ ਪੁਰਸ਼ਾਰਥੀ ਸਰੀਰ ਸਨ। ਸੰਮਤ ੧੯੯੫ ਵਿਚ ਨਿਰਮਲੇ ਸੰਤਾਂ ਦੇ ਲਾਭ ਲਈ ਇਕ ਨਿਰਮਲ ਇਤਹਾਸ ਛਪਵਾਇਆ। ਇਸ ਤੋਂ ਇਲਾਵਾ ਮੇਘ ਬਿਨੋਦ, ਬਿਆਧ ਬਿਨਾਸ਼ਕ ਦਾ ਟੀਕਾ ਅਤੇ ਭਾਰਤਮਤ ਦਰਪਣ ਆਦਕ ਕੁਲ ੨੦-੨੨ ਪੁਸਤਕ ਬਣਾਏ। ਪਹਿਲੇ ਨਿਰਮਲ ਪਤ੍ਰ ਦੇ ਅਡੀਟਰ ਅਤੇ ਪਿਛਲੇ ਨਿਰਮਲ ਪਤ੍ਰ ਦੇ ਚੀਫ ਅਡੀਟਰ ਕਈ ਵਰ੍ਹੇ ਰਹੇ। ਹਰ ਤਰ੍ਹਾਂ ਕਰ ਕੇ ਨਿਰਮਲ ਭੇਖ ਦੇ ਸ਼ੁਭ ਚਿੰਤਕ ਸਨ ਅਤੇ ਸਤਿਕਾਰ ਦ੍ਰਿਸ਼ਟੀ ਨਾਲ ਵੇਖੇ ਜਾਂਦੇ ਰਹੇ। ਸੁਭਾ ਦੇ ਧੀਮੇ ਪ੍ਰਸਿੱਧ ਸਨ। ਆਖਰ ੯੦ ਸਾਲ ਦੀ ਉਮਰ ਵਿਚ ਸਮਾਏ।

ਆਪ ਤੋਂ ਬਾਅਦ ਮਹੰਤ ਲਾਲ ਸਿੰਘ ਜੀ ਖੁਡਾ ਨਿਵਾਸੀ ਨੂੰ ਭੇਖ ਨੇ ਅਸਥਾਨਾ ਪਤੀ ਨਿਯਤ ਕੀਤਾ ਹਰ ਤਰ੍ਹਾਂ ਨਾਲ ਕੰਮ ਚੰਗਾ ਚਲਾ ਰਹੇ ਹਨ। ਇਨ੍ਹਾਂ ਦਾ ਜੀਵਨ ਬਿਸਤਾਰ ਨਾਲ ਖੁਡੇ ਦੇ ਬਿਆਨ ਵਿਚ ਦਿਤਾ ਗਿਆ ਹੈ।

## ਸੰਤ ਰਾਮ ਸਿੰਘ ਜੀ

ਆਪ ਦਾ ਜਨਮ ਹਰ ਗੋਬਿੰਦ ਪੁਰ ਜ਼ਿਲਾ ਗੁਰਦਾਸ ਪੁਰ ਵਿਖੇ ਹੋਇਆ। ਛੋਟੀ ਉਮਰ 'ਚ ਹੀ ਡੇਰਾ ਅੰਤ੍ਰਯਾਮੀਆਂ ਵਿਚ ਸੰਤ ਠਾਕਰ ਸਿੰਘ ਜੀ ਦੀ ਸੰਗਤ ਵਿਚ ਆਕੇ ਪੜ੍ਹਦੇ ਸੁਣਦੇ ਰਹੇ ਅਤੇ ਖਾਸ ਕਰਕੇ ਡੇਰੇ ਦੀ ਬੜੀ ਸੇਵਾ ਕੀਤੀ। ਆਪ ਦੀ ਸੇਵਾ ਭੇਖ ਵਿਚ ਪ੍ਰਸਿਧ ਹੈ। ਸੰਮਤ ੧੯੯੨ ਵਿਚ

ਮਹਾਦਾਨੀ ਮਾਤਾ ਸੰਤਾ ਦੇਵੀ ਸੇਵਕਾ ਮਹੰਤ ਸਾਧੂ ਸਿੰਘ ਜੀ ਨੇ ਚਕ ਨੰ: ੨੯੯ ਵਿਚ ਕੁਝ ਜ਼ਮੀਨ ਤੇ ਡੇਰਾ ਬਣਵਾ ਦਿਤਾ ਸੀ। ਸੁਭਾ ਦੇ ਲਿਸੇ ਸਰੀਰ ਹਨ। ਸ਼ਹਿਰ ਵਿਚੋਂ ਮਧੂਕਰੀ ਲਿਆਕੇ ਸਾਧਾਂ ਨੂੰ ਛਕਾਉਂਦੇ ਹਨ।

## ਸੰਤ ਬਾਬਾ ਮਹਿਤਾਬ ਸਿੰਘ ਜੀ

(ਸ਼ਾਹਦਰਾ)

ਸੰਮਤ ੧੮੯੯ ਜਨਮ ਹੋਇਆ। ਵਡੀ ਉਮਰ ਵਿਚ ਯਾਤਰਾ ਕਰਨ ਲਈ ਸ੍ਰੀ ਅੰਮ੍ਰਿਤਸਰ ਜੀ ਆਏ। ਅੰਤ੍ਰਯਾਮੀਆਂ ਦੇ ਡੇਰੇ ਉਤਰੇ। ਉਨ੍ਹੀਂ ਦਿਨੀਂ ਮਹਾਰਾਜ ਦਸੌਂਧਾ ਸਿੰਘ ਜੀ (ਅੰਤ੍ਰਯਾਮੀ) ਡੇਰੇ ਦੇ ਅਧਿਸ਼ਟਾਤਾ ਸਨ। ਦਰਸ਼ਨ ਕਰਦਿਆਂ ਚਿਤ ਪ੍ਰਸੰਨ ਹੋ ਗਿਆ। ਸ਼ਿਸ਼ ਹੋ ਕੇ ੧੪–੧੫ ਸਾਲ ਲਗਾ-ਤਾਰ ਸੇਵਾ ਕਰਦੇ ਰਹੇ ਜਦ ਆਪ ਦੇ ਸੰਤ ਸੰਮਤ ੧੯੩੦ ਵਿਕ ਗੁਜ਼ਰੇ ਉਦਾਸੀਨ ਬ੍ਰਿਤੀ ਵਿਚ ਫਿਰਦੇ ਤੁਰਦੇ ਸ਼ਾਹਦਰੇ ਪਹਿਲ਼ਾ ਸ਼ਾਹਾਂ ਦੀ ਧਰਮਸਾਲ਼ਾ ਵਿਚ ਆਏ। ਉਨ੍ਹੀਂ ਦਿਨੀ ਰਾਵੀ ਦੇ ਕੰਢੇ ਇਕ ਤਪਸਵੀ ਰਹਿੰਦੇ ਸਨ, ਜੋ ਸਚਮੁਚ ਤਪ ਦੀ ਮੂਰਤੀ ਤੇ ਡਾਢੇ ਨਿਰਚਾਹ ਪੁਰਸ਼ ਸਨ। ਉਨ੍ਹਾਂ ਪਾਸ ਆਪ ਦਾ ਆਉਣ ਜਾਣ ਹੋ ਗਿਆ, ਦਿਲ ਮੁਢੋਂ ਹੀ ਨਿਰਮਾਣ ਤੇ ਸੇਵਾ ਕਰਨ ਵਾਲਾ ਸੁਭਾਵ ਸੀ ਜਿਸ ਕਰਕੇ ਤਪਸੀ ਮਹਾਤਮਾ ਦੀ ਸੇਵਾ ਕਰਨ ਲਗ ਪਏ, ਡੇਢ ਸੌ ਵਰ੍ਹੇ ਸੇਵਾ ਕੀਤੀ। ਤਪਸੀ ਜੀ ਆਪਣਾ ਅੰਤ ਸਮਾਂ ਨੇੜੇ ਆਇਆ ਵੇਖ ਕੇ ਇਕ ਦਿਨ ਨਗਰਵਾਸੀਆਂ ਨੂੰ ਪਾਸ ਸਦਕੇ ਕਹਿ ਦਿਤਾ ਕਿ ਅਸਾਡਾ ਕੋਈ

ਚੇਲਾ ਬਾਲਾ ਨਹੀਂ ਇਸ ਵਾਸਤੇ ਸਾਡੇ ਪਿਛੋਂ ਇਸ ਥਾਂ ਦੇ ਮਾਲਕ ਇਹ ਸੰਤ ਮਹਿਤਾਬ ਸਿੰਘ ਜੀ ਹੋਣਗੇ। ਇਧਰ ਆਪ ਨੂੰ ਇਕ ਗੋਦੜੀ ਇਕ ਪਿਤਲ ਦੀ ਥਾਲੀ ਤੇ ਕੌਲ ਦੇ ਕੇ ਆਖਿਆ ਕਿ ਭਾਈ ਅਸਾਂ ਤਾਂ ਕੁੰਡਾ ਮਾਰ ਕੇ ਭਜਨ ਕੀਤਾ ਹੈ। ਤੈਂ ਕੁੰਡਾ ਖੋਲ੍ਹ ਕੇ ਕਰਨਾ ਹੋਵੇਗਾ। ਨਾਲ ਹੀ ਆਏ ਗਏ ਸਾਧੂ ਅਭਿਆਗਤ ਦੀ ਸੇਵਾ ਕਰਨੀ, ਕਿਸੇ ਗਲ ਦਾ ਘਾਟਾ ਨਹੀਂ ਰਹੇਗਾ। ਇਹ ਸਿਖਿਆ ਦੇ ਕੇ ਤਪਸੀ ਜੀ ਸੰਮਤ ੧੯੩੨ ਵਿਚ ਸਮਾ ਗਏ। ਸਰੀਰ ਦਰਿਆ ਵਿਚ ਪ੍ਰਵਾਹ ਕੀਤਾ ਗਿਆ। ਉਪਰੰਤ ਤਪਸੀ ਜੀ ਦੇ ਪਾਏ ਪੂਰਨਿਆਂ ਉਤੇ ਆਪ ਨੇ ਅਜਿਹਾ ਤਪ ਕੀਤਾ ਜੋ ਸਮਾਂ ਪਾਕੇ ਬੜੇ ਤਪ ਤੇਜ ਵਾਲੇ ਇਕ ਉਚ ਕੋਟੀ ਦੇ ਮਹਾਤਮਾ ਪ੍ਰਸਿਧ ਹੋਏ। ਸਤਿਸੰਗ ਦਾ ਪ੍ਰਵਾਹ ਜਾਰੀ ਕੀਤਾ। ਪ੍ਰਾਣੀ ਮਾਤ੍ਰ ਲਈ ਨਾਮ ਧਨ ਤੇ ਅੰਨ ਦਾ ਖੁਲ੍ਹਾ ਲੰਗਰ ਚਲਾਇਆ, ਗੁਰਦਵਾਰਿਆਂ ਦੀ ਯਾਤ੍ਰਾ ਲਈ ਹਰ ਇਕ ਨੂੰ ਉਤਸ਼ਾਹ ਦਿਤਾ। ਆਪ ਕਈ ਵਰ੍ਹੇ ਲਗਾ-ਤਾਰ ਸੰਗਤਾਂ ਨੂੰ ਨਾਲ ਲੈ ਕੇ ਪੈਦਲ ਨਨਕਾਣੇ ਸਾਹਿਬ ਜਾਂਦੇ ਰਹੇ। ਆਉਂਦਿਆਂ ਜਾਂਦਿਆਂ ਹਜ਼ਾਰਾਂ ਆਦਮੀਆਂ ਨੂੰ ਰਸਤੇ ਵਿਚ ਲੰਗਰ ਵਰਤਾਉਂਦੇ ਰਹੇ। ਭਰੋਸੇ ਵਾਲੇ ਇਤਨੇ ਸਨ ਕਿ ਇਕ ਵੇਰਾਂ ਡੇਰੇ ਅੰਦਰ ਰਸਦ ਮੁਕੀ ਵੇਖ ਕੇ ਭੰਡਾਰੀਆਂ ਦਿਲ ਵਿਚ ਹੈਰਾਨਗੀ ਪ੍ਰਗਟ ਕੀਤੀ। ਆਪ ਨੂੰ ਪਤਾ ਲਗਾ ਤਾਂ ਬੁਲਾ ਕੇ ਭੰਡਾਰੀਆਂ ਨੂੰ ਆਖ ਦਿਤਾ, ਤੁਸੀਂ ਚਿੰਤਾ ਨਾ ਕਰੋ। ਪਾਣੀ ਪਾਕੇ ਚੁਲ੍ਹੋ ਉਤੇ ਦੇਗ ਰਖ ਦਿਓ। ਗੁਰੂ ਆਪੇ ਰਸਦ ਭੇਜੂ। ਉਸ ਵੇਲੇ ਆਪ ਸਣੇ ਕਈ ਸਰੀਰਾਂ ਦੇ ਅੰਬ ਦੇ ਬੂਟੇ

ਹੇਠਾਂ ਬੈਠੇ ਹੋਏ ਸਨ। ਸਚਮੁਚ ਇਤਨੇ ਵਿਚ ਇਕ ਨਿਕੀ ਜਹੀ ਪੋਟਲੀ ਜਿਸ ਵਿਚ ਦਸ ਰੁਪਏ ਸਨ, ਉਪਰੋਂ ਆਣ ਡਿਗੀ ਜਿਹੜੀ ਗਾਲੜ ਨੇ ਸੁਟੀ ਹੋਣੀ ਹੈ। ਵੇਖ ਕੇ ਸਭ ਹੈਰਾਨ ਰਹਿ ਗਏ। ਉਸੇ ਨਾਲ ਰਸਦ ਮੰਗਾ ਕੇ ਲੰਗਰ ਤਿਆਰ ਕੀਤਾ।

ਲਾਲਾ ਬਾਲਕ ਰਾਮ ਦਾ ਪਿਤਾ ਵਧਾਊ ਸ਼ਾਹ ਬਿਮਾਰ ਹੋ ਗਿਆ। ਜੀਵਣ ਦੀ ਆਸ ਮੁਕ ਗਈ। ਮੰਜਿਓ ਹੇਠਾਂ ਲਾਹ ਦਿਤਾ। ਸ਼ਾਹ ਦੀ ਇਸਤ੍ਰੀ ਦੁਖੀ ਹੋ ਕੇ ਆਪ ਦੇ ਚਰਨਾਂ ਉਤੇ ਸਿਰ ਰਖ ਕੇ ਰੋ ਪਈ ਤੇ ਕਹਿਣ ਲਗੀ ਕਿ ਮਹਾਰਾਜ ਮੇਰਾ ਸਾਂਈ ਗਿਆ, ਰਖ ਲੌ, ਇਹ ਨਿਮਾਣੀ ਪੁਕਾਰ ਸੁਣ ਕੇ ਆਪ ਨੇ ਕਹਿ ਦਿਤਾ, ਧੀਏ ਰੋ ਨਾ ਉਸਨੇ ਤਾਂ ਅਜੇ ਪੁਤ੍ਰ ਪੋਤ੍ਰਿਆਂ ਦੇ ਵੰਗ ਵੇਖਣੇ ਹਨ। ਤੁਰਤ ਚਰਨਾਮ੍ਰਿਤ ਲੈ ਕੇ ਘਰ ਗਈ। ਪਤੀ ਦੇ ਮੂੰਹ ਵਿਚ ਪਾਇਆ, ਰਾਜ਼ੀ ਹੋ ਗਿਆ। ਸੰਤਾਂ ਦੇ ਵਾਕ ਨਾਲ ਅਜ ਤਕ ਪੁਤ੍ਰ ਪੋਤ੍ਰੇ ਮੌਜੂਦ ਹਨ।

ਆਪ ਦੇ ਵਡੇ ਸ਼ਿਸ਼ ਸੰਤ ਤੇਜਾ ਸਿੰਘ ਜੀ ਸਨ, ਜੋ ਲਾਹੌਰ ਦੇ ਇਕ ਵਡੇ ਘਰਾਣੇ ਵਿਚੋਂ ਸਨ। ਗ੍ਰਿਸਥ ਛਡ ਕੇ ਬਾਬਾ ਜੀ ਦੇ ਸੇਵਕ ਹੋਏ। ਕਈ ਵਰ੍ਹੇ ਨਿਰਮਾਣ ਹੋ ਕੇ ਸੇਵਾ ਕਰਦੇ ਰਹੇ। ਬਾਬਾ ਜੀ ਨੇ ਪ੍ਰਸੰਨ ਹੋ ਕੇ ਅਪਣੇ ਹਥੀਂ ਇਨ੍ਹਾਂ ਨੂੰ ਡੇਰੇ ਦੀ ਪਗ ਦੇ ਦਿਤੀ ਸੀ, ਪਰ ਕਾਲ ਕ੍ਰਾਲ ਵਡਾ ਬਲੀ ਹੈ। ਬਾਬਾ ਜੀ ਦੇ ਜੀਉਂਦਿਆਂ ਹੀ ਇਹ ਗੁਰਪੁਰੀ ਚੜ੍ਹਾਈ ਕਰ ਗਏ।

ਇਨ੍ਹਾਂ ਤੋਂ ਇਲਾਵਾ ਆਪ ਦੇ ਸ਼ਿਸ਼ ਸੰਤ ਈਸ਼ਰ ਸਿੰਘ ਜੀ ਗਿਆਨੀ ਉਤਮ ਸਿੰਘ ਜੀ, ਸੰਤ ਗੁਵਰਧਨ ਸਿੰਘ ਜੀ

ਸਨ, ਪਰ ਡੇਰੇ ਦੀ ਮਹੰਤੀ ਕਿਸੇ ਨੂੰ ਦਿਤੇ ਬਿਨਾਂ ੪ ਫਗਣ ਸੰਮਤ ੧੯੬੧ ਵਿਚ ਪ੍ਰਲੋਕ ਸਿਧਾਰ ਗਏ। ਸਤਾਰ੍ਹਵੇਂ ਵਾਲੇ ਦਿਨ ਭੇਖ ਨੇ ਸਾਰੇ ਸਤਿ ਸੰਗੀਆਂ ਨਾਲ ਸਲਾਹ ਕਰ ਕੇ ਸੰਤ ਤੇਜਾ ਸਿੰਘ ਜੀ ਦੇ ਚੇਲੇ ਸੰਤ ਲਖਾ ਸਿੰਘ ਜੀ ਨੂੰ ਡੇਰੇ ਦੀ ਪੱਗ ਦੇ ਦਿਤੀ।

## ਸੰਤ ਲਖਾ ਸਿੰਘ ਜੀ

ਆਪ ਵਡੇ ਅਲਮਸਤ ਸਰੀਰ ਸਨ। ਡੇਰੇ ਦੇ ਪ੍ਰਬੰਧ ਕਰਨ ਵਿਚ ਘਟ ਖਿਆਲ ਦੇਂਦੇ ਸਨ, ਤਿੰਨ ਚਾਰ ਵਰ੍ਹੇ ਸੇਵਾ ਕਰ ਕੇ ਪ੍ਰਲੋਕ ਗਮਨ ਕਰ ਗਏ।

## ਮਹੰਤ ਗੁਵਰਧਨ ਸਿੰਘ ਜੀ

(ਸ਼ਾਹਦਰਾ)

ਆਪ ਦਾ ਜਨਮ ਸਾਗਾਤੀ, ਜ਼ਿਲਾ ਜੇਹਲਮ ਵਿਚ ਹੋਇਆ। ੧੨-੧੩ ਸਾਲ ਦੀ ਉਮਰ ਵਿਚ ਸ੍ਰੀ ਬਾਬਾ ਕਰਮ ਸਿੰਘ ਜੀ ਦੇ ਦਰਸ਼ਨ ਲਈ ਹੋਤੀ ਪਹੁੰਚੇ। ਛੇ ਮਹੀਨੇ ਸੇਵਾ ਕਰਦੇ ਰਹੇ। ਬਾਅਦ ਦੋ ਤਿੰਨ ਵਰ੍ਹੇ ਧੰਨੀ ਪੋਠੋਹਾਰ ਦੀ ਸੈਰ ਕਰਦੇ। ੧੫-੧੬ ਸਾਲ ਦੀ ਉਮਰ ਵਿਚ ਸ਼ਾਹਦਰੇ ਡੇਰੇ ਆਏ ਜਦ ਸੰਮਤ ੧੯੬੧ ਵਿਚ ਬਾਬਾ ਜੀ ਗੁਜ਼ਰ ਗਏ ਤਾਂ ਆਪ ਉਨ੍ਹੀਂ ਦਿਨੀਂ ਅੰਮ੍ਰਿਤਸਰ ਹਰੀਦੁਆਰ ਆਦਕ ਤੀਰਥਾਂ ਪੁਰ ਇਸ਼ਨਾਨ ਕਰਨ ਲਈ ਗਏ ਹੋਏ ਸਨ।

ਮਹੰਤ ਲਖਾ ਸਿੰਘ ਜੀ ਸੰਮਤ ੧੯੬੪ ਵਿਚ ਗੁਜ਼ਰੇ

ਤਾਂ ਆਪ ਸੁਭਾਵਕ ਡੇਰੇ ਪੁਜੇ ਹੋਏ ਸਨ। ਮਹੰਤ ਲਖਾ ਸਿੰਘ ਜੀ ਦੇ ਸਤਾਰ੍ਹਵੇਂ ਵਾਲੇ ਦਿਨ ਸਭ ਦੀ ਸਲਾਹ ਨਾਲ ਆਪ ਨੂੰ ਮਹੰਤੀ ਦੇ ਦਿਤੀ ਗਈ ਬਾਅਦ ਦੋਵੇਂ ਵੇਲੇ ਡੇਰੇ ਵਿਚ ਕਥਾ ਕੀਰਤਨ ਕਰਨ ਦਾ ਆਰੰਭ ਕੀਤਾ ਮਕਾਨ ਦੀ ਤਰੱਕੀ ਵਲ ਖਿਆਲ ਦਿਤਾ। ਇਕ ਮਕਾਨ ਨਨਕਾਣੇ ਸਾਹਿਬ ਬਣਾਇਆ। ਜਿਥੇ ਸਾਲ ਦੇ ਸਾਲ ਕਤਕ ਪੂਰਨਮਾਸ਼ੀ ਨੂੰ ਲੰਗਰ ਚਲਾਇਆ ਕਰਦੇ ਬਾਬਾ ਜੀ ਦੀ ਯਾਦ ਵਿਚ ਚੇਤ੍ਰ ਦੇ ਪਹਿਲੇ ਐਤਵਾਰ ਨੂੰ ਸਾਲਾਨਾ ਜੋੜ ਮੇਲ ਕਰਦੇ। ਦ੍ਵਾਈ ਬੂਟੀ ਵਿਚ ਸਿਆਣੇ ਸਨ। ਕੁਝ ਚਿਰ ਰਮਤ ਅਖਾੜੇ ਦੇ ਮੁਖੀਏ ਮਹੰਤ ਰਹੇ। ਪਾਕਸਤਾਨ ਬਣਨ ਤੋਂ ਬਾਅਦ ਆਪ ਇਧਰ ਆ ਗਏ,ਡੇਰੇ ਉਤੇਮੁਸਲਮਾਨਾਂ ਹਮਲਾ ਕੀਤਾ ਤਾਂ ਆਪ ਦਾ ਚੇਲਾ ਅਤੇ ਗਿਆਨੀ ਉਤਮ ਸਿੰਘ ਜੀ ਮਾਰੇ ਗਏ, ਪਰ ਰੱਬ ਨੇ ਕਿਸੇ ਤਰ੍ਹਾਂ ਆਪ ਨੂੰ ਬਚਾ ਲਿਤਾ।

ਪਾਕਸਤਾਨ ਬਣਨ ਤੋਂ ਬਾਅਦ ਆਪ ਦੁਾਬੇ ਵਿਚ ਆ ਗਏ। ਜਿਥੇ ਆਪ ਨੂੰ ਕੋਈ ਅਸਥਾਨ ਮਿਲ ਗਿਆ, ਪਰ ਰੱਬ ਦੀ ਨੇਤ ਆਪ ਥੋੜੇ ਚਿਰ ਮਗਰੋਂ ਗੁਜ਼ਰ ਗਏ।

## ਡੇਰਾ ਮੋਹਧੀ ਪੁਰ

## ਮਹੰਤ ਜੰਗੀਰ ਸਿੰਘ ਜੀ

ਆਪ ਪਹਿਲਾਂ ਖੁਡੇ ਮਹੰਤ ਲਾਲ ਸਿੰਘ ਜੀ ਦੇ ਪਾਸ ਪੜ੍ਹਦੇ ਰਹੇ ਹਨ। ਮਹੰਤ ਗੁਵਰਧਨ ਸਿੰਘ ਜੀ ਦੇ ਪਿਛੋਂ ਆਪ

ਮਹੰਤ ਹੋਏ। ਜਦ ਦੇ ਮਹੰਤ ਬਣੇ ਡੇਰੇ ਦੀ ਤਰੱਕੀ ਕੀਤੀ। ਬਿਆਸਾ ਦੇ ਕਿਨਾਰੇ ਡੇਰਾ ਆਬਾਦ ਹੈ। ੧੦-੧੨ ਘੁਮਾਂ ਜ਼ਮੀਨ ਮੁਲ ਲੈ ਕੇ ਡੇਰੇ ਨਾਲ ਲੁਵਾਈ। ਗੁਰੂ ਮਹਾਰਾਜ ਦਾ ਕਮਰਾ ਹਜ਼ਾਰਾਂ ਰੁਪਏ ਲਾ ਕੇ ਤਿਆਰ ਕਰਵਾਇਆ।

## ਗਿਆਨੀ ਉਤਮ ਸਿੰਘ ਜੀ

ਆਪ ਦਾ ਜਨਮ ਪਿੰਡ ਖਬਲ ਜ਼ਿਲਾ ਜਾਲੰਧਰ ਵਿਚ ਹੋਇਆ। ਪਹਿਲਾਂ ਸ੍ਰੀ ਅੰਮ੍ਰਿਤਸਰ ਡੇਰੇ ਅੰਤ੍ਰਜਾਮੀਆਂ ਵਿਖੇ ਆਏ ਸੇਵਾ ਕਰਦੇ ਪੜ੍ਹਦੇ ਰਹੇ। ਸ਼ਾਹਦਰੇ ਬਾਬਾ ਜੀ ਦੇ ਸੇਵਕ ਹੋ ਕੇ ਡੇਰੇ ਦਾ ਕੰਮ ਖੂਬ ਚਲਾਇਆ। ਕਈ ਵਰ੍ਹੇ ਲੰਗਰ ਦੀ ਸੇਵਾ ਕੀਤੀ। ਆਪ ਦੀ ਰਹਿਣੀ ਬਹਿਣੀ ਪੂਰੇ ਫਕੀਰਾਂ ਵਾਲੀ ਸੀ। ਜਿਥੇ ਗਏ ਸਨਮਾਨ ਪਾਇਆ। ਸਾਰੰਗੜੇ ਪਿੰਡ ਕਈ ਵਰ੍ਹੇ ਸਤਿਸੰਗ ਦਾ ਸਿਲਸਿਲਾ ਬਣਾਈ ਰਖਿਆ। ਫਿਰ ਆਪ ਸੁਹਾਵੇ ਨਿਰਮਲ ਡੇਰੇ ਦੇ ਮਹੰਤ ਨੀਅਤ ਕੀਤੇ ਗਏ। ਪਾਕਸਤਾਨ ਬਣਨ ਵੇਲੇ ਉਧਰ ਦਾ ਰਾਮ ਰੌਲਾ ਵੇਖ ਕੇ ਸ਼ਾਹਦਰੇ ਵਡੇ ਡੇਰੇ ਵਿਚ ਆ ਗਏ। ਕੁਝ ਦਿਨਾਂ ਬਾਅਦ ਇਥੇ ਵੀ ਹਮਲਾ ਹੋ ਗਿਆ। ਰਬ ਦੀ ਨੇਤ ਉਸ ਹਮਲੇ ਵਿਚ ਆਪ ਸ਼ਹੀਦ ਹੋ ਗਏ।

ਆਪ ਦੇ ਚੇਲੇ ਸੰਤ ਦਰਸ਼ਨ ਸਿੰਘ ਜੀ ਚਕ੍ਰਵਰਤੀ ਕੀਰਤਨ ਦੁਆਰਾ ਪ੍ਰਚਾਰ ਕਰਦੇ ਹਨ। ਸੰਤ ਪ੍ਰੀਤਮ ਸਿੰਘ ਜੀ ਸਾਰੰਗੜੇ ਜ਼ਿਲਾ ਅੰਮ੍ਰਿਤਸਰ ਵਿਚ ਰਹਿੰਦੇ ਹਨ। ਦਵਾਈ ਬੂਟੀ ਦਾ ਕੰਮ ਚਲਾਈ ਰਖਦੇ ਹਨ। ਆਪਣੇ ਸੰਤਾਂ ਦੇ ਪਾਏ

ਪੂਰਨਿਆਂ ਅਨੁਸਾਰ ਸਾਲ ਦੇ ਸਾਲ ਹੋਲਾ ਮਹੱਲਾ ਖੂਬ ਮਨਾਉਂਦੇ ਹਨ। ਗਿਆਨੀ ਜਾਗੀਰ ਸਿੰਘ ਜੀ ਚਕ ਮਿਸਰੀਖਾਂ ਵਾਲੇ ਸੰਤ ਸੋਹਣ ਸਿੰਘ ਜੀ ਅੰਮ੍ਰਿਤਸਰ ਪੜ੍ਹਦੇ ਹਨ। ਗਿਆਨੀ ਬਿਸ਼ਨ ਸਿੰਘ ਜੀ ਖਰਕੀਆਂ ਰਹਿੰਦੇ ਚਕਿਤਸਾ ਕਰਦੇ ਹਨ ਸ਼ਾਦੀ ਸ਼ੁਦਾ ਹਨ। ਸੰਤ ਰਾਮ ਸਿੰਘ ਜੀ, ਸੰਤ ਕਰਮ ਸਿੰਘ ਜੀ ਚਕ੍ਰਵਰਤੀ ਰਹਿੰਦੇ ਹਨ।

# ਡੇਰਾ ਹਜ਼ੂਰਾ ਸਿੰਘ ਜੀ

ਤਰਨ ਤਾਰਨ

## ਸ਼੍ਰੀ ਪੰਡਿਤ ਤਾਰਾ ਸਿੰਘ ਜੀ

ਚੇਲੇ ਸੰਤ ਗੁਰਦਿਤ ਸਿੰਘ ਜੀ ਆਪ ਦਾ ਜਨਮ ਪਿੰਡ ਢੋਢਾ ਜ਼ਿਲਾ ਸਿਆਲ ਕੋਟ ਸੰਮਤ ੧੯੪੦ ਵਿਚ ਹੋਇਆ। ਵਡੇ ਹੋਏ, ਆਪਣੇ ਭ੍ਰਾਤਾ ਦੇਵਾ ਸਿੰਘ ਜੀ ਨਾਲ ਬਜਾਜੀ ਦਾ ਕੰਮ ਕਰਦੇ ਰਹੇ। ਪਿਤਾ ਦੇ ਗੁਜ਼ਰ ਜਾਣ ਤੋਂ ਬਾਅਦ ਦੋਹਾਂ ਨੂੰ ਅਜਿਹਾ ਵਿਰਾਗ ਹੋ ਗਿਆ ਕਿ ਦੁਕਾਨ ਛਡ ਕੇ ਸੰਤ ਗੁਰਦਿਤ ਸਿੰਘ ਜੀ ( ਚੇਲੇ ਮਹਾਰਾਜ ਦਸੌਂਧਾ ਸਿੰਘ ਜੀ ਅੰਤ੍ਰਜਾਮੀ ) ਬਦੋ ਮਲ੍ਹੀ ਵਾਲਿਆਂ ਦੇ ਸ਼ਿਸ਼ ਹੋ ਕੇ ਸਾਧੂ ਹੋ ਗਏ। ਸੰਤ ਗੁਰਦਿਤ ਸਿੰਘ ਜੀ ਦੋਹਾਂ ਨੂੰ ਅੰਤ੍ਰਜਾਮੀਆਂ ਦੇ ਡੇਰੇ ਨਾਲ ਲੈ ਆਏ। ਜਿਥੇ ਕੁਝ ਦਿਨ ਸੇਵਾ ਕਰਦੇ ਰਹੇ।

ਸੰਤ ਤਾਰਾ ਸਿੰਘ ਜੀ ਅੰਤ੍ਰਜਾਮੀਆਂ ਦੀ ਆਗਿਆ

ਨਾਲ ਰਿਸ਼ੀਕੇਸ਼ ਪੜ੍ਹਨ ਚਲੇ ਗਏ। ਜਿਥੇ ਕਈ ਵਰ੍ਹੇ ਰਹਿ ਕੇ ਸੰਤ ਸਮੁੰਦ ਸਿੰਘ ਜੀ ਪਾਸੋਂ ਪੜ੍ਹਦੇ ਚੰਗੇ ਵਿਦਵਾਨ ਪੰਡਿਤ ਹੋ ਗਏ।

ਪੰਜਾਬ ਆਏ ਤਾਂ ਕਈ ਸਾਧੂਆਂ ਸਮੇਤ ਮੰਡਲੀ ਫੇਰਦੇ ਰਹੇ। ਆਪ ਦੀ ਰਹਿਣੀ ਬਹਿਣੀ ਸੁੰਦਰ ਬੜੇ ਮਹਾਤਮਾ ਵਾਲੀ ਸੀ, ਪਰ ਰੱਬ ਦੀ ਨੇਤ ਆਪ ਦਾ ਸਰੀਰ ਕੁਝ ਰੋਗ ਗ੍ਰਸਤ ਹੋ ਗਿਆ। ਕਾਰਨ ਇਹ ਦਸਦੇ ਹਨ ਕਿ ਇਕ ਵੇਰਾਂ ਸਣੇ ਮੰਡਲੀ ਭੂਤੀ ਪਿੰਡ ਆਏ, ਜਿਥੇ ਇਕ ਬੀੜ ਰਾਗ ਤੇ ਉਤਮ ਜ਼ਿੰਦਗੀ ਵਾਲੇ ਸੰਤ ਸਖੀ ਦੇ ਭੇਸ ਵਿਚ ਰਹਿੰਦੇ ਸਨ। ਜਦ ਉਨ੍ਹਾਂ ਸੁਣਿਆ, ਬਾਹਰ ਸੰਤਾਂ ਦੀ ਮੰਡਲੀ ਆਈ ਹੈ ਤਾਂ ਦੁਧ ਦੀਆਂ ਗਾਗਰਾਂ ਸੇਵਕਾਂ ਪਾਸੋਂ ਚੁਕਾ ਕੇ ਦਰਸ਼ਨ ਲਈ ਆਏ। ਇਕ ਗਡਵਾ ਦੁਧ ਦਾ ਅਪਣੇ ਸਿਰ ਤੇ ਰਖ ਲਿਤਾ। ਘੁੰਡ ਕਢ ਲਿਤਾ, ਪੰਡਿਤ ਜੀ ਪਾਸ ਆ ਕੇ ਪਹਿਲਾਂ ਮਥਾ ਟੇਕਿਆ ਫਿਰ ਗਲਾਸ ਭਰ ਕੇ ਪੰਡਿਤ ਜੀ ਨੂੰ ਦਿਤਾ। ਅਗੋਂ ਪੰਡਿਤ ਜੀ ਨੇ ਇਹ ਕਹਿ ਕੇ ਨਾਂਹ ਕਰ ਦਿਤੀ ਕਿ ਅਸੀਂ ਦੁਧ ਨਹੀਂ ਪੀਂਦੇ ਕੇਵਲ ਪ੍ਰਾਣ ਰਖਿਆ ਦੀ ਖਾਤਰ ਭੋਜਨ ਛਕੀਦਾ ਹੈ। ਦੁਬਾਰਾ ਪੇਸ਼ ਕੀਤਾ ਨਾਂਹ ਕਰ ਦਿਤੀ। ਤੀਜੀ ਵਾਰ ਕਿਹਾ, ਪੰਡਿਤ ਜੀ ਦੇ ਮੂੰਹੋਂ ਨਾਂਹ ਨਿਕਲੀ। ਉਸੇ ਵਕਤ ਸਖੀ ਨੇ ਗਲਾਸ ਸੁਟ ਦਿਤਾ। ਕਪੜਾ ਲਾਹ ਕੇ ਸਿਰ ਖੋਹਣਾ ਸ਼ੁਰੂ ਕਰ ਦਿਤਾ ਤੇ ਆਖਿਆ, ਹਾਏ ਲੋਗੋ ਅਜ ਮੈਂ ਰੰਡੀ ਹੋ ਗਈ। ਜੋ ਸੰਤਾਂ ਮੇਰੇ ਹਥੋਂ ਦੁਧ ਨਹੀਂ ਪੀਤਾ। ਇਧਰ ਸੰਤਾਂ ਵਲ ਮੂੰਹ ਕਰ ਕੇ ਆਖਿਆ, ਪੰਡਿਤ ਤਾਰਾ ਸਿੰਘ ਜੀ

ਜਿਸ ਦੁਧ ਵਲੋਂ ਨਾਂਹ ਕੀਤੀ ਜੇ ਇਹੀ ਦੁਧ ਪੀਓਗੇ ਤਾਂ ਬਚੋਗੇ ਨਹੀਂ ਤਾਂ ਸਿਰ ਚਕ੍ਰਾਇਆ ਰਹੇਗਾ। ਕਹਿੰਦੇ ਹਨ ਪੰਡਿਤ ਜੀ ਦਾ ਸਿਰ ਉਸੇ ਵੇਲੇ ਚਕ੍ਰਾਉਣ ਲਗ ਪਿਆ। ਮੰਡਲੀ ਛਡ ਦਿਤੀ। ਮਸਤਗੜ੍ਹ ਆ ਕੇ ਫਿਰ ਤਰਨ ਤਾਰਨ ਸਾ: ਆ ਗਏ। ਜਿਥੇ ਕਈ ਵਰ੍ਹੇ ਰੋਗ ਅਵਸਥਾ ਵਿਚ ਹੀ ਸਮਾਂ ਗੁਜ਼ਾਰਿਆ। ਹਾਂ ਦੋ ਤਿੰਨ ਵਰ੍ਹੇ ਦੁਧ ਤੇ ਕਾਹੜ ਬਾਨ ਦਾ ਅਰਕ ਪੀਂਦੇ ਰਹੇ।

ਆਪਦੇ ਸ਼ਿਸ਼ ਸੰਤ ਹਜ਼ੂਰਾ ਸਿੰਘ ਜੀ, ਸੰਤ ਗੁਰਦਿਆਲ ਸਿੰਘ ਜੀ ਜੋ ਹੁਣ ੭੪ ਸਾਲ ਦੀ ਉਮਰ ਦੇ ਹਨ। ਇਨ੍ਹਾਂ ਵਿਚੋਂ ਸੰਤ ਹਜ਼ੂਰਾ ਸਿੰਘ ਜੀ ਨੂੰ ਗਦੀ ਦੇ ਕੇ ਆਪ ਸੰਮਤ ੧੯੪੩ ਵਿਚ ਸਦਾ ਲਈ ਸਰੂਪ ਵਿਚ ਲੀਨ ਹੋ ਗਏ। ਆਪ ਦੀ ਸਮਾਧ ਡੇਰੇ ਵਿਚ ਮੌਜੂਦ ਹੈ।

**ਮਹੰਤ ਹਜ਼ੂਰਾ ਸਿੰਘ ਜੀ** ਚੇਲੇ ਪੰਡਿਤ ਤਾਰਾ ਸਿੰਘ ਜੀ, ਆਪ ਦਾ ਜਨਮ, ਪਿੰਡ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਸਾਹਿਬ ਵਿਚ ਹੋਇਆ। ਆਪ ਚੰਗੇ ਕਰਨੀ ਵਾਲੇ ਮਹਾਂ ਪੁਰਸ਼ ਸਨ। ਆਪ ਨੇ ਹੀ ਡੇਰਾ ਬੰਨ੍ਹਿਆ ਅਤੇ ਸਾਧੂ ਸਮਾਜ ਦੀ ਅਤੁਟ ਸੇਵਾ ਕੀਤੀ। ਆਪ ਦੇ ਚੇਲੇ ਸੰਤ ਨਰੈਣ ਸਿੰਘ ਜੀ ਆਦਿ ਕਈ ਹੋਏ ਹਨ। ਜਿਨ੍ਹਾਂ ਵਿਚੋਂ ਸੰਤ ਨਰੈਣ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਸੰਮਤ ੧੯੪੮ ਵਿਚ ਸਵਰਗਵਾਸ ਹੋ ਗਏ। ਆਪ ਚੰਗੇ ਦੀਦਾਰੀ ਮਿਲਨ ਸਾਰ ਸਾਧੂ ਹੋਏ ਹਨ। ਆਪ ਨੇ ਪੰਡਿਤ ਤਾਰਾ ਸਿੰਘ ਜੀ ਦੀ ਸਮਾਧ ਬਨਵਾਈ, ਜੋ ਡੇਰੇ ਵਿਚ ਹੈ ਤੇ ਉਸ ਵਿਚ ਪੰਡਿਤ ਜੀ ਤੇ ਆਪਦੀਆਂ ਤਸਵੀਰਾਂ ਹਨ।

## ਮਹੰਤ ਨਰੈਣ ਸਿੰਘ ਜੀ

ਆਪ ਦਾ ਜਨਮ ਜ਼ਿਲਾ ਕਾਂਗੜਾ ਵਿਚ ਹੋਇਆ । ਆਪ ਦੇ ਪਿਤਾ ਜੀ ਫਿਰਦੇ ਫਿਰਾਂਦੇ ਇਨ੍ਹਾਂ ਨੂੰ ਨਾਲ ਲੈ ਆਏ। ਟਿਕਦਿਆਂ ਟਿਕਦਿਆਂ ਇਥੇ ਹੀ ਸੰਤਾਂ ਪਾਸ ਟਿਕ ਗਏ। ਸੰਤ ਸੰਗਤ ਦੀ ਲਾਗ ਨਾਲ ਸਾਧੂ ਹੋ ਕੇ ਸੇਵਾ ਕਰਨ ਲਗੇ। ਮਹੰਤੀ ਮਿਲ ਗਈ, ਜੋਤਸ਼ ਵਿਦਿਆ ਤੋਂ ਅਗੇ ਜਾਣੂ ਹੀ ਸਨ ਸ਼ਹਿਰ ਵਿਚ ਪ੍ਰਤਿਸ਼ਠਾ ਵਧ ਗਈ। ਇਸ ਤਰ੍ਹਾਂ ਨਿਰਮਲ ਭੇਖ ਵਿਚ ਉਘੇ ਹੋ ਕੇ ਸੇਵਾ ਟਹਿਲ ਕਰਦੇ ਰਹੇ। ਆਪ ਦੀ ਕੀਰਤੀ ਹੁਣ ਤਕ ਹੈ ਆਪ ਦੇ ਚੇਲੇ ਸੰਤ ਮਲੂਕ ਸਿੰਘ ਜੀ ਹਨ। ਜਿਨ੍ਹਾਂ ਨੂੰ ਡੇਰਾ ਸੌਂਪ ਕੇ ਆਪ ਸੰਮਤ ੧੯੯੧ ਵਿਚ ੧੨ ਫਗਣ ਨੂੰ ਸਰੀਰ ਤਿਆਗ ਗਏ। ਆਪ ਦੀਆਂ ਲਿਖੀਆਂ ਪੁਸਤਕਾਂ ਕਈ ਹਨ ਪਰ ਛਪੀ ਹੋਈ ਕੇਵਲ ਪਚੀਸੀ ਰਾਜ ਨੀਤੀ ਹੈ।

## ਮਹੰਤ ਮਲੂਕ ਸਿੰਘ ਜੀ

ਚੇਲੇ ਮਹੰਤ ਨਰੈਣ ਸਿੰਘ ਜੀ ਜੋਤਸ਼ੀ। ਆਪ ਦਾ ਜਨਮ ਪਿੰਡ ਪੰਜਰਾਲ ਜ਼ਿਲਾ ਕਾਂਗੜਾ ਵਿਚ ਸੰਮਤ ੧੯੪੧ ਨੂੰ ਹੋਇਆ। ਸੰਮਤ ੧੯੫੬ ਵਿਚ ਸੰਤਾਂ ਪਾਸ ਤਰਨ ਤਾਰਨ ਸਾਹਿਬ ਆਏ ਇਥੇ ਹੀ ਵਿਦਿਆ ਪ੍ਰਾਪਤ ਕੀਤੀ ਤੇ ਸੇਵਾ ਵਿਚ ਤਤਪਰ ਰਹੇ। ੩੦-੩੫ ਸਾਲ ਸੇਵਾ ਕਰਨ ਪਰ ਸੰਮਤ ੧੯੯੨ ਵਿਚ ੧੬ ਵਿਸਾਖ ਨੂੰ ਸਰਬ ਭੇਖ ਨੇ ਇਕ ਬੜੇ ਭਰੇ ਇਕੱਠ ਵਿਚ ਆਪ ਨੂੰ ਮਹੰਤੀ ਦੀ ਦਸਤਾਰ ਦਿਤੀ। ਆਪ ਮਿਲਣ ਸਾਰ ਤੇ ਹਰ ਇਕ ਨਾਲ ਪਿਆਰ ਕਰਨ ਵਾਲੇ ਸਾਧੂ ਹਨ ਆਪ ਪਾਸ ਦੋ ਚਾਰ ਸਰੀਰ ਹਰ ਵੇਲੇ ਰਹਿੰਦੇ ਹਨ ਡੇਰਾ



ਸ੍ਰੀ ਮਾਨ ਮਹੰਤ ਪੰਡਿਤ ਕਰਮ ਸਿੰਘ ਜੀ

"ਕਰਮਵੀਰ"

ਨਿਰਮਲ ਸੰਗਤ ਨਾਰਾਇਣ ਘਾਟ ਮਿਰਜ਼ਾ ਪੁਰ

ਪੱਕਾ ਹੈ। ਇਕ ਦੋ ਦੁਕਾਨਾਂ ਹਨ, ਵਿਚ ਸਮਾਧਾਂ ਵੀ ਹਨ।

# ਡੇਰਾ ਮੀਰ ਬਲ

## ਮਹੰਤ ਪੰਡਿਤ ਗੁਰਦਿਆਲ ਸਿੰਘ ਜੀ

ਚੇਲੇ ਪੰਡਿਤ ਤਾਰਾ ਸਿੰਘ ਜੀ। ਆਪਦਾ ਜਨਮ ਡੋਲਾ ਪਿੰਡ ਜ਼ਿਲਾ ਕਾਂਗੜਾ ਵਿਚ ਸੰਮਤ ੧੯੧੯ ਨੂੰ ਹੋਇਆ। ਆਪ ਸੰਤ ਤਾਰਾ ਸਿੰਘ ਜੀ ਦੀ ਸੰਗਤ ਵਿਚ ਸੰਮਤ ੧੯੩੯ ਵਿਚ ਤਰਨ ਤਾਰਨ ਸਾਹਿਬ ਆਏ। ਕੁਝ ਚਿਰ ਪੰਡਿਤ ਜੀ ਪਾਸੋਂ ਪੜ੍ਹਕੇ ਫਿਰ ਕਾਂਸ਼ੀ ਜੀ ਚਲੇ ਗਏ ਕਈ ਸਾਲ ਸੰਸਕ੍ਰਿਤ ਪੜ੍ਹ ਕੇ ਫਿਰ ਜ਼ਿਲਾ ਗੁਰਦਾਸ ਪੁਰ ਦੇ ਮੀਰਬਲ ਨਾਮ ਪਿੰਡ ਵਿਚ ਡੇਰਾ ਪਾ ਕੇ ਬੈਠ ਗਏ। ਆਪ ਦੇ ਸ਼ਿਸ਼ ਸ੍ਰੀ ਮਾਨ ਪੰ: ਕਰਮ ਸਿੰਘ ਜੀ ਹਨ।

## ਮਹੰਤ ਪੰਡਿਤ ਕਰਮ ਸਿੰਘ ਜੀ

(ਮਿਰਜ਼ਾਪੁਰ)

ਆਪ ਦਾ ਜਨਮ ਪਿੰਡ ਸੁਪੇਲ ਜ਼ਿਲਾ ਕਾਂਗੜਾ ਸ੍ਰ: ਗੁਰਦਿਤ ਸਿੰਘ ਜੀ ਦੇ ਗ੍ਰਹਿ ਵਿਖੇ ਸੰਮਤ ੧੯੮੪ ਨੂੰ ਹੋਇਆ। ਅਜ ਕਲ ਮਿਰਜ਼ਾ ਪੁਰ ਦੇ ਮਹੰਤ ਹਨ। ਚੰਗੇ ਪੜ੍ਹੇ ਲਿਖੇ ਵਿਦਵਾਨ ਹਨ। ਡੇਰੇ ਵਿਚ ਸਤਿਸੰਗ ਦਾ ਪ੍ਰਵਾਹ ਚਲਾਇਆ ਹੋਇਆ ਹੈ। ਆਏ ਗਏ ਸਾਧੂ ਸੰਤ ਦੀ ਚੰਗੀ ਸੇਵਾ ਕਰਦੇ ਹਨ। ਆਪ ਦੇ ਗੁਰਭਾਈ ਸੰਤ ਗੁਰਬਚਨ ਸਿੰਘ ਜੀ ਤੇ ਚੇਲੇ ਸੰਤ ਹਰਭਜਨ ਸਿੰਘ ਜੀ ਹਨ ਜੋ ਕਾਂਸ਼ੀ ਪੜ੍ਹਦੇ ਹਨ।

# ਸ੍ਰੀ ਠਾਕੁਰ ਮੋਹਰ ਸਿੰਘ ਜੀ

(ਮਸਤ ਗੜ੍ਹ ਜ਼ਿਲਾ ਹੁਸ਼ਿਆਰ ਪੁਰ)

ਆਪ ਪੂਰਵ ਉਕਤ ਕਟੱਣੋ ਮਹਾਤਮਾ ਦੀ ਸੰਪ੍ਰਦਾ ਵਿਚੋਂ ਸ੍ਰੀ ਸੰਤ ਬਸੰਤ ਸਿੰਘ ਜੀ ਹੋਰਾਂ ਅੰਤ੍ਰਜਾਮੀ ਅੰਮ੍ਰਿਤਸਰ ਜੀ ਦੇ ਉਪਦੇਸ਼ੀ ਹੋਏ ਹਨ। ਜਨਮ ਹਰਸੀ ਪਿੰਡ ਜ਼ਿਲਾ ਹੁਸ਼ਿਆਰ ਪੁਰ ਦਾ ਸੀ। ੧੭-੧੮ ਸਾਲ ਦੀ ਉਮਰ ਵਿਚ ਸਿਖ ਰਾਜ ਵੇਲੇ ਰਸਾਲੇ ਵਿਚ ਭਰਤੀ ਹੋਏ। ਕਈ ਵਰ੍ਹੇ ਨੌਕਰੀ ਕੀਤੀ। ਇਕ ਦਿਨ ਸ਼ਿਕਾਰ ਗਏ ਹਰਨੀ ਨੂੰ ਮਾਰਿਆ। ਨਾਲ ਉਸਦੇ ਬਚਿਆਂ ਨੂੰ ਤੜਫਦਿਆਂ ਵੇਖ ਕੇ ਵੈਰਾਗਵਾਨ ਹੋ ਗਏ। ਨੌਕਰੀ ਛਡ ਕੇ ਸ੍ਰੀ ਅੰਮ੍ਰਿਤਸਰ ਅੰਤ੍ਰਜਾਮੀਆਂ ਦੇ ਡੇਰੇ ਆ ਕੇ ਮਹਾਰਾਜ ਮਹੰਤ ਬਸੰਤ ਸਿੰਘ ਜੀ ਦੇ ਉਪਦੇਸ਼ੀ ਹੋ ਗਏ ਨਾਮ ਦਾ ਅਜਿਹਾ ਅਭਿਆਸ ਕੀਤਾ ਜੋ ਸਭ ਥਾਂਈ ਈਸ਼ਵਰ ਨੂੰ ਵੇਖਣ ਲਗ ਪਏ। ਫਿਰਦੇ ਤੁਰਦੇ ਇਥੇ ਗ਼ੈਰ ਆਬਾਦ ਮਸੀਤ ਟਾਂਡਾ ਵਿਚ ਆਣ ਬੈਠੇ ਇਹ ਮਸੀਤ ਨਗਰੋਂ ਬਾਹਰਵਾਰ ਇਕ ਲੁਕੀ ਥਾਂ ਵਿਚ ਸੀ। ਆਸ ਪਾਸ ਖਜੂਰਾਂ ਦੇ ਦਰਖਤ ਹੋਣ ਕਰ ਕੇ ਡਰਾਉਣੀ ਜਿਹੀ ਲਗਦੀ ਸੀ। ਭੂਤਾਂ ਦੇ ਡਰ ਨਾਲ ਨਮਾਜ਼ ਤਾਂ ਕਿਸੇ ਕੀ ਪੜ੍ਹਨੀ ਸੀ ਕੋਈ ਕੋਲੋਂ ਨਹੀਂ ਸੀ ਲੰਘ ਸਕਦਾ। ਆਪ ਨੇ ਆਉਂਦਿਆਂ ਹੀ ਸਤਿ ਕਰਤਾਰ ਦਾ ਆਵਾਜ਼ਾ ਦੇ ਕੇ ਡੇਰਾ ਲਾ ਦਿਤਾ। ਮੁਸਲਮਾਨ ਅਗੇ ਮਸੀਤ ਨੂੰ ਗੈਰ ਆਬਾਦ ਸਮਝ ਕੇ ਕਦੇ ਖਿਆਲ ਤਕ ਨਹੀਂ ਸੀ ਕਰਦੇ, ਪਰ ਜਿਸ ਵੇਲੇ ਸੰਤ ਆਣ ਬੈਠੇ ਤਾਂ ਇਕ ਗ਼ੈਰ ਮਜ਼੍ਹਬ ਦਾ ਸਾਧੂ ਬੈਠਾ ਵੇਖ ਕੇ

ਉਨ੍ਹਾਂ ਦੇ ਦਿਲ ਉਛਲ ਪਏ। ਇਕ ਜ਼ੈਲਦਾਰ ਪਠਾਨ ਅਗੇ ਜਾ ਸ਼ਿਕਾਇਤ ਕੀਤੀ। ਜਿਸ ਨੇ ਸੰਤਾਂ ਨੂੰ ਆਖਿਆ ਕਿ ਆਪ ਮਸੀਤ ਖਾਲੀ ਕਰ ਦਿਓ ਸੰਤਾਂ ਉਸੇ ਵੇਲੇ ਖਾਲੀ ਕਰ ਦਿਤੀ। ਰਾਤ ਪਈ, ਜ਼ੈਲਦਾਰ ਨੂੰ ਡਰਾਉਣਾ ਜਿਹਾ ਸੁਪਨਾ ਆਇਆ ਤਾਂ ਸਵੇਰੇ ਹੀ ਘਬਰਾਕੇ ਉਹ ਸੰਤਾਂ ਪਾਸ ਆਇਆ। ਮਾਫੀ ਮੰਗੀ ਤੇ ਹਥ ਜੋੜਕੇ ਮਸੀਤ ਵਿਚ ਲੈ ਗਿਆ। ਹੋਰ ਮੁਸਲਮਾਨ ਵੀ ਡਰ ਗਏ। ਬਥੇਰੇ ਦਿਲ ਵਿਚ ਦੁਖ ਮਨਾਨ ਪਰ ਮੂੰਹੋਂ ਕਿਸੇ ਨੂੰ ਕਹਿਣ ਦੀ ਜੁਰਤ ਨਾ ਪਈ, ਇਸ ਤਰ੍ਹਾਂ ਕਈ ਵਰ੍ਹੇ ਬੀਤ ਗਏ। ਫਿਰ ਜਦ ਅੰਗ੍ਰੇਜ਼ਾਂ ਦੀ ਅਮਲਦਾਰੀ ਹੋਈ ਤਾਂ ਉਸ ਵੇਲੇ ਦੇ ਇੰਤਜਾਮੀਏ ਅੰਗ੍ਰੇਜ਼ ਅਫਸਰ ਦੇ ਪਾਸ ਮੁਸਲ-ਮਾਨਾਂ ਫਿਰ ਸ਼ਿਕਾਇਤ ਕੀਤੀ। ਅੰਗਰੇਜ਼ ਨੇ ਜਾ ਪੁਛਿਆ, ਆਪ ਕੌਣ ਹੋ? ਉਤਰ ਮਿਲਿਆ ਬੰਦਾ ਏ ਖੁਦਾ। ਅਫਸਰ—ਇਥੇ ਕਿਉਂ ਬੈਠੇ ਹੋ? ਸੰਤ—ਖੁਦਾ ਦਾ ਘਰ ਜਾਣ ਕੇ।

ਇਸ ਤਰ੍ਹਾਂ ਦੇ ਬਚਨ ਬਿਲਾਸ ਕਰਕੇ ਅੰਗਰੇਜ਼ ਨੇ ਸਮਝ ਲਿਤਾ ਕਿ ਕੋਈ ਸੁਲਾਹ ਕੁਲ ਅਲਮਸਤ ਫਕੀਰ ਹੈ। ਚੁਪ ਚੁਪਾਤੇ ਮੁੜ ਗਿਆ ਤੇ ਸੰਤ ਸੁਤੰਤਰ ਹੋ ਕੇ ਟਿਕ ਗਏ। ਆਪ ਮੁਸਲਮਾਨਾਂ ਨੂੰ ਵੀ ਉਪਦੇਸ਼ ਦੇਂਦੇ ਰਹੇ। ਆਪ ਦੇ ਚੇਲੇ ਸੰਤ ਚਰਣ ਸਿੰਘ ਜੀ, ਸੰਤ ਬੂਟਾ ਸਿੰਘ ਜੀ ਖੁਡਾ, ਸੰਤ ਦਰਬਾਰਾ ਸਿੰਘ ਜੀ ਡਲੀ, ਸੰਤ ਦਿਆ ਸਿੰਘ ਜੀ ਵਿਰਕਤ, ਸੰਤ ਦੇਵਾ ਸਿੰਘ ਜੀ, ਸੰਤ ਮੇਹਰ ਸਿੰਘ ਜੀ ਵਿਰਕਤ, ਸੰਤ ਚੰਦਾ ਸਿੰਘ ਜੀ ਵਿਰਕਤ, ਸੰਤ ਮੰਨਾ ਸਿੰਘ ਜੀ ਗੁਫਾਂ ਵਾਲੇ, ਸੰਤ ਉਤਮ ਸਿੰਘ ਜੀ ਤਲਾਵਾਂ ਆਦਕ ਕਈ ਸਨ, ਪਰ ਅੰਤ

ਨੂੰ ਸੰਤ ਚਰਣ ਸਿੰਘ ਜੀ ਨੂੰ ਆਪਣਾ ਉਤ੍ਰਾਧਿਕਾਰੀ ਥਾਪ ਕੇ ਆਪ ਸੰਮਤ ੧੯੨੫ ਵਿਚ ਗੁਰਪੁਰੀ ਸਿਧਾਰ ਗਏ। ਕਹਿੰਦੇ ਹਨ ਕਿ ੪੦ ਵਰ੍ਹੇ ਆਪ ਨੇ ਇਥੇ ਰਹਿ ਕੇ ਨਾਮ ਦਾ ਅਭਿਆਸ ਕੀਤਾ ਤੇ ਹੋਰਨਾ ਨੂੰ ਚੰਗੇ ਮਾਰਗ ਲਾਇਆ।

## ਸੰਤ ਚਰਨ ਸਿੰਘ ਜੀ

(ਮਸੂਲ ਗੜ੍ਹ)

ਆਪ ਦਾ ਜਨਮ ਡਲੀ ਜ਼ਿਲਾ ਜਾਲੰਧਰ ਵਿਚ ਹੋਇਆ ਛੋਟੀ ਉਮਰ ਵਿਚ ਸੰਤਾਂ ਦੀ ਸੰਗਤ ਵਿਚ ਆਏ। ਸੇਵਾ ਕਰਦੇ ਰਹੇ, ਸੰਮਤ ੧੯੨੫ ਵਿਚ ਭੇਖ ਤੇ ਸੰਪ੍ਰਦਾਈਆਂ ਵਲੋਂ ਪੱਗ ਮਿਲੀ। ਅਠੇ ਪਹਿਰ ਸੇਵਾ ਵਿਚ ਰਹਿੰਦੇ ਸਨ। ਆਪ ਬਹੁਤ ਚਿਟੇ ਬਸਤ੍ਰ ਰਖਦੇ ਹੁੰਦੇ ਸਨ। ੧੯-੨੦ ਸਾਲ ਆਏ ਗਏ ਸਾਧ ਸੰਤ ਦੀ ਸੇਵਾ ਕੀਤੀ ਆਪਦੇ ਸੇਵਕ ਸੰਤ ਰਾਮ ਸਿੰਘ ਜੀ ਸੰਤ ਆਤਮਾ ਸਿੰਘ ਜੀ, ਮਾਨ ਖਹਿਰੇ, ਸੰਤ ਸੰਤ ਸਿੰਘ ਜੀ ਵਿਰਕਤ ਆਦਿ ਸਨ, ਜਿਨ੍ਹਾਂ ਵਿਚੋਂ ਸੰਤ ਰਾਮ ਸਿੰਘ ਜੀ ਨੂੰ ਡੇਰੇ ਦੀ ਸੇਵਾ ਦੇ ਕੇ ਆਪ ਸੰਮਤ ੧੯੪੪ ਵਿਚ ਸਮਾ ਗਏ।

## ਮਹੰਤ ਰਾਮ ਸਿੰਘ ਜੀ

ਆਪਦਾ ਜਨਮ ਕੋਟਲੀ ਅਹੀਆ ਪੁਰ ਜ਼ਿਲਾ ਹੁਸ਼ਿਆਰ ਪੁਰ ਹੋਇਆ। ਇਨ੍ਹਾਂ ਦੇ ਮਾਤਾ ਪਿਤਾ ਛੋਟੀ ਉਮਰ ਵਿਚ ਹੀ ਆਪ ਨੂੰ ਸੰਤ ਚਰਨ ਸਿੰਘ ਜੀ ਦੀ ਸੇਵਾ ਵਿਚ ਛਡ ਗਏ ਸਨ। ਆਪ ਨੇ ਇਸ ਡੇਰੇ ਵਿਚ ਹੀ ਪਰਵਰਸ਼ ਪਾਈ। ਵਿਦਿਆ

ਪ੍ਰਾਪਤ ਕੀਤੀ ਤੇ ਮਹੰਤ ਹੋ ਕੇ ਡੇਰੇ ਤੇ ਸਾਧ ਸੰਗਤ ਦੀ ਅਤੁਟ ਸੇਵਾ ਕੀਤੀ। ਆਪ ਪ੍ਰਸਿੱਧ ਭੇਖ ਹਿਤੈਸੀ ਸਾਧੂ ਸਨ। ਆਪ ਦੇ ਸ਼ਿਸ਼ ਸੰਤ ਦਇਆ ਸਿੰਘ ਜੀ, ਸੰਤ ਜਵਾਲਾ ਸਿੰਘ ਜੀ ਵਿਰਕਤ, ਸੰਤ ਪੂਰਨ ਸਿੰਘ ਜੀ, ਸੰਤ ਲਖਾ ਸਿੰਘ ਜੀ ਵਿਰਕਤ ਸੰਤ ਕ੍ਰਿਪਾ ਸਿੰਘ ਜੀ, ਸੰਤ ਗੰਗਾ ਸਿੰਘ ਜੀ ਵਿਰਕਤ ਆਦਿਕ ਕਈ ਸਨ। ਜਿਨ੍ਹਾਂ ਵਿਚੋਂ ਸੰਤ ਦਇਆ ਸਿੰਘ ਜੀ ਨੂੰ ਮਹੰਤੀ ਦੀ ਸੇਵਾ ਸੌਂਪਕੇ ਆਪ ੧੯੯੯ ਵਿਚ ੨ ਮਾਘ ਸ਼ੁਕਲਪਖ ਨੂੰ ਪ੍ਰਲੋਕ ਗਮਨ ਕਰ ਗਏ ਆਪ ਦੀ ਸਮਾਧ ਵਡੀ ਸਮਾਧ ਵਿਚ ਹੈ।

## ਮਹੰਤ ਦਇਆ ਸਿੰਘ ਜੀ

ਆਪਦਾ ਜਨਮ, ਪਿੰਡ ਪੰਡੋਰੀ ਝਾਵਾਂ ਜ਼ਿਲਾ ਹੁਸ਼ਿਆਰ ਪੁਰ ਵਿਚ ਸੰਮਤ ੧੯੨੭ ਨੂੰ ਹੋਇਆ। ੨੦ ਸਾਲ ਦੀ ਉਮਰ ਵਿਚ ਸੰਤਾਂ ਪਾਸ ਆ ਕੇ ਸਾਧੂ ਹੋਏ। ਕਈ ਸਾਲ ਮਹਾਂ ਪੁਰਸ਼ਾਂ ਦੀ ਸੇਵਾ ਕੀਤੀ। ਸੰਤਾਂ ਨੇ ਆਪਣੀ ਜ਼ਿੰਦਗੀ ਵਿਚ ਹੀ ਡੇਰਾ ਆਪ ਦੇ ਸਪੁਰਦ ਕਰ ਦਿਤਾ ਸੀ। ਆਪ ਭੇਖ ਪ੍ਰਸਿੱਧ ਸਾਧੂ ਸਨ। ਆਪ ਪਾਸ ੧੦-੧੫ ਸਾਧੂ ਸੰਤ ਟਿਕੇ ਰਹਿੰਦੇ ਸਨ। ਡੇਰਾ ਪੱਕਾ ਸਟੇਸ਼ਨ ਟਾਂਡੇ ਦੇ ਲਾਗੇ ਹੈ। ਸਮਾਧਾਂ ਬੜੀਆਂ ਸੋਹਣੀਆਂ ਬਣੀਆਂ ਹੋਈਆਂ ਹਨ। ਆਪ ਦੇ ਚੇਲੇ ਸੰਤ ਪ੍ਰਤਾਪ ਸਿੰਘ ਜੀ, ਸੰਤ ਅਤਰ ਸਿੰਘ ਜੀ, ਸੰਤ ਪ੍ਰਮਾਤਮਾ ਸਿੰਘ ਜੀ ਆਦਿਕ ਹਨ। ਸੰਤ ਪ੍ਰਤਾਪ ਸਿੰਘ ਜੀ ਡੇਰਾ ਕਸਾਲਾਂ ਸੇਖਾਂ

ਵਿਚ ਰਹਿੰਦੇ ਹਨ। ਆਪ ਦਾ ਜਨਮ ਮੂਣਕ ਕਲਾਂ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਪਿੰਗਲੇ ਹਨ, ਪਰ ਪਿੰਡ ਵਿਚ ਲੋਕਾਂ ਨਾਲ ਚੰਗਾ ਰਸੂਖ ਹੈ ਆਏ ਸਾਧੂ ਦੀ ਸੇਵਾ ਕਰਦੇ ਹਨ।

## ਡੇਰਾ ਡਲੀ

## ਮਹੰਤ ਪ੍ਰਮਾਤਮਾ ਸਿੰਘ ਜੀ

ਚੇਲੇ ਮਹੰਤ ਦਇਆ ਸਿੰਘ ਜੀ ਆਪਦਾ ਜਨਮ ਡਲੀ ਜ਼ਿਲਾ ਜਲੰਧਰ ਵਿਚ ਹੋਇਆ।ਇਨ੍ਹਾਂ ਨੇ ਡੇਰਾ ਖੁਦ ਵਡਿਆਂ ਦੀ ਜਗ੍ਹਾ ਵਿਚ ਬਨਵਾਇਆ ਹੈ ਡੇਰਾ ਪੱਕਾ ਤੇ ਦੋ ਵਾਹੀ ਘੁਮਾਂ ਜ਼ਮੀਨ ਵੀ ਪੈਦਾ ਕੀਤੀ ਹੈ। ਆਪ ਚੰਗੇ ਸਿਆਣੇ ਸਾਧੂ ਹਨ ਤੇ ਲੋਕਾਂ ਵਿਚ ਸਤਿਕਾਰੇ ਜਾਂਦੇ ਹਨ।

## ਡੇਰਾ ਧੂਪ ਸੜੀ

## ਮਹੰਤ ਪੂਰਨ ਸਿੰਘ ਜੀ

ਚੇਲੇ ਮਹੰਤ ਰਾਮ ਸਿੰਘ ਜੀ, ਆਪ ਦਾ ਜਨਮ ਪਿੰਡ ਡਲੀ ਜ਼ਿਲਾ ਜਾਲੰਧਰ ਵਿਚ ਹੋਇਆ। ਪਹਿਲੇ ਸੰਤਾਂ ਨਾਲ ਤੀਰਥ ਯਾਤ੍ਰਾ ਕਰਦੇ ਰਹੇ। ਬਾਅਦ ਸੁਤੰਤ੍ਰ ਕੁਟੀਆ ਬਨਵਾਈ ਕਈ ਵੇਰਾਂ ਅੰਦਰ ਬਾਹਰ ਚਲੇ ਜਾਂਦੇ ਹਨ। ਸਾਧੂ ਆਏ ਗਏ ਪਾਸ ਰਹਿੰਦੇ ਹਨ। ਸਾਧੂ ਸੁਭਾਵ ਹੈ। ਲੋਕੀ ਸਤਿਕਾਰ ਕਰਦੇ ਹਨ।

## ਮਹੰਤ ਜਵਾਲਾ ਸਿੰਘ ਜੀ
(ਨਿਰਮਲ ਕੁਟੀਆ ਕਨਖਲ)

ਚੇਲੇ ਮਹੰਤ ਰਾਮ ਸਿੰਘ ਜੀ। ਆਪ ਦਾ ਜਨਮ ਪਿੰਡ ਪਠਲਾਵਾ ਜ਼ਿਲ੍ਹਾ ਜਲੰਧਰ ਵਿਚ ਸੰਮਤ ੧੯੪੭ ਨੂੰ ਹੋਇਆ ੧੩ ਸਾਲ ਦੀ ਉਮਰ ਵਿਚ ਮਹਾਰਾਜ ਮਹੰਤ ਰਾਮ ਸਿੰਘ ਜੀ ਦੀ ਸੰਗਤ ਕੀਤੀ। ਪੰਜ ਚਾਰ ਸਾਲ ਸੇਵਾ ਵਿਚ ਰਹਿਕੇ, ਹਰਦੁਆਰ ਸ੍ਰੀ ਅੰਮ੍ਰਿਤਸਰ ਆਦਿ ਥਾਵਾਂ ਤੋਂ ਵਿਦਿਆ ਪ੍ਰਾਪਤ ਕੀਤੀ। ਕਈ ਸਾਲ ਨਿਰਮਲ ਅਖਾੜੇ ਦੇ ਮੁਕਾਮੀ ਮਹੰਤ ਪਟਿਆਲਾ ਵਿਖੇ ਰਹੇ। ੧੬–੧੭ ਸਾਲ ਕਨਖਲ ਵਿਰਕਤਾਂ ਦੀ ਕੁਟੀਆ ਦੇ ਮਹੰਤ ਰਹੇ। ਚੰਗੇ ਮਿਲਣਸਾਰ ਮਹਾਤਮਾ ਸਨ। ਆਪ ਦੇ ਚੇਲੇ ਸੰਤ ਕਰਤਾਰ ਸਿੰਘ ਜੀ, ਸੰਤ ਪਾਲਾ ਸਿੰਘ ਜੀ ਵਿਰਕਤ ਹਨ। ਮਹੰਤ ਜੀ ਚੰਗੇ ਵੇਦਾਂਤ ਦੇ ਗਿਆਤਾ ਤੇ ਗੁਰੂ ਘਰ ਦੇ ਵਿਦਵਾਨ ਸਨ।

**ਮਹੰਤ ਕਰਤਾਰ ਸਿੰਘ ਜੀ** ਚੇਲੇ ਮਹੰਤ ਜਵਾਲਾ ਸਿੰਘ ਜੀ ਵਿਰਕਤ ਆਪਦਾ ਜਨਮ ਦੁਆਬੇ ਦਾ ਹੈ। ਆਪ ਅਖਾੜਾ ਨਿਰਮਲਾ ਪੰਚਾਇਤੀ ਪ੍ਰਾਗਰਾਜ ਦੇ ਮਕਾਨ ਵਿਚ ਕਈ ਸਾਲਾਂ ਤੋਂ ਮਹੰਤ ਰਹੇ। ਚੰਗਾ ਕੰਮ ਕਾਜ ਚਲਾਉਂਦੇ ਰਹੇ। ਆਪ ਚੰਗੇ ਪੜ੍ਹੇ ਲਿਖੇ ਸਾਧੂ ਸਨ। ਸੁਭਾ ਦੇ ਤੇਜਸਵੀ ਸਨ। ੧੭-੮-੬੫ ਨੂੰ ਗੁਜ਼ਰ ਗਏ ਹਨ।

**ਸੰਤ ਲਖਾ ਸਿੰਘ ਜੀ ਵਿਰਕਤ** ਚੇਲੇ ਸ੍ਰੀ ਮਾਨ ਮਹੰਤ

ਰਾਮ ਸਿੰਘ ਜੀ ਆਪ ਹਮੇਸ਼ਾ ਵਿਰਕਤੀ ਠਾਟ ਵਿਚ ਰਹੇ ਅਤੇ ਖਾਸਾ ਚਿਰ ਨਿਰਮਲ ਕੁਟੀਆ ਕਨਖਲ ਵਿਖੇ ਅਲੇਪ ਹੋ ਕੇ ਸਮਾਂ ਗੁਜ਼ਾਰਿਆ। ਆਪ ਦੇ ਸ਼ਿਸ਼ ਸੰਤ ਬਖਸ਼ੀਸ਼ ਸਿੰਘ ਜੀ ਕੁਠਾਰੀ ਸਨ। ਪਹਿਲਾਂ ਕਈ ਵਰ੍ਹੇ ਨਿਰਮਲ ਕੁਟੀਆ ਕਨਖਲ ਵਿਚ ਕੁਠਾਰ ਦਾ ਕੰਮ ਕਰਦੇ ਰਹੇ। ਇਸ ਕਰਕੇ ਆਪ ਹੁਣ ਭੀ ਕੁਠਾਰੀ ਨਾਮ ਤੇ ਹੀ ਪ੍ਰਸਿਧ ਹਨ। ਕੰਮ ਕਾਜ ਵਿਚ ਸਿਆਣੇ ਹਨ। ਅਜ ਕਲ ਭੀ ਵਿਰਕਤੀ ਠਾਟ ਵਿਚ ਕੁਟੀਆ ਰਹਿੰਦੇ ਹਨ। ਸ੍ਰੀ ਬਾਬਾ ਰਘੁਬੀਰ ਸਿੰਘ ਜੀ ਨਾਲ ਆਪ ਦਾ ਬੜਾ ਪਰੇਮ ਹੈ।

# ਡੇਰਾ ਡਲੀ

## ਮਹੰਤ ਦੇਵਾ ਸਿੰਘ ਜੀ ਜਾਂ ਦਰਬਾਰਾ ਸਿੰਘ ਜੀ

ਚੇਲੇ ਬਾਬਾ ਮੋਹਰ ਸਿੰਘ ਜੀ, ਆਪ ਦਾ ਜਨਮ ਡਲੀ ਜ਼ਿਲਾ ਜਲੰਧਰ ਵਿਚ ਹੋਇਆ। ਇਹ ਡੇਰਾ ਸ਼ਾਮਲਾਟ ਦਿਹ ਵਿਚ ਤਿਆਰ ਕਰਕੇ ਆਪ ਅਤੇ ਆਪ ਦੇ ਹੋਰ ਗੁਰਭਾਈ ਰਹਿੰਦੇ ਰਹੇ ਹਨ। ਇਸ ਮਕਾਨ ਵਿਚ ਚੰਗੇ ੨ ਲਿਖਾਰੀ ਰਹਿੰਦੇ ਰਹੇ ਹਨ। ਮਕਾਨ ੧੦੦ ਸਾਲ ਦਾ ਹੈ ਕਿਉਂਕਿ ਇਸ ਵਿਚ ਲਿਖੀਆਂ ਗਈਆਂ ਪੋਥੀਆਂ ਇਕ ਗੀਤਾ ੧੯੦੫ ਵਿਚ ਤੇ ਇਕਾਦਸ਼ ੧੯੦੭ ਵਿਚ ਲਿਖਿਆ ਮਿਲਦਾ ਹੈ। ਆਪ ਇਥੇ ਹੀ ਸਮਾਏ ਹਨ। ਸਮਾਧ ਮੌਜੂਦ ਹੈ। ਪਿਛੇ ਮਹੰਤ ਅਤਰ ਸਿੰਘ ਜੀ ਹੋਏ ਜੋ ਚੰਗਾ ਡੇਰੇ ਦਾ ਕੰਮ ਕਰਦੇ ਰਹੇ।

# ਡੇਰਾ ਹਰਸੀ ਪਿੰਡ

## ਮਹੰਤ ਜੈ ਸਿੰਘ ਜੀ

ਚੇਲੇ ਮਹੰਤ ਦੇਵਾ ਸਿੰਘ ਜੀ ਡਲੀ, ਆਪ ਦਾ ਜਨਮ ਪਿੰਡ ਚਨੌਤਾ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਪਹਿਲਾਂ ਇਹ ਡੇਰਾ ਆਪ ਨੇ ਹੀ ਕਾਇਮ ਕੀਤਾ। ਆਪ ਪਹਿਲਾਂ ਮਸਤ-ਗੜ ਤੇ ਡਲੀ, ਸੰਤ ਦੇਵਾ ਸਿੰਘ ਜੀ ਪਾਸ ਰਹਿੰਦੇ ਰਹੇ ਹਨ। ਪਿਛੋਂ ਇਥੇ ਆ ਕੇ ਟਿਕ ਗਏ। ਚੰਗੇ ਕਰਨੀ ਵਾਲੇ ਹੋਏ ਹਨ। ਆਪ ਦੇ ਚੇਲੇ ਸੰਤ ਰਾਮ ਸਿੰਘ ਜੀ ਤੇ ਸੰਤ ਦਯਾ ਸਿੰਘ ਜੀ ਹੋਏ ਜਿਨ੍ਹਾਂ ਵਿਚੋਂ ਸੰਤ ਰਾਮ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਸਦਾ ਲਈ ਕੂਚ ਕਰ ਗਏ। ਆਪਦੀ ਸਮਾਧ ਪੱਕੀ ਬਣੀ ਹੋਈ ਹੈ। ਆਪ ਨੇ ਇਕ ਡੇਰਾ ਪਿੰਡ ਦੇ ਅੰਦਰ ਭੀ ਬੰਨ੍ਹਿਆ ਹੈ।

## ਮਹੰਤ ਰਾਮ ਸਿੰਘ ਜੀ

ਆਪ ਦਾ ਜਨਮ ਚਨੌਤਾ ਪਿੰਡ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਛੋਟੇ ਹੁੰਦੇ ਹੀ ਸਾਧੂ ਬਣ ਗਏ ਸਨ। ਲੋਕੀ ਆਪ ਦੇ ਸੁਭਾਵ ਦੀ ਹੁਣ ਵੀ ਪ੍ਰਸੰਸਾ ਕਰਦੇ ਹਨ ਤੇ ਦਸਦੇ ਹਨ ਕਿ ਆਪ ਕਰਾਮਾਤੀ ਦਰਵੇਸ਼ ਸਨ। ਆਪ ਦੇ ਚੇਲੇ ਸੰਤ ਹਰਨਾਮ ਸਿੰਘ ਜੀ, ਸੰਤ ਈਸ਼ਰ ਸਿੰਘ ਜੀ, ਸੰਤ ਨੰਦ ਸਿੰਘ ਜੀ ਸਨ। ਜਿਨ੍ਹਾਂ ਵਿਚੋਂ ਸੰਤ ਹਰਨਾਮ ਸਿੰਘ ਜੀ

ਨੂੰ ਮਹੰਤੀ ਦੇ ਕੇ ਆਪ ਸੰਮਤ ੧੯੭੨ ਵਿਚ ਲੋੜ੍ਹੀ ਦੇ ਦਿਨ ਗੁਜਰੇ ਹਨ। ਆਪ ਦੀ ਸਮਾਧ ਪੱਕੀ, ਸਮਾਧਾਂ ਵਿਚ ਵਿਦਮਾਨ ਹੈ।

**ਮਹੰਤ ਹਰਨਾਮ ਸਿੰਘ ਜੀ** ਆਪ ਦਾ ਜਨਮ ਪਿੰਡ ਹਰਸੀ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਦੇ ਬਜ਼ੁਰਗ ਸੰਤ ਰਾਮ ਸਿੰਘ ਜੀ ਤੇ ਸੰਤ ਦਇਆ ਸਿੰਘ ਜੀ ਸਕੇ ਭਾਈ ਸਨ। ਮਹੰਤ ਦਇਆ ਸਿੰਘ ਜੀ ਗੜ੍ਹਵੜੀ ਡੇਰੇ ਦੇ ਮਹੰਤ ਰਹੇ ਹਨ ਤੇ ਇਨ੍ਹਾਂ ਦੇ ਘਰ ਹੀ ਆਪ ਦਾ ਜਨਮ ਹੋਇਆ ਹੈ। ਆਪ ਚੰਗੇ ਮਿਲਨਸਾਰ ਸਾਧੂ ਹਨ। ਇਹ ਸ਼ਾਦੀ ਸੁਦਾ ਹਨ। ਇਨ੍ਹਾਂ ਦੇ ਤਿੰਨ ਭੁਜੰਗੀ ਦੋ ਭੁਜੰਗਣਾ ਹਨ। ਇਨ੍ਹਾਂ ਦੇ ਛੋਟੇ ਭਾਈ ਸੰਤ ਬਸੰਤ ਸਿੰਘ ਜੀ ਭੀ ਸ਼ਾਦੀ ਸੁਦਾ ਹਨ। ਡੇਰਾ ਪੱਕਾ ਹੈ, ਸਮਾਧਾਂ ਤਿੰਨ ਹਨ। ਕੁਝ ਜ਼ਮੀਨ ਮਾਫੀ ਵੀ ਹੈ ਨਿਰਮਲ ਅਖਾੜਾ ਨੂੰ ਇਕ ਮਹੀਨਾ ਅਪਣੇ ਡੇਰੇ ਵਿਚ ਰਖ ਕੇ ਉਸਦੀ ਪੂਜਾ ਕੀਤੀ ਤੇ ਕਰਵਾਈ। ਮਿਲਨਸਾਰੀ ਆਪਦੀ ਅਤੀ ਉਤਮ ਹੈ ਆਪ ਨੇ ਇਕ ਖਰਾਸ ਤੇ ਮਸ਼ੀਨ (ਮਿੱਲ) ਆਪਣੀ ਲਾਈ ਹੋਈ ਹੈ। ਮਹੰਤ ਹਰਨਾਮ ਸਿੰਘ ਜੀ ਦੇ ਭੁਜੰਗੀ ਭਾਈ ਹਰਬੰਸ ਸਿੰਘ ਜੀ ਦੇ ਘਰ ਵੀ ਇਕ ਭੁਜੰਗੀ ਹੈ। ਆਏ ਗਏ ਨਾਲ ਅਤੁਟ ਪਿਆਰ ਕਰਦੇ ਹਨ।

## ਡੇਰਾ ਹਰਸੀ ਪਿੰਡ ਅੰਦਰਲਾ

## ਮਹੰਤ ਜੈ ਸਿੰਘ ਜੀ

ਚੇਲੇ ਮਹੰਤ ਦੇਵਾ ਸਿੰਘ ਜੀ ਇਹ ਅਸਥਾਨ ਵੀ ਆਪ

ਨੇ ਤਿਆਰ ਕੀਤਾ ਸੀ ਪਿਛੋਂ ਖਾਲੀ ਹੋ ਗਿਆ ਤਾਂ ਮਹੰਤ ਕਾਹਨ ਸਿੰਘ ਜੀ ਚੇਲੇ ਮਹੰਤ ਬੂਟਾ ਸਿੰਘ ਜੀ ਖੁਡਾ ਨਿਵਾਸੀ ਮਹੰਤ ਰਹੇ। ਉਨ੍ਹਾਂ ਪਿਛੋਂ ਮਹੰਤ ਗੁਰਦਿਤ ਸਿੰਘ ਜੀ ਕੁਝ ਚਿਰ ਮਹੰਤ ਰਹੇ ਉਪ੍ਰੰਤ ਅਪਣੇ ਚੇਲੇ ਸੰਤ ਤੇਜਾ ਸਿੰਘ ਜੀ ਨੂੰ ਮਹੰਤੀ ਦੇ ਕੇ ਸਮਾ ਗਏ। ਅਜ ਕਲ ਮਹੰਤ ਤੇਜਾ ਸਿੰਘ ਜੀ ਹਨ, ਪਰ ਨਿਰਮਲ ਅਖਾੜੇ ਨਾਲ ਕੁਝ ਬੇ-ਪ੍ਰਵਾਹੀ ਦਾ ਸਲੂਕ ਰਖਦੇ ਹਨ। ਕੱਚਾ ਪੱਕਾ ਮਕਾਨ ਹੈ।

# ਡੇਰਾ ਮਾਨ ਖਹਿਰੇ

## ਮਹੰਤ ਆਤਮਾ ਸਿੰਘ ਜੀ

ਚੇਲੇ ਬਾਬਾ ਮਹੰਤ ਚਰਨ ਸਿੰਘ ਜੀ। ਆਪ ਦੇ ਚੇਲੇ ਪੁਤ੍ਰ ਸੰਤ ਸੰਤ ਸਿੰਘ ਜੀ, ਸੰਤ ਗੁਰਬਖਸ਼ ਸਿੰਘ ਜੀ, ਸੰਤ ਭਗਤ ਸਿੰਘ ਜੀ ਆਦਿ ਕਈ ਸਨ ਜਿਨ੍ਹਾਂ ਵਿਚੋਂ ਸੰਤ ਸੰਤ ਸਿੰਘ ਜੀ ਨੂੰ ਜਗ੍ਹਾ ਸੌਂਪ ਕੇ ਸਮਾ ਗਏ।

# ਡੇਰਾ ਤਲਾਵਾਂ

**ਮਹੰਤ ਉਤਮ ਸਿੰਘ ਜੀ** ਚੇਲੇ ਮਹੰਤ ਚਰਨ ਸਿੰਘ ਜੀ ਮਸਤਗੜ੍ਹ। ਆਪਦਾ ਜਨਮ ਪਿੰਡ ਤਲਾਵਾਂ ਜ਼ਿਲਾ ਹੁਸ਼ਿਆਰ ਪੁਰ ਵਿਚ ਸੰਮਤ ੧੯੦੪ ਦੇ ਕਰੀਬ ਹੋਇਆ ਆਪ ਛੋਟੇ ਹੀ

ਸੰਤਾਂ ਪਾਸ ਮਸਤਗੜ੍ਹ ਪਹੁੰਚੇ ਬਹੁਤ ਚਿਰ ਸੇਵਾ ਟਹਿਲ ਕਰਕੇ ਆਪਣੇ ਨਗਰ ਵਿਚ ਜਾਕੇ ਸਾਰੀ ਜਾਇਦਾਦ ਭਾਈਆਂ ਨੂੰ ਵੰਡ ਦਿਤੀ ਤੇ ਆਪਣੀ ਕੁਟੀਆ ਜੋਗੀ ਜਗ੍ਹਾ ਰਖ ਲਈ ਉਸ ਵਿਚ ਕੁਟੀਆ ਪਾ ਲਈ। ਆਪ ਜਨਮ ਦੇ ਨਾਬੀਨੇ ਸਨ ਪਰ ਕਰਨੀ ਵਾਲੇ ਸਨ। ਇਕ ਵਾਰ ਨਿਰਮਲ ਪੰਚਾਇਤੀ ਅਖਾੜਾ ਦਾ ਚਤੁ ਮਾਸਾ ਲਗਵਾਇਆ ਸੀ। ਆਪ ਦੇ ਚੇਲੇ ਸੰਤ ਭਗਵਾਨ ਸਿੰਘ ਜੀ ਤੇ ਸੰਤ ਗੈਂਦਾ ਸਿੰਘ ਜੀ ਵਿਰਕਤ ਹੋਏ ਹਨ। ਜਿਨ੍ਹਾਂ ਵਿਚੋਂ ਸੰਤ ਭਗਵਾਨ ਸਿੰਘ ਜੀ ਨੂੰ ਮਹੰਤੀ ਦੇਕੇ ਆਪ ਸੰਮਤ ੧੯੬੯ ਵਿਚ ਸਮਾ ਗਏ। ਆਪ ਦੀ ਸਮਾਧ ੨੪ ਹਥ ਉਚਾਈ ਵਿਚ ਹੈ।

**ਮਹੰਤ ਭਗਵਾਨ ਸਿੰਘ ਜੀ** ਆਪ ਦਾ ਜਨਮ ਪਿੰਡ ਰੋੜੀਆਂ ਜਿਲਾ ਹੁਸ਼ਿਆਰ ਪੁਰ ਵਿਚ ਹੋਇਆ ਤੇ ਸੰਮਤ ੧੯੬੯ ਵਿਚ ੨੦ ਫਗਨ ਨੂੰ ਮਹੰਤੀ ਮਿਲੀ ਆਪ ਨੇ ਸੰਮਤ ੧੯੭੧ ਵਿਚ ਸੰਤਾਂ ਦੀ ਸਮਾਧ ਸੁੰਦਰ ਪੱਕੀ ਤਿਆਰ ਕੀਤੀ। ਆਪ ਸ਼ਾਦੀ ਸ਼ੁਦਾ ਹਨ। ਹਿਕਮਤ ਦਾ ਕੰਮ ਕਰਦੇ ਹਨ। ਇਲਾਕੇ ਵਿਚ ਚੰਗੀ ਇਜ਼ਤ ਹੈ। ਆਏ ਗਏ ਸਾਧੂ ਸੰਤ ਦੀ ਸੇਵਾ ਕਰਦੇ ਹਨ। ਵਿਸ਼ੇਸ਼ ਦੰਪਤੀ ਤੀਰਥ ਯਾਤਰਾ ਕਰਦੇ ਰਹਿੰਦੇ ਹਨ ਤੇ ਸਾਧ ਸੰਗਤ ਵਿਚ ਹੀ ਸਮਾਂ ਗੁਜ਼ਾਰਦੇ ਹਨ। ਡੇਰਾ ਸੁੰਦਰ ਬਣਿਆ ਹੋਇਆ ਹੈ, ਖੂਹੀ ਤੇ ਨਾਲ ਹੀ ਚੰਗਾ ਤਲਾ ਹੈ।

# ਡੇਰਾ ਖੁਡਾ

(ਜ਼ਿਲਾ ਹੁਸ਼ਿਆਰਪੁਰ)

## ਸ਼੍ਰੀ ਸੰਤ ਬੂਟਾ ਸਿੰਘ ਜੀ

ਚੇਲੇ ਬਾਬਾ ਮੋਹਰ ਸਿੰਘ ਜੀ ਮਸਤਗੜ੍ਹ, ਆਪਦਾ ਜਨਮ ਹਰਸੀ ਪਿੰਡ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਛੋਟੀ ਉਮਰ ਵਿਚ ਹੀ ਸਾਧੂ ਹੋਏ ਕੁਝ ਚਿਰ ਪੰਡਿਤ ਤਾਰਾ ਸਿੰਘ ਜੀ ਦੀ ਮੰਡਲੀ ਨਾਲ ਵਿਦਿਆ ਪ੍ਰਾਪਤ ਕਰਕੇ ਫਿਰ ਤੀਰਥ ਯਾਤਰਾ ਤੇ ਮੰਡਲੀਆਂ ਵਿਚ ਵਿਚਰਦੇ ਰਹੇ। ਉਪਰੰਤ ਬਾਬਾ ਮੋਹਰ ਸਿੰਘ ਜੀ ਨੇ ਖੁਡੇ ਪਿੰਡ ਤੋਂ ਬਾਹਰ ਜੌੜੀਆਂ ਢਾਬਾ ਦੇ ਵਿਚਕਾਹੇ ਇਕ ਕੁਟੀਆ ਬਣਾ ਰਖੀ ਸੀ। ਉਸ ਵਿਚ ਇਨ੍ਹਾਂ ਨੂੰ ਰਹਿਣ ਲਈ ਆਗਿਆ ਕੀਤੀ। ਆਪ ਨੇ ਉਸ ਵਿਚ ਨਿਵਾਸ ਕਰ ਲਿਆ। ਆਪ ਚੰਗੇ ਵੇਦਾਂਤੀ ਵਿਦ੍ਵਾਨ ਸਾਧੂ ਸਨ। ਕਈ ਕਈ ਸਾਧੂ ਵਿਦਿਆਰਥੀ ਆਪ ਪਾਸ ਰਹਿੰਦੇ ਸਨ। ਆਪ ਚੰਗੇ ਭਾਗਸ਼ਾਲੀ ਪ੍ਰਤਾਪੀ ਸਾਧੂ ਹੋਏ ਹਨ ਆਪ ਜੀ ਦੇ ਸ਼ਿਸ਼ ਸੰਤ ਹੀਰਾ ਸਿੰਘ ਜੀ ਸੰਤ ਰਾਮ ਸਿੰਘ ਜੀ ਸੰਤ ਕਾਹਨ ਸਿੰਘ ਜੀ, ਸੰਤ ਦਇਆ ਸਿੰਘ ਜੀ ਆਦਿ ਕਈ ਹੋਏ ਹਨ। ਜਿਨ੍ਹਾਂ ਵਿਚੋਂ ਸੰਤ ਹੀਰਾ ਸਿੰਘ ਜੀ ਨੂੰ ਅਸਥਾਨ ਸੌਂਪ ਕੇ ਸੰਮਤ ੧੯੩੫ ਪੋਹ ਸੁਦੀ ਤ੍ਰਿਓਦਸ਼ੀ ਨੂੰ ਬੈਕੁੰਠ ਗਮਨ ਕਰ ਗਏ, ਆਪ ਦੀ ਸਮਾਧ ਡੇਰੇ ਦੇ ਖੂਹ ਲਾਗੇ ਹੈ।

# ਮਹੰਤ ਹੀਰਾ ਸਿੰਘ ਜੀ

ਆਪ ਦਾ ਜਨਮ ਖੁਡਾ ਜ਼ਿਲਾ ਹੁਸ਼ਿਆਰ ਪੁਰ ਵਿਚ ਸੰਮਤ ੧੯੦੬ ਨੂੰ ਹੋਇਆ। ਆਪ ਨੇ ਮਹੰਤ ਹੋ ਕੇ ਡੇਰਾ ਪੱਕਾ ਬਣਾਇਆ, ਬੜੀ ਭਾਰੀ ਆਬਾਦੀ ਕੀਤੀ। ਕਈ ਸਾਧੂ ਤੇ ਗ੍ਰਹਸਥੀ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ। ਸਾਰੇ ਤੀਰਥਾਂ ਦੀ ਯਾਤਰਾ ਕੀਤੀ। ਆਪ ਚੰਗੇ ਜਤਿੰਦ੍ਰ ਮਹਾਂ ਪੁਰਸ਼ ਹੋਏ ਹਨ ਆਪਣੇ ਅਸਥਾਨ ਵਿਚ ਅਤੁਟ ਲੰਗਰ ਚਲਾਇਆ। ਪਿੰਡ ਨਗਰ ਦੇ ਲੋਕੀ ਬੜੇ ਸਤਕਾਰ ਨਾਲ ਆਪ ਨੂੰ ਪੂਜਦੇ ਤੇ ਮੰਨਦੇ ਸਨ। ਆਪ ਦੇ ਚੇਲੇ ਸੰਤ ਹਮੀਰ ਸਿੰਘ ਜੀ ਮਹੰਤ ਗਣੇਸ਼ਾ ਸਿੰਘ ਜੀ ਅੰਮ੍ਰਿਤਸਰ ਆਦਿ ਕਈ ਹੋਏ ਜਿਨ੍ਹਾਂ ਵਿਚੋਂ ਸੰਤ ਹਮੀਰ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਸੰਮਤ ੧੯੪੧ ਵਿਚ ਪ੍ਰਲੋਕ ਗਮਨ ਕਰ ਗਏ ਆਪ ਦੀ ਸਮਾਧ ਬਣੀ ਹੋਈ ਹੈ।

# ਮਹੰਤ ਹਮੀਰ ਸਿੰਘ ਜੀ

ਆਪ ਦਾ ਜਨਮ ਖੁਡਾ ਜ਼ਿਲਾ ਹੁਸ਼ਿਆਰ ਪੁਰ ਸੰਮਤ ੧੯੨੯ ਵਿਚ ਹੋਇਆ। ਆਪ ਛੋਟੀ ਉਮਰ ਵਿਚ ਹੀ ਸਾਧੂ ਹੋ ਗਏ ਸਨ। ਸਮਾਂ ਪਾ ਕੇ ਲਿਖੇ ਪੜ੍ਹੇ ਵਿਦਵਾਨ ਹੋਏ। ਡੇਰੇ ਦੀ ਚੰਗੀ ਤਰੱਕੀ ਕੀਤੀ। ਖਾਸ ਕਰ ਕੇ ਸਾਧੂ ਸਮਾਜ ਨਾਲ ਪਿਆਰ ਰਿਹਾ। ਸਾਲ ਦੇ ਸਾਲ ਮਾਘੀ ਦਾ ਇਕਠ ਕਰਦੇ ਸਨ। ਜਿਸ ਵਿਚ ਚੰਗੇ ਚੰਗੇ ਵਿਦਵਾਨ ਕਥਾ ਕਰਨ ਵਾਲੇ ਬੁਲਾਇਆ ਕਰਦੇ ਸਨ। ਆਪ ਦੇ ਸ਼ਿਸ਼ ਸੰਤ ਅਮਰ ਸਿੰਘ ਜੀ

ਮਹੰਤ ਲਾਲ ਸਿੰਘ ਜੀ ਪੰਡਿਤ ਕਰਤਾਰ ਸਿੰਘ ਜੀ ਸ਼ਾਸਤ੍ਰੀ ਸੰਤ ਸੁਲਖਣ ਸਿੰਘ ਜੀ ਆਦਿਕ ਕਈ ਸਨ। ਜਿਨ੍ਹਾਂ ਵਿਚੋਂ ਮਹੰਤ ਲਾਲ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਦੇ ਕੇ ਸਮਾਏ।

## ਮਹੰਤ ਲਾਲ ਸਿੰਘ ਜੀ

ਆਪ ਦਾ ਜਨਮ ਰਲ੍ਹਣ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਵੀ ਛੋਟੀ ਅਵਸਥਾ ਵਿਚ ਹੀ ਸਾਧੂ ਹੋਏ ਕੁਝ ਚਿਰ ਡੇਰੇ ਵਿਚ ਰਹਿਕੇ ਸੰਤਾਂ ਪਾਸੋਂ ਪੜ੍ਹਦੇ ਰਹੇ। ਫਿਰ ਗੁਜਰਾਂ ਵਾਲੇ ਸੰਸ੍ਕ੍ਰਿਤ ਪਾਠਸ਼ਾਲਾ ਵਿਚ ਪੜ੍ਹਨ ਚਲੇ ਗਏ। ਚੰਗੇ ਪੜ੍ਹ ਲਿਖ ਕੇ ਸੰਮਤ ੧੯੯੪ ਵਿਚ ਡੇਰਾ ਖੁਡਾ ਦੇ ਮਹੰਤ ਨਾਯਤ ਹੋਏ। ਅਜਕਲ ਆਪ ਸਥਾਨ ਦੇ ਮਹੰਤ ਹਨ ਆਪ ਨੇ ਮਹਾਂ ਪੁਰਸ਼ਾਂ ਵਾਂਗ ਸੁੰਦਰ ਮਰਯਾਦਾ ਰਖੀ ਹੋਈ ਹੈ।। ਆਏ ਗਏ ਸਾਧੂ ਦਾ ਮਾਨ ਸਤਿਕਾਰ ਕਰਦੇ ਹਨ। ਸਾਲਾਨਾ ਜੋੜ ਮੇਲ ਉਸੇ ਤਰ੍ਹਾਂ ਮਾਘੀ ਉਪਰ ਆਪ ਵੀ ਕਰਦੇ ਹਨ। ਸੰਮਤ ੧੯੯੩ ਵਿਚ ਆਪ ਨੇ ਡੇਰੇ ਦੀਆਂ ਪੱਕੀਆਂ ਕੋਠੜੀਆਂ ਬਣਾਈਆਂ ਹਨ। ਹਿਕਮਤ ਦਾ ਕੰਮ ਵੀ ਕਰਦੇ ਹਨ ਪਿੰਡ ਤੇ ਇਲਾਕੇ ਵਿਚ ਆਪ ਦਾ ਚੰਗਾ ਸਤਕਾਰ ਹੈ। ਆਪ ਨੇ ਸੰਮਤ ੧੯੫੨ ਵਿਚ ਇਕ ਵੇਰਾਂ ਨਿਰਮਲ ਮਹਾਂ ਮੰਡਲ ਦਾ ਇਕੱਠ ਕੀਤਾ ਉਸ ਵੇਲੇ ਜਿਸ ਤਰ੍ਹਾਂ ਪ੍ਰੇਮ ਨਾਲ ਆਪ ਨੇ ਸੇਵਾ ਕੀਤੀ ਹੈ ਵਰ੍ਹਿਆਂ ਵਧੀ ਯਾਦ ਰਹੇਗੀ ਆਪ ਦੇ ਸ਼ਿਸ਼ ਸੰਤ ਤਾਰਾ ਸਿੰਘ ਜੀ ਆਦਿ ਕਈ ਹਨ, ਖੁਡੇ ਵਿਚ ੧੦-੧੨ ਵਿਦਿਆਰਥੀ ਪੜ੍ਹਦੇ ਰਹਿੰਦੇ ਹਨ। ਮਹੰਤ ਜੀ ਸੁਭਾਅ ਦੇ ਮਿਲਨਸਾਰ ਦਰਸ਼ਨੀ

ਸਾਧੂ ਹਨ। ਆਇਆ ਗਿਆ ਸਾਧੂ ਸੰਤ ਬਣਿਆ ਰਹਿੰਦਾ ਹੈ।

ਅਜ ਕਲ ਸ੍ਰੀ ਅੰਮ੍ਰਿਤਸਰ ਵਡੇ ਡੇਰੇ ਦੇ ਆਪ ਹੀ ਮਹੰਤ ਹਨ। ਖੂਡੇ ਡੇਰੇ ਦੀ ਹਰਸੀ ਪਿੰਡੋਂ ਬਾਹਰ ਵਾਰ ਕੁਟੀਆ ਸੂਬਾ ਸਿੰਘ ਜੀ, ਅਤੇ ਟਰੇਕੇਆਣਾ ਦਸੂਹੇ ਦੇ ਲਾਗੇ ਤੀਜੀ ਸ਼ਾਖ ਡੇਰ ਲਧਾਂ ਮਹੰਤ ਮਨਸਾ ਸਿੰਘ ਜੀ ਦੀ ਹੈ।

## ਪੰਡਿਤ ਕਰਤਾਰ ਸਿੰਘ ਜੀ

ਆਪਦਾ ਜਨਮ ਪਿੰਡ ਹਰਸੀ ਸ: ਸੰਤ ਸਿੰਘ ਜੀ ਦੇ ਗ੍ਰੈਹ ਵਿਖੇ ਮਾਤਾ ਸ਼ਿਵ ਦੇਈ ਦੀ ਕੁਖੋਂ ਸੰਮਤ ੧੯੬੯ ਨੂੰ ਹੋਇਆ ੧੫-੧੬ ਸਾਲ ਦੀ ਉਮਰ ਵਿਚ ਮਹੰਤ ਹਮੀਰ ਸਿੰਘ ਜੀ ਦੇ ਸ਼ਿਸ਼ ਬਣੇ ਸੇਵਾ ਕਰਦੇ ਪੜ੍ਹਦੇ ਰਹੇ। ਕੁਝ ਚਿਰ ਗੁਜਰਾਂ ਵਾਲੇ ਪਾਠਸ਼ਾਲਾ ਵਿਚ ਜਾ ਕੇ ਪੜ੍ਹਦੇ ਰਹੇ, ਵਿਦਵਾਨ ਹੋਏ। ਆਪ ਮਹੰਤ ਲਾਲ ਸਿੰਘ ਜੀ ਦੇ ਛੋਟੇ ਗੁਰਭਾਈ ਤੇ ਉਨ੍ਹਾਂ ਦੇ ਅਤੀ ਸਨੇਹੀ ਹਨ। ਅਜ ਕਲ ਸ੍ਰੀ ਅੰਮ੍ਰਿਤਸਰ ਡੇਰੇ ਅੰਤ੍ਰ-ਯਾਮੀਆਂ ਦੇ ਮੁਖ ਪ੍ਰਬੰਧਕ ਹਨ।

## ਡੇਰਾ ਬਘੇ ਕਲਾਂ

## ਮਹੰਤ ਬਾਬਾ ਪ੍ਰੇਮ ਸਿੰਘ ਜੀ

ਚੇਲੇ ਠਾਕਰ ਹਮੀਰ ਸਿੰਘ ਜੀ, ਆਪ ਦਾ ਜਨਮ ਮਾਝੇ ਵਿਚ ਹੋਇਆ ਆਪ ਨੇ ਸੰਤ ਹਮੀਰ ਸਿੰਘ ਜੀ ਦੀ ਸੇਵਾ ਤੇ ਪ੍ਰਸੰਨਤਾ ਪਿਛੋਂ ਪਿੰਡ ਬਘੇ ਕਲਾਂ ਜ਼ਿਲਾ ਅੰਮ੍ਰਿਤਸਰ ਵਿਚ

ਡੇਰਾ ਬੰਨ੍ਹਿਆ ਤਿੰਨ ਕਨਾਲ ਜ਼ਮੀਨ ਤੇ ਡੇਰਾ ਸੰਤਾਂ ਦੇ ਨਾਮ ਇੰਤਕਾਲ ਹੋਇਆ। ਆਪ ਵਿਟਕਤ ਰਹਿੰਦੇ ਸਨ। ੧੨-੧੩ ਵਿਘੇ ਜ਼ਮੀਨ ਜਟਾਂ ਵਾਪਸ ਲੈ ਲਈ। ਆਪ ਅੰਨ ਦਾਣਾ ਜਾਂ ਹੋਰ ਚੀਜ਼ ਮੰਗਦੇ ਨਹੀਂ ਸਨ। ਸਿਰਫ ਮਧੂਕਰੀ ਮੰਗ ਕੇ ਛਕ ਆਉਂਦੇ ਸਨ। ੮੦-੯੦ ਸਾਲ ਦੀ ਉਮਰ ਭੋਗ ਕੇ ਇਥੇ ਹੀ ਸਮਾ ਗਏ। ਸਮਾਧ ਆਪ ਦੀ ਡੇਰੇ ਵਿਚ ਮੌਜੂਦ ਹੈ। ਆਪ ਦੇ ਚੇਲੇ ਸੰਤ ਨਰੈਣ ਸਿੰਘ ਜੀ ਹਨ।

**ਮਹੰਤ ਨਰੈਣ ਸਿੰਘ ਜੀ** ਆਪ ਦਾ ਜਨਮ ਪਿੰਡ ਨਰਵੜ ਜ਼ਿਲਾ ਲਾਹੌਰ ਵਿਚ ਹੋਇਆ। ੨੫ ਸਾਲ ਦੀ ਉਮਰ ਵਿਚ ਸਾਧੂ ਹੋਏ ਕਈ ਸਾਲ ਸੰਤਾਂ ਦੀ ਸੇਵਾ ਵਿਚ ਹਾਜ਼ਰ ਰਹੇ। ਆਪਦਾ ਇਸ ਪਿੰਡ ਵਿਚ ਰਿਸ਼ਤਾ ਵੀ ਸੀ ਅੰਤ ਇਥੇ ਰਹਿਕੇ ਸ਼ਾਦੀ ਕਰ ਲਈ ਤੇ ਡੇਰਾ ਵੀ ਆਪ ਦੇ ਸਪੁਰਦ ਰਿਹਾ। ਆਪ ਤੇ ਆਪ ਦੇ ਹੋਰ ਸਤ ਸੰਗੀਆਂ ਨੇ ਚੰਗੀ ਰੌਣਕ ਰਖੀ। ਆਪ ਦੇ ਸਪੁਤ੍ਰ ਮੰਤ ਸੰਤ ਸਿੰਘ ਜੀ ਨੂੰ ਡੇਰਾ ਸੌਂਪ ਕੇ ਆਪ ਸੰਮਤ ੧੯੭੨ ਵਿਚ ਸ੍ਰੀਰ ਛਡ ਗਏ। ਪਹਿਲੀ ਸਮਾਧ ਵਿਚ ਆਪ ਦੀ ਸਮਾਧ ਹੈ।

**ਮਹੰਤ ਸੰਤ ਸਿੰਘ ਜੀ** ਆਪ ਦਾ ਜਨਮ ਮਹੰਤ ਨਰੈਣ ਜੀ ਦੇ ਘਰ ਪਿੰਡ ਬਘੇ ਕਲਾਂ ਵਿਖੇ ਹੋਇਆ। ਸੰਤਾਂ ਪਾਸੋਂ ਪੜ੍ਹਦੇ ਰਹੇ ਹਨ। ਸੰਤ ਨਰੈਣ ਸਿੰਘ ਜੀ ਨੇ ਆਪਣੀ ਹਥੀਂ ਆਪ ਦੀ ਸ਼ਾਦੀ ਕਰਾ ਦਿਤੀ ਸੀ। ਆਪ ਹਿਕਮਤ ਦਾ ਚੰਗਾ ਕੰਮ ਕਰਦੇ ਹਨ। ਆਪ ਦੇ ੭ ਲੜਕੇ ਹਨ ਭੇਖ ਨਾਲ ਪਿਆਰ

ਹੈ। ਨਿਰਮਲ ਅਖਾੜੇ ਦੀ ਸੇਵਾ ਕਰਦੇ ਹਨ। ਡੇਰਾ ਬਿਹੰਗਮੀ ਹੈ।

ਕਟੱਈ ਸੰਪ੍ਰਦਾਯ ਦੇ ਅਨੇਕਾਂ ਡੇਰੇ ਹਨ, ਜਿਨ੍ਹਾਂ ਵਿਚ ਮਹੰਤ ਸੰਤ ਰਹਿ ਕੇ ਗੁਰੂ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਰਹਿੰਦੇ ਹਨ।

**ਡੇਰਾ ਗੁਫਾਂ** ਜਿਸ ਦੇ ਪਹਿਲੇ ਮਹਾਂ ਪੁਰਸ਼ ਸੰਤ ਮੰਨਾ ਸਿੰਘ ਜੀ ਚੇਲੇ ਠਾਕਰ ਮੋਹਰ ਸਿੰਘ ਜੀ ਹੋਏ ਅਗੇ ਕ੍ਰਮ ਅਨੁਸਾਰ ਮਹੰਤ ਸੁਖਾ ਸਿੰਘ ਜੀ, ਮਹੰਤ ਹਰੀ ਸਿੰਘ ਜੀ, ਅਗੇ ਸੰਤ ਭਗਤ ਸਿੰਘ ਜੀ, ਸੰਤ ਜਗਤ ਸਿੰਘ ਜੀ ਪੰਡਿਤ ਦੇਸਰਾਜ ਸਿੰਘ ਜੀ, ਜੋ ਚੰਗੇ ਪਠਿਤ ਵਿਦਵਾਨ ਸੰਪੂਰਨ ਨਿਯਾਇ ਚਾਰਯ ਤੇ ਵੇਦਾਂਤੀ ਹਨ ਅਜ ਕਲ ਦੱਖਣ ਗੁਜਰਾਤ ਵਲ ਜ਼ਿਆਦਾ ਵਿਚਰਦੇ ਰਹਿੰਦੇ ਹਨ।

**ਡੇਰਾ ਭਗੌਤੀ ਪੁਰ** ਮਹੰਤ ਮੰਨਾ ਸਿੰਘ ਜੀ, ਚੇਲੇ ਮਹੰਤ ਹਰਦਿਤ ਸਿੰਘ ਜੀ, ਮਹੰਤ ਕਾਲਾ ਸਿੰਘ ਜੀ, ਆਪ ਦੇ ਸ਼ਿਸ਼ ਸੰਤ ਅਮਤੋਕ ਸਿੰਘ ਜੀ ਵੈਦਰਾਜ ਸੰਤ ਦਰਸ਼ਨ ਸਿੰਘ ਜੀ, ਸੰਤ ਅਰਜਨ ਸਿੰਘ ਜੀ, ਭਾਨ ਸਿੰਘ ਰਾਗੀ, ਸੰਤ ਸ਼ੇਰ ਸਿੰਘ ਚਕ੍ਰਵਰਤੀ ਆਦਿਕ ਹਨ।

**ਡੇਰਾ ਨੈਣਾ ਕੋਟ** ਮਹੰਤ ਦਿਆ ਸਿੰਘ ਜੀ ਚੇਲੇ ਮਹੰਤ ਮੰਨਾ ਸਿੰਘ ਜੀ, ਮਹੰਤ ਪਜੋਟਾ ਸਿੰਘ ਜੀ, ਮਹੰਤ ਹਰੀ ਸਿੰਘ ਜੀ,

ਮਹੰਤ ਮੀਹਾਂ ਸਿੰਘ ਜੀ ਨਿਰਮਲ ਅਖਾੜੇ ਵਿਚ ਮਹੰਤ ਰਹਿ ਚੁਕੇ ਹਨ।

**ਡੇਰਾ ਮਰਹਾਲਾ** ਮਹੰਤ ਮੰਨਾ ਸਿੰਘ ਜੀ, ਚੇਲੇ ਮਹਾਰਾਜ ਮੋਹਰ ਸਿੰਘ ਜੀ, ਮਹੰਤ ਬੁਧ ਸਿੰਘ ਜੀ, ਮਹੰਤ ਗੁਲਾਬ ਸਿੰਘ ਜੀ, ਮਹੰਤ ਸ਼ਰਮਾ ਸਿੰਘ ਜੀ, ਮਹੰਤ ਰਾਮ ਸਿੰਘ ਜੀ, ਮਹੰਤ ਭਗਵਾਨ ਸਿੰਘ ਜੀ।

## ਡੇਰਾ ਸਮਾਧ ਬਾਬਾ ਬਸੰਤ ਸਿੰਘ ਜੀ

ਮਹੰਤ ਜੋਧ ਸਿੰਘ ਜੀ, ਮਹੰਤ ਦੇਵਾ ਸਿੰਘ ਜੀ ਰੌਦੜੀਏ, ਮਹੰਤ ਸੂਬਗ ਸਿੰਘ ਜੀ, ਮਹੰਤ ਮੋਗਾ ਸਿੰਘ, ਮਹੰਤ ਹਰਨਾਮ ਸਿੰਘ ਜੀ, ਮਹਤ ਅਮਰ ਸਿੰਘ ਜੀ।

**ਡੇਰਾ ਰੇੜੀਆ ਮਲੌਦ** ਮਹੰਤ ਧਰਮ ਸਿੰਘ ਜੀ।

**ਡੇਰਾ ਗੁਰੂ ਗਊ ਘਾਟ** ਮਹੰਤ ਵਸਾਵਾ ਸਿੰਘ ਜੀ ਚੇਲੇ ਮਹੰਤ ਪਾਖਰ ਸਿੰਘ ਜੀ। ਇਹ ਸੰਤ ਕਈ ਸਾਲ ਅਖਾੜੇ ਦੇ ਕਾਰਬਾਰੀ ਰਹਿਕੇ ਪਟਿਆਲੇ ਦੇ ਮਹੰਤ ਹੋਏ ਹਨ।

ਮਹੰਤ ਪਾਖਰ ਸਿੰਘ ਜੀ ਦੇ ਚੇਲੇ ਸੰਤ ਬਗਾ ਸਿੰਘ ਜੀ ਜੋ ਵਿਰਕਤ ਪੰਡਿਤ ਪਰੇਮ ਸਿੰਘ ਜੀ ਦੇ ਸਨੇਹੀ ਸਨ। ਹੋਤੀ ਵਾਲਿਆਂ ਜੀ ਕੋਠੀ ਬਣਨ ਵੇਲੇ ਆਪ ਨਾਲ ਹੋ ਕੇ ਸੇਵਾ ਕਰਦੇ ਰਹੇ।

ਸੰਤ ਬਗਾ ਸਿੰਘ ਜੀ ਦੇ ਚੇਲੇ ਪੰਡਿਤ ਹਰੀ ਰਾਮ ਸਿੰਘ ਜੀ ਵੈਦਿਕ ਰਿਸ਼ੀ। ਇਨ੍ਹਾਂ ਦੇ ਚੇਲੇ ਸੰਤ ਸਰਵੇਸ਼ਰ ਸਿੰਘ ਜੀ, ਬ੍ਰਹਮਚਾਰੀ ਪੰਡਿਤ ਮਦਨ ਮੋਹਨ ਸਿੰਘ ਜੀ, ਸੋਮੇਸ਼ਵਰ ਸਿੰਘ ਜੀ ਆਦਕ ਹਨ।

**ਡੇਰਾ ਸਿਧਵੀ** ਮਹੰਤ ਕਪੂਰ ਸਿੰਘ ਜੀ। ਇਥੇ ਮਹੰਤ ਪੰਜਾਬ ਸਿੰਘ ਜੀ ਦੀ ਸਮਾਧ ਹੈ। ਮਹੰਤ ਮੰਨਾ ਸਿੰਘ ਜੀ। ਦੂਜੇ ਚੇਲੇ ਸੰਤ ਰਾਮ ਸਿੰਘ ਜੀ। ਜਿਨ੍ਹਾਂ ਬਾਬਾ ਬਕਾਲਾ ਦੇ ਪਾਸ ਜਾ ਕੇ ਮਕਾਨ ਬਣਾਇਆ ਇਨ੍ਹਾਂ ਦੇ ਚੇਲੇ ਸੰਤ ਹੀਰਾ ਸਿੰਘ ਜੀ ਜਿਨ੍ਹਾਂ ਸਿਧਵੀ ਦੂਜਾ ਡੇਰਾ ਬਣਾਇਆ।

**ਡੇਰਾ ਰੂਮੀ** ਸੰਤ ਅਤਰ ਸਿੰਘ ਜੀ।

**ਡੇਰਾ ਆਸਾ ਬੁਟਰ** ਸੰਤ ਗੁਰਬਖਸ਼ ਸਿੰਘ ਜੀ ਵਿਰਕਤ, ਮਹੰਤ ਜਵਾਲਾ ਸਿੰਘ ਜੀ ਪਟਿਆਲੇ ਮਹੰਤ ਰਹੇ, ਚੇਲੇ ਮਹੰਤ ਭੋਲਾ ਸਿੰਘ ਜੀ। ਅਗੇ ਮਹੰਤ ਹਰਨਾਮ ਸਿੰਘ ਜੀ।

**ਦੂਜਾ ਡੇਰਾ** ਬਾਬਾ ਅਤਰ ਸਿੰਘ ਜੀ, ਮਹੰਤ ਨਰੈਣ ਸਿੰਘ ਜੀ।

**ਡੇਰਾ ਸਦਾ ਰੰਗ** ਮਹੰਤ ਭੋਲਾ ਸਿੰਘ ਜੀ ਮਹੰਤ, ਮੋਤਾ ਸਿੰਘ ਜੀ।

**ਡੇਰਾ ਜੰਡਿਆਲਾ** ਸੰਤ ਕੇਸਰ ਸਿੰਘ ਜੀ ਚੇਲੇ ਮਹੰਤ ਦੇਵਾ ਸਿੰਘ ਜੀ, ਮਹੰਤ ਚੰਦਾ ਸਿੰਘ ਜੀ, ਪੰਡਿਤ ਬਸੰਤ ਸਿੰਘ ਜੀ ਵੈਦ, ਸੰਤ ਤਾਰਾ ਸਿੰਘ ਜੀ।

**ਡੇਰਾ ਝੰਡੋਟੀਆਂ** ਸੰਤ ਵਿਸਾਖਾ ਸਿੰਘ ਜੀ ਚੇਲੇ ਬਾਬਾ ਦੇਵਾ ਸਿੰਘ ਜੀ। ਮਹੰਤ ਭਗਵਾਨ ਸਿੰਘ ਜੀ, ਮਹੰਤ ਕੇਹਰ ਸਿੰਘ ਜੀ, ਸੰਤ ਭਾਨ ਸਿੰਘ ਜੀ ਵੈਦ, ਆਪ ਬੜੇ ਉਦਮੀ ਤੇ ਪਰੋਪਕਾਰੀ ਹਨ। ਸੇਵਾ ਭਾਵ ਆਪ ਦੇ ਵਿਚ ਕੁਟ ਕੁਟ ਕੇ ਭਰਿਆ ਪਿਆ ਹੈ।

**ਡੇਰਾ ਡਾਲੀਆਂ** ਮਹੰਤ ਮਿਲ਼ਖਾ ਸਿੰਘ ਜੀ, ਮਹੰਤ ਨਰੈਣ ਸਿੰਘ ਜੀ।

**ਡੇਰਾ ਭੁਲਰ** ਬਾਬਾ ਚਾਨਣ ਸਿੰਘ ਜੀ, ਮਹੰਤ ਮਿਤ ਸਿੰਘ ਜੀ, ਮਹੰਤ ਬੁਧ ਸਿੰਘ ਜੀ।

**ਡੇਰਾ ਬੇਰ ਕਲਾਂ** ਬਾਬਾ ਗੁਲਾਬ ਸਿੰਘ ਜੀ,ਮਹੰਤ ਗਿਆਨ ਸਿੰਘ ਜੀ, ਪੰ:ਡਿਤ ਥਮਨ ਸਿੰਘ ਜੀ, ਮਹੰਤਨੀ ਕਿਸ਼ਨ ਕੌਰ।

**ਡੇਰਾ ਧੌਲ ਮਾਜਰਾ** ਮਹੰਤ ਜਸਾ ਸਿੰਘ ਜੀ ਚੇਲੇ ਬਾਬਾ ਗੁਲਾਬ ਸਿੰਘ ਜੀ, ਮਹੰਤ ਗਿਆਨ ਸਿੰਘ ਜੀ।

**ਡੇਰਾ ਬਾਰਾ ਦਰੀ ਮਲੌਦ** ਸੰਤ ਬਾਬਾ ਗੁਲਾਬ ਸਿੰਘ ਜੀ ਮਹੰਤ ਭਗਵਾਨ ਸਿੰਘ ਜੀ ਮਹੰਤ ਸਾਧੂ ਸਿੰਘ ਜੀ ਦੇ ਚੇਲੇ ਮਹੰਤ ਪਾਖਰ ਸਿੰਘ ਜੀ। ਮਹੰਤ ਪਾਖਰ ਸਿੰਘ ਜੀ ਦਾ ਜਨਮ ਭੂਦੜ ਜ਼ਿਲਾ ਲੁਧਿਆਨੇ ਵਿਚ ਹੋਇਆ। ਆਪ ਬੜੇ ਜਪ ਤਪ ਵਾਲੇ ਮਹਾਂਪੁਰਸ਼ ਹੋਏ ਹਨ। ਆਪ ਦੇ ਸ਼ਿਸ਼ ਸੰਤ ਅਤਰ ਸਿੰਘ ਜੀ, ਸੰਤ ਕਪੂਰ ਸਿੰਘ ਜੀ ਜਿਨ੍ਹਾਂ ਨਿਰਮਲ ਅਖਾੜੇ ਦੀ ਬੜੀ ਫਿਰ ਸੇਵਾ ਕੀਤੀ। ਕੁਠਾਰੀ ਰਹੇ। ਸੰਤ ਕ੍ਰਿਪਾਲ ਸਿੰਘ ਜੀ, ਸੰਤ ਦਿਆਲ ਸਿੰਘ ਜੀ ਸੰਤ ਧਰਮ ਸਿੰਘ ਜੀ ਹਨ।

ੴ ਸਤਿਗੁਰ ਪ੍ਰਸਾਦਿ ॥

## ਸੰਪ੍ਰਦਾਇ

# ਮਹਾਰਾਜ ਸੰਤ ਕੁਇਰ ਸਿੰਘ ਜੀ ਬੁੰਗਾ ਨਿਰਮਲਿਆਂ

ਸ੍ਰੀ ਮਹਾਰਾਜ ਕੁਇਰ ਸਿੰਘ ਜੀ ਇਕ ਵਡੇ ਮਹਾਂ ਪੁਰਖ ਹੋਏ ਹਨ ਜੋ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਆਪਣੇ ਬੁੰਗੇ ਵਿਚ ਰਿਹਾ ਕਰਦੇ ਸਨ। ਜਿਸ ਕਰਕੇ ਆਪਦੀ ਸੰਪ੍ਰਦਾਯ ਬੁੰਗਾ ਨਿਰਮਲਿਆਂ ਦੇ ਨਾਮ ਤੇ ਪ੍ਰਸਿਧ ਹੈ। ਪਹਿਲਾਂ ਸ੍ਰੀ ਬਾਬਾ ਧਰਮ ਸਿੰਘ ਜੀ (ਪਿਆਰੇ) ਪਾਸੋਂ ਮਹਾਰਾਜ ਗੁਰਬਖਸ਼ ਸਿੰਘ ਜੀ ਲਾਂਗਰੀ ਨੇ ਅੰਮ੍ਰਿਤ ਛਕਿਆ।

## ਬਾਬਾ ਗੁਰਬਖਸ਼ ਸਿੰਘ ਜੀ

ਆਪ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਲੰਗਰ ਦੀ ਹਮੇਸ਼ਾ ਨਿਰਮਾਣ ਸੇਵਾ ਕਰਦੇ ਰਹੇ। ਜਿਸ ਕਰਕੇ ਆਪ ਲਾਂਗਰੀ ਨਾਮ ਤੇ ਜ਼ਿਆਦਾ ਪਸਿਧ ਹੋਏ। ਬਿਨਾ ਸਤਿਸੰਗ ਭਜਨ ਤੋਂ ਕਿਸੀ ਪਦਾਰਥ ਦੀ ਇਛਾ ਨਹੀਂ ਰਖਦੇ ਸਨ। ਗੁਰੂ ਜੀ ਆਪ ਨੂੰ ਪ੍ਰੇਮ ਭਰੀ ਨਜ਼ਰ ਨਾਲ ਵੇਖਿਆ ਕਰਦੇ ਸਨ। ਜਦ ਗੁਰੂ ਜੀ ਸੰਮਤ ੧੭੬੫ ਵਿਚ ਜੋਤੀ ਜੋਤ ਸਮਾ ਗਏ ਤਾਂ ਉਦਾਸੀਨ ਬ੍ਰਿਤੀ ਵਿਚ ਰਹਿਕੇ ਨਾਮ ਅਭਿਆਸ ਵਿਚ ਆਯੂ ਬਿਤੀਤ

ਕਰਦੇ ਰਹੇ, ਭਾਈ ਗਿਆਨ ਜੀ ਦੇ ਲਿਖੇ ਮੁਤਾਬਕ ਆਪ ਦੇ ਸਤਿਸੰਗੀ ਸ਼ਿਸ਼ ਮਹਾਰਾਜ ਕੁਇਰ ਸਿੰਘ ਜੀ ਬੁੰਗੇ ਵਾਲੇ, ਸੰਤ ਮਹਾਰਾਜ ਸਿੰਘ ਜੀ ਸਿਧ, ਸੰਤ ਸੈਣਾ ਸਿੰਘ ਤੇ ਅਤੀਤ ਅਜੀਤ ਸਿੰਘ ਜੀ ਹੋਏ।

## ਮਹਾਰਾਜ ਕੁਇਰ ਸਿੰਘ ਜੀ ਬੁੰਗਾ ਨਿਰਮਲਿਆਂ ਅੰਮ੍ਰਿਤਸਰ

ਆਪ ਇਕ ਉਚ ਕਰਨੀ ਵਾਲੇ ਉਤਮ ਮਹਾਪੁਰਸ਼ ਹੋਏ ਹਨ। ਭਾਵੇਂ ਆਪ ਫਕੀਰਾਨਾ ਜ਼ਿੰਦਗੀ ਹਮੇਸ਼ ਬਸਰ ਕਰਦੇ ਸਨ। ਇਹ ਅਸਥਾਨ ਪਹਿਲਾਂ ਸਾਧਾਰਣ ਜਿਹਾ ਸੀ, ਆਪ ਦੇ ਇਥੇ ਟਿਕ ਜਾਣ ਨਾਲ ਹੌਲੀ ਹੌਲੀ ਸੰਮਤ ੧੯੦੭ ਵਿਚ ਇਸ ਬੁੰਗੇ ਦੀ ਬੁਨਿਆਦ ਬਝੀ, ਇਹ ਬੁੰਗਾ ਉਹ ਹੈ ਜਿਸ ਦੀ ਪੁਲ ਹੇਠੋਂ ਲੰਘ ਕੇ ਸ੍ਰੀ ਦਰਬਾਰ ਸਾਹਿਬ ਵਲੋਂ ਬਾਬੇ ਸਾਹਿਬ ਜਾਈਦਾ ਸੀ, ਆਪ ਜ਼ਿਆਦਾ ਭਜਨਾਨੰਦੀ ਸਨ ਹਰ ਵੇਲੇ ਹਰੀ ਚਰਚਾ 'ਚ ਲਈ ਆਗਿਆ ਦੇਂਦੇ। ਨਾਲ ਇਹ ਭੀ ਕਹਿ ਦੇਂਦੇ ਕਿ ਭਾਈ ਇਸ਼ਨਾਨ ਸ਼ਰਧਾ ਪ੍ਰੇਮ ਨਾਲ ਕਰਨਾ ਤੇ ਪੂਰਾ ਪੂਰਾ ਵਿਸ਼ਵਾਸ਼ ਰਖਨਾ ਨਹੀਂ ਤਾਂ ਬਾਬਾ ਗੁਰਦਿਤਾ ਜੀ ਦੀ ਇਸਤ੍ਰੀ ਵਾਂਗ ਫਲ ਨੂੰ ਪ੍ਰਾਪਤ ਜ਼ਰੂਰ ਹੋਵੇਗਾ ਪਰ ਕੁਝ ਕਸਰ ਰਹਿ ਜਾਏਗੀ।

ਰਾਮਦਾਸ ਸਰੋਵਰਿ ਨਾਤੇ। ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰਿ ਇਸਨਾਨਾ। ਗੁਰਿ ਪੂਰੈ ਕੀਨੇ ਦਾਨਾ॥੧॥
(ਸੋ: ਮ: ੫)

ਗੁਰੂ ਵਚਨ ਅਨੁਸਾਰ ਆਪ ਦੇ ਵਚਨਾਂ ਪੁਰ ਵਿਸ਼ਵਾਸ ਕਰਦੇ ਅਨੇਕਾਂ ਸਤਿਸੰਗੀ ਲਾਭ ਉਠਾਉਂਦੇ ਰਹੇ। ਅੰਤ ਆਪਣੇ ਉਪਦੇਸ਼ੀ ਸੰਤ ਰਣ ਸਿੰਘ ਜੀ ਨੂੰ ਸੇਵਾ ਬਖਸ਼ ਕੇ ਆਪ ਵਡੀ ਉਮਰ ਵਿਚ ਸੰਮਤ ੧੯੭੯ ਨੂੰ ਪ੍ਰਲੋਕ ਗਮਨ ਹੋਏ।

## ਸ੍ਰੀ ਸੰਤ ਰਣ ਸਿੰਘ ਜੀ

ਆਪ ਵੀ ਆਪਣੇ ਸੰਤਾਂ ਵਾਂਗ ਪਵਿਤ੍ਰ ਜ਼ਿੰਦਗੀ ਵਾਲੇ ਹੋਏ ਹਨ। ਜਿਤਨਾ ਚਿਰ ਸਰੀਰ ਰਿਹਾ ਦੋਏਂ ਵੇਲੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਨੇਮ ਨਾਲ ਜਾਂਦੇ ਰਹੇ। ਅਧਿਕ ਸਮਾਂ ਨਾਮ ਅਭਿਆਸ ਤੇ ਸਾਧ ਸੰਗਤ ਦੀ ਸੇਵਾ 'ਚ ਬਿਤੀਤ ਕਰਦੇ। ਮਧੂਕਰੀ ਦਾ ਅੰਨ ਲਿਆਕੇ ਆਏ ਸਾਧ ਅਭਿਆਗਤ ਨੂੰ ਛਕਾਉਂਦੇ ਰਹੇ। ਜਿਸ ਲਈ ਆਪ ਦੇ ਅਸਥਾਨ ਦੀ ਬੜੀ ਪ੍ਰਸਿਧੀ ਹੋ ਗਈ। ਕਹਿੰਦੇ ਹਨ ਕਿ ਆਪ ਨੇ ਆਪਣੇ ਘਰ ਦੀ ਜਾਇਦਾਦ ਵੇਚ ਕੇ ਇਹ ਬੁੰਗਾ ਸੋਹਣੀ ਸ਼ਕਲ ਵਿਚ ਤਿਆਰ ਕਰਵਾਇਆ, ਸੰਮਤ ੧੯੦੦ ਪੋਹ ਵਿਚ ਆਪਣੇ ਚੇਲੇ ਸੰਤ ਜੋਗਾ ਸਿੰਘ ਜੀ ਦੇ ਨਾਂ ਬੁੰਗੇ ਦੀ ਵਸੀਅਤ ਕਰਕੇ ਵਡੀ ਉਮਰ 'ਚ ਸਮਾਏ।

## ਮਹੰਤ ਜੋਗਾ ਸਿੰਘ ਜੀ

ਆਪ ਪੂਰਨ ਗੁਰੂ ਭਗਤ ਹੋਏ ਹਨ, ਗੁਰੂ ਬਾਣੀ ਤੇ ਸਾਧ ਸੰਗਤ ਦੀ ਸੇਵਾ ਨਾਲ ਬੜਾ ਪਿਆਰ ਰਿਹਾ। ਤੀਰਥ ਯਾਤਰਾ ਨਾਲ ਪਿਆਰ ਸੀ ਕੁਰੂਛੇਤ੍ਰ ਦੀ ਵਹੀਆਂ ਵਿਚ ਸੰਮਤ ੧੯੯੬ ਵਿਚ ਆਪ ਦਾ ਜਾਣਾ ਲਿਖਿਆ ਹੈ। ਪੁਰਾਤਨ ਸੰਤਾਂ

ਵਾਲੀ ਸਾਰੀ ਮ੍ਰਿਯਾਦਾ ਰਖੀ। ਆਏ ਗਏ ਸਾਧ ਫਕੀਰ ਨੂੰ ਆਪਣੀ ਹਥੀ ਪਕਾ ਕੇ ਪ੍ਰਸ਼ਾਦ ਛਕਾਉਂਦੇ ਰਹੇ। ਜਦ ਆਪ ਦਾ ਲੰਗਰ ਪ੍ਰਸਿਧ ਹੋ ਗਿਆ, ਸਾਧ ਸੰਗਤ ਦੀ ਆਵਾਜਾਈ ਸ਼ੁਰੂ ਹੋ ਗਈ। ਓਦੋਂ ਗੌਰਮਿੰਟ ਬ੍ਰਤਾਨੀਆਂ ਪੰਜਾਬ ਵਿਚ ਆਪਣੇ ਨਵੇਂ ਪ੍ਰਬੰਧ ਵਿਚ ਰੁਝੀ ਹੋਈ ਸੀ। ਆਪ ਦੇ ਲੰਗਰ ਦੇ ਪ੍ਰਭਾਵ ਦੇ ਜ਼ੇਰ ਅਸਰ ਕਿਸੀ ਮੌਜੂਦਾ ਅਫਸਰ ਨੇ ਜਾਗੀਰ ਦੀ ਸਫਾਰਸ਼ ਕਰ ਦਿਤੀ ਜੋ ਸੰਮਤ ੧੯੦੯ ਵਿਚ ਸਿਆਲਕੋਟ ਵਾਲੀ ਜਾਗੀਰ ਆਪ ਦੇ ਨਾਂ ਲਗ ਗਈ ਜੋ ਸੰਮਤ ੧੯੪੭ ਵਿਚ ਬੰਦ ਹੋ ਗਈ। ਇਸ ਤੋਂ ਇਲਾਵਾ ਬਿਬੇਕ ਸਰ ਦੇ ਪਾਸੇ ਕਈ ਵਿਘੇ ਜ਼ਮੀਨ ਆਪ ਦੇ ਨਾਮ ਪੁਰ ਹੈ, ਅਸਥਾਨ ਦੀ ਚੰਗੀ ਤਰੱਕੀ ਕੀਤੀ ਤੇ ਬੁੰਗੇ ਨੂੰ ਨਵੀਂ ਸ਼ਕਲ ਵਿਚ ਲਿਆਂਦਾ। ਨਿਰਮਲ ਭੇਖ ਵਿਚ ਜਸ ਪਾਇਆ। ਆਖਰ ਸੰਮਤ ੧੯੨੦ ਨੂੰ ਆਪਣੇ ਚੇਲੇ ਸੰਤ ਤਾਰਾ ਸਿੰਘ ਜੀ ਦੇ ਨਾਂ ਵਸੀਅਤ ਕਰਕੇ ਆਪ ਸੰਮਤ ੧੯੨੧ ਕਤਕ ੬ ਨੂੰ ਗੁਰਪੁਰੀ ਸਿਧਾਰ ਗਏ।

## ਮਹੰਤ ਤਾਰਾ ਸਿੰਘ ਜੀ

ਆਪ ਦਾ ਜਨਮ ਇਥੋਂ ਦਾ ਹੀ ਸੀ। ਛੋਟੀ ਉਮਰ ਤੋਂ ਹੀ ਸ੍ਰੀ ਦਰਬਾਰ ਸਾਹਿਬ ਘਰੋਂ ਦਰਸ਼ਨ ਕਰਨ ਲਈ ਆਉਂਦੇ ਨਾਲ ਸੰਤਾਂ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਹੌਲੀ ੨ ਪ੍ਰੇਮ ਵਧਦਾ ਗਿਆ। ਹਥੀ ਸੇਵਾ ਕਰਨ ਲਗ ਪਏ। ਘਰ ਛਡ ਦਿਤਾ ਸਾਧੂ ਹੋ ਗਏ। ਦਿਲੋਂ ਪ੍ਰੇਮ ਨਾਲ ਸੇਵਾ ਕਰਦੇ ਤੇ ਪੜ੍ਹਦੇ ਰਹੇ। ਸੰਤਾਂ ਦੇ ਕ੍ਰਿਪਾ ਪਾਤ੍ਰ ਅਜਿਹੇ ਸਿਧ ਹੋਇ ਜੁ ਮਗਰੋਂ ਵੀ

ਸੰਤਾਂ ਦੀ ਰਹੁ ਰੀਤੀ ਸਭ ਕਾਇਮ ਰਖੀ, ਸਾਧ ਸੰਗਤ ਨਾਲ ਪਿਆਰ ਕੀਤਾ। ਜਸ ਖਟਿਆ ਆਖਰ ਆਪਣੇ ਸ਼ਿਸ਼ ਸੰਤ ਹਰਨਾਮ ਸਿੰਘ ਜੀ ਨੂੰ ਮਹੰਤ ਨੀਯਤ ਕਰਕੇ ਸੰਮਤ ੧੯੩੧ ਕਤਕ ਵਿਚ ਸਰੀਰ ਤਿਆਗ ਗਏ।

## ਮਹੰਤ ਹਰਨਾਮ ਸਿੰਘ ਜੀ

ਆਪਦਾ ਜਨਮ ਸ੍ਰੀ ਦਮਦਮਾ ਸਾਹਿਬ ਰਿਆਸਤ ਪਟਿਆਲਾ ਦਾ ਸੀ, ਯਾਤਰਾ ਲਈ ਆਏ, ਟਿਕ ਗਏ। ਸੇਵਾ ਕਰਦੇ ਰਹੇ ਸੰਮਤ ੧੯੩੧ ਮਘਰ ੨ ਨੂੰ ਡੇਰੇ ਦੀ ਦਸਤਾਰ ਮਿਲੀ, ਜਾਇਦਾਦ ਵਧਾਈ। ਗੁਰੂ ਦੇ ਮਹਿਲਾਂ ਪਾਸ ਜੋ ਮਹੰਤ ਵਜ਼ੀਰ ਸਿੰਘ ਜੀ ਦਾ ਤਬੇਲਾ ਸੀ, ਉਹ ੧੯੩੫ ਮਘਰ ੫ ਆਪ ਨੂੰ ਮਿਲਿਆ। ਆਪ ਬੜੇ ਜਬ੍ਹੇਦਾਰ ਤੇ ਰੋਅਬ ਦਾਬ ਵਾਲੇ ਮਹੰਤ ਸਨ। ਸਰੀਰ ਦਰਸ਼ਨੀ, ਸਰਕਾਰੇ ਕੁਰਸੀ ਨਸ਼ੀਨ ਸਨ, ਅੰਮ੍ਰਿਤਸਰ ਦੇ ਸਾਰੇ ਮਹੰਤ ਸੰਤ ਆਪ ਦੀ ਸਲਾਹ ਮਸ਼ਵਰਾ ਲੈ ਕੇ ਕੰਮ ਕਰਦੇ ਸਨ। ਅਖੀਰ ਆਪਣੇ ਚੇਲੇ ਮਹੰਤ ਕਾਂਸ਼ੀ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੬੩ ਵਿਚ ਸਮਾਏ।

## ਮਹੰਤ ਕਾਂਸ਼ੀ ਸਿੰਘ ਜੀ

ਆਪ ਦਾ ਜਨਮ ਭੀ ਸ੍ਰੀ ਦਮਦਮੇ ਸਾਹਿਬ ਦਾ ਸੀ, ਮਹੰਤਾਂ ਸਾਹਿਬਾਂ ਦੇ ਭਤੀਜੇ ਸਨ। ਕਦੇ ਨ ਕਦੇ ਦਰਸ਼ਨ ਲਈ ਆਇਆ ਕਰਦੇ। ਇਕ ਦਿਨ ਮਹੰਤਾਂ ਦੇ ਚੇਲੇ ਹੋ ਗਏ, ਡੇਰੇ ਦੀ ਤਨ ਦੇ ਕੇ ਸੇਵਾ ਕਰਦੇ ਰਹੇ। ਸੁਭਾ ਦੇ ਬੜੇ ਉਦਾਰ ਤੇ

## ਸ੍ਰੀਮਾਨ ਮਹੰਤ ਮੂਲ ਸਿੰਘ ਜੀ

ਸਾਬਕ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਜੀ



ਅਖਾੜਾ ਮਹੰਤ ਮੂਲ ਸਿੰਘ ਜੀ, ਅੰਮ੍ਰਿਤਸਰ

ਆਏ ਗਏ ਨੂੰ ਮਿਲ ਗਿਲਕੇ ਰਾਜ਼ੀ ਹੋਣ ਵਾਲੇ ਸਨ। ਖੁਲ੍ਹ ਦਿਲੀ ਨਾਲ ਭੰਡਾਰਾ ਕਰਦੇ ਹੁੰਦੇ ਸਨ। ਸਾਧੂਆਂ ਵਿਚ ਜਸ ਸੀ। ਮਹੰਤਾਂ ਵਾਂਗ ਆਪ ਵੀ ਸਰੀਰ ਦੇ ਦਰਸ਼ਨੀ ਸਨ। ਆਏ ਗਏ ਨਾਲ ਪਿਆਰ ਕਰਦੇ ਸਨ। ਅਖੀਰ ਜਦ ਬਿਮਾਰ ਹੋਏ ਓਦੋਂ ਆਪ ਦੀ ਸੇਵਾਂ ਵਿਚ ਸੰਤ ਰਾਮ ਸਿੰਘ ਦੀ ਆਦਿ ਕਈ ਸਾਧੂ ਟਿਕੇ ਹੋਏ ਸਨ। ਪਰ ਸਭ ਤੋਂ ਜ਼ਿਆਦਾ ਆਗਿਆਕਾਰੀ ਤੇ ਕਾਰ ਵਿਹਾਰ ਵਿਚ ਯੋਗ ਸੰਤ ਰਾਮ ਸਿੰਘ ਜੀ ਨੂੰ ਸਮਝ ਕੇ ਸੰਮਤ ੧੯੭੧ ਚੇਤ੍ਰ ੨੧ ਵਾਲੇ ਦਿਨ ਚੇਲਾ ਥਾਪ ਕੇ ਇਨ੍ਹਾਂ ਦੇ ਨਾਂ ਵਸੀਅਤ ਕਰਾ ਦਿਤੀ ਤੇ ਆਪ ਦੂਜੇ ਦਿਨ ੫੦ ਸਾਲ ਦੀ ਉਮਰ ਵਿਚ ਪ੍ਰਲੋਕ ਗਮਨ ਕਰ ਗਏ।

## ਮਹੰਤ ਰਾਮ ਸਿੰਘ ਜੀ

ਆਪ ਦਾ ਜਨਮ ਡਗਰੂ ਤਹਿਸੀਲ ਮੋਗਾ ਜ਼ਿ: ਫਿਰੋਜ਼ ਪੁਰ ਦਾ ਸੀ ਪਹਿਲਾਂ ਕਾਂਸ਼ੀ ਵਾਲੇ ਪੰ: ਰਾਮ ਸਿੰਘ ਜੀ ਪਾਸੋਂ ਮੰਡਲੀ ਵਿਚ ਪੜ੍ਹਦੇ ਰਹੇ ਬਾਅਦ ਕਿਤਨਾ ਚਿਰ ਸੇਵਾ ਪੰਥੀ ਪੰਡਿਤ ਬੰਨਾ ਸਿੰਘ ਜੀ ਪਾਸੋਂ ਬ੍ਰਿਤੀ ਪ੍ਰਭਾਕਰ ਅਧੈਨ ਕਰਦੇ ਰਹੇ। ਵਿਸ਼ੇਸ਼ ਹਾਲ ਤੀਜੀ ਜਿਲਦ ੫੪੯ ਅੰਕ ਤੇ ਹੈ।

## ਮਹੰਤ ਮੂਲ ਸਿੰਘ ਜੀ

ਜਨਮ ਗੋਇੰਦਵਾਲ ਸਾਹਿਬ, ਜ਼ਿਲਾ ਅੰਮ੍ਰਿਤਸਰ ਦਾ ਹੈ। ਆਪ ਦਾ ਜੀਵਨ ਭੀ ਇਕ ਬਚਿਤ੍ਰ ਜੀਵਨ ਹੈ। ਕਿਸ ਥਾਂ ਤੋਂ ਚੜ੍ਹਦੇ ਚੜ੍ਹਦੇ ਕਿਸ ਥਾਂ ਤੇ ਜਾ ਪੁਜੇ ਹਨ। ਸਾਧੂ ਹੋਣ ਤੋਂ

ਪਹਿਲਾਂ ਕਈ ਵਰ੍ਹੇ ਅਭਿਆਗਤੀ ਠਾਠ ਵਿਚ ਰਹਿੰਦਿਆਂ ਕਈ ਥਾਵਾਂ ਉਤੇ ਨਿਵਾਸ ਕੀਤਾ। ਸੰਮਤ ੧੯੭੨ ਵਿਚ ਉਦਾਸੀਨ ਬ੍ਰਿਤੀ ਵਿਚ ਪਿੰਡੀ ਘੇਪ ਵਾਲੇ ਮਹਾਰਾਜ ਭਗਤ ਸਿੰਘ ਜੀ ਦੇ ਪਾਸ ਧੂੰਦਾ ਬੇਹ ਤੇ ਜਾ ਰਹੇ। ਕੁਝ ਦਿਨ ਸੇਵਾ ਕੀਤੀ। ਸਤਿਸੰਗ ਦਾ ਲਾਭ ਉਠਾਇਆ। ਦੋਹਾਂ ਸ੍ਰੀ ਗੁਰੂ ਗ੍ਰੰਥ ਸਾਹਿਬਾਂ ਦੇ ਪਾਠੀ ਹੋਏ। ਸੂਰਜ ਪ੍ਰਕਾਸ਼ ਆਦਿਕ ਕਈ ਇਤਿਹਾਸ ਪੜ੍ਹੇ। ਕਈ ਵਰ੍ਹੇ ਪਾਠ ਕਰਦਿਆਂ ਬਤੀਤ ਕੀਤੇ।

ਦਿਨ ਪਾ ਕੇ ਬੂੰਗੇ ਆਣ ਰਹੇ, ਮਹੰਤ ਰਾਮ ਸਿੰਘ ਜੀ ਦੇ ਸ਼ਿਸ਼ ਬਣੇ। ਸਰੀਰ ਪੁਰਸ਼ਾਰਥੀ ਸੀ ਅਜਿਹੀ ਤਨ ਲਾਕੇ ਸੇਵਾ ਕੀਤੀ ਜੁ ਸੰਮਤ ੧੯੭੮ ਜੇਠ ਦੀ ੫ ਨੂੰ ਬੂੰਗੇ ਦੇ ਮਹੰਤ ਅਸਥਾਪਨ ਹੋ ਗਏ, ਸ਼ਹਿਰ ਦੇ ਸਭਨਾਂ ਮਹੰਤਾਂ ਸੰਤਾਂ ਪ੍ਰਸੰਨਤਾ ਨਾਲ ਪੱਗਾਂ ਦਿਤੀਆਂ ਦੋ ਤਿੰਨ ਵਰ੍ਹੇ ਖੂਬ ਕੰਮ ਚਲਾਇਆ। ਫਿਰ ਅਕਾਲੀ ਤਹਿਰੀਕ ਦੇ ਸ਼ੁਰੂ ਵਿਚ ਕਈ ਸਾਧੂਆਂ ਨਾਲ ਗੁਰੂ ਦੇ ਬਾਗ ਦੇ ਮੋਰਚੇ ਵਿਚ ਗਏ। ੬ ਮਹੀਨੇ ਜੇਲ੍ਹ ਯਾਤਰਾ ਕਰ ਆਏ। ਜੇਲ੍ਹ ਯਾਤਰਾ ਤੋਂ ਬਾਅਦ ੧੩ ਸਾਲ ਲੋਕਲ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਦੇ ੧੮ ਸਾਲ ਮੈਂਬਰ ਰਹੇ। ਕਮੇਟੀ ਕਾਨੂੰਨ ਖਿਲਾਫ ਕਰਾਰ ਦੇਣ ਤੋਂ ਬਾਅਦ ਇਕ ਮੈਂਬਰ ਦੀ ਹੈਸੀਅਤ ਵਿਚ ਦੋ ਵਰ੍ਹੇ ਮੁਲਤਾਨ ਜੇਲ੍ਹ ਵਿਚ ਰਹੇ ਅਤੇ ੫੦੦) ਜੁਰਮਾਨਾ ਹੋਇਆ। ਡੇਰੇ ਵਿਚ ਆਪਣਾ ਮੁਹਤਬਿਰ ਟਿਕਾ ਕੇ ਇਕ ਸਾਲ ਨਿਰਮਲ ਅਖਾੜੇ ਕਨਖਲ ਦੇ ਕੁਠਾਰੀ ਜਾ ਰਹੇ ਜਿਥੇ ਮਿਰਯਾਦਾ ਅਨੁਸਾਰ ਚੰਗਾ ਕੰਮ ਚਲਾਇਆ। ਬਾਅਦ ਨਿਠ ਕੇ ਡੇਰੇ ਦੀ ਸੇਵਾ 'ਚ ਤਤਪਰ

ਰਹੇ, ਬਸ ਜਦ ਤੋਂ ਮਹੰਤ ਬਣੇ ਹਨ। ਮਕਾਨ ਦੀ ਬੜੀ ਤਰੱਕੀ ਕੀਤੀ। ਜਾਇਦਾਦ ਵਧਾਈ ਇਮਾਰਤਾਂ ਬਣਾਈਆਂ।

ਇਸ ਤੋਂ ਇਲਾਵਾ ਤਕਰੀਬਨ ੩੧ ਹਜ਼ਾਰ ਦੀ ਹੋਰ ਜਾਇਦਾਦ ਝੰਡਾ ਸਿੰਘ ਦੇ ਬਾਗ ਵਿਚ ੨੯-੯-੬੪ ਨੂੰ ਲਿਤੀ। ਇਸ ਵੇਲੇ ਬਹੁਤ ਡੇਰੇ ਹਨ ਜਿਨ੍ਹਾਂ ਨੂੰ ਅਕਾਲੀਆਂ ਵਲੋਂ ਨੁਕਸਾਨ ਪੁਜਾ ਪਰ ਆਪ ਨੇ ਆਪਣੇ ਰਸੂਖ ਤੇ ਪਿਆਰ ਨਾਲ ਉਨ੍ਹਾਂ ਪਾਸੋਂ ਬਹੁਤ ਲਾਭ ਉਠਾਇਆ। ਭਾਵੇਂ ਆਪ ਨੇ ਵੀ ਅਕਾਲੀਆਂ ਦਾ ਸਾਥ ਵਿਤੋਂ ਵਧ ਕੇ ਦਿਤਾ, ਹਰ ਇਕ ਕੰਮ ਵਿਚ ਮੋਢੇ ਨਾਲ ਮੋਢਾ ਡਾਹ ਕੇ ਤੋੜ ਚੜ੍ਹਾਇਆ। ਲੰਗਰ ਦੇ ਜਥੇਦਾਰ ਕਈ ਵਰ੍ਹੇ ਰਹੇ। ਅਖੰਡ ਪਾਠਾਂ ਦਾ ਪ੍ਰਬੰਧ ਆਪ ਹੀ ਨਿਭਾਉਂਦੇ ਰਹੇ। ਜਿਸ ਸੇਵਾ ਦੇ ਇਵਜ਼ ਵਿਚ ਕੁਝ ਸਾਲਾਨਾ ਰੁਪਏ ਮਿਲ ਰਹੇ ਹਨ। ਗੁਰੂ ਦੇ ਬਾਗ ਵਿਚ ਕਈ ਵਰ੍ਹੇ ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਰਹੇ।

ਆਪ ਦੀਆਂ ਇਨ੍ਹਾਂ ਸੇਵਾਵਾਂ ਨੂੰ ਸਾਹਮਣੇ ਰਖ ਕੇ ਸ਼ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਆਨਰੇਰੀ ਹੈਡ ਗੰਥੀ ਦੀ ਸੇਵਾ ਬਖਸ਼ੀ, ਜਿਸਨੂੰ ਪਰੇਮ ਨਾਲ ਕਈ ਵਰ੍ਹੇ ਆਪ ਨੇ ਤੋੜ ਨਿਬਾਹਿਆ, ਸਾਧ ਸੰਗਤ ਦੀ ਪ੍ਰਸੰਨਤਾ ਲਿਤੀ। ਆਪ ਚੰਗੇ ਮਿਲਣਸਾਰ ਤੇ ਰਾਜ ਨੀਤੀ ਵਿਚ ਅਤੀ ਨਿਪੁਣ ਹਨ। ਭਜਨ ਪਾਠ ਨਿਤ ਨੇਮ ਨਾਲ ਪਿਆਰ ਹੈ। ਸਵੇਰੇ ਪਾਠ ਕਰਨ ਵੇਲੇ ਦੋ ਤਿੰਨ ਘੰਟੇ ਮੋਨ ਬ੍ਰਤ ਰਖਦੇ ਹਨ। ਇਸੇ ਨਿਤ ਨੇਮ ਦਾ ਸਦਕਾ ਆਪ ਚੜ੍ਹਦੀਆਂ ਕਲਾਂ ਵਿਚ ਜਾ ਰਹੇ ਹਨ। ਸਾਰੇ ਭੇਖ ਵਿਚ ਮਾਨ ਤਾਨ ਹੈ। ੧੯੪੬-੪੭ ਸੰਨ ਵਿਚ

ਜਨਰਲ ਅਕੱਠ ਵਿਚ ਭੇਖ ਨੇ ਆਪ ਨੂੰ ਨਿਰਮਲ ਮਹਾਂ ਮੰਡਲ ਦਾ ਪ੍ਰੈਜ਼ੀਡੈਂਟ ਚੁਣਿਆ, ਜਿਥੇ ਦੋ ਤਿੰਨ ਵਰ੍ਹੇ ਰਹਿਕੇ ਕੰਮ ਨਿਭਾਇਆ। ਸੰਮਤ ੧੯੫੪ ਵਿਚ ਨਿਰਮਲ ਅਖਾੜੇ ਦੇ ਸਕੱਤ੍ਰ ਬਣ ਕੇ ਕੰਮ ਕਰਦੇ ਰਹੇ।

ਸ੍ਰੀ ਦਰਬਾਰ ਸਾਹਿਬ ਜੀ ਦੀ ਕਮੇਟੀ ਨੇ ਨਵੀਂ ਸਕੀਮ ਦੇ ਅਨੁਸਾਰ ੫੦ ਫੁਟ ਪ੍ਰਕਰਮਾ ਕਰਨ ਦਾ ਮੁਢ ਬੰਨ੍ਹਿਆ ਤਾਂ ਪੁਰਾਣੇ ਬੁੰਗਿਆਂ ਦੇ ਤਬਾਦਲੇ ਵਿਚ ਮਾਲਕਾਂ ਨੂੰ ਕੁਝ ਰੁਪਿਆ ਦੇਣਾ ਚਾਹਿਆ ਤਾਂ ਸਭ ਤੋਂ ਪਹਿਲਾਂ ਮਹੰਤ ਜੀ ਨੇ ਆਪਣੇ ਪਹਿਲੇ ਬੁੰਗੇ ਦੇ ਤਬਾਦਲੇ ਵਿਚ ਕੌਲਸਰ ਦੇ ਕਿਨਾਰੇ ਇਕ ਚੰਗੀ ਵਡੀ ਬਿਲਡਿੰਗ ਲਿਤੀ ਜੋ ਇਸ ਵੇਲੇ ਅਖਾੜਾ ਨਿਰਮਲ ਬੁੰਗੇ ਦੇ ਨਾਮ ਤੇ ਪ੍ਰਸਿਧ ਹੈ।

ਜਿਥੇ ਮਾਇਆ ਜਾਂ ਆਮਦਨ ਵਲੋਂ ਆਪ ਭਾਗ ਸ਼ੀਲ ਮੰਨੇ ਗਏ ਹਨ, ਉਥੇ ਆਪ ਉਦਾਰਪੁਣੇ ਵਿਚ ਭੀ ਪੂਰਨ ਹਨ। ਆਪ ਦੀ ਸਦਭਾਵਨਾ ਦੀ ਸ਼ਲਾਘਾ ਕਰਨੀ ਪੈਂਦੀ ਹੈ। ਪੁੰਨ, ਦਾਨ ਵਲ ਆਪ ਦਾ ਇਤਨਾ ਝੁਕਾਵ ਹੈ ਕਿ ਕਰੀਬਨ ੧੭੦੦੦) ਰੁਪਿਆ ਇਸੇ ਸਾਲ ਧਰਮ ਕਾਰਜਾਂ ਲਈ ਕਢਿਆ ਹੈ। ੫੭੨੫) ਰੁਪਏ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਨਾਮ ਬੈਂਕ ਵਿਚ ਜਮ੍ਹਾਂ ਕਰਾਇਆ। ਜਿਸ ਦੇ ਵਿਆਜ ਵਿਚੋਂ ਦਸ ਆਨੇ ਦਾ ਕੜਾਹ ਪ੍ਰਸ਼ਾਦ ਰੋਜ਼ਾਨਾ ਹੋਇਆ ਕਰੇਗਾ। ਇਕ ਮਕਾਨ ਮਹੰਤ ਮੂਲ ਸਿੰਘ ਕਾਲੋਨੀ ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਵਿਚ ਹੈ। ਜਿਸ ਦੀ ਕੀਮਤ ਕਰੀਬਨ ੯੦੦੦) ਰੁਪਏ ਹੈ, ਕਰਾਇਆਂ ੬੦) ਮਾਹਵਾਰ ਹੈ, ਇਸ ਦੇ ਵਿਚੋਂ

੨੦) ਰੁਪਏ ਦਾ ਕੜਾਹ ਪ੍ਰਸ਼ਾਦ ਮਾਹਵਾਰ ਜੋ ੧-੭-੬੨ ਤੋਂ ਸ਼ੁਰੂ ਹੈ। ਹਮੇਸ਼ਾ ਗੁਰਦਵਾਰਾ ਬਾਬਾ ਅਟੱਲ ਸਾਹਿਬ ਜੀ ਵਿਖੇ ਹੁੰਦਾ ਰਹੇਗਾ ਤੇ ੨੦) ਦਾ ਕੜਾਹ ਪ੍ਰਸ਼ਾਦ ਸ਼ਹੀਦ ਗੰਜ ਸ਼੍ਰੀ ਬਾਬਾ ਦੀਪ ਸਿੰਘ ਜੀ ਵਿਖੇ ਮਹੰਤ ਜੀ ਦੇ ਦੇਹਾਂਤ ਹੋਣ ਤੋਂ ਬਾਅਦ ਹੁੰਦਾ ਰਹੇਗਾ। ਇਸ ਤੋਂ ਬਿਨਾਂ ੧੦-੭-੬੨ ਨੂੰ ਇਕ ਦੁਕਾਨ ਜੋ ਗੁਰਦਵਾਰਾ ਬੜੇ ਸਾਹਿਬ ਹੈ, ਚੀਫ ਖਾਲਸਾ ਦੀਵਾਨ ਨੂੰ ਦਿਤੀ ਹੈ ਜਿਸਦਾ ਕਰਾਇਆ ੧੩) ਮਾਹਵਾਰ ਯਤੀਮ ਖਾਨੇ ਦੇ ਲੰਗਰ ਅਰਥ ਖਰਚ ਹੋਇਆ ਕਰਨਗੇ, ਇਹ ਪੂਰਵ ਉਕਤ ਜਿਤਨਾ ਦਾਨ ਕੀਤਾ ਹੈ। ਸਭ ਰਜਿਸਟਰੀ ਸ਼ੁਦਾ ਹੈ।

ਸਾਢੇ ਤਿੰਨ ਹਜ਼ਾਰ ਰੁਪਿਆ ਪੰਜਾਬ ਸਿੰਧ ਬੈਂਕ ਵਿਚ ਜਮਾ ਕਰਾਇਆ। ਜਿਸਦੇ ਸੂਦ ਨਾਲ ਕੜਾਹ ਪ੍ਰਸ਼ਾਦ ਗੁਰਦਵਾਰਾ ਸ੍ਰੀ ਰਾਮਸਰ ਵਿਖੇ ਰੋਜ਼ਾਨਾ ਹੋਇਆ ਕਰੇਗਾ ਜਦ ਸ੍ਰੀ ਹਰੀਮੰਦਰ ਸਾਹਿਬ ਆਪ ਆਨਰੇਰੀ ਹੈਡ ਗ੍ਰੰਥੀ ਦੀ ਸੇਵਾ ਕਰਦੇ ਸਨ ਤਾਂ ਓਦੋਂ ਕਮੇਟੀ ਵਾਲਿਆਂ ਤਿੰਨ ਸਿਰੋਪਾ ਸ੍ਰੀ ਸਾਹਿਬ ਜੀ ਦੇ ਦਿਤੇ। ਇਕ ਦੇ ਉਪਰ ਲਿਖਿਆ ਹੋਇਆ ਹੈ, ਦੇਗ ਤੇਗ ਫਤੇਹ ਨੁਸਰਤ ਬੇਦਰੰਗ, ਯਾਫਤ ਸ੍ਰੀ ਗੁਰੂ ਨਾਨਕ ਗੁਰੂ ਗੋਬਿੰਦ। ਅਗੇ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗ੍ਰੰਥੀ ਸ੍ਰੀ ਹਰੀ ਮੰਦਰ ਸਾਹਿਬ ਜੀ ਜੋਗ ਆਨਰੇਰੀ ਸੇਵਾ ਹਿਤ ਸਿਰੋਪਾਉ ਵਜੋਂ। ਇਹ ਕ੍ਰਿਪਾਨ ਇਸ ਵੇਲੇ ਇਨ੍ਹਾਂ ਦੇ ਪਾਸ ਹੈ। ਇਸੇ ਤਰ੍ਹਾਂ ਜੂਨ ੧੯੪੯ ਵਿਚ ਮਿਲੀ। ਜਿਹੜੀ ਆਪ ਨੇ ਸ੍ਰੀ ਹਜ਼ੂਰ ਸਾਹਿਬ ਜੀ ਜਾਕੇ ਭੇਟਾ ਕਰ ਦਿਤੀ।

ਇਕ ਕ੍ਰਿਪਾਨ ੧੯੫੩ ਵਿਚ ਮਿਲੀ। ਜਿਹੜੀ ਪੌਂਟੇ ਸਾਹਿਬ ਭੇਟ ਕਰ ਆਏ।

ਸੰਮਤ ੨੦੧੯ ਹਰੀਦੁਆਰ ਕੁੰਭ ਉਤੇ ਨਿਰਮਲ ਅਖਾੜੇ ਜ਼ਖੀਰੇ ਦੇ ਕੁਠਾਰੀ (ਖਜ਼ਾਨਚੀ) ਟਿਕੇ ਰਹੇ। ਇਸ ਮੌਕੇ ਇਕ ਵਡਾ ਪੱਕਾ ਭੰਡਾਰਾ ਵੀ ਕੀਤਾ। ਇਸ ਤੋਂ ਇਲਾਵਾ ਨਿਰਮਲ ਅਖਾੜੇ ਦੇ ਹਮੇਸ਼ਾ ਸੇਵਾ ਕਰਦੇ ਰਹਿੰਦੇ ਹਨ। ਡੇਰੇ ਵਿਚ ਆਇਆ ਗਿਆ ਸਾਧੂ ਬਣਿਆ ਰਹਿੰਦਾ ਹੈ। ਅੰਨ ਪਾਣੀ ਦੀ ਸੇਵਾ ਪਰੇਮ ਨਾਲ ਹੁੰਦੀ ਹੈ। ਦੀਪ ਮਾਲਾ ਦੇ ਮੌਕੇ ਖਾਸਾ ਸੰਤ ਸਮਾਗਮ ਹੋ ਜਾਂਦਾ ਹੈ। ਸਰੀਰ ਦੇ ਅਤੀ ਪੁਰਸ਼ਾਰਥੀ ਹਨ।

ਸ੍ਰੀ ਮਹਾਰਾਜ ਕੁਇਰ ਸਿੰਘ ਜੀ ਦੀ ਵਡੀ ਸੰਪ੍ਰਦਾਯ ਹੈ ਜਿਸ ਦੀਆਂ ਕਈ ਸ਼ਾਖਾਂ ਦੇ ਰੂਪ ਵਿਚ ਸੰਤ ਮਹੰਤ ਅਪਣੀ ਆਪਣੀ ਥਾਂ ਧਰਮ ਪ੍ਰਚਾਰ ਕਰਦੇ ਰਹੇ।

**ਡੇਰਾ ਸੁਖੋ** ਸੰਤ ਅਮਰ ਸਿੰਘ ਜੀ ਚੇਲੇ ਮਹਾਰਾਜ ਕੁਇਰ ਸਿੰਘ ਜੀ, ਸੰਤ ਸਵਾਇਆ ਸਿੰਘ ਜੀ, ਸੰਤ ਧਰਮ ਸਿੰਘ ਜੀ, ਸੰਤ ਹੁਕਮ ਸਿੰਘ ਜੀ, ਮਹੰਤ ਜਵਾਹਰ ਸਿੰਘ ਜੀ, ਸੰਤ ਜੀਵਨ ਸਿੰਘ ਜੀ। ਸੰਤ ਕਾਹਨ ਸਿੰਘ ਜੀ ਸ਼ਾਦੀ ਸ਼ੁਦਾ ਹਨ। ਪਾਕਸਤਾਨ ਬਨਣ ਤੋਂ ਬਾਅਦ ਇਧਰ ਆ ਗਏ ਹਨ।

**ਰਾਵਲ ਪਿੰਡੀ** ਸੰਤ ਨਰੈਣ ਸਿੰਘ ਜੀ, ਸੰਤ ਜਵਾਲਾ ਸਿੰਘ ਜੀ, ਮਹੰਤ ਹੁਕਮ ਸਿੰਘ ਜੀ।

**ਡੇਰਾ ਜੇਠੂ ਵਾਲ** ਸੰਤ ਅਜੀਤ ਸਿੰਘ ਜੀ, ਸੰਤ ਬਾਘ

ਸਿੰਘ ਜੀ, ਸੰਤ ਜੋਧ ਸਿੰਘ ਜੀ, ਸੰਤ ਸ਼ਮੀਰ ਸਿੰਘ ਜੀ, ਮਹੰਤ ਹੁਕਮ ਸਿੰਘ ਜੀ, ਮਹੰਤ ਨਰੈਣ ਸਿੰਘ ਜੀ, ਮਹੰਤ ਮੋਹਰ ਸਿੰਘ ਜੀ, ਮਹੰਤ ਬੂਟਾ ਸਿੰਘ ਜੀ।

**ਡੇਰਾ ਰਾਜੋਕੇ** ਸੰਤ ਲਹਿਣਾ ਸਿੰਘ ਜੀ, ਗਿਆਨੀ ਬਚਨ ਸਿੰਘ ਜੀ ਗਿਆਨੀ ਚੇਤਨ ਸਿੰਘ ਜੀ ਚੰਗੇ ਦਰਸ਼ਨੀ ਸਰੀਰ ਸਨ।

**ਡੇਰਾ ਲੰਮੇ ਜਾਗੀਰ** ਮਹਾਰਾਜ ਸੁਖਾ ਸਿੰਘ ਜੀ, ਬਾਬਾ ਅਮਰੀਕ ਸਿੰਘ ਜੀ, ਬਾਬਾ ਮੋਹਰ ਸਿੰਘ ਜੀ, ਮਹਾਰਾਜ ਉਤਮ ਸਿੰਘ ਜੀ, ਮਹੰਤ ਕਰਮ ਸਿੰਘ ਜੀ, ਬਾਬਾ ਨਿਹਾਲ ਸਿੰਘ ਜੀ ਸ੍ਰੀ ਪੰਡਿਤ ਗੁਰਮੁਖ ਸਿੰਘ ਜੀ, ਆਪ ਨਿਰਮਲ ਭੇਖ ਵਿਚ ਚੰਗੇ ਪ੍ਰਸਿਧ ਹੋਏ। ਇਹਨਾਂ ਕਸ਼ਮੀਰ ਤਕ ਗੁਰੂ ਪ੍ਰਚਾਰ ਕੀਤਾ ਲੰਮੇ ਜਾਗੀਰ ਵਿਚ ਬੜਾ ਭਾਰੀ ਡੇਰਾ ਅਸਥਾਪਨ ਕੀਤਾ ਲੰਗਰ ਚਲਾਇਆ।

ਮਹੰਤ ਭਗਵਾਨ ਸਿੰਘ ਜੀ, ਮਹੰਤ ਬਿਸ਼ਨ ਸਿੰਘ ਜੀ, ਮਹੰਤ ਸੰਤ ਸਿੰਘ ਜੀ ਇਨ੍ਹਾਂ ਦੇ ਚੇਲੇ ਸੰਤ ਲਛਮਨ ਸਿੰਘ ਜੀ, ਸੰਤ ਅਮਰ ਸਿੰਘ ਜੀ, ਪੰਡਿਤ ਸੇਵਾ ਸਿੰਘ ਜੀ, ਮਹੰਤ ਸੰਪੂਰਨ ਸਿੰਘ ਜੀ ਵਰਤਮਾਨ ਮਹੰਤ ਸਨ ਪਰ ਸਭ ਕੁਝ ਹਾਰ ਕੇ ਬੈਠ ਗਏ ਹਨ। ਆਪ ਦੇ ਚੇਲੇ ਪੰਡਿਤ ਬਸੰਤ ਸਿੰਘ ਜੀ ਵੈਦਰਾਜ ਕਾਂਸ਼ੀ ਬ੍ਰਹਮ ਕੁਟੀਆ ਵਿਚ ਰਹਿੰਦੇ ਹਨ। ਛੇਤ੍ਰ ਦਾ ਕੰਮ ਚੰਗਾ ਚਲਾ ਰਹੇ ਹਨ। ਮਹੰਤ ਟਹਿਲ ਸਿੰਘ ਜੀ ਨਿਰਮਲ ਭੇਖ ਵਿਚ ਵਡੇ ਪ੍ਰਸਿਧ ਮਹੰਤ ਹੋਏ ਹਨ, ਅੰਮ੍ਰਿਤਸਰ

ਜੀ ਗੁਜ਼ਰ ਗਏ ਹਨ। ਸੰਤ ਮੁਕੰਦ ਸਿੰਘ ਜੀ ਲਾਟ ਮਹੰਤ ਨੰਦ ਸਿੰਘ ਜੀ, ਸੰਤ ਪ੍ਰਮਾਤਮਾ ਸਿੰਘ ਜੀ ਕਵੀ ਰਾਮ ਸਿੰਘ ਜੀ ਜੜ੍ਹਾਂ ਵਾਲਾ ਏਹ ਸਭ ਗੁਰਭਾਈ ਹਨ।

**ਡੇਰਾ ਧਾਰੀਵਾਲ** ਸੰਤ ਭਗਤ ਸਿੰਘ ਜੀ, ਸੰਤ ਕਰਮ ਸਿੰਘ ਜੀ।

**ਡੇਰਾ ਬੁਚੋ ਕੇ** ਮਹਾਰਾਜ ਮਿਸ਼ਰਾ ਸਿੰਘ ਜੀ (ਮੋਤੀ ਰਾਮ) ਆਪ ਨੇ ਇਹ ਡੇਰਾ ਆਬਾਦ ਕੀਤਾ ਅਭਿਆਸੀ ਸਨ। ਪਾਕਸਤਾਨ ਵਿਚ ਡੇਰਾ ਆ ਗਿਆ ਹੈ। ਮਹੰਤ ਆਤਮਾ ਸਿੰਘ ਮਹੰਤ ਨਿਹਾਲ ਸਿੰਘ ਜੀ, ਮਹੰਤ ਦੇਵਾ ਸਿੰਘ, ਮਹੰਤ ਗੁਰਦਿਤ ਸਿੰਘ ਜੀ।

**ਡੇਰਾ ਘੁਮਨ ਕੇ** ਸੰਤ ਕਰਤਾਰ ਸਿੰਘ ਜੀ, ਮਹੰਤ ਪ੍ਰੀਤਮ ਸਿੰਘ ਜੀ ਏਕੜ ਦੇ ਮਹੰਤ ਰਹਿ ਚੁਕੇ ਹਨ। ਮਹੰਤ ਹਰਨਾਮ ਸਿੰਘ ਜੀ।

**ਡੇਰਾ ਜੰਦ੍ਰਾਕੇ** ਸੰਤ ਬੁਧ ਸਿੰਘ ਜੀ, ਮਹੰਤ ਮਈਆ ਸਿੰਘ ਜੀ, ਮਹੰਤ ਟਹਿਲ ਸਿੰਘ ਜੀ।

**ਡੇਰਾ ਜੰਬਰ** ਮਹੰਤ ਲਾਲ ਸਿੰਘ ਜੀ, ਪੰ: ਗੁਲਾਬ ਸਿੰਘ ਜੀ ਮ: ਈਸ਼ਰ ਸਿੰਘ ਜੀ।

**ਅਟਾਰੀ ਡੰਡਿਆ ਵਾਲੀ** ਮ: ਚੇਤ ਸਿੰਘ ਜੀ ਮਹੰਤ ਬੂਟਾ ਸਿੰਘ, ਮਹੰਤ ਹੀਰਾ ਸਿੰਘ।

**ਡੇਰਾ ਟਿਬਾ ਨਨਕਾਣਾ ਸਾ:** ਸੰਤ ਸਤਨਾਮ ਸਿੰਘ ਜੀ

**ਡੇਰਾ ਮਾਣੂਕੇ ਗਿਲ** ਗਿਆਨੀ ਰਾਮ ਸਿੰਘ ਜੀ, ਮਹੰਤ ਭਗਵਾਨ ਸਿੰਘ ਜੀ ਲਿਖਾਰੀ, ਸੰਤ ਚੇਤ ਸਿੰਘ ਜੀ, ਸੰਤ ਵੀਰ ਸਿੰਘ ਜੀ, ਗਿ: ਸੋਭਾ ਸਿੰਘ ਜੀ, ਗਿ: ਸੁਚਾ ਸਿੰਘ ਜੀ।

**ਡੇਰਾ ਘੋਲੀਆ ਖੁਰਦ** ਮਹਾਰਾਜ ਸੰਤ ਗੁਲਾਬ ਸਿੰਘ ਜੀ ਆਪ ਪੰਥ ਵਿਚ ਪ੍ਰਸਿੱਧ ਮਹਾਤਮਾ ਹੋ ਚੁਕੇ ਹਨ। ਚੰਗੀ ਰਹਿਣੀ ਬਹਿਣੀ ਵਿਚ ਸਮਾਂ ਗੁਜ਼ਾਰਿਆ, ਪੂਰਨ ਵੈਦ ਰਾਜ ਸਨ। ਸੰਮਤ ੧੯੯੪ ਵਿਚ ਮੋਗੇ ਅਸਥਾਨ ਕਾਇਮ ਕੀਤਾ। ਮਹੰਤ ਗੁਰਬਖਸ਼ ਸਿੰਘ ਜੀ।

**ਡੇਰਾ ਵਡਾ ਘੋਲੀਆ** ਮਹੰਤ ਇੰਦਰ ਸਿੰਘ ਜੀ।

**ਡੇਰਾ ਮਾਣੂਕੇ** ਮਹੰਤ ਇੰਦਰ ਸਿੰਘ ਜੀ।

**ਡੇਰਾ ਫੂਲੇ ਵਾਲ** ਮਹੰਤ ਬਚਨ ਸਿੰਘ ਜੀ।

**ਡੇਰਾ ਦੂਨੇ ਕੇ** ਗਿ: ਗੁਰਦਿਤ ਸਿੰਘ ਜੀ ਗਿ: ਜਸਵੰਤ ਸਿੰਘ ਜੀ।

**ਦਿਆਲ ਗੜ੍ਹ** ਸੰਤ ਅਨੂਪ ਸਿੰਘ ਜੀ।

**ਡੇਰਾ ਭਟੀ ਵਾਲ** ਗਿ: ਗੁਜਰ ਸਿੰਘ ਜੀ।

**ਡੇਰਾ ਤ੍ਰਖਾਣ ਵਧ** ਮ: ਸੰਪੂਰਨ ਸਿੰਘ ਜੀ।

**ਡੇਰਾ ਲਕੜ ਵਾਲ** ਮਹੰਤ ਠਾਕਰ ਸਿੰਘ ਜੀ।

**ਡੇਰਾ ਖੇਮ ਕਰਨ** ਸੰਤ ਤ੍ਰਲੋਚਨ ਸਿੰਘ ਜੀ ਇਤਆਦਕ ਕਈ ਡੇਰੇ ਇਸ ਸੰਪ੍ਰਦਾਯ ਵਿਚ ਹੋਏ।

ਸੰਪ੍ਰਦਾਯ

# ਸ੍ਰੀ ਬਾਬਾ ਕੂਮਾ ਸਿੰਘ ਜੀ

ਇਸ ਸੰਪ੍ਰਦਾਯ ਦੇ ਮੁਖੀ ਭਾਈ ਬੁਲਾਕਾ ਸਿੰਘ ਜੀ ਹੋਏ ਹਨ! ਜਿਨ੍ਹਾਂ ੩੦-੪੦ ਵਰ੍ਹੇ ਸ੍ਰੀ ਦਸਮੇਸ਼ ਗੁਰੂ ਜੀ ਦੇ ਦਰਬਾਰ ਦੀ ਸੇਵਾ ਕੀਤੀ। ਜਦ ਗੁਰੂ ਜੀ ਸੰਮਤ ੧੯੬੨ ਵਿਚ ਨਾਂਦੇੜ ਵਲ ਗਏ ਤਾਂ ਆਪ ਨੂੰ ਲਾਹੌਰ ਜਾਣ ਲਈ ਕਹਿ ਗਏ ਕਿ ਜਾਓ ਹੁਣ ਆਪਣੇ ਪ੍ਰਵਾਰ ਦੀ ਸੇਵਾ ਕਰੋ। ਦਰਬਾਰ ਦੀ ਸੇਵਾ ਤੁਸਾਡੀ ਪ੍ਰਵਾਨ ਹੋ ਗਈ ਹੈ। ਆਪ ਲਾਹੌਰ ਗਏ ਤਾਂ ਕੁਝ ਦਿਨਾਂ ਦੇ ਬਾਅਦ ਇਕ ਸਿਖ ਨੇ ਆਪਣੀ ਲੜਕੀ ਦੀ ਕੁੜਮਾਈ ਉਨ੍ਹਾਂ ਦੇ ਨਾਲ ਕਰ ਦਿਤੀ।

ਭਾਈ ਬੁਲਾਕਾ ਸਿੰਘ ਜੀ ਨੇ ਆਪਣੀ ਉਮਰ ਵਡੇਰੀ ਸਮਝ ਕੇ ਕੁਝ ਸੰਕੋਚ ਕੀਤਾ ਪਰ ਸਿਖ ਨੇ ਸਾਫ ਅਖਰਾਂ ਵਿਚ ਕਹਿ ਦਿਤਾ ਕਿ ਭਾਈ ਸਾਹਿਬ ਜੀ ਰਾਤੀ ਸੁਪਨੇ ਵਿਚ ਗੁਰੂ ਸਾਹਿਬ ਨੇ ਪ੍ਰੇਰਨਾ ਕੀਤੀ ਹੈ, ਇਸ ਲਈ ਇਹ ਸਾਕ ਆਪ ਨੂੰ ਪ੍ਰਵਾਨ ਹੀ ਕਰਨਾ ਪਏਗਾ। ਝਟ ਲੰਘਦਾ ੨ ਲੰਘ ਗਿਆ, ਭਾਈ ਸਾਹਿਬ ਜੀ ਦੀ ਸ਼ਾਦੀ ਹੋ ਗਈ।

ਸਮੇਂ ਬਾਅਦ ਆਪ ਦੇ ਤਿੰਨ ਲੜਕੇ ਹੋਏ ਜਿਨ੍ਹਾਂ ਵਿਚੋਂ ਛੋਟੇ ਲੜਕੇ ਭਾਈ ਵਸਤੀ ਰਾਮ ਜੀ ਹੋਏ, ਵਡੇ ਹੋਏ, ਇਨ੍ਹਾਂ ਦੀ ਜ਼ਿੰਦਗੀ ਬੜੀ ਪਵਿਤ੍ਰ ਮੰਨੀ ਗਈ। ਫਕੀਰਾਨਾ ਲਿਬਾਸ ਰਖਿਆ।

ਮਹਾਰਾਜਾ ਰਣਜੀਤ ਸਿੰਘ ਜੀ ਵਰਗੇ ਵਡੇ ਵਡੇ ਆਦਮੀ ਆਪ ਦੇ ਹੁਕਮ ਪੁਰ ਚਲਦੇ ਰਹੇ।

ਆਪ ਦੀ ਸੰਪ੍ਰਦਾਯ ਨਾਦੀ ਤੇ ਬਿੰਦੀ ਪ੍ਰਚਲਤ ਹੋਈ। ੯੦ ਸਾਲ ਦੀ ਉਮਰ ਵਿਚ ਲਾਹੌਰ ਸੰਨ ੧੯੦੩ ਵਿਚ ਸਮਾਏ।

ਆਪ ਦੇ ਸੇਵਕ ਬਾਬਾ ਸੇਵਾ ਸਿੰਘ ਜੀ ਹੋਏ। ਅਗੇ ਆਪ ਦੇ ਸੇਵਕ ਬਾਬਾ ਕ੍ਰਮਾ ਸਿੰਘ ਜੀ ਹੋਏ ਜਿਨ੍ਹਾਂ ਰਾਜ ਦਰਬਾਰਾਂ ਵਿਚ ਭੀ ਬੜਾ ਨਾਮਨਾ ਅਤੇ ਜਾਇਦਾਦ ਵਧਾਈ। ਗੁਰਦਵਾਰਿਆਂ ਦਾ ਇੰਤਜ਼ਾਮ ਹਥ ਵਿਚ ਲੈ ਕੇ ਸੁਧਾਰ ਕੀਤਾ। ਅਗੇ ਇਨ੍ਹਾਂ ਦੇ ਸ਼ਿਸ਼ ਬਾਬਾ ਕਿਰਪਾ ਸਿੰਘ ਜੀ ਹੋਏ ਜਿਨ੍ਹਾਂ ਗੁਰਦਵਾਰਾ ਸਤਲਾਣੀ ਸਾਹਿਬ ਆਦਕਾਂ ਵਿਚ ਨਿਵਾਸ ਕਰਕੇ ਯੋਗਜ ਮ੍ਰਿਯਾਦਾ ਅਸਥਾਪਨ ਕੀਤੀਆਂ। ਬੜੇ ਦਰਸ਼ਨੀ ਸਰੀਰ ਸਨ।

ਆਪਦੇ ਚੇਲੇ ਬਾਬਾ ਸਾਹਿਬ ਸਿੰਘ ਜੀ ਜਿਨ੍ਹਾਂ ਦੇ ਹਥ ਆਪ ਨੇ ਸਾਰਾ ਪ੍ਰਬੰਧ ਦਿਤਾ ਹੋਇਆ ਸੀ।

ਆਪ ਨੇ ਪਿਛੋਂ ਪੁਰਾਣੀ ਰਹੁ ਰੀਤੀ ਅਨੁਸਾਰ ਗੁਰ-ਦਵਾਰਿਆਂ ਦਾ ਪ੍ਰਬੰਧ ਚੰਗੀ ਤਰ੍ਹਾਂ ਕਰਦੇ ਰਹੇ ਬਹੁਤਾ ਚਿਰ ਬਾਗ ਵਾਲੀ ਗਲੀ ਸ੍ਰੀ ਅੰਮ੍ਰਿਤਸਰ ਜੀ ਟਿਕੇ ਰਹੇ। ਸਾਧ ਸੰਗਤ ਨਾਲ ਮੇਲ ਜੋਲ ਰਖਿਆ। ਨਿਰਮਲ ਭੇਖ ਦੇ ਸ਼ੁਭਚਿੰਤਕ ਰਹੇ, ਆਪ ਦੇ ਸ਼ਿਸ਼ ਮਹੰਤ ਅਮਰ ਸਿੰਘ ਜੀ ਹਨ।

ਮਹੰਤ ਅਮਰ ਸਿੰਘ ਜੀ ਸ਼ਾਦੀ ਸ਼ੁਦਾ ਹਨ। ਚੰਗੇ ਖਾਸੇ ਤਜਰਬੇ ਕਾਰ ਹਕੀਮ ਹਨ। ਸੋਹਣਾ ਕੰਮ ਚਲਿਆ ਹੋਇਆ ਹੈ। ਬਾਬਾ ਅਟਲ ਸਾਹਿਬ ਜੀ ਦੇ ਬਾਜ਼ਾਰ ਵਿਚ ਦ੍ਵਾਈ ਖਾਨਾ ਹੈ। ਮਰੀਜ਼ਾਂ ਨਾਲ ਮਿਠਾ ਵਰਤਾਵ ਰਖਦੇ ਹਨ।

ਸੰਮਤ ੧੯੪੯ ਵਿਚ ਭੇਖ ਨੇ ਆਪ ਨੂੰ ਪੱਗ ਦਿਤੀ। ਆਪ ਦੇ ਸਪੁਤਰ ਧੰਨਵੰਤ ਸਿੰਘ ਜੀ ਹਨ। ਜਿਨ੍ਹਾਂ ਨੂੰ ਉਤ੍ਰਾਧਿਕਾਰੀ ਨਿਯਤ ਕੀਤਾ ਹੋਇਆ ਹੈ। ਨਿਰਮਲ ਭੇਖ ਦੀ ਮ੍ਰਿਆਦਾ ਵਿਚ ਰਹਿੰਦੇ ਹੋਏ ਸਮਾਂ ਬਿਤੀਤ ਕਰ ਰਹੇ ਹਨ। ੭੦ ਸਾਲ ਦੀ ਉਮਰ ਵਿਚ ਹਨ।

ਬਾਬਾ ਕਿਰਪਾ ਸਿੰਘ ਜੀ ਦੇ ਚੇਲੇ ਮਹੰਤ ਗੁਰਮੁਖ ਸਿੰਘ ਜੀ ਤੇ ਸੰਤ ਈਸ਼ਰ ਸਿੰਘ ਜੀ ਹਨ।

## ਮਹੰਤ ਗੁਰਮੁਖ ਸਿੰਘ ਜੀ

ਆਪ ਅਜ ਕਲ ਰਮਤ ਅਖਾੜੇ ਦੇ ਮੁਖੀਏ ਮਹੰਤ ਹਨ। ਜਨਮ ਸ਼ੰਕਰ ਪਿੰਡ ਜ਼ਿਲਾ ਜਲੰਧਰ ਦਾ ਹੈ। ੪੨ ਸਾਲ ਦੇ ਆਪ ਨਿਰਮਲ ਅਖਾੜੇ ਦੀ ਸੇਵਾ ਕਰ ਰਹੇ ਹਨ। ਤਨਦੇਹੀ ਨਾਲ ਰਮਤ ਦਾ ਕੰਮ ਚਲਾ ਰਹੇ ਹਨ। ਮੇਲ ਮਿਲਾਪ ਵਾਲਾ ਸੁਭਾਅ ਹੈ। ਆਪ ਦੇ ਚੇਲੇ ਸੰਤ ਸਰਵਨ ਸਿੰਘ ਜੀ ਹਨ ਪਾਸ ਰਹਿੰਦੇ ਸੇਵਾ ਕਰ ਰਹੇ ਹਨ।

## ਸੰਤ ਈਸ਼ਰ ਸਿੰਘ ਜੀ

ਚੇਲੇ ਬਾਬਾ ਕਿਰਪਾ ਸਿੰਘ ਜੀ। ਜਨਮ ਪਿੰਡ ਜੰਡਿਆਲਾ ਦਾ ਹੈ। ਅੰਮ੍ਰਿਤਸਰ ਰਹਿੰਦੇ ਹਨ। ਆਜ਼ਾਦ ਤਬੀਅਤ ਦੇ ਮਾਲਕ ਹਨ, ਹਜ਼ੂਰ ਸਾਹਿਬ ਗੁਰਦਵਾਰਿਆਂ ਦੀ ਯਾਤਰਾ ਦੇ ਪਰੇਮੀ ਹਨ। ਫਿਰਦੇ ਤੁਰਦੇ ਸ਼ਰਦਜਾਈ ਦਾ ਲੰਗਰ ਵਰਤਾਂਦੇ ਰਹਿੰਦੇ ਹਨ। ਭੇਖ ਨਾਲ ਪਿਆਰ ਹੈ। ਖੜਕੇ ਦੜਕੇ ਵਾਲੇ ਸਰੀਰ ਹਨ।



ਮਹੰਤ ਗੁਰਮੁਖ ਸਿੰਘ ਜੀ
ਮੁਖੀਏ ਰਮਤ ਨਿਰਮਲ ਅਖਾੜਾ

# ਡੇਰਾ ਵਧਾਈ ਚੀਮਾ
# ਮਹਾਰਾਜ ਸੰਤ ਵਸਤੀ ਰਾਮ ਜੀ
# ਜਿਨ੍ਹਾਂ ਦੀ ਸੰਪ੍ਰਦਾ ਨਾਦੀ ਤੇ ਬਿੰਦੀ ਚਲੀ

ਆਪ ਸਿਖ ਰਾਜ ਵੇਲੇ ਚੰਗੇ ਪ੍ਰਤਾਪ ਵਾਲੇ ਹੋਏ ਹਨ। ਆਪ ਦੇ ਚੇਲੇ ਸੰਤ ਸਾਉਣ ਸਿੰਘ ਜੀ, ਬਾਬਾ ਕ੍ਰਮਾ ਸਿੰਘ ਜੀ, ਸੰਤ ਸੋਭਾ ਸਿੰਘ ਜੀ ਆਦਿ ਕਈ ਹੋਏ ਹਨ। ਬਾਬਾ ਕ੍ਰਮਾ ਸਿੰਘ ਜੀ ਸਤਲ ਨੀ, ਸਾਹਿਬਸੰਤ ਸਾਉਣਸਿੰਘ ਜੀ ਲਾਹੌਰ ਰਹੇ ਹਨ ਆਪ ਦੇ ਚੇਲੇ ਸੰਤ ਮੰਗਲ ਸਿੰਘ ਜੀ ਸਨ।

**ਮਹੰਤ ਮੰਗਲ ਸਿੰਘ ਜੀ** ਚੇਲੇ ਸੰਤ ਸਾਉਣ ਸਿੰਘ ਜੀ ਆਪਦਾ ਜਨਮ ਇਲਾਕਾ ਸਿਆਲਕੋਟ ਦਾ ਸੀ। ਇਹ ਡੇਰਾ ਆਪ ਨੇ ਹੀ ਬੰਨ੍ਹਿਆ ਹੈ। ਆਪ ਨੇ ਬਹੁਤ ਚਿਰ ਵਧਾਈ ਚੀਮੇ ਵਿਚ ਤਪ ਕੀਤਾ। ਆਪ ਦੀ ਯਾਦ ਵਿਚ ਹੁਣ ਵੀ ਸਾਲ ਦੇ ਸਾਲ ਮੇਲਾ ਲਗਦਾ ਹੈ। ਆਪ ਚੰਗੇ ਮਹਾਂ ਪੁਰਸ਼ ਹੋਏ ਹਨ ਆਪ ਦੇ ਚੇਲੇ ਸੰਤ ਕਾਹਨ ਸਿੰਘ ਜੀ ਹੋਏ ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ਸਰੀਰ ਤਿਆਗ ਗਏ।

**ਮਹੰਤ ਕਾਹਨ ਸਿੰਘ ਜੀ** ਆਪ ਦਾ ਜਨਮ ਪਿੰਡ ਜੋਧੇ ਵਲ ਵਜ਼ੀਰ ਦੇ ਪਤਨ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਚੰਗੇ ਗਿਆਨੀ ਸਨ। ਡੇਰਾ ਠਾਕਰਾਂ ਅੰਮ੍ਰਤਸਰ ਵਿਚ ਰਹਿਕੇ ਪੜ੍ਹਦੇ ਤੇ ਕਥਾ ਕਰਦੇ ਰਹੇ ਹਨ। ਮਗਰੋਂ ਮਲ੍ਹ ਨੰਗਲ ਵੀ ਕਰਦੇ ਰਹੇ। ਆਪ ਦੇ ਚੇਲੇ ਸੰਤ ਸੇਵਾ ਸਿੰਘ ਜੀ,

ਸੰਤ ਸੋਭਾ ਸਿੰਘ ਜੀ, ਸੰਤ ਲਾਲ ਸਿੰਘ ਜੀ, ਸੰਤ ਸੋਹਨ ਸਿੰਘ ਜੀ ਆਦਿ ਕਈ ਹੋਏ ਹਨ ਜਿਨ੍ਹਾਂ ਵਿਚੋਂ ਸੰਤ ਸੋਭਾ ਸਿੰਘ ਜੀ ਨੂੰ ਮਹੰਤੀ ਦੇ ਕੇ ਆਪ ਸਮਾ ਗਏ।

**ਮਹੰਤ ਸੋਭਾ ਸਿੰਘ ਜੀ** ਆਪ ਦਾ ਜਨਮ ਜੋਧੇ ਬਲ ਦੇ ਇਲਾਕੇ ਵਿਚ ਹੋਇਆ ਆਪ ਸੰਤ ਲਾਲ ਸਿੰਘ ਜੀ ਸੰਤ ਕਾਹਨ ਸਿੰਘ ਜੀ ਦੇ ਸਕੇ ਭਤੀਜੇ ਤੇ ਚੇਲੇ ਸਨ। ਸੰਤ ਸੋਭਾ ਸਿੰਘ ਜੀ ਦੇ ਗੁਜਰਨ ਪੁਰ ਸੰਤ ਲਾਲ ਸਿੰਘ ਜੀ ਗੁਰਭਾਈ ਮਹੰਤ ਹੋਏ।

**ਮਹੰਤ ਲਾਲ ਸਿੰਘ ਜੀ** ਆਪ ਵੀ ਚੰਗੇ ਧਰਮਾਤਮਾ ਸਾਧੂ ਸਨ ਆਪ ਦੇ ਚੇਲੇ ਸੰਤ ਸੁਦਾਗਰ ਸਿੰਘ ਜੀ ਹੋਏ ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ਸੁਰਗਵਾਸ ਹੋ ਗਏ।

**ਮਹੰਤ ਸੁਦਾਗਰ ਸਿੰਘ ਜੀ** ਆਪ ਦਾ ਜਨਮ ਪਿੰਡ ਸੁਧਰ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ, ਆਪ ਅਜਕਲ ਮਹੰਤ ਹਨ, ਡੇਰਾ ਪੱਕਾ ਹੈ, ਸੰਤ ਮੰਗਲ ਸਿੰਘ ਜੀ ਆਦਿ ਸਾਰਿਆਂ ਮਹੰਤਾਂ ਦੀਆਂ ਸਮਾਧਾਂ ਮੌਜੂਦ ਹਨ। ੧੦ ਵਿਘੇ ਜ਼ਮੀਨ ਹੈ ਪਹਿਲਾਂ ਜਗੀਰ ਭੀ ਸੀ। ਕਹਿੰਦੇ ਹਨ ਸੰਤਾਂ ਦੇ ਪ੍ਰਤਾਪ ਨਾਲ ਦਰਿਆ ਦੀ ਢਾਹ ਹਟਾਈ ਗਈ ਹੈ। ਇਸਦਾ ਮੁਕਦਮਾ ੫ ਦਫਾ ਵਿਚ ਅਕਾਲੀਆਂ ਵਲੋਂ ਚਲਿਆ ਸੀ ਪਰ ਮਹੰਤ ਜੀ ਜਿਤ ਗਏ ਹਨ, ਮਹੰਤ ਭਗਵਾ ਪੋਸ਼ ਸਾਧੂ ਹਨ। ੧੦ ਵਿਘੇ ਬਾਗ ਹੈ ਸਮਾਧ ਵਿਚ ਹੈ।

## ਧਰਮ ਸਾਲ ਗਗੋ ਬੂਹਾ

**ਸੰਤ ਸੋਹਨ ਸਿੰਘ ਜੀ** ਚੇਲੇ ਸੰਤ ਕਾਹਨ ਸਿੰਘ ਜੀ ਚੀਮੇ ਸਿਆਲ ਕੋਟ ਵਾਲਿਆਂ ਦਾ ਜਨਮ ਜ਼ਿ: ਅੰਮ੍ਰਿਤਸਰ ਦਾ ਹੈ, ਆਪ ੧੯ ਸਾਲਾਂ ਤੋਂ ਗਗੋ ਬੂਹਾ ਜ਼ਿਲਾ ਅੰ-ਮ੍ਰਿਤਸਰ ਵਿਖੇ ਧਰਮ ਸ਼ਾਲ ਬਨਾਕੇ ਰਹਿੰਦੇ ਹਨ। ਇਹ ਜਗ੍ਹਾ ਸੰਮਤ ੧੯੭੬ ਵਿਚ ਆਪ ਨੇ ਖਰੀਦੀ ਤੇ ਉਦੋਂ ਹੀ ਮਕਾਨ ਤਿਆਰ ਹੋਇਆ। ਆਪ ਚੰਗੇ ਮਹਾਂ ਪੁਰਸ਼ ਸਾਧੂ ਹਨ।

## ਪਤੀ ਗੋਪੀ ਬਡਾਲਾ ਹੁੰਦਲਾ

## ਮਹੰਤ ਖੁਸ਼ਾਲ ਸਿੰਘ ਜੀ

ਚੇਲੇ ਮਹੰਤ ਗੁਲਾਬ ਸਿੰਘ ਜੀ ਆਪ ਦਾ ਜਨਮ ਸੰਮਤ ੧੯੨੨ ਨੂੰ ਬੁਡਾਲਾ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਸ਼ਾਦੀ ਸ਼ੁਦਾ ਸਾਧੂ ਹਨ। ਕਹਿੰਦੇ ਹਨ ਇਹ ਡੇਰਾ ਸਿਖ ਰਾਜ ਵੇਲੇ ਦਾ ਹੈ। ਪਰ ਅਕਾਲੀ ਲਹਿਰ ਵੇਲੇ ਆਪ ਨਾਲ ਮੁਕਦਮਾ ਕਰ ਕੇ ਪਿੰਡ ਦੀ ਕਮੇਟੀ ਨੇ ਖੋਹਲਿਆ ਹੈ। ਮਕਾਨ ਸੁੰਦਰ ਪੱਕਾ ਬਨਿਆ ਹੋਇਆ ਹੈ, ਵਿਚ ਮਿਲਾਂ ਲਗੀਆਂ ਹੋਈਆਂ ਹਨ। ਮਹੰਤ ਚੰਗੇ ਮਿਲਨਸਾਰ ਹਨ।

# ਡੇਰਾ ਧੁਲੇਤਾ

(ਜ਼ਿਲਾ ਜਾਲੰਧਰ)

## ਸ੍ਰੀ ਬਾਬਾ ਸੇਵਾ ਸਿੰਘ ਜੀ

ਚੇਲੇ ਭਾਈ ਸਾਹਿਬ ਭਾਈ ਵਸਤੀ ਰਾਮ ਜੀ (ਲਾਹੌਰ) ਆਪ ਦਾ ਜਨਮ ਪਿੰਡ ਸਮਰਾਇ ਜ਼ਿਲਾ ਜਾਲੰਧਰ ਦਾ ਸੀ। ਆਪ ਦੀ ਲਗਨ ਛੋਟੀ ਉਮਰ ਤੋਂ ਹੀ ਸਤਿ ਸੰਗ ਨਾਲ ਲਗੀ ਹੋਈ ਸੀ। ਜਦ ਕਦੇ ਸੰਤਾਂਦੇ ਦਰਸ਼ਨ ਹੋਣੇ ਬੜੀ ਨਿਮ੍ਰਤਾ ਨਾਲ ਸਿਰ ਝੁਕਾ ਦੇਂਦੇ। ਵਡੇ ਹੋਏ ਤਾਂ ਸ੍ਰੀ ਸੰਤ ਸਾਂਈਂ ਸਿੰਘ ਜੀ ਜੋ ਪਿੰਡੋਂ ਬਾਹਰ ਵਾਰ ਰਹਿੰਦੇ ਸਨ, ਉਨ੍ਹਾਂ ਨਾਲ ਮੇਲ ਜੋਲ ਹੋ ਗਿਆ। ਦੋਵੇਂ ਇਕੱਠੇ ਬਹਿ ਕੇ ਹਰੀ ਸਿਮਰਨ ਦਾ ਅਭਿ-ਆਸ ਕਰਦੇ ਰਹਿੰਦੇ। ਕੁਝ ਚਿਰ ਮਗਰੋਂ ਲਾਹੌਰ ਵਾਲੇ ਭਾਈ ਵਸਤੀ ਰਾਮ ਜੀ ਦੀ ਸੋ ਸੁਣ ਕੇ ਉਨ੍ਹਾਂ ਦੇ ਦਰਸ਼ਨ ਲਈ ਲਾਹੌਰ ਚਲੇ ਗਏ। ਪਾਸ ਰਹਿ ਕੇ ਸੇਵਾ ਕਰਦੇ ਰਹੇ। ਸੇਵਕ ਹੋ ਕੇ ਭਜਨ ਬੰਦਗੀ ਦਾ ਆਨੰਦ ਮਾਣਦੇ ਰਹੇ। ਆਪਣੀ ਰਹਿਣੀ ਬਹਿਣੀ ਦੇ ਪ੍ਰਤਾਪ ਨਾਲ ਉਚ ਕੋਟੀ ਦੇ ਮਹਾਪੁਰਸ਼ ਪ੍ਰਸਿਧ ਹੋਏ।

ਵਿਚਰਦੇ ਹੋਏ ਧੁਲੇਤੇ ਪਿੰਡ ਦੇ ਬਾਹਰਵਾਰ ਇਕੰਤ ਜਗ੍ਹਾ ਟਿਕ ਗਏ। ਪ੍ਰੇਮੀਆਂ ਦੀ ਆਵਾਜਾਈ ਸ਼ੁਰੂ ਹੋ ਗਈ। ਸਤਿਸੰਗ ਦਾ ਪ੍ਰਵਾਹ ਸ਼ੁਰੂ ਹੋ ਗਿਆ। ਆਪ ਦੀਆਂ ਸ਼ਕਤੀਆਂ ਅਜੇ ਤਕ ਪ੍ਰਸਿਧ ਹਨ। ਆਪ ਦੇ ਚੇਲੇ ਬਾਬਾ ਮੋਹਰ ਸਿੰਘ ਜੀ

ਧੁਲੇਤਾ। ਬਾਬਾ ਕੂਮਾ ਸਿੰਘ ਜੀ, ਬਾਬਾ ਦਿਆਲ ਸਿੰਘ ਜੀ ਸਮਰਾੜੀ, ਬਾਬਾ ਧੰਨਾ ਸਿੰਘ ਜੀ ਫਲੌਰ ਆਦਕ ਹੋਏ। ਅੰਤ ਨੂੰ ਵਡੇ ਚੇਲੇ ਬਾਬਾ ਮੋਹਰ ਸਿੰਘ ਜੀ ਨੂੰ ਗੱਦੀ ਦੇ ਕੇ ਸਮਾ ਗਏ। ਪਿਛੋਂ ਆਪ ਦੀ ਸਮਾਧ ਬਾਬਾ ਮੋਹਰ ਸਿੰਘ ਜੀ ਨੇ ਬਣਾਈ ਜੁ ਅਜ ਤਕ ਪੂਜੀ ਜਾਂਦੀ ਹੈ।

## ਬਾਬਾ ਮੋਹਰ ਸਿੰਘ ਜੀ

ਆਪ ਦਾ ਜਨਮ ਪਿੰਡ ਚੂੰਘਾਂ ਜ਼ਿਲਾ ਲੁਧਿਆਨਾ ਦੇ ਜ਼ਿਮੀਦਾਰ ਘਰਾਣੇ ਵਿਚ ਹੋਇਆ। ਪਹਿਲਾਂ ਫਲੌਰ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿਚ ਭਰਤੀ ਰਹੇ। ਬਾਬਾ ਸੇਵਾ ਸਿੰਘ ਜੀ ਦੀ ਮਹਿਮਾ ਸੁਣ ਕੇ ਧੁਲੇਤੇ ਆਏ। ਕੁਝ ਦਿਨ ਪਾਸ ਰਹਿਕੇ ਭਜਨ ਬੰਦਗੀ ਦੀ ਸਿਖਿਆ ਲੈ ਕੇ ਫਲੌਰ ਚਲੇ ਗਏ। ਪਰ ਕੁਝ ਦਿਨ ਮਗਰੋਂ ਪ੍ਰੇਮ ਭਗਤੀ ਦਾ ਅਜਿਹਾ ਆਨੰਦ ਪ੍ਰਾਪਤ ਹੋਇਆ ਜੋ ਸਭ ਕੁਝ ਛਡ ਛਡਾ ਕੇ ਸੰਤਾਂ ਦੀ ਸ਼ਰਨ ਵਿਚ ਹਮੇਸ਼ਾ ਲਈ ਆ ਗਏ।ਆਪ ਨੂੰ ਪੂਰਨ ਯੋਗ ਅਧਿਕਾਰੀ ਸਮਝ ਕੇ ਸੰਤਾਂ ਡੇਰੇ ਦੀ ਗੱਦੀ ਦੇ ਦਿਤੀ। ਬਾਅਦ ਆਪ ਨੇ ਸੰਤਾਂ ਦੀ ਦਸੀ ਮ੍ਰਿਯਾਦਾ ਉਤੇ ਚਲਦਿਆਂ ਹੋਇਆਂ ਅਸਥਾਨ ਨੂੰ ਉਚ ਦਰਜੇ ਤੇ ਪੁਚਾਇਆ।

ਆਏ ਗਏ ਸਾਧੂ ਅਭਿਆਗਤ ਲਈ ਕਈ ਮਕਾਨ ਬਣਵਾਏ ਅਤੇ ਕਈ ਵਿਘੇ ਜ਼ਮੀਨ ਡੇਰੇ ਨਾਲ ਲੁਵਾਈ। ਆਪਣੀ ਉਮਰ ਵਿਚ ਸੰਤ ਸਮਾਜ ਵਿਚ ਬੜਾ ਜਸ ਖਟਿਆ। ਆਪ ਦੇ ਚੇਲੇ ਬਾਬਾ ਅਰੂੜ ਸਿੰਘ ਜੀ ਤੇ ਸੰਤ ਮਲਾ ਸਿੰਘ

ਜੀ ਸਨ। ਅੰਤ ਸੰਤ ਅਰੂੜ ਸਿੰਘ ਜੀ ਨੂੰ ਡੇਰੇ ਦੀ ਸੇਵਾ ਬਖਸ਼ ਕੇ ਆਪ ਸਮਾਏ। ਆਪ ਦੀ ਸਮਾਧ ਵਡਿਆਂ ਸੰਤਾਂ ਦੀ ਸਮਾਧ ਦੇ ਨਾਲ ਬਣੀ ਹੋਈ ਹੈ।

## ਸੰਤ ਬਾਬਾ ਅਰੂੜ ਸਿੰਘ ਜੀ

ਆਪ ਦਾ ਜਨਮ ਸਕੋਪੁਰ ਜ਼ਿਲਾ ਜਲੰਧਰ ਵਿਚ ਹੋਇਆ। ਆਪ ਸਣੇ ਅਪਣੇ ਛੋਟੇ ਭ੍ਰਾਤਾ ਸੰਤ ਮਲ ਸਿੰਘ ਜੀ ਦੇ ਇਕਠੇ ਸੰਤਾਂ ਦੀ ਸ਼ਰਨ ਵਿਚ ਆ ਕੇ ਸਾਧੂ ਹੋਏ। ਦਿਲ ਦੇ ਕੇ ਸੇਵਾ ਕਰਦੇ ਰਹੇ। ਸੰਤਾਂ ਬਾਅਦ ਦੋਵੇਂ ਮਿਲ ਕੇ ਡੇਰੇ ਦਾ ਕੰਮ ਚਲਾਉਂਦੇ ਰਹੇ। ਬਾਹਰ ਦਾ ਸਾਰਾ ਕਾਰੋਬਾਰ ਸੰਤ ਮਲ ਸਿੰਘ ਜੀ ਨਜਿੱਠਦੇ ਰਹੇ।

ਆਪ ਨੇ ਵੀ ਡੇਰੇ ਦੀ ਚੰਗੀ ਤਰੱਕੀ ਕੀਤੀ। ਖੂਹ ਲੁਵਾਏ। ਜ਼ਮੀਨਾਂ ਖਰੀਦੀਆਂ। ਇਸ ਤੋਂ ਇਲਾਵਾ ਧਰਮ ਪ੍ਰਚਾਰ ਵਿਚ ਵਧ ਤੋਂ ਵਧ ਹਿੱਸਾ ਲਿਤਾ। ਲੰਗਰ ਖੁਲ੍ਹਾ ਚਲਾਇਆ। ਆਪ ਨੇ ਇਰਦ ਗਿਰਦ ਦੇ ਇਲਾਕੇ ਵਿਚ ਅੰਨ ਲਿਆਉਣ ਲਈ ਗੱਡਾ ਫੇਰਨ ਦਾ ਸਿਲਸਿਲਾ ਜਾਰੀ ਕੀਤਾ। ਆਪ ਇਲਾਕੇ ਦੀ ਪੰਚਾਇਤ ਦੇ ਸਰਪੰਚ ਮੰਨੇ ਜਾਂਦੇ ਸਨ। ਆਪ ਸ਼ਾਦੀ ਸ਼ੁਦਾ ਸਨ ਸਪੁਤ੍ਰ ਸੰਤ ਮੰਗਲ ਸਿੰਘ ਜੀ ਤੋਂ ਇਲਾਵਾ ਸੰਤ ਦਲੀਪ ਸਿੰਘ ਜੀ ਸੰਤ ਸ਼ਾਨਾ ਸਿੰਘ ਜੀ ਚੇਲੇ ਸਨ ਪਰ ਸਭ ਦੀ ਸਲਾਹ ਨਾਲ ਸਪੁਤ੍ਰ ਸੰਤ ਮੰਗਲ ਸਿੰਘ ਜੀ ਨੂੰ ਡੇਰੇ ਦੀ ਗੱਦੀ ਦੇਕੇ ਆਪ ਸੰਨ ੧੯੦੨ ਅਪਰੈਲ ੨੯ ਨੂੰ ਪ੍ਰਲੋਕ ਗਮਨ ਕਰ ਗਏ। ਪਿਛੋਂ ਆਪ ਦੀ ਸਮਾਧ ਬਣਾਈ ਗਈ।

## ਮਹੰਤ ਮੰਗਲ ਸਿੰਘ ਜੀ

ਆਪ ਦਾ ਜਨਮ ਸੰਮਤ ੧੯੪੯ ਮਘਰ ਮਹੀਨੇ ਵਿਚ ਹੋਇਆ। ਛੋਟੀ ਉਮਰ ਵਿਚ ਸੰਤਾਂ ਪਾਸੋਂ ਪੜ੍ਹਦੇ ਰਹੇ। ਬਾਅਦ ਸਕੂਲਾਂ ਵਿਚ ਉਰਦੂ ਅੰਗਰੇਜ਼ੀ ਦਾ ਅਭਿਆਸ ਕਰਦੇ ਰਹੇ। ਸੰਤਾਂ ਪਿਛੋਂ ਡੇਰੇ ਦਾ ਖੂਬ ਕੰਮ ਸੰਭਾਲਿਆ। ਬੜੇ ਰਸੂਖ ਵਾਲੇ ਤੇ ਸਿਆਣੇ ਮਹੰਤ ਮੰਨੇ ਗਏ। ਪਿਛਲੇ ਮਕਾਨਾਂ ਨੂੰ ਨਵੇਂ ਢੰਗ ਨਾਲ ਬਣਾਇਆ। ਪਿਛਲੀਆਂ ਜ਼ਮੀਨਾਂ ਦੀ ਸੰਭਾਲ ਰਖਦਿਆਂ ਹੋਰ ਵੀ ਖਾਸੀ ਜ਼ਮੀਨ ਮੁਲ ਲਿਤੀ।

ਆਪ ਨੂੰ ਧਰਮ ਪ੍ਰਚਾਰ ਨਾਲ ਬੜਾ ਪਰੇਮ ਸੀ। ਕਈ ਵਡੇ ਵਡੇ ਦੀਵਾਨ ਕਰਾਏ ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਉਂਦੀਆਂ ਰਹੀਆਂ। ਅੰਮ੍ਰਿਤ ਪ੍ਰਚਾਰ ਕਈ ਵੇਰਾਂ ਕਰਾਇਆ। ਆਪਣੇ ਮਕਾਨ ਵਿਚ ਮਿਡਲ ਸਕੂਲ ਖੁਲਵਾ ਕੇ ਵਿਦਿਆ ਦਾ ਵਾਧਾ ਕੀਤਾ।

ਆਪ ਪਿੰਡ ਤੇ ਇਲਾਕੇ ਵਿਚ ਚੰਗੇ ਰੋਬ੍ਹ ਦਾਬ ਵਾਲੇ ਮਹੰਤ ਮੰਨੇ ਗਏ ਸਨ। ਸਰੀਰ ਦੇ ਸੁੰਦਰ ਦਰਸ਼ਨੀ ਤੇ ਪ੍ਰਭਾਵ-ਸ਼ਾਲੀ ਆਪ ਦੀ ਗੁਫ਼ਤਗੂ ਸੀ। ਆਪ ਦੇ ੬ ਸਪੁਤ੍ਰ ਸਨ ਪਰ ਅੰਤ ਨੂੰ ਆਪਣੇ ਵਡੇ ਸਪੁਤ੍ਰ ਚੇਲੇ ਸੰਤ ਗੁਰਬਚਨ ਸਿੰਘ ਜੀ ਨੂੰ ਮਹੰਤੀ ਦੇ ਕੇ ਸੰਮਤ ੧੯੯੩ ਸਾਵਣ ਵਿਚ ਪ੍ਰਲੋਕ ਗਮਨ ਕਰ ਗਏ।

## ਸੰਤ ਗੁਰਬਚਨ ਸਿੰਘ ਜੀ

ਆਪ ਮਹੰਤ ਮੰਗਲ ਸਿੰਘ ਜੀ ਦੇ ਵਡੇ ਸਪੁਤ੍ਰ ਚੇਲੇ

ਹਨ। ਜਨਮ ਸੰਮਤ ੧੯੬੪ ਵਿਚ ਹੋਇਆ। ਛੋਟੀ ਉਮਰ ਪਿੰਡ ਵਿਚ ਪੜ੍ਹੇ ਫਿਰ ਜਲੰਧਰ ਖਾਲਸਾ ਹਾਈ ਸਕੂਲ ਵਿਚ ਪੜ੍ਹਦੇ ਰਹੇ। ਦਸਵੀਂ ਜਮਾਤ ਵਿਚੋਂ ਡੀਊਟੀ ਤੇ ਸਿੰਧ ਚਲੇ ਗਏ। ਕਈ ਵਰ੍ਹੇ ਉਧਰ ਹੀ ਟਿਕੇ ਰਹੇ।

ਮਹੰਤ ਜੀ ਨੇ ਸੁਰਗਵਾਸ ਹੋਣ ਤੋਂ ਕੁਝ ਦਿਨ ਪਹਿਲਾਂ ਆਪ ਨੂੰ ਬੁਲਾਇਆ। ਤਨ ਦੇਹੀ ਨਾਲ ਸੇਵਾ ਕੀਤੀ। ਸਤਾਰ੍ਹਵੇਂ ਵਾਲੇ ਦਿਨ ਆਪ ਨੂੰ ਡੇਰੇ ਦੀ ਪੱਗ ਭੇਖ ਨੇ ਦਿਤੀ ਬਸ ਤਦ ਤੋਂ ਹੀ ਡੇਰੇ ਦਾ ਕੰਮ ਨਿਰਮਲ ਮ੍ਰਿਯਾਦਾ ਅਨੁਸਾਰ ਸੋਹਣੀ ਤਰ੍ਹਾਂ ਚਲਾ ਰਹੇ ਹਨ। ਭੇਖ ਦੇ ਹਰ ਕੰਮ ਵਿਚ ਹਿਸਾ ਲੈਂਦੇ ਹਨ। ਆਏ ਗਏ ਸਾਧੂ ਦਾ ਮਾਨ ਸਤਿਕਾਰ ਕਰਦੇ ਹਨ ਫਕੀਰਾਨਾ ਤਬੀਅਤ ਦੇ ਉਦਾਰ ਚਿਤ ਮਿਲਣਸਾਰ ਸਾਧੂ ਹਨ। ਆਇਆ ਗਿਆ ਸਾਧੂ ਬਣਿਆ ਰਹਿੰਦਾ ਹੈ। ਜੇਠ ਸੁਦੀ ਚੌਥ ਦਾ ਸਮਾਗਮ ਬੜੀ ਧੂਮਧਾਮ ਨਾਲ ਸਾਲ ਦੇ ਬਾਅਦ ਕਰਦੇ ਹਨ। ਆਪ ਪਿੰਡ ਦੀ ਪੰਚਾਇਤ ਦੇ ਸਰਪੰਚ ਹਨ। ਪਿੰਡ ਇਲਾਕੇ ਵਿਚ ਆਪ ਦਾ ਪੂਰਾ ਪੂਰਾ ਸਤਿਕਾਰ ਹੈ।

## ਡੇਰਾ ਸਮਰਾੜੀ
## ਮਹੰਤ ਦਿਆਲ ਸਿੰਘ ਜੀ

ਚੇਲੇ ਸ੍ਰੀ ਬਾਬਾ ਸੇਵਾ ਸਿੰਘ ਜੀ। ਸਮਰਾੜੀ ਲਲੀਆਂ ਲੋਹਗੜ੍ਹ ਇਨ੍ਹਾਂ ਤਿੰਨਾਂ ਪਿੰਡਾਂ ਦੇ ਵਿਚਕਾਰ ਡੇਰਾ ਬੰਨ੍ਹਿਆ। ਸਿਖਾਂ ਸੇਵਕਾਂ ਦੀ ਆਵਾਜਾਈ ਸ਼ੁਰੂ ਹੋ ਗਈ। ਗੁਰੂ ਘਰ ਦੇ ਪ੍ਰਚਾਰ ਦਾ ਸੋਮਾ ਕਾਇਮ ਕੀਤਾ। ਬੜਾ ਪ੍ਰਤਾਪ ਵਧਿਆ।

ਡੇਢ ਸੌ ਘੁਮਾ ਜ਼ਮੀਨ ਡੇਰੇ ਨਾਲ ਲਗ ਗਈ । ਆਏ ਗਏ ਸਾਧੂ ਅਭਿਆਗਤ ਲਈ ਲੰਗਰ ਖੁਲ੍ਹ ਗਿਆ । ਕਈ ਜੀਵ ਆਪ ਤੋਂ ਵਰੋਸਾਇ, ਅਖੀਰ ਆਪ ਦੇ ਸਮਾ ਜਾਣ ਤੋਂ ਬਾਅਦ ਇਹ ਡੇਰਾ ਸਣੇ ਜਾਇਦਾਦ ਧੁਲੇਤੇ ਡੇਰੇ ਨਾਲ ਸ਼ਾਮਲ ਹੋ ਗਿਆ। ਸੰਤ ਦਿਆਲ ਸਿੰਘ ਜੀ ਦੀ ਸਮਾਧ ਮੌਜੂਦ ਹੈ। ਇਸ ਥਾਂ ਦਾ ਨਾਮ ਦਿਆਲ ਪੁਰਾ ਵੀ ਪ੍ਰਸਿਧ ਹੈ ।

## ਡੇਰਾ ਫਲੌਰ

## ਮਹੰਤ ਧੰਨਾ ਸਿੰਘ ਜੀ

ਚੇਲੇ ਸ੍ਰੀ ਬਾਬਾ ਸੇਵਾ ਸਿੰਘ ਜੀ। ਆਪ ਪਹਿਲਾਂ ਇਥੇ ਕਿਲ੍ਹੇ ਵਿਚ ਨੌਕਰ ਸਨ । ਸਤਿਸੰਗ ਦੀ ਲਗਨ ਮੁਢ ਤੋਂ ਹੀ ਸੀ । ਸੰਤ ਫਕੀਰ ਨੂੰ ਵੇਖ ਵੇਖ ਕੇ ਗਦ ਗਦ ਹੋ ਜਾਂਦੇ ਸਨ ਨੌਕਰੀ ਛਡ ਕੇ ਬਾਬਾ ਸੇਵਾ ਸਿੰਘ ਜੀ ਦੇ ਚਰਨਾਂ ਵਿਚ ਆ ਗਏ। ਪਾਸ ਰਹਿਕੇ ਸੇਵਾ ਭਜਨ ਬੰਦਗੀ ਵਿਚ ਲਗੇ ਰਹੇ। ਸਮੇਂ ਬਾਅਦ ਇਹ ਅਸਥਾਨ ਆਬਾਦ ਕੀਤਾ। ਕਰੀਬਨ ੯੦ ਘੁਮਾਂ ਜ਼ਮੀਨ ਡੇਰੇ ਨਾਲ ਲੁਵਾਈ। ਡੇਰਾ ਪੱਕਾ ਬਣਾਇਆ ਮਹਾਰਾਜ ਸੰਤ ਧੰਨਾ ਸਿੰਘ ਜੀ ਚੰਗੇ ਕਰਨੀ ਵਾਲੇ ਮਹਾਂਪੁਰਸ਼ ਹੋਏ ਹਨ । ਅੰਤ ਇਥੇ ਹੀ ਸਮਾਏ। ਆਪ ਦੀ ਸਮਾਧ ਪੱਕੀ ਬਣੀ ਹੋਈ ਹੈ । ਆਪ ਦੇ ਚੇਲੇ ਸੰਤ ਚੇਨ ਸਿੰਘ ਜੀ ਨੇ ਪਿਛੋਂ ਬਜਾਏ ਫਲੌਰ ਦੇ ਬਕਾਪੁਰ ਜਗੀਰ ਵਿਚ ਜਾ ਕੇ ਡੇਰਾ ਬੰਨ੍ਹਿਆ ।

# ਡੇਰਾ ਬਕਾਪੁਰ

## ਮਹੰਤ ਚੈਨ ਸਿੰਘ ਜੀ

ਆਪ ਨੇ ਇਥੇ ਡੇਰਾ ਬਣਾਕੇ ਆਏ ਗਏ ਦਾ ਸਨਮਾਨ ਕਰਦਿਆਂ ਹੋਇਆਂ ਚੰਗਾ ਸਮਾਂ ਲੰਘਾਇਆ। ਅੰਤ ਆਪਣੇ ਸ਼ਿਸ਼ ਸੰਤ ਮੰਗਲ ਸਿੰਘ ਜੀ ਨੂੰ ਮਹੰਤੀ ਦੇ ਕੇ ਸਮਾਏ। ਆਪ ਦੀ ਸਮਾਧ ਜਗੀਰ ਵਿਚ ਮੌਜੂਦ ਹੈ।

## ਮਹੰਤ ਮੰਗਲ ਸਿੰਘ ਜੀ

ਆਪ ਬਹੁਤ ਚਿਰ ਪਹਿਲਾਂ ਸੰਤਾਂ ਪਾਸ ਫਿਰ ਮਹੰਤ ਹੋਣ ਤੋਂ ਬਾਅਦ ਕਾਫੀ ਚਿਰ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਅੰਤ ਵਡੀ ਉਮਰ ਵਿਚ ਆਪ ਨੇ ਚੇਲੇ ਸੰਤ ਦਲੀਪ ਸਿੰਘ ਜੀ ਨੂੰ ਮਹੰਤੀ ਦੇ ਕੇ ਚੜ੍ਹਾਈ ਕਰ ਗਏ।

## ਮਹੰਤ ਦਲੀਪ ਸਿੰਘ ਜੀ

ਅਜ ਕਲ ਡੇਰੇ ਦੇ ਆਪ ਮਹੰਤ ਹਨ। ਪਰ ਪਹਿਲਾਂ ਵਾਂਗ ਡੇਰੇ ਦਾ ਰੰਗ ਰੂਪ ਨਹੀਂ ਰਿਹਾ। ਸਮੇਂ ਦੀ ਤਬਦੀਲੀ ਕਿਸੇ ਦੇ ਵਸ ਨਹੀਂ।

# ਡੇਰਾ ਨਥੂ ਵਾਲਾ

## ਸੰਤ ਕਾਬਲਾ ਸਿੰਘ ਜੀ

ਆਪ ਦਾ ਜਨਮ ਮਾਝੇ ਦਾ ਸੀ, ਆਪ ਨੇ ਹੀ ਇਹ ਡੇਰਾ ਕਾਇਮ ਕੀਤਾ। ਆਪ ਚੰਗੇ ਕਰਨੀ ਵਾਲੇ ਤਿਆਰ ਬਰ

ਤਿਆਰ ਸਾਧੂ ਸਨ। ਆਪਦੀ ਕੀਰਤ ਸੁਣਕੇ ਅਨੇਕ ਮਾਈ ਭਾਈ ਗੁਰੂ ਘਰ ਵਲ ਝੁਕਦੇ ਸਨ। ਆਪ ਦੇ ਸ਼ਿਸ਼ ਸੰਤ ਸੰਗਤ ਸਿੰਘ ਜੀ ਹੋਏ ਜਿਨ੍ਹਾਂ ਨੂੰ ਡੇਰੇ ਦੀ ਸੇਵਾ ਸੌਂਪ ਕੇ ਆਪ ਪ੍ਰਲੋਕ ਪਧਾਰ ਗਏ।

**ਮਹੰਤ ਸੰਗਤ ਸਿੰਘ ਜੀ** ਆਪਦਾ ਸਰੀਰ ਭੀ ਮਾਝੇ ਦਾ ਸੀ ਸੂਤੇ ਸਿਧ ਆਪਦਾ ਬਚਨ ਸਚ ਹੁੰਦਾ ਸੀ, ਆਪ ਦੇ ਸ਼ਿਸ਼ ਸੰਤ ਕਰਤਾਰ ਸਿੰਘ ਜੀ ਨੂੰ ਉਤ੍ਰਾ ਅਧਕਾਰੀ ਸਥਾਪਨ ਕਰ ਕੇ ਆਪ ਸ੍ਰੀਰ ਤਿਆਗ ਗਏ।

**ਮਹੰਤ ਕਰਤਾਰ ਸਿੰਘ ਜੀ** ਆਪ ਦਾ ਜਨਮ ਪਿੰਡ ਕੋਕਰੀ ਕਲਾਂ ਜ਼ਿਲਾ ਫੀਰੋਜ਼ ਪੁਰ ਵਿਚ ਹੋਇਆ। ਆਪ ਵੀ ਚੰਗੇ ਜਥੇਵਾਲੇ ਸਾਧੂ ਹੋਏ ਹਨ। ਆਪ ਦੇ ਕਈ ਸਦ ਗ੍ਰਿਸਤ ਤੇ ਸਾਧੂ ਸੇਵਕ ਸਨ। ਜਿਹਾ ਕੇ ਸੰਤ ਝਗੜ ਸਿੰਘ ਜੀ, ਸੰਤ ਉਤਮ ਸਿੰਘ ਜੀ ਆਦਿਸਨ ਜਿਨ੍ਹਾਂ ਵਿਚੋਂ ਸੰਤ ਝਗੜ ਸਿੰਘ ਜੀ ਨੂੰ ਅਸਥਾਨ ਸੰਭਾਲ ਕੇ ਆਪ ਸਚਖੰਡ ਚਲੇ ਗਏ।

**ਮਹੰਤ ਝਗੜ ਸਿੰਘ ਜੀ** ਆਪ ਦਾ ਜਨਮ ਪਿੰਡ ਚੂਹੜ ਚਕ ਜ਼ਿ: ਫੀਰੋਜ਼ ਪੁਰ ਵਿਚ ਹੋਇਆ, ਆਪ ਵੀ ਖਾਸਾ ਚਿਰ ਮਹੰਤ ਰਹੇ ਤੇ ਡੇਰੇ ਦੀ ਤਰੱਕੀ ਕੀਤੀ, ਆਪ ਆਪਣੇ ਗੁਰਭਾਈ ਸੰਤ ਉਤਮ ਸਿੰਘ ਜੀ ਨੂੰ ਡੇਰਾ ਦੇ ਕੇ ਸਮਾ ਗਏ।

**ਮਹੰਤ ਉਤਮ ਸਿੰਘ ਜੀ** ਚੇਲੇ ਮਹੰਤ ਕਰਤਾਰ ਸਿੰਘ ਜੀ ਦਾ ਜਨਮ ਕੋਕਰੀ ਜ਼ਿਲਾ ਫਿਰੋਜ਼ ਪੁਰ ਦਾ ਸੀ। ਆਪ

ਵੀ ਚੰਗੇ ਉਗੇ ਮਹਾਂ ਪੁਰਸ਼ ਤੇ ਮਿਲਵੇਂ ਸੁਭਾ ਦੇ ਸਨ। ਆਪ ਦੇ ਸ਼ਿਸ਼ ਸੰਤ ਮਿਸ਼ਰਾ ਸਿੰਘ ਜੀ ਚੰਗੇ ਪੰਡਿਤ ਹੋਏ ਜਿਨ੍ਹਾਂ ਨੂੰ ਡੇਰਾ ਦੇ ਕੇ ਆਪ ਪ੍ਰਲੋਕ ਚਲੇ ਗਏ।

**ਮਹੰਤ ਪੰਡਿਤ ਮਿਸ਼ਰਾ ਸਿੰਘ ਜੀ** ਆਪ ਦਾ ਜਨਮ ਪਿੰਡ ਕੰਗ ਬ੍ਰਾਹਮਨਾਂ, ਬ੍ਰਾਹਮਨ ਖਾਨਦਾਨ ਵਿਚ ਹੋਇਆ। ਆਪ ਚੰਗੇ ਮਹਾਂ ਪੁਰਸ਼ ਵਿਦਵਾਨ ਸਨ। ਆਪ ਦੀ ਰਹਿਣੀ ਬਹਿਣੀ ਉਤਮ ਸੀ।

**ਪੰਡਤ ਭਾਨ ਸਿੰਘ ਜੀ** ਚੇਲੇ ਸੰਤ ਝਗੜ ਸਿੰਘ ਜੀ ਦਾ ਜਨਮ ਪਿੰਡ ਨਥੂਵਾਲਾ ਮਹੰਤ ਚੰਨਨ ਸਿੰਘ ਜੀ ਦੇ ਗ੍ਰਹਿ ਵਿਖੇ ਜ਼ਿਲਾ ਫੀਰੋਜ਼ ਪੁਰ ਵਿਚ ਹੋਇਆ। ਆਪ ਦੇ ਪਿਤਾ ਮਹੰਤ ਚੰਨਣ ਸਿੰਘ ਜੀ ਬ੍ਰਹਮ ਕੁਟੀ ਬਨਾਰਸ ਦੇ ਮਹੰਤ ਸਨ। ਇਸ ਲਈ ਆਪ ਵੀ ਕਾਂਸ਼ੀ ਵਿਚ ਰਹਿ ਕੇ ਪੜ੍ਹਦੇ ਰਹੇ। ਆਪ ਨਯਾਇ ਦੇ ਅਦੁਤੀ ਪੰਡਿਤ ਸਨ ਅਤੇ ਰਹਿਣੀ ਬਹਿਣੀ ਅਲੌਕਿਕ ਸੀ ਬਬੇਕੀ ਧਾਰਨਾ ਵਾਲੇ ਪੂਰੇ ਫਕੀਰ ਸਨ। ਨਿਮਰਤਾ ਆਪਦਾ ਭੂਸ਼ਨ ਸੀ। ਡੇਰਾ ਨਥੂਵਾਲਾ ਦੇ ਮਹੰਤ ਰਹੇ, ਮੰਡਲੀ ਫੇਰਦੇ ਰਹੇ। ਆਪ ਦੇ ਪਾਸੋਂ ਅਨੇਕਾਂ ਬ੍ਰਾਹਮਨ ਤੇ ਸਾਧੂ ਪੜ੍ਹਦੇ ਸਨ।

# ਸੰਪ੍ਰਦਾਇ

# ਠਾਕਰ ਬਹਾਲ ਸਿੰਘ ਜੀ

## ਡੇਰਾ ਘਿਓ ਮੰਡੀ, ਅੰਮ੍ਰਿਤਸਰ

ਸ੍ਰੀ ਠਾਕਰ ਬਹਾਲ ਸਿੰਘ ਜੀ ਚੇਲੇ ਬਾਬਾ ਚੜ੍ਹਤ ਸਿੰਘ ਜੀ, ਆਪ ਦਾ ਜਨਮ ਰਿਆਸਤ ਪਟਿਆਲਾ ਵਿਚ ਸੰਮਤ ੧੯੯੦ ਨੂੰ ਸ੍ਰ: ਬਹਾਦਰ ਸਿੰਘ ਜੀ ਤੇ ਮਾਤਾ ਸੁਖਦੇਵੀ ਦੇ ਘਰ ਹੋਇਆ। ਆਪ ਛੋਟੀ ਅਵਸਥਾ ਵਿਚ ਹੀ ਮਹਾਂਪੁਰਸ਼ਾਂ ਦੀ ਸੰਗਤ ਵਿਚ ਆਏ ਤੇ ਸਿਖਿਆ ਪ੍ਰਾਪਤ ਕਰਕੇ ਸਿਧ ਅਵਸਥਾ ਨੂੰ ਪ੍ਰਾਪਤ ਹੋਏ। ਆਪ ਤਿਆਗੀ ਤੇ ਭਜਨ ਮੂਰਤੀ ਸਾਧੂ ਸਨ। ਅਠੀਂ ਪਹਿਰੀਂ ਭੋਜਨ ਕਰਦੇ ਸਨ। ਸਾਦਾ ਲਿਬਾਸ ਖੱਦਰ ਦੀ ਗਾਤੀ ਤੇ ਦੋ ਗਜ਼ ਦਾ ਸਾਫਾ ਰਖਦੇ ਸਨ ਕਾਲੀ ਕੰਬਲੀ ਤੇ ਇਕ ਲੋਟਾ ਹਮੇਸ਼ਾ ਪਾਸ ਰਖਦੇ ਸਨ। ਸੌ ਸੌ ਸਾਧੂ ਆਪ ਦੇ ਪਾਸ ਨਿਵਾਸ ਰਖਦਾ ਸੀ। ਸਭ ਤੋਂ ਪਹਿਲਾਂ ਆਪ ਅੰਮ੍ਰਿਤਸਰੋਂ ਬਾਹਰਵਾਰ ਉਜਾੜ ਵਿਚ ਹੰਸਲੀ ਲਾਗੇ ਆਕੇ ਬੈਠੇ ਸਨ। ਫਿਰ ਬਕਰਵਾਨਾਂ ਦੇ ਬਾਜ਼ਾਰ ਵਿਚ ਡੇਰਾ ਕਾਇਮ ਕੀਤਾ ਦਿਨ ਭਰ ਲੰਗਰ ਤੇ ਸਤ ਸੰਗਤ ਦਾ ਪਰਵਾਹ ਜਾਰੀ ਰਖਦੇ ਸਨ। ਰਾਤ ਫਿਰ ਬਾਹਰਲੇ ਅਸਥਾਨ ਤੇ ਜਾਕੇ ਭਜਨ ਕਰਦੇ ਰਹਿੰਦੇ ਸਨ। ਕਹਿੰਦੇ ਹਨ ਕਿ ਇਕ ਵਾਰ ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰਿ ਪੰਜਾਬ ਆਪ ਪਾਸ ਆਏ ਤੇ ਕੁਝ ਜਗੀਰ ਵਗੈਰਾ ਦੇਣ ਲਈ ਬੇਨਤੀ ਕੀਤੀ ਪਰ ਆਪ ਨੇ ਬੇ ਪ੍ਰਵਾਹੀ ਵਿਚ ਕਿਹਾ ਕਿ ਮੁੜ ਕੇ ਸਾਡੇ ਮੂੰਹ ਨ ਲਗੀਂ।

ਆਪ ਤੀਰ ਚਲਾਉਣ ਦੇ ਬੜੇ ਧਨੀ ਹੋਏ ਹਨ। ਇਕ ਵਾਰ ਗਰੀਬਾਂ ਨੂੰ ਲੁਟਨ ਵਾਲੇ ਚੋਰ ਨੂੰ ਸਿਰਫ ਸੁਵਾਸਾਂ ਦੀ ਆਹਟ ਲੈ ਕੇ ਹੀ ਮਾਰ ਦਿਤਾ ਸੀ। ਆਪ ਦੀਆਂ ਕਈ ਕਰਾਮਾਤਾਂ ਭੀ ਦਸੀ ਦੀਆਂ ਹਨ। ਆਪ ਦੇ ਚੇਲੇ ਸੰਤ ਰਾਮ ਸਿੰਘ ਜੀ ਆਲਮ ਸਿੰਘ ਜੀ, ਦੀਵਾਨ ਸਿੰਘ ਜੀ ਸੁਹਾਵਾ, ਦਿਆਲ ਸਿੰਘ ਜੀ ਵਰਪਾਲ, ਗਰੀਬ ਸਿੰਘ ਜੀ ਫਰੀਦ, ਚਰਨ ਸਿੰਘ ਜੀ, ਸੰਤ ਟਹਿਲ ਸਿੰਘ ਜੀ ਜੋ ਟਕਸਲੀ ਦਰਵਾਜੇ ਲਾਹੌਰ ਰਹਿੰਦੇ ਸਨ। ਹਰੀ ਸਿੰਘ ਜੀ ਬੁਤਾਲਾ, ਖੜਗ ਸਿੰਘ ਜੀ ਗਗੜ ਭਾਣਾਂ ਅਤੇ ਸੰਤ ਦਲ ਸਿੰਘ ਜੀ ਸੰਤ ਪ੍ਰਤਾਪ ਸਿੰਘ ਜੀ ਹੋਏ ਹਨ ਜਿਨ੍ਹਾਂ ਵਿਚੋਂ ਸੰਤ ਦਲ ਸਿੰਘ ਜੀ ਸਪੁਤ੍ਰ ਚੇਲੇ ਨੂੰ ਡੇਰਾ ਸੌਂਪ ਕੇ ਆਪ ਅੰਮ੍ਰਿਤਸਰ ਹੀ ਸਮਾਏ ਹਨ। ਆਪ ਦੀ ਸਮਾਧ ਬਾਹਰ ਬਾਗ ਵਿਚ ਮੌਜੂਦ ਹੈ।

## ਮਹੰਤ ਦਲ ਸਿੰਘ ਜੀ

ਆਪ ਦਾ ਜਨਮ ਠਾਕਰ ਬਹਾਲ ਸਿੰਘ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਇਆ ਆਪ ਨੇ ਡੇਰੇ ਦੀ ਤਰੱਕੀ ਕੀਤੀ ਪਹਿਲੇ ਬਜ਼ੁਰਗਾਂ ਦੀ ਸਮਾਧ ਬਣਵਾਈ। ਦੋਵੇਂ ਡੇਰੇ ਚੰਗੇ ਤਰੀਕੇ ਨਾਲ ਚਲਾਏ। ਅੰਤ ਡੇਰਾ ਆਪਣੇ ਗੁਰਭਾਈ ਸੰਤ ਪ੍ਰਤਾਪ ਸਿੰਘ ਜੀ ਨੂੰ ਸੌਂਪ ਕੇ ਆਪ ਪ੍ਰਲੋਕ ਪਧਾਰ ਗਏ। ਆਪ ਦੀ ਸਮਾਧ ਵੀ ਵਡਿਆਂ ਦੀ ਸਮਾਧ ਵਿਚ ਹੀ ਹੈ।

## ਮਹੰਤ ਪ੍ਰਤਾਪ ਸਿੰਘ ਜੀ

ਆਪ ਦਾ ਜਨਮ ਵੀ ਠਾਕਰ ਬਹਾਲ ਸਿੰਘ ਜੀ ਦੇ

ਗ੍ਰਹਿ ਵਿਖੇ ਹੋਇਆ। ਸੰਨ ੧੮੫੨ ਤੋਂ ੧੯੯੨-੯੩ ਦੇ ਕਾਗਜ਼ਾਂ ਤੋਂ ਪਤਾ ਲਗਦਾ ਹੈ ਕਿ ਆਪ ਬੜੇ ਭਾਰੇ ਨੀਤਗਜ਼ ਮਹੰਤ ਹੋਏ ਹਨ ਆਪ ਨੇ ਡੇਰਾ ਪੱਕਾ ਬਣਾਇਆ। ਮਿਊਨੀ-ਸਿਪਲ ਕਮੇਟੀ ਦੇ ਪੁਜਾਰੀਆਂ ਨਾਲ ਜਾਇਦਾਦ ਸੰਬੰਧੀ ਕਈ ਮੁਕਦਮੇ ਕਰਕੇ ਜਿਤੇ ਅਤੇ ਕਈਆਂ ਪਾਸੋਂ ਮਾਫੀ ਮੰਗਾਈ ਆਦਿ ਕਈ ਮਾਰਕੇ ਦੇ ਕੰਮ ਕੀਤੇ। ਆਪ ਦੇ ਚੇਲੇ ਸੰਤ ਖਜ਼ਾਨ ਸਿੰਘ ਜੀ ਹੋਏ ਹਨ ਜਿਨ੍ਹਾਂ ਨੂੰ ਡੇਰਾ ਸੌਂਪ ਕੇ ਆਪ ਸਦਾ ਲਈ ਸੰਸਾਰ ਤਿਆਗ ਗਏ।

## ਮਹੰਤ ਖਜ਼ਾਨ ਸਿੰਘ ਜੀ

ਆਪ ਦਾ ਜਨਮ ਠਾਕਰ ਪ੍ਰਤਾਪ ਸਿੰਘ ਜੀ ਦੇ ਘਰ ਹੋਇਆ, ਆਪ ਵੀ ਚੰਗੇ ਪ੍ਰਤਾਪ ਵਾਲੇ ਮਹਾਂ ਪੁਰਸ਼ ਹੋਇ ਹਨ ਆਪ ਦਾ ਸਾਧੂ ਸਮਾਜ ਨਾਲ ਬੜਾ ਚੰਗਾ ਪਿਆਰ ਬਣਿਆ ਹੋਇਆ ਸੀ। ਡੇਰੇ ਵਿਚ ਸੈਂਕੜੇ ਸਾਧੂ ਰਹਿੰਦੇ ਸਨ, ਆਪ ਦੇ ਚੇਲੇ ਸੰਤ ਨਰੈਣ ਸਿੰਘ ਜੀ ਆਦਿ ਕਈ ਸਨ।

## ਮਹੰਤ ਨਰੈਣ ਸਿੰਘ ਜੀ

ਆਪ ਵੀ ਪਹਿਲੇ ਮਹਾਂ ਪੁਰਸ਼ਾਂ ਵਾਂਗ ਪਰਸਿੱਧ ਸਾਧੂ ਹੋਇ ਹਨ। ਆਪ ਦੇ ਚੇਲੇ ਸੰਤ ਹਰਨਾਮ ਸਿੰਘ ਜੀ ਹੋਇ ਜਿਨ੍ਹਾਂ ਨੂੰ ਮਹੰਤੀ ਸੌਂਪ ਕੇ ਆਪ ਸ਼ਰੀਰ ਤਿਆਗ ਗਏ ਸਨ।

## ਮਹੰਤ ਹਰਨਾਮ ਸਿੰਘ ਜੀ

ਆਪ ਜੀ ਭੇਖ ਪ੍ਰਸਿਧ ਤੇ ਮਿਲਨਸਾਰ ਸਾਧੂ ਹੋਇ

ਹਨ। ਆਪ ਵੇਲੇ ਸਾਧੂ ਮਕਾਨ ਵਿਚ ਕੁਝ ਘਟ ਹੀ ਰਹਿ ਗਏ ਸਨ। ਸ਼੍ਰੀਰ ਅੰਤ ਵੇਲੇ ਕੋਈ ਪਾਸ ਨਹੀਂ ਸੀ ਸੰਪ੍ਰਦਾਈ ਸੰਤ ਅਲਬੇਲ ਸਿੰਘ ਜੀ ਨੂੰ ਗੱਦੀ ਮਿਲੀ।

## ਮਹੰਤ ਅਲਬੇਲ ਸਿੰਘ ਜੀ

ਆਪ ਵੀ ਥੋੜਾ ਜਿਹਾ ਚਿਰ ਮਹੰਤ ਰਹਿ ਕੇ ਸ਼੍ਰੀਰ ਤਿਆਗ ਗਏ।

**ਮਹੰਤ ਬਾਜ਼ ਸਿੰਘ ਜੀ** ਚੇਲੇ ਮਹੰਤ ਦਲ ਸਿੰਘ ਜੀ

ਆਪ ਚੰਗੇ ਕਰਨੀ ਵਾਲੇ ਬ੍ਰਿਧ ਸਾਧੂ ਹੋਇ ਹਨ ਆਪ ਨੇ ਭੀ ਭੇਖ ਵਿਚ ਚੰਗੀ ਪ੍ਰਭੁਤਾ ਲਈ ਸੀ ਆਪ ਦੇ ਕਈ ਵਿਰਕਤ ਸਾਧੂ ਚੇਲੇ ਹੋਇ ਹਨ ਪਰੰਤੂ ਮਹੰਤੀ ਕਿਸੇ ਨਹੀਂ ਲਈ।

**ਮਹੰਤ ਕਾਲਾ ਸਿੰਘ ਜੀ** ਚੇਲੇ ਸੰਤ ਸਾਹਿਬ ਸਿੰਘ ਜੀ ਕੁਹਾਲੇ ਵਾਲਿਆਂ ਦਾ, ਜੀਵਨ ਅਲੌਕਿਕ ਸੀ। ਆਪ ਨੂੰ ਸਮੰਪ੍ਰਦਾਈ ਸੰਤਾਂ ਨੇ ਮਹੰਤੀ ਦਿਤੀ ਲੇਕਨ ਜਗੀਰ ਆਪ ਵੀ ਨਹੀਂ ਲੈ ਸਕੇ। ਅਰਥਾਤ ਬਾਬਾ ਪ੍ਰਤਾਪ ਸਿੰਘ ਜੀ ਤੋਂ ਬਾਅਦ ਆਪ ਤਕ ਕਿਸੇ ਮਹੰਤ ਸੰਤ ਨੂੰ ਜਗੀਰ ਨਹੀਂ ਮਿਲੀ, ਆਪ ਵੀ ਚੇਲੇ ਤੋਂ ਬਿਨਾ ਹੀ ਸ਼੍ਰੀਰ ਤਿਆਗ ਗਏ।

**ਮਹੰਤ ਬਾਬਾ ਬੀਰ ਸਿੰਘ ਜੀ** ਚੇਲੇ ਬਾਬਾ ਗੁਲਾਬ ਸਿੰਘ ਜੀ, ਆਪ ਦਾ ਜਨਮ ਵਰਪਾਲ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ, ਆਪ ਮਿਲਨਸਾਰ ਹਰਦਿਲ

ਅਜ਼ੀਜ਼ ਸਾਧੂ ਸਨ ਆਪ ਨਿਰਮਲ ਅਖਾੜਾ ਸੰਗਰੂਰ ਦੇ ਮਕਾਨ ਵਿਚ ਸਨ ਜਦ ਇਸ ਅੰਮ੍ਰਿਤਸਰ ਵਾਲੇ ਮਕਾਨ ਵਿਚ ਬਦਅਮਨੀ ਜਿਹੀ ਹੋ ਗਈ ਸੀ ਆਪ ਦੀ ਮਿਲਨਸਾਰੀ ਭੇਖ ਵਿਚ ਉਘੀ ਸੀ ਇਸ ਕਰਕੇ ਆਪ ਨੂੰ ਇਸ ਮਕਾਨ ਦੀ ਮਹੰਤੀ ਸੰਭਾਲੀ ਗਈ, ਠੀਕ ਆਪ ਨੇ ਆਪਣੇ ਰਸੂਖ ਤੇ ਪਿਆਰ ਨਾਲ ਇਸ ਮਕਾਨ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਆਂਦਾ। ਸਦੀਆਂ ਦੀ ਤੁਰੀ ਜਗੀਰ ਜ਼ਮੀਨ ਆਪਣੇ ਨਾਂ ਕਰਵਾਈ ਪਿਛਲਿਆਂ ਬਜ਼ੁਰਗਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਤੇ ਅੰਮ੍ਰਿਤਸਰੀ ਮਹੰਤਾਂ ਸੰਤਾਂ ਅਤੇ ਭੇਖ ਵਿਚ ਇਜ਼ਤ ਪ੍ਰਾਪਤ ਕੀਤੀ। ਆਪ ਦੇ ਸ਼ਿਸ਼ ਸੰਤ ਮਹਿਲ ਸਿੰਘ ਜੀ ਹਨ ਜਿਨ੍ਹਾਂ ਨੂੰ ਮਹੰਤੀ ਸੌਂਪ ਕੇ ਆਪ ਸੰਨ ੧੯੨੬ ਵਿਚ ਸ੍ਰੀ ਅੰਮ੍ਰਿਤਸਰ ਹੀ ਸਮਾਏ। ਆਪ ਦੀ ਸਮਾਧ ਵੀ ਵਡੀਆਂ ਸਮਾਧਾਂ ਵਿਚ ਹੀ ਹੈ।

## ਮਹੰਤ ਮਹਿਲ ਸਿੰਘ ਜੀ

ਆਪ ਦਾ ਜਨਮ ਪਿੰਡ ਵਰਪਾਲ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਬਾਲ ਵਰੇਸ ਵਿਚ ਬਾਬਾ ਜੀ ਦੀ ਸ਼ਰਨ ਵਿਚ ਆ ਗਏ, ਸਾਧੂ ਹੋ ਕੇ ਮਹਾਂ ਪੁਰਸ਼ਾਂ ਅਤੇ ਡੇਰੇ ਦੀ ਸੇਵਾ ਕਰਦੇ ਰਹੇ, ਆਪ ਦੀ ਸੇਵਾ ਤੇ ਮਿਲਨਸਾਰੀ ਵੇਖਕੇ ਬਾਬਾ ਬੀਰ ਸਿੰਘ ਜੀ ਨੇ ਸੰਨ ੧੯੨੬ ਭਾਦਰੋਂ ਵਿਚ ਆਪ ਨੂੰ ਗੱਦੀ ਬਖਸ਼ ਦਿਤੀ।

ਅਜ ਕਲ ਵਰਪਾਲ ਅੰਦਰਲੇ ਡੇਰੇ ਵਿਖੇ ਰਹਿੰਦੇ ਹਨ।

## ਡੇਰਾ ਵਰਪਾਲ

ਸ੍ਰੀ ਸੰਤ ਰਾਮ ਸਿੰਘ ਜੀ ਚੇਲੇ ਮਹਾਰਾਜ ਬਹਾਲ ਸਿੰਘ ਜੀ ਅੰਮ੍ਰਿਤਸਰ ਯਾਤਰਾ ਕਰਨ ਆਏ। ਸ਼ਿਸ਼ ਹੋ ਕੇ ਸਾਧੂ ਹੋ ਗਏ ਆਪ ਜਗਾਧਰੀ ਜਾ ਕੇ ਸਮਾਏ। ਦੋ ਸ਼ਿਸ਼ ਸਾਵਨ ਸਿੰਘ ਜੀ ਗ੍ਰੀਬ ਸਿੰਘ ਜੀ ਬਾਅਦ ਸੰਤ ਸਾਵਣ ਸਿੰਘ ਜੀ ਮਹੰਤ ਹੋਏ। ਉਪਰੰਤ ਸੰਤ ਗੁਲਾਬ ਸਿੰਘ ਜੀ ਫਿਰ ਮਹਾਰਾਜ ਸੰਤ ਸੇਵਾ ਸਿੰਘ ਜੀ ਜਿਨ੍ਹਾਂ ੧੯੪੯ ਸੰਮਤ ਵਿਚ ਆਪਣੇ ਸ਼ਿਸ਼ ਮਹੰਤ ਲਾਲ ਸਿੰਘ ਜੀ ਨੂੰ ਡੇਰਾ ਸਉਂਪ ਕੇ ਸੰਮਤ ੧੯੬੬ ਵਿਚ ਗੁਰਪੁਰੀ ਸਿਧਾਰ ਗਏ।

ਮਹੰਤ ਲਾਲ ਸਿੰਘ ਜੀ ਕਈ ਵਰ੍ਹੇ ਮਹੰਤ ਰਹੇ ਆਪ ਦੇ ਚੇਲੇ ਸੰਤ ਕਿਸ਼ਨ ਸਿੰਘ ਜੀ ਨਿਰਮਲ ਮੰਡਲ ਦੇ ਸਕੱਤਰ ਤੇ ਮਹੰਤ ਗੁਰਮੁਖ ਸਿੰਘ ਜੀ ਸੰਤ ਲਹਿਣਾ ਸਿੰਘ ਜੀ ਆਦਿਕ ਕਈ ਹਨ। ਅਜ ਕਲ ਮਹੰਤ ਗੁਰਮੁਖ ਸਿੰਘ ਜੀ ਚੰਗਾ ਕੰਮ ਚਲਾ ਰਹੇ ਹਨ। ਸੁਭਾਅ ਦੇ ਮਿਲਣਸਾਰ ਹਨ ਆਏ ਗਏ ਸਾਧੂ ਸੰਤ ਦੀ ਸੇਵਾ ਕਰ ਰਹੇ ਹਨ।

**ਡੇਰਾ ਕੇਰੋਂ**—ਮਹੰਤ ਚਰਨ ਸਿੰਘ ਜੀ, ਮਹੰਤ ਕਿਸ਼ਨ ਸਿੰਘ ਜੀ ਮਹੰਤ ਕਰਤਾਰ ਸਿੰਘ ਜੀ ਡੇਰਾ ਬਾਬਾ ਦਿਆਲ ਸਿੰਘ ਜੀ ਵਰਪਾਲ।

ਬਾਬਾ ਦਿਆਲ ਸਿੰਘ ਜੀ, ਮਹੰਤ ਚੰਦਾ ਸਿੰਘ ਜੀ, ਮਹੰਤ ਬੀਰ ਸਿੰਘ ਜੀ।

ਅਜ ਕਲ ਮਹੰਤ ਮੈਹਲ ਸਿੰਘ ਜੀ ਹਨ ਸਾਲਾਨਾ ਯਗ ਕਰਦੇ ਹਨ ਅਖੰਡ ਪਾਠ ਦਾ ਭੋਗ ਪਾਉਂਦੇ ਹਨ ਜੋੜ ਮੇਲ ਕਰਦੇ ਹਨ।

## ਡੇਰਾ ਸ਼ਹਿਰ ਫਰੀਦ

ਪਹਿਲੇ ਮਹੰਤ ਰਾਮ ਸਿੰਘ ਜੀ, ਮਹੰਤ ਗਰੀਬ ਸਿੰਘ ਜੀ, ਮਹੰਤ ਸ਼ਾਮ ਸਿੰਘ ਜੀ, ਮਹੰਤ ਖੁਸ਼ਹਾਲ ਸਿੰਘ ਜੀ।

## ਡੇਰਾ ਸੁਹਾਵਾ

ਸ੍ਰੀ ਸੰਤ ਚਰਨ ਸਿੰਘ ਜੀ, ਸੰਤ ਦੀਵਾਨ ਸਿੰਘ ਜੀ, ਮਹੰਤ ਚੜ੍ਹਤ ਸਿੰਘ ਜੀ, ਮਹੰਤ ਲਾਲ ਸਿੰਘ ਜੀ, ਮਹੰਤ ਚੇਤ ਸਿੰਘ ਜੀ, ਮਹੰਤ ਗੁਰਦਿਤ ਸਿੰਘ ਜੀ ਗਿਆਨੀ ਚੇਲੇ ਮਹੰਤ ਗਣੇਸ਼ਾ ਸਿੰਘ ਜੀ ਕਾਫੀ ਚਿਰ ਇਥੇ ਮਹੰਤ ਰਹੇ। ਪੰਡਿਤ ਹਮੀਰ ਸਿੰਘ ਜੀ ਵੇਦਾਂਤੀ ਚੇਲੇ ਮਹਾਰਾਜ ਦੀਵਾਨ ਸਿੰਘ ਜੀ, ਆਪ ਦੇ ਪਾਸੋਂ ਕਈ ਬ੍ਰਾਹਮਣ ਪੜ੍ਹ ਕੇ ਪੰਡਿਤ ਹੋਏ। ਆਪ ਦੇ ਮੁਖੀ ਸ਼ਿਸ਼ ਪੰਡਿਤ ਹਰਦਿਤ ਸਿੰਘ ਜੀ ਸਨ ਜੋ ਗੁਰੂ ਘਰ ਤੇ ਖਾਸ ਸ਼ਰਧਾ ਰਖਦੇ ਸਨ। ਜਲ ਪਾਣੀ ਦੀ ਹਥੀਂ ਸੇਵਾ ਕਰਦੇ ਸਨ, ਇਹਨਾਂ ਦੇ ਚੇਲੇ ਪੰਡਿਤ ਇੰਦਰ ਸਿੰਘ ਜੀ ਜੋ ਖਟ ਸ਼ਾਸਤਰੀ ਵਿਦਵਾਨ ਪ੍ਰਸਿਧ ਹਨ।

## ਡੇਰਾ ਕੋਹਾਲਾ

ਸੰਤ ਸੋਭਾ ਸਿੰਘ ਜੀ, ਮਹੰਤ ਫਤੇਹ ਸਿੰਘ ਜੀ, ਮਹੰਤ

ਰਾਮ ਸਿੰਘ ਜੀ, ਮਹੰਮ ਧਰਮ ਸਿੰਘ ਜੀ ਮਹੰਤ ਸੂਰਤ ਸਿੰਘ ਜੀ :

## ਡੇਰਾ ਠੇਰੀ

ਮਃ ਭਗਵਾਨ ਸਿੰਘ ਜੀ, ਮਃ ਦੌਲਤ ਸਿੰਘ ।

## ਡੇਰਾ ਰੋੜਾਂ ਵਾਲਾ

ਮਃ ਭਗਵਾਨ ਸਿੰਘ, ਮਃ ਸਾਹਿਬ ਸਿੰਘ ।

## ਡੇਰਾ ਬੁਡਾਲਾ

ਮਹੰਤ ਹਰੀ ਸਿੰਘ ਜੀ, ਮਃ ਭੰਗਾ ਸਿੰਘ ਜੀ, ਮਹੰਤ ਮੇਘ ਸਿੰਘ ਜੀ, ਮਃ ਵਸਾਵਾ ਸਿੰਘ ਜੀ, ਮਹੰਤ ਇੰਦਰ ਸਿੰਘ ਜੀ, ਮਹੰਤ ਲਛਮਨ ਸਿੰਘ ਜੀ ।

## ਡੇਰਾ ਗਗੜ ਭਾਣਾ

ਸੰਤ ਖੜਗ ਸਿੰਘ ਜੀ, ਬਾਬਾ ਫੂਲਾ ਸਿੰਘ ਜੀ, ਬਾਬਾ ਸ਼ਾਮ ਸਿੰਘ ਜੀ, ਮਹੰਤ ਆਲਾ ਸਿੰਘ ਜੀ ।

## ਕੁਟੀਆ ਮਲਸੀਹਾਂ

ਸੰਤ ਭੂਪ ਸਿੰਘ ਜੀ, ਸੰਤ ਰਵੇਲ ਸਿੰਘ ਜੀ ਵਿਰਕਤ ਮਃ ਤੇਜਾ ਸਿੰਘ ਜੀ ।

## ਡੇਰਾ ਨਾਲਾਂ

## ਸੰਤ ਨਰੈਣ ਸਿੰਘ ਜੀ ਮਃ ਸਾਧੂ ਸਿੰਘ ਜੀ

## ਕੁਟੀਆ ਰਲਾ ਜੋਗਾ

ਸੰਤ ਮਹਾਂ ਸਿੰਘ ਜੀ, ਸੰਤ ਹਰੀ ਸਿੰਘ ਜੀ ।

## ਡੇਰਾ ਬਲ

## ਸੰਤ ਮਹਾਂ ਸਿੰਘ ਜੀ

## ਕੁਟੀਆ ਗਿਲਾਂ

ਸੰਤ ਰਵੇਲ ਸਿੰਘ ਜੀ, ਮਹੰਤ ਮਨਸਾ ਸਿੰਘ ਜੀ, ਮਹੰਤ ਭੋਲਾ ਸਿੰਘ ਜੀ, ਮ: ਗੁਰਮੁਖ ਸਿੰਘ ਜੀ, ਸੰਤ ਸਵਰਨ ਸਿੰਘ ਜੀ ਵਿਰਕਤ ।

## ਡੇਰਾ ਭਾਣੋ ਲੰਗੇ

ਸੰਤ ਗੈਂਦਾ ਸਿੰਘ ਜੀ

## ਡੇਰਾ ਸੂਰਜ ਮਲ ਕੁਟੀਆ

ਸੰਤ ਮਨਸਾ ਸਿੰਘ

## ਕੁਹਾੜੀ ਪਿੰਡ ਕੁਟੀਆ

ਸੰਤ ਈਸ਼ਰ ਸਿੰਘ ਜੀ, ਸੰਤ ਗੁਰਦਿਤ ਸਿੰਘ ਜੀ, ਮ: ਸੋਹਣ ਸਿੰਘ ਜੀ ।

## ਕੁਟੀਆ ਸੀਦੜੀ

ਮ: ਗੁਰਦਿਤ ਸਿੰਘ ਜੀ

# ਸੰਪ੍ਰਦਾਇ ਗੁਰੂਸਰੀਆਂ

## ਗੁਰਦਵਾਰਾ ਗੁਰੂ ਸਰ

**ਬਾਬਾ ਸੁਖਾ ਸਿੰਘ ਜੀ** ਚੇਲੇ ਬਾਬਾ ਗੁਰਬਖਸ਼ ਸਿੰਘ ਜੀ।

ਇਹ ਉਹ ਅਸਥਾਨ ਹੈ ਜਿਥੇ ਛੇਵੇਂ ਪਾਤਸ਼ਾਹ ਗੁਰੂ ਹਰ ਗੋਬਿੰਦ ਸਾਹਿਬ ਜੀ ਨੇ ੩੬ ਹਜ਼ਾਰ ਦੁਸ਼ਮਨ ਮਾਰਿਆ ਸੀ ਤੇ ਇਥੇ ਹੀ ਭਾਈ ਬਿਧੀ ਚੰਦ ਜੀ ਘੋੜੇ ਲੈਕੇ ਪੁਜੇ ਸਨ, ਬਾਬਾ ਸੁਖਾ ਸਿੰਘ ਜੀ ਚੰਗੇ ਕਰਨੀ ਵਾਲੇ ਬਹਾਦਰ ਯੋਧੇ ਹੋਏ ਹਨ। ਆਪ ਦੇ ਚੇਲੇ ਸੰਤ ਚੈਨ ਸਿੰਘ ਜੀ, ਸੰਤ ਹੈਬਾ ਸਿੰਘ ਜੀ, ਸੰਤ ਦਿਆਲ ਸਿੰਘ ਜੀ ਤੇ ਸੰਤ ਵਰਿਆਮ ਸਿੰਘ ਜੀ ਹੋਇ ਹਨ ਜਿਨ੍ਹਾਂ ਵਿਚੋਂ ਬਾਬਾ ਹੈਬਾ ਸਿੰਘ ਜੀ ਨੂੰ ਅਸਥਾਨ ਸੌਂਪ ਕੇ ਆਪ ਇਥੇ ਹੀ ਸਮਾਇ ਹਨ। ਇਹ ਅਸਥਾਨ ਅਸਲ ਵਿਚ ਆਪ ਨੇ ਹੀ ਆਬਾਦ ਕਰਕੇ ਮਸ਼ਹੂਰ ਕੀਤਾ ਸੀ।

## ਬਾਬਾ ਹੈਬਾ ਸਿੰਘ ਜੀ

ਇਹਨਾਂ ਦਾ ਜੀਵਨ ਮੁਕਤਸਰੀਆਂ ਦੀ ਸੰਪ੍ਰਦਾਯ ਦੇ ਸ਼ੁਰੂ ਵਿਚ ਲਿਖਿਆ ਜਾ ਚੁਕਾ ਹੈ।

ਆਪ ਦੇ ਚੇਲੇ ਬਾਬਾ ਮਸਤਾਨ ਸਿੰਘ ਜੀ ਮੁਕਤਸਰ ਵਾਲੇ ਤੇ ਸੰਤ ਬਾ: ਖੜਕ ਸਿੰਘ ਜੀ, ਸੰਤ ਬਾਬਾ ਰਾਮ ਸਿੰਘ ਜੀ, ਸੰਤ ਬਾਬਾ ਦੇਵਾ ਸਿੰਘ ਜੀ ਹੋਇ ਹਨ। ਜਿਨ੍ਹਾਂ ਵਿਚੋਂ ਬਾਬਾ ਖੜਕ ਸਿੰਘ ਜੀ ਨੂੰ ਮਹੰਤੀ ਦੇਕੇ ਆਪ ਸੰਮਤ ੧੯੧੧ ਵਿਚ ਸਮਾਏ ਹਨ।

## ਮਹੰਤ ਖੜਕ ਸਿੰਘ ਜੀ

ਆਪ ਦਾ ਜਨਮ ਪਿੰਡ ਬਹਾਦਰ ਰਿਆਸਤ ਫਰੀਦਕੋਟ ਸੰਮਤ ੧੯੮੫ ਦੇ ਕਰੀਬ ਹੋਇਆ। ਆਪ ਨੂੰ ਮਹੰਤੀ ਸੰਮਤ ੧੯੧੧ ਵਿਚ ਮਿਲੀ ਤੇ ਸੰਮਤ ੧੯੨੧ ਵਿਚ ਫਤਹ ਗਜਾ ਗਏ। ਆਪ ਦੇ ਚੇਲੇ ਸੰਤ ਰਾਜਾ ਸਿੰਘ ਜੀ ਹੋਇ ਹਨ।

## ਸ਼੍ਰੀ ਰਾਗੀ ਮਹੰਤ ਗਜਾ ਸਿੰਘ ਜੀ

ਆਪ ਦਾ ਜਨਮ ਵੀ ਬਾਦਰ ਰਿਆਸਤ ਫਰੀਦਕੋਟ ਸੰਮਤ ੧੯੦੬ ਵਿਚ ਹੋਇਆ, ਆਪ ਰਾਜ ਯੋਗੀ ਤੇ ਪ੍ਰਸਿਧ ਰਾਗੀ ਰਾਜ ਦਰਬਾਰਾਂ ਵਿਚ ਮੰਨੇ ਹੋਇ ਸਨ। ਸੰਮਤ ੧੯੨੧ ਵਿਚ ਗੱਦੀ ਤੇ ਬੈਠੇ ਤੇ ਸੰਮਤ ੧੯੭੧ ਦੇ ਕਰੀਬ ਸ੍ਰੀਰ ਤਿਆਗ ਗਏ ਆਪ ਦੇ ਚੇਲੇ ਸੰਤ ਲਾਲ ਸਿੰਘ ਜੀ ਸਨ।

## ਮਹੰਤ ਲਾਲ ਸਿੰਘ ਜੀ

ਆਪ ਦਾ ਜਨਮ ਸ਼ੇਰਪੁਰ ਜਗਰਾਵਾਂ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ, ਆਪ ਸੰਮਤ ੧੯੭੧ ਵਿਚ ਗੱਦੀ ਤੇ ਬੈਠੇ ਤੇ ੧੯੭੨ ਵਿਚ ਖੁਦ ਅੰ-ਮ੍ਰਿਤਸਰ ਜਾ ਕੇ ਡੇਰਾ (ਗੁਰਦਵਾਰਾ) ਅਕਾਲੀਆਂ ਨੂੰ ਲਿਖਕੇ ਦੇ ਆਏ, ਅਜ ਕਲ ਅਕਾਲੀ ਹਨ।

# ਡੇਰਾ ਭਾਈ ਬਖਤੌਰ

## ਮਹੰਤ ਬਾਬਾ ਬੋਘ ਸਿੰਘ ਜੀ

ਚੇਲੇ ਮਹੰਤ ਰਾਜਾ ਸਿੰਘ ਜੀ ਰਾਗੀ ਗੁਰੂਸਰ,ਆਪਦਾ

ਜਨਮ ਭੇਖੜੀ ਰਿਆਸਤ ਫਰੀਦ ਕੋਟ ਵਿਚ ਹੋਇਆ। ਇਹ ਚੰਗੇ ਭਜਨੀਕ ਮੂਰਤੀ ਹੋਏ ਹਨ। ਆਪ ਦੇ ਚੇਲੇ ਸੰਤ ਵਰਿਆਮ ਸਿੰਘ ਜੀ, ਸੰਤ ਦਾਨ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ, ਸੰਤ ਨਰੈਣ ਸਿੰਘ ਜੀ ਪੰਡਿਤ ਤੇ ਸੰਤ ਸਰਮੁਖ ਸਿੰਘ ਜੀ ਰਿਖੀ ਆਦ ਕਈ ਹੋਏ ਹਨ। ਜਿਨ੍ਹਾਂ ਵਿਚੋਂ ਇਸ ਮਕਾਨ ਦੀ ਮਹੰਤੀ ਸੰਤ ਦਾਨ ਸਿੰਘ ਜੀ ਨੂੰ ਦੇ ਕੇ ਸੰਤ ਫੌਘ ਸਿੰਘ ਜੀ ਚਨਾਰਥਲ ਚਲੇ ਗਏ ਤੇ ਉਥੇ ਜਾ ਕੇ ਮਕਾਨ ਬਨਾਇਆ।

## ਮਹੰਤ ਦਾਨ ਸਿੰਘ ਜੀ

ਬਖਤੌਰ ਦੇ ਮਹੰਤ ਕੁਝ ਚਿਰ ਰਹਿ ਕੇ ਤੁਰ ਗਏ ਸਨ, ਪਿਛੋਂ ਆਪਦੇ ਗੁਰਭਾਈਆਂ ਨੇ ਮਕਾਨ ਫਿਰਆਬਾਦ ਕਰ ਦਿਤਾ ਡੇਰਾ ਪੱਕਾ ਹੈ ਆਇਆ ਗਿਆ ਬਣਿਆਂ ਰਹਿੰਦਾ ਹੈ। ਸੰਤ ਦਾਨ ਸਿੰਘ ਜੀ ਦੇ ਨਾਲ ਹੀ ਸੰਤ ਵਰਿਆਮ ਸਿੰਘ ਜੀ ਚਨਾਰਥਲ ਦੇ ਮਹੰਤ ਬਨਾਏ ਗਏ ਸਨ। ਅਜ ਕਲ ਸੌੜ ਸਾਬੋਕੇ ੯ ਪਾਤਸ਼ਾਹ ਦੇ ਗੁਰਦਵਾਰੇ ਤੇ ਚਨਾਰਥਲ ਦੇ ਮਹੰਤ ਹਨ ਦੋਵੇਂ ਅਸਥਾਨ ਆਪਦੀ ਮਾਲਕੀਅਤ ਹਨ।

## ਪੰਡਿਤ ਨਰੈਣ ਸਿੰਘ ਜੀ

ਆਪ ਪੰਡਿਤ ਭਾਨ ਸਿੰਘ ਜੀ ਪਾਸੋਂ ਪੜ੍ਹਦੇ ਰਹੇ ਹਨ, ਆਪ ਦਾ ਜਨਮ ਪਿੰਡ ਭੇਖੜੀ ਰਿਆਸਤ ਫਰੀਦ ਕੋਟ ਵਿਚ ਹੋਇਆ। ਛੋਟੀ ਉਮਰ ਵਿਚ ਸੰਤ ਭਾਈ ਬਖਤੌਰ ਜੀ ਪਾਸ ਆਏ। ਗੁਰਮੁਖੀ ਪੜ੍ਹਦੇ ਸੇਵਾ ਕਰਦੇ ਰਹੇ। ੧੫ ਵਰ੍ਹੇ ਦੀ ਉਮਰ ਵਿਚ ਸ੍ਰੀ ਅੰਮ੍ਰਿਤਸਰ ਪੜ੍ਹਨ ਲਈ ਚਲੇ ਗਏ। ਨੂਰ

ਮਹਿਲੀਆਂ ਦੇ ਡੇਰੇ ਦਸ ਚਾਰਾਂ ਵਰ੍ਹੇ ਰਹੇ। ਫਿਰ ਕਨਖਲ ਪਟਿਆਲੇ ਵਾਲੀ ਹਵੇਲੀ ਵਿਚ ਰਹਿ ਕੇ ਦਿਨਕਰੀ ਆਦ ਨਯਾਇ ਦੇ ਗਰੰਥ ਪੜ੍ਹਦੇ ਰਹੇ। ਆਪ ਬੜੇ ਹੋਨਹਾਰ ਵਿਦ੍ਵਾਨ ਸਾਧੂਆਂ ਵਿਚ ਗਿਣੇ ਗਏ, ਪ੍ਰੰਤੂ ਪ੍ਰਾਲਬਧ ਨੇ ਸਾਥ ਨਾ ਦਿਤਾ, ਕਨਖਲ ਹੀ ਸੰਗ੍ਰੈਹਣੀ ਹੋ ਗਈ। ਬਾਅਦ ਢਤੇ ਤਿੰਨ ਮਹੀਨੇ ਮਹੰਤ ਕਿਸ਼ਨ ਸਿੰਘ ਜੀ ਦੇ ਪਾਸ ਰਹੇ, ਫਿਰ ਗੁਰੂਸਰ ਰਹੇ, ਜਿਥੇ ਮਹੰਤ ਗਜਾ ਸਿੰਘ ਜੀ ਨੇ ਬੜੇ ਇਲਾਜ ਕਰਾਏ, ਪਰ ਰਬ ਦੀ ਨੇਤ ਚਨਾਰਬਲ ਮਹੰਤ ਵਰਆਮ ਸਿੰਘ ਜੀ ਪਾਸ ਕੁਝ ਚਿਰ ਰਹਿ ਕੇ ਮਾਘ ਦੇ ਮਹੀਨੇ ਵਿਚ ਗੁਰਪੁਰੀ ਸਿਧਾਰ ਗਏ। ਆਪ ਬੜੇ ਵਿਦਵਾਨ ਸ੍ਰੇਣੀ ਵਿਚੋਂ ਸਨ। ਚਿਟੇ ਕਪੜਿਆਂ ਵਿਚ ਸੁਸ਼ੋਭਿਤ ਰਹਿੰਦੇ ਸਨ, ਹੋਨਹਾਰ ਸਨ।

# ਡੇਰਾ ਢੂਲ

## ਮਹੰਤ ਗੁਲਾਬ ਸਿੰਘ ਜੀ

ਚੇਲੇ ਮਹੰਤ ਖੜਕ ਸਿੰਘ ਜੀ, ਆਪ ਦਾ ਜਨਮ ਚੰਗੇ ਖਾਨਦਾਨ ਵਿਚ ਹੋਇਆ। ਆਪ ਉਘੇ ਹਕੀਮ ਹੋਏ ਹਨ। ਇਹ ਮਕਾਨ ਸਰਕਾਰੀ ਧਰਮ ਸਾਲ ਕਰਕੇ ਪ੍ਰਸਿਧ ਹੈ, ਪਰ ਪਹਿਲਾਂ ਆਪ ਹੀ ਇਸ ਵਿਚ ਆਏ ਹਨ। ਆਪਦਾ ਜੀਵਨ ਹੁਣ ਤਕ ਲੋਕਾਂ ਵਿਚ ਜੀਉਂਦਾ ਜਾਗਦਾ ਹੈ। ਆਪ ਦੇ ਚੇਲੇ ਸੰਤ ਨਰੈਨ ਸਿੰਘ ਜੀ ਹੋਏ ਹਨ ਜਿਨ੍ਹਾਂ ਨੂੰ ਮਹੰਤੀ ਦੇ ਕੇ ਆਪ ਸੰਮਤ ੧੯੫੨ ਵਿਚ ਸਮਾਏ।

**ਮਹੰਤ ਨਰੈਨ ਸਿੰਘ ਜੀ** ਆਪਦਾ ਜਨਮ ਫੂਲ ਰਿਆਸਤ ਨਾਭਾ ਵਿਚ ਹੋਇਆ। ਆਪ ਚੰਗੇ ਸਾਧੂ ਹੋਏ ਹਨ। ਆਪ ਦੇ ਚੇਲੇ ਸੰਤ ਕਿਸ਼ਨ ਸਿੰਘ ਜੀ ਹੋਏ ਜਿਨ੍ਹਾਂ ਅਸਥਾਨ ਸੰਭਾਲੀ ਰਖਿਆ। ਆਪ ਸੰਮਤ ੧੯੬੫ ਦੇ ਕਰੀਬ ਸਮਾਏ ਹਨ।

**ਮਹੰਤ ਕਿਸ਼ਨ ਸਿੰਘ ਜੀ** ਆਪਦਾ ਜਨਮ ਵੀ ਫੂਲ ਦਾ ਹੈ। ਆਪ ਸੰਮਤ ੧੯੬੫ ਵਿਚ ਮਹੰਤ ਬਣੇ ਹਨ। ਅਜ ਕਲ ਆਪ ਮਹੰਤ ਹਨ ਡੇਰਾ ਚੰਗਾ ਚਲਦਾ ਹੈ ਆਏ ਅਤਿਥੀ ਦੀ ਕਮਰ ਖੁਲਦੀ ਹੈ। ਧਰਮ ਸਾਲਾ ਸਰਕਾਰੀ ਹੋਣ ਕਰ ਕੇ ਪ੍ਰਬੰਧ ਸ੍ਰਕਾਰ ਦਾ ਹੈ। ਮਹੰਤ ਸੁਤੰਤਰ ਰਹਿੰਦੇ ਹਨ, ਪਰ ਮਹੰਤੀ ਸਰਕਾਰ ਵਲੋਂ ਮਿਲਦੀ ਹੈ।

## ਡੇਰਾ ਭੂਦੜ

## ਮਹੰਤ ਦੇਵਾ ਸਿੰਘ ਜੀ

ਚੇਲੇ ਬਾਬਾ ਹੈਬਾ ਸਿੰਘ ਆਪ ਨੇ ਇਹ ਡੇਰਾ ਖੁਦ ਤਿਆਰ ਕਰਵਾਇਆ ਤੇ ਉਸ ਇਲਾਕੇ ਵਿਚ ਬੜਾ ਧਰਮ ਪ੍ਰਚਾਰ ਕੀਤਾ ਆਪ ਦੇ ਚੇਲੇ ਸੰਤ ਗੁਰਦਿਤ ਸਿੰਘ ਜੀ ਰਾਗੀ ਹੋਏ ਹਨ। ਜਿਨ੍ਹਾਂ ਨੂੰ ਮਹੰਤੀ ਸੌਂਪ ਕੇ ਸ੍ਰੀਰ ਤਿਆਗ ਗਏ। ਆਪ ਪ੍ਰਸਿਧ ਰਾਗੀ ਹੋਏ ਹਨ।

## ਮਹੰਤ ਗੁਰਦਿਤ ਸਿੰਘ ਜੀ

ਆਪ ਦਾ ਜਨਮ ਮਾਨਸਾ ਮੰਡੀ ਰਿਆਸਤ ਸੰਗਰੂਰ ਵਿਚ

ਹੋਇਆ, ਆਪ ਨੇ ਮਕਾਨ ਦੀ ਚੰਗੀ ਤਰੱਕੀ ਕੀਤੀ। ਆਪਵੀ ਉਪਰਲੇ ਮਹਾਂ ਪੁਰਸ਼ਾਂ ਵਾਂਗ ਉਘੇ ਰਾਗੀ ਹੋਏ ਹਨ, ਮਕਾਨ ਸਾਰਾ ਪੱਕਾ ਕਰਵਾਇਆ। ਮਹਾਰਾਜਾ ਸਾਹਿਬ ਨਾਭਾ ਦੇ ਟਿਕਾ ਸਾਹਿਬ ਨੂੰ ਪੜ੍ਹਾਉਂਦੇ ਰਹੇ ਹਨ। ਆਪ ਦੇ ਚੇਲੇ ਸੰਤ ਬਿਹਾਰਾ ਸਿੰਘ ਜੀ ਹਨ ਜਿਨ੍ਹਾਂ ਨੂੰ ਡੇਰਾ ਦੇ ਕੇ ਆਪ ਸੰਮਤ ੧੯੯੦ ਵਿਚ ਸ੍ਰੀਰ ਤਿਆਗ ਗਏ।

## ਮਹੰਤ ਬਿਹਾਰਾ ਸਿੰਘ ਜੀ

ਆਪਦਾ ਜਨਮ ਪਿੰਡ ਭੂਦੜ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਵੀ ਚੰਗੇ ਭਜਨੀਕ ਸਾਧੂ ਹਨ, ਆਏ ਗਏ ਨਾਲ ਚੰਗੇ ਪਿਆਰ ਨਾਲ ਮਿਲਨ ਵਾਲੇ ਹਨ। ਡੇਰਾ ਪੱਕਾ ੧੦-੧੨ ਘੁਮਾਂ ਜ਼ਮੀਨ ਹੈ ਲੋਕੀ ਮਹੰਤ ਜੀ ਦਾ ਚੰਗਾ ਸਤਿਕਾਰ ਕਰਦੇ ਹਨ।

## ਡੇਰਾ ਮੰਦੀ ਕਲਾ

ਬਾਬਾ ਚੈਨ ਸਿੰਘ ਜੀ, ਮਹੰਤ ਹਰੀ ਸਿੰਘ ਜੀ, ਮਹੰਤ ਪੰਜਾਬ ਸਿੰਘ ਜੀ। ਮਹੰਤ ਜੰਗ ਸਿੰਘ ਜੀ।

**ਡੇਰਾ ਕੁਤੀਵਾਲ ਕਲਾਂ** ਸੰਤ ਦਿਆਲ ਸਿੰਘ ਜੀ, ਮਹੰਤ ਜੈ ਸਿੰਘ ਜੀ।

**ਢਢੇ** ਸੰਤ ਵਰਿਆਮ ਸਿੰਘ ਜੀ, ਸੰਤ ਕਾਹਨ ਸਿੰਘ ਜੀ, ਮਹੰਤ ਕਿਸ਼ਨ ਸਿੰਘ ਜੀ ਦੇ ਚੇਲੇ ਪੰ: ਹਰੀ ਸਿੰਘ ਜੀ ਜਿਨ੍ਹਾਂ ਨਯਾਇ ਵੇਦਾਂਤ ਕੇਸਰੀ ਦੀ ਪਦਵੀ ਕਾਂਸ਼ੀ ਵਿਚ ਰਹਿਕੇ ਲਿਤੀ।

## ਗਿਆਨੀ ਬਬੇਕਾ ਸਿੰਘ ਜੀ ਅੰਮ੍ਰਿਤਸਰ

ਮਹੰਤ ਸੁਹੇਲ ਸਿੰਘ, ਗਿਆਨੀ ਬਬੇਕਾ ਸਿੰਘ ਜੀ ਅਜ ਕਲ ਸੰਤ ਰਾਮ ਸਿੰਘ ਜੀ ਰਹਿੰਦੇ ਹਨ।

## ਡੇਰਾ ਭਾਈ ਦਿਆਲਾ ਜੀ

ਭਾਈ ਦਿਆਲਾ ਜੀ, ਭਾਈ ਰੂਪ ਚੰਦ ਜੀ ਦੇ ਪੋਤਰੇ ਹੋਏ ਹਨ। ਪਹਿਲਾਂ ਆਪ ਸ਼ਾਦੀ ਸ਼ੁਦਾ ਸਨ। ਬਾਅਦ ਅਤੀਤ ਬ੍ਰਿਤੀ ਵਿਚ ਇਥੇ ਆਣ ਬਸੇ। ਬੜੇ ਪ੍ਰਤਾਪ ਵਾਲੇ ਹੋਏ। ਅਸਥਾਨ ਆਬਾਦ ਕਰਕੇ ਇਹ ਨਗਰ ਵਸਾਇਆ। ਕਈ ਵਰ੍ਹੇ ਨਿਵਾਸ ਕਰਨ ਤੋਂ ਬਾਅਦ ਆਪਣੇ ਸੇਵਕ ਸੰਤ ਜੁਗਤਾਰ ਸਿੰਘ ਜੀ ਨੂੰ ਅਸਥਾਪਨ ਕਰਕੇ ਆਪਣੇ ਭਾਈ ਕੇ ਦਿਆਲਪੁਰੇ ਚਲੇ ਗਏ, ਜਿਥੇ ਆਪ ਨੇ ਅਸਥਾਨ ਆਬਾਦ ਕਰਕੇ ਨਗਰ ਵਸਾਇਆ, ਜਿਹੜਾ ਆਪ ਦੇ ਨਾਮ ਤੇ ਪ੍ਰਸਿਧ ਹੋਇਆ।

ਇਥੋਂ ਆਪ ਦੇ ਜਾਣ ਤੋਂ ਬਾਅਦ ਸੰਤ ਜੁਗਤਾਰ ਸਿੰਘ ਜੀ ਅਸਥਾਨ ਦੀ ਤੇ ਆਏ ਗਏ ਸਾਧੂ ਸੰਤ ਦੀ ਸੇਵਾ ਕਰਦੇ ਰਹੇ। ਜਦ ਭਾਈ ਦਿਆਲਾ ਜੀ ਗੁਜ਼ਰ ਗਏ ਤਾਂ ਆਪ ਦੀ ਵਿਭੂਤੀ ਇਥੇ ਲਿਆ ਕੇ ਸਮਾਧ ਬਣਾਈ।

ਭਾਈ ਸੰਤ ਜੁਗਤਾਰ ਸਿੰਘ ਜੀ ਦੇ ਬਾਅਦ ਭਾਈ ਸਾਧੂ ਰਾਮ ਸਿੰਘ ਜੀ ਮਹੰਤ ਹੋਏ। ਜਿਨ੍ਹਾਂ ਦਾ ਜਨਮ ਬਿੜਕਾ ਜ਼ਿਲਾ ਫਿਰੋਜ਼ ਪੁਰ ਦਾ ਸੀ। ਸਾਧੂ ਹਛੇ ਸਨ ਤਿਆਗੀ ਪੁਰਸ਼ ਹੋਏ ਜਿਤਨਾ ਚਿਰ ਸਰੀਰ ਰਿਹਾ ਉਤਨਾ ਚਿਰ ਡੇਰੇ ਵਿਖੇ ਜਨਾਨੀ ਨਹੀਂ ਔਣ ਦਿਤੀ। ਆਖਰ ਸਠ ਸਾਲ ਦੀ ਉਮਰ ਵਿਚ

ਗੁਜ਼ਰੇ। ਆਪ ਦੇ ਦੋ ਸੇਵਕ ਹੋਏ। ਭਾਈ ਰਾਮ ਸਿੰਘ ਜੀ ਤੇ ਭਾਈ ਮਸਤਾ ਸਿੰਘ ਜੀ। ਸੰਤ ਭਾਈ ਰਾਮ ਸਿੰਘ ਜੀ ਨੂੰ ਉਤ੍ਰਾਧਿਕਾਰੀ ਬਣਾਇਆ। ਜਿਨ੍ਹਾਂ ਦਾ ਜਨਮ ਦਿਆਲ ਪੁਰ ਵਿਖੇ ਹੋਇਆ। ਆਪ ਬੜੇ ਭਜਨੀਕ ਸੰਤ ਸਨ। ਸਰੀਰ ਦੇ ਅਤੀ ਦਰਸ਼ਨੀ ਸਨ। ੭੦-੭੫ ਸਾਲ ਦੀ ਉਮਰ ਵਿਚ ਗੁਜ਼ਰੇ ਹਨ।

ਇਨ੍ਹਾਂ ਦੇ ਚੇਲੇ ਸੰਤ ਭਾਈ ਦਾਨ ਸਿੰਘ ਜੀ, ਸੰਤ ਭਾਈ ਬੂਟਾ ਸਿੰਘ ਜੀ, ਸੰਤ ਭਾਈ ਵਜ਼ੀਰ ਸਿੰਘ ਜੀ, ਇਨ੍ਹਾਂ ਵਿਚੋਂ ਸੰਤ ਦਾਨ ਸਿੰਘ ਜੀ ਨੂੰ ਮਹੰਤੀ ਮਿਲੀ। ਆਪ ਦਾ ਜਨਮ ਦਿਆਲਪੁਰੇ ਮਿਰਜ਼ੇ ਦਾ ਸੀ। ਪਹਿਲਾਂ ਗ੍ਰਿਸਥ ਵਿਚ ਸਨ। ਭਾਸ਼ਾ ਦੇ ਚੰਗੇ ਪੰਡਿਤ ਸਨ। ਕਾਵਿ ਵਿਚ ਸਿਆਣੇ ਸਨ। ਬੜੇ ਪ੍ਰਤਾਪ ਵਾਲੇ ਹੋਏ। ਬੁਘਰ, ਘੜੈਲਾ, ਦੋਟੀਆਂ ਪਹਾੜਪੁਰ ਘੁਨਸ ਆਦਿ ਨਗਰਾਂ ਵਿਖੇ ਡੇਰੇ ਵਸਾਏ।

ਸੰਮਤ ੧੯੫੫ ਵਿਚ ਗੁਜ਼ਰੇ। ਆਪਣੇ ਚੇਲੇ ਸੰਤ ਦਿਆਲ ਸਿੰਘ ਜੀ ਨੂੰ ਬੁਘਰੀ ਟਿਕਾਇਆ ਤੇ ਆਪਣੇ ਉਤ੍ਰਾ-ਧਿਕਾਰੀ ਸੰਤ ਹੀਰਾ ਸਿੰਘ ਜੀ ਨੂੰ ਡੇਰੇ ਵਿਚ ਵਸਾਇਆ।

## ਸੰਤ ਹੀਰਾ ਸਿੰਘ ਜੀ

ਆਪ ਦਾਂ ਜਨਮ ਦਿਆਲ ਪੁਰ ਮਿਰਜ਼ੇ ਦਾ ਸੀ। ੧੫ ਸਾਲ ਮਹੰਤੀ ਕਰਕੇ ਆਪਣੇ ਗੁਰਭਾਈ ਸੰਤ ਵਰਿਆਮ ਸਿੰਘ ਜੀ ਨੂੰ ਮਹੰਤੀ ਦਿਤੀ। ਸੰਤ ਹੀਰਾ ਸਿੰਘ ਜੀ ਦੇ ਚੇਲੇ ਸੰਤ ਤੇਜਾ ਸਿੰਘ ਜੀ ਵੈਦਰਾਜ ਕਲਿਆਨਾ, ਸੰਤ ਸੰਪੂਰਨ ਸਿੰਘ ਜੀ

ਸੇਮਾ। ਸੰਤ ਕੌਲਾ ਸਿੰਘ ਜੀ, ਸੰਤ ਅਰਜਨ ਸਿੰਘ ਜੀ ਸਨ ਪਰ ਮਹੰਤੀ ਗੁਰਭਾਈ ਸੰਤ ਵਰਿਆਮ ਸਿੰਘ ਜੀ ਨੂੰ ਦਿਤੀ।

ਆਪ ਦਾ ਜਨਮ ਦਿਆਲ ਪੁਰ ਦਾ ਸੀ ੨੨ ਸਾਲ ਮਹੰਤੀ ਕਰਕੇ ਆਪਨੇ ਚੇਲੇ ਸੰਤਅਮਰਸਿੰਘ ਜੀ ਨੂੰ ਪਗ ਦਿਤੀ

ਆਪ ਦੇ ਚੇਲੇ ਸੰਤ ਸ਼ਰਮ ਸਿੰਘ ਜੀ ਵਿਰਕਤ, ਸੰਤ ਅਮਰ ਸਿੰਘ ਜੀ, ਸੰਤ ਚੰਚਲ ਸਿੰਘ ਜੀ। ਸੰਨ ੧੯੩੫ ਅਪਰੈਲ ੩੦ ਨੂੰ ਗੁਜ਼ਰ ਗਏ।

## ਪੰਡਿਤ ਹਰਾ ਸਿੰਘ ਜੀ

ਬ੍ਰਹਮ ਕੁਟੀ ਬਨਾਰਸ

ਆਪ ਚੰਗੇ ਅਨੁਭਵੀ ਪੰਡਿਤ ਤੇ ਗੁਰ ਇਤਿਹਾਸ ਦੇ ਪੂਰੇ ਖੋਜੀ ਹੋਏ ਹਨ। ਅੰਮ੍ਰਿਤਸਰ ਦੇ ਜ਼ਿਲੇ ਵਿਚ ੧੯੦੦ ਸੰਮਤ ਦੇ ਲਗ ਪਗ ਜਨਮ ਹੋਇਆ। ੧੫-੧੬ ਸਾਲ ਦੀ ਉਮਰ ਤਕ ਘਰੋਗੀ ਕੰਮਾਂ ਵਿਚ ਪਰਚੇ ਰਹੇ। ਬਾਅਦ ਉਪ੍ਰਾਮ ਹੋ ਕੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਗਏ। ਜਿਥੇ ਸ੍ਰੀ ਸੰਤ ਰਤਨ ਸਿੰਘ ਜੀ ਦਾ ਮਿਲਾਪ ਹੋਇਆ। ਇਨ੍ਹਾਂ ਨਾਲ ਹੀ ਆਪ ਅਟਾਰੀ ਦੇ ਨੇੜ ਤੇੜ ਜਿਥੇ ਸੰਤ ਰਤਨ ਸਿੰਘ ਜੀ ਦੇ ਗੁਰੂ, ਸ੍ਰੀ ਸੰਤ ਦਿਆਲ ਸਿੰਘ ਜੀ ਰਹਿੰਦੇ ਸਨ, ਚਲੇ ਗਏ। ਕਾਫ਼ੀ ਅਰਸਾ ਟਿਕ ਕੇ ਸੇਵਾ ਕਰਦੇ ਰਹੇ। ਆਪ ਦੀ ਬੁਧੀ ਚੰਗੀ ਪੜ੍ਹਨ ਵਾਲੀ ਵੇਖਕੇ ਰਤਨ ਸਿੰਘ ਜੀ ਆਪਣੇ ਨਾਲ ਲੈ ਕੇ ਗੋਇੰਦਵਾਲ ਸਾਹਿਬ ਦੇ ਪਾਸ ਜੰਗਲ ਵਿਚ ਕੁਟੀਚਕ ਸ੍ਰੀ ਸੰਤ ਆਲਾ ਸਿੰਘ ਜੀ ਦੇ ਪਾਸ ਪੜ੍ਹਨ ਲਈ ਛਡ ਆਏ।

ਜਿਥੇ ਸੇਵਾ ਕਰਦੇ ਭਾਸ਼ਾ ਅਤੇ ਗੁਰੂ ਘਰ ਦੇ ਗ੍ਰੰਥ ਕਈ ਵਰ੍ਹੇ। ਪੜ੍ਹਦੇ ਰਹੇ, ਬਾਅਦ ਸੰਸਕ੍ਰਿਤ ਪੜ੍ਹਨ ਲਈ ਕਾਂਸ਼ੀ ਚਲੇ ਗਏ, ਕਈ ਵਰ੍ਹੇ ਪੜ੍ਹਕੇ ਖਟ ਸ਼ਾਸਤ੍ਰੀ ਪੰਡਿਤ ਪਰਸਿਧ ਹੋਏ ਉਥੇ ਹੀ ਆਪ ਦੇ ਨਿਜ ਸੇਵਕ ਬਾਬੂ ਰਾਮ ਧਾਰੀ ਸਹਾਇ ਨੇ ਮੀਰ ਘਾਟ ਦੇ ਨੇੜੇ ਇਕ ਅਸਥਾਨ ਬਣਾ ਦਿਤਾ, ਜਿਸ ਦਾ ਨਾਮ ਅਜ ਕਲ ਬ੍ਰਹਮ ਕੁਟੀ ਕਰਕੇ ਪਰਸਿਧ ਹੈ, ਇਥੇ ਰਹਿਕੇ ਅਨੇਕਾਂ ਸਾਧੂ ਬ੍ਰਾਹਮਣ ਪੜ੍ਹਾਏ ਤੇ ਆਏ ਗਏ ਪੂਰਬੀ ਸੇਵਕਾਂ ਨੂੰ ਸਤਿਨਾਮ ਮੰਤਰ ਦੀ ਮਹੱਤਤਾ ਸੁਣਾਉਂਦੇ ਰਹੇ।

ਆਪ ਦਾ ਪੂਰਬ ਦੇਸ਼ ਵਿਚ ਖਾਸਾ ਪਰਚਾਰ ਸੀ, ਬਿਹਾਰ ਪ੍ਰਾਂਤ ਦੇ ਬਾਗੀ ਪੁਰ ਦੇ ਤਅਲਕੇਦਾਰ ਆਪ ਦੇ ਅਤੀ ਪ੍ਰੇਮੀ ਸਨ, ਜਿਨ੍ਹਾਂ ਸਾਧੂ ਵਿਦਿਆਰਥੀਆਂ ਲਈ ਅੰਨ ਦਾ ਛੇਤ੍ਰ ਲਗਾ ਦਿਤਾ, ਜਿਹੜਾ ਅਜ ਤਕ ਬ੍ਰਹਮ ਕੁਟੀ ਵਿਚ ਜਾਰੀ ਹੈ। ੨੦-੨੫ ਸਾਧੂ ਦਾ ਰੋਜ਼ ਭੋਜਨ ਬਣਦਾ ਹੈ।

ਆਪ ਸਰੀਰ ਦੇ ਪੁਰਸ਼ਾਰਥੀ ਸਨ। ਇਕ ਵੇਰਾਂ ਆਪ ਨੂੰ ਸੰਕਲਪ ਫੁਰਿਆ ਜਿਸ ਤਰ੍ਹਾਂ ਪੁਰਾਣਾ ਦਾ ਪ੍ਰਚਾਰ ਕਰਨ ਲਈ ਵਿਦਵਾਨ ਲੋਗਾਂ ਮਹਾਂ ਭਾਰਤ, ਭਾਗਵਤ, ਆਦ ਭਾਸ਼ਾ ਵਿਚ ਰਚੇ ਹਨ। ਉਸੇ ਤਰ੍ਹਾਂ ਸੂਰਜ ਪ੍ਰਕਾਸ਼ ਆਦ ਗੁਰ ਇਤਿਹਾਸਾਂ ਦਾ ਪੂਰਬ ਦੇਸ਼ ਦੇ ਵਿਦਵਾਨ ਪੰਡਿਤਾਂ ਵਿਚ ਪ੍ਰਚਾਰ ਕਰਨ ਲਈ ਸੰਸਕ੍ਰਿਤ ਵਿਚ ਇਕ ਗ੍ਰੰਥ ਤਿਆਰ ਕਰਨਾ ਚਾਹੀਦਾ ਹੈ। ਉਪ੍ਰੰਤ ਉਦਮ ਤੇ ਬੜੀ ਕੋਸ਼ਸ਼ ਨਾਲ ਇਕ ਪੁਸਤਕ 'ਗੁਰੂ ਸਿਧਾਂਤ ਪਾਰ ਜਾਤ, ਨਾਮ ਕਰ ਕੇ ਲਿਖਿਆ, ਜੋ ਸੰਮਤ ੧੯੪੧ ਸ਼ਿਵਰਾਤ੍ਰੀ ਵਾਲੇ ਦਿਨ ਤਿਆਰ ਹੋਇਆ।

## ਗੁਰੂ ਸਰੀਏ

ਆਪ ਬ੍ਰਹਮ ਕੁਟੀ ਕਾਸ਼ੀ ਵਿਚ ਕਈ ਵਰ੍ਹੇ ਰਹੇ। ਬਾਅਦ ਪੰ: ਚੰਨਨ ਸਿੰਘ ਜੀ ਵੈਦਜ ਇਨ੍ਹਾਂ ਬਾਅਦ ਸੰਤ ਠਾਕਰ ਸਿੰਘ ਜੀ ਚੇਲੇ ਮਹੰਤ ਭਗਤ ਸਿੰਘ ਜੀ ਝੰਝੋਟੀਆਂ ਵਾਲੇ ਰਹੇ ਅਜ ਕਲ ਪੰ: ਬਸੰਤ ਸਿੰਘ ਜੀ ਅਯੁਰਵੈਦਾ ਚਾਰਯ ਹਨ। ੩੦ ਵਰ੍ਹਿਆਂ ਦੇ ਰਹਿੰਦੇ ਹਨ ਛੇਤ੍ਰ ਦਾ ਕੰਮ ਸੋਹਣਾ ਚਲਾ ਰਹੇ ਹਨ ਮਿਲਣਸਾਰ ਮਹਾਤਮਾ ਹਨ।

## ਸੰਤ ਮਹਿੰਗਾ ਸਿੰਘ ਜੀ

ਠਾਣੇ ਵਾਲ

ਆਪ ਸੰਤ ਸੁੰਦਰ ਸਿੰਘ ਜੀ ਡਰੋਲੀ ਵਾਲਿਆਂ ਦੇ ਸ਼ਿਸ਼ ਹਨ। ਗੁਰੂ ਅਰਜਨ ਭੰਡਾਰ ਖੋਲ੍ਹਿਆ ਹੋਇਆ ਹੈ। ਆਏ ਗਏ ਦੀ ਵਧ ਚੜ ਕੇ ਸੇਵਾ ਕਰਦੇ ਹਨ। ਨਿਰਮਲ ਭੇਖ ਦੇ ਸ਼ੁਭ ਚਿੰਤਕ ਹਨ। ਮੇਲ਼ ਮਿਲਾਪ ਵਾਲਾ ਸੁਭਾਅ ਹੈ। ਕਾਵ ਰਚਨਾ ਦੇ ਪ੍ਰੇਮੀ ਹਨ। ਸ਼ਾਦੀ ਸ਼ੁਦਾ ਹਨ। ਮਹਿੰਦ੍ਰ ਸਿੰਘ ਤੇ ਬਿਲਵਿੰਦ੍ਰ ਸਿੰਘ ਜੀ ਦੋ ਸਪੁਤ੍ਰ ਹਨ।

**ਮਹੰਤ ਬਲਦੇਵ ਸਿੰਘ ਜੀ** ਭੂਤੀ ਡੇਰੇ ਦਾ ਹਾਲ ਪਿਛੇ ੩੧੨ ਅੰਗ ਤੇ ਛਪ ਚੁਕਾ ਹੈ ਜਿਥੋਂ ਦੇ ਆਪ ਮਹੰਤ ਹਨ। ਪੁਰਸ਼ਾਰਥੀ ਸ਼ਰੀਰ ਹੋਣ ਕਰ ਕੇ ਭੇਖ ਦੇ ਹਰ ਇਕ ਸਮਾਗਮ ਪੁਰ ਜ਼ਰੂਰ ਪੁਜਦੇ ਹਨ। ਦਵਾਬਾ ਮੰਡਲ ਵਿਚ ਚੰਗੇ ਵਰਕਰ ਮੰਨੇ ਹੋਏ ਹਨ।

## ਮਹੰਤ ਦਇਆ ਸਿੰਘ ਜੀ ਲਾਹੌਰ

ਵਾਲੇ ਗਿਰਵੜੀ ਸੰਪਰਦਾਜ ਦੇ ਭੂਸ਼ਣ ਸਨ। ਆਪ ਨੇ ਉਮਰ ਦਾ ਕਾਫੀ ਹਿੱਸਾ ਲਾਹੌਰ ਠਾਕਰਾਂ ਦੀ ਗਲੀ ਵਿਚ ਬਿਤੀਤ ਕੀਤਾ ਸਤਿਸੰਗ ਜਾਰੀ ਰਖਿਆ। ਕੁੰਭ ਆਦਿਕ ਮੇਲਿਆਂ ਪੁਰ ਛੇਤ੍ਰ ਲਾਇਆ ਕਰਦੇ ਸਨ ਚੰਗਾ ਮਾਨ ਸਨਮਾਨ ਬਣਿਆ ਹੋਇਆ ਸੀ। ਆਪ ਦੇ ਚੇਲੇ ਪੰਡਿਤ ਗੁਰਦਿਆਲ ਸਿੰਘ ਜੀ ਅਜ ਕਲ ਕਾਂਸ਼ੀ ਰਹਿੰਦੇ ਹਨ।

ਨੋਟ—ਜਦ ਕਦੇ ਮਹਾਰਾਜ ਨੇ ਚਾਰ ਹਿਸਿਆਂ ਨੂੰ ਇਕੱਠਾ ਕਰਨ ਦਾ ਯੋਗ ਲਗਾਇਆ ਤਾਂ ਓਦੋਂ ਇਹਨਾਂ ਉਕਤ ਮਹੰਤਾਂ ਸੰਤਾਂ ਦਾ ਜੀਵਨ ਆਪਣੀ ੨ ਸੰਪ੍ਰਦਾਯ ਵਿਚ ਦਿਤਾ ਜਾਏਗਾ।

## ਹੇਠ ਲਿਖੇ ਅਸਥਾਨਾਂ ਪੁਰ ਇਹ ਪੁਸਤਕ ਮੁਫਤ ਮਿਲ ਸਕੇਗੀ

੧. ਨਿਰਮਲ ਅਖਾੜਾ ਕਨਖਲ
੨. ਡੇਰਾ ਬਾਬਾ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ
੩. ਅਖਾੜਾ ਮਹੰਤ ਮੂਲ ਸਿੰਘ ਜੀ ਅੰਮ੍ਰਿਤਸਰ
੪. ਪੀਲੀ ਕੋਠੀ ਪ੍ਰਯਾਗਰਾਜ
੫. ਜੀਵਨ ਨਿਵਾਸ ਮਹਾਂਬੀਰ ਨਗਰ ਨਵੀਂ ਦਿਲੀ ੧੯।

# ਮਹਾਨ ਕਿਰਪਾ

ਮੈਂ ਸ੍ਰੀ ਮਾਨ ਮਹੰਤ ਮੂਲ ਸਿੰਘ ਜੀ ਦੀ ਮਹਾਨ ਕਿ ਦਾ ਧੰਨਜਾਵਾਦੀ ਹਾਂ ਜਿਨ੍ਹਾਂ ਦੇ ਅਖਾੜੇ ਵਿਚ ਰਹਿ ਕੇ ਛਪਾਈ ਦਾ ਕੰਮ ਸ਼ੁਰੂ ਕਰ ਕੇ ੨੨ ਭਾਦਰੋ ਸੰਮਤ ੨੦ ਸੋਮਵਾਰ ਨੂੰ ਸਮਾਪਤ ਕੀਤਾ। ਜ਼ਿਆਦਾ ਲਿਖਣਾ ਮੈਂ ਅ ਕਤੀ ਦੋਸ਼ ਸਮਝਦਾ ਹਾਂ, ਪਰ ਇਤਨਾ ਮੈਂ ਜ਼ਰੂਰ ਲਿ ਹਾਂ ਕਿ ਮਹੰਤ ਜੀ ਨੇ ਮੈਨੂੰ ਹਰ ਤਰ੍ਹਾਂ ਨਾਲ ਪੂਰਾ ਆ ਦਿਤਾ। ਅਗੇ ਨਾਲੋਂ ਵੀ ਜ਼ਿਆਦਾ ਸੁਖ ਅਨੰਦ ਨਾਲ ਦਿ ਬਤੀਤ ਕੀਤੇ। ਕਿਸੇ ਤਰ੍ਹਾਂ ਦੀ ਕੋਈ ਕੰਮੀ ਵੇਖਣ ਵਿਚ ਨ ਆਈ ਬਲ ਕਿ ਆਪ ਦੀ ਸਤਾ ਸਫੁਰਤੀ ਨਾਲ ਹੀ ਏਹ ਤੋੜ ਚੜ੍ਹਿਆ ਜਿਸਦਾ ਮੈਂ ਅਤੀ ਧੰਨਯਵਾਦੀ ਹਾਂ।

ਦਿਲ ਪਰਚਾਵਾ ਇਸ ਲਈ ਵੀ ਬਣਿਆ ਰਿਹਾ ਜੋ ੧੦੮ ਮਹੰਤ ਬੁਢਾ ਸਿੰਘ ਜੀ ਦੇ ਸ਼ਿਸ਼ ਸ੍ਰੀ ਮਾਨ ਮਹੰਤ ਸਿੰਘ ਜੀ ਵੀ ਪਾਸ ਟਿਕੇ ਰਹੇ। ਜਿਨ੍ਹਾਂ ੧੧ ਵਰ੍ਹੇ ਪਾਸ ਰਹਿ ਆਪਣੇ ਮਹੰਤ ਸਾਹਿਬਾਂ ਦੀ ਸੇਵਾ ਕੀਤੀ। ਚੰਗਾ ਮਾਨ ਆ ਪਾਇਆ। ਕਈ ਵਰ੍ਹੇ ਸਿੰਧ ਹੈਦਰਾਬਾਦ ਨਿਰਮਲ ਆਸ਼ਰਮ ਮਹੰਤ ਟਿਕੇ ਰਹੇ। ਗਰਮੀਆਂ ਵਿਚ ਆਪ ਹਮੇਸ਼ਾ ਅੰਮ੍ਰਿਤ ਮਹੰਤ ਮੂਲ ਸਿੰਘ ਜੀ ਦੇ ਅਖਾੜੇ ਵਿਚ ਆਕੇ ਰਹਿੰਦੇ ਹਨ ਭਜਨ ਪਾਠ ਨਾਲ ਪਿਆਰ ਹੈ। ਕੀਰਤਨ ਦੇ ਰਸੀਏ ਹਨ ਰਾਤ ਨੂੰ ਦੋ ਵਜੇ ਉਠ ਕੇ ਤਿਨ ਪਹਿਰੇ ਦੀ ਚੌਕੀ ਸ੍ਰੀ ਹਰਮੰ ਸਾਹਿਬ ਜੀ ਜਾਂਦੇ ਹਨ। ਮਿਲਣ ਗਿਲਣ ਵਾਲਾ ਸੁਭਾਅ ਹੈ ਹਸ ਮੁਖੇ ਸਰੀਰ ਹਨ।